ਵਿਸ਼ਵ ਧਰਮ ਬਾਨੀ
ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ

(ਭਾਗ ਪਹਿਲਾ)



ਸੰਪਾਦਕ
ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

VISHAV DHARAM BANNI, GRANTH *(Punjabi)*
SAMPERDIA ATE CHINTAK
(PART-I)

Edited by
Dr. Sarbjinder Singh

ISBN 81-302-0122-4

2008
ਕਾਪੀਆਂ : 1100
ਕੀਮਤ : 200.00

ਡਾ. ਬੀ. ਐਸ. ਸੰਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮੈਸਰਜ਼ ਅਲਟ੍ਰੈਕਸ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ ।

ਦੋ ਸ਼ਬਦ

ਧਰਮ ਬਾਨੀ ਕਿਸੇ ਵੀ ਧਰਮ ਦਾ ਕੇਂਦਰੀ ਸਰੋਕਾਰ ਹੁੰਦੇ ਹਨ । ਸੌਖੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਧਰਮ ਬਾਨੀ ਮਨੁੱਖੀ ਜਾਮੇ ਵਿਚ ਪਰਮਾਤਮਾ ਸ਼ਬਦ ਦਾ ਪ੍ਰਕਾਸ਼ ਹਨ, ਜਿਨ੍ਹਾਂ ਦੀ ਆਮਦ ਨਾਲ ਸੰਸਾਰ ਦਾ ਕੋਨਾ-ਕੋਨਾ ਰੁਸ਼ਨਾ ਉੱਠਦਾ ਹੈ ਅਤੇ ਕਾਲੀਆਂ ਬਦਰੂਹਾਂ ਨੂੰ ਕੰਬਣੀ ਛਿੜ ਉੱਠਦੀ ਹੈ । ਇਨ੍ਹਾਂ ਪੈਗੰਬਰਾਂ ਸਦਕਾ ਹੀ ਦੁਨੀਆਂ ਦੇ ਹਰ ਹਿੱਸੇ ਵਿਚ ਧਰਮ ਅਤੇ ਨਿਵੇਕਲੇ ਸਭਿਆਚਾਰ ਦੇ ਲੋਕਾਂ ਦੀ ਆਮਦ ਵੇਖਣ ਨੂੰ ਮਿਲਦੀ ਹੈ । ਧਰਮ ਬਾਨੀਆਂ ਦੇ ਜੀਵਨ ਅਤੇ ਯੋਗਦਾਨ ਬਾਰੇ ਜਾਣਨ ਦੀ ਉਤਸੁਕਤਾ ਹਮੇਸ਼ਾਂ ਬਣੀ ਰਹਿੰਦੀ ਹੈ । ਇਸੇ ਦੀ ਪੂਰਤੀ ਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਇਹ ਪੁਸਤਕ 'ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ' ਵਿਸ਼ੇ ਅਧੀਨ ਚਾਰ ਭਾਗਾਂ ਵਿਚ ਪ੍ਰਕਾਸ਼ਤ ਕੀਤੀ ਜਾ ਰਹੀ ਹੈ । ਮੈਂ ਇਸ ਨੂੰ ਧਰਮ ਅਧਿਐਨ ਦੇ ਖੇਤਰ ਵਿਚ ਪੇਸ਼ ਕਰਕੇ ਫਖ਼ਰ ਮਹਿਸੂਸ ਕਰਦਾ ਹਾਂ ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਡਾ. ਜਸਪਾਲ ਸਿੰਘ
ਵਾਈਸ-ਚਾਂਸਲਰ

ਸੰਪਾਦਕੀ

ਕਿਸੇ ਵੀ ਧਰਮ ਜਾਂ ਕੌਮੀਅਤ ਦੀ ਵੱਖਰੀ ਹੋਂਦ ਲਈ ਜਿੰਨਾਂ ਪੰਜ ਮੂਲ ਤੱਤਾਂ ਨੂੰ ਪਰਵਾਨ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਪਹਿਲਾ ਨੰਬਰ ਧਰਮ ਬਾਨੀ, ਪੈਗ਼ੰਬਰ ਜਾਂ ਗੁਰੂ ਦਾ ਹੁੰਦਾ ਹੈ ਦੂਜਾ ਲਿਪੀ ਦਾ, ਤੀਜਾ ਸਭਿਆਚਾਰ ਦਾ, ਚੌਥਾ ਧਰਮ ਗ੍ਰੰਥ ਦਾ ਅਤੇ ਪੰਜਵਾਂ ਧਰਮ ਗ੍ਰੰਥਾਂ ਦੇ ਸਿਧਾਂਤਾਂ ਤੇ ਉਸਰੇ ਹੋਏ ਬਾਹਰੀ ਸਰੂਪ ਦਾ। ਇੰਨਾਂ ਪੰਜਾਂ ਮੂਲ ਤੱਤਾਂ ਤੋਂ ਬਿਨਾਂ ਕਿਸੇ ਵੀ ਧਰਮ ਜਾਂ ਕੌਮ ਦੀ ਵੱਖਰੀ ਹੋਂਦ ਪਰਵਾਨ ਨਹੀਂ ਕੀਤੀ ਜਾ ਸਕਦੀ। ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਲੋਂ ਜਦੋਂ ਅਸੀਂ ਨਜ਼ਰ ਮਾਰਦੇ ਹਾਂ ਤਾਂ ਇਨਾਂ ਪੰਜਾਂ ਮੀਰੀ ਤੱਤਾਂ ਦੇ ਨਜ਼ਾਰੇ ਪ੍ਰਤੱਖ ਨਜ਼ਰ ਆਉਂਦੇ ਹਨ। ਕਿਸੇ ਵੀ ਧਰਮ ਵਿਚ ਕੇਂਦਰੀ ਮਹੱਤਵ ਪੈਗ਼ੰਬਰ ਜਾਂ ਗੁਰੂ ਦਾ ਹੁੰਦਾ ਹੈ। ਆਪਣੀ ਉੱਚ ਰਹੱਸਮਈ ਪਹੁੰਚ ਨਾਲ ਜਦੋਂ ਉਹ ਦੈਵੀ ਨਾਦ ਨਾਲ ਇਕਸੁਰ ਹੋ ਜਾਂਦਾ ਹੈ ਤਾਂ ਉਸ ਦੈਵੀ ਨਾਦ ਨੂੰ ਸਰਬੱਤ ਦੇ ਭਲੇ ਲਈ ਲਿਖਤ ਰੂਪ ਵਿਚ ਸਾਹਮਣੇ ਲਿਆਇਆ ਜਾਂਦਾ ਹੈ ਤਾਂ ਜੋ ਮਨੁੱਖ ਉਨਾਂ ਸਿਧਾਂਤਾਂ ਉਤੇ ਚਲਦਿਆਂ ਪਰਮਾਤਮ ਰਹੱਸ ਤੋਂ ਜਾਣੂ ਹੀ ਨਾ ਹੋਵੇ ਸਗੋਂ ਨਿਰਭਓ ਅਤੇ ਨਿਰਵੈਰੀ ਕੀਮਤਾਂ ਦਾ ਮਾਲਕ ਬਣ ਇਕ ਅਜਿਹੇ ਸਮਾਜ ਦੀ ਸਿਰਜਣਾ ਕਰੇ ਜਿਥੇ ਇਲਾਹੀ ਨਦਰ ਦੇ ਪੈਂਡਿਆਂ ਦੇ ਨਜ਼ਾਰਿਆਂ ਦੇ ਨਾਲ ਨਾਲ 'ਨਾ ਕੋ ਬੈਰੀ ਨਹੀ ਬਿਗਾਨਾ' ਅਧਾਰਤ ਉਸਰਿਆ 'ਬੇਗਮਪੁਰਾ' ਵੀ ਨਜ਼ਰ ਆਵੇ।

ਦੁਨੀਆਂ ਭਰ ਦੇ ਪ੍ਰਾਚੀਨ ਧਰਮ ਯਹੂਦੀ, ਈਸਾਈ, ਇਸਲਾਮ, ਹਿੰਦੂ, ਜੈਨ ਜਾਂ ਬੁੱਧ ਵਲ ਜੇਕਰ ਨਿਗਾਹ ਮਾਰੀਏ ਤਾਂ ਇਨਾਂ ਧਰਮਾਂ ਦੀਆਂ ਧਰਮ ਪੁਸਤਕਾਂ ਇਸ ਗੱਲ ਦਾ ਇਜ਼ਹਾਰ ਕਰਦੀਆਂ ਹਨ ਕਿ ਪਰਮੇਸ਼ਵਰ ਨੇ ਖੁਦ ਵਖ ਵਖ ਸਮੇਂ ਵਿਚ ਇਨਾਂ ਦੇ ਪੈਗ਼ੰਬਰਾਂ ਨਾਲ ਅਹਿਦ ਕੀਤਾ ਅਤੇ ਆਪਣੇ ਦੈਵੀ ਬਚਨ 'ਧਰਤਿ ਲੋਕਾਈ' ਲਈ ਭੇਜੇ। ਇਹ ਅਹਿਦ ਭਾਵੇਂ ਯਹੂਦੀ ਧਰਮ ਦੇ ਅਬਰਾਹਮ ਜਾਂ ਮੌਜ਼ਿਜ਼ ਨਾਲ ਕੀਤਾ ਹੋਵੇ, ਈਸਾਈ ਧਰਮ ਦੇ ਪੈਗ਼ੰਬਰ ਯਿਸੂ ਨਾਲ ਜਾਂ ਇਸਲਾਮ ਦੇ ਬਾਨੀ ਮੁਹੰਮਦ ਸਾਹਿਬ ਨਾਲ। ਪੂਰਬੀ ਧਰਮਾਂ ਵਿਚ ਉਹ ਭਾਵੇਂ ਹਿੰਦੂ ਧਰਮ ਦੇ ਰਿਸ਼ੀਆਂ ਨੇ ਦ੍ਰਿਸ਼ਟਾ ਰੂਪ ਵਿਚ ਵੇਖਿਆ ਹੋਵੇ ਜਾਂ ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਨੇ 'ਸੱਚ' ਦੇ ਰੂਪ ਵਿਚ, ਬੇਸ਼ਕ ਜੈਨ ਧਰਮ ਅਤੇ ਬੁੱਧ ਧਰਮ ਅਕਾਲਪੁਰਖੀ ਸ਼ਕਤੀ ਵਿਚ ਅਵਿਸ਼ਵਾਸ ਦੇ ਧਾਰਨੀ ਹਨ ਪਰ ਕਿਸੇ ਰਹੱਸਮਈ ਗਿਆਨ ਨਾਲ ਸਰਸ਼ਾਰ ਹੋਣ ਦੇ ਸੰਕਲਪ ਵਿਚ ਇਨਾਂ ਦਾ ਪੂਰਨ ਵਿਸ਼ਵਾਸ ਹੈ। ਇਹ ਨਾਦ ਉਸ ਵੇਲੇ ਤੋਂ ਲੈ ਕੇ ਹੁਣ ਤਕ ਲੋਕਾਈ ਦੇ ਭਲੇ ਹਿਤ, ਧਰਮ ਗ੍ਰੰਥਾਂ ਦੇ ਰੂਪ ਵਿਚ ਹਜ਼ਾਰਾਂ ਸਾਲ ਪੁਰਾਣਾ ਹੋਣ ਦੇ ਬਾਵਜੂਦ ਕਾਰਜ ਕਰ ਰਿਹਾ ਹੈ। ਪੈਗ਼ੰਬਰਾਂ ਨੂੰ ਇਸੇ ਕਰਕੇ 'ਬਾਰਸ਼ੇ ਰਹਿਮਤ' ਦੀ ਸੰਗਿਆ ਨਾਲ ਵੀ ਨਿਵਾਜਿਆ ਜਾਂਦਾ ਹੈ ਕਿਉਂਕਿ ਪੈਗ਼ੰਬਰੀ ਰਹਿਮਤ ਨਾਲ ਦੁਨੀਆਂ ਵਿਚ ਫੈਲੀ ਕਾਲੀ ਬੋਲੀ ਰਾਤ ਦਾ ਖਾਤਮਾ ਹੁੰਦਾ ਹੈ ਅਤੇ ਸੱਚ ਦੇ ਨਵੇਂ ਸੂਰਜ ਦਾ ਪ੍ਰਕਾਸ਼ ਪੈਦਾ ਹੋ ਜਾਂਦਾ ਹੈ। ਸੋ

ਸਪਸ਼ਟ ਹੈ ਕਿ ਪੈਗੰਬਰ ਸੰਸਾਰ ਰੂਪੀ ਮਾਰੂਥਲਾਂ ਦੀ ਤਪਸ਼ ਵਿਚ ਭੁਜ ਰਹੀ ਲੋਕਾਈ ਲਈ ਪਾਣੀ ਦੇ ਠੰਡੇ ਮਿਠੇ ਝਰਨਿਆਂ ਵਾਂਗ ਕੰਮ ਹੀ ਨਹੀਂ ਕਰਦੇ, ਸਗੋਂ ਠੰਡੀਆਂ ਮਿਠੀਆਂ ਛਾਵਾਂ ਬਣ ਕੁਲ ਲੋਕਾਈ ਦਾ ਦਰਦ ਆਪਦੇ ਸੀਨੇ ਨਾਲ ਲਾ ਉਨ੍ਹਾਂ ਦਾ ਮਾਰਗ ਦਰਸ਼ਨ ਵੀ ਕਰਦੇ ਹਨ। ਪੈਗੰਬਰ ਜਾਂ ਗੁਰੂ ਬਿਨਾਂ ਧਰਮ ਦੀ ਹੋਂਦ ਕਿਆਸ ਕਰਨਾ ਸੰਭਵ ਨਹੀਂ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਦੁਨੀਆਂ ਭਰ ਦੇ ਧਰਮਾਂ ਦੇ ਪੈਗੰਬਰਾਂ ਦੇ ਜੀਵਨ ਇਤਿਹਾਸ ਨੂੰ ਇਕ ਲੜੀ ਵਿਚ ਲਿਆਉਣ ਹਿਤ ਇਹ ਪੁਸਤਕ ਸੰਪਾਦਤ ਕੀਤੀ ਜਾ ਰਹੀ ਹੈ। ਵਿਭਾਗ ਦੇ ਮੁਖ ਖੋਜ ਕਾਰਜ ਦਾ ਸੰਬੰਧ ਬੇਸ਼ਕ ਸਿੱਖ ਧਰਮ ਨਾਲ ਹੀ ਹੁੰਦਾ ਹੈ ਪਰ ਸਿੱਖ ਧਰਮ ਦੇ ਬਾਨੀਆਂ ਦੇ ਨਾਲ-ਨਾਲ ਦੂਜੇ ਧਰਮ ਪੈਗੰਬਰਾਂ ਦੀ ਗੱਲ ਕਰਨਾ ਵੀ ਸਿੱਖੀ ਦੇ ਸਿਧਾਂਤਾਂ ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੁਨੀਆਂ ਦੇ ਧਰਮਾਂ ਵਿਚ ਸਭ ਤੋਂ ਘਟ ਉਮਰ ਵਾਲਾ ਨਵਾਂ ਧਰਮ ਹੈ। ਸਿੱਖ ਧਰਮ ਵਿਚ ਧਰਮ ਜਾਂ ਕੌਮੀਅਤ ਦੀ ਵੱਖਰੀ ਹੋਂਦ ਨਿਰਧਾਰਤ ਕਰਨ ਵਾਲੇ ਪੰਜੇ ਮੂਲ ਤਤ ਪੈਗੰਬਰ ਜਾਂ ਬਾਨੀ (ਦਸ ਗੁਰੂ ਸਾਹਿਬਾਨ) ਆਪਣੀ ਲਿਪੀ (ਗੁਰਮੁਖੀ) ਆਪਣਾ ਸੂਰਮਗਤੀ ਵਾਲਾ ਵਿਲੱਖਣ ਸਭਿਆਚਾਰ, ਆਪਣਾ ਪਵਿੱਤਰ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਆਪਣਾ ਬਾਹਰੀ ਸਰੂਪ (ਖਾਲਸਾ) ਉਪਲਬਧ ਹਨ। ਅੱਜ ਤੋਂ ਪੰਜ ਸੌ ਸੈਂਤੀ ਸਾਲ ਪਹਿਲਾ ਇਸ ਧਰਮ ਦੇ ਬਾਨੀ ਨੇ ਨਨਕਾਣੇ ਦੀ ਧਰਤੀ ਉਪਰ ਜਨਮ ਲਿਆ। ਭਾਈ ਗੁਰਦਾਸ ਨੇ ਉਨ੍ਹਾਂ ਪਲਾਂ ਦਾ ਚਿਤਰਨ ਬਹੁਤ ਹੀ ਖੂਬਸੂਰਤੀ ਨਾਲ ਕੀਤਾ ਹੈ :

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ।

ਭਾਈ ਸਾਹਿਬ ਦੀਆਂ ਇਨਾਂ ਪੰਕਤੀਆਂ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਹਿੰਦੋਸਤਾਨ ਦੀ ਲੋਕਾਈ ਉਤੇ 'ਬਦਰੂਹਾਂ' ਦੀ ਦਹਿਸ਼ਤ ਦੀ ਕਾਲੀ ਬੋਲੀ ਰਾਤ ਛਾਈ ਹੋਈ ਸੀ। ਫਲਸਰੂਪ ਧਰਤੀ ਤੇ ਮਨੁੱਖ, ਮਨੁੱਖ ਹੋਣ ਦਾ ਅਹਿਸਾਸ ਹੀ ਭੁੱਲ ਚੁੱਕਾ ਸੀ। ਬੇ ਜ਼ਮੀਰੇ ਉਨ੍ਹਾਂ ਨੂੰ ਨੋਚ ਨੋਚ ਖਾ ਰਹੇ ਸਨ, ਪਰ ਉਹ ਇਸ ਸੋਸ਼ਨ ਨੂੰ ਆਪਣੇ ਕਰਮਾਂ ਦਾ ਫਲ ਸਮਝਕੇ ਸਹਿਣ ਕਰੀ ਜਾ ਰਿਹਾ ਸੀ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਦੀ ਦੈਵੀ ਲਲਕਾਰ ਨੇ, ਉਨ੍ਹਾਂ ਨੂੰ ਇਕ ਪਲ ਰੁਕ ਕੇ ਸੋਚਣ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜਿਵੇਂ ਉਹ ਸਦੀਆਂ ਪੁਰਾਣੀ ਨੀਂਦ ਤੋਂ ਜਾਗੇ ਹੋਣ। ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਨੂੰ ਵੰਗਾਰ ਕੇ ਕਿਹਾ ਕਿ ਪਤ ਵਿਹੂਣੀ ਜ਼ਿੰਦਗੀ ਨਾਲੋਂ ਮੌਤ ਬਿਹਤਰ ਹੈ ਪਰ ਨਾਲ ਹੀ ਯਾਦ ਦਿਵਾਇਆ ਕਿ 'ਪਤ ਵਾਲੀ' ਜ਼ਿੰਦਗੀ ਲਈ ਮੌਤ ਨਾਲ ਮੱਥਾ ਲਾਉਣ ਵਾਲੇ ਸੂਰਮਿਆਂ ਨੂੰ ਲੋਕ ਰੱਬ ਦੇ ਸ਼ਾਹਦ ਕਹਿੰਦੇ ਹਨ ਅਤੇ ਇਸ 'ਪ੍ਰੇਮ ਖੇਲਨ ਕੇ ਚਾਉ', ਵਿਚ 'ਸਿਰ ਧਰਿ ਤਲੀ' ਆਉਣ ਵਾਲਿਆਂ ਲਈ ਜ਼ਿੰਦਗੀ ਅਤੇ ਮੌਤ ਦੇ ਅਰਥ ਇਕੋ ਜਿਹੇ ਹੁੰਦੇ ਹਨ।

ਜਨ ਸਧਾਰਣ ਨੂੰ ਧਰਾਤਲ (ਮੁਕਤੀ) ਪ੍ਰਾਪਤ ਹੋਣ ਦੇ ਨਜ਼ਾਰੇ ਉਸ ਦਿਨ ਤੋਂ ਹੀ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ। ਜਦੋਂ ਨਾਨਕ ਪਾਤਸ਼ਾਹ ਨੇ ਕਾਜ਼ੀਆਂ, ਮੁੱਕਦਮਾ ਦੀ ਤੁਲਨਾ ਕੁੱਤਿਆਂ

ਵਾਲੀ ਬਿਰਤੀ ਨਾਲ ਕਰਦਿਆਂ, ਬਾਬਰ ਨੂੰ ਪਾਪ ਦੀ ਜੰਞ ਦਾ ਲਾੜਾ ਗਰਦਾਨਿਆਂ ਸੀ। ਹਿੰਦੁਸਤਾਨ ਦੀ ਧਰਤੀ ਤੇ ਇਹ ਵਰਤਾਰਾ ਬਿਲਕੁਲ ਨਵਾਂ ਸੀ। ਕਿਸੇ ਦਰਵੇਸ਼ੀ ਰੂਹ ਦੁਆਰਾ ਹਾਕਮ ਨੂੰ ਵੰਗਾਰਨ ਦੀ ਪਿਰਤ ਭਾਰਤੀ ਭੂਖੰਡ ਵਿਚ ਕਦੇ ਨਜ਼ਰ ਨਹੀਂ ਆਈ, ਸਗੋਂ ਕਰਮਾਂ ਦਾ ਪ੍ਰਤੀਫਲ ਕਿਸੇ ਹੋਰ ਜਨਮ ਵਿਚ ਮਿਲਣ ਦਾ ਲਾਰਾ ਲਾ ਮਨੁੱਖ ਨੂੰ ਸਲਾਈ ਰੱਖਣਾ ਹੀ ਆਪਣਾ ਫਰਜ ਸਮਝਿਆ ਜਾਂਦਾ ਸੀ। ਸਿੱਖ ਧਰਮ ਨੇ ਇਸਦੇ ਐਨ ਉਲਟ ਮਨੁੱਖ ਨੂੰ ਆਪਣਾ ਵਰਤਮਾਨ ਸੁਆਰਨ ਅਤੇ ਕਰਮ ਕਰਦਿਆਂ ਫਲ ਪ੍ਰਾਪਤ ਕਰਨ ਦੇ ਸੰਦੇਸ਼ ਦਿੰਦੇ ਫੁਰਮਾਇਆ :

ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥

ਇਹ ਐਲਾਨਨਾਮਾ ਪੁਰਾਤਨ ਦੇ ਬਿਲਕੁਲ ਉਲਟ ਸੀ ਅਤੇ ਭੂਤ ਅਤੇ ਭਵਿੱਖ ਦੇ ਚੱਕਰ ਵਿਚੋਂ ਕਢ ਕੇ ਉਸਦਾ ਵਰਤਮਾਨ ਸਥਾਪਤ ਕਰਨ ਵਲ ਨਿਵੇਕਲਾ ਯਤਨ ਸੀ। ਇਸ ਦੇ ਨਾਲ ਹੀ 'ਜੁਝ ਮਰੋਂ ਤੋ ਸਾਚ ਪਤੀਜੈ' ਦਾ ਇਹ ਨਾਦ ਵਰਤਮਾਨ ਦੀ ਪ੍ਰਸੰਗਕਤਾ ਨੂੰ ਸਥਾਪਤ ਕਰਦਾ ਹੋਇਆ ਇਸ ਦਾ ਧਰਾਤਲ ਪਰਵਾਨ ਕੀਤਾ ਜਾ ਸਕਦਾ ਹੈ। ਗੁਰੂ ਪਾਤਸ਼ਾਹ ਨੇ ਨਿਰਾਲੇ ਸਿਧਾਂਤ ਨੂੰ ਭਾਈ ਲਹਿਣੇ ਦੀ ਝੋਲੀ ਪਾ ਗੁਰੂ ਅੰਗਦ ਬਣਾ ਦਿਤਾ। ਗੁਰੂ ਅੰਗਦ ਪਾਤਸ਼ਾਹ ਨੇ ਸਿੱਖੀ ਦੇ ਇਸ ਬੂਟੇ ਨੂੰ ਅਗੇ ਵਧਾਇਆ ਅਤੇ ਕੌਮੀਅਤ ਦੇ ਦੂਜੇ ਮੂਲ ਤੱਤ ਲਿਪੀ ਨੂੰ ਤਿਆਰ ਕਰ ਸਿੱਖ ਕੌਮੀਅਤ ਦੀ ਵੱਖਰੀ ਲਿਪੀ ਗੁਰਮੁਖੀ ਨਾਂ ਹੇਠ ਸਥਾਪਤ ਕਰ ਦਿੱਤੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਸਿਧਾਂਤਾਂ ਦੇ ਪ੍ਰਚਾਰ ਅਤੇ ਪਸਾਰ ਹਿਤ ਅਹਿਮ ਕਦਮ ਚੁੱਕੇ ਅਤੇ ਹੁਣ ਇਸ ਸਮੇਂ ਕੌਮੀਅਤ ਦੀ ਵੱਖਰੀ ਹੋਂਦ ਦਾ ਸਭਿਆਚਾਰੀ ਗੁਣ ਵੀ ਰੂਪਮਾਨ ਹੋ ਗਿਆ। ਸਿੱਖਾਂ ਦੇ ਸੰਸਕਾਰ ਦੂਜੇ ਧਰਮਾਂ ਨਾਲੋਂ ਵੱਖਰੇ ਹੋ ਗਏ। ਗੁਰੂ ਅਰਜਨ ਪਾਤਸ਼ਾਹ ਨੇ ਜਿਥੇ ਆਪਣੇ ਲਹੂ ਨਾਲ ਸਿੱਖੀ ਦੇ ਬੂਟੇ ਨੂੰ ਸਿੰਜ ਕੇ ਆਉਣ ਵਾਲੇ ਸਮੇਂ ਦੀ ਰੂਪ ਰੇਖਾ ਖਿੱਚ ਦਿੱਤੀ ਉਥੇ ਚੌਥੇ ਤੱਤ ਧਰਮ ਗ੍ਰੰਥ ਦਾ ਪ੍ਰਕਾਸ਼ ਕਰ ਹਮੇਸ਼ਾ ਹਮੇਸ਼ਾ ਲਈ ਸਿੱਖਾਂ ਦੀ ਵੱਖਰੀ ਹੋਂਦ ਤੇ ਮੋਹਰ ਲਾ ਦਿੱਤੀ। ਛੇਵੇਂ ਪਾਤਸ਼ਾਹ ਹਜ਼ੂਰ ਨੇ ਮੀਰੀ ਪੀਰੀ ਅਤੇ ਅਕਾਲ ਤਖਤ ਦੀ ਸਥਾਪਨਾ ਕਰ ਸਿਰ ਉੱਚਾ ਚੁੱਕ ਕੇ ਤੁਰਨ ਦੀ ਨਵੀਂ ਪਿਰਤ ਸਥਾਪਤ ਕਰ ਦਿੱਤੀ। ਗੁਰੂ ਹਰਿ ਰਾਇ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਧਰਮ ਲਈ ਵਾੜ ਦਾ ਕੰਮ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਨੇ ਜਿਥੇ ਦੂਰ ਦੁਰਾਡੇ ਯਾਤਰਾਵਾਂ ਕਰ ਸਿੱਖੀ ਦਾ ਪ੍ਰਚਾਰ ਕੀਤਾ, ਉਥੇ ਆਪਣੀ ਸ਼ਹਾਦਤ ਦੇ ਕੇ ਇਹ ਸਥਾਪਤ ਕਰ ਦਿੱਤਾ ਕਿ ਨਾਨਕ ਘਰ ਚਹੁ ਵਰਨਾਂ ਲਈ ਸਾਂਝਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕਰ ਪੰਜਵੇਂ ਅਤੇ ਆਖਰੀ ਤੱਤ ਸਰੂਪ ਨੂੰ ਸਥਾਪਤ ਕਰਦਿਆਂ ਖਾਲਸਾ ਕੌਮ ਨੂੰ ਸਾਹਮਣੇ ਲੈ ਆਂਦਾ।

'ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ' ਵਿਸ਼ੇ ਅਧੀਨ ਛਾਪੀ ਜਾ ਰਹੀ ਇਸ ਪੁਸਤਕ ਦੇ ਪਹਿਲੇ ਭਾਗ ਦਾ ਮੁੱਖ ਮਨੋਰਥ ਪੈਗੰਬਰਾਂ ਗੁਰੂਆਂ ਜਾਂ ਧਰਮ ਬਾਨੀਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਾ ਹੈ ਅਤੇ ਨਾਲ ਦੀ ਨਾਲ ਉਨਾਂ ਦੇ ਜੀਵਨ ਅਤੇ ਕਾਰਜ ਨੂੰ ਸਾਹਮਣੇ ਲਿਆਉਣਾ ਹੈ। ਜਿਸ ਤਰ੍ਹਾਂ ਪਹਿਲਾਂ ਗੱਲ ਕਰ ਚੁੱਕੇ ਹਾਂ ਇਸ ਪੁਸਤਕ ਵਿਚ ਜਿਥੇ ਸਾਮੀ ਧਰਮ ਪ੍ਰੰਪਰਾ ਦੇ ਪੈਗੰਬਰਾਂ ਦੀ ਗੱਲ ਕੀਤੀ ਹੈ ਉਥੇ ਪੂਰਬੀ ਧਰਮਾਂ ਦੀ ਲੜੀ ਵਿਚ ਵੱਖ ਵੱਖ ਧਰਮ

ਬਾਨੀਆਂ ਦੇ ਪ੍ਰਸੰਗ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਪੂਰਬੀ ਧਰਮਾਂ ਦੀ ਲੜੀ ਵਿਚ ਹਿੰਦੂ ਧਰਮ ਪ੍ਰਮੁਖ ਧਰਮ ਹੈ ਪਰ ਇਸ ਧਰਮ ਦਾ ਕੋਈ ਇਕ ਬਾਨੀ ਨਿਸਚਿਤ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਸੌਖੇ ਢੰਗ ਨਾਲ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਦੁਨੀਆਂ ਦੇ ਇਸ ਧਰਮ ਦੀ ਵਿਲੱਖਣਤਾ ਇਹੋ ਹੈ ਕਿ ਇਸਦਾ ਕੋਈ ਬਾਨੀ ਨਹੀਂ ਹੈ। ਪਰ ਇਸ ਦੇ ਬਾਵਜੂਦ ਹਿੰਦੂ ਧਰਮ ਦੇ ਦੋ ਸਤਿਕਾਰਤ ਅਵਤਾਰ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਨੂੰ ਇਸ ਵਿਚ ਥਾਂ ਦਿੱਤਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਹਨ, ਪਰ ਉਨਾਂ ਦੇ ਨਾਲ ਉਨਾਂ ਦੇ ਨੌਂ ਉਤਰਾਧਿਕਾਰੀਆਂ ਦੇ ਜੀਵਨ ਅਤੇ ਯੋਗਦਾਨ ਨੂੰ ਵੀ ਇਥੇ ਅੰਕਤ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦਾ ਮੁੱਖ ਮਨੋਰਥ ਖੋਜਾਰਥੀਆਂ ਅਤੇ ਵਿਦਵਾਨਾਂ ਵਾਸਤੇ ਸ੍ਰੋਤ ਸਮੱਗਰੀ ਉਪਲੱਬਧ ਕਰਵਾਉਣਾ ਹੈ। ਇਸੇ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਪੁਸਤਕ ਚਾਰ ਭਾਗਾਂ ਵਿਚ ਛਾਪੀ ਜਾ ਰਹੀ ਹੈ। ਇਸ ਦੀ ਕਦਰਦਾਨੀ ਦਾ ਕੰਮ ਉਨ੍ਹਾਂ ਦਾ ਹੈ। ਵਿਦਵਾਨਾਂ ਤੋਂ ਟਿੱਪਣੀਆਂ ਦੀ ਆਸ ਹੈ। ਉਸਾਰੂ ਹੁੰਗਾਰੇ ਦੀ ਵਿਭਾਗ ਨੂੰ ਹਮੇਸ਼ਾਂ ਤਾਂਘ ਰਹਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਬਜਿੰਦਰ ਸਿੰਘ
ਸੰਪਾਦਕ

ਤਤਕਰਾ

ਪੈਗੰਬਰ ਜ਼ਰਤੁਸਤ

- ਡਾ. ਗੁਲਜ਼ਾਰ ਸਿੰਘ ਕੰਗ*

ਜ਼ਰਤੁਸਤ (Zara thustra) ਜਿਸ ਨੂੰ ਪੱਛਮੀ ਅਤੇ ਯੂਨਾਨੀ ਵਿਦਵਾਨ ਜ਼ੋਰਾਸਟ੍ਰ (Zoroastr) ਕਹਿੰਦੇ ਹਨ, ਪੈਗ਼ੰਬਰ ਅਜ਼ਮਤ ਵਾਲਾ ਫ਼ਾਰਸ (ਈਰਾਨ) ਦਾ ਮਹਾਤਮਾ ਸੀ, ਜਿਸ ਨੇ ਈਰਾਨ ਦੀ ਬਹੁਦੇਵ ਪਰੰਪਰਾ (Polothism) ਤੋਂ ਹੱਟ ਕੇ ਇਕ ਈਸ਼ਵਰਵਾਦ (Monothism) ਦੀ ਨਿਵੇਕਲੀ ਵਿਚਾਰਧਾਰਾ ਨੂੰ ਸਥਾਪਤ ਕੀਤਾ ਜੋ ਜ਼ਰਤੁਸਤਰੀ ਮੱਤ (Zoroastrianism) ਵੱਜੋਂ ਜਾਣੀ ਗਈ। ਕਿਸੇ ਸਮੇਂ ਈਰਾਨ ਨੂੰ ਫ਼ਾਰਸ ਕਿਹਾ ਜਾਂਦਾ ਸੀ ਅਤੇ ਇਥੋਂ ਦੇ ਲੋਕ ਫ਼ਾਰਸੀ ਅਖਵਾਉਂਦੇ ਸਨ। ਜ਼ਰਤੁਸਤ ਦੇ ਮੱਤ (ਵਿਚਾਰਧਾਰਾ) ਨੂੰ ਇਨ੍ਹਾਂ ਲੋਕਾਂ ਨੇ ਅਪਣਾ ਲਿਆ। ਯੂਨਾਨ ਦੇ ਵਿਦਵਾਨਾਂ ਨੇ ਫ਼ਾਰਸ ਨੂੰ ਪਾਰਸ ਅਤੇ ਇਥੋਂ ਦੇ ਲੋਕਾਂ ਨੂੰ ਪਾਰਸੀ ਕਹਿਣਾ ਸ਼ੁਰੂ ਕਰ ਦਿੱਤਾ। ਇਹ ਸ਼ਬਦ ਹੌਲੀ ਹੌਲੀ ਧਰਮ ਦੇ ਅਰਥਾਂ ਵਿੱਚ ਇਵੇਂ ਹੀ ਵਰਤਿਆ ਜਾਣ ਲੱਗਾ ਜਿਵੇਂ ਹਿੰਦੋਸਤਾਨ ਦੇ ਲੋਕ ਹਿੰਦੂ ਅਖਵਾਉਂਦੇ ਹਨ। ਅਸਲ ਵਿੱਚ ਪਾਰਸੀ ਧਰਮ ਦਾ ਨਾਮ ਜ਼ਰਤੁਸਤੀ ਮੱਤ ਹੀ ਹੈ ਜੋ ਪੈਗੰਬਰ ਜ਼ਰਤੁਸਤ ਦੇ ਨਾਮ ਤੋਂ ਪਿਆ ਹੈ, ਪਰ ਜਦ ਇਹ ਲੋਕ ਈਰਾਨ (ਪਾਰਸ) ਨੂੰ ਛੱਡ ਕੇ ਭਾਰਤ ਆਏ ਤਾਂ ਇਨ੍ਹਾਂ ਦੀ ਧਾਰਮਿਕ ਪਛਾਣ ਪਾਰਸੀ ਰੂਪ ਵਿੱਚ ਹੋਈ ਅਤੇ ਪਾਰਸੀ ਸੰਸਾਰ ਦਾ ਇੱਕ ਮੱਹਤਵਪੂਰਨ ਧਰਮ ਬਣ ਗਿਆ। ਇਸ ਵੇਲੇ ਦੁਨੀਆਂ ਵਿੱਚ ਦੋ ਲੱਖ ਤੋਂ ਵਧੇਰੇ ਪਾਰਸੀ ਲੋਕ ਹਨ, ਜਿਹਨਾਂ ਵਿੱਚੋਂ ਡੇਢ ਲੱਖ ਦੇ ਕਰੀਬ ਭਾਰਤ ਵਿੱਚ ਵੱਸਦੇ ਹਨ। ਇਸ ਤੋਂ ਪਹਿਲਾਂ ਕਿ ਜ਼ਰਤੁਸਤੀ ਮੱਤ ਬਾਰੇ ਵਿਚਾਰ ਕੀਤੀ ਜਾਵੇ, ਸਾਨੂੰ ਇਸ ਦੇ ਪੈਗੰਬਰ ਜ਼ਰਤੁਸਤ ਬਾਰੇ ਜਾਣ ਲੈਣਾ ਜ਼ਰੂਰੀ ਹੈ।

ਪੈਗੰਬਰ ਜ਼ਰਤੁਸਤ ਦਾ ਜਨਮ ਈਰਾਨ ਦੇ ਕਸਬੇ ਰਾਏ (Rai) ਜਾਂ ਰਾਹੇ ਨੇੜੇ ਤੇਹਰਾਤ ਵਿੱਚ ਹੋਇਆ। ਆਪ ਦਾ ਪੂਰਾ ਨਾਮ ਜ਼ਰਤੁਸਤ ਸਪਿਤਮਾ (Zarathushtra Spitaman) ਸੀ। ਸਪਿਤਮਾ ਉਨ੍ਹਾਂ ਦੇ ਵੰਸ਼ ਦਾ ਨਾਮ ਸੀ ਜਿਸਦਾ ਸ਼ਬਦਿਕ ਅਰਥ 'ਸਫ਼ੇਦ' ਹੈ। ਕਈ ਵਿਦਵਾਨਾਂ ਨੇ ਇਸ ਦੇ ਅਰਥ 'ਜੋਤਿ ਮਈ' ਕੀਤੇ ਹਨ। ਇਹ ਸਾਰੇ ਸ਼ਬਦ ਜ਼ਰਤੁਸਤ ਦੀ ਪਵਿੱਤਰਤਾ ਅਤੇ ਰੂਹਾਨੀਅਤ ਦੇ ਸੰਕੇਤ ਦਿੰਦੇ ਹਨ। ਆਪ ਦੇ ਪਿਤਾ ਦਾ ਨਾਮ ਪੌਰੁਸ਼ਾਸਪ (Pourushaspa)[1] ਅਤੇ ਮਾਤਾ ਦਾ ਨਾਮ ਦੁਘਦੋਵ (Dughdhova) ਸੀ। ਦੁਘਦੋਵਾ ਦੇ ਸ਼ਬਦੀ ਅਰਥ ਭਾਵੇਂ ਗਵਾਲਣ (Milkmaid) ਹੈ ਪਰ ਉਹ ਸ਼ਾਹੀ ਘਰਾਣੇ ਨਾਲ ਸੰਬੰਧ ਰੱਖਦੀ ਸੀ।[2]

ਆਪ ਦੇ ਜਨਮ ਬਾਰੇ ਕਈ ਮਿੱਥਾਂ ਅਤੇ ਦੰਦ ਕਥਾਵਾਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਜ਼ਰਤੁਸਤ ਦੇ ਜਨਮ ਤੋਂ ਕੁੱਝ ਚਿਰ ਪਹਿਲਾਂ ਇਹ ਭਵਿੱਖ ਬਾਣੀ ਹੋ ਗਈ ਸੀ ਕਿ ਇਹ ਬੱਚਾ ਪ੍ਰਚਲਿਤ ਬਹੁਦੇਵ ਪੂਜਾ ਅਤੇ ਅਨੈਤਿਕਤਾ ਦੀਆਂ ਸ਼ਕਤੀਆਂ ਦਾ ਨਾਸ਼ ਕਰੇਗਾ। ਇਹ ਵੀ ਕਿਹਾ

---

* ਔਸਟੀ ਕਲੋਨੀ, ਨੰਗਲ ਡੈਮ।

ਜਾਂਦਾ ਹੈ ਕਿ ਪਰੰਪਰਾਗਤ ਸੋਚ ਵਾਲੇ ਪਿਤਾ ਪੌਰੁਸ਼ਾਸਪ ਨੇ ਬੁੱਤ-ਪੂਜਕ ਪਰੋਹਿਤਾਂ ਨਾਲ ਮਿਲ ਕੇ ਜ਼ਰਤੁਸਤ ਨੂੰ ਜੰਮਦੇ ਹੀ ਮਾਰਨ ਦੀ ਸਾਜਿਸ਼ ਰਚ ਲਈ ਸੀ ਪਰ ਮਾਂ ਨੂੰ ਇਸ ਦੀ ਭਿਣਕ ਪੈ ਗਈ ਅਤੇ ਉਹ ਸੁਚੇਤ ਹੋ ਗਈ। ਉਸ ਨੇ ਬਾਲਪਨ ਵਿੱਚ ਜ਼ਰਤੁਸਤ ਦੀ ਪੂਰੀ ਰੱਖਿਆ ਕੀਤੀ। ਇਸ ਕਰਾਮਾਤ ਦਾ ਜ਼ਿਕਰ ਵੀ ਈਰਾਨੀ ਕਥਾਵਾਂ ਵਿੱਚੋਂ ਮਿਲਦਾ ਹੈ ਕਿ ਆਪਣੇ ਜਨਮ ਸਮੇਂ ਜ਼ਰਤੁਸਤ ਹੱਸਿਆ ਸੀ ਅਤੇ ਉਸ ਦੀ ਮਾਂ ਦਾ ਘਰ ਰੱਬੀ ਨੂਰ ਨਾਲ ਭਰ ਗਿਆ ਸੀ। ਅਸਲ ਵਿੱਚ ਇਹ ਸਾਰੀਆਂ ਦੰਦ-ਕਥਾਵਾਂ ਜ਼ਰਤੁਸਤ ਦੇ ਰੂਹਾਨੀ ਪ੍ਰਭਾਵਾਂ ਨੂੰ ਪ੍ਰਤੀਕ ਮਈ ਰੂਪ ਵਿੱਚ ਬਿਆਨ ਕਰਦੀਆਂ ਹਨ ਕਿਉਂਕਿ ਜ਼ਰਤੁਸਤ ਦੀ ਰੂਹਾਨੀ ਵਿਚਾਰਧਾਰਾ ਨੇ ਪਰੰਪਰਾਗਤ ਰੂਪ ਵਿੱਚ ਲੋਕ ਮਾਨਸਿਕਤਾ ਅੰਦਰ ਅਸੁਰ, ਅਨਹਿਤ, ਮਿਥਰ ਤੇ ਹੋਮ ਆਦਿ ਦੇਵਤਿਆਂ ਦੇ ਵਿਸ਼ਵਾਸ ਨੂੰ ਉਖਾੜ ਦਿਤਾ ਸੀ। ਆਪ ਨੇ ਜਿਸ ਦੈਵੀ ਸੰਦੇਸ਼ ਨੂੰ ਮਾਨਵਤਾ ਤੱਕ ਪਹੁੰਚਾਇਆ, ਉਹ ਪ੍ਰਕਿਰਤਿਕ ਨਿਯਮਾਂ ਦੇ ਅਨੁਕੂਲ ਸੀ। ਬੱਚੇ ਦੇ ਹਾਸੇ ਅਤੇ ਘਰ ਦਾ ਨੂਰ ਨਾਲ ਭਰ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਉਸਦੀ ਪਰੰਪਰਾਵਾਦੀ ਰੂੜ੍ਹੀ ਖ਼ਿਆਲਾਂ ਉੱਪਰ ਜਿੱਤ ਹੋਵੇਗੀ ਅਤੇ ਉਹ ਪਵਿੱਤਰ ਰੂਹਾਨੀ ਸੰਦੇਸ਼ ਫੈਲਾਉਣ ਵਿੱਚ ਕਾਮਯਾਬ ਹੋਵੇਗਾ।

ਜਿਥੋਂ ਤਕ ਆਪ ਦੇ ਜੀਵਨ-ਕਾਲ ਤੇ ਜਨਮ ਮਿਤੀ ਦਾ ਸੰਬੰਧ ਹੈ ਇਸ ਬਾਰੇ ਵਿਦਵਾਨਾਂ ਦੀਆਂ ਰਾਵਾਂ 100 A.D. ਤੋਂ ਲੈ ਕੇ 6800 B.C. ਤਕ ਵੱਖਰਤਾ ਰੱਖਦੀਆਂ ਹਨ। ਸ਼ਾਸ਼ਨੀਆ ਦੇ ਪਰੋਹਿਤ ਕਹਿੰਦੇ ਹਨ ਕਿ ਜ਼ਰਤੁਸ਼ਤ ਸਾਈਰਸ (Cyrus) ਦੇ ਰਾਜ ਤੋਂ 100 ਸਾਲ ਪਹਿਲਾਂ ਹੋਏ ਹਨ ਜਦ ਕਿ ਯੂਨਾਨੀ ਇਤਿਹਾਸਕਾਰ ਆਪ ਦਾ ਸਮਾਂ ਇਸ ਤੋਂ ਵੀ ਪਿੱਛੋਂ ਲੈ ਜਾਂਦੇ ਹਨ। ਬਾਈਬਲ ਵਿਚੋਂ ਜ਼ਰਤੁਸਤਰੀ ਵਿਚਾਰਾਂ ਨੂੰ ਲੱਭਣ ਵਾਲੇ ਜੇਮਜ਼ ਡਾਰਮੇਸਟਰ (James Darmester) ਵਰਗੇ ਪੱਛਮੀ ਵਿਦਵਾਨ ਇਹ ਵੀ ਕਹਿ ਦਿੰਦੇ ਹਨ ਕਿ ਈਸਾ ਦੇ ਸਮੇਂ ਜ਼ਰਤੁਸਤ ਜੀਵਤ ਸੀ ਜੋ ਕਦਾਚਿਤ ਮੰਨਣ ਯੋਗ ਨਹੀਂ ਹੈ। ਐਨਕਿਊਟਿਲ-ਦੁ-ਪੈਰਨ (Anquetil du Perron), ਹੈਰਿਜ ਫੀਲਡ (Herz Feld), ਹਿਨਿੰਗ ਤੇ ਵੈਸਟ (Henning and West) ਵਿਦਵਾਨ ਜ਼ਰਤੁਸਤ ਦਾ ਸਮਾਂ 6 ਵੀਂ ਤੋਂ 7 ਵੀਂ ਸਦੀ B.C. ਮੰਨਦੇ ਹਨ। ਵਾਈਡਨਗਰਿੰਨ (Widengren) 900 B.C. ਤਕ ਲੈ ਜਾਂਦੇ ਹਨ। ਆਰ. ਸੀ. ਜੀਨਰ (R.C. Zaehner) ਆਪ ਦਾ ਜੀਵਨ-ਕਾਲ 628-551 B.C. ਨਿਰਧਾਰਿਤ ਕਰਦੇ ਹਨ।[3] ਇਸ ਦਾ ਪੱਕਾ ਆਧਾਰ ਪਹਿਲਵੀ ਇਤਿਹਾਸਕ ਪੁਸਤਕ ਬੁੰਦਾਹਿਸ਼ਨ (The Bundahishn) ਹੈ ਜਿਸ ਵਿੱਚ ਸਿਕੰਦਰ ਮਹਾਨ ਦੇ ਈਰਾਨ ਉੱਤੇ ਹੋਏ ਹਮਲੇ ਦਾ ਜ਼ਿਕਰ ਹੈ ਅਤੇ ਇਹ ਵੀ ਲਿਖਿਆ ਹੈ ਕਿ ਜ਼ਰਤੁਸਤ ਇਸ ਹਮਲੇ ਤੋਂ 250 ਸਾਲ ਪਹਿਲਾਂ ਹੋਇਆ ਹੈ। ਸਿਕੰਦਰ ਦਾ ਹਮਲਾ 330 ਪੂ. ਈ. ਵਿੱਚ ਹੋਇਆ ਇਸ ਹਿਸਾਬ ਨਾਲ ਜ਼ਰਤੁਸਤ ਦਾ ਸਮਾਂ 588 ਪੂ. ਈ. ਬਣਦਾ ਹੈ।[4] ਡੰਕਨ ਗਰੀਲੀਸ (Duncan Greelees) ਵੀ ਆਪਣੀ ਪੁਸਤਕ ਗਾਸਪਲ ਆਫ ਜ਼ਰਤੁਸਤਰਾ (The Gospel of Zarathustra) ਵਿੱਚ ਇਹੀ ਸਮਾਂ ਨਿਰਧਾਰਿਤ ਕਰਦਾ ਹੈ। ਪਾਰਸੀ ਰਵਾਇਤਾਂ ਅਨੁਸਾਰ ਜ਼ਰਤੁਸਤ ਨੇ 40 ਸਾਲ ਦੀ ਉਮਰ ਵਿੱਚ ਬਾਦਸ਼ਾਹ ਵਿਸਤਾਸਪ (Vishtasap) ਨੂੰ ਆਪਣੇ ਮੱਤ ਵਿੱਚ ਸ਼ਾਮਿਲ ਕੀਤਾ ਸੀ ਤੇ ਆਪ ਨੇ 77 ਸਾਲ ਦੀ ਉਮਰ ਭੋਗੀ ਸੀ। ਇਸ ਹਿਸਾਬ ਨਾਲ ਆਪ ਦਾ ਸਮਾਂ 628-551 ਪੂ. ਈ. ਹੀ ਬਣਦਾ ਹੈ।

ਬਚਪਨ ਤੋਂ ਹੀ ਪੈਗੰਬਰ ਜ਼ਰਤੁਸਤ ਧਾਰਮਿਕ ਰੁਚੀਆਂ ਵਾਲੇ ਸਨ ਅਤੇ ਲੋੜਵੰਦਾਂ ਨਾਲ

ਮਿਹਰਬਾਨੀ ਭਰਿਆ ਵਿਵਹਾਰ ਕਰਦੇ ਸਨ। ਆਪ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਪਾਸ ਜੋ ਕੁਝ ਵੀ ਹੁੰਦਾ ਸੀ, ਦਾਨ ਵਜੋਂ ਦੇ ਦਿੰਦੇ ਸਨ। ਮਾਨਵ ਭਲਾਈ ਦੀ ਇਸ ਰੁਚੀ ਤੋਂ ਸਾਰੇ ਹੈਰਾਨ ਹੁੰਦੇ ਸਨ।

ਵਿੱਦਿਆ ਪ੍ਰਾਪਤੀ ਲਈ ਜ਼ਰਤੁਸਤ ਨੂੰ ਇਕ ਵਿਦਵਾਨ ਤੇ ਨੇਕ ਪੁਰਸ਼ ਪਾਸ ਭੇਜਿਆ ਗਿਆ। ਭਾਰਤ ਮਤ ਦਰਪਣ ਦਾ ਕਰਤਾ ਇਹ ਵੀ ਅਨੁਮਾਨ ਲਾਉਂਦਾ ਹੈ ਕਿ ਸ਼ਾਇਦ ਵਿੱਦਿਆ ਪ੍ਰਾਪਤੀ ਲਈ ਜ਼ਰਤੁਸਤ ਭਾਰਤ ਵਿੱਚ ਆਇਆ ਹੋਵੇ ਕਿਉਂਕਿ 'ਜ਼ਿੰਦ-ਅਵੇਸਤਾ' ਵਿੱਚ ਵੇਦਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ।[5] 15 ਸਾਲ ਦੀ ਉਮਰ ਵਿਚ ਆਪ ਨੂੰ ਪਵਿੱਤਰ ਚੋਗਾ (Sudreh) ਅਤੇ ਧੋਤੀ (Kusti)[6] ਪਹਿਨਾ ਕੇ ਵੱਡੇ-ਵਡੇਰਿਆਂ ਦੇ ਧਰਮ ਵਿਚ ਪਰਵੇਸ਼ ਕਰਵਾਇਆ ਗਿਆ। ਇਹ ਦੋਵੇਂ ਵਸਤਾਂ ਪਾਰਸੀਆਂ ਦੇ ਦੀਖਿਆ ਸੰਸਕਾਰ ਸਮੇਂ ਅੱਜ ਕੱਲ੍ਹ ਵੀ ਪਹਿਨਾਈਆਂ ਜਾਂਦੀਆਂ ਹਨ।

ਪੈਗੰਬਰ ਜ਼ਰਤੁਸਤ ਨੇ ਗ੍ਰਹਿਸਥੀ ਜੀਵਨ ਜੀਵਿਆ। ਅਵੇਸਤਾ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਦੀ ਪਤਨੀ ਦਾ ਨਾਮ ਹਵੋਵੀ / ਵੋਵੀ (Hvovi) ਸੀ ਜੋ ਫ੍ਰਾਸਾਸ਼ਟਰ ਦੀ ਲੜਕੀ ਸੀ। ਕੁਝ ਵਿਦਵਾਨ ਇਸ ਨੂੰ ਵੋਗਵਾ ਲਿਖਦੇ ਹਨ ਜੋ ਇਕ ਗੋਤਰ ਦਾ ਨਾਮ ਹੈ ਤੇ ਜਿਸਦੇ ਸ਼ਬਦੀ ਅਰਥ 'ਉੱਤਮ ਪਸ਼ੂ ਵਾਲਾ' ਹਨ। ਆਪ ਦੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਸਨ। ਆਪ ਪਰਿਵਾਰਕ ਜੀਵਨ ਵਿੱਚ ਰਹਿੰਦੇ ਹੋਏ ਬਹੁਤ ਹੀ ਸਾਦਾ ਜੀਵਨ ਬਤੀਤ ਕਰਦੇ ਸਨ। ਕਿਰਤ-ਕਮਾਈ ਅਤੇ ਘਰੇਲੂ ਸਾਦਾ ਵਸਤੂਆਂ ਨਾਲ ਗੁਜ਼ਾਰਾ ਕਰਦੇ ਸਨ।

20 ਸਾਲ ਦੀ ਉਮਰ ਵਿਚ ਜ਼ਰਤੁਸਤ ਰੂਹਾਨੀ ਖੋਜ ਲਈ ਆਪਣੇ ਮਾਤਾ-ਪਿਤਾ, ਪਤਨੀ ਤੇ ਪਰਿਵਾਰ ਨੂੰ ਛੱਡ ਕੇ ਪਹਾੜਾਂ ਵੱਲ ਚਲੇ ਗਏ। ਆਪ ਦਾ ਮਹਾਤਮਾ ਬੁੱਧ ਵਾਂਗ ਅਨੇਕਾਂ ਧਾਰਮਿਕ ਲੋਕਾਂ ਨਾਲ ਵਿਚਾਰ-ਵਿਟਾਂਦਰਾ ਹੋਇਆ ਪਰ ਇਹ ਸਾਰੇ ਆਪ ਨੂੰ ਪਰੰਪਰਾਗਤ ਸਾਧਨਾ ਵੱਲ ਤੋਰ ਰਹੇ ਸਨ। ਅਖ਼ੀਰ ਆਪ ਰੂਹਾਨੀ ਅਨੁਭਵ ਪ੍ਰਾਪਤ ਕਰਨ ਲਈ ਪਹਾੜ ਦੀ ਇਕ ਗੁਫਾ ਵਿਚ ਮੋਨ ਸਾਧ ਕੇ ਬੈਠ ਗਏ। 10 ਸਾਲ ਆਪ ਇਥੇ ਇਕੱਲੇ ਇਕਾਂਤ ਵਿਚ ਰਹੇ। ਅਖ਼ੀਰ ਇਕ ਗੁਲਾਬੀ ਸਵੇਰ ਨੂੰ ਆਪ ਨੂੰ ਅਨੁਭਵ ਹੋਇਆ ਤੇ ਆਪ ਨੇ ਆਪਣੇ ਆਪ ਨੂੰ ਬਦਲਿਆ ਹੋਇਆ ਮਹਿਸੂਸ ਕੀਤਾ। ਜਰਮਨ ਫ਼ਿਲਾਸਫ਼ ਨਿਤਸ਼ੇ (Nietzsche) ਆਪਣੀ ਵਿਸ਼ਵ-ਪ੍ਰਸਿੱਧ ਪੁਸਤਕ 'ਜ਼ਰਦਸਤਰਾ ਨੇ ਕਿਹਾ' (Thus Spoke Zarathastra) ਦੇ ਪਹਿਲੇ ਖੰਡ ਵਿਚ ਲਿਖਦਾ ਹੈ ਕਿ ਆਪ ਨੇ ਅਨੁਭਵ ਪ੍ਰਾਪਤ ਕਰਦੇ ਸਾਰ ਸੂਰਜ ਨੂੰ ਸੰਬੋਧਨ ਹੁੰਦੇ ਕਿਹਾ -

"ਹੇ ਮਹਾਨ ਸਿਤਾਰੇ! ਸੋਚੋ ਜੇਕਰ ਇਹ ਸੰਸਾਰ ਨਾ ਹੁੰਦਾ,
ਤਾਂ ਤੂੰ ਕਿਸ ਨੂੰ ਰੋਸ਼ਨ ਕਰਦਾ?
ਕੀ ਫਿਰ ਵੀ ਤੂੰ ਏਨਾ ਹੀ ਖੁਸ਼ ਹੁੰਦਾ?
ਮੇਰੇ ਅੰਦਰਲੀ ਗਿਰਜ ਤੇ ਮਨ ਦੇ ਸੱਪ ਲਈ ਨਹੀ;
ਤਾਂ ਫਿਰ ਤੂੰ ਦਸ ਵਰ੍ਹੇ ਮੇਰੀ ਗੁਫਾ ਵਿਚ ਝਾਤੀ ਮਾਰਕੇ,
ਹਰ ਰੋਜ਼ ਕਿਸ ਨੂੰ ਝਾਕਦਾ ਰਿਹਾ ਹੈ।
ਹੁਣ ਮੈਂ ਆਪਣੇ ਬੋਝ ਨੂੰ ਚੁੱਕਦਾ ਚੁੱਕਦਾ ਥੱਕ ਗਿਆ ਹਾਂ।
ਜਿਸ ਤਰ੍ਹਾਂ ਤੂੰ ਹਰ ਸ਼ਾਮ ਨੂੰ ਹਨੇਰੇ ਵਿਚ ਗਵਾਚ ਜਾਂਦਾ ਹੈ,

ਉਸੀ ਤਰ੍ਹਾਂ ਮੈਂ ਭੀ ਅਤਲ ਵਿਚ ਸਮਾਅ ਜਾਣਾ ਚਾਹੁੰਦਾ ਹਾਂ।
ਓਹ ਨਿਸੰਗ ਦ੍ਰਿਸ਼ਟ ! ਮੈਨੂੰ ਅਸ਼ੀਰਵਾਦ ਦੇ,
ਕਿ ਇਹ ਪਿਆਲਾ ਛਲਕਣ ਤੋਂ ਪਹਿਲਾਂ ਚਮਕ ਦੇ ਜਾਵੇ।
ਅਸੀਸ ਦਿਓ ਕਿ ਇਹ ਪਿਆਲਾ ਹੁਣ ਭਰ ਗਿਆ ਹੈ,
ਤੇ ਜ਼ਰਤੁਸਤਰਾ ਫਿਰ ਆਦਮੀ ਬਣ ਰਿਹਾ ਹੈ।"[7]

ਇਸ ਅਨੁਭਵ ਬਾਰੇ ਜ਼ਰਤੁਸਤਰੀ ਪਰੰਪਰਾ ਵਿੱਚ ਇਕ ਦੰਦ-ਕਥਾ ਪ੍ਰਚਲਿਤ ਹੈ ਕਿ ਸਾਧਨਾ ਦੇ ਦੌਰਾਨ ਇਕ ਦਿਨ ਜ਼ਰਤੁਸਤ ਦੇ ਸਾਹਮਣੇ ਮਨੁੱਖ ਨਾਲੋਂ ਨੌਂ ਗੁਣਾ ਵੱਧ ਵੱਡੇ ਆਕਾਰ ਦੀ ਇਕ ਸ਼ਕਲ ਪਰਗਟ ਹੋਈ। ਇਹ ਸ਼ਕਲ 'ਵੋਹੂਮਨੋ' (Vohu Manah, Vo-hoo-ma-nu) ਦੀ ਸੀ ਜੋ ਨੇਕੀ ਦਾ ਇਕ ਮਹਾਨ ਦੇਵਤਾ ਸੀ। ਕੁਝ ਇਕ ਪ੍ਰਸ਼ਨਾਂ ਉਪਰੰਤ ਜ਼ਰਤੁਸਤ ਦਾ ਭੌਤਿਕ ਸਰੀਰ ਉਥੇ ਹੀ ਪਿਆ ਰਿਹਾ ਅਤੇ ਉਸ ਦੀ ਪਵਿੱਤਰ ਆਤਮਾਂ ਪਰਮ ਸਿਆਣਪ ਵਾਲੇ ਪਰਮਾਤਮਾ ਅਹੁਰਮਜ਼ਦਾ (Ahuramazda, a-hoor-u-mazda) ਦੀ ਹਜ਼ੂਰੀ ਵਿਚ ਪਹੁੰਚ ਗਈ। ਅਹੁਰਮਜ਼ਦਾ ਦਾ ਦਰਬਾਰ ਲੱਗਾ ਹੋਇਆ ਸੀ, ਕਈ ਫਰਿਸ਼ਤੇ ਇਥੇ ਝੁਰਮਟ ਪਾਈ ਖੜ੍ਹੇ ਸਨ। ਇਥੇ ਅਹੁਰਮਜ਼ਦ ਨੇ ਜ਼ਰਤੁਸਤ ਨੂੰ ਧਰਮ ਦੇ ਸਿਧਾਂਤਾਂ ਅਤੇ ਕਰਤੱਵ ਤੋਂ ਜਾਣੂ ਕਰਵਾਇਆ। ਦੈਵੀ ਸੰਦੇਸ਼ ਦਿਤਾ ਗਿਆ ਕਿ ਇਹਨਾਂ ਸਿਧਾਂਤਾਂ ਨੂੰ ਲੋਕਾਈ ਵਿਚ ਪਰਚਾਰਿਆ ਜਾਵੇ। ਇਸ ਘਟਨਾ ਤੋਂ ਪਿੱਛੋਂ ਜ਼ਰਤੁਸਤ ਪੈਗੰਬਰੀ ਜਲਾਲ ਨਾਲ ਮਾਲੋਮਾਲ ਹੋ ਕੇ ਦੈਵੀ ਸੰਦੇਸ਼ ਨੂੰ ਪਰਚਾਰਨ ਲਈ ਪਹਾੜ ਤੋਂ ਹੇਠਾ ਉੱਤਰ ਆਉਂਦੇ ਹਨ। ਵਾਪਸ ਮੁੜਦੇ ਸਮੇਂ ਆਪ ਨੂੰ ਜੰਗਲ ਵਿਚ ਇਕ ਬੁੱਢਾ ਵਿਅਕਤੀ ਮਿਲਦਾ ਹੈ ਜੋ ਜ਼ਰਤੁਸਤ ਨੂੰ ਕਹਿੰਦਾ ਹੈ -

"ਤੂੰ ਉਹ ਜ਼ਰਤੁਸਤਰਾ ਨਹੀਂ ਜੋ ਕਈ ਵਰ੍ਹੇ ਪਹਿਲਾਂ ਇਥੋਂ ਦੀ ਗੁਜ਼ਰਿਆ ਸੀ।
ਤੂੰ ਹੁਣ ਬਦਲ ਗਿਆ ਹੈ,
ਤੂੰ ਹੁਣ ਜਾਗ ਗਿਆ ਹੈ -
ਇਥੇ ਸੁੱਤੇ ਹੋਏ ਲੋਕਾਂ ਵਿਚ ਹੁਣ ਤੂੰ ਕੀ ਕਰੇਂਗਾ ?
ਜ਼ਰਤੁਸਤਰਾ ਨੇ ਕਿਹਾ -
ਮੈਨੂੰ ਆਦਮੀ ਜਾਤ ਨਾਲ ਪਿਆਰ ਹੈ,
ਮੈਂ ਆਦਮੀਆਂ ਲਈ ਇਕ ਭੇਟ ਲਿਆਇਆ ਹਾਂ।"[8]

ਪੈਗੰਬਰ ਜ਼ਰਤੁਸਤ ਨੇ ਇਸ ਪਿੱਛੋਂ ਆਪਣੇ ਦੈਵੀ ਧਰਮ ਦਾ ਪਰਚਾਰ ਆਰੰਭ ਕਰ ਦਿਤਾ। ਉਹਨਾਂ ਨੇ ਆਪਣੀ ਸਾਰੀ ਉਮਰ ਕਦੇ ਵੀ ਆਪਣੇ ਆਪ ਨੂੰ ਪੈਗੰਬਰ ਨਾ ਅਖਵਾਇਆ, ਸਗੋਂ ਸਧਾਰਨ ਮਨੁੱਖ ਦੀ ਹੈਸੀਅਤ ਵਿਚ ਪਰਚਾਰ ਕਰਦੇ ਰਹੇ। ਇਸ ਪਰਚਾਰ ਵਿਚ ਉਨ੍ਹਾਂ ਨੂੰ ਕਈ ਮੁਸ਼ਕਲਾਂ ਆਈਆਂ। ਉਸ ਦਾ ਹਾਸਾ-ਮਖੌਲ ਉਡਾਇਆ ਗਿਆ ਅਤੇ ਉਨ੍ਹਾਂ ਨੂੰ ਤਸੀਹੇ ਵੀ ਦਿਤੇ ਗਏ ਪਰ ਆਪ ਆਪਣੇ ਮਿਸ਼ਨ ਤੇ ਅਡੋਲ ਤੁਰੇ ਰਹੇ। ਗਾਥਾ ਵਿਚ ਆਪ ਖੁਦ ਕਹਿੰਦੇ ਹਨ -

"ਹੇ ਅਹੁਰਮਜ਼ਦ ! ਤੂੰ ਸਰਬੋਚ ਹੈਂ।
ਵਾਹੂਮਾਨੋ ਰਾਹੀ ਤੇਰੇ ਪਵਿੱਤਰ ਸ਼ਬਦਾਂ ਨੂੰ ਜਦ ਮੈਂ ਸੁਣਿਆ-
ਤਾਂ ਮੈਨੂੰ ਉਹਨਾਂ ਦਾ ਰਹੱਸ ਸਮਝ ਆਇਆ।
ਮੈਂ ਅਨੁਭਵ ਕਰ ਰਿਹਾ ਹਾਂ ਕਿ ਮਨੁੱਖ ਜਾਤੀ ਤਕ

ਤੇਰਾ ਸੰਦੇਸ਼ ਪਹੁੰਚਾਣ ਵਿਚ ਕਠਿਨਾਈ ਪੇਸ਼ ਆਵੇਗੀ,
ਭਾਵੇਂ ਤੂੰ ਕਿਹਾ ਹੈ ਕਿ ਮੇਰੇ ਲਈ ਇਹ ਸਰਵ ਸਰੇਸ਼ਠ ਕੰਮ ਹੈ।"

ਇਸੇ ਤਰ੍ਹਾਂ ਯਾਸ਼ਨਾ ਵਿੱਚ ਆਪ ਕਹਿੰਦੇ ਹਨ- 'ਸੱਚ ਦੇ ਪਰਚਾਰ ਤੋਂ ਮੈਂ ਤਦ ਤਕ ਨਹੀਂ ਹਟਾਂਗਾ, ਜਦ ਤਕ ਮੇਰੇ ਵਿੱਚ ਸ਼ਕਤੀ ਹੈ।' ਆਪਣੇ ਧਰਮ ਪਰਚਾਰ ਨੂੰ ਸਪਸ਼ਟ ਕਰਦੇ ਆਪ ਕਹਿੰਦੇ ਹਨ- 'ਇਹ ਉਪਦੇਸ਼ ਕਿਸੇ ਇਕ ਜਾਤੀ, ਕਿਸੇ ਇਕ ਦੇਸ਼ ਦੀ ਸੀਮਤੀ ਨਹੀਂ ਹੈ। ਇਹ ਤਾਂ ਵਿਸ਼ਵ ਦਾ ਹੈ। ਇਸ ਉੱਪਰ ਵਿਸ਼ਵ ਦਾ ਹੀ ਅਧਿਕਾਰ ਹੈ। ਧਰਮ ਦਾ ਆਦਰਸ਼ ਜੀਵਨ ਦੇ ਪਵਿੱਤਰ ਉਦੇਸ਼ਾਂ ਅਤੇ ਨਿਯਮਾਂ ਨੂੰ ਲੋਕਾਂ ਤੀਕ ਪਹੁੰਚਾਣਾ ਹੈ। ਲੋਕ ਆਪ ਅਨੰਦਮਈ ਹੋ ਕੇ ਦੂਜਿਆਂ ਨੂੰ ਵੀ ਅਨੰਦਮਈ ਕਰਨ ਦਾ ਯਤਨ ਕਰਨ।'

ਪਹਿਲੇ ਇਲਹਾਮ ਤੋਂ ਬਾਅਦ 10 ਸਾਲ ਤਕ ਆਪ ਨੂੰ ਅਨੁਭੂਤੀਆਂ ਹੁੰਦੀਆਂ ਰਹੀਆਂ। 10 ਸਾਲਾਂ ਪਿੱਛੋਂ ਪਹਿਲੀ ਵਾਰ ਆਪ ਨੇ 'ਮੈਦੀ ਨਿਮੋਨਹਾ' ਨਾਂ ਦੇ ਵਿਅਕਤੀ ਨੂੰ ਆਪਣਾ ਚੇਲਾ ਬਣਾਇਆ ਜੋ ਰਿਸ਼ਤੇਦਾਰੀ ਵਿੱਚ ਆਪ ਦਾ ਭਰਾ ਲੱਗਦਾ ਸੀ। ਇਸ ਸਮੇਂ ਆਪ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਸੰਬੰਧੀ ਜ਼ਰਤੁਸਤ ਕਈ ਵਾਰ ਅਹੁਰਮਜ਼ਦ ਨਾਲ ਸਲਾਹ ਮਸ਼ਵਰਾ ਕਰਦਾ ਰਿਹਾ। ਇਹਨਾਂ ਇਲਹਾਮੀ ਮਸ਼ਵਰਿਆਂ ਅਤੇ ਆਪ ਦੀ ਦ੍ਰਿੜਤਾ ਕਰਕੇ ਆਪ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਵੀ ਪਰਚਾਰ ਦੇ ਰਾਹ ਤੇ ਕਾਇਮ ਰਹੇ। ਆਪ ਨੇ ਕਈ ਰੋਗੀਆਂ ਨੂੰ ਵੀ ਠੀਕ ਕੀਤਾ। ਇਹਨਾਂ ਸਾਰੇ ਵਿਰੋਧਾਂ ਦਾ ਵਿਸਥਾਰ ਵਰਨਣ ਸਾਨੂੰ ਨੀਤਸ਼ੇ ਦੀ ਪੁਸਤਕ 'ਜ਼ਰਤੁਸਤਰਾ ਨੇ ਕਿਹਾ' ਵਿਚੋਂ ਮਿਲਦਾ ਹੈ।

10 ਸਾਲ ਦੀ ਉਮਰ ਤਕ ਆਪ ਨੂੰ ਸੰਘਰਸ਼ ਮਈ ਜੀਵਨ ਵਿਚੋਂ ਗੁਜ਼ਰਨਾ ਪਿਆ। ਆਪ ਨੇ ਪਹਿਲਾਂ ਉਪਦੇਸ਼ ਤੂਰੁ ਦੀ ਰਾਜ ਸਭਾ ਵਿਚ ਦਿਤਾ। ਆਪਣੇ ਨਿਵਾਸ ਸਥਾਨ ਤੋਂ ਆਪ ਤੂਰੁ ਪਹੁੰਚਣ ਲਈ ਰਸਤੇ ਵਿਚ ਕੁਮਿਸ ਵਿਚ ਠਹਿਰੇ। ਇਥੇ ਇਕ ਪਰਸੀਅਨ ਨੇ ਆਪ ਨੂੰ ਆਪਣੇ ਘਰ ਠਹਿਰਾਣ ਤੋਂ ਇਨਕਾਰ ਕਰ ਦਿਤਾ। ਆਪ ਦੇ ਉਪਦੇਸ਼ ਕਰਕੇ ਪਰੰਪਰਾਗਤ ਉਸ਼ਿਸ ਵੰਸੀ ਲੋਕ ਆਪ ਨੂੰ ਮਾਰ ਦੇਣ ਤੇ ਉਤਰ ਆਏ ਪਰ ਤੂਰੁ ਦੀ ਮਦਦ ਨਾਲ ਬਚਾਓ ਹੋ ਗਿਆ।

ਜ਼ਰਤੁਸਤ ਦੇ ਪਰਚਾਰ ਦਾ ਖੇਤਰ ਪੇਂਡੂ, ਖੇਤਾਂ ਵਿਚ ਕੰਮ ਕਰਨ ਵਾਲੇ ਅਤੇ ਪਸ਼ੂ ਚਾਰਣ ਵਾਲੇ ਲੋਕ ਸਨ। ਆਪ ਲੋਕਾਂ ਨੂੰ ਸਮਾਜਿਕ ਕੁਰੀਤੀਆਂ ਤੋਂ ਮੁਕਤੀ ਦਵਾਉਣਾ ਚਾਹੁੰਦੇ ਸਨ ਪਰ ਇਹ ਮੂੜ੍ਹ ਲੋਕ ਆਪ ਦੀ ਗੱਲ ਸੁਨਣ ਲਈ ਤਿਆਰ ਨਹੀ ਸਨ। ਅਖ਼ੀਰ ਹੌਲੀ ਹੌਲੀ ਲੋਕ ਆਪ ਦੇ ਵਿਚਾਰਾਂ ਦੀ ਹਾਮੀ ਭਰਨ ਲੱਗ ਪਏ। ਜ਼ਰਤੁਸਤ ਨੂੰ ਆਪਣੇ ਮਿਸ਼ਨ ਵਿਚ ਉਦੋਂ ਸਫਲਤਾ ਮਿਲੀ ਜਦ ਆਪ ਨੇ ਈਰਾਨ ਦੇ ਬਾਦਸ਼ਾਹ ਵਿਸਤਸਪ (Vishtasap) , ਉਸ ਦੇ ਪੁੱਤਰ ਤੇ ਪਤਨੀ ਨੂੰ ਜ਼ਰਤੁਸਤ ਧਰਮ ਦੇ ਪੈਰੋਕਾਰ ਬਣਾ ਲਿਆ। ਇਹ ਵੀ ਇਕ ਰਹੱਸਮਈ ਘਟਨਾ ਹੈ। ਰਾਜੇ ਵਿਸਤਸਪ ਦਾ ਦਰਬਾਰ ਲਾਲਚੀ ਪੁਜਾਰੀਆਂ ਨਾਲ ਭਰਿਆ ਪਿਆ ਸੀ ਜਿਨ੍ਹਾਂ ਨੂੰ ਮੈਜਈ (Magi, ma-ji) ਕਿਹਾ ਜਾਂਦਾ ਸੀ। ਇਹ ਪਸ਼ੂਆਂ ਦੀ ਬਲੀ ਤੇ ਕਰਮਕਾਂਡਾਂ ਵਿਚ ਵਿਸ਼ਵਾਸ ਰੱਖਦੇ ਸਨ। ਇਨ੍ਹਾਂ ਨੇ ਜ਼ਰਤੁਸਤ ਤੇ ਉਸ ਦੇ ਮੱਤ ਬਾਰੇ ਰਾਜੇ ਪਾਸ ਭੰਡੀ-ਪਰਚਾਰ ਕੀਤਾ ਤੇ ਰਾਜੇ ਨੇ ਜ਼ਰਤੁਸਤ ਨੂੰ ਕੈਦ ਕਰ ਲਿਆ। ਇਸ ਕੈਦ ਦੌਰਾਨ ਜ਼ਰਤੁਸਤ ਨੇ ਇਕ ਅਜਿਹਾ ਕੌਤਕ ਵਿਖਾਇਆ ਜਿਸ ਨਾਲ ਜ਼ਰਤੁਸਤ ਨੂੰ ਕੈਦ ਤੋਂ ਛੁਟਕਾਰਾ ਹੀ ਨਹੀਂ ਮਿਲਿਆ, ਸਗੋਂ ਰਾਜਾ ਤੇ ਉਸ ਦਾ ਪਰਿਵਾਰ ਜ਼ਰਤੁਸਤ ਮੱਤ ਦਾ ਅਨੁਆਈ ਬਣ ਗਿਆ। ਕੌਤਕ ਇਹ ਸੀ ਕਿ ਰਾਜੇ ਦਾ ਇਕ ਬਹੁਤ ਹੀ

ਪਿਆਰਾ ਘੋੜਾ ਕਿਸੇ ਬੀਮਾਰੀ ਦਾ ਸ਼ਿਕਾਰ ਹੋ ਕੇ ਲੱਤਾਂ ਤੋਂ ਹੀਣਾ ਹੋ ਗਿਆ। ਜ਼ਰਤੁਸਤ ਨੇ ਰਾਜੇ ਨੂੰ ਕਿਹਾ ਕਿ ਜੇਕਰ ਤੂੰ ਮੇਰੀਆਂ ਚਾਰ ਸ਼ਰਤਾਂ ਮੰਨ ਜਾਵੇਂ ਤਾਂ ਮੈਂ ਇਹ ਘੋੜਾ ਠੀਕ ਕਰ ਦੇਵਾਂਗਾ। ਘੋੜਾ ਤੰਦਰੁਸਤ ਹੋ ਗਿਆ ਤੇ ਇਹਨਾਂ ਸ਼ਰਤਾਂ ਅਧੀਨ ਰਾਜਾ, ਉਸ ਦੀ ਪਤਨੀ, ਉਸ ਦਾ ਪੁੱਤਰ ਜ਼ਰਤੁਸਤ ਮੱਤ ਦੇ ਧਾਰਨੀ ਹੋ ਗਏ ਤੇ ਸਾਜਸ਼ ਰਚਣ ਵਾਲੇ ਪੁਜਾਰੀਆਂ ਨੂੰ ਸਜਾ ਦਿਤੀ ਗਈ।[9] ਰਾਜੇ ਦੀ ਸਰਪ੍ਰਸਤੀ ਮਿਲਣ ਪਿੱਛੋਂ ਜ਼ਰਤੁਸਤੀ ਮੱਤ ਤੇਜੀ ਨਾਲ ਫੈਲਣ ਲੱਗਾ। ਪਰੰਪਰਾਗਤ ਮੈਜਈ ਵੀ ਇਸ ਮੱਤ ਵਿਚ ਆ ਗਏ ਅਤੇ ਉਨ੍ਹਾਂ ਰਾਹੀਂ ਇਹ ਮੱਤ ਦੂਰ-ਦੂਰ ਤਕ ਫੈਲਣ ਲੱਗਾ। ਬਾਦਸ਼ਾਹ ਵਿਸ਼ਤਸਪ ਦਾ ਭਰਾ ਜ਼ੈਨ (Zain) ਅਤੇ ਉਸ ਦਾ ਭਤੀਜਾ ਅਸਫੰਦਯਾਰ (Isfandyair) ਵੀ ਜ਼ਰਤੁਸਤ ਦੇ ਪੈਰੋਕਾਰ ਬਣ ਗਏ। ਅਗਲੇ ਵੀਹ ਸਾਲਾਂ ਵਿਚ ਜ਼ਰਤੁਸਤ ਮੱਤ ਸਾਰੇ ਈਰਾਨ ਵਿਚ ਫੈਲ ਗਿਆ। ਇਸ ਪਿੱਛੋਂ ਯੂਨਾਨ ਤੇ ਰੋਮ ਵਿਚ ਵੀ ਇਹ ਧਰਮ ਫੈਲਣਾ ਸ਼ੁਰੂ ਹੋ ਗਿਆ।

ਪੈਗੰਬਰ ਜ਼ਰਤੁਸਤ ਇਕ ਦਿਨ ਅਗਨੀ-ਮੰਦਰ ਵਿਚ ਪ੍ਰਾਰਥਨਾ ਕਰ ਰਹੇ ਸਨ ਕਿ ਇਕ ਤੂਰਾਨੀ ਨੇ ਆਪ ਉੱਪਰ ਕਾਤਲਾਨਾ ਹਮਲਾ ਕਰ ਦਿਤਾ ਤੇ ਆਪ ਦਾ ਦੇਹਾਂਤ ਹੋ ਗਿਆ।[10] ਇਸ ਸਮੇਂ ਆਪ ਦੀ ਉਮਰ 77 ਸਾਲ ਦੀ ਸੀ।

ਜ਼ਰਤੁਸਤ ਮੱਤ

ਜ਼ਰਤੁਸਤ ਨੇ ਨਾ ਆਪਣੇ ਆਪ ਨੂੰ ਪੈਗੰਬਰ ਅਖਵਾਇਆ ਅਤੇ ਨਾ ਹੀ ਕਿਸੇ ਧਰਮ ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਵਿਚਾਰਧਾਰਾ ਜ਼ਰਤੁਸਤਰੀ ਮੱਤ ਅਖਵਾਉਂਦੀ ਹੈ। ਇਸ ਵਿਚਾਰਧਾਰਾ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਕੇ ਨਿਹਾਰ ਸਕਦੇ ਹਾਂ। ਇਕ ਇਸ ਦਾ ਸਿਧਾਂਤਗਤ ਪੱਖ ਹੈ ਅਤੇ ਦੂਜਾ ਸੰਸਥਾਗਤ ਜਿਹਨਾਂ ਨੂੰ ਅਸੀਂ ਅਧਿਆਤਮਿਕ ਤੇ ਧਰਮਿਕ ਪੱਖ ਵੀ ਕਹਿ ਸਕਦੇ ਹਾਂ।

ਅਧਿਆਤਮਿਕ ਵਿਚਾਰਧਾਰਾ

ਜ਼ਰਤੁਸਤ ਮੱਤ ਦੀ ਵਿਚਾਰਧਾਰਾ ਅਤੇ ਸਿਖਿਆਵਾਂ ਇਨ੍ਹਾਂ ਦੇ ਧਰਮ ਗ੍ਰੰਥ 'ਅਵੇਸਤਾ' ਵਿਚ ਦਰਜ ਹਨ। ਅਵੇਸਤਾ ਇਕ ਕਿਸਮ ਹਿੰਦੂਆਂ ਦੇ ਵੇਦਾਂ ਵਰਗੀ ਰਚਨਾ ਹੈ ਜਿਸ ਦੇ ਤਿੰਨ ਭਾਗ ਹਨ। ਇਸ ਦੇ ਇਕ ਭਾਗ ਨੂੰ ਗਾਥਾ (Gathas) ਕਿਹਾ ਜਾਂਦਾ ਹੈ ਜਿਸ ਦਾ ਸ਼ਬਦੀ ਅਰਥ 'ਗੀਤ' (Songs of Hymns) ਹੈ। ਇਸ ਵਿਚ ਕੁਲ 17 ਗੀਤ ਹਨ। ਜਿਹਨਾਂ ਵਿਚੋਂ ਪੈਗੰਬਰ ਜ਼ਰਤੁਸਤ ਦਾ ਰੂਹਾਨੀ ਸੰਦੇਸ਼ ਬਹੁਤ ਹੀ ਸੂਤਰਮਈ ਸ਼ਬਦਾਵਲੀ ਵਿੱਚ ਦਰਜ ਹੈ। ਸਿਧਾਂਤਕ ਪੱਖੋਂ ਇਹ ਕੇਂਦਰੀ ਗ੍ਰੰਥ ਹੈ। ਇਥੇ ਇਸ ਮੱਤ ਦੀ ਰੂਹਾਨੀ ਤਾਲੀਮ ਨੂੰ ਸਿਧਾਂਤਕ ਰੂਪ ਵਿੱਚ ਵਿਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਪੈਗੰਬਰ ਜ਼ਰਤੁਸਤ ਨੇ ਇਕ ਈਸ਼ਵਰਵਾਦ (Monothism) ਦੇ ਸਿਧਾਂਤ ਦਾ ਪ੍ਰਤਿਪਾਦਨ ਕੀਤਾ ਹੈ। ਉਨ੍ਹਾਂ ਦਾ ਮੱਤ ਵੈਦਿਕ ਆਰੀਆਈ ਬਹੁਦੇਵ ਪੂਜਾ ਦੇ ਵਿਰੁਧ ਸੀ। ਜ਼ਰਤੁਸਤ ਨੇ ਈਸ਼ਵਰ ਨੂੰ 'ਅਹੁਰਮਜ਼ਦ' (Ahura Mazda) ਦੇ ਨਾਮ ਨਾਲ ਸੰਬੋਧਨ ਕੀਤਾ ਹੈ। ਡਾ. ਮਨਮੋਹਨ ਸਿੰਘ[11] ਅਨੁਸਾਰ ਅਹੁਰ ਵਾਸਤਵ ਵਿਚ ਅਸੁਰ ਸ਼ਬਦ ਹੈ ਜਿਸ ਦਾ ਅਰਥ ਹੈ ਚੇਤਨ-ਜਗਤ। ਮਜ਼ਦ ਦਾ ਅਰਥ ਹੈ ਜੜ੍ਹ-ਜਗਤ। ਇਵੇਂ ਅਹੁਰਮਜ਼ਦ ਚੇਤਨ ਅਤੇ ਜੜ੍ਹ ਦੋਵਾਂ ਦਾ ਸੁਆਮੀ ਹੈ। ਚੇਤਨ-ਜਗਤ ਵਿਚ ਪ੍ਰਾਣੀ ਜਾਂ ਜੀਵ-ਜਗਤ ਹੈ ਅਤੇ ਜੜ੍ਹ ਪ੍ਰਕਿਰਤੀ ਹੈ। ਇਵੇਂ ਇਸ ਨਾਮ ਵਿਚ ਦੋਵਾਂ ਸ਼ਕਤੀਆਂ ਦਾ ਸਮਨਵੈ ਹੋਇਆ ਹੈ। ਜ਼ਰਤੁਸਤ ਦਾ ਅਧਿਆਤਮਿਕ ਤਤਵ-

ਗਿਆਨ 6 ਪ੍ਰਮੁਖ ਸਿਧਾਂਤਾਂ ਉੱਪਰ ਆਧਾਰਿਤ ਹੈ। ਇਨ੍ਹਾਂ ਨੂੰ 'ਅਹੁਰਮਜ਼ਦ' ਦੀਆਂ 6 ਸ਼ਕਤੀਆਂ ਜਾਂ ਰੂਪ ਕਿਹਾ ਜਾ ਸਕਦਾ ਹੈ। ਗਾਥਾ ਵਿਚ ਇਸ ਲਈ ਅਮੇਸ਼ਾ-ਸਪੈਂਤਾ (Amesha Spentas, u-me-shu-spin-tas)[12] ਸ਼ਬਦ ਵਰਤਿਆ ਗਿਆ ਹੈ।

ਉਪਰੋਕਤ 6 ਅਮਰ ਸ਼ਕਤੀਆਂ ਨੂੰ ਦੋ ਪੱਖਾਂ, ਪਿਤਰ (ਪੁਰਸ਼) ਅਤੇ ਮਾਤ (ਪ੍ਰਕਿਰਤੀ) ਵਿਚ ਵੰਡਿਆ ਗਿਆ ਹੈ। ਸਰਿਸ਼ਟੀ ਅਤੇ ਆਤਮਾ ਮਾਤ ਪੱਖ ਹੈ ਅਤੇ ਸਰਿਸ਼ਟੀ ਨੂੰ ਰਚਨ ਵਾਲੇ ਸਰਿਸ਼ਟੀ ਕਰਤਾ ਨੂੰ ਪਿਤਰ ਪੱਖ ਕਿਹਾ ਗਿਆ ਹੈ। ਜ਼ਰਤੁਸਤ ਮੱਤ ਦਾ ਸੰਪੂਰਨ ਢਾਂਚਾ ਇਸੇ ਆਧਾਰ ਤੇ ਉਸਰਦਾ ਹੈ। ਪਿਤਰ ਪੱਖ (ਪੁਰਸ਼) ਵਿਚ ਆਸ਼ਾ (Asha), ਵੋਹੁਮਾਨੋ (Vohumanah) ਅਤੇ ਕਸ਼ਥ੍-ਵੈਰਯਾ (Khshathra Vairya) ਆਉਂਦੇ ਹਨ। ਮਾਤ ਪੱਖ (ਪ੍ਰਕਿਰਤੀ) ਵਿਚ ਸਪੈਂਤਾ· ਅਰਮੈਤੀ (Spenta Armaiti), ਹੌਰਵਤਤ (Hourvatat) ਅਤੇ ਅਮੇਰਤੱਤ (Ameretat) ਆਉਂਦੇ ਹਨ। ਸੱਤਵਾਂ ਮੁਖ ਤੱਤ ਅਹੁਰਮਜ਼ਦ ਹੈ ਜੋ ਦੋਹਾਂ ਦੇ ਵਿਚਕਾਰ ਹੈ।[13] ਜ਼ਰਤੁਸਤ ਮੱਤ ਦੀ ਅਧਿਆਤਮਕ ਜਾਂ ਰੂਹਾਨੀ ਵਿਚਾਰਧਾਰਾ ਨੂੰ ਸਮਝਣ ਲਈ ਇਹਨਾਂ ਸੱਤ ਤੱਤਾਂ ਨੂੰ ਸਮਝਣ ਦੀ ਲੋੜ ਹੈ।

(1) ਅਹੁਰਮਜ਼ਦ (Ahura Mazad)

ਜ਼ਰਤੁਸਤ ਮੱਤ ਦਾ ਕੇਂਦਰੀ ਬਿੰਦੂ ਅਹੁਰਮਜ਼ਦ ਹੈ ਜੋ ਪਰਮਾਤਮਾ ਲਈ ਵਰਤਿਆ ਗਿਆ ਸ਼ਬਦ ਹੈ। ਜ਼ਰਤੁਸਤ ਵਿਸ਼ਵ ਦਾ ਉਹ ਪਹਿਲਾ ਪੈਗੰਬਰ ਹੈ ਜਿਸ ਨੇ ਇਕ-ਈਸ਼ਵਰਵਾਦ ਦੀ ਗੱਲ ਕੀਤੀ ਹੈ। ਇਵੇਂ ਅਹੁਰਮਜ਼ਦ ਇਕ ਹੈ, ਉਹ ਸਰਵ-ਉੱਚ ਹੈ, ਸਰਬਸ਼ਕਤੀਮਾਨ ਅਤੇ ਹਰ ਥਾਂ ਹਾਜ਼ਰ-ਨਾਜ਼ਰ ਹੈ। ਵਿਸ਼ਵ ਵਿਚ ਕੋਈ ਕਣ ਵੀ ਅਜਿਹਾ ਨਹੀਂ ਜਿਥੇ ਉਸਦੀ ਹੋਂਦ ਨਾ ਹੋਵੇ। ਉਹ ਸਭ ਵਿਚ ਇਕੋ ਜਿਹਾ ਪਹੁੰਚਦਾ ਹੈ। ਗਾਥਾ ਵਿਚ ਜ਼ਰਤੁਸਤ ਦੇ ਪ੍ਰਵਚਨ ਉਸ ਬਾਰੇ ਸਪਸ਼ਟ ਕਰਦੇ ਹਨ- 'ਉਹੀ ਜਿਸ ਦਾ ਨਾਂ ਅਹੁਰਮਜ਼ਦ ਹੈ, ਮੈਂ ਆਪਣੇ ਕਰਮਾਂ ਦੁਆਰਾ ਕੇਵਲ ਉਸੇ ਦੀ ਪੂਜਾ ਕਰਦਾ ਹਾਂ।' (ਗਾਥਾ 10.45)

'ਮੈਂ ਕੇਵਲ ਤੈਨੂੰ ਹੀ ਸਰਵ ਸਰੇਸ਼ਠ ਸਮਝਦਾ ਹਾਂ ਅਤੇ ਬਾਕੀ ਸਭ ਹਸਤੀਆਂ ਨੂੰ ਆਪਣੇ ਮਨ ਤੋਂ ਹਟਾ ਦਿੰਦਾ ਹਾਂ।' (ਗਾਥਾ 11.44)

'ਤੈਨੂੰ ਇਕ ਨੂੰ ਛੱਡ ਕੇ ਮੈਂ ਕਿਸੇ ਹੋਰ ਨੂੰ ਅਪਣਾ ਸਰਪ੍ਰਸਤ ਤੇ ਸੁਰਖਿਅਕ ਨਹੀਂ ਮੰਨਦਾ ਹਾਂ।' (ਗਾਥਾ 1.29 ਤੇ 7.34)

ਅਹੁਰਮਜ਼ਦ ਸਰਬ ਗਿਆਤਾ ਹੈ, ਇਸੇ ਕਰਕੇ ਸਾਰੇ ਵਿਸ਼ਵ ਦਾ ਉਹ ਸਿਰਜਣਹਾਰ ਹੈ। ਆਪਣੀ ਸਤਾ ਕਾਰਨ ਸਭ ਜੀਵਾਂ ਦਾ ਭਗਵਾਨ ਹੈ। ਗਾਥਾ ਵਿਚ ਉਸ ਨੂੰ ਸਰਬ ਸ਼ਕਤੀਮਾਨ, ਦਿਆਲੂ, ਨੇਕ, ਸਿਆਣਾ, ਸੂਰਜ ਵਾਂਗ ਰੌਸ਼ਨ ਦਰਸਾਇਆ ਗਿਆ ਹੈ। ਉਹ ਪੂਰਨ ਸ਼ੁਧ ਮਨ ਦਾ ਸੁਆਮੀ ਹੈ। ਆਪਣੀ ਸੰਪੂਰਨਤਾ ਅਤੇ ਅਮਰਤਵ ਕਰਕੇ ਸਦਾ ਕਾਇਮ ਹੈ। ਉਸ ਨੂੰ Ecological God ਵੀ ਕਿਹਾ ਗਿਆ ਹੈ, ਜੋ ਆਪਣੀ ਸਿਰਜੀ ਕਾਇਨਾਤ ਦੀ ਪਾਲਣਾ, ਰਖਿਆ ਤੇ ਪ੍ਰਫੁਲਤਾ ਕਰਦਾ ਹੈ। ਅਹੁਰਮਜ਼ਦ ਦੀ ਮਹਿਮਾ ਜੋ ਗਾਥਾ ਵਿਚ ਬਿਆਨ ਕੀਤੀ ਗਈ ਹੈ। ਉਸ ਦੇ ਕੁਝ ਅੰਸ਼ ਇਥੇ ਡੰਕਨ ਗਰੀਲੀਸ ਦੀ ਪੁਸਤਕ 'ਗਾਸਪਲ ਆਫ ਜ਼ਰਤੁਸਤਰਾ' ਵਿਚੋਂ ਦਿੱਤੇ ਜਾ ਰਹੇ ਹਨ -

(1) He is a God of free Choice (Songs 3.2, 4.9 and 11)

(2) He is Creator of All (Song 9.7)

(3) He Promotes the unconquerable dominion (Song 1.3)

(4) He is a God who Knows best (Song 2.4 & 5.7) and is the 'Knowing' and who fashions righteousness to look after the promoter and the settle (Song 2.6)

(5) He grants happiness to all and speaks words of knowledge to Zarathushtra to guide all to Choose right (Song 4.3)

(6) He increases dominion through good mind (Song 4.6)

(7) He is the first and the last, the patron of good mind and the lord of life's actions (Song 4.8)

(8) He watches all (Song 4.13)

(9) He grants wholeness, immortality, abundance of righteousness to those who are his friends in mind and action (Sing 4.21 & 6.9)

(10) He is most powerful and listens (Song 6.11)

(11) He rises within us, grants, courage, good gifts of prayer, full vigor and felicity (Song 6.12)

(12) He is wide watching, reveals the force of His sovereignty & the blessings of good mind (Song 6.13)

(13) He is the creator of intellingence (Song 15.6)

(14) He gives much good to those who succeed for the sake of their conviction (Song 16.6)

(15) He was the first one who came into the House of Song. (Song 16.15)

ਸਾਰੀ ਗਾਥਾ ਦੇ 17 ਗੀਤ ਅਹੁਰਮਜ਼ਦ ਦੀ ਮਹਿਮਾਂ ਨਾਲ ਭਰੇ ਪਏ ਹਨ। ਸੰਸਾਰ ਦਾ ਪਾਸਾਰਾ ਉਸ ਦੀ ਇੱਛਾ ਅਨੁਸਾਰ ਹੀ ਹੈ। ਇਸ ਇੱਛਾ ਨੂੰ ਕਿਵੇਂ ਜਾਣ ਸਕਦੇ ਹਾਂ, ਇਸ ਬਾਰੇ ਜ਼ਰਤੁਸਤ ਕਹਿੰਦੇ ਹਨ ਕਿ ਸਰਵ-ਉੱਚ ਪਰਮਾਤਮਾ ਦੀ ਇੱਛਾ ਪਵਿੱਤਰ ਰੂਹ ਸਪੇਂਟ-ਮੈਨਯੂ (Spenṭa mainyu) ਰਾਹੀਂ ਪ੍ਰਗਟਾਈ ਜਾਂਦੀ ਹੈ। ਇਹ ਇੱਛਾ ਵੱਖ ਵੱਖ ਦੈਵੀ ਕਾਰਜਾਂ ਜਿਹਨਾਂ ਨੂੰ ਅਸੀਂ ਅਮੇਸ਼ ਸਪੇਂਟ (Immortal Holy Ones) ਕਹਿੰਦੇ ਹਾਂ, ਰਾਹੀਂ ਜਾਣੀ ਜਾਂਦੀ ਹੈ ਜੋ ਅੱਗੇ ਦਿਤੇ ਜਾ ਰਹੇ ਹਨ।

(2) ਆਸ਼ਾ (Asha)

ਆਸ਼ਾ ਬ੍ਰਹਿਮੰਡ ਵਿਚਲੀ ਤਰਤੀਬ ਨੂੰ ਨਿਯਮਤ (The ordering Principle of creation) ਕਰਨ ਦਾ ਨਾਮ ਹੈ। ਇਸ ਦਾ ਸ਼ਾਬਦਿਕ ਅਰਥ ਸਤਿ ਹੈ। ਇਹ ਭਗਵਦ ਪ੍ਰਾਪਤੀ

ਦਾ ਗਿਆਨ-ਮਾਰਗ ਹੈ। ਅਸਲ ਵਿਚ ਇਹ ਆਰੀਆਈ ਸੰਕਲਪ ਹੈ ਜੋ ਵੈਦਿਕ 'ਰਿਤ' ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਵੇਂ 'ਰਿਤ' ਅਤੇ 'ਸਤਿ' ਹੀ ਆਸ਼ਾ ਹੈ। ਦੂਜੇ ਸ਼ਬਦਾਂ ਵਿਚ ਆਸ਼ਾ ਸਤਿ-ਮਾਰਗ ਹੈ। ਰਿਤ ਦੇ ਕਾਰਨ ਹੀ ਵਿਸ਼ਵ ਚਲਦਾ ਹੈ ਅਤੇ ਸਤਿ ਦੇ ਕਾਰਨ ਵਿਸ਼ਵ ਸਥਿਰ ਹੈ। ਗਾਥਾ ਅਨੁਸਾਰ ਆਸ਼ਾ-ਯੁਕਤ ਵਿਅਕਤੀ ਹੀ ਅਹੁਰਮਜ਼ਦ ਦੀ ਨੇੜਤਾ ਪ੍ਰਾਪਤ ਕਰ ਸਕਦਾ ਹੈ।[14] ਆਸ਼ਾ ਦਾ ਵਿਰੋਧੀ ਸ਼ਬਦ ਦਜ਼ ਹੈ ਜਿਸਦਾ ਅਰਥ ਮਿਥਿਆ ਜਾ ਪਾਖੰਡ ਹੈ। ਇਸ ਨੂੰ ਅਸਤਿ ਕਿਹਾ ਜਾਂਦਾ ਹੈ। ਭੌਤਿਕ, ਨੈਤਿਕ ਤੇ ਰੂਹਾਨੀ ਸੰਸਾਰ ਉੱਪਰ ਜੋ ਨਾ ਬਦਲਣ ਵਾਲੇ ਨਿਯਮ ਲਾਗੂ ਹੁੰਦੇ ਹਨ, ਉਹ ਆਸ਼ਾ ਹਨ। ਗੁਰਮਤਿ ਚਿੰਤਨ ਵਿਚ ਇਸ ਨੂੰ 'ਹੁਕਮਿ' ਕਿਹਾ ਗਿਆ ਹੈ। ਇਹਨਾਂ ਨਿਯਮਾਂ ਦੀ ਉਲਘਣਾ ਕਰਨ ਵਾਲਾ ਸਜਾ ਦਾ ਭਾਗੀ ਹੁੰਦਾ ਹੈ। ਆਸ਼ਾ ਦਾ ਬਾਹਰਮੁਖੀ ਚਿੰਨ੍ਹ ਅੱਗ ਹੈ। ਅਗਨੀ ਨੂੰ ਸਭ ਤੋਂ ਪਵਿੱਤਰ ਅਤੇ ਸ਼ੁਧ ਤੱਤ ਮੰਨਿਆ ਜਾਂਦਾ ਹੈ। ਰੌਸ਼ਨ ਅਗਨੀ ਇਸ ਅਮੇਸ਼ਸਪੈਂਟ ਨਾਲ ਸੰਬੰਧਿਤ ਕੀਤੀ ਜਾਂਦੀ ਹੈ।

(3) ਵੋਹੂਮਾਨੋ (Vohumanah)

ਵੋਹੂਮਾਨੋ ਦਾ ਅਰਥ ਸਰੇਸ਼ਠ ਮਨ ਅਥਵਾ ਮਨਸਾ ਹੈ। ਸ਼ੁਧ ਮਨਸਾ ਰਾਹੀ ਦੇਵੀ ਮਨ ਨਾਲ ਮਿਲਾਪ ਹੋ ਸਕਦਾ ਹੈ। ਵੋਹੂਮਾਨੋ ਭਗਤੀ ਮਾਰਗ ਦਾ ਪ੍ਰਤੀਕ ਹੈ। ਅਹੁਰਮਜ਼ਦ ਦੀ ਪ੍ਰਾਪਤੀ ਸ਼ਰਧਾ-ਭਗਤੀ ਦੁਆਰਾ ਹੀ ਸੰਭਵ ਹੈ। ਇਹ ਵੋਹੂਮਾਨੋ ਹੀ ਸੀ ਜਿਸਨੇ ਜ਼ਰਤੁਸ਼ਤ ਨੂੰ ਸਦੀਵੀ ਗਿਆਨ ਦਾ ਚਾਨਣ ਕਰਵਾਇਆ ਅਤੇ ਅਹੁਰਮਜ਼ਦ ਦੇ ਪ੍ਰਕਾਸ਼ ਨੂੰ ਉਸ ਤਕ ਪਹੁੰਚਾਣ ਲਈ ਵਿਚੋਲੇ ਦਾ ਕੰਮ ਨਿਭਾਇਆ ਸੀ। ਇਹ 'ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ' ਵਰਗੀ ਸਾਧਨਾ ਹੈ ਜਦ ਇਕ ਮਨ ਪਦਾਰਥਕ ਬਿਰਤੀ ਤਿਆਗ ਕੇ ਉਨਮਨ ਬਣ ਜਾਂਦਾ ਹੈ ਤਾਂ ਤ੍ਰੈਲੋਕੀ ਦੀ ਸੋਝੀ ਹੋ ਜਾਂਦੀ ਹੈ। ਪਰਮਾਤਮਾ ਦੀ ਇੱਛਾ ਦਾ ਗਿਆਨ 'ਵੋਹੂਮਾਨੋ' ਨਾਲ ਹੁੰਦਾ ਹੈ ਤੇ ਇਸਦਾ ਵਿਰੋਧੀ ਪੱਖ 'ਅਕੋਮਾਨਹ' ਹੈ।[15]

(4) ਕਸ਼ਥ੍-ਵੈਰਯਾ (Khshathra-Vairya)

ਕਸ਼ਥ੍-ਵੈਰਜਾ ਕਰਮ-ਮਾਰਗ ਹੈ। ਇਹ ਪਰਮਾਤਮਾ ਦੀ ਰਚਨਾ ਅਥਵਾ ਸਿਰਸ਼ਟੀ-ਸ਼ਿਕਤੀ (The good Dominion of Choice) ਹੈ। ਪਰਮਾਤਮਾ ਦੀ ਪ੍ਰਾਪਤੀ ਨਿਸ਼ਕਾਮ ਕਰਮ ਨਾਲ ਹੁੰਦੀ ਹੈ। ਇਵੇਂ ਕਸ਼ਥ੍-ਵੈਰਜਾ ਨਿਸ਼ਕਾਮ ਕਰਮ ਦਾ ਤੱਤ-ਗਿਆਨ ਹੈ।[16] ਕੁਝ ਵਿਦਵਾਨ ਇਸ ਨੂੰ ਪਰਮਾਤਮਾ ਦੀ ਇੱਛਾ ਅਨੁਸਾਰ ਸਵਰਗ ਦੀ ਬਾਦਸ਼ਾਹਤ ਦਾ ਅਮੇਸ਼-ਸਪੈਂਟ (Immortal Holy Ones) ਕਹਿੰਦੇ ਹਨ। ਇਹ ਬ੍ਰਹਿਮੰਡ ਪਰਮਾਤਮਾ ਦੀ ਬਾਦਸ਼ਾਹਤ ਜਾਂ ਸਤਾ ਦੇ ਵਿਖਾਵੇ ਲਈ ਹੈ। ਪਰਮਾਤਮਾ ਦੀ ਇੱਛਾ ਇਸ ਸੰਸਾਰ ਤੇ ਰਾਜ ਕਰਦੀ ਹੈ। ਇਸ ਲਈ ਜਦੋਂ ਸਹੀ ਮਾਰਗ ਤੇ ਚਲ ਕੇ ਭਗਤ ਦੀ ਇੱਛਾ ਪਰਮਾਤਮਾ ਦੇ ਅਧੀਨ ਹੋ ਜਾਂਦੀ ਹੈ ਤਾਂ ਇਹ ਪਰਮਾਤਮਾ ਦੀ ਇੱਛਾ ਵਾਂਗ ਹੀ ਸ਼ਕਤੀਸ਼ਾਲੀ ਹੋ ਜਾਂਦੀ ਹੈ।[17] ਇਵੇਂ ਮਨ ਅਤੇ ਇੱਛਾ ਤੇ ਕਾਬੂ ਪਾ ਲੈਣਾ ਬ੍ਰਹਿਮੰਡ ਨੂੰ ਜਿੱਤ ਲੈਣ ਦੇ ਤੁਲ ਹੈ।

(5) ਸਪੈਂਤਾ ਅਰਮੈਤੀ (Spenta Aramaiti)

ਇਹ ਮਾਤ ਪੱਖ ਦਾ ਸੱਭ ਤੋਂ ਪਹਿਲਾ ਤੱਤ ਹੈ। ਸਪੈਂਤਾ ਅਰਮੈਤੀ ਦਾ ਅਰਥ ਹੈ ਵਿਸ਼ਵਾਸ। ਕੁਝ ਵਿਦਵਾਨਾਂ ਨੇ ਇਸ ਸੰਕਲਪ ਨੂੰ ਵਿਸ਼ਵਾਸ ਜਾਂ ਸ਼ਰਧਾ ਕਿਹਾ ਹੈ ਅਤੇ ਕੁਝ ਨੇ

ਠੀਕ ਸੋਚ। ਕੁਝ ਦਇਆ ਭਾਵਨਾ ਅਤੇ ਕੁਝ ਭਗਤੀ ਦੇ ਅਰਥ ਵੀ ਕਰਦੇ ਹਨ। ਕੁਝ ਵੀ ਹੋਵੇ ਮਾਨਵ ਨੂੰ ਸਤਿ ਮਾਰਗ ਵਲ ਲਿਜਾਣ ਦਾ ਇਹ ਮਾਰਗ ਹੈ।[18] ਇਸੇ ਕਰਕੇ ਕਹਿੰਦੇ ਹਨ ਕਿ ਸ਼ਰਧਾ ਅਤੇ ਵਿਸ਼ਵਾਸ ਤੋਂ ਵਿਹੀਨ ਹੋ ਕੇ ਧਰਮ ਦਾ ਪ੍ਰਯੋਜਨ ਹੀ ਵਿਅਰਥ ਹੋ ਨਿਬੜਦਾ ਹੈ।

(6) ਹੌਰਵਤਤ (Hourvatat)

ਇਸ ਦਾ ਅਰਥ ਪੂਰਨਤਾ ਹੈ। ਪਰਮਾਤਮਾ ਪੂਰਨ ਹੈ ਅਤੇ ਪੂਰਨਤਾ ਉਸ ਦਾ ਇਕ ਗੁਣ ਹੈ। ਪੂਰਨਤਾ ਸ਼ੁਧ ਵਿਵੇਕ ਦੁਆਰਾ ਪ੍ਰਾਪਤ ਹੁੰਦੀ ਹੈ। ਸ਼ੁਧ ਮਨਸਾ ਦਾ ਵਿਵੇਕ ਅਤੇ ਆਤਮਾ ਨਾਲ ਅਤਿ ਡੂੰਘਾ ਸੰਬੰਧ ਹੈ। ਇਹਨਾਂ ਦੁਆਰਾ ਹੀ ਪੂਰਨਤਾ ਦੀ ਪ੍ਰਾਪਤੀ ਹੋ ਸਕਦੀ ਹੈ। ਪੂਰੇ ਵਿਚ ਅਭੇਦ ਹੋ ਕੇ ਪੂਰਨਤਾ ਪ੍ਰਾਪਤ ਕਰਨਾ ਹੀ ਮਾਨਵ ਜੀਵਨ ਦਾ ਉਦੇਸ਼ ਹੈ।[19] ਇਹ ਸੂਫ਼ੀਆਂ ਦੇ ਸਿਧਾਂਤ 'ਫ਼ਿਨਾਹ-ਫ਼ਿਲਾਹ' ਵਾਂਗ ਹੈ। ਸ਼ੁਭ ਕਰਮਾਂ ਰਾਹੀਂ ਪੂਰਨਤਾ ਪ੍ਰਾਪਤ ਹੁੰਦੀ ਹੈ। ਜ਼ਰਤੁਸਤੀ ਮਨੌਤ ਅਨੁਸਾਰ ਮੌਤ ਤੋਂ ਤਿੰਨ ਦਿਨ ਤਕ ਆਤਮਾਂ ਆਪਣੇ ਘਰ ਦੁਆਲੇ ਚੱਕਰ ਲਾਉਂਦੀ ਰਹਿੰਦੀ ਹੈ ਅਤੇ ਫਿਰ ਦੈਵੀ-ਨਿਰਣੇ (Judgment) ਪਿੱਛੋਂ ਪੂਰਨ ਆਤਮਾ ਚਉਥੇ ਦਿਨ ਅਦਿੱਖ ਸੰਸਾਰ ਨਾਲ ਜੁੜਨ ਵਾਲੇ ਪੁਲ ਤੇ ਪਹੁੰਚਦੀ ਹੈ। ਇਸ ਪੁਲ ਨੂੰ ਚਿਨਵਤ ਪੁਲ (Chinvet Bridge)[20] ਕਿਹਾ ਜਾਂਦਾ ਹੈ। ਪਾਪੀ ਆਤਮਾਵਾਂ ਇਸ ਪੁਲ ਦੇ ਉਸਤਰੇ ਵਰਗੀ ਧਾਰ ਨਾਲ ਕੱਟੀਆਂ ਜਾਂਦੀਆਂ ਹਨ ਤੇ ਹੇਠਾਂ ਨਰਕ ਵਿਚ ਡਿੱਗ ਪੈਂਦੀਆਂ ਹਨ। ਪੁੰਨ ਤੇ ਪੂਰਨ ਆਤਮਾ ਸਵਰਗ ਵਿਚ ਜਾਂਦੀ ਹੈ, ਜਿਥੇ ਹੋਰ ਰੂਹਾਂ ਉਸਨੂੰ ਉਡੀਕ ਰਹੀਆਂ ਹੁੰਦੀਆਂ ਹਨ। ਇਸ ਸਵਰਗ ਨੂੰ ਗੀਤਾਂ ਦਾ ਘਰ (The House of Songs), ਸਦੀਵੀ ਰੌਸ਼ਨੀ ਦਾ ਘਰ ਅਤੇ ਵੋਹੂਮਾਨੋ ਦਾ ਪਿਆਰਾ ਨਿਵਾਸ ਕਹਿੰਦੇ ਹਨ।

(7) ਅਮੇਰਤੱਤ (Ameretat)

ਅਮੇਰਤੱਤ ਤੋਂ ਭਾਵ ਅੰਮ੍ਰਿਤ-ਤਵ ਭਾਵ ਅਮਰ ਹੋ ਜਾਣਾ।[21] ਮੌਤ ਤੋਂ ਪਾਰ ਹੋ ਜਾਣਾ ਜਾਂ ਜਨਮ ਮਰਨ ਦੇ ਚੱਕਰ ਵਿੱਚੋਂ ਨਿਕਲ ਜਾਣਾ। ਕਈ ਵਾਰ ਹੌਰਵਤਤ ਤੇ ਅਮੇਰਤੱਤਾ ਦੇ ਪਦਾਂ ਨੂੰ ਇੱਕਠਿਆਂ ਹੀ ਵਰਤ ਲਿਆ ਜਾਂਦਾ ਹੈ ਕਿਉਂਕਿ ਜੋ ਪੂਰਨਤਾ ਨੂੰ ਪ੍ਰਾਪਤ ਕਰਦਾ ਹੈ, ਉਹੀ ਅਮਰ ਹੁੰਦਾ ਹੈ। ਗਾਥਾ ਵਿਚ ਇਹਨਾਂ ਦੋਹਾਂ ਨੂੰ ਪਰਮਾਤਮਾ ਦੀ ਬਖਸ਼ਿਸ ਪ੍ਰਵਾਨਿਆ ਗਿਆ ਹੈ। ਜਿਵੇਂ -

(ੳ) Zarathushtra's massage leads to wholeness and Immortality. (Song 4.6)

(ਅ) He who is a friend of God wise is grented wholeness and immortality (Song 4.21)

(ੲ) Haurvatat and Ameretat are granted by God. (Song 6.8)

(ਸ) Those who hear the divine message shall have wholeness and immortality. (Song 10.5)

ਸ੍ਰਓਸ਼ (Sraosha)

ਉਪਰੋਕਤ 6 ਤੱਤ ਆਪਣੇ ਅਧਿਆਤਮਿਕ ਵਿਕਾਸ ਰਾਹੀਂ ਸਤਵੇਂ ਤੱਤ ਅਹੁਰਮਜ਼ਦ ਵਿਚ

ਅਭੇਦ ਹੁੰਦੇ ਹਨ। ਇਥੇ ਜ਼ਰਤੁਸਤ ਨੇ ਇਕ ਹੋਰ ਸੂਖਮ ਅਧਿਆਤਮਿਕ ਸ਼ਕਤੀ ਦਾ ਜ਼ਿਕਰ ਕੀਤਾ ਹੈ ਜਿਸ ਨੂੰ ਸ੍ਰਓਸ਼ ਜਾਂ ਸਰੋਸ਼ ਕਿਹਾ ਹੈ। ਸਿੱਖ ਧਰਮ ਵਿਚ ਇਸ ਨੂੰ 'ਸ਼ਬਦ-ਗੁਰੂ' ਕਿਹਾ ਗਿਆ ਹੈ। ਇਹ 'ਸ੍ਰ' ਧਾਤੂ ਤੋਂ ਨਿਕਲਿਆ ਹੋਣ ਕਰਕੇ ਇਸਦੀ ਇਕ ਪਾਸੇ ਸੰਸਕ੍ਰਿਤ ਦੇ ਸ਼ਬਦ 'ਸ਼ਰੁਤੀ' ਨਾਲ ਸਮਾਨਤਾ ਵੇਖੀ ਜਾਂਦੀ ਹੈ, ਦੂਜੇ ਪਾਸੇ ਇਹ ਸ਼ਬਦ (Word) ਜਾਂ ਲੋਗੋਸ (Logos) ਦਾ ਸਮਾਨ-ਅਰਥੀ ਹੈ।[22]

ਇਵੇਂ ਸਰੋਸ਼ ਦਾ ਅਰਥ 'ਸੁਣਨਾ' ਹੈ। ਇਹ ਅੰਤਰਧੁਨੀ ਜਾਂ ਅਧਿਆਤਮਿਕ ਸ਼ਕਤੀ ਹੈ। ਇਸ ਦੀ ਪ੍ਰਾਪਤੀ ਪੂਰਨਤਾ ਪ੍ਰਾਪਤ ਕਰਨ ਵਾਲੇ ਜਗਿਆਸੂ ਨੂੰ ਹੁੰਦੀ ਹੈ। ਸੰਦੇਸ਼ਵਾਹਕ ਸਰੋਸ਼ਾ ਦਾ ਸਾਕਾਰ ਰੂਪ ਹੈ। ਜ਼ਰਤੁਸਤ ਲਈ ਸੰਦੇਸ਼ਵਾਹਕ ਵੋਹੂਮਾਨੋ ਸੀ ਪਰ ਪਾਰਸੀਆਂ ਲਈ ਜ਼ਰਤੁਸਤ ਸੀ ਕਿਉਂਕਿ ਇਹ ਅਹੁਰਮਜ਼ਦ ਤੇ ਉਸਦੇ ਪੈਰੋਕਾਰਾਂ ਵਿਚ ਕਰਮ ਕਰਦਾ ਸੀ। ਸਰੋਸ਼ਾ ਨਿਰਣੈ-ਪੁਲ (Chinvat Peretu) ਪਾਰ ਕਰਨ ਵਿਚ ਸਹਾਇਕ ਹੁੰਦਾ ਹੈ ਜੋ ਉੱਚ ਅਤੇ ਨਿਮਨ ਮਨਸਾ ਦੇ ਵਿਚਕਾਰ ਹੈ। ਇਹ ਸਰੋਸ਼ ਹੀ ਸਵਰਗੀ ਸ਼ਾਤੀ (Better Existence) ਦਵਾਉਣ ਲਈ ਸਹਾਇਕ ਸਿੱਧ ਹੁੰਦਾ ਹੈ। ਯਾਸ਼ਨਾ ਵਿਚ ਆਉਂਦਾ ਹੈ ਕਿ ਸਰੋਸ਼ ਸ੍ਰਿਸ਼ਟੀ ਦੇ ਆਦਿ ਸੀ ਅਤੇ ਇਹੋ ਮਹਾਨ ਦੇਵੀ ਸੁਘੜ ਸ਼ਬਦ ਹੈ ਜਿਸ ਤੋਂ ਸ਼੍ਰਿਸ਼ਟੀ ਦੀ ਰਚਨਾ ਹੋਈ ਹੈ। ਸਰੋਸ਼ ਜੋ ਧਰਤੀ, ਅੱਗਨੀ, ਬਨਸਪਤੀ ਅਤੇ ਇਨਸਾਨ ਤੋਂ ਪਹਿਲਾਂ ਇਲਾਹੀ ਹੁਕਮ ਦਾ ਪ੍ਰਤੱਖ ਰੂਪ ਸੀ। ਇਕ ਪਾਸੇ ਇਹ ਰਚਨਾ ਕਰਦਾ ਹੈ ਤੇ ਦੂਜੇ ਪਾਸੇ ਭਾਣੇ ਦਾ ਪਵਿੱਤਰ ਸਬਕ ਸਿਖਾਉਂਦਾ ਹੈ।[23] ਪੈਗੰਬਰ ਜ਼ਰਤੁਸਤ ਆਪਣੀ ਇਕ ਪ੍ਰਾਰਥਨਾ ਵਿਚ ਕਹਿੰਦੇ ਹਨ -

"ਹੇ ਮਜ਼ਦਾ ਜਿਨ੍ਹਾਂ ਨੂੰ ਤੂੰ ਪਿਆਰ ਕਰਦਾ ਹੈ, ਸਰੋਸ਼ ਉਨ੍ਹਾਂ ਕੋਲ ਜਾਏ।"[24]

ਮੌਤ ਤੋਂ ਬਾਅਦ ਜ਼ਰਤੁਸਤਰੀ ਮੱਤ ਦੇ ਅਨੁਆਈ ਸਰੋਸ਼ ਸੰਬੰਧੀ ਕੁਝ ਕਿਰਿਆ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਇਹ ਮਨੌਤ ਹੈ ਕਿ ਇਸ ਦੀ ਹੋਂਦ ਭੌਤਿਕ ਅਤੇ ਮਾਨਸਿਕ ਦੋਹਾਂ ਹੀ ਸਥਾਨਾਂ ਵਿਚ ਵਿਦਮਾਨ ਹੈ।[25] ਜ਼ਰਤੁਸਤਰੀ ਮੱਤ ਅਨੁਸਾਰ ਸਦਗੁਣੀ ਜੀਵਨ ਮਾਰਗ ਉੱਪਰ ਚਲਦਾ ਹੋਇਆ ਵਿਅਕਤੀ ਹੌਰਵਤਤ ਅਤੇ ਅਮੇਰਤੱਤ ਨੂੰ ਪ੍ਰਾਪਤ ਕਰਕੇ ਗਰੋਦਮਾਨ ਅਥਵਾ ਸਵਰਗ ਵਿਚ ਜਾਂਦਾ ਹੈ ਜਿਸ ਨੂੰ 'ਵੰਧੁਸਾਵੇਯਨਾ ਮਾਨਵੇ' ਵੀ ਕਹਿੰਦੇ ਹਨ। ਇਸ ਦਾ ਅਰਥ ਹੈ ਉੱਚਤਰ ਉੱਤਮ ਅਤੇ ਮਨਸਾ ਦੇ ਸਥਾਨ (The House A Good Mind, House of Song Where God dwells) ਤੇ ਜਾਣਾ। ਇਹੀ ਮਾਨਵ ਦਾ ਪਰਮ ਉਦੇਸ਼ ਹੈ।

ਧਾਰਮਿਕ ਵਿਚਾਰਧਾਰਾ ਤੇ ਕਰਮਾਚਾਰ

ਦੁਨੀਆਂ ਦਾ ਹਰ ਮਜ਼ਹਬ ਮੁੱਢਲੇ ਰੂਪ ਵਿਚ ਰੂਹਾਨੀਅਤ ਦੇ ਉਚੇਰੇ ਅਨੁਭਵ ਵਿਚੋਂ ਉਜਾਗਰ ਹੋਇਆ ਹੈ ਪਰ ਸਮਾਂ ਪੈਣ ਪਿੱਛੋਂ ਇਸ ਦੀ ਅਧਿਆਤਮਿਕ ਵਿਚਾਰਧਾਰਾ ਉੱਪਰ ਬਾਹਰਮੁਖੀ ਵਿਸ਼ਵਾਸ, ਰਸਮਾਂ ਤੇ ਕਰਮਾਚਾਰ ਤੇ ਵਰਤਾਰੇ ਭਾਰੂ ਹੋ ਜਾਂਦੇ ਹਨ। ਇਹੀ ਕਾਰਨ ਹੈ ਕਿ ਧਰਮ ਦਾ ਮੁਹਾਂਦਰਾ ਰੂਹਾਨੀ ਸਰੋਕਾਰਾਂ ਨਾਲੋਂ ਸਮਾਜਿਕ ਵਰਤਾਰਾ ਵਧੇਰੇ ਲੱਗਦਾ ਹੈ। ਧਰਮ ਦੀ ਅੰਤਰਮੁਖਤਾ ਇਲਹਾਮ ਦੀ ਰੂਹਾਨੀਅਤ ਨਾਲ ਸ਼ਰਸ਼ਾਰ ਹੋਣ ਕਰਕੇ ਬੌਧਿਕ ਸੀਮਾਵਾਂ ਤੋਂ ਪਰੇ-ਪਰੇਰੇ ਹੁੰਦੀ ਹੈ। ਆਮ ਲੋਕਾਂ ਦੀ ਸਮਝ ਵਿਚ ਧਰਮ ਦਾ ਕਰਮਾਚਾਰ ਵਰਤਾਰਾ ਹੀ ਪੈਂਦਾ ਅਤੇ ਇਸ ਪਿੱਛੇ ਲੁਕੀ ਰੂਹਾਨੀਅਤ ਤੋਂ ਉਹ ਵਿਰਵੇ ਰਹਿ ਜਾਂਦੇ ਹਨ। ਸਿੱਖ ਮੁਹਾਵਰੇ ਵਿਚ ਇਸ ਅੰਤਰ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਅਧਿਆਤਮਿਕਤਾ ਕਿਹਾ ਜਾਂਦਾ ਹੈ, ਬਾਣਾ (Form) ਹੈ।

ਜ਼ਰਤੁਸਤ ਮੱਤ ਦੀ ਅਧਿਆਤਮਿਕ ਵਿਚਾਰਧਾਰਾ ਜਿਸ ਨੂੰ ਸਿਧਾਂਤਕ ਪੱਖ ਵੀ ਕਿਹਾ ਗਿਆ, ਅਸੀਂ ਉੱਪਰ ਵਿਚਾਰ ਚੁੱਕੇ ਹਾਂ। ਇੱਥੇ ਇਸ ਮੱਤ ਦੇ ਧਾਰਮਿਕ ਪੱਖ ਨੂੰ ਬਿਆਨ ਕੀਤਾ ਜਾ ਰਿਹਾ ਹੈ। ਧਾਰਮਿਕ ਤੌਰ ਤੇ ਜ਼ਰਤੁਸਤਰੀ ਮੱਤ ਨੇਕੀ ਅਤੇ ਬਦੀ ਦੀ ਧਾਰਨਾ ਉੱਪਰ ਵਿਕਾਸ ਕਰਦਾ ਹੈ। ਪੈਗੰਬਰ ਜ਼ਰਤੁਸਤ ਸਮਝਦੇ ਸਨ ਕਿ ਇਸ ਸੰਸਾਰ ਉੱਪਰ ਪ੍ਰਭੁਤਾ ਲਈ ਪਾਪ ਤੇ ਪੁੰਨ ਦੀਆਂ ਸ਼ਕਤੀਆਂ ਵਿਚ ਨਿਰੰਤਰ ਸੰਘਰਸ਼ ਹੁੰਦਾ ਰਹਿੰਦਾ ਹੈ। ਅਹੁਰਮਜ਼ਦ ਸਿਆਣਪ ਦੀ ਆਤਮਾ, ਪ੍ਰਕਾਸ਼ ਦਾ ਦੇਵਤਾ, ਸ਼ੁਧ ਵਿਚਾਰ, ਸ਼ੁਧ ਕਰਮ, ਸ਼ੁਧ ਧਰਮ, ਦਇਆਵਾਨ ਸ਼ਾਸ਼ਨ ਅਤੇ ਅਮਰਪਦ ਦਾ ਪ੍ਰਤਿਨਿਧ ਹੈ। ਇਸ ਸਤਿ-ਮਾਰਗ ਦੇ ਮਾਨਵੀ ਵਰਤਾਰੇ ਨੂੰ ਸਪੈਂਤਾ-ਮੈਨੀਉ (Spenta-Mainyu) ਕਿਹਾ ਗਿਆ ਹੈ। ਇਸ ਦੇ ਉਲਟ ਅਨ੍ਰਿਤ ਦਾ ਦੈਂਤ, ਪਾਪ, ਮਲ ਤੇ ਤਮਸ ਦੀ ਆਤਮਾ ਜਿਸ ਨੂੰ ਐਂਗਰਾ-ਮੈਨੀਉ (Angra-Mainyu)[26] ਕਿਹਾ ਜਾਂਦਾ ਹੈ।

ਉਪਰੋਕਤ ਇਹਨਾਂ ਦੋਹਾਂ ਵਰਤਾਰਿਆਂ ਨੂੰ ਨੇਕ ਅਤੇ ਬਦ ਰੂਹ ਵੀ ਕਹਿ ਸਕਦੇ ਹਾਂ। ਇਸ ਸੰਘਰਸ਼ ਦਾ ਸੰਬੰਧ ਕੇਵਲ ਮਨੁੱਖ ਦੇ ਜੀਵਨ ਨਾਲ ਹੀ ਨਹੀਂ। ਸਗੋਂ ਹਰ ਇਕ ਵਸਤ ਨਾਲ ਹੈ। ਢਾਹੂ ਸ਼ਕਤੀਆਂ ਉਸਾਰੂ ਸ਼ਕਤੀਆਂ ਦਾ ਸਦਾ ਵਿਰੋਧ ਕਰਦੀਆਂ ਹਨ। ਝੱਖੜ ਤੇ ਹੜ੍ਹ ਫ਼ਸਲਾਂ ਤਬਾਹ ਕਰ ਦੇਂਦੇ ਹਨ, ਘਾਹ ਤੇ ਨਦੀਨ ਅੰਨ ਨੂੰ ਮਾਰ ਦਿੰਦੇ ਹਨ, ਜ਼ਹਿਰੀ ਸੱਪ ਵਡਮੁੱਲੇ ਬਲਦਾਂ ਨੂੰ ਡੱਸ ਜਾਂਦੇ ਹਨ। ਮਨੁੱਖ ਨੇ ਇਹਨਾਂ ਦੋਹਾਂ ਸ਼ਕਤੀਆਂ ਵਿੱਚੋਂ ਇਕ ਨੂੰ ਚੁਣਨਾ ਹੈ। ਜੇ ਉਹ ਅਹੁਰਮਜ਼ਦ ਦਾ ਪੱਖ ਚੁਣਦਾ ਹੈ ਤਾਂ ਉਸ ਨੂੰ ਮਜ਼ਦਾ ਦੇ ਧਰਮ ਦੇ ਵਰਤਾਰੇ ਲਈ ਸੰਘਰਸ਼ ਕਰਨਾ ਪਵੇਗਾ। ਪ੍ਰਮਾਣ ਰੂਪ ਨਿਆਇ ਦਾ ਹੈ, ਦਇਆ ਦਾ ਨਹੀਂ। ਸ਼ਤਰੂ (ਬਦੀ) ਤਾਕਤਾਂ ਉੱਪਰ ਦਇਆ ਕਰਨੀ ਯੋਗ ਨਹੀਂ, ਪਰ ਨੇਕੀ ਲਈ ਵੱਡੀ ਕੁਰਬਾਨੀ ਕਰਨੀ ਵੀ ਯੋਗ ਹੈ।[27] ਨੇਕੀ ਦੇ ਇਸ ਵਰਤਾਰੇ ਲਈ ਜਿਹੜਾ ਧਾਰਮਿਕ ਜੀਵਨ ਜ਼ਰਤੁਸਤੀ ਮੱਤ ਨੇ ਧਾਰਨ ਕੀਤਾ, ਮਗਰੋਂ ਜਾਕੇ ਉਸ ਵਿਚ ਕਈ ਤਰ੍ਹਾਂ ਦੇ ਕਰਮਾਚਾਰ ਆ ਗਏ ਜੋ ਧਾਰਮਿਕ ਰੀਤਾਂ ਬਣ ਕੇ ਰਹਿ ਗਏ। ਇਹ ਕਰਮਾਚਾਰ ਇਸ ਪ੍ਰਕਾਰ ਹਨ -

ਜ਼ਰਤੁਸਤਰੀ ਮੱਤ ਵਿਚ ਅੱਗਨੀ ਨੂੰ ਅਹੁਰਮਜ਼ਦ ਦਾ ਪ੍ਰਤੀਕ ਮੰਨਿਆ ਗਿਆ ਹੈ। ਕੁਝ ਲੋਕ ਇਵੇਂ ਸਮਝਦੇ ਹਨ ਕਿ ਪਾਰਸੀ ਅੱਗਨੀ ਦੇ ਪੁਜਾਰੀ ਹਨ ਜੋ ਇਕ ਗਲਤ ਧਾਰਨਾ ਹੈ। ਜ਼ਰਤੁਸਤੀਆਂ ਦੇ ਧਰਮ ਅਸਥਾਨ ਨੂੰ 'ਦਾਰਿ-ਮਿਹਰ' ਭਾਵ ਬਖਸ਼ਿਸ਼ ਦਾ ਦਰ (ਦਰਵਾਜ਼ਾ) ਕਿਹਾ ਜਾਂਦਾ ਹੈ। ਭਾਰਤ ਦੇ ਪਾਰਸੀ ਇਸ ਨੂੰ ਅਗਿਆਰੀ (Agiaris) ਕਹਿੰਦੇ ਹਨ। ਇਸ ਵਿਚ ਕੋਈ ਮੂਰਤੀ ਨਹੀਂ ਹੁੰਦੀ ਕਿਉਂਕਿ ਜ਼ਰਤੁਸਤੀ ਮੱਤ ਮੂਰਤੀ ਜਾਂ ਬੁੱਤ ਪੂਜਾ ਦੇ ਵਿਰੁੱਧ ਹੈ। ਦਾਰਿ-ਮਿਹਰ ਵਿਚ ਜੋ ਅੱਗਨੀ ਬਲਦੀ ਹੈ ਉਹ ਸ਼ੁਧਤਾ ਦਾ ਪ੍ਰਤੀਕ ਹੈ। ਇਹ ਧਰਮ ਸਥਾਨ ਦੋ ਭਾਗਾਂ ਵਿਚ ਵੰਡੇ ਹੁੰਦੇ ਹਨ, ਇਕ ਵਿਚ ਅੱਗ ਬਲਦੀ ਹੈ ਅਤੇ ਦੂਜੇ ਵਿਚ ਧਾਰਮਿਕ ਰਸਮਾਂ ਕੀਤੀਆਂ ਜਾਂਦੀਆਂ ਹਨ।

ਧਾਰਮਿਕ ਰਸਮਾਂ ਨੂੰ ਨਿਭਾਉਣ ਵਾਲੇ ਅਤੇ ਧਰਮ ਦਾ ਪਰਚਾਰ ਕਰਨ ਵਾਲੇ ਪਰੋਹਿਤ ਮੈਜਾਈ (The Magi) ਅਖਵਾਉਂਦੇ ਹਨ। ਕਹਿੰਦੇ ਹਨ ਜਦ ਪੈਗੰਬਰ ਜ਼ਰਤੁਸਤ ਨੇ ਆਪਣੇ ਮੱਤ ਦਾ ਪਰਚਾਰ ਕਰਨਾ ਸ਼ੁਰੂ ਕੀਤਾ ਤਾਂ ਪਰੰਪਰਾਗਤ ਮੈਜਾਈਆਂ ਦੀ ਪਰੋਹਿਤ ਸ਼੍ਰੇਣੀ ਨੇ ਇਸ ਦਾ ਵਿਰੋਧ ਕੀਤਾ। ਪਰ ਛੇਤੀ ਹੀ ਉਹ ਇਸ ਨਵੇਂ ਧਰਮ ਦੇ ਕਾਇਲ ਹੋ ਗਏ ਅਤੇ ਇਸ ਧਰਮ ਨੂੰ ਫੈਲਾਉਣ ਲਈ ਸਹਾਇਤਾ ਕਰਨ ਲੱਗੇ। ਕੁਝ ਵਿਦਵਾਨ ਇਹ ਮੰਨਦੇ ਹਨ ਕਿ ਮੈਜਾਈ

ਜ਼ਰਤੁਸਤ ਦੇ ਮੁੱਢਲੇ ਪੈਰੋਕਾਰ ਸਨ। ਕੁਝ ਵੀ ਹੋਵੇ ਇਹ ਗੱਲ ਸਪਸ਼ਟ ਹੈ ਕਿ ਜ਼ਰਤੁਸਤ ਨੇ ਪੂਰਬੀ ਈਰਾਨ ਤਕ ਹੀ ਆਪਣੇ ਧਰਮ ਦਾ ਪਰਚਾਰ ਕੀਤਾ ਤੇ ਪੱਛਮੀ ਹਿੱਸੇ ਵਿਚ ਇਸ ਨੂੰ ਫੈਲਾਉਣ ਵਾਲੇ ਇਹ ਮੇਜਾਈ ਲੋਕ ਹੀ ਹਨ।[28]

ਕਰਮਾਚਾਰ ਦੇ ਪੱਖੋਂ ਮੈਜਾਈਆਂ ਨੇ ਜ਼ਰਤੁਸਤੀ ਮੱਤ ਵਿਚ ਤਿੰਨ ਨਵੇਂ ਤੱਤ ਪ੍ਰਵੇਸ਼ ਕੀਤੇ ਜੋ ਹਨ - ਮੁਰਦੇ ਨੂੰ ਗਿੱਧਾਂ ਅਤੇ ਕਾਵਾਂ ਦੇ ਖਾਣ ਲਈ ਨੰਗਾ ਰੱਖਣਾ, ਵਰਜਿਤ ਵਿਆਹਾ ਦੀ ਪ੍ਰਥਾਂ ਅਤੇ ਜਾਨਵਰਾਂ ਸੰਬੰਧੀ ਦਵੈਤਵਾਦੀ ਦ੍ਰਿਸ਼ਟੀਕੋਣ ਅਪਨਾਉਣਾ। ਇਸ ਅੰਤਿਮ ਵਿਸ਼ਵਾਸ ਕਰਕੇ ਉਹ ਪਸ਼ੂਆਂ ਨੂੰ ਚੰਗੀਆਂ ਅਤੇ ਬੁਰੀਆਂ ਸ਼੍ਰੇਣੀਆਂ ਵਿਚ ਵੰਡਦੇ ਹਨ। ਭਾਰਤੀ 'ਪਾਰਸੀਆਂ' ਅਤੇ ਈਰਾਨੀ 'ਗਾਬਰਾ' ਵਿਚ ਧਾਰਮਿਕ ਕਰਮਾਚਾਰ ਦੀਆਂ ਕੁਝ ਵੱਖ ਵੱਖ ਪਰਪਾਟੀਆਂ ਵੀ ਚੱਲ ਪਈਆਂ ਹਨ ਜਿਨ੍ਹਾਂ ਦਾ ਵਿਸਥਾਰ ਦੇਣ ਦੀ ਇਥੇ ਗੁੰਜਾਇਸ਼ ਨਹੀਂ ਹੈ।

ਅਜੋਕੇ ਪ੍ਰਸੰਗ ਵਿਚ ਜ਼ਰਤੁਸਤਰੀ ਮੱਤ ਦਾ ਮਹੱਤਵ

ਜ਼ਰਤੁਸਤਰੀ ਮੱਤ ਭਾਵੇਂ ਸੰਸਾਰ ਦਾ ਬਹੁਤ ਹੀ ਪ੍ਰਾਚੀਨ ਧਰਮ ਹੈ ਪਰ ਅਜੋਕੇ ਪ੍ਰਸੰਗ ਵਿਚ ਇਹ ਆਪਣੀ ਮਹੱਤਤਾ ਹੋਰਨਾਂ ਧਰਮਾਂ ਦੀ ਨਿਸਬਤ ਵਧੇਰੇ ਰੱਖਦਾ ਹੈ। ਇਸ ਵਿਚ ਸਿੱਖ ਧਰਮ ਵਰਗੀ ਤਾਜ਼ਗੀ ਇਸ ਦੇ ਤਿੰਨ ਸਿਧਾਂਤਾਂ ਚੰਗਾ ਪ੍ਰਭਾਵ (good reflection), ਚੰਗੇ ਬੋਲ (good words) ਤੇ ਚੰਗੇ ਵਿਵਹਾਰ (good deed) ਕਰਕੇ ਹੈ। ਇਸ ਦੇ ਕੁਝ ਮਹੱਤਵਪੂਰਨ ਪੱਖ ਇਸ ਪ੍ਰਕਾਰ ਹਨ -

(1) ਇਹ ਪਹਿਲਾ ਧਰਮ ਹੈ ਜੋ ਔਰਤ ਮਰਦ ਦੀ ਬਰਾਬਰੀ ਦੀ ਗੱਲ ਕਰਦਾ ਹੈ ਅਤੇ ਇਸ ਦਾ ਸਪਸ਼ਟ ਬਿਆਨ ਗਾਥਾ ਵਿਚ ਦਰਜ ਹੈ।

(2) ਵਾਤਾਵਰਨ ਦੀ ਸੰਭਾਲ ਲਈ ਇਹ ਪਾਣੀ, ਭੂਮੀ, ਹਵਾ ਅਤੇ ਅਗਨੀ ਦੀ ਸਵੱਛਤਾ ਨੂੰ ਜ਼ਰੂਰੀ ਸਮਝਦਾ ਹੈ।

(3) ਅਣ ਮਨੁੱਖੀ ਵਿਵਹਾਰ ਅਤੇ ਕਿਸੇ ਨੂੰ ਗੁਲਾਮ ਬਣਾ ਕੇ ਰੱਖਣ ਦੀ ਇਸ ਮੱਤ ਵਿਚ ਕੋਈ ਵਿਵਸਥਾ ਨਹੀਂ ਹੈ, ਸਗੋਂ ਇਸਦਾ ਨਿਖੇਧ ਕਰਦਾ ਹੈ।

(4) ਆਲਸ ਦੀ ਥਾਂ ਉੱਦਮ ਅਤੇ ਕਿਰਤ ਕਮਾਈ ਕਰਨਾ ਇਸ ਦਾ ਸੁਨਹਿਰੀ ਨੇਮ ਹੈ। ਇਸੇ ਕਰਕੇ ਪਾਰਸੀ ਆਰਥਿਕ ਪੱਖੋਂ ਮਜ਼ਬੂਤ ਕੌਮ ਹੈ।

(5) ਮੂਰਤੀ ਪੂਜਾ ਅਤੇ ਕਰਮ ਕਾਂਡੀ ਅਰਚਾ ਦਾ ਇਸ ਵਿਚ ਕੋਈ ਥਾਂ ਨਹੀਂ ਹੈ ਕਿਉਂਕਿ ਜ਼ਰਤੁਸਤ ਦੇ ਬਚਨ ਹਨ ਕਿ ਰੱਬ ਦਾ ਘਰ ਮਨੁੱਖ ਗਾਰੇ ਤੇ ਪੱਥਰਾਂ ਨਾਲ ਨਹੀਂ ਬਣਾ ਸਕਦਾ।

(6) ਇਸ ਮੱਤ ਦੇ ਪੈਰੋਕਾਰਾਂ ਵਿਚੋਂ ਨਾ ਤੁਹਾਨੂੰ ਕੋਈ ਭਿਖਾਰੀ ਮਿਲੇਗਾ, ਨਾ ਹੀ ਵੇਸਵਾ।

(7) ਪਸ਼ੂ ਦੀ ਬਲੀ ਦੇਣ ਦੇ ਇਹ ਮੱਤ ਬਿਲਕੁਲ ਵਿਰੁੱਧ ਹੈ। ਜਾਨਵਰਾਂ ਉੱਪਰ ਦਇਆ ਕਰਨਾ ਇਹ ਧਰਮ ਤਸਵੱਰ ਕਰਦੇ ਹਨ।

(8) ਕਰਾਮਾਤਾਂ ਵਿਚ ਇਸ ਮੱਤ ਦਾ ਕੋਈ ਵਿਸ਼ਵਾਸ ਨਹੀਂ ਹੈ। ਗਾਥਾ ਜੋ ਜ਼ਰਤੁਸਤ ਦੀਆਂ ਸਿੱਖਿਆਵਾਂ ਦੀ ਸੱਭ ਤੋਂ ਮਹਤੱਵ ਪੋਥੀ ਹੈ, ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜ਼ਰਤੁਸਤ ਨੇ ਆਪਣੇ ਆਪ ਨੂੰ ਪੈਗੰਬਰ ਵੀ ਨਹੀਂ ਅਖਵਾਇਆ। ਉਸ

ਦੀ ਵਿਚਾਰਧਾਰਾ ਤੇ ਸਿਧਾਂਤ ਏਨੇ ਸਪਸ਼ਟ ਹਨ ਕਿ ਇਹਨਾਂ ਵਿਚ ਕਿਧਰੇ ਵੀ ਕਰਾਮਾਤਾਂ ਲਈ ਕੋਈ ਥਾਂ ਨਹੀਂ ਹੈ।

(9) ਇਹ ਮੱਤ ਚਿੰਤਾ ਨੂੰ ਚਿਤਾ ਸਮਾਨ ਸਮਝਦਾ ਹੈ ਕਿਉਂਕਿ ਇਸ ਨਾਲ ਸਰੀਰ ਦਾ ਨਾਸ਼ ਹੁੰਦਾ ਹੈ ਅਤੇ ਆਤਮਾਂ ਦਾ ਭਵਿੱਖ ਧੁੰਦਲਾ ਹੁੰਦਾ ਹੈ। ਆਸ਼ਾਵਾਦ ਤੇ ਚੜ੍ਹਦੀ ਕਲਾ ਵਿਚ ਰਹਿਣਾ ਇਨ੍ਹਾਂ ਦੀ ਜੀਵਨ-ਜਾਂਚ ਹੈ।

(10) ਬੱਚਾ ਭਾਵੇਂ ਨਾਜਾਇਜ਼ ਹੀ ਕਿਉਂ ਨਾ ਹੋਵੇ, ਜ਼ਰਤੁਸਤਰੀ ਮੱਤ ਇਸ ਨੂੰ ਗਰਭ ਵਿਚ ਮਾਰਨ ਨੂੰ ਕਤਲ ਦੇ ਸਮਾਨ ਸਮਝਦੇ ਹਨ। ਭਰੂਣ ਹੱਤਿਆ ਦੇ ਸੰਦਰਭ ਵਿਚ ਇਹ ਬਹੁਤ ਮਹਤੱਵਪੂਰਨ ਵਿਚਾਰ ਹੈ।

(11) ਪੈਗੰਬਰ ਜ਼ਰਤੁਸਤ ਨੇ ਆਪਣੇ ਪੈਰੋਕਾਰਾਂ ਨੂੰ ਇਹ ਅਦੇਸ਼ ਦਿੱਤਾ ਹੈ ਕਿ ਧਰਮ ਅਤੇ ਨੇਕੀ ਦੇ ਰਾਹ ਤੇ ਚਲਣ ਵਾਲਾ ਚਿਨਵਤ ਪੁਲ ਪਾਰ ਕਰਕੇ ਸਿੱਧਾ ਸਵਰਗ ਧਾਮ ਵਿਚ ਪਹੁੰਚ ਸਕਦਾ ਲੋੜ ਸਿਰਫ ਹਿੰਮਤ ਨੂੰ ਹਥਿਆਰ ਬਣਾਉਣ ਦੀ ਹੈ। ਹਿੰਮਤ ਵਾਲਾ ਆਪਣੀ ਹਰ ਹਾਰ ਨੂੰ ਜਿੱਤ ਵਿਚ ਬਦਲ ਸਕਦਾ ਹੈ।

ਜ਼ਰਤੁਸਤੀ ਮੱਤ ਦਾ ਪਾਰਸੀ ਅਤੇ ਗਾਬਰ ਰੂਪ ਵਿਚ ਪ੍ਰਸਾਰ

ਜ਼ਰਤੁਸਤ ਨੇ ਅਹੁਰਮਜ਼ਦ ਦਾ ਪੈਗ਼ਾਮ ਜਦ ਲੋਕਾਂ ਵਿਚ ਪ੍ਰਸਾਰਨਾ ਸ਼ੁਰੂ ਕੀਤਾ ਤਾਂ ਉਸ ਨੂੰ ਹਰ ਪਾਸੇ ਤੋਂ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਇਸ ਦੀ ਸਪਸ਼ਟ ਜਾਣਕਾਰੀ ਸਾਨੂੰ ਨੀਤਸ਼ੇ (Nietzsche) ਦੀ ਪੁਸਤਕ 'ਜ਼ਰਤੁਸਤਰਾ ਨੇ ਕਿਹਾ' (Thus Spoke Zarathustra) ਵਿਚੋਂ ਮਿਲ ਜਾਂਦੀ ਹੈ, ਜਿਸ ਦੇ ਚਾਰ ਖੰਡ ਹਨ। ਅਧਿਆਤਮਿਕ ਗਿਆਨ ਪ੍ਰਾਪਤ ਕਰਕੇ ਜਦ ਜ਼ਰਤੁਸਤ ਪਹਾੜਾਂ ਤੋਂ ਹੇਠਾਂ ਅਬਾਦੀ ਵਿਚ ਆਉਂਦਾ ਹੈ ਤਾਂ ਕੋਈ ਵੀ ਉਸ ਦੀ ਗੱਲ ਵੱਲ ਧਿਆਨ ਨਹੀਂ ਦਿੰਦਾ। ਪੂਰੇ ਦਸ ਸਾਲ ਉਸ ਨੂੰ ਖਜੱਲ-ਖੁਆਰੀ ਵਿਚੋਂ ਲੰਘਣਾ ਪੈਂਦਾ ਹੈ। ਆਪ ਨੂੰ ਡਰਾਇਆ ਧਮਕਾਇਆ ਵੀ ਗਿਆ, ਕੈਦ ਵੀ ਕੀਤਾ ਗਿਆ ਤੇ ਲਾਲਚ ਵੀ ਦਿਤੇ ਗਏ ਪਰ ਆਪ ਆਪਣੇ ਮਿਸ਼ਨ ਤੋਂ ਥਿੜਕੇ ਨਹੀਂ। ਜਦ ਆਪ ਈਰਾਨ ਦੇ ਬਾਦਸ਼ਾਹ ਵਿਸ਼ਤਸਪ ਨੂੰ ਆਪਣਾ ਅਨੁਆਈ ਬਣਾ ਲੈਂਦੇ ਹਨ ਤਾਂ ਆਪ ਨੂੰ ਸਫਲਤਾ ਪ੍ਰਾਪਤ ਹੁੰਦੀ ਹੈ। ਇਹ ਸਾਰਾ ਵਰਨਣ ਪਿੱਛੇ ਆ ਚੁੱਕਾ ਹੈ। ਜ਼ਰਤੁਸਤ ਦੇ ਦੇਹਾਂਤ ਪਿੱਛੋਂ ਇਹ ਮੱਤ ਪੱਛਮ ਵਲ ਮੀਡਜ਼ ਅਤੇ ਦੱਖਣ ਵਲ ਅਜੋਕੇ ਅਫਗਾਨਿਸਤਾਨ ਵਿਚ ਫੈਲ ਗਿਆ। ਇਸ ਪਿੱਛੋਂ ਐਕਮੇਨੀਅਨ ਵੰਸ਼ ਦੇ ਵੇਲੇ ਅਤੇ ਪਾਰਥੀਅਨਾਂ ਦੇ ਰਾਜ ਕਾਲ ਦੌਰਾਨ ਪੁਰਾਤਨ ਅਰਚਾ-ਪੂਜਾ ਫਿਰ ਇਸ ਧਰਮ ਉੱਪਰ ਭਾਰੂ ਹੋ ਜਾਂਦੀ ਹੈ। ਅਹੁਰਮਜ਼ਦਾ ਦੀ ਭਗਤੀ ਦੇ ਨਾਲ ਨਾਲ ਮਿਥਰਾ ਅਤੇ ਅਨਾਹਿਤ ਦੀ ਪੂਜਾ-ਅਰਚਾ ਸ਼ੁਰੂ ਹੋ ਜਾਂਦੀ ਹੈ। ਇਥੇ ਮਿਥਰਾ ਦੇ ਸੰਕਲਪ ਨੂੰ ਥੋੜਾ ਸਮਝਣਾ ਜ਼ਰੂਰੀ ਹੈ। ਪ੍ਰੋ. ਗੁਲਵੰਤ ਸਿੰਘ[29] ਅਨੁਸਾਰ ਮਿਥਰਾ ਦੇਵਤਾ ਦਾ ਆਰੀਆਈ ਨਾਮ ਮਿੱਤਰ ਹੈ ਅਤੇ ਇਹ ਦੋਹਾਂ ਪਰੰਪਰਾਵਾਂ ਵਿਚ ਪ੍ਰਕਾਸ਼ ਦਾ ਦੇਵਤਾ ਹੈ। ਇਸ ਬਾਰੇ ਇਹ ਮਨੌਤ ਆਮ ਪ੍ਰਚਲਤ ਹੈ ਕਿ ਮਿਥਰ ਨੇ ਸੂਰਜ ਦੇ ਬਲਦ ਨੂੰ ਮਾਰ ਕੇ ਉਸ ਦੀ ਥਾਂ ਲੈ ਲਈ ਸੀ ਅਤੇ ਉਸ ਦੀ ਦੇਹ ਆਪਣੇ ਪੂਜਕਾਂ ਨੂੰ ਜੀਵਨਮਈ ਖੁਰਾਕ ਦੇ ਰੂਪ ਵਿਚ ਦੇ ਦਿੱਤੀ ਸੀ, ਜਿਸ ਨਾਲ ਉਨ੍ਹਾਂ ਲਈ ਅਮਰ ਜੀਵਨ ਨਿਸ਼ਚਿਤ ਹੋ ਜਾਂਦਾ ਸੀ।[30] ਪ੍ਰੋ. ਗੁਲਵੰਤ ਸਿੰਘ[31] ਇਸ ਨੂੰ ਅਗਸੀ ਪ੍ਰਕਾਸ਼ ਦਾ ਪ੍ਰਤਿਨਿਧ ਦਸਦੇ ਹਨ ਜੋ ਸੂਰਜ ਨਿਕਲਣ ਤੋਂ ਪਹਿਲਾਂ ਪਹਾੜਾਂ ਦੀਆਂ ਉੱਚਤਮ ਸਿਖਰਾਂ ਤੇ ਪ੍ਰਗਟ ਹੁੰਦਾ ਹੈ। ਉਹ ਨਾ ਸੂਰਜ, ਨਾ ਚੰਦ,

ਨਾ ਤਾਰਾ ਹੈ ਬਲਕਿ ਆਪਣੇ ਸੌ ਕੰਨਾਂ ਅਤੇ ਸੌ ਅੱਖਾਂ ਨਾਲ ਸੰਸਾਰ ਦੀ ਨਿਗਰਾਨੀ ਕਰਦਾ ਹੈ। ਇਹ ਸੱਚ ਤੇ ਸਚਿਆਰਤਾ ਦਾ ਪ੍ਰਤੀਕ ਹੈ। ਬਾਅਦ ਵਿਚ ਮਿਥਰਵਾਦ ਜਦ ਸਾਮੀ ਕੌਮਾਂ ਵਿਚ ਫੈਲਿਆ ਤਾਂ ਇਸ ਵਿਚ ਬਾਬਲ ਦੇ ਵਿਭਿੰਨ ਵਿਚਾਰ-ਸੰਕਲਪ ਸ਼ਾਮਿਲ ਹੋ ਗਏ ਜਿਸ ਵਿਚ ਉਸ ਸਮੇਂ ਦਾ ਜੋਤਿਸ਼-ਵਿਗਿਆਨ ਵੀ ਸ਼ਾਮਲ ਹੋ ਗਿਆ। ਇਵੇਂ ਇਸ ਜੋਤਿਸ਼ ਦੇ ਪ੍ਰਭਾਵ ਕਰਕੇ ਇਹ ਅਗਿਆਨੀ ਸ਼੍ਰੇਣੀ ਵਿਚ ਬਹੁਤ ਪ੍ਰਵਾਨ ਹੋ ਗਿਆ। ਅਨਹਿਤਾ (Anhita) ਪਰਮੇਸ਼ਰੀ ਜਗਤ ਮਾਤਾ ਸੀ ਜਿਸ ਦਾ ਸੰਕਲਪ ਬੇਬੀਲੋਨ ਤੋਂ ਆਇਆ ਅਤੇ ਇਸ ਦੀ ਮੂਰਤੀ ਬਣਾ ਕੇ ਪੂਜਾ ਕੀਤੀ ਜਾਂਦੀ ਸੀ। ਜ਼ਰਤੁਸ਼ਤੀ ਮੱਤ ਇਸ ਨੂੰ ਪ੍ਰਵਾਨ ਨਹੀਂ ਕਰਦਾ। ਪਾਰਥੀਅਨ ਹਾਕਮਾਂ ਨੇ ਅਗਨੀ-ਮੰਦਰ ਤਬਾਹ ਕਰ ਦਿਤੇ ਸਨ ਜਿਸ ਨਾਲ ਜ਼ਰਤੁਸ਼ਤੀ ਮੱਤ ਨੂੰ ਕਾਫੀ ਢਾਹ ਲੱਗੀ ਸੀ।

ਜਦ ਪਪਕ (Papak) ਦੇ ਪੁੱਤਰ ਆਰਦਿਸ਼ਰ ਦਾ ਰਾਜ ਮੁੜ ਸਥਾਪਤ ਹੋਇਆ ਤਾਂ ਉਸ ਨੇ ਜ਼ਰਤੁਸ਼ਤੀ ਮੱਤ ਦੀ ਮੁੜ ਪੁਨਰ ਸਥਾਪਨਾ ਕੀਤੀ। ਮੈਜਾਈਆਂ ਨੂੰ ਪਹਿਲਾਂ ਵਾਲਾ ਸਥਾਨ ਦਿੱਤਾ ਗਿਆ ਅਤੇ ਪੁਰਾਤਨ ਧਰਮ ਗ੍ਰੰਥਾਂ ਦੀ ਬਹਾਲੀ ਲਈ ਉਸ ਨੇ ਵਿਦਵਾਨਾਂ ਦੀ ਇਕ ਸਭਾ ਬੁਲਾਈ। ਇਸ ਸਭਾ ਨੇ ਕੇਵਲ ਅਵੇਸਤਾ (Avesta) ਦਾ ਪ੍ਰਮਾਣਿਕ ਰੂਪ ਹੀ ਸੰਕਲਨ ਨਹੀਂ ਕੀਤਾ, ਸਗੋਂ ਇਸ ਦੇ ਪਹਿਲਵੀ ਭਾਸ਼ਾ ਵਿਚ ਟੀਕੇ ਵੀ ਤਿਆਰ ਕਰਵਾਏ।

ਹਜ਼ਰਤ ਮੁਹੰਮਦ ਸਾਹਿਬ ਤੋਂ ਪਿੱਛੋਂ ਜਦ ਈਰਾਨ ਵਿਚ ਇਸਲਾਮ ਫੈਲਾਉਣ ਦਾ ਯਤਨ ਉਲੇਮਾਂ ਅਤੇ ਸ਼ਾਸ਼ਕ ਵਰਗ ਵਲੋਂ ਹੋਇਆ ਤਾਂ ਉਨ੍ਹਾਂ ਨੇ ਜ਼ਰਤੁਸ਼ਤੀ ਮੱਤ ਨੂੰ ਮੰਨਣ ਵਾਲਿਆ ਲਈ ਇਸਲਾਮ ਜਾਂ ਮੌਤ ਵਿਚੋਂ ਇਕ ਨੂੰ ਪਰਵਾਨ ਕਰਨ ਲਈ ਆਪਣੀ ਤਾਕਤ ਦੀ ਵਰਤੋਂ ਕੀਤੀ। ਕੁਝ ਹਾਲਤਾਂ ਵਿਚ ਜਜ਼ੀਆ (ਟੈਕਸ) ਭਰਨ ਦੀ ਸ਼ਰਤ ਰਾਹੀਂ ਇਨ੍ਹਾਂ ਨੂੰ ਆਪਣਾ ਧਰਮ ਅਪਣਾਈ ਰੱਖਣ ਦੀ ਛੋਟ ਦੇ ਦਿੱਤੀ ਗਈ। ਜਦ 8ਵੀਂ ਸਦੀ ਵਿਚ ਜ਼ਰਤੁਸ਼ਤਰੀ ਲੋਕਾਂ ਨੂੰ ਇਸਲਾਮ ਕਬੂਲਣ ਲਈ ਮਜ਼ਬੂਰ ਕਰ ਦਿੱਤਾ ਗਿਆ ਤਾਂ ਇਹ ਫਾਰਸ (ਈਰਾਨ) ਨੂੰ ਛੱਡ ਕੇ ਖੁਰਾਸਾਨ ਵਿਚ ਆ ਗਏ। ਇਨ੍ਹਾਂ ਵਿਚੋਂ ਕੋਈ 700 ਦੇ ਕਰੀਬ ਜ਼ਰਤੁਸ਼ਤਰੀ ਅਨੁਆਈ ਪੂਰਬ ਵੱਲ ਨੂੰ ਸਮੁੰਦਰ ਦੇ ਰਸਤੇ ਭਾਰਤ ਦੇ ਨੇੜੇ ਕਾਂਬੇ (ਖੰਭਾਤ) ਸਮੁੰਦਰ ਦੇ 'ਡਿਊ' ਟਾਪੂ ਵਿਚ ਆ ਵੱਸੇ। ਪਰੰਤੂ ਇਹ ਟਾਪੂ ਰਹਿਣ ਦੇ ਯੋਗ ਨਹੀਂ ਸੀ ਤੇ ਇਸ ਕਰਕੇ 772 ਈ: ਵਿਚ ਇਹ ਦੰਮਣ ਤੋਂ 20 ਮੀਲ ਦੱਖਣ ਵਲ ਸੰਜਾਣਾ (ਸੰਜਾਰਣ) ਵਿਖੇ ਆ ਠਹਿਰੇ। ਇਥੇ ਦਾ ਰਾਜਾ ਜੈ ਦੇਵ ਰਾਣਾ ਸੀ, ਜਿਸ ਨੇ ਕੁਝ ਸ਼ਰਤਾਂ ਮਨਵਾ ਕੇ ਇਨ੍ਹਾਂ ਨੂੰ ਰਹਿਣ ਦੀ ਆਗਿਆ ਦੇ ਦਿੱਤੀ ਅਤੇ ਇਹ ਭਾਰਤ ਵਿਚ 'ਪਾਰਸੀ' ਅਖਵਾਏ। ਜਦ ਮੁਸਲਮਾਨ ਭਾਰਤ ਵਿਚ ਆਏ ਤਾਂ ਰਾਣੇ ਨਾਲ ਯੁੱਧ ਹੋਇਆ, ਜਿਸ ਵਿਚ ਰਾਣਾ ਹਾਰ ਗਿਆ। ਇਸ ਸਮੇਂ ਇਹ ਪਾਰਸੀ ਦੌੜ ਕੇ 'ਬਾਹਰਨ' ਨਾਮ ਦੇ ਪਹਾੜ ਉਤੇ ਚਲੇ ਗਏ ਅਤੇ 12 ਸਾਲ ਉਥੇ ਲੁਕੇ ਰਹੇ। ਸਮਾਂ ਪਾ ਕੇ ਇਹਨਾਂ ਦਾ ਵੰਸ ਵਧਦਾ ਗਿਆ ਤੇ ਇਹ ਬਾਸਦਾ ਆ ਗਏ। ਇਥੋਂ ਨੌਸਾਰੀ, ਬਾਰੀਆ, ਭੜੋਚ, ਸੂਰਤ, ਬੰਬਈ ਅਤੇ ਗੁਜਰਾਤ ਵਿਚ ਫੈਲ ਗਏ। 1891 ਈ: ਦੀ ਮਰਦਮ ਸ਼ੁਮਾਰੀ ਅਨੁਸਾਰ ਭਾਰਤ ਵਿਚ ਪਰਸੀ ਲੋਕਾਂ ਦੀ ਗਿਣਤੀ 89904 ਸੀ ਜਿਨ੍ਹਾਂ ਵਿਚੋਂ 87458 ਇੱਕਲੇ ਬੰਬਈ ਵਿਚ ਰਹਿੰਦੇ ਸਨ। ਇਸ ਵੇਲੇ ਭਾਰਤ ਵਿਚ ਇਨ੍ਹਾਂ ਦੀ ਗਿਣਤੀ ਡੇਢ ਲੱਖ ਤੋਂ ਵਧੇਰੇ ਹੈ। ਇਹ ਲੋਕ ਖੇਤੀਬਾੜੀ,ਵਪਾਰ ਅਤੇ ਨੌਕਰੀਆਂ ਕਰਦੇ ਹਨ। ਪੜ੍ਹਾਈ ਵਿਚ ਇਹ ਬਹੁਤ ਅੱਗੇ ਹਨ। ਆਰਥਿਕ ਪੱਖੋਂ ਭਲਿਆਂ ਵੇਲਿਆਂ ਵਿਚ ਹੀ 10-15 ਵਿਅਕਤੀ ਕਰੋੜਪਤੀ ਅਤੇ ਸੈਂਕੜੇ ਲੱਖਾਂਪਤੀ ਸਨ। ਹੁਣ ਤਾਂ ਇਹ ਸਥਿਤੀ ਹੋਰ ਵੀ ਬਦਲ

ਗਈ ਹੈ। ਇਨ੍ਹਾਂ ਨੇ ਆਪਣੀ ਇਮਾਨਦਾਰੀ ਅਤੇ ਮਿਹਨਤ ਸਦਕਾ ਉੱਚਾ ਮੁਕਾਮ ਪ੍ਰਾਪਤ ਕਰ ਲਿਆ ਹੈ। 1812 ਈ: ਵਿਚ ਨੌਸਾਰ ਦਾ ਵਪਾਰੀ ਜਮਸ਼ੇਦ ਜੀ ਜੀਜੀ ਭਾਈ ਨੂੰ ਨਾਈਟ ਹੁੱਡ ਦਾ ਖ਼ਿਤਾਬ ਬਰਤਾਨਵੀ ਸਰਕਾਰ ਵਲੋਂ ਮਿਲਿਆ ਸੀ। ਭਾਰਤੀ ਉਦਯੋਗ ਵਿਚ ਜਮਸ਼ੇਦ ਜੀ ਨਸਰਵਾਨ ਟਾਟਾ ਦਾ ਨਾਮ ਬਹੁਤ ਪ੍ਰਸਿੱਧ ਹੈ। 1892 ਵਿਚ ਹਾਊਸ ਆਫ ਕਾਮਨਜ਼ ਵਿਚ ਚੁਣਿਆ ਜਾਣ ਵਾਲਾ ਪਹਿਲਾ ਭਾਰਤੀ ਦਾਦਾ ਭਾਈ ਨਾਰੋ ਜੀ ਪਾਰਸੀ ਸੀ। ਇਹੀ ਦਾਦਾ ਨਾਰੋ ਬੜੋਦਾ ਸਟੇਟ ਦਾ 1874 ਈ: ਵਿਚ ਦੀਵਾਨ ਰਹਿ ਚੁੱਕਿਆ ਸੀ ਤੇ ਇਸੇ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਂਹ ਰੱਖੀ ਸੀ। ਗੁਜਰਾਤ ਵਿਚ ਇਨ੍ਹਾਂ ਦਾ ਬੋਲਬਾਲਾ ਇਵੇਂ ਹੈ ਜਿਵੇਂ ਪੰਜਾਬ ਵਿਚ ਸਿੱਖਾਂ ਦਾ।

ਮੁਸਲਮਾਨਾਂ ਦੇ ਦਮਨ ਸਮੇਂ ਜੋ ਜ਼ਰਤੁਸਤਰੀ ਲੋਕ ਈਰਾਨ ਵਿਚ ਰਹਿ ਗਏ ਸਨ ਉਨ੍ਹਾਂ ਨੂੰ ਗਾਬਿਰ (Gabir) ਕਿਹਾ ਜਾਣ ਲੱਗਾ। ਗਾਬਰ ਸ਼ਬਦ ਕਾਫ਼ਰ ਤੋਂ ਬਣਿਆ ਹੈ। ਕੁਰਾਨ ਦੇ ਸੂਰਾ 9 (ਅਲ-ਤੌਬਾ) ਦੀ ਆਇਤ 5,29 ਅਤੇ 123 ਨੂੰ ਉਲੇਮਾਂ ਨੇ ਇਹ ਵਿਆਖਿਆ ਦੇ ਦਿੱਤੀ ਕਿ ਜੋ ਅਲਾਹ ਵਿਚ ਵਿਸ਼ਵਾਸ ਨਹੀਂ ਰੱਖਦੇ ਉਨ੍ਹਾਂ ਨਾਲ ਜੰਗ ਕਰੋ। ਜੇਕਰ ਫਿਰ ਵੀ ਨਹੀਂ ਮੰਨਦੇ ਤਾਂ ਕਤਲ ਕਰ ਦਿਓ ਜਾਂ ਅਧੀਨਗੀ ਵਿਚ ਰਹਿ ਕੇ ਜਜ਼ੀਆਂ ਭਰਨ ਲਈ ਕਹੋ। ਬਹੁਤ ਸਮਾਂ ਜ਼ਰਤੁਸਤਰੀ ਅਨੁਆਈਆਂ ਨੇ ਮੁਸਲਮਾਨਾ ਦੇ ਅਧੀਨ ਰਹਿਣ ਪਿੱਛੋਂ ਆਪਣੇ ਲਈ ਗਾਬਰ ਸ਼ਬਦ ਵਰਤਣਾ ਸ਼ੁਰੂ ਕਰ ਲਿਆ। ਈਰਾਨੀ ਗਾਬਰਾਂ ਨੇ ਲੰਮੇਰਾ ਸਮਾਂ ਗੁਲਾਮੀ ਦਾ ਜੀਵਨ ਜੀਵਿਆ ਹੈ। ਹੁਣ ਜਾ ਕੇ ਈਰਾਨ ਦੇ ਉਦਾਰ ਹਾਕਮਾਂ ਨੇ ਇਹ ਸਭ ਸਖਤੀਆਂ ਤੇ ਮਨਾਹੀਆਂ ਖ਼ਤਮ ਕੀਤੀਆਂ ਹਨ ਇਵੇਂ ਜ਼ਰਤੁਸਤਰੀ ਮੱਤ ਦਾ ਆਪਣੀ ਜਨਮ ਭੂਮੀ ਵਿਚ ਉਹੀਂ ਹਾਲ ਹੋਇਆ ਜੋ ਬੁੱਧ ਧਰਮ ਦਾ ਭਾਰਤ ਵਰਸ਼ ਵਿਚ ਹੋਇਆ।

ਟਿੱਪਣੀਆਂ ਤੇ ਹਵਾਲੇ

1. His father was pourushaspa, the literal translation of that name means 'full of horses' which leads us to believe that he was a horse breeder or rancher. (File / E \ Zarathushtra biography, html.)
2. Warren Mathews, '*World Religions*', west Publishing Company, New York, Page 263.
3. ਉਪਰੋਕਤ ਹੀ, ਪੰਨਾ 263-64
4. *The Bundahisihn*, a Pahlari book, dates Zarathushtra as 258 years before Alexander's Conquest of Persia or 588 B.C. (Ibid)
5. ਮਹੰਤ ਗਣੇਸ਼ਾ ਸਿੰਘ, '*ਭਾਰਤ ਮਤ ਦਰਪਣ*', ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 1992 (ਦੂਜੀ ਛਾਪ)
6. *Sudreh* (Sood-reh), The Sacred Shirt use in Vesting a Zoroastrian Child. Kusti (Koos-ti), A Sacred thread worn to indicate initiation in to religion, Hindus and Zoroastrians use the symbol. (world Religions, 'Iranian Religion' Page 270).
7. ਨਿਤਸ਼ੇ, 'ਜ਼ਰਤੁਸਤਰਾ ਨੇ ਕਹਾ' (ਹਿੰਦੀ ਅਨੁਵਾਦ), ਹਿੰਦ ਪਾਕਟ ਬੁਕਸ ਪੰਨਾ 19.
8. ਉਹੀ, ਪੰਨਾ 20.

9. Warren Matthews, *World Religion*, Page 264.
10. ਉਹੀ, ਪੰਨਾ 264.
11. ਮਨਮੋਹਨ ਸਿੰਘ (ਡਾ.), '*ਸਾਮੀ ਧਰਮਾਂ ਦੇ ਉਪਦੇਸ਼*', ਪੰਜਾਬੀ ਯੂਨੀਵਰਸਿਟੀ, ਪਟਿਆਲਾ 1988, ਪੰਨਾ 162.
12. In Zoroastrianism the higher Spirits directly under Ahura Mazda. They are modes of divine being that bear names of ethical vistues, such as 'Good thought', (World Religion, 'Ancient Religions of Iraqi and Iran', Page 265)
13. Ibid, Page 265.
14. Asha is an Aryan Concept, shared by Hindus as well as persians. In archalic sanskrit, it is Rta / Rita and the law of The Universe. In both sanskrit and Gathic Avestan, it literally means 'what fits' in any and every situation. It stands for Order and Truth. Even in this Context Asha encompasses 'Precision' because it is doing what is Right, at the Right time, in the Right place, through the Right mean and for achieving the Right results. The Gathas tell us that Ahura Mazdá is the source of Asha (Song 9.3, 4.7, 8-13-21, 5.2-9, 6.6, 7.6, 8.2-4-10-14-16, 9.15-17, 10.4-6-8, 10, 11.9, 13.6-9, 14.6-7, 16.16) (File E: asha, html)
15. "According to Zarathushtra human beings are andowed with Vohu Manah (The Good Mind), Which enables them to comprehend Asha and make the right Choices that make the living world progress towords Asha." (Ibid)
16. ਮਨਮੋਹਨ ਸਿੰਘ (ਡਾ.) '*ਸਾਮੀ ਧਰਮਾਂ ਦੇ ਉਪਦੇਸ਼*', ਪੰਨਾ 166.
17. Khshathra vairya is Ahura Mazda's Ideal Dominion His sovereignth on earth, His infinite strength and benevolent power, In our world it may be translated as the Ideal Social order which Man must strive for. (Ibid)
18. Spents Aramiti Concept has been transleted differently by various scholar. Some translate it as Serenity, some as Right-Mindedness, some as Piety, some as Devotion and some as Benevolence. Perhaps there is no one English word that can describe it. But it is generally agreed that it is that inherent quality in human beings that spurs them to translate good thinking into actions that are in accord with Asha." (Ibid)
19. "Haurvatat is the state of wholeness or completeness that is incrementally achieved by those who choose throughts, words and deeds of Righteousness, with Good mind and serenity. it is the goal of Physical existence to achieve this full state of wholeness, it is the prerequisite to immortality and crossing the Chinvat Peretu (The sorting Bridge) to the 'Better Existence' or 'The House of Songs'. It can be partially experienced during ones progress to its full achievement." (Ibid)

20. In Zoroastrianism Chinvat Bridge (Chin-vat-brij) is the bridge of Judgment that a soul must walk over after death. (World Religions, 'Ancient Religions of Iraq and Iran', Page 265)
21. Literally Ameretat means non-deathness or the state of non-dying. This is universally translated as Immortality, but could be defined also as 'Eternal life', state of the self or soul who crosses the Chinvat Peretu, attaining the 'Better Existance' and does not have to reincarnate. (Ibid)
22. Duncan Greenlees, '*Gospel of Zarathustra*', The Theosophical Publishing House Adyer, Madras, 1951, Page 54.
23. Ibid, yasna 57.1-2.
24. Ibid.
25. Zoroastrians Construct permanent cirular towers about twenty feet high. Entering a door with the corpse, the bearers place it on one of three levels, according to whether it is a man, woman of child. The bearers open the clothes of a corpse and leave within a few hours vultures descend and strip the bones clean. When the bones are clean and dry, they are placed in a central pit of the tower where they crumble into harmless residue. Back at home, priests pray to 'Sraosha' the guardian of souls after death. (Warren Matthews, World Religions, Page 271)
26. Angra Mainyu (ang-gra-min-yu) in Zoroastrianism the evil spirit who opposes Ahura-Mazda. (Ibid, Page 264)
27. James Edgar swain, 'A History of world civilization', ਪੰਜਾਬੀ ਅਨੁਵਾਦ *ਵਿਸ਼ਵ ਸਭਿਅਤਾ ਦਾ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966 ਪੰਨਾ 94.
28. Warren Matthews, 'World Religions', Page 266.
29. ਗੁਲਵੰਤ ਸਿੰਘ (ਪ੍ਰੋ.), '*ਯਹੂਦੀ ਅਤੇ ਈਸਾਈ ਰਹੱਸਵਾਦ*', ਭਾਰਤੀ ਤੇ ਵਿਦੇਸ਼ੀ ਸਾਹਿਤ, ਅੰਕ 7, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 29.
30. James Edgar Swain, 'A History of world Civilization,' Ibid, Page 94.
31. ਉਪਰੋਕਤ ਹੀ

ਪੈਗੰਬਰ ਲਾਓਤਸੂ

ਡਾ. ਸਰਬਜਿੰਦਰ ਸਿੰਘ*
ਡਾ. ਗੁਲਜ਼ਾਰ ਸਿੰਘ ਕੰਗ**

ਚੀਨ ਵਿਸ਼ਵ ਦੀਆਂ ਪ੍ਰਾਚੀਨਤਮ ਅਤੇ ਵੱਡੀਆਂ ਸਭਿਅਤਾਵਾਂ ਵਿਚੋਂ ਇਕ ਹੈ। ਖੇਤਰਫਲ ਦੇ ਪੱਖੋਂ ਇਹ ਕੈਨੇਡਾ ਤੋਂ ਪਿਛੋਂ ਦੁਨੀਆਂ ਦਾ ਦੂਜਾ ਵੱਡਾ ਦੇਸ਼ ਹੈ ਅਤੇ ਅਬਾਦੀ ਦੇ ਪੱਖੋਂ ਵਿਸ਼ਵ ਦਾ ਸਭ ਤੋਂ ਵੱਡਾ ਦੇਸ਼ ਹੈ। ਇਸ ਦੇਸ਼ ਵਿਚ ਚਫੇਰਿਓਂ ਪਹੁੰਚਣਾ ਕਠਿਨ ਹੋਣ ਕਰਕੇ ਇਥੇ ਮਿਸ਼ਰਤ ਜਾਤੀਆਂ ਦੀ ਘੜਮੱਸ ਨਹੀਂ ਹੈ ਅਤੇ ਅਜਿਹੀ ਭੂਗੋਲਿਕ ਸਥਿਤੀ ਅਤੇ ਭਾਸ਼ਾਈ ਜਟਿਲਤਾ ਕਰਕੇ ਇਥੋਂ ਦੇ ਧਰਮ ਅਤੇ ਸੰਸਕ੍ਰਿਤੀ ਨੇ ਨਾ ਬਾਹਰੋਂ ਪ੍ਰਭਾਵ ਕਬੂਲੇ ਹਨ ਅਤੇ ਨਾ ਹੀ ਬਾਹਰੀ ਜਗਤ ਉੱਪਰ ਪ੍ਰਭਾਵ ਪਾਏ ਹਨ। ਜੀਵਨ ਪ੍ਰਤੀ ਇਥੋਂ ਦੇ ਲੋਕਾਂ ਦਾ ਦ੍ਰਿਸ਼ਟੀਕੋਣ ਭਾਰਤੀ ਚਿੰਤਨ ਅਤੇ ਯੂਨਾਨੀ ਦਰਸ਼ਨ ਦਾ ਮਧ-ਵਰਤੀ ਹੈ। ਵਿਚਾਰਧਾਰਕ ਪੱਖੋਂ ਇਥੇ ਇਕ ਪਾਸੇ ਕਨਫਿਊਸ਼ਿਸ ਦਾ ਮਾਨਵਵਾਦ ਅਤੇ ਲਾਓਤਸੂ ਦੇ ਤਾਓਵਾਦ ਨੇ ਆਪਣੀਆਂ ਵਿਰੋਧੀ ਤਨਾਵਾਂ ਤਣੀਆਂ ਹੋਈਆਂ ਸਨ ਜਿਨ੍ਹਾਂ ਵਿਚ ਤੀਜੀ ਧਿਰ ਬੁੱਧ ਧਰਮ ਦੀ ਵੜ ਕੇ ਇਹਨਾਂ ਦੋਹਾਂ ਦਾ ਸਮਨਵੈ ਕਰਕੇ ਪ੍ਰਕ੍ਰਿਤੀ ਧਰਮ ਨੂੰ ਉਜਾਗਰ ਕਰਦੀ ਹੈ। ਕਨਫਿਊਸ਼ਿਸਵਾਦੀ ਕੁਝ ਕਾਰਨਾਂ ਵਿਚ ਮਨੁੱਖੀ ਸੰਬੰਧ ਵਿਚ, ਸਮਾਜਿਕ ਸਮਝੌਤਿਆਂ ਵਿਚ, ਦੂਜਿਆਂ ਨੂੰ ਸਿੱਧੇ ਰਾਹ ਪਾਉਣ ਵਿਚ ਅਤੇ ਰਸਮਾਂ-ਰਿਵਾਜਾਂ ਅਤੇ ਸੰਗੀਤ ਵਿਚ ਵਿਸ਼ਵਾਸ ਰੱਖਦੇ ਹਨ ਪਰ ਤਾਓਵਾਦੀ ਇਸ ਤੋਂ ਉਲਟ ਕੁਝ ਨਾ ਕਰਨ ਵਿਚ, ਕੇਵਲ ਆਪਣੇ ਆਪ ਤਕ ਹੀ ਮਹਿਦੂਦ ਰਹਿਣ ਵਿਚ, ਮਨ ਦੇ ਟਿਕਾਉ ਵਿਚ ਵਿਸ਼ਵਾਸ ਰੱਖਦੇ ਸਨ। ਸਮਾਜਿਕ ਰੂਪ ਵਿਚ ਭਾਵੇਂ ਚੀਨ ਵਿਚ ਕਨਫਿਊਸ਼ਿਸ ਦਾ ਚਿੰਤਨ ਵਧੇਰੇ ਮਕਬੂਲ ਰਿਹਾ ਹੈ ਪਰ ਅਧਿਆਤਮਿਕ ਰੂਪ ਵਿਚ ਲਾਓਤਸੂ ਦਾ ਤਾਓਮਤ ਗਹਿਰ ਗੰਭੀਰ ਮੱਹਤਵ ਰੱਖਦਾ ਹੈ। ਇਥੇ ਅਸੀਂ ਤਾਓਮਤ ਅਤੇ ਉਸ ਦੇ ਸੰਸਥਾਪਿਕ ਲਾਓਤਸੂ ਬਾਰੇ ਜਾਨਣ ਦਾ ਅਣਜਾਣਾ ਤੇ ਨਿਮਾਣਾ ਯਤਨ ਕਰਾਂਗੇ।

ਚੀਨੀ ਭਾਸ਼ਾ ਵਿਚ 'ਤਾਓ' ਦਾ ਸ਼ਬਦੀ ਅਰਥ ਮਾਰਗ ਹੈ ਪਰ ਤਾਓਮਤ ਦਾ ਸੰਸਥਾਪਿਕ ਲਾਓਤਸੂ ਇਸ ਨੂੰ ਰੱਹਸਵਾਦੀ ਅਰਥਾਂ ਵਿਚ ਵਰਤਦਾ ਹੋਇਆ ਪਰਮਸਤਾ ਜਾਂ ਪਰਮਸਤਿ ਦੀ ਸੋਝੀ ਦਾ ਵਾਚਕ ਦੱਸਦਾ ਹੈ। ਤਾਓ ਸੰਸਾਰ ਦੀ ਸਭ ਤੋਂ ਉੱਚੀ ਆਤਮਾ, ਨਿਰਪੱਖ ਅਤੇ ਸ਼ਾਸਵਤ ਸ਼ਕਤੀ ਹੈ ਜਿਸ ਵਿਚੋਂ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਉਤਪੰਨ ਹੁੰਦੀਆਂ ਅਤੇ ਫਿਰ ਉਸੇ ਵਿਚ ਸਮਾਅ ਜਾਂਦੀਆ ਹਨ। ਤਾਓਵਾਦ ਆਪਣੇ ਆਪ ਨੂੰ ਸਮੁੱਚੇ ਰੂਪ ਵਿਚ ਕੁਦਰਤ ਦੇ ਅਨੁਸਾਰੀ ਹੋਣ ਦਾ ਨਾਮ ਹੈ ਕਿਉਂਕਿ ਕੁਦਰਤ ਦਾ ਭਾਣਾ ਮੰਨਣ ਨਾਲ ਉਸ ਦਾ ਵਿਰੋਧ ਨਾ ਕਰਨ ਨਾਲ

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
** ਔਸਟੀ ਕਲੋਨੀ, ਨੰਗਲ ਡੈਮ।

ਮਨੁੱਖ ਸੰਤੋਖ, ਗਿਆਨ ਅਤੇ ਸ਼ਾਂਤੀ ਦੀ ਪ੍ਰਾਪਤੀ ਕਰਦਾ ਹੈ। ਹਲੀਮੀ, ਸਾਦਗੀ, ਏਕਤਾ ਅਤੇ ਪਵਿੱਤਰਤਾ ਆਦਿ ਮਨੁੱਖ ਦੇ ਕੁਦਰਤੀ ਗੁਣ ਹਨ। ਯੁੱਧ, ਰੀਤੀ-ਰਿਵਾਜ਼ ਆਦਿ ਨਾਸ਼ ਕਰਨ ਵਾਲੇ ਤੱਤ ਹਨ। ਇਸੇ ਕਰਕੇ ਤਾਓਮਤ ਨਿਵਿਰਤੀ ਮਾਰਗ ਹੈ ਅਤੇ ਇਸ ਦੇ ਅਨੁਯਾਈ ਤਿਆਗਵਾਦੀ ਰੁਚੀਆਂ ਦੇ ਧਾਰਨੀ ਸਨ। ਕਨਫਿਊਸ਼ਿਸ ਦਾ ਸੁਧਾਰਵਾਦੀ ਅਤੇ ਮਾਨਵਵਾਦੀ ਮਤ ਇਸ ਦੇ ਉਲਟ ਪ੍ਰਵਿਰਤੀ ਮਾਰਗ ਸੀ। ਉਂਵ ਚੀਨੀ ਧਰਮਾਂ ਦੇ ਇਤਿਹਾਸ ਵਿਚ ਇਨ੍ਹਾਂ ਦੋਹਾਂ ਦੇ ਮਤ ਸਮਕਾਲੀ ਧਰਮ ਹਨ। ਲਾਓਤਸੂ ਕਨਫਿਊਸ਼ਿਸ ਤੋਂ 50 ਸਾਲ ਵਡੇਰੀ ਉਮਰ ਦਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਜੁਆਨੀ ਦੀ ਉਮਰੇ ਕਨਫਿਊਸ਼ਿਸ ਬਜ਼ੁਰਗ ਲਾਓਤਸੂ ਨੂੰ ਮਿਲਿਆ ਸੀ ਅਤੇ ਉਸਨੇ ਕਨਫਿਊਸ਼ਿਸ ਨੂੰ ਸੁਧਾਰਵਾਦੀ ਪਹੁੰਚ ਤਿਆਗ ਕੇ ਆਪਣੇ ਆਪ ਨੂੰ ਅਧਿਆਤਮਿਕ ਖੋਜ ਵਲ ਲਾਉਣ ਦੀ ਸਲਾਹ ਦਿੱਤੀ ਸੀ। ਸ਼ਾਸ਼ਕ ਸ੍ਰੇਣੀ ਦੀ ਸਰਪ੍ਰਸਤੀ ਪ੍ਰਾਪਤ ਕਰਨ ਕਰਕੇ ਕਨਫਿਊਸ਼ਿਸ ਨੇ ਇਸ ਨਸੀਹਤ ਨੂੰ ਸਵੀਕਾਰ ਨਾ ਕੀਤਾ ਅਤੇ ਘਰ ਆਕੇ ਆਪਣੇ ਮਿੱਤਰਾਂ ਨੂੰ ਕਹਿਣ ਲਗਾ, "ਮੈਂ ਅੱਜ ਇਕ ਸੱਪ ਦੇਖਿਆ।" ਇਵੇਂ ਵਿਚਾਰਧਾਰਕ ਪੱਖੋਂ ਦੋਵੇਂ ਸਮਕਾਲੀ ਹੁੰਦੇ ਹੋਏ ਵੀ ਇਕ ਦੂਜੇ ਦੇ ਉਲਟ ਸਨ। ਪ੍ਰਚਾਰ ਤੇ ਪ੍ਰਸਾਰ ਦੇ ਪੱਖੋਂ ਭਾਵੇਂ ਕਨਫਿਊਸ਼ਿਸ ਤੇ ਉਸਦਾ ਮਤ ਵਧੇਰੇ ਮਕਬੂਲ ਹੋਏ ਪਰ ਸਿਧਾਂਤਕ ਰੂਪ ਵਿਚ ਚੀਨੀ ਧਰਮਾਂ ਵਿਚ 'ਤਾਓਮਤ' ਪ੍ਰਥਮ ਸਥਾਨ ਰੱਖਦਾ ਹੈ। ਇਸ ਦੇ ਸੰਸਥਾਪਕ ਲਾਓਤਸੂ ਨੇ 'ਛੁਪੇ ਰਹਿਣ ਦੀ ਚਾਹ ਤੇ ਛਿਪ ਦੂਰ ਜਾਣ ਦੀ' ਧਾਰਨਾਂ ਤੇ ਚਲਦੇ ਹੋਏ ਨਾ ਕਿਸੇ ਧਰਮ ਨੂੰ ਸਥਾਪਤ ਕਰਨ ਅਤੇ ਨਾਹੀ ਕਿਸੇ ਧਰਮ ਗ੍ਰੰਥ ਨੂੰ ਲਿਖਣ ਨੂੰ ਤਰਜੀਹ ਦਿੱਤੀ।

ਤਾਓਮਤ ਦੇ ਸੰਸਥਾਪਿਕ ਲਾਓਤਸੂ ਦੇ ਜੀਵਨ ਬਾਰੇ ਵਧੇਰੇ ਵੇਰਵੇ ਨਹੀਂ ਮਿਲਦੇ। ਪਹਿਲੀ ਸਦੀ ਦੇ ਇਕ ਚੀਨੀ ਇਤਿਹਾਸਕਾਰ ਸਜ਼ੀਮਾ ਚੀਏਨ ਨੇ ਉਸ ਦੀ ਸੰਖੇਪ ਜੀਵਨੀ ਲਿਖੀ ਸੀ ਜਿਸ ਵਿਚ ਉਹ ਲਾਓਤਸੂ ਲਈ ਮਾਨਯੋਗ ਅਤੇ ਬਜ਼ੁਰਗ ਵਿਚਾਰਵਾਨ ਸੰਬੋਧਨ ਵਰਤਦਾ ਹੈ। ਉਸ ਬਾਰੇ ਏਨਾ ਪਤਾ ਲੱਗਦਾ ਹੈ ਉਹ 604 ਪੂ. ਈ. ਵਿਚ ਮਧ-ਚੀਨ ਦੇ ਹੂਨਾਨ ਪ੍ਰਾਂਤ ਵਿਚ ਪੈਦਾ ਹੋਇਆ ਸੀ। ਗਰੀਬ ਪਰਿਵਾਰ ਵਿਚੋਂ ਹੁੰਦੇ ਹੋਏ ਵੀ ਆਪ ਨੇ ਛੇਤੀ ਹੀ ਆਪਣੀ ਬੌਧਿਕ ਪ੍ਰਤਿਭਾ ਦੇ ਆਧਾਰ ਤੇ ਚਾਓ ਦੇ ਸਰਕਾਰੀ ਪੁਸਤਕਾਲੇ ਦੇ ਮੁਖੀ ਦੀ ਪਦਵੀ ਪ੍ਰਾਪਤ ਕਰ ਲਈ ਸੀ। ਉਸ ਦੀ ਜੀਵਨ ਪ੍ਰਤੀ ਪਹੁੰਚ ਨਿਰਾਲੀ ਸੀ ਜਿਸ ਕਰਕੇ ਉਸ ਦੇ ਚਿੰਤਕ ਦੀ ਮਹਿਕ ਹੌਲੀ ਹੌਲੀ ਚਾਰ-ਚੁਫੇਰੇ ਫੈਲ ਗਈ। ਲੋਕ ਉਸ ਨੂੰ ਬਜ਼ੁਰਗ ਵਿਚਾਰਵਾਨ ਕਹਿਣ ਲਗੇ। ਉਸ ਦੇ ਜੀਵਨ ਬਾਰੇ ਇਕ ਮਿੱਥ ਕਥਾ ਆਮ ਪ੍ਰਚਲਤ ਹੈ ਕਿ ਉਹ ਮਾਂ ਦੇ ਗਰਭ ਵਿਚ 80 ਸਾਲ ਰਹਿ ਕੇ ਬਿਰਧ ਅਤੇ ਸਿਆਣੇ ਰੂਪ ਵਿਚ ਜੰਮਿਆ ਸੀ। ਅਸਲ ਵਿਚ ਇਸ ਮਿੱਥ ਕਥਾ ਦਾ ਸੰਕੇਤ ਇਹ ਹੈ ਕਿ ਉਹ ਜਮਾਂਦਰੂ ਅਗੰਮੀ ਗਿਆਨ ਨਾਲ ਭਰਪੂਰ ਸੀ। ਵੈਸੇ ਵੀ 'ਲਾਓ' ਦਾ ਅਰਥ ਚੀਨੀ ਭਾਸ਼ਾ ਵਿਚ 'ਬੁੱਢਾ' ਹੁੰਦਾ ਹੈ ਅਤੇ ਤਸੂ ਦਾ 'ਸੁਆਮੀ'। ਇਵੇਂ ਉਹ ਆਪਣੇ ਨਾਮ ਅਤੇ ਕਰਮ ਦੋਵਾਂ ਕਰਕੇ ਉਚੇਰੇ ਚਿੰਤਨ ਦਾ ਮਾਲਕ ਸੀ। ਭਾਵੇਂ ਉਹ ਬਹੁਤ ਹੀ ਸਤਿਕਾਰਯੋਗ ਵਿਚਾਰਵਾਨ ਸੀ ਪਰ ਉਸਨੇ ਕਿਸੇ ਮਤ ਨੂੰ ਨਹੀਂ ਚਲਾਇਆ ਅਤੇ ਉਸਦੇ ਚੇਲਿਆਂ ਦੀ ਗਿਣਤੀ ਵੀ ਸੀਮਤ ਜਿਹੀ ਸੀ। ਜੀਵਨ ਦੇ ਅੰਤਲੇ ਸਮੇਂ ਉਸ ਨੇ ਆਪਣੇ ਸਮਾਜਿਕ ਜੀਵਨ ਨੂੰ ਤਿਆਗਣ ਦਾ ਫੈਸਲਾ ਕਰ ਲਿਆ। ਜਦ ਉਹ ਸ਼ਹਿਰ ਦੇ ਚੁੰਗੀ ਫਾਟਕ ਕੋਲ ਪਹੁੰਚਿਆ ਤਾਂ ਦੁਆਰਪਾਲ ਹਿਲ ਸੀ ਨੇ ਉਸ ਨੂੰ ਜਾਣ ਤੋਂ ਰੋਕ ਲਿਆ। ਇਥੇ ਉਨ੍ਹਾਂ ਦੋਹਾਂ ਵਿਚ ਕੁਝ ਨੋਕ ਝੋਕ ਹੁੰਦੀ ਹੈ ਜਿਸ ਤੋਂ ਦੁਆਰਪਾਲ ਸਮਝ

ਜਾਂਦਾ ਹੈ ਕਿ ਰਾਜ ਦਾ ਸਭ ਤੋਂ ਸਿਆਣਾ ਬਜ਼ੁਰਗ ਅਤੇ ਤੇਜਸਵੀ ਵਿਅਕਤੀ ਹੈ। ਉਹ ਬਹੁਤ ਹੀ ਹਲੀਮੀ ਨਾਲ ਲਾਓਤਸੂ ਨੂੰ ਬੇਨਤੀ ਕਰਦਾ ਹੈ ਕਿ ਰਾਜ ਛੱਡਣ ਤੋਂ ਪਹਿਲਾਂ ਆਪਣੇ ਕੁਝ ਵਿਚਾਰ ਆਉਣ ਵਾਲੀਆਂ ਨਸਲਾਂ ਲਈ ਲਿਖ ਕੇ ਛੱਡ ਜਾਵੇ। ਦੁਆਰਪਾਲ ਦੀ ਇਸ ਬੇਨਤੀ ਅਤੇ ਜ਼ਿਦ ਸਾਹਮਣੇ ਝੁਕ ਕੇ ਲਾਓਤਸੂ ਇਥੇ ਤਿੰਨ ਦਿਨਾਂ ਲਈ ਰੁਕ ਜਾਂਦਾ ਹੈ। ਇਹਨਾਂ ਤਿੰਨਾਂ ਦਿਨਾਂ ਵਿਚ ਉਸ ਨੇ ਪੰਜ ਹਜ਼ਾਰ ਸ਼ਬਦਾ ਵਿਚ ਇਕ ਸੰਖੇਪ ਗ੍ਰੰਥ ਲਿਖਿਆ ਜਿਸ ਦੇ 81 ਅਧਿਆਇ ਹਨ। ਉਸ ਗ੍ਰੰਥ ਦਾ ਨਾਮ ਉਸ ਨੇ 'ਤਾਓ-ਤੇ-ਚਿੰਗ' ਰੱਖਿਆ। ਇਹ ਗ੍ਰੰਥ ਹੀ ਤਾਓ ਧਰਮ ਅਤੇ ਤਾਓ ਪਰੰਪਰਾ ਦਾ ਆਧਾਰ ਬਣਿਆ ਹੈ ਜਿਸ ਨੇ ਪਿਛਲੇ 25 ਸੌ ਸਾਲਾਂ ਤੋਂ ਚੀਨ ਦੇ ਲੋਕਾਂ ਦੇ ਜੀਵਨ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ ਹੈ। ਇਸੇ ਗ੍ਰੰਥ ਦੇ ਆਧਾਰ ਤੇ ਤਾਓ ਧਰਮ ਚੀਨ ਵਿਚ ਫੈਲਿਆ ਜਿਸ ਨੇ ਵਿਸ਼ਵ ਚਿੰਤਨ ਨੂੰ ਵੀ ਪ੍ਰਭਾਵਿਤ ਕੀਤਾ। 87 ਸਾਲ ਦੀ ਉਮਰ ਵਿਚ 517 ਪੂ. ਈ. ਨੂੰ ਇਹ ਮਹਾਨ ਚਿੰਤਨ ਚੀਨੀ ਲੋਕਾਂ ਤੋਂ ਸਦਾ ਲਈ ਵਿਛੜ ਗਿਆ। ਪਛੱਮ ਦੇ ਵਿਦਵਾਨ ਤੇ ਵਿਚਾਰਵਾਨ ਲਾਓਤਸੂ ਨੂੰ ਇਕ ਰੱਹਸਮਈ, ਤੇਜਸੱਵੀ ਅਤੇ ਗੁੱਝੀ ਸ਼ਖ਼ਸੀਅਤ ਵਾਲਾ ਚੀਨੀ ਦਰਸ਼ਨਵੇਤਾ ਦਸਦੇ ਹਨ। ਇਸ ਨੇ ਆਪਣੇ ਜੀਵਨ-ਕਾਲ ਵਿਚ ਨਾ ਤਾਂ ਕੋਈ ਉਪਦੇਸ਼ ਦਿਤਾ ਤੇ ਨਾ ਹੀ ਕਿਸੇ ਧਰਮ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ। ਉਸ ਦਾ ਵਿਅਕਤਿਤਵ ਨਾ ਤਾਂ ਮਹਾਤਮਾ ਬੁੱਧ ਨਾਲ ਮਿਲਦਾ ਹੈ ਜਿਸ ਨੇ ਆਪਣੇ ਜੀਵਨ ਦੇ 42 ਸਾਲ ਲੋਕਾਂ ਨੂੰ ਉਪਦੇਸ਼ ਦੇਣ ਵਿਚ ਲਾ ਦਿੱਤੇ ਅਤੇ ਨਾ ਹੀ ਉਹ ਕਨਫਿਊਸ਼ਿਸ ਨਾਲ ਮਿਲਦਾ ਹੈ ਜੋ ਉਮਰ ਭਰ ਰਾਜਿਆਂ ਅਤੇ ਅਧਿਕਾਰੀਆਂ ਨੂੰ ਸਿਖਿਆਂ ਦੇਣ ਵਿਚ ਸਰਗਰਮ ਰਿਹਾ। ਉਸ ਨੇ ਤਾਂ ਇਕ ਜਗਿਆਸੂ ਅਤੇ ਸ਼ਰਧਾਵਾਨ ਸਾਧਾਰਨ ਵਿਅਕਤੀ ਦੀ ਬੇਨਤੀ ਉੱਪਰ ਆਪਣੇ ਵਿਚਾਰਾਂ ਨੂੰ ਕੁਝ ਪੰਨਿਆਂ ਵਿਚ ਕਲਮਬੰਦ ਕੀਤਾ ਅਤੇ ਹਮੇਸ਼ਾ ਲਈ ਪਰਬਤਾਂ ਵਿਚ ਅਲੋਪ ਹੋ ਗਿਆ। ਉਸ ਦੇ ਇਹਨਾਂ ਸੰਖੇਪ ਵਿਚਾਰਾਂ ਦੀ ਗੂੰਜ ਵਿਸ਼ਵ ਦੇ ਕੋਨੇ ਕੋਨੇ ਵਿਚੋਂ ਸੁਣਾਈ ਹੀ ਨਹੀਂ ਦੇ ਰਹੀ, ਸਗੋਂ ਜਗਿਆਸੂ ਬਿਰਤੀਆਂ ਨੂੰ ਝੰਜੋੜ ਕੇ ਜਾਗ੍ਰਿਤ ਕਰ ਰਹੀ ਹੈ।

ਲਾਓਤਸੂ ਦੇ ਵਿਚਾਰ ਬਹੁਤ ਹੀ ਕ੍ਰਾਂਤੀਕਾਰੀ ਸਨ ਅਤੇ ਉਹ ਪਦਾਰਥਵਾਦੀ ਸਭਿਅਤਾ ਦਾ ਵਿਰੋਧ ਕਰਦਾ ਹਰੇਕ ਵਸਤੂ ਨੂੰ ਕੁਦਰਤੀ ਰੂਪ ਵਿਚ ਇੱਕਲਾ ਛੱਡ ਦੇਣ ਦਾ ਉਪਦੇਸ਼ ਦਿੰਦਾ ਹੈ। ਉਹ ਗਿਆਨ ਤੇ ਬੁੱਧੀ ਦਾ ਸਮਰਥਨ ਨਹੀਂ ਕਰਦਾ ਸੀ ਸਗੋਂ ਅਗਿਆਨ ਦਾ ਪੱਖ ਪੂਰਦਾ ਸੀ। ਉਹ ਕਹਿੰਦਾ ਸੀ - ਅਗਿਆਨ ਨਾਲ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਉਸ ਦੇ ਅਨੁਸਾਰ, "ਸੱਚੇ ਸੰਤ ਨੂੰ ਵਾਦ-ਵਿਵਾਦ ਨਹੀਂ ਕਰਨਾ ਚਾਹੀਦਾ ਸਗੋਂ ਸੰਤੁਸ਼ਟ ਰਹਿਣਾ ਸਿੱਖਣਾ ਚਾਹੀਦਾ ਹੈ ਅਤੇ ਸੰਤੋਖ ਦੀ ਪ੍ਰਾਪਤੀ ਹੁੰਦੀ ਹੈ। ਸੱਚਾ ਸੰਤ ਨਿਹਕਰਮੀ ਰਹਿ ਕੇ ਕਰਮ ਕਰਦਾ ਹੈ ਅਤੇ ਅਬੋਲ ਹੋ ਕੇ ਉਪਦੇਸ਼ ਦਿੰਦਾ ਹੈ।"

ਸਮਾਜ ਵਿਚ ਸੁੱਖ-ਸੁਵਿਧਾ ਅਤੇ ਨਿਆਂ ਪੈਦਾ ਕਰਨ ਵਾਲੇ ਸਾਰੇ ਯਤਨਾਂ ਨੂੰ ਲਾਓਤਸੂ ਵਿਅਰਥ ਤੇ ਖ਼ਤਰਨਾਕ ਮੰਨਦਾ ਸੀ। ਉਹ ਕਹਿੰਦਾ ਸੀ ਕਿ ਕਾਨੂੰਨ ਰਾਹੀਂ ਸਦਗੁਣ ਪੈਦਾ ਕਰਨ ਦਾ ਯਤਨ ਉਲਟ ਨਤੀਜੇ ਹੀ ਲਿਆਏਗਾ। 'ਤਾਓ-ਤੇ-ਚਿੰਗ' ਦੇ 19ਵੇਂ ਅਧਿਆਇ ਵਿਚ ਆਪ ਲਿਖਦੇ ਹਨ -

"ਸੰਤਪੁਣਾ ਖ਼ਤਮ ਕਰ ਦੇਵੋ ਤੇ ਗਿਆਨ ਨੂੰ ਸੁੱਟ ਦੇਵੋ। ਇਸ ਤਰ੍ਹਾਂ ਕਰਨ ਨਾਲ ਲੋਕਾਂ ਦਾ ਸੌ ਗੁਣਾ ਭਲਾ ਹੋਵੇਗਾ। ਨੈਤਿਕਤਾ ਨੂੰ ਖ਼ਤਮ ਕਰ ਦੇਵੋ, ਈਮਾਨਦਾਰੀ ਨੂੰ ਸੁੱਟ ਦੇਵੋ, ਲੋਕ

ਪਿਤਰੀ ਸ਼ਰਧਾ ਤੇ ਰਹਿਮ ਵਰਗੇ ਸੰਕਲਪਾਂ ਵਲ ਪਰਤ ਜਾਣਗੇ। ਚਲਾਕੀ ਨੂੰ ਖ਼ਤਮ ਕਰ ਦੇਵੋ ਅਤੇ ਲਾਭ ਨੂੰ ਸੁੱਟ ਦੇਵੋ, ਲੁਟੇਰੇ ਤੇ ਚੋਰ ਆਪਣੇ ਆਪ ਖ਼ਤਮ ਹੋ ਜਾਣਗੇ। ਇਹ ਤਿੰਨ ਕਹਾਵਤਾਂ ਪੂਰੀਆਂ ਨਹੀਂ ਹਨ, ਇਸ ਲਈ ਸਪਸ਼ਟਤਾ ਤੇ ਅਸਲ ਨੂੰ ਧਾਰਣ ਕਰੋ। ਆਪਣੇ ਸਵਾਰਥ ਤੇ ਇਛਾਵਾਂ ਨੂੰ ਘਟਾਓ। ਆਪਣੀ ਸਿਖਿਆ ਨੂੰ ਤਿਆਗ ਦੇਵੋ, ਝੇਲੇੜੇ ਫਿਕਰਾਂ ਤੋਂ ਮੁਕਤ ਹੋ ਜਾਵੋਗੇ।"

ਜਿਸ ਤਰ੍ਹਾਂ ਲਾਓਤਸੂ ਸਭ ਨੂੰ ਇਕਲਿਆਂ ਛੱਡਣ ਨੂੰ ਦੇਣ ਦੀ ਸਲਾਹ ਦਿੰਦਾ ਸੀ, ਇਵੇਂ ਹੀ ਉਹ ਸਭ ਨੂੰ ਆਪਣੀ ਥਾਂ ਠਹਿਰੇ ਰਹਿਣ ਦੀ ਵੀ ਸਲਾਹ ਦਿੰਦਾ ਸੀ। ਉਹ 'ਤਾਓ-ਤੇ-ਚਿੰਗ' ਦੇ 47ਵੇਂ ਅਧਿਆਇ ਵਿਚ ਲਿਖਦਾ ਹੈ-

"ਆਪਣੇ ਘਰ ਦੇ ਦਰਵਾਜ਼ੇ ਤੋਂ ਬਾਹਰ ਜਾਣ ਦੇ ਬਗ਼ੈਰ ਹੀ ਸਾਰੇ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਘਰ ਦੀਆਂ ਖਿੜਕੀਆਂ ਤੋਂ ਬਾਹਰ ਝਾਕੇ ਬਗ਼ੈਰ ਹੀ ਸਵਰਗ ਦੇ ਤਾਓ ਨੂੰ ਜਾਣਿਆ ਜਾ ਸਕਦਾ ਹੈ। ਜੋ ਜਿੰਨਾ ਅੱਗੇ ਵਧਦਾ ਹੈ, ਓਨਾ ਹੀ ਪਿੱਛੇ ਰਹਿ ਜਾਂਦਾ ਹੈ। ਸੰਤ ਲੋਕ ਚਲੇ ਬਿਨਾਂ ਹੀ ਸਭ ਕੁਝ ਜਾਣ ਲੈਂਦੇ ਹਨ। ਕਿਸੇ ਵਸਤੂ ਨੂੰ ਦੇਖੇ ਬਿਨਾ ਹੀ ਉਸਦਾ ਨਾਂ ਦਸ ਦਿੰਦੇ ਹਨ ਅਤੇ ਬਿਨਾਂ ਕੋਈ ਕਰਮ ਕੀਤੇ ਸਭ ਕੁਝ ਨੇਪਰੇ ਚਾੜ੍ਹ ਲੈਂਦੇ ਹਨ।"

ਲਾਓਤਸੂ ਜਿਸ ਆਦਰਸ਼ ਸਮਾਜ ਦੀ ਕਲਪਨਾ ਕਰਦਾ ਸੀ, ਉਸ ਵਿਚ ਥੋੜੇ ਜਿਹੇ ਵਿਅਕਤੀਆਂ ਦੀ ਹੋਂਦ ਨੂੰ ਹੀ ਸਵੀਕਾਰ ਕਰਦਾ ਸੀ। ਉਹ ਸਮਝਦਾ ਸੀ ਵਧੇਰੇ ਲੋਕਾਂ ਨਾਲ ਸੰਘਰਸ਼ ਉਤਪੰਨ ਹੁੰਦਾ ਹੈ ਅਤੇ ਸ਼ਾਂਤੀ ਭੰਗ ਹੁੰਦੀ ਹੈ। ਥੋੜੇ ਜਿਹੇ ਲੋਕਾਂ ਪਾਸ ਥੋੜੀਆਂ ਜਿਹੀਆਂ ਹੀ ਵਸਤਾਂ ਹੋਣ ਅਤੇ ਉਨ੍ਹਾਂ ਨਾਲ ਹੀ ਉਹ ਸੰਤੁਸ਼ਟ ਰਹਿਣ। ਉਨ੍ਹਾਂ ਵਿਚ ਅੱਗੇ ਵਧਣ ਅਤੇ ਪਦਾਰਥ ਸੰਚਿਤ ਕਰਨ ਦੀ ਹੋੜ ਨਾ ਹੋਵੇ। ਉਹ ਕਹਿੰਦਾ ਸੀ - "ਦੇਸ਼ ਛੋਟੇ ਹੋਣ ਦੇਵੋ, ਅਬਾਦੀ ਘੱਟ ਹੋਣ ਦੇਵੋ, ਹਥਿਆਰ ਭਾਵੇਂ ਦਸਾਂ ਲਈ ਹੋਣ ਭਾਵੇਂ ਸੈਕੜਿਆਂ ਲਈ, ਪਰ ਕੋਈ ਉਹਨਾਂ ਨੂੰ ਵਰਤ ਨਾ ਸਕੇ। ਲੋਕ ਜੀਵਨ ਦਾ ਮੁੱਲ ਸਮਝਣ ਤੇ ਦੂਸਰੀਆਂ ਥਾਵਾਂ ਤੇ ਜਾ ਕੇ ਵਸਣ ਬਾਰੇ ਨਾ ਸੋਚਣ। ਉਹ ਆਪਣੇ ਭੋਜਨ ਦਾ ਆਨੰਦ ਮਾਨਣ , ਆਪਣੇ ਕੱਪੜਿਆਂ ਦੇ ਸਹੱਪਣ ਦਾ ਲੁਤਫ਼ ਲੈਣ ਤੇ ਆਪਣੇ ਘਰਾਂ ਵਿਚ ਸੁਰੱਖਿਅਤ ਮਹਿਸੂਸ ਕਰਨ। ਗੁਆਂਢੀ ਰਾਜ ਇਕ ਦੂਸਰੇ ਦੀ ਦੇਖ ਭਾਲ ਕਰਨ ਅਤੇ ਉਹ ਏਨੇ ਕਰੀਬ ਹੋਣ ਕਿ ਕੁੱਤਿਆਂ ਦਾ ਭੌਂਕਣਾ ਤੇ ਕੁੱਕੜਾਂ ਦੀਆਂ ਬਾਂਗਾ ਸੁਣਾਈ ਦੇਣ ਅਤੇ ਲੋਕ ਆਪਣੇ ਆਖਰੀ ਦਿਨਾਂ ਤਕ ਵੀ ਆਪਣੇ ਦੇਸ਼ ਤੋਂ ਬਾਹਰ ਨਾ ਗਏ ਹੋਣ।"

ਲਾਓਤਸੂ ਕਹਿੰਦਾ ਸੀ ਕਿ ਸੰਸਾਰ ਵਿਚ ਜੋ ਵੀ ਵਸਤੂਆਂ ਹਨ ਉਹਨਾਂ ਸਭਨਾਂ ਦੇ ਪਿੱਛੇ ਇਕ ਅਗੰਮੀ ਸ਼ਕਤੀ ਕੰਮ ਕਰਦੀ ਹੈ। ਭਾਵੇਂ ਸ਼ਕਤੀਆਂ ਅਨੇਕਾਂ ਹਨ ਪਰ ਇਨ੍ਹਾਂ ਪਿੱਛੇ ਇਕ ਮਹਾਂਸ਼ਕਤੀ ਹੈ ਜਿਸ ਦਾ ਉਦੇਸ਼ ਵਿਆਪਕ ਸ਼ਕਤੀਆਂ ਨੂੰ ਪੈਦਾ ਕਰਨਾ ਹੈ। ਇਸ ਮਹਾਂਸ਼ਕਤੀ ਨੂੰ ਲਾਓਤਸੂ 'ਯੂ' ਕਹਿੰਦਾ ਹੈ। ਇਹ ਸ਼ਕਤੀ ਖ਼ੁਦ ਅਸੱਤਾ ਤੋਂ ਪੈਦਾ ਹੁੰਦੀ ਹੈ ਜਿਸ ਨੂੰ 'ਵੂ' ਕਿਹਾ ਜਾ ਸਕਦਾ ਹੈ। ਪਰੰਤੂ ਇਸ ਦਾ ਇਹ ਅਰਥ ਨਹੀਂ ਕਿ ਇਕ ਸਮਾਂ ਸੀ ਜਦ ਅਸੱਤਾ ਹੀ ਸੀ ਤੇ ਫਿਰ ਕੁਝ ਸਮੇਂ ਪਿੱਛੋਂ ਉਸਨੇ ਸੱਤਾ ਨੂੰ ਪੈਦਾ ਕੀਤਾ। ਇਹ ਵਿਚਾਰ ਤਾਂ ਤਰਕ ਦੇ ਖੇਤਰ ਤਕ ਹੀ ਸੀਮਤ ਹਨ। ਦੇਸ-ਕਾਲ ਦੀਆਂ ਸੀਮਾਵਾਂ ਵਿਚ ਤਾਂ ਵਿਭਿੰਨ ਸ਼ਕਤੀਆਂ ਵਿਦਵਾਨ ਹਨ ਪਰ ਅਸ਼ਕਤੀ ਦੇਸ-ਕਾਲ ਦੀਆਂ ਸੀਮਾਵਾਂ ਤੋਂ ਬਾਹਰ ਹੈ। ਸੰਸਾਰ ਵਿਚ ਜੋ ਵੀ ਘਟਨਾਵਾਂ ਘਟਦੀਆਂ

ਹਨ ਅਤੇ ਤਬਦੀਲੀਆਂ ਆਉਂਦੀਆਂ ਹਨ, ਉਨ੍ਹਾਂ ਦੇ ਪਿੱਛੇ ਇਕ ਅਬਦਲ ਨੀਯਮ ਕੰਮ ਕਰਦਾ ਹੈ। ਜਿਸ ਨੂੰ ਲਾਓਤਸੂ 'ਚਾਂਗ' ਕਹਿੰਦਾ ਹੈ। ਉਹ ਤਾਂ ਇਹ ਵੀ ਕਹਿੰਦਾ ਸੀ ਕਿ ਸੰਸਾਰਿਕ ਵਸਤਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਜਦ ਇਹ ਆਪਣੀ ਚਰਮ ਸੀਮਾਂ ਤਕ ਜਾਂਦੀਆਂ ਹਨ ਤਾਂ ਪਿੱਛੇ ਹਟਣ ਲੱਗਦੀਆਂ ਹਨ। ਇਸ ਦਾ ਭਾਵ ਇਹ ਹੈ ਕਿ ਵਿਕਾਸ ਆਪਣੀ ਇਕ ਸੀਮਾ ਤੇ ਪਹੁੰਚ ਕੇ ਵਿਰੋਧੀ ਗੁਣ ਉਤਪੰਨ ਕਰ ਲੈਂਦਾ ਹੈ। ਦੁੱਖ ਦੇ ਮਾਧਿਅਮ ਵਿਚੋਂ ਹੀ ਸੁੱਖ ਨੇ ਉਜਾਗਰ ਹੋਣਾ ਹੁੰਦਾ ਹੈ ਅਤੇ ਜਿਸ ਪਾਸ ਸੁੱਖ ਵਧੇਰੇ ਹਨ, ਉਹ ਭਟਕ ਜਾਂਦਾ ਹੈ। ਉਹ ਕਹਿੰਦਾ ਸੀ ਕਿ ਅਬਦਲੀ ਦੇ ਇਸ ਮੂਲ ਨਿਯਮ ਨੂੰ ਸਮਝ ਕੇ ਹੀ ਮਨੁੱਖ ਨੂੰ ਆਪਣਾ ਵਿਵਹਾਰ ਕਰਨਾ ਚਾਹੀਦਾ ਹੈ, ਨਹੀਂ ਤਾਂ ਅੰਨ੍ਹੇ ਖੂਹ ਵਿਚ ਡਿੱਗ ਪਵੇਗਾ। ਤੂਫਾਨ ਦਿਨ ਭਰ ਨਹੀਂ ਚਲਦਾ, ਕੋਮਲ ਵਸਤੂ ਸੰਸਾਰ ਦੀਆਂ ਕਠੋਰਤਮ ਵਸਤਾਂ ਨੂੰ ਵੀ ਝੁਕਾਅ ਦਿੰਦੀਆਂ ਹਨ। ਜੋ ਵਿਅਕਤੀ ਖ਼ੁਦ ਨੂੰ ਝੁਕਾਅ ਲਵੇਗਾ, ਉਹ ਸਦਾ ਕਾਇਮ ਰਹੇਗਾ। ਜੋ ਖ਼ੁਦ ਨੂੰ ਘਟ ਸਮਝੇ, ਉਹ ਪਰਿਪੂਰਨ ਹੋਵੇਗਾ। ਜੋ ਖ਼ੁਦ ਨੂੰ ਮੁਸ਼ਕਤ ਰਾਹੀਂ ਘਸਾਵੇਗਾ, ਉਹ ਸਦਾ ਸਵਾਸਥ ਤੇ ਪੁਸ਼ਟ ਹੋਵੇਗਾ। ਜੋ ਖ਼ੁਦ ਨੂੰ ਅਮੀਰ ਬਣਾਵੇਗਾ, ਉਹ ਹੀਣਤਾ ਨੂੰ ਪ੍ਰਾਪਤ ਕਰੇਗਾ। ਜੋ ਆਪਣਾ ਪ੍ਰਦਰਸ਼ਨ ਨਹੀਂ ਕਰਦਾ, ਉਹ ਪ੍ਰਕਾਸ਼ਤ ਹੁੰਦਾ ਹੈ। ਜੋ ਆਪਣੀ ਉਸਤਤ ਨਹੀਂ ਕਰਦਾ, ਉਸਦੀ ਸਭ ਪ੍ਰਸ਼ੰਸਾ ਕਰਦੇ ਹਨ। ਇਸ ਦਾ ਭਾਵ ਇਹ ਹੈ ਕਿ ਮਨੁੱਖ ਜੋ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਦੇ ਉਲਟ ਤੋਂ ਆਰੰਭ ਕਰੇ। ਜੇਕਰ ਉਹ ਕਿਸੇ ਚੀਜ਼ ਉਪਰ ਅਧਿਕਾਰ ਜਮਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਇਸ ਵਿਚ ਵਿਰੋਧੀ ਤੱਤ ਵੀ ਵਿਦਮਾਨ ਹਨ। ਜਦੋਂ ਕੋਈ ਸ਼ਾਸ਼ਕ ਬਣਨਾ ਚਾਹੇ ਤਾਂ ਉਸ ਨੂੰ ਆਪਣੇ ਆਪ ਨੂੰ ਕਮਜ਼ੋਰ ਮੰਨ ਕੇ ਕਾਰਜ ਕਰਨਾ ਚਾਹੀਦਾ ਹੈ। ਜੇਕਰ ਕੋਈ ਪੂੰਜੀਪਤੀ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਇਸ ਵਿਚ ਸਮਾਜਵਾਦ ਦੇ ਤੱਤਵ ਨਿਹਿਤ ਹਨ। ਇਸ ਨੂੰ ਵਿਵਹਾਰਿਕ ਗਿਆਨ ਕਹਿੰਦੇ ਹਨ। ਇਸੇ ਲਈ ਲਾਓਤਸੂ ਕਹਿੰਦਾ ਹੈ -

"ਸੰਤ ਸਦਾ ਪਿੱਛੇ ਰਹਿੰਦੇ ਹੋਏ ਵੀ ਅੱਗੇ ਰਹਿ੍ੰਦਾ ਹੈ। ਬਾਹਰ ਰਹਿੰਦੇ ਹੋਏ, ਅੰਦਰ ਰਹਿੰਦਾ ਹੈ। ਚੁੱਪ ਰਹਿੰਦਾ ਹੋਇਆ ਵੀ, ਉਹ ਬੋਲਦਾ ਹੈ। ਆਪਣੇ ਲਈ ਕੁਝ ਨਾ ਕਰਦਾ ਹੋਇਆ ਵੀ, ਉਸ ਦੇ ਸਾਰੇ ਉਦੇਸ਼ ਸੰਪੂਰਨ ਹੋ ਜਾਂਦੇ ਹਨ। ਭਾਵ ਉਹ ਆਪਣੇ ਆਪ ਨੂੰ ਸਾਹਮਣੇ ਨਹੀਂ ਲਿਆਉਂਦਾ, ਇਸ ਲਈ ਸਾਰੇ ਉਸ ਨੂੰ ਦੇਖਦੇ ਹਨ। ਉਹ ਆਪਣੀ ਵਿਆਖਿਆ ਨਹੀਂ ਕਰਦਾ, ਇਸ ਲਈ ਸਭ ਉਸ ਨੂੰ ਸਹੀ ਸਮਝਦੇ ਹਨ। ਉਹ ਆਪਣੀ ਗੱਲ ਠੋਸਦਾ ਨਹੀਂ, ਇਸ ਲਈ ਸਫਲ ਹੁੰਦਾ ਹੈ।"

ਲਾਓਤਸੂ ਕਰਮ ਨੂੰ ਅਕਰਮ ਦੇ ਢੰਗ ਨਾਲ ਕਰਨ ਦਾ ਉਪਦੇਸ਼ ਦਿੰਦਾ ਸੀ। ਇਸ ਨੂੰ ਚੀਨੀ ਭਾਸ਼ਾ ਵਿਚ 'ਵੂ-ਵੇਈ' ਕਹਿੰਦੇ ਹਨ। ਇਸ ਦਾ ਅਰਥ ਇਹ ਹੈ ਕਿ ਜ਼ਰੂਰੀ ਕੰਮ ਕਰਨੇ ਚਾਹੀਦੇ ਹਨ ਅਤੇ ਜੋ ਕੀਤੇ ਜਾਣ, ਉਹ ਵਿਖਾਵੇ ਲਈ ਨਾ ਕੀਤੇ ਜਾਣ। ਕਿਸੇ ਕੰਮ ਨੂੰ ਜ਼ਰੂਰਤ ਤੋਂ ਵਧੇਰੇ ਜਾਂ ਗਲਤ ਢੰਗ ਨਾਲ ਕਰਨ ਨਾਲੋਂ ਇਹ ਚੰਗਾ ਹੈ ਕਿ ਉਹ ਕੰਮ ਕੀਤੇ ਹੀ ਨਾ ਜਾਣ। ਇਸ ਦੀ ਵਿਆਖਿਆ ਵਿਚ ਚੁਆਂਗ ਤਸੂ ਇਕ ਕਹਾਣੀ ਸੁਣਾਉਂਦਾ ਹੈ ਕਿ ਇਕ ਵਾਰ ਕੁਝ ਲੋਕਾਂ ਨੇ ਛੋਟੀ ਤੋਂ ਛੋਟੀ ਸੱਪ ਦਾ ਚਿੱਤਰ ਬਨਾਉਣ ਦੀ ਪ੍ਰਤੀਯੋਗਤਾ ਕੀਤੀ। ਇਕ ਆਦਮੀ ਨੇ ਜਦੋਂ ਕਾਹਲੀ ਨਾਲ ਆਪਣਾ ਚਿੱਤਰ ਬਣਾ ਲਿਆ ਤਾਂ ਉਸ ਨੇ ਦੂਜਿਆਂ ਵਲ ਦੇਖਿਆ ਕਿ ਉਸ ਦਾ

ਚਿੱਤਰ ਸਭ ਤੋਂ ਘਟੀਆ ਹੈ। ਉਸ ਨੇ ਚਿੱਤਰ ਨੂੰ ਵਧੀਆ ਬਨਾਉਣ ਲਈ ਸੱਪ ਦੇ ਪੈਰ ਲਾਉਣੇ ਸ਼ੁਰੂ ਕਰ ਦਿਤੇ। ਇਸ ਪ੍ਰਤੀਯੋਗਤਾ ਵਿਚ ਉਹ ਹਾਰ ਗਿਆ ਕਿਉਂਕਿ ਸੱਪ ਦੇ ਪੈਰ ਨਹੀਂ ਹੁੰਦੇ। ਇਸ ਲਈ ਕਿਸੇ ਕੰਮ ਨੂੰ ਲੋੜ ਤੋਂ ਵਧੇਰੇ ਕਰਨਾ, ਉਸ ਦੇ ਉਦੇਸ਼ ਨੂੰ ਨਸ਼ਟ ਕਰਨਾ ਹੈ।

ਲਾਓਤਸੂ ਦੇ ਬਚਨਾਂ ਤੋਂ ਅਕਸਰ ਇਹ ਬੋਧ ਹੁੰਦਾ ਹੈ ਕਿ ਉਹ ਕਰਮ ਨਾ ਕਰਨ ਦਾ ਸਮਰਥਕ ਸੀ ਜਿਵੇਂ ਕਿ ਜੋ ਕੁਝ ਨਹੀਂ ਕਰਦਾ, ਉਹ ਸੰਸਾਰ ਨੂੰ ਜਿਤੱਦਾ ਹੈ। ਕੁਝ ਕਰਕੇ ਮਨੁੱਖ ਸੰਸਾਰ ਨੂੰ ਜਿੱਤ ਨਹੀਂ ਸਕਦਾ। ਜੋਵੇ, ਉਸ ਨੂੰ ਆਪਣੀ ਬੁੱਧੀ ਦੇ ਅਨੁਸਾਰ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਉਸ ਦੇ ਟੀਕਾਕਾਰਾਂ ਨੇ ਇਨ੍ਹਾਂ ਵਿਚਾਰਾਂ ਨੂੰ ਸੋਧ ਕੇ ਗ੍ਰਹਿਣ ਕੀਤਾ ਤੇ ਕਿਹਾ ਕਿ ਮਨੁੱਖ ਨੂੰ ਉਹੀ ਕਰਨਾ ਚਾਹੀਦਾ ਹੈ ਜੋ ਉਸ ਲਈ ਜ਼ਰੂਰੀ ਹੈ। ਮਨੁੱਖ ਨੂੰ ਸੰਸਾਰ ਦਾ ਸੁਧਾਰ ਕਰਨ ਦੇ ਚੱਕਰ ਵਿਚ ਨਹੀਂ ਪੈਣਾ ਚਾਹੀਦਾ, ਸਗੋਂ ਆਪਣਾ ਸੁਧਾਰ ਕਰਨਾ ਚਾਹੀਦਾ ਹੈ। ਲਾਓਤਸੂ ਇਹ ਵੀ ਕਹਿੰਦਾ ਸੀ ਕਿ ਮਨੁੱਖ ਗਿਆਨ ਪ੍ਰਾਪਤ ਨਾ ਕਰੇ। ਗਿਆਨ ਕਾਮਨਾ ਦਾ ਪ੍ਰਤੀਕ ਹੈ। ਗਿਆਨ ਦੇ ਕਾਰਨ ਹੀ ਮਨੁੱਖ ਆਪਣੇ ਇਛੱਤ ਪਦਾਰਥਾਂ ਨੂੰ ਜਾਣਦਾ ਹੋਇਆ ਪ੍ਰਾਪਤ ਕਰਦਾ ਹੈ। ਗਿਆਨ ਵਧਣ ਨਾਲ ਲੋਕ ਇਹ ਜਾਣਦੇ ਹਨ ਕਿ ਸੰਤੁਸ਼ਟ ਕਿਵੇਂ ਹੋਇਆ ਜਾਵੇ। ਗਿਆਨ ਤੇ ਬੁੱਧੀ ਦੇ ਵਧਣ ਨਾਲ ਢੋਗੀਆਂ ਦੀ ਸੰਖਿਆ ਵੀ ਵਧ ਜਾਵੇਗੀ। ਜ਼ਿੰਦਗੀ ਪ੍ਰਤੀ ਲਾਓਤਸੂ ਦਾ ਨਜ਼ਰੀਆ ਖਿਲਕੁਲ ਹੀ ਨਿਵੇਕਲੀ ਭਾਂਤ ਸੀ। ਉਹ 'ਤਾਓ-ਤੇ-ਚਿੰਗ' ਵਿਚ ਲਿਖਦਾ ਹੈ –

"ਦੂਸਰਿਆਂ ਨੂੰ ਸਮਝਣਾ ਗਿਆਨਵਾਨ ਹੋਣਾ ਹੈ,
ਆਪਣੇ ਆਪ ਨੂੰ ਸਮਝਣਾ ਬੁੱਧੀਮਾਨ ਹੋਣਾ ਹੈ।
ਦੂਸਰਿਆਂ ਨੂੰ ਜਿੱਤਣਾ ਬਲਵਾਨ ਹੋਣਾ ਹੈ,
ਆਪਣੇ ਆਪ ਨੂੰ ਜਿੱਤਣਾ ਸ਼ਕਤੀਵਾਨ ਹੋਣਾ ਹੈ।
ਆਪਣੀ ਖੁਸ਼ੀ ਨੂੰ ਜਾਣ ਲੈਣਾ ਅਮਰ ਹੋਣਾ ਹੈ,
ਤਾਕਤ ਦੇ ਸਹਾਰੇ ਅੱਗੇ ਵਧਣਾ ਸੁਪਨਸ਼ੀਲ ਹੋਣਾ ਹੈ।
ਆਪਣੇ ਸਥਾਨ ਨੂੰ ਗਵਾਉਣਾ ਦੇਰ ਤਕ ਬਣੇ ਰਹਿਣਾ ਹੈ,
ਮਰਨ ਤੋਂ ਬਾਅਦ ਵੀ ਨਾ ਭੁਲਾਇਆ ਜਾਣਾ ਅਸਲ ਵਿਚ
ਚਿਰਜੀਵੀ ਹੋਣਾ ਹੈ।"

ਉਪਰੋਕਤ ਇਹਨਾਂ ਸਭ ਗੱਲਾਂ ਵਿਚੋਂ ਹੀ ਉਸ ਦਾ ਰਾਜਨੀਤਿਕ ਦਰਸ਼ਨ ਉਜਾਗਰ ਹੁੰਦਾ ਹੈ। ਉਹ ਕਹਿੰਦਾ ਸੀ ਕਿ ਸ਼ਾਸ਼ਨ ਦੀ ਵਾਂਗਡੋਰ ਸੰਤਾਂ ਦੇ ਹੱਥ ਵਿਚ ਹੋਣੀ ਚਾਹੀਦੀ ਹੈ। ਇਹ ਕਾਨੂੰਨ ਨਹੀਂ ਬਣਾਉਣਗੇ ਸਗੋਂ ਕੁਦਰਤੀ ਜੀਵਨ ਜਿਊਣ ਦੀ ਜਾਂਚ ਸਿਖਾਉਣਗੇ। ਸੰਸਾਰ ਵਿਚ ਜਿੰਨੇ ਹੀ ਵਧੇਰੇ ਕਾਨੂੰਨ ਹੋਣਗੇ, ਜਨਤਾ ਓਨੀ ਹੀ ਚੋਰ ਹੋਵੇਗੀ। ਜਿੰਨ੍ਹੇ ਪ੍ਰਬੰਧ ਚਲਾਉਣ ਲਈ ਹਥਿਆਰ ਹੋਣਗੇ ਓਨੀ ਹੀ ਦੇਸ਼ ਵਿਚ ਅਸ਼ਾਂਤੀ ਹੋਵੇਗੀ।

ਲਾਓਤਸੂ ਦਾ ਤਾਓਮਤ

ਲਾਓਤਸੂ ਦਾ ਸਭ ਤੋਂ ਵੱਡਾ ਯੋਗਦਾਨ 'ਤਾਓ' ਦੀ ਕਲਪਨਾ ਹੈ। ਭਾਵੇਂ ਇਹ ਸੰਕਲਪ ਕੋਈ ਨਵਾਂ ਨਹੀਂ ਕਿਉਂਕਿ ਭਾਰਤੀ ਚਿੰਤਨ ਵਿਚ ਇਸ ਨੂੰ 'ਸ਼ਬਦ ਬ੍ਰਹਮ' ਕਿਹਾ ਗਿਆ ਹੈ ਅਤੇ ਯੂਨਾਨੀ ਚਿੰਤਕ ਇਸ ਨੂੰ ਲੋਗੋਸ (Logos) ਦਾ ਨਾਮ ਦਿੰਦੇ ਹਨ। ਚੀਨੀ ਧਰਮਾਂ ਵਿਚ ਇਸ ਸੰਕਲਪ ਦਾ ਮਹੱਤਵ ਬਹੁਤ ਵਧੇਰੇ ਹੈ ਕਿਉਂਕਿ ਇਸ ਸੰਕਲਪ ਰਾਹੀਂ ਹੀ ਚੀਨੀ ਲੋਕ

ਅਧਿਆਤਮਿਕਤਾ ਨਾਲ ਜੁੜਦੇ ਹਨ। ਇਸੇ ਸੰਕਲਪ ਕਰਕੇ ਹੀ ਲਾਓਤਸੂ ਕਨਫਿਊਸ਼ਿਸ ਤੋਂ ਅਗੇਰੇ ਹੈ। ਭਾਵੇਂ 'ਤਾਓ' ਸ਼ਬਦ ਚੀਨੀ ਭਾਸ਼ਾ ਵਿਚ ਪਰਮਾਤਮਾ, ਮਾਰਗ, ਰਸਤਾ, ਪੰਥ, ਵਿਵੇਕ, ਵਿਧਾਨ, ਹੁਕਮ, ਸਰਬ ਗਿਆਤਾ, ਸ੍ਰਿਸ਼ਟੀ ਦਾ ਅਗਿਆਤ ਤੱਤਵ, ਮਨ ਤੇ ਮਾਇਆ ਨੂੰ ਹਰਕਤ ਦੇਣ ਵਾਲੇ ਨਿਯਮ ਆਦਿ ਅਨੇਕ ਰੂਪਾਂ ਵਿਚ ਵਰਤਿਆ ਗਿਆ ਹੈ। ਲਾਓਤਸੂ ਆਪਣੀ ਪਵਿੱਤਰ ਰਚਨਾ 'ਤਾਓ-ਤੇ-ਚਿੰਗ' ਵਿਚ ਤਾਓ ਨੂੰ ਬ੍ਰਹਿਮੰਡ ਦੀ ਉਤਪਤੀ, ਸਥਿਤੀ ਅਤੇ ਸੰਚਾਲਨ ਦੇ ਆਧਾਰ ਤੇ ਪਰਮਾਤਮਾਂ ਦੀ ਕਾਰਜ ਕਾਰਣੀ ਸ਼ਕਤੀ ਮੰਨਦਾ ਹੈ। ਤਾਓ ਕੋਈ ਭੌਤਿਕ ਨਹੀਂ, ਸਗੋਂ ਪਰਾਭੌਤਿਕ ਹੈ। ਸਾਰੀਆਂ ਭੌਤਿਕ ਵਸਤਾ ਅਤੇ ਪਦਾਰਥ ਇਸ ਵਿਚ ਸਮਾਏ ਹੋਏ ਹਨ। ਇਹ ਅਰੂਪ ਹੁੰਦਾ ਹੋਇਆ ਵੀ ਸਭ ਰੂਪਾਂ ਨੂੰ ਘੜਨ ਵਾਲਾ ਹੈ। ਤਾਓ ਪਰਮੇਸ਼ਰੀ ਨਿਯਮ (Divine Law) ਹੈ ਕਿਉਂਕਿ 'ਮਾਤਲੋਕ' (ਸੰਸਾਰ) ਅਤੇ 'ਦੇਵੀ ਲੋਕ' (ਬ੍ਰਹਿਮੰਡ) ਸਭ ਇਸਦੇ ਨਿਯਮਾਂ ਅਧੀਨ ਚਲਦੇ ਹਨ। ਤਾਓ ਸਹਿਜ, ਸਤਿ, ਅਨਾਦੀ, ਅਨਾਮੀ ਹੈ। ਜਦ ਇਸ ਨੇ ਪ੍ਰਕਿਰਤੀ, ਵਸਤੂਆਂ ਅਤੇ ਇਨ੍ਹਾਂ ਦੇ ਧਰਮਾਂ ਨੂੰ ਉਤਪੰਨ ਕੀਤਾ ਤਾਂ ਇਹ ਅਨਾਮੀ ਤੋਂ ਨਾਮੀ ਹੋ ਗਿਆ। ਇਹ ਸਿਰਫ ਸ੍ਰਿਸ਼ਟੀ ਦਾ ਮੂਲ ਕਾਰਨ ਹੀ ਨਹੀਂ ਹੈ, ਸਗੋਂ ਸਭ ਵਸਤਾਂ ਲਈ ਨਿਯਮ ਅਤੇ ਆਦਰਸ਼ ਵੀ ਹੈ। ਇਹ ਨੇਕੀ ਤੇ ਬਦੀ ਤੋਂ ਪਰੇ ਸਹਿਜ ਅਵਸਥਾ ਦਾ ਸੂਚਕ ਹੈ।

ਤਾਓ ਦੇ ਸਰੂਪ ਨੂੰ ਸਪਸ਼ਟ ਕਰਦੇ ਹੋਏ ਲਾਓਤਸੂ ਨੇ 'ਤਾਓ-ਤੇ-ਚਿੰਗ' ਵਿਚ ਇਸ ਦੇ ਤਿੰਨ ਪੱਖ ਬਿਆਨ ਕੀਤੇ ਹਨ। ਤਾਓ ਦਾ ਪਹਿਲਾ ਪੱਖ ਹੈ ਕਿ ਇਹ ਅੰਤਿਮ ਸੱਚ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਉਹ ਆਪਣੇ ਪਵਿੱਤਰ ਗ੍ਰੰਥ ਦੇ ਆਰੰਭਿਕ ਸ਼ਬਦਾਂ ਵਿਚ ਹੀ ਲਿਖਦਾ ਹੈ-

"ਜਿਸ 'ਰਾਹ' ਦੀ ਵਿਆਖਿਆ ਹੋ ਸਕੇ, ਉਹ 'ਰਾਹ' ਸਦੀਵੀ ਨਹੀਂ ਹੈ।
ਜਿਸ ਨਾਮ ਦੀ ਮਿਥਣਾ ਹੋ ਸਕੇ,
ਉਹ ਨਾਮ ਸਦਾ ਇਕ-ਰਸ ਰਹਿਣ ਵਾਲਾ ਨਾਮ ਹੈ।
ਨਾਮ-ਰਹਿਤ ਸਭ ਕਾਸੇ ਦਾ ਆਰੰਭ ਕਰਤਾ ਹੈ।
ਜੋ ਇੱਛਾਵਾਂ ਤੋਂ ਮੁਕਤ ਹੋ ਗਏ ਹਨ,
ਉਹੀ 'ਤਾਓ' ਦੇ ਇਸ ਸੂਖਮ ਭੇਦ ਨੂੰ ਜਾਣ ਸਕਦੇ ਹਨ।"

ਲਾਓਤਸੂ ਦਾ ਤਾਓ ਦਾ ਸੰਕਲਪ ਗੁਰਬਾਣੀ ਦੇ ਮੁਹਾਵਰੇ ਵਿਚ 'ਸ਼ਬਦ' ਸਰੂਪ ਹੈ ਜੋ 'ਕਹਣਾ ਕਥਨੁ ਨ ਜਾਈ' ਵਾਂਗ ਮਨੁੱਖੀ ਭਾਸ਼ਾ ਦਾ ਵਿਸ਼ਾ ਨਹੀਂ ਹੈ, ਸਗੋਂ ਸ਼ੁਧ ਚੇਤਨਾ ਹੈ। ਇਹ ਅਥਾਹ ਤੇ ਅਕੱਥ ਹੈ ਅਤੇ ਹਰ ਵਸਤੂ-ਵਰਤਾਰੇ ਵਿਚ ਰਮਿਆ ਹੋਇਆ ਹੈ। ਇਹੀ (ਤਾਓ) ਸਭ ਕਾਸੇ ਦਾ ਮੁੱਢ ਬੰਨਣ ਵਾਲਾ ਅਤੇ ਸਭ ਦਾ ਪ੍ਰਤਿਪਾਲਕ ਹੈ। ਇਹੀ ਹਰ-ਸ਼ੈਅ ਦੀ ਸੰਪੂਰਣਤਾ ਵਿਚ ਸਹਾਈ ਹੁੰਦਾ ਹੈ। ਇਹੀ ਸ੍ਰਿਸ਼ਟੀ ਦੇ ਅੰਤਰ-ਪ੍ਰਵਾਹ ਵਜੋਂ ਪ੍ਰਗਟ ਹੁੰਦਾ ਹੈ। ਇਸ ਬਾਰੇ 'ਤਾਓ-ਤੇ-ਚਿੰਗ ਵਿਚ ਸਪਸ਼ਟ ਬਿਆਨ ਕੀਤਾ ਗਿਆ ਹੈ-

"ਤਾਓ ਹਰ ਵਸਤ ਦਾ ਜਨਮਦਾਤਾ ਹੈ। ਉਹ ਇਨ੍ਹਾਂ ਦੀ ਪਾਲਣਾ ਕਰਦਾ ਹੈ। ਉਹੀ ਕੁਦਰਤ ਦੀ ਹਰ ਵਸਤੂ ਨੂੰ ਵਿਕਸਿਤ ਕਰਦਾ ਹੈ ਅਤੇ ਉਸ ਦੀ ਪੂਰਨਤਾ 'ਚ ਸਹਾਈ ਹੁੰਦਾ ਹੈ। ਉਹੀ ਹਰ ਕਾਸੇ ਦੀ ਰਾਹਤ ਬਣਦਾ ਹੈ ਅਤੇ ਉਨ੍ਹਾਂ ਦੀ ਉਸਾਰੀ ਮਗਰਲੀ ਸ਼ਕਤੀ ਬਣਦਾ ਹੈ। ਉਹੀ ਇਨ੍ਹਾਂ ਦਾ ਸਹਾਈ ਹੁੰਦਾ ਹੈ ਅਤੇ ਉਹੀ ਇਨ੍ਹਾਂ ਦੀ ਰੱਖਿਆ ਕਰਦਾ ਹੈ।"

"ਉਹ ਹਰ ਵਸਤੂ ਨੂੰ ਪੈਦਾ ਕਰਦਾ ਹੈ ਪਰ ਉਨ੍ਹਾਂ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕਰਦਾ।"

"ਉਹ ਉਨ੍ਹਾਂ ਦੇ ਪੱਖ ਤਾਂ ਪੂਰਦਾ ਹੈ ਪਰ ਉਨ੍ਹਾਂ ਨੂੰ ਆਪਣਾ ਮੁਥਾਜ ਨਹੀਂ ਬਣਾਂਦਾ।"

"ਉਹ ਉਨ੍ਹਾਂ ਦੀ ਪ੍ਰੌੜ੍ਹਤਾ ਕਰਦਾ ਹੈ ਪਰ ਉਨ੍ਹਾਂ ਉਪਰ ਰਾਜ ਨਹੀਂ ਕਰਦਾ।"

ਤਾਓ ਦਾ ਤੀਜਾ ਪੱਖ ਇਹ ਹੈ ਕਿ ਉਹ ਮਨੁੱਖੀ ਜੀਵਨ ਦੀਆਂ ਅਨੇਕਾਂ ਪਰਤਾਂ ਅੰਦਰ ਦਿੱਖ-ਅਦਿੱਖ ਅਮਲ ਵਜੋਂ ਅਨੁਭਵ ਕੀਤਾ ਜਾ ਸਕਦਾ ਹੈ। ਮਨੁੱਖੀ ਜੀਵਨ ਦੇ ਪ੍ਰਵਾਹ 'ਤਾਓ' ਹੀ ਠੇਲ੍ਹ ਰਿਹਾ ਹੈ। 'ਤਾਓ-ਤੇ-ਚਿੰਗ' ਦੇ 29 ਵੇਂ ਅਧਿਆਇ ਵਿਚ ਆਉਂਦਾ ਹੈ–

"ਜੋ ਸੰਸਾਰ ਨੂੰ ਆਪਣੇ ਵੱਸ 'ਚ ਕਰਕੇ ਉਸ ਉੱਪਰ ਹੁਕਮ ਚਲਾਉਣਾ ਚਾਹੁੰਦੇ ਹਨ, ਉਹ ਲੋਕ ਕਦੇ ਵੀ ਸਫਲ ਨਹੀਂ ਹੋਣਗੇ। ਦੁਨੀਆਂ ਇਕ ਪਵਿੱਤਰ ਬੇੜੀ ਵਾਂਗ ਹੈ। ਜਿਸ ਉੱਤੇ ਰਾਜ ਕਾਇਮ ਕਰਨਾ ਮੁਮਕਿਨ ਨਹੀਂ ਹੈ।"

'ਤਾਓ' ਸਹਿਜ ਸੁਭਾਓ ਅਤੇ ਅਨਾਦੀ ਸ਼ਕਤੀ ਦਾ ਪ੍ਰਤੀਕ ਹੈ। ਇਸ ਦੀ ਵਿਆਖਿਆ ਕਰਦਾ ਤਾਓਮਤ ਦਾ ਸੰਤ 'ਹੁਆਈ ਨਾਨ ਤਸੂ' ਕਹਿੰਦਾ ਹੈ– "ਹੈਰਾਨ ਨਾ ਹੋਵੋ, ਚੌਂਕੋ ਵੀ ਨਾ। ਸਾਰਾ ਕੁਝ ਆਪਣੇ ਆਪ ਤਰਤੀਬ ਵਿਚ ਆ ਜਾਵੇਗਾ। ਅਸ਼ਾਂਤੀ ਪੈਦਾ ਨਾ ਕਰੋ, ਬੇਲੋੜਾ ਦਬਾਓ ਵੀ ਪੈਦਾ ਨਾ ਕਰੋ, ਸਾਰੀਆਂ ਚੀਜ਼ਾਂ ਆਪਣੇ-ਆਪ ਸ਼ੁੱਧਤਾ ਹਾਸਿਲ ਕਰ ਲੈਣਗੀਆਂ।"

ਤਾਓ ਅਨੁਭਵ ਮੂਲਕ ਹੈ ਅਤੇ ਵਿਅਕਤੀਗਤ ਪੱਧਰ ਉੱਪਰ ਅਨੁਭਵ ਹੁੰਦਾ ਹੈ। ਇਹ ਮਨੁੱਖ ਅੰਦਰ ਵਿਦਮਾਨ ਉਹ ਸਹਿਜ-ਬੋਧ ਹੈ ਜੋ ਉਸਨੂੰ ਸਵੈ ਅਤੇ ਬਾਹਰੀ ਜਗਤ ਵਿਚਕਾਰ ਸਾਵਾਂਪਣ ਕਾਇਮ ਰੱਖਣ ਵਿਚ ਸਹਾਈ ਹੁੰਦਾ ਹੈ। ਤਾਓਮਤ ਦਾ ਵਿਆਖਿਆਕਾਰ 'ਚੁਆਂਗ ਤਸੂ', ਤਾਓ ਦੇ ਅਨੁਸਾਰੀ ਮਨੁੱਖ ਦੀ ਵਿਆਖਿਆ ਇਸ ਪ੍ਰਕਾਰ ਕਰਦਾ ਹੈ–

"ਜਿਸ ਮਨੁੱਖ ਵਿਚ ਤਾਓ ਨਿਰਵਿਘਨ ਹੋ ਕੇ ਕ੍ਰਿਆਸ਼ੀਲ ਹੁੰਦਾ ਹੈ, ਉਹ ਮਨੁੱਖ ਆਪਣੇ ਕਰਮਾਂ ਨਾਲ ਹੋਰਾਂ ਦਾ ਨੁਕਸਾਨ ਨਹੀਂ ਕਰਦਾ। ਇਸ ਦੇ ਬਾਵਜੂਦ ਆਪਣੇ ਆਪ ਨੂੰ 'ਨੇਕ' ਜਾਂ 'ਰਹਿਮ ਦਿਲ' ਨਹੀਂ ਸਮਝਦਾ।"

"ਜਿਸ ਮਨੁੱਖ ਵਿਚ ਤਾਓ ਬੇਰੋਕ ਕ੍ਰਿਆਸ਼ੀਲ ਹੁੰਦਾ ਹੈ, ਉਹ ਆਪਣੇ ਹਿੱਤਾਂ ਦੀ ਪਰਵਾਹ ਨਹੀਂ ਕਰਦਾ। ਉਹ ਉਨ੍ਹਾਂ ਲੋਕਾਂ ਨੂੰ ਨਫਰਤ ਵੀ ਨਹੀਂ ਕਰਦਾ ਜਿਹੜੇ ਆਪਣੇ ਹਿੱਤਾਂ ਦੀ ਪਰਵਾਹ ਕਰਦੇ ਹਨ। ਉਹ ਪੈਸਾ ਬਣਾਉਣ ਲਈ ਬੇਲੋੜਾ ਸੰਘਰਸ਼ ਨਹੀਂ ਕਰਦਾ ਅਤੇ ਗਰੀਬੀ ਨੂੰ ਨੇਕੀ ਵਲੋਂ ਪੇਸ਼ ਕਰਨ ਦੀ ਰੁਚੀ ਵੀ ਨਹੀਂ ਰੱਖਦਾ। ਉਹ ਆਪਣੇ ਰਾਹੇ ਤੁਰਿਆ ਜਾਂਦਾ ਹੈ ਅਤੇ ਆਪਣੇ ਸਫ਼ਰ ਲਈ ਹੋਰਾਂ ਤੇ ਨਿਰਭਰ ਨਹੀਂ ਕਰਦਾ। ਪਰ ਉਹ ਇੱਕਲੇ ਤੁਰੇ ਜਾਣ ਦਾ ਮਾਣ ਵੀ ਨਹੀਂ ਕਰਦਾ।"

"ਭਾਵੇਂ ਉਹ ਖ਼ੁਦ ਭੀੜ ਦੇ ਮਗਰ ਨਹੀਂ ਲਗਦਾ, ਪਰ ਫਿਰ ਵੀ ਉਹ ਭੀੜ ਦੇ ਮਗਰ ਚੱਲਣ ਵਾਲਿਆਂ ਨੂੰ ਉਲਾਂਭੇ ਨਹੀਂ ਦਿੰਦਾ। ਅਹੁਦਾ ਤੇ ਇਨਾਮ ਉਸ ਲਈ ਕੋਈ ਖਿੱਚ ਨਹੀਂ ਰੱਖਦੇ। ਅਪਮਾਨ ਅਤੇ ਸ਼ਰਮ ਉਸ ਨੂੰ ਵਰਜ ਨਹੀਂ ਸਕਦੇ।"

"ਉਹ ਹਰ ਵਕਤ ਠੀਕ ਅਤੇ ਗਲਤ ਦੇ ਚੱਕਰ ਵਿਚ ਨਹੀਂ ਪਿਆ ਰਹਿੰਦਾ ਅਤੇ ਨਾ ਹੀ 'ਹਾਂ' ਜਾਂ 'ਨਾਂਹ' ਦੀ ਉਚਿਤਤਾ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਿਹਾ ਜਾਂਦਾ ਹੈ ਕਿ ਤਾਓ ਵਾਲਾ ਬੰਦਾ ਛੁਪਿਆ ਰਹਿਣਾ ਚਾਹੁੰਦਾ ਹੈ। ਸੰਪੂਰਣ ਨੇਕੀ ਕੁਝ ਵੀ ਪੈਦਾ ਕਰਨ ਦਾ ਦਾਅਵਾ

ਨਹੀਂ ਕਰਦੀ। 'ਸਵੈ-ਹੀਣਤਾ ਹੀ ਅਸਲ-ਸਵੈ ਹੈ।' ਤਾਓ ਨਾਲ ਭਰਪੂਰ ਸਰਬ ਸ੍ਰੇਸ਼ਟ ਮਨੁੱਖ 'ਨਾ ਹੋਇਆ' ਵਾਂਗ ਵਿਚਰਦਾ ਹੈ।"

ਉਪਰੋਕਤ ਬਿਆਨ ਵਿਚੋਂ ਸਪਸ਼ਟ ਹੁੰਦਾ ਹੈ ਕਿ ਤਾਓ ਹੀ ਸੱਚੇ ਸਦਾਚਾਰ, ਸੱਚੇ ਧਰਮ ਅਤੇ ਸੱਚੀ ਰੂਹਾਨੀਅਤ ਦਾ ਸੱਚਾ ਨਿਯਮ ਹੈ। ਸੰਸਾਰ ਦੀ ਕੋਈ ਵੀ ਵਸਤੂ ਇਸ ਦਾ ਬਦਲ ਨਹੀਂ ਹੋ ਸਕਦੀ ਹੈ। ਅਧਿਆਤਮਵਾਦੀ ਤਾਓ ਦੇ ਭੰਡਾਰ ਨੂੰ ਆਪਣੇ ਸੀਨੇ ਅੰਦਰ ਭਰਦੇ ਹਨ ਅਤੇ ਇਹ ਭੰਡਾਰ ਲੋਕਾਈ ਵਿਚ ਵੰਡਦੇ ਹਨ ਇਹ ਅਜਿਹਾ ਅਤੁੱਟ ਭੰਡਾਰਾ ਹੈ ਕਿ ਜਿਤਨਾ ਇਸ ਨੂੰ ਵੰਡਿਆ ਜਾਂਦਾ ਹੈ, ਓਨਾ ਹੀ ਇਹ ਭਰਪੂਰ ਹੁੰਦਾ ਹੈ।

ਲਾਓਤਸੂ ਇਹ ਵੀ ਕਹਿੰਦਾ ਸੀ ਕਿ ਜਦ 'ਤਾਓ' ਦੀ ਸਾਧਨਾ ਬੰਦ ਹੋ ਜਾਂਦੀ ਹੈ ਤਾਂ ਨੇਕੀ (ਤੇ) ਅਤੇ ਸਦਾਚਾਰ ਉੱਤੇ ਜ਼ੋਰ ਹੋ ਜਾਂਦਾ ਹੈ। ਪਰ ਇਹ 'ਤਾਓ' ਦਾ ਸਥਾਨ ਨਹੀਂ ਲੈ ਸਕਦੇ। ਤਾਓ ਆਪਣੇ ਸੋਮੇ ਵੱਲ ਪਰਤਣ ਦੀ ਸੂਚਨਾ ਹੈ ਅਤੇ ਇਸ ਪ੍ਰਾਪਤੀ ਲਈ ਭਾਣੇ ਅਤੇ ਰਜ਼ਾ ਦੀ ਅਪਾਰ ਸ਼ਕਤੀ ਵੀ ਦਿੰਦਾ ਹੈ। ਇਸ ਪ੍ਰਕਾਰ ਤਾਓਮਤ ਵਿਚ ਸਮੁੱਚੀ ਅਧਿਆਤਮਿਕਤਾ ਦਾ ਕੇਂਦਰ-ਬਿੰਦੂ 'ਤਾਓ' ਹੈ। ਇਹ ਸਾਧਨਾ ਵੀ ਹੈ ਅਤੇ ਮੰਜ਼ਿਲ ਵੀ ਹੈ। ਲਾਓਤਸੂ ਦੇ ਪਵਿੱਤਰ ਗ੍ਰੰਥ 'ਤਾਓ-ਤੇ-ਚਿੰਗ' ਵਿਚ ਤਾਓ ਬਾਰੇ ਜੋ ਸਿਧਾਂਤਕ ਵਿਚਾਰ ਅੰਕਿਤ ਹੋਏ ਹਨ ਉਨ੍ਹਾਂ ਨੂੰ ਇਥੇ ਸਾਂਝਾ ਕੀਤਾ ਜਾ ਰਿਹਾ ਹੈ ਤਾਂਕਿ ਤਾਓ ਅਤੇ ਤਾਓਮਤ ਬਾਰੇ ਹੋਰ ਸਪਸ਼ਟ ਹੋ ਸਕੇ :

(1) ਜੋ ਇੱਛਾਵਾਂ ਤੋਂ ਮੁਕਤ ਹੋ ਗਏ ਹਨ, ਉਹੀ ਤਾਓ ਦੇ ਸੂਖਮ ਭੇਤਾਂ ਨੂੰ ਜਾਣ ਸਕਦੇ ਹਨ।

(2) ਤਾਓ ਹੈ ਤਾਂ ਸੱਖਣਾ, ਪਰ ਜੇ ਇਸ ਦੀ ਵਰਤੋਂ ਕਰਨ ਲੱਗੋ ਤਾਂ ਇਹ ਮੁਕਣ ਤੇ ਨਹੀਂ ਆਉਂਦਾ। ਧੁੰਧੂਕਾਰੇ ਵਾਂਗ! ਅਥਾਹ! ਹਰ ਵਸਤ-ਵਰਤਾਰੇ ਦਾ ਪੂਰਵਜ ਹੈ ਇਹ। ਇਹ ਅਦ੍ਰਿਸ਼ ਹੈ, ਪਰ ਤਾਂ ਵੀ ਇਸ ਦੀ ਹੋਂਦ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਤਾਂ ਨਹੀਂ ਪਤਾ ਕਿ ਇਹ ਕਿਸ ਦੀ ਔਲਾਦ ਹੈ। ਪਰ ਲੱਗਦਾ ਇੰਜ ਹੈ ਜਿਵੇਂ ਇਹ ਰੱਬ ਦਾ ਵੀ ਪੂਰਵਜ ਹੋਵੇ।

(3) ਅਸੀ ਇਸ (ਤਾਓ) ਤੇ ਨਜ਼ਰ ਤਾਂ ਮਾਰਦੇ ਹਾਂ, ਪਰ ਇਸ ਨੂੰ ਦੇਖਦੇ ਨਹੀਂ। ਇਸੇ ਲਈ ਅਸੀਂ ਇਸ ਨੂੰ 'ਸੂਖਮ' ਕਹਿੰਦੇ ਹਾਂ।
ਅਸੀਂ ਇਸ ਨੂੰ ਸੁਣਦੇ ਤਾਂ ਹਾਂ, ਪਰ ਇਸ ਤੇ ਕੰਨ ਨਹੀਂ ਧਰਦੇ। ਇਸੇ ਲਈ ਅਸੀਂ ਇਸ ਨੂੰ 'ਬਾਰੀਕ' ਕਹਿੰਦੇ ਹਾਂ।
ਅਸੀਂ ਇਸ ਨੂੰ ਛੂੰਹਦੇ ਤਾਂ ਹਾਂ, ਪਰ ਇਸ ਨੂੰ ਮਹਿਸੂਸ ਨਹੀਂ ਕਰਦੇ। ਇਸੇ ਲਈ ਅਸੀਂ ਇਸ ਨੂੰ 'ਸਾਵਾਂ ਤੇ ਇਕਸਾਰ' ਕਹਿੰਦੇ ਹਾਂ।
ਅਸੀਮ! ਅਮੂਰਤ! ਇਸ ਦਾ ਕੋਈ ਵੀ ਨਾਮ ਰੱਖਿਆ ਜਾ ਸਕਦਾ ਹੈ। ਆਖ਼ਿਰ ਵਿਚ ਇਹ ਅਣਹੋਂਦ (Nothing) ਦੀ ਅਵਸਥਾ 'ਚ ਪਰਤ ਜਾਂਦਾ ਹੈ।

(4) ਜਦੋਂ ਤਾਓ ਨੂੰ ਅਸਵੀਕਾਰ ਕੀਤਾ ਜਾਂਦਾ ਹੈ ਤਾਂ ਮਨੁੱਖ ਨੂੰ ਉਪਕਾਰ ਤੇ ਨੇਕ ਨੀਤੀ ਵਰਗੇ ਸੰਕਲਪ ਘੜਨੇ ਪੈਂਦੇ ਹਨ।

(5) ਮਹਾਨ ਨੇਕੀ ਸਿਰਫ ਤਾਓ ਨੂੰ ਅਪਨਾਉਣ ਵਿਚੋਂ ਹੀ ਪੈਦਾ ਹੁੰਦੀ ਹੈ। ਤਾਓ ਦਾ ਆਪਣਾ ਸੁਭਾਅ ਅਰੂਪ ਤੇ ਅਮੂਰਤ ਹੈ।

(6) ਬੁੱਧ-ਪੁਰਸ਼ (ਸੰਤ) ਇਕ ਤਾਓ ਦਾ ਸਹਾਰਾ ਫੜੀ ਰੱਖਦੇ ਹਨ ਅਤੇ ਸੰਸਾਰ ਦੇ ਰਹਿਨੁਮਾ ਬਣ ਜਾਂਦੇ ਹਨ।

(7) ਜਿਹੜਾ ਮਨੁੱਖ ਤਾਓ ਨੂੰ ਸਮਰਪਿਤ ਹੋ ਜਾਂਦਾ ਹੈ, ਉਹ ਤਾਓ ਨਾਲ ਇਕਮਿਕ ਹੋ ਜਾਂਦਾ ਹੈ।

(8) ਧੁੰਦੂਕਾਰੇ ਵਿੱਚੋਂ ਕਿਸੇ ਚੀਜ਼ ਦਾ ਆਕਾਰ ਗਿਆ ਸੀ। ਇਹ ਸਵਰਗ ਤੇ ਨਰਕ ਦੀ ਸਿਰਜਣਾ ਤੋਂ ਵੀ ਪਹਿਲਾਂ ਦੀ ਘਟਨਾ ਹੈ। ਸ਼ਾਤ ਤੇ ਸਥਿਰ! ਸਾਫ਼ ਤੇ ਗਹਿਰੀ! ਅਜਿਹੀ ਹੈ ਇਹ ਚੀਜ਼ ਜੋ ਆਪਣੇ ਆਪ ਕਾਇਮ ਹੈ ਅਤੇ ਕਦੇ ਨਹੀਂ ਬਦਲਦੀ। ਇਸ ਦਾ ਨਾਂ ਮੈਂ ਨਹੀਂ ਜਾਣਦਾ। ਮੈਂ ਇਸ ਦਾ ਤੱਖ਼ਲਸ 'ਤਾਓ' ਰੱਖਿਆ ਹੈ। ਜੇ ਮੈਨੂੰ ਇਸ ਦਾ ਨਾਮ ਰੱਖਣ ਲਈ ਮਜਬੂਰ ਕੀਤਾ ਜਾਵੇ ਤਾਂ ਮੈਂ ਇਸ ਨੂੰ 'ਮਹਾਨ' ਕਹਿ ਲਵਾਂਗਾ।

(9) ਤਾਓ ਹਮੇਸ਼ਾਂ ਨਾਮ ਰਹਿਤ ਹੈ। ਇਹ ਸਹਿਜ ਸੁਭਾਅ ਹੀ ਸਭ ਕਾਸੇ 'ਤੇ ਇਕਸਾਰ ਕਿਰਦਾ/ਵਰ੍ਹਦਾ ਹੈ। ਇਸ ਤਰ੍ਹਾਂ ਕਰਨ ਲਈ ਉਸ ਨੂੰ ਕਿਸੇ ਹੋਰ ਦੇ ਹੁਕਮ ਦੀ ਲੋੜ ਨਹੀਂ ਹੁੰਦੀ।

(10) ਤਾਓ ਵਹਿਣ ਹੈ, ਪ੍ਰਵਾਹ ਹੈ। ਹਰ ਕਾਸੇ ਦਾ ਜੀਵਨ ਤਾਓ ਤੇ ਨਿਰਭਰ ਕਰਦਾ ਹੈ, ਪਰ ਉਹ ਕਦੇ ਵੀ ਉਨ੍ਹਾਂ ਦੇ ਮਾਲਕ ਵਾਂਗ ਵਿਵਹਾਰ ਨਹੀਂ ਕਰਦਾ। ਇਸੇ ਲਈ ਇੱਛਾਵਾਂ ਤੋਂ ਮੁਕਤ ਹੁੰਦਾ ਹੈ। ਤਾਓ ਸਦੀਵੀ ਤੌਰ ਤੇ ਨਾਮ-ਰਹਿਤ ਹੈ।

(11) ਜਦ ਉੱਚਤਮ ਕਿਸਮ ਦੇ ਲੋਕ ਤਾਓ ਨੂੰ ਸੁਣਦੇ ਹਨ ਤਾਂ ਉਹ ਉਸ ਅਨੁਸਾਰ ਜਿਉਣ ਦੀ ਅਥੱਕ ਕੋਸ਼ਿਸ਼ ਕਰਦੇ ਹਨ, ਜਦ ਆਮ ਕਿਸਮ ਦੇ ਲੋਕ ਤਾਓ ਨੂੰ ਸੁਣਦੇ ਹਨ ਤਾਂ ਕੁਝ ਗੱਲਾਂ ਅਪਣਾ ਲੈਂਦੇ ਹਨ ਅਤੇ ਕੁਝ ਗੁਆ ਦਿੰਦੇ ਹਨ, ਜਦ ਨੀਵੀ ਕਿਸਮ ਦੇ ਲੋਕ ਤਾਓ ਨੂੰ ਸੁਣਦੇ ਹਨ ਤਾਂ ਉਹ ਇਸਦਾ ਹਾਸਾ ਉਡਾਂਦੇ ਹਨ। ਜੇ ਉਹ ਇਸ ਉਪਰ ਨਹੀਂ ਹੱਸਦੇ ਤਾਂ ਇਸ ਨੂੰ ਤਾਓ ਨਹੀਂ ਕਿਹਾ ਜਾ ਸਕਦਾ।

(12) ਤਾਓ ਨੇ ਇਕ ਨੂੰ ਜਨਮ ਦਿੱਤਾ, ਇਕ ਨੇ ਦੋ ਨੂੰ ਜਨਮ ਦਿੱਤਾ, ਦੋ ਨੇ ਤਿੰਨ ਨੂੰ ਜਨਮ ਦਿੱਤਾ ਅਤੇ ਤਿੰਨ ਤੋਂ ਸਾਰੇ ਜਗਤ ਦਾ ਜਨਮ ਹੋਇਆ। ਯਿਨ ਇਸ ਜਗਤ ਦੇ ਪਿੱਛੇ ਅਤੇ ਯਾਨ ਇਸ ਦੇ ਮੂਹਰੇ ਵਿਚਰਦਾ ਹੈ। ਇਨ੍ਹਾਂ ਹੀ ਵਿਆਪਕ ਜਨਮਾਂ ਤੇ ਮਿਸ਼ਰਣ ਨਾਲ ਜਗਤ ਸਾਂਵਾਪਣ ਪ੍ਰਾਪਤ ਕਰਦਾ ਹੈ।

(13) ਤਾਓ ਦਾ ਅਨੁਸਾਰੀ ਨਿਰੰਤਰ ਘਟਦਾ ਚਲਿਆ ਜਾਂਦਾ ਹੈ ਤੇ ਆਖ਼ਰ ਉਥੇ ਪਹੁੰਚ ਜਾਂਦਾ ਹੈ ਜਿੱਥੇ ਕਰਮਹੀਣਤਾ ਹੁੰਦੀ ਹੈ।

ਉਪਰੋਕਤ ਮਹਾਂ ਵਾਕਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਲਾਓਤਸੂ 'ਤਾਓ' ਦੀ ਵਿਆਖਿਆ ਰੱਹਸਵਾਦੀ ਅਤੇ ਸਿਧਾਂਤਕ ਦੋਹਾਂ ਪੱਧਰਾਂ ਤੇ ਹੀ ਕਰਦਾ ਹੈ। ਅਜਿਹਾ ਹੋਣ ਦੇ ਬਾਵਜੂਦ ਵੀ 'ਤਾਓ' ਨੂੰ ਕਿਸੇ ਨਿਸ਼ਚਤ ਪਰਿਭਾਸ਼ਾ ਵਿਚ ਬੰਨ੍ਹਣਾ ਸੰਭਵ ਨਹੀਂ ਹੈ। ਲਾਓਤਸੂ ਨੇ ਜੋ ਵੀ ਵਿਚਾਰ 'ਤਾਓ' ਬਾਰੇ ਪ੍ਰਗਟ ਕੀਤੇ, ਉਹੀ 'ਤਾਓਮਤ' ਦਾ ਆਧਾਰ ਬਣੇ। ਇਹਨਾ ਵਿਚਾਰਾਂ ਦੀ ਵਿਆਖਿਆ ਲਾਓਤਸੂ ਤੋਂ ਪਿੱਛੋਂ ਹੋਣ ਵਾਲੇ ਤਾਓਵਾਦੀ ਸੰਤਾ ਨੇ ਵੀ ਕੀਤੀ ਜਿਨ੍ਹਾਂ ਵਿਚੋਂ ਚੁਆਂਗ

ਤਸੂ, ਹੁਆਈ ਨਾਨ ਤਸੂ, ਵਾਨ ਤਸੂ, ਲੀਹ ਤਸੂ, ਲੂ ਤਸੂ ਤੇ ਹੁਆਨ ਚੂ ਦਾਓਰੇਨ ਪ੍ਰਸਿੱਧ ਹਨ। ਤਾਓਮਤ ਚੀਨੀ ਧਰਮਾਂ ਵਿਚ ਸਾਦਗੀ, ਸਰਲਤਾ ਸਹਿਜਤਾ ਭਰਪੂਰ ਕੁਦਰਤੀ ਜੀਵਨ ਜਿਊਂਣ ਦੀ ਇਕ ਸਾਧਨਾ, ਯਤਨ ਜਾਂ ਅਨੁਸ਼ਾਸ਼ਨ ਦਾ ਨਾਮ ਹੈ ਜਿਸ ਨੂੰ ਅਪਣਾ ਕੇ ਚੀਨੀ ਲੋਕਾਂ ਨੇ ਅੰਤਰ ਅਤੇ ਬਾਹਰ ਦਾ ਸਕੂੰਨ ਹਾਸਲ ਕੀਤਾ, ਨਿਰਧਨ ਹੋ ਕੇ ਰੂਹਾਨੀ ਅਮੀਰੀ ਨੂੰ ਹੰਢਾਇਆ।

ਸਹਾਇਕ ਗ੍ਰੰਥਾਵਲੀ

1. W.F. Sooth hill - The Religion of Chiana.
2. James Legge - 'The Texts of Taoism, Tao-Teh-Ching.'
3. James Edge Swain - 'A History of world civilization'
4. ਰਤਨ ਚੰਦ ਸ਼ਰਮਾ ਤੇ ਮਹੇਂਦਰ ਕੁਲਸ੍ਰੇਸ਼ਟ - 'ਵਿਸ਼ਵ ਕੇ ਦਾਰਸ਼ਨਿਕ'
5. ਧਰਮਿੰਦਰ ਸੋਢੀ - 'ਚੀਨੀ ਦਰਸ਼ਨ ਤਾਓਵਾਦ'
6. ਗੁਲਜ਼ਾਰ ਸਿੰਘ ਕੰਗ - 'ਸ਼ਬਦ ਦਾ ਸੰਕਲਪ'

ਪੈਗੰਬਰ ਕਨਫਿਊਸ਼ਿਅਸ

ਡਾ. ਹਰਪਾਲ ਸਿੰਘ ਪੰਨੂ*

ਜੀਵਨ ਅਤੇ ਉਪਦੇਸ਼

ਈਸਵੀ ਸੰਨ ਤੋਂ ਸਾਢੇ ਪੰਜ ਸੌ ਸਾਲ ਪਹਿਲੋਂ ਚੀਨ ਦੇ ਤੀਜੇ ਸਾਮਰਾਜ ਬੰਸ ਦਾ ਖਾਤਮਾ ਨਜ਼ਦੀਕ ਆ ਰਿਹਾ ਸੀ। ਸਮਾਜਿਕ ਹਾਲਾਤ ਸ਼ਾਂਤ ਨਹੀਂ ਸਨ। ਕੇਂਦਰੀ ਹਕੂਮਤ ਟੁੱਟ ਰਹੀ ਸੀ ਤੇ ਜਾਗੀਰਦਾਰੀਆਂ ਨਿੱਕੀਆਂ ਨਿੱਕੀਆਂ ਰਿਆਸਤਾਂ ਬਣ ਰਹੀਆਂ ਸਨ। ਇਸ ਰਿਆਸਤੀ ਪ੍ਰਬੰਧ ਵਿਚ ਲੋਕਾਂ ਦੀ ਲੁੱਟ-ਖਸੁੱਟ ਹੋਣ ਲੱਗੀ। ਤਕੜਿਆਂ ਪਾਸ ਬੇਈਮਾਨੀ ਨਾਲ ਦੌਲਤ ਇਕੱਠੀ ਹੋਣ ਲੱਗੀ ਅਤੇ ਗਰੀਬਾਂ ਦੀ ਹਾਲਤ ਬੁਰੀ ਹੋ ਗਈ। ਗਰੀਬ ਕਿਸਾਨ ਅਤੇ ਮਜ਼ਦੂਰ ਪੱਥਰੀਲੀ ਜ਼ਮੀਨ ਨਾਲ ਟੱਕਰਾਂ ਮਾਰ ਰਹੇ ਸਨ, ਸਿਆਸਤ ਦਾ ਪਤਨ ਹੋ ਚੁੱਕਾ ਸੀ ਅਤੇ ਸਦਾਚਾਰਕ ਦੀਵਾਲੀਏਪਣ ਦੀ ਸਰਦਾਰੀ ਹੋ ਗਈ ਸੀ।

ਕਨਫਿਊਸ਼ਿਅਸ ਨੇ ਨਾ ਤਾਂ ਕਿਸੇ ਨਵੇਂ ਧਰਮ ਦੀ ਨੀਂਹ ਰੱਖੀ ਅਤੇ ਨਾ ਕਿਸੇ ਪੁਰਾਣੇ ਧਰਮ ਨੂੰ ਸੁਧਾਰਿਆ। ਉਸਨੇ ਦੇਸ਼ ਵਾਸੀਆਂ ਨੂੰ ਸ਼ਾਨਦਾਰ ਭੂਤਕਾਲ ਯਾਦ ਕਰਾਇਆ ਜਦੋਂ ਲੋਕ ਨਿੱਕੀਆਂ ਮੋਟੀਆਂ ਧਾਰਮਿਕ ਰਸਮਾਂ ਨਿਭਾਂਦੇ ਸਨ ਅਤੇ ਸੁੱਖ ਦੀ ਨੀਂਦ ਸੌਂਦੇ। ਉਸਨੇ ਆਪਣੇ ਵਿਦਿਆਰਥੀਆਂ ਅਤੇ ਸਰੋਤਿਆਂ ਨੂੰ ਯਕੀਨ ਦੁਆਇਆ ਕਿ ਗੁਜ਼ਰ ਗਿਆ ਸੁਹਣਾ ਸਮਾਂ ਫਿਰ ਵਾਪਸ ਬੁਲਾਇਆ ਜਾ ਸਕਦਾ ਹੈ। ਮਹਾਤਮਾ ਨੇ ਪੁਰਾਤਨ ਕਲਾਸੀਕਲ ਗ੍ਰੰਥਾਂ ਦਾ ਸੰਪਾਦਨ ਕੀਤਾ। ਉਸ ਦਾ ਯੁੱਗ ਚੀਨ ਦੀ ਬੌਧਿਕਤਾ ਦਾ ਸ਼ੋਮਣੀ ਕਾਲ ਹੈ। ਉਸ ਨੇ ਆਪਣਾ ਸਦਾਚਾਰ ਸ਼ਾਸਤਰ ਵਿਗਿਆਨਕ ਲੀਹਾਂ ਉੱਤੇ ਉਸਾਰਿਆ।

ਮਹਾਤਮਾ ਕਨਫਿਊਸ਼ਿਅਸ ਗਰੀਬ ਪਰਿਵਾਰ ਵਿਚ 551 ਪੂਰਬ ਈਸਵੀ ਵਿਚ ਪੈਦਾ ਹੋਇਆ। ਇਹ ਪਰਿਵਾਰ ਸ਼ਾਂਤੁੰਗ ਪੈਨਿਨਲਸੁਲਾ ਦੇ ਹੇਠ ਲੂ ਰਿਆਸਤ ਵਿਚ ਕਦੀ ਬੜਾ ਅਸਰ ਰਸੂਖ ਵਾਲਾ ਖਾਨਦਾਨ ਸੀ ਅਤੇ ਰਾਜਸੀ ਕੰਮਾਂ ਵਿਚ ਹਿੱਸੇਦਾਰ ਸੀ ਪਰ ਰਿਆਸਤ ਵਿਚ ਬਗਾਵਤ ਹੋ ਗਈ ਤੇ ਕਨਫਿਊਸ਼ਿਅਸ ਦੇ ਬਜ਼ੁਰਗ ਇਥੋਂ ਜਾਨ ਬਚਾ ਕੇ ਚਲੇ ਗਏ ਅਤੇ ਸ਼ਰਨਾਰਥੀ ਬਣ ਗਏ। ਜਨਮ ਤੋਂ ਥੋੜ੍ਹੀ ਦੇਰ ਬਾਅਦ ਪਿਤਾ ਦੀ ਮੌਤ ਹੋ ਗਈ ਤੇ ਸੰਕਟਾਂ ਦਾ ਸਾਹਮਣਾ ਕਰਦਿਆਂ ਹੋਇਆ ਮਾਂ ਨੇ ਬੱਚੇ ਦੀ ਪਰਵਰਿਸ਼ ਕੀਤੀ। ਕਨਫਿਊਸ਼ਿਅਸ ਦੀਆਂ ਲਿਖਤਾਂ ਵਿਚ ਦਰਜ ਹੈ, ''ਮੈਂ ਗਰੀਬ ਘਰ ਵਿਚ ਜੰਮਿਆ ਅਤੇ ਵੱਡਾ ਹੋਇਆ, ਇਸ ਕਰਕੇ ਉਹ ਸਾਰੇ ਕੰਮ ਕਰ ਲੈਂਦਾ ਹਾਂ, ਜਿਹੜੇ ਘਟੀਆ ਸਮਝੇ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਕਰਨਾ ਇੱਜ਼ਤਦਾਰ ਲੋਕ ਪਸੰਦ ਨਹੀਂ ਕਰਦੇ। ਗਰੀਬੀ ਨੇ ਮੈਨੂੰ ਰੂਹ ਤਕ ਛਿਲਿਆ ਹੋਇਆ ਹੈ ਤੇ ਇਹ ਜ਼ਖਮ ਅਜੇ ਰਾਜ਼ੀ ਨਹੀਂ ਹੋਏ।''

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਾਂ ਨੇ ਮੁਸ਼ਕਲ ਦੇ ਸਮੇਂ ਵਿਚ ਬੱਚੇ ਦੀ ਵਿੱਦਿਆ ਪੂਰੀ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਪਿੰਡ ਦੇ ਅਧਿਆਪਕ ਪਾਸੋਂ ਲਿਖਣਾ ਪੜ੍ਹਨਾ ਸਿੱਖਿਆ ਤੇ ਫਿਰ ਉਸ ਦਾ ਝੁਕਾਅ ਕਵਿਤਾ ਅਤੇ ਪ੍ਰਾਚੀਨ ਇਤਿਹਾਸ ਵੱਲ ਹੋ ਗਿਆ। ਉਹ ਚੀਨ ਦੇ ਸ਼ਾਸਤਰੀ ਸੰਗੀਤ ਦੀਆਂ ਗਹਿਰਾਈਆਂ ਤਕ ਪੁੱਜਾ। ਉਹ ਬੜਾ ਅੱਛਾ ਵੀਣਾ ਵਾਦਕ ਸੀ ਤੇ ਪੁਰਾਤਨ ਲੋਕ-ਗੀਤਾਂ ਦੀਆਂ ਧੁਨਾਂ ਗਾ ਕੇ ਪ੍ਰਸੰਨ ਹੁੰਦਾ। ਪੰਦਰਾਂ ਸਾਲਾਂ ਦੀ ਉਮਰ ਵਿਚ ਉਸ ਨੇ ਆਪਣੇ ਆਪ ਨਾਲ ਇਹ ਦ੍ਰਿੜ੍ਹ ਫੈਸਲਾ ਕੀਤਾ ਕਿ ਕੇਵਲ ਅਧਿਐਨ ਤੇ ਅਧਿਆਪਨ ਕਰੇਗਾ। ਇਹੀ ਕੰਮ ਉਸ ਨੇ ਸਾਰੀ ਉਮਰ ਕੀਤਾ। ਉਸ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ ਪਰ ਉਹ ਆਪਣੇ ਵਿਦਿਆਰਥੀਆਂ ਨੂੰ ਕਿਹਾ ਕਰਦਾ ਸੀ ਕਿ ਸ਼ਿਕਾਰ ਕਰਨ ਵੇਲੇ ਜਾਂ ਖੇਡਣ ਵੇਲੇ ਧੋਖਾ ਨਹੀਂ ਕਰਨਾ ਅਤੇ ਬਿਪਤਾ ਵਿਚ ਵੀ ਸ਼ਰਾਫ਼ਤ ਦਾ ਪੱਲਾ ਨਹੀਂ ਛੱਡਣਾ।

ਵੀਹ ਸਾਲ ਦੀ ਉਮਰ ਵਿਚ ਟੈਕਸ ਕੁਲੈਕਟਰ ਵਜੋਂ ਨੌਕਰੀ ਸ਼ੁਰੂ ਕੀਤੀ ਤੇ ਵਿਆਹ ਕੀਤਾ। ਵਿਆਹ ਸਫਲ ਨਹੀਂ ਸੀ ਪ੍ਰੰਤੂ ਉਹ ਕਿਹਾ ਕਰਦਾ ਸੀ, ‘‘ਇਸ ਦਾ ਇਕ ਲਾਭ ਵੀ ਹੋਇਆ। ਘਰ ਪੁੱਤਰ ਪੈਦਾ ਹੋ ਗਿਆ ਤਾਂ ਮੈਨੂੰ ਇਹ ਤਸੱਲੀ ਹੋ ਗਈ ਕਿ ਹੁਣ ਘਰ ਦੀਆਂ ਜ਼ਿੰਮੇਵਾਰੀਆਂ ਇਹ ਸੰਭਾਲ ਲਏਗਾ ਤੇ ਮੈਂ ਕੁਝ ਪੜ੍ਹ ਲਵਾਂਗਾ। ਪੱਚੀ ਸਾਲ ਦੀ ਉਮਰ ਵਿਚ ਆਪਣੀ ਮਾਂ ਦੇ ਦੇਹਾਂਤ ਸਮੇਂ ਉਹ ਏਨਾ ਉਦਾਸ ਹੋਇਆ ਕਿ ਤਿੰਨ ਸਾਲ ਦੁੱਖ ਵਿਚ ਡੁੱਬਾ ਰਿਹਾ। ਨਾ ਪੜ੍ਹ ਸਕਦਾ ਨਾ ਪੜ੍ਹਾ ਸਕਦਾ। ਗਾਉਣ ਲੱਗਦਾ ਤਾਂ ਵੀਣਾ ਦੀ ਸੁਰ ਆਵਾਜ਼ ਨਾਲ ਨਾ ਰਲਦੀ।

ਅਖੀਰ ਉਹ ਸੰਭਲਿਆ ਤੇ ਅਧਿਆਪਨ ਦਾ ਕਿੱਤਾ ਅਪਣਾ ਲਿਆ। ਇਤਿਹਾਸ, ਕਾਵਿ, ਰਾਜਨੀਤੀ, ਨੈਤਿਕ ਸ਼ਾਸਤਰ, ਸੰਗੀਤ ਅਤੇ ਧਰਮ ਦੀ ਸਿੱਖਿਆ ਉਸ ਦੇ ਵਿਸ਼ੇ ਸਨ। ਵਿਦਿਆਰਥੀ ਉਸ ਦੇ ਆਲੇ-ਦੁਆਲੇ ਘੁੰਮਦੇ ਰਹਿੰਦੇ। ਕਈ ਤਾਂ ਵਰ੍ਹਿਆਂ ਬੱਧੀ ਉਸ ਦੇ ਨਾਲ ਹੀ ਰਹੇ। ਵੱਡੇ ਘਰਾਣਿਆਂ ਦੇ ਬੱਚੇ ਉਸ ਪਾਸੋਂ ਸਿੱਖਣ ਆਉਂਦੇ ਪਰ ਮਹਾਤਮਾ ਕਿਹਾ ਕਰਦਾ, ‘‘ਸਮਾਜ ਜਿਸ ਕਦਰ ਗਿਰ ਚੁੱਕਾ ਹੈ, ਕੇਵਲ ਵਿੱਦਿਆ ਪ੍ਰਾਪਤ ਕਰਨ ਨਾਲ ਇਸ ਦਾ ਇਲਾਜ ਨਹੀਂ ਹੋਵੇਗਾ। ਸਾਨੂੰ ਰਾਜ ਸੰਭਾਲਣਾ ਪਵੇਗਾ, ਖੁਦ ਹਕੂਮਤ ਨਾ ਕਰਾਂਗੇ ਤਾਂ ਬਰਬਾਦ ਹੋ ਜਾਵਾਂਗੇ।’’

ਇਕ ਮੌਕਾ ਅਜਿਹਾ ਵੀ ਆਇਆ ਜਦੋਂ ਉਸ ਨੂੰ ‘ਲੂ’ ਨਾਮ ਦੀ ਰਿਆਸਤ ਵਿਚ ਲੋਕ ਨਿਰਮਾਣ ਵਿਭਾਗ ਦਾ ਮੰਤਰੀ ਨਿਯੁਕਤ ਕੀਤਾ ਗਿਆ। ਫਿਰ ਉਹ ਚੀਫ ਜਸਟਿਸ ਬਣਿਆ ਤੇ ਫਿਰ ਪ੍ਰਧਾਨ ਮੰਤਰੀ। ਉਸ ਨੇ ਇੰਨੀ ਸਫਲਤਾ ਨਾਲ ਪ੍ਰਬੰਧ ਚਲਾਇਆ ਕਿ ਵਿਰੋਧੀਆਂ ਨੇ ਈਰਖਾ ਵਸ ਹੋ ਕੇ ਬਦਨਾਮੀ ਸ਼ੁਰੂ ਕਰ ਦਿੱਤੀ। ਸਾਜ਼ਸ਼ਾਂ ਘੜੀਆਂ ਜਾਣ ਲੱਗੀਆਂ, ਅੰਤ ਮਹਾਤਮਾ ਨੇ ਹਕੂਮਤ ਤਿਆਗ ਦਿੱਤੀ।

ਪਿਛੋਕੜ

ਪੁਰਾਤਨ ਚੀਨ ਨਗਰ-ਰਾਜਾਂ ਦਾ ਇਕ ਸਮੂਹ ਸੀ। ਇਕ ਸ਼ਹਿਰ ਦਾ ਇਕ ਰਾਜਾ ਹੁੰਦਾ ਸੀ ਅਤੇ ਆਲੇ-ਦੁਆਲੇ ਦੇ ਖੇਤ ਅਤੇ ਪਿੰਡ ਉਸ ਦੀ ਰਿਆਸਤ ਦਾ ਹਿੱਸਾ ਹੁੰਦੇ। ਸ਼ਹਿਰਾਂ ਵਿਚ ਧਨੀ ਅਤੇ ਪੜ੍ਹੇ ਲਿਖੇ ਲੋਕ ਰਹਿੰਦੇ ਸਨ ਅਤੇ ਪਿੰਡਾਂ ਵਿਚ ਅਨਪੜ੍ਹ ਗਰੀਬ ਮਜ਼ਦੂਰ। ਸ਼ਹਿਰਾਂ ਦੇ ਦੁਆਲੇ ਵੱਡੀਆਂ-ਵੱਡੀਆਂ ਕੰਧਾਂ ਉਸਾਰੀਆਂ ਜਾਂਦੀਆਂ ਸਨ ਅਤੇ ਸ਼ਾਮ ਪੈਣ ਤੇ ਦਰਵਾਜ਼ੇ ਬੰਦ ਹੋ ਜਾਂਦੇ ਤਾਂ ਕਿ ਧਾੜਵੀਆਂ ਅਤੇ ਡਕੈਤਾਂ ਤੋਂ ਬਚਿਆ ਜਾ ਸਕੇ। ਡਾਕੂਆਂ ਨੇ ਪਿੰਡਾਂ ਉੱਤੇ ਹਮਲਾ

ਕਰਕੇ ਕੀ ਲੈਣਾ ਸੀ, ਜਿੱਥੇ ਲੋਕ ਰੋਟੀ ਤੋਂ ਵੀ ਮੁਥਾਜ ਸਨ। ਸ਼ਹਿਰ ਨੂੰ ਰਾਜਧਾਨੀ ਜਾਂ ਦੌਲਤਖਾਨਾ ਕਿਹਾ ਜਾਂਦਾ ਸੀ ਤੇ ਇਹ ਸ਼ਬਦ ਅੱਜ ਤਕ ਸਾਡੀ ਪੰਜਾਬੀ ਸਭਿਅਤਾ ਵਿਚ ਆਮ ਵਰਤੇ ਜਾਂਦੇ ਹਨ।

ਸਿੱਕੇ ਆਮ ਨਹੀਂ ਹੋਏ ਸਨ। ਲੈਣ-ਦੇਣ ਵਸਤਾਂ ਦੇ ਵਟਾਂਦਰੇ ਨਾਲ ਹੁੰਦਾ ਸੀ। ਕੌਡੀਆਂ ਅਤੇ ਸਿੱਪੀਆਂ ਕੁਝ ਛੋਟੇ ਸਿੱਕਿਆਂ ਦੀ ਥਾਂ ਵਰਤੀਆਂ ਜਾਂਦੀਆਂ ਸਨ। ਕੀਮਤੀ ਪੱਥਰ, ਸੋਨਾ, ਚਾਂਦੀ, ਪਸ਼ੂ ਅਤੇ ਰੇਸ਼ਮ ਰਕਮ ਦੀ ਅਦਾਇਗੀ ਦੇ ਸਾਧਨ ਸਨ। ਈਸਵੀ ਤੋਂ 1200 ਸਾਲ ਪਹਿਲੋਂ ਦੇ ਚਾਂਦੀ ਦੇ ਖੁਣੇ ਹੋਏ ਸਿੱਕੇ ਮਿਲੇ ਹਨ। ਜਿਹੜੇ ਸਿੱਕੇ ਘੜੇ ਜਾਂਦੇ ਸਨ, ਉਨ੍ਹਾਂ ਵਿਚ ਰਾਜ ਚਿੰਨ੍ਹ ਖੁਣਿਆ ਹੋਇਆ ਹੁੰਦਾ ਸੀ। ਇਕੋ ਕੀਮਤ ਦੇ 18 ਸਿੱਕੇ ਇਕੋ ਧਾਤ ਦੇ ਬਣੇ ਹੋਏ ਤੋਲੇ ਗਏ ਤਾਂ ਉਨ੍ਹਾਂ ਦਾ ਵਜ਼ਨ ਵੱਖ-ਵੱਖ ਨਿਕਲਿਆ। ਦੋ ਤੋਂ ਚਾਰ ਗਰਾਮ ਤਕ ਦੇ ਵਜ਼ਨ ਦੀ ਵਾਧ ਘਾਟ ਸਾਬਤ ਕਰਦੀ ਹੈ ਕਿ ਮੋਟਾ ਜਿਹਾ ਹਿਸਾਬ ਕਿਤਾਬ ਸੀ। ਕੀਮਤੀ ਧਾਤਾਂ ਦੀ ਘਾਟ ਹੋਣ ਕਾਰਨ ਕਦੀ-ਕਦੀ ਸਫੈਦ ਹਿਰਨ ਦੀ ਖੱਲ ਦੇ ਟੋਟਿਆਂ ਉੱਤੇ ਮੋਹਰਾਂ ਲਾ ਕੇ ਵੀ ਕਰੰਸੀ ਦਾ ਕੰਮ ਲਿਆ ਜਾਂਦਾ ਸੀ। ਕਰੰਸੀ ਏਨੀ ਭਾਰੀ ਸੀ ਕਿ ਲਿਆਉਣ ਲਿਜਾਣ ਉੱਤੇ ਹੀ ਬੜਾ ਖਰਚ ਹੋ ਜਾਂਦਾ ਸੀ। ਕਰੰਸੀ ਉੱਤੇ ਬਾਦਸ਼ਾਹ ਦੀ ਇਜ਼ਾਰੇਦਾਰੀ ਸੀ।

ਰਾਜਾ ਲੋਕਾਂ ਲਈ ਰੱਬ ਵਾਂਗ ਸੀ। ਉਸ ਦੀ ਇੱਛਾ ਅਨੁਸਾਰ ਸਰਕਾਰ ਚਲਦੀ। ਲਿਖਤੀ ਕਾਨੂੰਨ ਕੋਈ ਨਹੀਂ ਸੀ। ਦਰਿਆਵਾਂ ਵਿਚੋਂ ਨਿੱਕੀਆਂ ਨਿੱਕੀਆਂ ਨਹਿਰਾਂ ਕੱਢ ਕੇ ਸਿੰਚਾਈ ਕੀਤੀ ਜਾਂਦੀ। ਇਹ ਰਾਜੇ ਦੀ ਮਰਜ਼ੀ ਨਾਲ ਹੁੰਦਾ। ਪੁਰਾਣੇ ਚੀਨ ਦੇ ਲੋਕ ਗੀਤਾਂ ਵਿਚ ਰਾਜੇ ਦੀ ਉਸਤਤਿ ਕੀਤੀ ਮਿਲਦੀ ਹੈ। ਰਾਜ ਦੀ ਵਡਿਆਈ ਹਿਤ ਭਜਨ ਰਚੇ ਅਤੇ ਗਾਏ ਜਾਂਦੇ। ਰਾਜੇ ਨੂੰ ਸੰਬੋਧਿਤ ਇਕ ਭਜਨ ਹੈ :

ਤੂੰ ਸਾਨੂੰ ਜੀਵਨ ਦੇਣ ਵਾਲਾ ਹੈਂ,
ਤੂੰ ਸਾਡਾ ਰਿਜ਼ਕ ਦਾਤਾ ਹੈਂ,
ਤੇਰੀ ਖੁਸ਼ੀ ਹੋਵੇ ਤਾਂ ਫ਼ਸਲਾਂ ਉਗਦੀਆਂ ਹਨ,
ਤੇਰੀ ਨਾਰਾਜ਼ਗੀ ਸਾਡੀ ਮੌਤ ਹੈ।

ਲੋਕਾਂ ਦਾ ਰੂਹਾਂ ਅਤੇ ਦੇਵਤਿਆਂ ਵਿਚ ਵਿਸ਼ਵਾਸ ਸੀ। ਇਕ ਰੱਬ ਦਾ ਖਿਆਲ ਅਜੇ ਪੈਦਾ ਨਹੀਂ ਹੋਇਆ ਸੀ। ਚੰਗੇ ਭਲੇ, ਸਾਊ ਅਤੇ ਈਮਾਨਦਾਰ ਲੋਕਾਂ ਨੂੰ ਦੁੱਖ ਸਹਿੰਦਿਆਂ ਦੇਖ ਕੇ ਕਨਫਿਊਸ਼ਿਅਸ ਨੇ ਕਿਹਾ ਸੀ ਕਿ ਦੇਵਤਿਆਂ ਦੀ ਇੱਛਾ ਸੰਤੁਲਤ ਨਹੀਂ ਹੈ। ਇਹ ਉਸ ਦਾ ਕੁਦਰਤੀ ਸ਼ਕਤੀਆਂ ਦੇ ਖਿਲਾਫ ਰੋਸ ਸੀ। ਜੇ ਦੇਵਤੇ ਰਾਜ ਦੇ ਕੰਮਾਂ ਕਾਜਾਂ ਵਿਚ ਸਹਾਈ ਹੁੰਦੇ, ਸਫਲਤਾ ਦਿੰਦੇ, ਫ਼ਸਲਾਂ ਚੰਗੀਆਂ ਉਗਦੀਆਂ, ਤਦ ਰਾਜਾ ਉਨ੍ਹਾਂ ਦੀ ਪੂਜਾ ਕਰਦਾ ਅਤੇ ਉਨ੍ਹਾਂ ਦਾ ਰੁਤਬਾ ਵਧਾ ਦਿੰਦਾ। ਪਰ ਜੇ ਦੇਵਤੇ ਰਾਜਾ ਅਤੇ ਪਰਜਾ ਦਾ ਨੁਕਸਾਨ ਕਰਦੇ ਤਾਂ ਰਾਜਾ ਉਨ੍ਹਾਂ ਦਾ ਅਹੁਦਾ ਘਟਾ (Demotion) ਦਿੰਦਾ। ਇਕ ਰਾਜੇ ਨੇ ਤਾਂ ਕਰੋਧਵਾਨ ਹੋ ਕੇ ਤਾਸੀ ਪਹਾੜੀ ਦੇਵਤੇ ਨੂੰ ਕੋੜੇ ਮਾਰ ਦਿੱਤੇ (ਜਬਾਨੀ ਜਬਾਨੀ..... ਹਵਾ ਵਿਚ ਕੋੜਾ ਉਲਾਰ ਕੇ)। ਕਿਸੇ ਰਾਜੇ ਦੀ ਜਿੱਤ ਹਾਰ ਦਾ ਕਾਰਨ ਦੇਵਤੇ ਨੂੰ ਮੰਨਿਆ ਜਾਂਦਾ ਸੀ। ਜੇਤੂ ਰਾਜੇ ਦੇ ਦੇਵਤੇ ਤਕੜੇ ਮੰਨੇ ਜਾਂਦੇ ਸਨ ਤੇ ਹਾਰੇ ਹੋਏ ਦੇ ਕਮਜ਼ੋਰ। ਜੇ ਹੜ੍ਹ ਆ ਜਾਂਦੇ ਜਾਂ ਸੋਕਾ ਪੈ ਜਾਂਦਾ ਤਾਂ ਇਸ ਦਾ ਭਾਵ ਇਹ ਲਿਆ ਜਾਂਦਾ ਕਿ ਦੇਵਤੇ ਰਾਜੇ ਦਾ ਆਖਾ ਮੰਨਣੋਂ ਹਟ ਗਏ ਹਨ, ਭਾਵ ਰਾਜੇ ਵਿਚ ਕਰਿਸ਼ਮਾ

ਕਰਨ ਦੀਆਂ ਸ਼ਕਤੀਆਂ ਨਹੀਂ ਰਹੀਆਂ। ਰਾਜਾ ਲੋਕਾਂ ਦੇ ਸਾਹਮਣੇ ਤਪ ਕਰਦਾ ਅਤੇ ਆਪਣੇ ਪਾਪਾਂ ਦੀ ਖਿਮਾ ਮੰਗਦਾ। ਇਥੋਂ ਤਕ ਕਿ 1832 ਈਸਵੀ ਵਿਚ ਕਾਲ ਪੈ ਗਿਆ ਸੀ ਤਾਂ ਰਾਜੇ ਨੇ ਲੋਕਾਂ ਸਾਹਮਣੇ ਜਾ ਕੇ ਗੁਨਾਹਾਂ ਦਾ ਇਕਬਾਲ ਕੀਤਾ ਤਾਂ ਬਰਸਾਤ ਹੋਈ। ਪੁਰਾਣੇ ਸਮਿਆਂ ਵਿਚ ਤਾਂ ਅਜਿਹੇ ਮੌਕੇ ਵੀ ਆਏ ਕਿ ਰਾਜੇ ਨੂੰ ਆਤਮਘਾਤ ਕਰਨ ਲਈ ਮਜਬੂਰ ਹੋਣਾ ਪਿਆ।

ਮੈਕਸਵੈਬਰ ਲਿਖਦਾ ਹੈ ਕਿ ਚੀਨ ਦੀ ਰੂਹਾਨੀਅਤ ਵਿਚ ਪੈਗੰਬਰਾਂ ਨੇ ਕਦੀ ਕੋਈ ਇਨਕਲਾਬ ਨਹੀਂ ਲਿਆਂਦਾ। ਸਾਧਾਰਣ ਲੋਕ ਪੂਜਾ ਪਾਠ ਨਹੀਂ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਕਰਨਾ ਹੀ ਨਹੀਂ ਆਉਂਦਾ ਸੀ। ਪੁਜਾਰੀ ਜਾਂ ਬਾਦਸ਼ਾਹ ਹੀ ਅਜਿਹੀਆਂ ਰਸਮਾਂ ਨਿਭਾਉਂਦੇ ਸਨ। ਮੁਕਤੀ ਦਾ ਸਿਧਾਂਤ ਜਾਂ ਵਿਸ਼ਵਾਸ ਪ੍ਰਚਲਿਤ ਨਹੀਂ ਸੀ।

ਕਨਫਿਊਸ਼ਿਅਸ ਨੇ ਪਹਿਲੀ ਵਾਰ ਇਹ ਕਿਹਾ ਕਿ ਧਰਮ ਸਭਨਾਂ ਲੋਕਾਂ ਲਈ ਬਹੁਤ ਜ਼ਰੂਰੀ ਹੈ। ਕੇਵਲ ਰਾਜੇ ਜਾਂ ਪੁਜਾਰੀ ਦੇ ਹੱਥ ਵਿਚ ਧਰਮ ਦੇਣਾ ਅਨੁਚਿਤ ਹੈ। ਵਿਸ਼ਵਾਸ ਕੀਤਿਆਂ ਬਗੈਰ ਸੰਸਾਰ ਦਾ ਨਿਯਮਿਤ ਕਾਰਜ ਨਹੀਂ ਚਲ ਸਕਦਾ। ਰਾਜੇ ਲਈ ਜ਼ਰੂਰੀ ਹੈ ਕਿ ਉਹ ਲੋਕਾਂ ਨੂੰ ਰੋਟੀ ਭਾਵੇਂ ਨਾ ਦੇਵੇ..... ਧਰਮ ਦੇਵੇ, ਨਿਆਂ ਦੇਵੇ..... ਨਹੀਂ ਤਾਂ ਉਸ ਦਾ ਰਾਜ ਨਹੀਂ ਚਲ ਸਕੇਗਾ। ਦੇਵਤਿਆਂ ਦੀ ਭੀੜ ਵਿਚ ਰਾਜਾ ਸ਼ਰੋਮਣੀ ਦੇਵਤਾ ਹੁੰਦਾ ਸੀ। ਉਹ ਆਕਾਸ਼ ਦਾ ਪੁੱਤਰ ਅਖਵਾਉਂਦਾ ਸੀ।

ਚੀਨੀ ਭਾਸ਼ਾ ਵਿਚ ਧਰਮ ਲਈ ਕੋਈ ਸਹੀ ਸ਼ਬਦ ਨਹੀਂ ਮਿਲਦਾ। ਇਕ ਸ਼ਬਦ ਹੈ 'ਸਿਧਾਂਤ', ਉਹ ਸਿਧਾਂਤ ਜਿਹੜੇ ਵਿਦਵਾਨਾਂ ਨੇ ਬਣਾਏ। ਦੂਜਾ ਸ਼ਬਦ ਹੈ 'ਰਸਮ'। ਸਿਧਾਂਤ ਅਤੇ ਰਸਮਾਂ ਧਾਰਮਿਕ ਹਨ ਕਿ ਵੈਸੇ ਹੀ ਆਮ ਸਮਾਜਿਕ ਪਰੰਪਰਾਵਾਂ ਹਨ, ਕੋਈ ਪਤਾ ਨਹੀਂ ਲੱਗਦਾ। ਕਨਫਿਊਸ਼ਿਅਸ ਨੇ ਵੀ ਜੋ ਮੱਤ ਪੇਸ਼ ਕੀਤਾ, ਉਸ ਨੂੰ ਚੀਨ ਵਿਚ ਕਿਸੇ ਧਰਮ ਦਾ ਨਾਮ ਨਹੀਂ ਦਿੱਤਾ ਗਿਆ, ਸਗੋਂ *ਵਿਦਵਾਨਾਂ ਦੇ ਨੇਮ* ਕਿਹਾ ਜਾਂਦਾ ਹੈ।

ਜੋ ਮਰਜ਼ੀ ਰਸਮ ਰਿਵਾਜ ਰਹੇ, ਚੀਨੀ ਲੋਕਾਂ ਨੇ ਆਪਣਾ ਸੰਬੰਧ ਦ੍ਰਿਸ਼ਟਮਾਨ ਜਗਤ ਨਾਲ ਰੱਖਿਆ। ਲੰਮੀਆਂ ਉਮਰਾਂ ਅਤੇ ਖੁਸ਼ਹਾਲ ਜੀਵਨ ਦੀਆਂ ਕਾਮਨਾਵਾਂ ਕੀਤੀਆਂ। ਜਿਹੜੇ ਬੰਦੇ ਹੀਰੋ ਬਣਾਏ ਗਏ ਉਹ ਅਸੂਲਾਂ ਦੇ ਪੱਕੇ ਰਹਿੰਦੇ ਤੇ ਚੀਨੀਆਂ ਦੇ ਵਿਸ਼ਵਾਸ ਅਨੁਸਾਰ ਕਦੀ ਮਰਦੇ ਹੀ ਨਾਂਹ। ਮੌਤ ਉੱਤੇ ਜਿੱਤ ਵੱਡੀ ਤੋਂ ਵੱਡੀ ਪ੍ਰਾਪਤੀ ਸਮਝੀ ਗਈ। ਸੰਤਾਨ ਦੀ ਪ੍ਰਾਪਤੀ, ਧਨ ਦੀ ਇੱਛਾ, ਤੰਦਰੁਸਤੀ ਅਤੇ ਚੰਗਾ ਭੋਜਨ ਪ੍ਰਾਰਥਨਾਵਾਂ ਰਾਹੀਂ ਮੰਗਿਆ ਜਾਂਦਾ। ਮਿਸਰ ਵਾਸੀਆਂ ਨਾਲੋਂ ਇਹ ਰਸਮ ਰਿਵਾਜ ਉਲਟ ਸਨ। ਮਿਸਰ ਦੇ ਲੋਕਾਂ ਦੁਆਰਾ ਮੰਮੀਆਂ ਬਣਾ ਕੇ ਲਾਸ਼ਾਂ ਸੰਭਾਲਣ ਦਾ ਭਾਵ ਇਹ ਹੁੰਦਾ ਸੀ ਕਿ ਇਨ੍ਹਾਂ ਵਿਚ ਅਜੇ ਜਾਨ ਹੈ ਅਤੇ ਇਨ੍ਹਾਂ ਨੂੰ ਦੁੱਖ ਸੁੱਖ ਦਾ ਅਹਿਸਾਸ ਹੈ। ਇਸੇ ਕਾਰਣ ਤਾਂ ਲਾਸ਼ਾਂ ਦੇ ਨਜ਼ਦੀਕ ਖਾਣ-ਪੀਣ ਦੀਆਂ ਵਸਤਾਂ ਰੱਖੀਆਂ ਜਾਂਦੀਆਂ ਸਨ। ਚੀਨੀਆਂ ਲਈ ਮੌਤ ਤੋਂ ਪਿਛੋਂ ਹੋਰ ਕੁਝ ਨਹੀਂ ਸੀ। ਇਸੇ ਕਰਕੇ ਉਹ ਮੌਤ ਨੂੰ ਵੱਧ ਤੋਂ ਵੱਧ ਦੂਰ ਰੱਖਣਾ ਚਾਹੁੰਦੇ ਸਨ। ਕਨਫਿਊਸ਼ਿਅਸ ਦਾ ਵਿਚਾਰ ਹੈ ਕਿ ਮੌਤ ਤੋਂ ਬਾਅਦ ਆਤਮਾ ਭਾਫ ਵਾਂਗ ਉੱਡ ਜਾਂਦੀ ਹੈ, ਗਰਦ ਗੁਬਾਰ 'ਚ ਮਿਲ ਜਾਂਦੀ ਹੈ ਤੇ ਖਤਮ ਹੋ ਜਾਂਦੀ ਹੈ।

ਕਨਫਿਊਸ਼ਿਅਸ ਦਾ ਪੁਨਰ ਜਨਮ ਵਿਚ ਜਾਂ ਰੱਬ ਵਿਚ ਕੋਈ ਵਿਸ਼ਵਾਸ ਨਹੀਂ ਸੀ। ਇਸ ਪੱਖੋਂ ਉਸ ਨੂੰ ਸ਼ੰਕਾਵਾਦੀ ਜਾਂ ਨਾਸਤਕ ਕਿਹਾ ਜਾ ਸਕਦਾ ਹੈ। ਸਟੇਟ ਦਾ ਧਰਮ ਸਿੱਧਾ

ਸਾਦਾ ਸੀ। ਬਲੀ ਦੇਣੀ, ਪ੍ਰਾਰਥਨਾ ਕਰਨੀ, ਸੰਗੀਤ ਅਤੇ ਨਾਚ ਧਰਮ ਦੇ ਅੰਗ ਸਨ। ਕਨਫਿਊਸ਼ਿਅਸ ਦੇ ਸਿਧਾਂਤਾਂ ਵਿਚ ਵਿਅਕਤੀਗਤ ਪ੍ਰਾਰਥਨਾ ਦਾ ਕੋਈ ਸਥਾਨ ਨਹੀਂ ਹੈ। ਉਹ ਜਦੋਂ ਬੀਮਾਰ ਹੋਇਆ ਤਾਂ ਆਪਣੀ ਤੰਦਰੁਸਤੀ ਵਾਸਤੇ ਸ਼ਾਗਿਰਦਾਂ ਨੂੰ ਪ੍ਰਾਰਥਨਾ ਕਰਨ ਤੋਂ ਰੋਕ ਦਿੱਤਾ। ਉਹ ਆਪ ਕਈ ਸਾਲ ਪ੍ਰਾਰਥਨਾ ਨਹੀਂ ਕਰਦਾ ਸੀ। ਕਿਹਾ ਜਾਂਦਾ ਹੈ ਕਿ ਉਸ ਦੀ ਬੀਮਾਰੀ ਦੌਰਾਨ ਰਾਜਿਆਂ ਅਤੇ ਰਾਜ ਦੇ ਉੱਚ ਅਧਿਕਾਰੀਆਂ ਨੇ ਉਸ ਲਈ ਪ੍ਰਾਰਥਨਾਵਾਂ ਕੀਤੀਆਂ।

ਜੀਵਨ ਦਾ ਸੁੱਖ ਕਨਫਿਊਸ਼ਿਅਸ ਨੇ ਧਰਮ ਵਜੋਂ ਨਹੀਂ ਬਲਕਿ ਸਦਾਚਾਰਕ ਨਿਯਮਾਂ ਵਿੱਚੋਂ ਲੱਭਣ ਦਾ ਯਤਨ ਕੀਤਾ। ਉਸ ਦੇ ਸਿਧਾਂਤਾਂ ਵਿਚ ਰੱਬੀ ਬਖਸ਼ਿਸ਼ ਨਾਮ ਦੀ ਕੋਈ ਕਲਪਣਾ ਨਹੀਂ, ਪ੍ਰਾਰਥਨਾ ਰਾਹੀਂ ਗੁਨਾਹ ਬਖਸ਼ੇ ਜਾ ਸਕਣ ਵਿਚ ਕਨਫਿਊਸ਼ਿਅਸ ਦਾ ਵਿਸ਼ਵਾਸ ਨਹੀਂ ਸੀ। ਉਹ ਆਖਦਾ ਸੀ ਕਿ ਮਨੁੱਖ ਚਾਹੁੰਦਾ ਹੈ ਉਸ ਨੂੰ ਮਰਨ ਤੋਂ ਬਾਅਦ ਯਾਦ ਰੱਖਿਆ ਜਾਵੇ। ਨੇਕ ਬੰਦਿਆਂ ਨੂੰ ਲੋਕ ਯਾਦ ਰੱਖਦੇ ਵੀ ਹਨ, ਪਰੰਤੂ ਇਸ ਦਾ ਕਿਸੇ ਕਿਸਮ ਦੀ ਮੁਕਤੀ ਨਾਲ ਕੋਈ ਸੰਬੰਧ ਨਹੀਂ।

ਕਨਫਿਊਸ਼ਿਅਸ ਦਾ ਨੈਤਿਕ ਸ਼ਾਸਤਰ ਅਤੇ ਬੁੱਧਮੱਤ ਦਾ ਨੈਤਿਕ ਸ਼ਾਸਤਰ ਆਪਸ ਵਿਚ ਕਾਫ਼ੀ ਮਿਲਦਾ ਜੁਲਦਾ ਹੈ। ਦੋਹਾਂ ਦਾ ਈਸ਼ਵਰ ਨਾਲ ਕੋਈ ਵਾਸਤਾ ਨਹੀਂ। ਚੀਨੀ ਮਹਾਤਮਾ ਇਸ ਸੰਸਾਰ ਦੇ ਕੁਦਰਤੀ ਨਿਯਮਾਂ ਨਾਲ ਰਾਜੀਨਾਵਾਂ ਕਰਨ ਦਾ ਇੱਛੁਕ ਹੈ ਤੇ ਚਾਹੁੰਦਾ ਹੈ ਕਿ ਆਦਮੀ ਆਪਣੀ ਥਾਂ ਪਛਾਣੇ। ਜਦੋਂ ਕੁਦਰਤ ਦੀ ਮਨਸ਼ਾ ਦਾ ਵਿਰੋਧ ਕਰੀਏ ਤਦ ਸੰਕਟ ਆਉਂਦੇ ਹਨ। ਉਨ੍ਹੀਂਵੀਂ ਸਦੀ ਵਿਚ ਭਾਰੀ ਵਰਖਾ ਹੋਈ ਤਾਂ ਇਸ ਦਾ ਕਾਰਨ ਇਹ ਦੱਸਿਆ ਗਿਆ ਕਿ ਪੁਲਿਸ ਨੇ ਜ਼ਿਆਦਤੀਆਂ ਕੀਤੀਆਂ ਸਨ, ਇਸ ਕਰਕੇ ਕੁਦਰਤ ਕਰੋਧਵਾਨ ਹੋ ਗਈ। ਰਾਜੇ ਦਾ ਕੰਮ ਹੈ ਅਨਪੜ੍ਹ ਗਰੀਬ ਪਰਜਾ ਅਤੇ ਬੱਚਿਆਂ ਉੱਤੇ ਰਹਿਮ ਕਰੇ, ਕਿਉਂਕਿ ਕੁਦਰਤ ਦੀਆਂ ਕਰੋਪੀਆਂ ਦਾ ਕਾਰਨ ਉੱਚ ਅਧਿਕਾਰੀ ਹੁੰਦੇ ਹਨ ਪਰੰਤੂ ਇਸ ਦੀ ਸਜ਼ਾ ਆਮ ਪਰਜਾ ਭੁਗਤਦੀ ਹੈ।

ਮਹਾਤਮਾ ਆਖਿਆ ਕਰਦਾ ਸੀ ਕਿ ਵਿੱਦਿਆ ਪ੍ਰਾਪਤੀ ਕਰਨ ਦਾ ਲਾਭ ਇਹੀ ਹੈ ਕਿ ਵਿਦਵਾਨ ਆਦਮੀ ਕੁਦਰਤ ਦੇ ਕਾਨੂੰਨਾਂ ਦਾ ਪਤਾ ਲਗਾਉਂਦਾ ਹੈ, ਉਨ੍ਹਾਂ ਅਨੁਸਾਰ ਆਪ ਚਲਦਾ ਹੈ ਅਤੇ ਹੋਰਾਂ ਨੂੰ ਚਲਣ ਦੀ ਪ੍ਰੇਰਨਾ ਦਿੰਦਾ ਹੈ। ਕੁਦਰਤ ਦਾ ਵਿਰੋਧ ਕਰਨਾ ਹੀ ਬਦੀ ਹੈ। ਇਸ ਦੇ ਨਤੀਜੇ ਚੰਗੇ ਨਹੀਂ ਨਿਕਲਦੇ। ਸੋ ਗਿਆਨ ਹਰ ਮੁਸੀਬਤ ਦੀ ਜੜ੍ਹ ਕੱਟਦਾ ਹੈ। ਜਿੱਥੇ ਅਗਿਆਨਤਾ ਹੋਏਗੀ, ਕੁਦਰਤ ਦਾ ਵਿਧਾਨ ਉੱਥੇ ਭੰਗ ਹੋਵੇਗਾ ਤੇ ਸੰਕਟ ਆਉਣਗੇ, ਤਬਾਹੀ ਹੋਵੇਗੀ।

ਮਹਾਤਮਾ ਦਾ ਮੱਤ ਸੀ ਕਿ ਨੇਕ ਬੰਦਿਆਂ ਉੱਤੇ ਜਾਦੂ ਦਾ ਕੋਈ ਅਸਰ ਨਹੀਂ ਹੁੰਦਾ। ਨੇਕੀ ਵੱਡੀ ਹੈ, ਅਮਰ ਅਤੇ ਸ਼ਕਤੀਸ਼ਾਲੀ ਹੈ। ਜਿਹੜਾ ਬੰਦਾ ਸੰਜਮੀ ਜੀਵਨ ਜੀ ਰਿਹਾ ਹੈ ਉਸ ਨੂੰ ਭੂਤਾਂ ਤੋਂ ਡਰਨ ਦੀ ਲੋੜ ਨਹੀਂ। ਜਦੋਂ ਉੱਚ ਅਧਿਕਾਰੀਆਂ ਪਾਸ ਨੇਕੀ ਨਾ ਰਹੇ ਤਦ ਰੂਹਾਂ ਬਲਵਾਨ ਹੋ ਜਾਂਦੀਆਂ ਹਨ ਤੇ ਦੁਖੀ ਕਰਦੀਆਂ ਹਨ। ਕਨਫਿਊਸ਼ਿਅਸ ਇਕਾਂਤ ਵਿਚ ਤਪ ਕਰਕੇ ਕਰਾਮਾਤਾਂ ਹਾਸਲ ਕਰਨ ਦਾ ਵਿਰੋਧੀ ਸੀ ਤੇ ਕਿਹਾ ਕਰਦਾ ਸੀ ਕਿ ਇਹ ਸਸਤੀ ਸ਼ੁਹਰਤ ਹੈ। ਹਾਂ, ਕਦੀ-ਕਦੀ ਉਹ ਕਿਹਾ ਕਰਦਾ ਸੀ ਕਿ ਸਵੈ-ਮਾਣ ਦਾ ਜੀਵਨ ਜਿਊਣ ਵਾਲੇ ਲੋਕ ਭਵਿੱਖ ਦੀ ਥਾਹ ਪਾ ਸਕਦੇ ਹਨ।

ਇਸ ਮਹਾਤਮਾ ਦੇ ਸਿਧਾਂਤ, ਬੁੱਧਮਤ ਨਾਲੋਂ ਇਸ ਗੱਲੋਂ ਭਿੰਨ ਸਨ ਕਿ ਉਹ ਬੁੱਧ

ਵਾਂਗ ਇੱਛਾਵਾਂ ਦਾ ਤਿਆਗ ਕਰਨ ਲਈ ਨਹੀਂ ਆਖਦਾ। ਕੇਵਲ ਫਜ਼ੂਲ ਇੱਛਾਵਾਂ ਦਾ ਤਿਆਗ ਕਰਨ ਲਈ ਆਖਦਾ ਹੈ। ਦੂਜਾ ਵਖਰੇਵਾਂ ਇਹ ਹੈ ਕਿ ਨਿਰਵਾਣ (ਮੁਕਤੀ) ਦੀ ਕੋਈ ਜ਼ਰੂਰਤ ਨਹੀਂ। ਸੰਸਾਰ ਤੋਂ ਮੁਕਤ ਨਾ ਹੋਵੋ, ਇਸ ਵਿਚ ਸ਼ਾਮਲ ਹੋਵੋ, ਇਸ ਵਿਚ ਜਜ਼ਬ ਹੋਵੋ, ਨੇਕ ਬੰਦਿਆਂ ਦੀ ਸੰਸਾਰ ਨੂੰ ਬਹੁਤ ਲੋੜ ਹੈ ਤੇ ਉਨ੍ਹਾਂ ਦਾ ਤਾਂ ਕਣ-ਕਣ ਇਸ ਧਰਤੀ ਵਿਚ ਸਮਾ ਜਾਣਾ ਚਾਹੀਦਾ ਹੈ। ਕਨਫਿਊਸ਼ਿਅਸ ਨੂੰ ਨਾ ਆਤਮਾ ਬਚਾਉਣ ਦੀ ਚਿੰਤਾ ਹੈ ਨਾ ਪੁਨਰ ਜਨਮ ਦੀ ਪਰਵਾਹ। ਦੋਵੇਂ ਸਿਧਾਂਤ ਉਸ ਲਈ ਅਜਨਬੀ ਹਨ। ਉਹ ਆਤਮ ਸੰਜਮ ਉੱਤੇ ਬਲ ਦਿੰਦਾ ਹੈ। ਉਸ ਦਾ ਕਹਿਣਾ ਹੈ ਕਿ ਬਦੀ ਦੀ ਚਿੰਤਾ ਨਹੀਂ ਹੈ, ਕਿਉਂਕਿ ਇਹ ਮੇਰਾ ਕੁਝ ਨਹੀਂ ਵਿਗਾੜ ਸਕਦੀ। ਆਦਮੀ ਦਾ ਕਦੇ ਪਤਨ ਨਹੀਂ ਹੋ ਸਕਦਾ, ਜੇ ਉਹ ਖੁਦ ਚੇਤੰਨ ਰਹੇ। ਪਵਿੱਤਰ ਜੀਵਨ ਵਿਚ ਆਈ ਹੋਈ ਕੋਈ ਤਰੇੜ ਬਦੀ ਹੈ, ਹੋਰ ਕਿਧਰੇ ਬਦੀ ਨਹੀਂ।

ਮਹਾਤਮਾ ਕਨਫਿਊਸ਼ਿਅਸ ਉਸ ਬੰਦੇ ਦੀ ਤਾਰੀਫ ਕਰਦਾ ਹੈ ਜਿਸ ਨੂੰ ਕਿ ਪਿਤਾ ਨੇ ਨਾ ਸੁਣਨਯੋਗ ਤੇ ਨਾ ਸਹਿਣਯੋਗ ਗੱਲਾਂ ਆਖ ਦਿੱਤੀਆਂ ਪਰੰਤੂ ਪੁੱਤਰ ਨੇ ਗੁੱਸਾ ਨਹੀਂ ਕੀਤਾ। ਪੁੱਤਰ ਦਰਿਆ-ਦਿਲ ਨਿਕਲਿਆ ਪਰੰਤੂ ਪਿਤਾ ਨੇ ਵੀ ਕਰੋਧ ਕੀਤਾ ਸੀ ਤਾਂ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਅਜਿਹਾ ਕੀਤਾ ਸੀ। ਉਸ ਦੀ ਪੁੱਤਰ ਨਾਲ ਕੋਈ ਦੁਸ਼ਮਣੀ ਥੋੜ੍ਹੀ ਸੀ। ਮਹਾਤਮਾ ਜਦੋਂ ਰਾਜ ਦਾ ਮੰਤਰੀ ਰਿਹਾ ਤਾਂ ਕਾਨੂੰਨ ਨੂੰ ਪੂਰਣ ਸੰਜਮ ਨਾਲ ਲਾਗੂ ਕੀਤਾ। ਉਹ ਆਖਿਆ ਕਰਦਾ ਸੀ, ਹੁਕਮ ਅਦੂਲੀ ਕਰਨੀ ਘਟੀਆ ਚਿੰਤਨ ਨਾਲੋਂ ਵੀ ਵਧੀਕ ਬੁਰੀ ਹੈ ਤੇ ਫਜ਼ੂਲ ਖਰਚੀ ਕਰਨੀ ਕੰਜੂਸੀ ਕਰਨ ਤੋਂ ਵਧੀਕ ਮਾੜਾ ਕੰਮ ਹੈ। ਇਹ ਗੱਲ ਨਹੀਂ ਕਿ ਕੰਜੂਸੀ ਕਰਨੀ ਚੰਗੀ ਚੀਜ਼ ਹੈ, ਇਹ ਤਾਂ ਆਦਮੀ ਨੂੰ ਜਾਨਵਰ ਬਣਾ ਦਿੰਦੀ ਹੈ, ਪ੍ਰੰਤੂ ਅੱਯਾਸ਼ੀ ਇਸ ਤੋਂ ਵੀ ਮੰਦੀ ਹੈ। ਚੰਗੀ ਸਰਕਾਰ ਉਹ ਹੈ ਜਿਸ ਦੇ ਨਾਗਰਿਕ ਗਰੀਬ ਹੋਣ ਨੂੰ ਸ਼ਰਮਨਾਕ ਕੰਮ ਸਮਝਣ, ਪਰੰਤੂ ਸਰਕਾਰੀ ਪ੍ਰਬੰਧ ਜੇ ਬੁਰਾ ਹੈ ਤਾਂ ਅਮੀਰ ਹੋਣਾ ਵਧੇਰੇ ਸ਼ਰਮਨਾਕ ਹੈ।

ਮਹਾਤਮਾ ਨੇ ਕਿਹਾ ਕਿ ਕਿਸੇ ਸਿੱਧੇ ਜਾਂ ਅਜਿਹੇ ਢੰਗ ਰਾਹੀਂ ਸਰਕਾਰ ਦੇ ਕਰਮਚਾਰੀ ਜੋ ਲਾਭਦਾਇਕ ਨਿੱਜੀ ਕਾਰੋਬਾਰ ਕਰਦੇ ਹਨ, ਉਨ੍ਹਾਂ ਨੂੰ ਤੁਰੰਤ ਰੋਕਿਆ ਜਾਵੇ। ਇਹ ਅਨੈਤਿਕ ਕੰਮ ਹੈ। ਮੁਲਾਜ਼ਮ ਆਪਣੇ ਰੁਤਬੇ ਦੀ ਦੁਰਵਰਤੋਂ ਕਰੇਗਾ। ਮਹਾਤਮਾ ਦੇ ਲਾਭ ਹਾਨੀ ਦੇ ਸਿਧਾਂਤ, ਮੰਗ ਅਤੇ ਵੰਡ ਦੇ ਸਿਧਾਂਤ, ਆਧੁਨਿਕ ਅਰਥ-ਸ਼ਾਸਤਰ ਦੇ ਸਿਧਾਂਤਾਂ ਨਾਲ ਬੜੇ ਮਿਲਦੇ-ਜੁਲਦੇ ਹਨ। ਵਿਆਜ ਨੂੰ ਮੂਲਧਨ ਦਾ ਬੱਚਾ ਕਿਹਾ ਜਾਂਦਾ ਹੈ।

ਇਹ ਕਨਫਿਊਸ਼ਿਅਸ ਦੇ ਕਿਰਿਆਤਮਕ ਫਲਸਫੇ ਦਾ ਹੀ ਅਸਰ ਸੀ ਕਿ ਚੀਨ ਵਿਚ ਕਈ ਵਾਰ ਬੋਧੀਆਂ ਦੇ ਮੱਠ ਬੰਦ ਕਰਵਾਏ ਗਏ, ਕਿਉਂਕਿ ਉੱਥੇ ਵਿਹਲੜ ਪਲ ਰਹੇ ਸਨ ਜੋ ਸਮਾਜ ਉੱਤੇ ਭਾਰ ਸਨ। ਮਹਾਤਮਾ, ਜੋ ਸ਼ਾਹਾਨਾ ਠਾਠ-ਬਾਠ ਅਤੇ ਅੱਯਾਸ਼ੀ ਦੇ ਖਿਲਾਫ ਸੀ ਤਾਂ ਉਹ ਤਪ ਅਤੇ ਸੰਸਾਰ ਦੇ ਤਿਆਗ ਵਰਗੇ ਸਿਧਾਂਤਾਂ ਦੇ ਵੀ ਖਿਲਾਫ ਸੀ। ਕਰਮ ਕਾਂਡਾਂ ਨੂੰ ਉਹ ਸਖਤ ਘਿਰਣਾ ਕਰਦਾ ਸੀ। ਉਸ ਦਾ ਕਥਨ ਹੈ, ''ਬਾਦਸ਼ਾਹ ਧਾਰਮਿਕ ਰਸਮਾਂ ਨਿਭਾਂਦੇ ਹਨ, ਤਾਂ ਕਿ ਉਨ੍ਹਾਂ ਦਾ ਰਾਜ ਸਲਾਮਤ ਰਹੇ। ਜੇ ਰਸਮਾਂ ਰਾਹੀਂ ਸਰਕਾਰਾਂ ਬਣ ਸਕਦੀਆਂ ਤਾਂ ਪੁਜਾਰੀ ਸੰਸਾਰ ਦੇ ਬਾਦਸ਼ਾਹ ਹੁੰਦੇ, ਤੇ ਜੇ ਰਸਮਾਂ ਕਰਦਿਆਂ ਕਰਦਿਆਂ ਬਾਦਸ਼ਾਹਤਾਂ ਗਰਕ ਹੋ ਗਈਆਂ, ਮਰ ਮਿਟ ਗਈਆਂ ਤਾਂ ਫਿਰ ਕਿਉਂ ਕਰਦੇ ਹੋ ਇਹ ਸਭ ਆਡੰਬਰ?'' ਉਹ ਚੀਨ ਦੇ ਸਭਨਾਂ ਧਰਮਾਂ ਅਤੇ ਸੰਪਰਦਾਵਾਂ ਤੋਂ ਪਹਿਲਾਂ ਹੋਇਆ ਹੈ, ਪਰ ਏਨੀ ਪੁਰਾਤਨਤਾ ਦੇ ਬਾਵਜੂਦ ਉਸ ਦੇ

ਵਿਚਾਰਾਂ ਵਿਚ ਕਮਾਲ ਦੀ ਤਾਜ਼ਗੀ ਹੈ।

ਉਹ ਸੰਗੀਤ ਦਾ ਸਤਿਕਾਰ ਕਰਦਾ ਸੀ। ਉਸ ਨੇ ਕਿਹਾ ਕਿ ਜਿੱਥੇ ਕਿਤੇ ਤਿੰਨ ਬੰਦੇ ਇਕੱਠੇ ਹੋਣ, ਉੱਥੇ ਮੇਰਾ ਮਾਲਕ ਹੁੰਦਾ ਹੈ। ਕਨਫਿਊਸ਼ਿਅਸ ਦੇ ਪ੍ਰਭਾਵ ਸਦਕਾ ਸਰਕਾਰ ਮੁਲਾਜ਼ਮਾਂ ਦੀ ਭਰਤੀ ਲਈ ਇਮਤਿਹਾਨ ਲੈਣ ਲੱਗ ਪਈ ਸੀ ਤੇ ਨੌਕਰੀ ਲੈਣ ਦਾ ਇੱਛੁਕ ਭਾਵੇਂ 90 ਸਾਲ ਦਾ ਬਜ਼ੁਰਗ ਹੋਵੇ ਉਸ ਲਈ ਟੈਸਟ ਪਾਸ ਕਰਨਾ ਜ਼ਰੂਰੀ ਸੀ। ਉਹ ਕਿਹਾ ਕਰਦਾ ਸੀ ਕਿ ਪੜ੍ਹਾਈ ਲਿਖਾਈ ਤੋਂ ਬਗੈਰ ਵਿਅਕਤੀ ਬਾਂਝ ਹੋ ਜਾਂਦਾ ਹੈ। ਉਹ ਜਦੋਂ ਗੱਲਾਂ ਕਰਦਾ ਤਾਂ ਪੁਰਾਤਨ ਵਿਦਵਾਨਾਂ ਦੇ ਕਥਨਾਂ ਦੇ ਹਵਾਲੇ ਦਿੰਦਾ। ਇਕ ਵਾਰ ਕਿਸੇ ਨੇ ਕਿਹਾ, ''ਮਾਲਕ, ਅਸੀਂ ਬਗੈਰ ਹਵਾਲਿਆਂ ਦੇ ਵੀ ਤੁਹਾਡੀ ਗੱਲ ਮੰਨਦੇ ਹਾਂ, ਫਿਰ ਤੁਸੀਂ ਹਵਾਲੇ ਕਿਉਂ ਦਿੰਦੇ ਹੋ?'' ਮਹਾਤਮਾ ਨੇ ਕਿਹਾ, ਮੈਂ ਤੁਹਾਡੇ ਘਰ ਖਾਣਾ ਖਾਣ ਗਿਆ ਤਾਂ ਸਿਰਕਾ ਤੁਸੀਂ ਗਵਾਂਢੀ ਦੇ ਘਰੋਂ ਮੰਗ ਕੇ ਲਿਆਂਦਾ, ਤਾਂ ਵੀ ਮੇਰੇ ਮਨ ਵਿਚ ਤੁਹਾਡਾ ਹੀ ਸਤਿਕਾਰ ਹੋਇਆ ਸੀ, ਗਵਾਂਢੀ ਦਾ ਨਹੀਂ।

ਪੰਜ ਮੁੱਢਲੇ ਸਦਗੁਣ

ਕਨਫਿਊਸ਼ਿਅਸ ਦੇ ਸਿਧਾਂਤ ਸਦਾਚਾਰ ਸ਼ਾਸਤਰ ਦੇ ਨਿਯਮ ਹੀ ਹਨ, ਜਿਹੜੇ ਬਾਰ-ਬਾਰ ਮਨੁੱਖ ਨੂੰ ਨੇਕ ਬਣਨ ਦੀ ਪ੍ਰੇਰਨਾ ਦਿੰਦੇ ਹਨ। ਮਹਾਤਮਾ ਵੇਲੇ ਦਾ ਚੀਨੀ ਸਮਾਜ ਭਿਆਨਕ ਹੱਦ ਤਕ ਭ੍ਰਿਸ਼ਟ ਹੋ ਚੁੱਕਾ ਸੀ, ਪ੍ਰੰਤੂ ਮਹਾਤਮਾ ਦਾ ਵਿਸ਼ਵਾਸ ਸੀ ਕਿ ਆਦਮੀ ਬੁਨਿਆਦੀ ਤੌਰ ਤੇ ਨੇਕ ਹੈ। ਥੋੜ੍ਹੇ ਸਮੇਂ ਤੋਂ ਮਨੁੱਖ ਬੁਰਾ ਹੋ ਗਿਆ, ਬੁਰਾਈ ਥੋੜ੍ਹੇ ਚਿਰ ਲਈ ਹੈ, ਉਸ ਦੇ ਸੁਧਰਨ ਦੀ ਸੰਭਾਵਨਾ ਹੈ। ਆਦਮੀ ਸਾਹਮਣੇ ਦੋਵੇਂ ਰਸਤੇ ਹੁੰਦੇ ਹਨ, ਨੇਕੀ ਦਾ ਵੀ ਅਤੇ ਬਦੀ ਦਾ ਵੀ। ਉਹ ਕੋਈ ਇਕ ਰਸਤਾ ਚੁਣ ਲੈਂਦਾ ਹੈ, ਪਰ ਚੁਣਿਆ ਹੋਇਆ ਰਸਤਾ ਉਸ ਨੇ ਕਦੀ ਛੱਡਣਾ ਹੀ ਨਹੀਂ, ਅਜਿਹੀ ਕੋਈ ਗੱਲ ਨਹੀਂ। ਉਹ ਫਿਰ ਵਾਪਸ ਪਰਤ ਸਕਦਾ ਹੈ। ਉਸ ਨੂੰ ਬਦੀ ਵਲ ਪਰਤਣੋ ਰੋਕਣਾ ਹੈ। ਉਸ ਨੇ ਕਿਹਾ ਸੀ, ''ਜਿਹੜਾ ਆਦਮੀ ਨੇਕੀ ਦੇ ਰਸਤੇ ਉੱਤੇ ਨਹੀਂ ਚੱਲਦਾ ਸੀ, ਜੇ ਮੈਂ ਉਸ ਨੂੰ ਬੁਰਾ ਕਰਨੋ ਰੋਕਦਾ ਤਾਂ ਦੇਰ ਤਕ ਮੈਂ ਬੇਚੈਨ ਜ਼ਰੂਰ ਰਹਿੰਦਾ, ਅਜਿਹਾ ਕਰਦਿਆਂ ਕਈ ਵਾਰ ਮੈਂ ਪ੍ਰੇਸ਼ਾਨੀਆਂ ਮੁਸੀਬਤਾਂ ਸਹੇੜੀਆਂ ਪ੍ਰੰਤੂ ਇਹ ਮੁਸੀਬਤਾਂ ਚੈਨ ਦਿੰਦੀਆਂ। ਮੈਂ ਸੁੱਖ ਦੀ ਨੀਂਦ ਸੌਂਦਾ ਕਿਉਂਕਿ ਮੈਂ ਨੇਕ ਸਾਂ।'' ਮਹਾਤਮਾ ਨੇ ਪੰਜ ਸਦਗੁਣ ਨਿਸ਼ਚਿਤ ਕੀਤੇ।

ਉਸ ਦੀਆਂ ਲਿਖਤਾਂ ਵਿਚ 'ਲੀ' ਸ਼ਬਦ ਦੀ ਵਰਤੋਂ ਬੜੀ ਵਾਰ ਕੀਤੀ ਗਈ ਮਿਲਦੀ ਹੈ। ਚੀਨ ਦੇ ਬਹੁਤ ਸਾਰੇ ਪ੍ਰਾਚੀਨ ਸ਼ਬਦ ਅਜਿਹੇ ਹਨ, ਜਿਨ੍ਹਾਂ ਦਾ ਸਹੀ ਤਰਜਮਾ ਕਰਨਾ ਤੇ ਉਸ ਦੇ ਬਰਾਬਰ ਦਾ ਸ਼ਬਦ ਲਭਣਾ ਔਖਾ ਹੈ। 'ਲੀ' ਇਹੋ ਜਿਹਾ ਹੀ ਸ਼ਬਦ ਹੈ। ਇਸ ਦਾ ਅਰਥ ਹੈ ਉਚਿਤਤਾ, ਸ੍ਰੇਸ਼ਟਤਾ, ਸ਼ਰਾਫਤ। ਧਾਰਮਿਕ ਰਸਮਾਂ ਨੂੰ ਵੀ ਲੀ ਕਿਹਾ ਗਿਆ ਹੈ, ਇਥੋਂ ਤਕ ਕਿ ਸੰਗੀਤ ਵਾਸਤੇ ਵੀ ਇਸ ਸ਼ਬਦ ਦੀ ਵਰਤੋਂ ਹੋਈ ਹੈ। ਲਿਨ ਯੂ ਤਾਂਗ ਦੇ ਸ਼ਬਦਾਂ ਵਿਚ ਲੀ ਆਦਰਸ਼ਿਕ ਸਮਾਜਿਕ ਅਨੁਸ਼ਾਸਨ ਹੈ, ਜਿਸ ਵਿੱਚੋਂ ਹਰ ਚੀਜ਼ ਉਸ ਦੀ ਸਹੀ ਥਾਂ ਉੱਤੇ ਸਥਿਤ ਹੋਵੇ। ਸਮਾਜ, ਧਰਮ ਅਤੇ ਸਦਾਚਾਰ ਦੇ ਰਸਤੇ ਉੱਤੇ ਚਲੇ।

ਡਿਊਕ ਆਈ ਨੇ ਕਨਫਿਊਸ਼ਿਅਸ ਨੂੰ ਪੁੱਛਿਆ, ''ਮਹਾਤਮ ਜੀ 'ਲੀ' ਕਿਸ ਨੂੰ ਕਿਹਾ ਜਾਂਦਾ ਹੈ?'' ਤੁਸੀਂ ਅਕਸਰ ਕਿਹਾ ਕਰਦੇ ਹੋ ਇਹ ਬੜੀ ਅਹਿਮ ਚੀਜ਼ ਹੈ।'' ਮਹਾਤਮਾ ਨੇ ਕਿਹਾ, ''ਮੈਨੂੰ ਪਤਾ ਨਹੀਂ ਲੱਗਦਾ ਇਹ ਕੀ ਹੈ? ਮੈਂ ਅਜੇ ਸਮਝ ਨਹੀਂ ਸਕਿਆ ਇਸ ਨੂੰ।'' ਆਈ ਨੇ ਫਿਰ ਕਿਹਾ, ''ਪਰ ਤੁਸੀਂ ਇਸ ਬਾਰੇ ਆਮ ਗੱਲ ਕਰਦੇ ਹੋ ਕੁਝ ਦੱਸੋ।'' ਮਹਾਤਮਾ

ਨੇ ਕਿਹਾ, "ਮੈਂ ਕੇਵਲ ਇਹ ਜਾਣਦਾ ਹਾਂ ਕਿ ਜਿਊਣ ਵਾਸਤੇ ਲੋਕਾਂ ਨੂੰ ਜਿਨ੍ਹਾਂ ਚੀਜ਼ਾਂ ਦੀ ਲੋੜ ਪੈਂਦੀ ਹੈ, ਲੀ ਉਨ੍ਹਾਂ ਵਿੱਚੋਂ ਸਭ ਤੋਂ ਜ਼ਰੂਰੀ ਹੈ। ਇਸ ਦੀ ਜਾਣਕਾਰੀ ਬਗੈਰ ਨਾ ਪੂਜਾ ਹੋ ਸਕਦੀ ਹੈ, ਨਾ ਵਿਸ਼ਵ ਦੀਆਂ ਸ਼ਕਤੀਆਂ ਨੂੰ ਸਮਝਿਆ ਜਾ ਸਕਦਾ ਹੈ। ਬਾਦਸ਼ਾਹ ਦਾ ਵਜ਼ੀਰਾਂ ਪ੍ਰਤੀ, ਹੁਕਮਰਾਨਾਂ ਦਾ ਪਰਜਾ ਪ੍ਰਤੀ, ਮਰਦਾਂ ਦਾ ਔਰਤਾਂ ਪ੍ਰਤੀ, ਮਾਪਿਆਂ ਦਾ ਬੱਚਿਆਂ ਪ੍ਰਤੀ ਕੀ ਫਰਜ਼ ਹੋਵੇ ਤੇ ਕੀ ਅਧਿਕਾਰ, ਇਹ ਲੀ ਤੈਅ ਕਰਦੀ ਹੈ। ਇਸੇ ਕਰਕੇ ਹਰ ਸਭਿਅਕ ਮਨੁੱਖ ਲੀ ਦਾ ਸਤਿਕਾਰ ਕਰਦਾ ਹੈ।"

ਸੂ ਯੂ ਨਾਲ ਗੱਲਬਾਤ ਦੌਰਾਨ ਕਨਫਿਊਸ਼ਿਅਸ ਨੇ ਆਖਿਆ, "ਲੀ ਸਮਾਜ ਨੂੰ ਗਠਿਤ ਕਰਦੀ ਹੈ। ਇਸ ਨਾਲ ਸੁੱਖ ਮਿਲਦਾ ਹੈ। ਇਹ ਸਾਡੀ ਢਾਲ ਹੈ। ਇਸ ਨਾਲ ਸਾਨੂੰ ਮਾਨਸਿਕ ਤੇ ਜਿਸਮਾਨੀ ਸੁਰੱਖਿਆ ਪ੍ਰਾਪਤ ਹੁੰਦੀ ਹੈ। ਸੂ ਯੂ ਨੇ ਫਿਰ ਪੁੱਛਿਆ, "ਕੀ ਲੀ ਇੰਨੀ ਜ਼ਰੂਰੀ ਹੈ?" ਮਹਾਤਮਾ ਨੇ ਕਿਹਾ, "ਪੁਰਾਤਨ ਬਾਦਸ਼ਾਹਾਂ ਨੇ ਮਨੁੱਖੀ ਸੁਭਾਅ ਸਮਤਲ ਰੱਖਣ ਵਾਸਤੇ ਲੀ ਦੀ ਵਰਤੋਂ ਕੀਤੀ ਅਤੇ ਵਿਸ਼ਵ ਨੂੰ ਜਾਣਿਆ। ਜਿਸ ਨੇ ਲੀ ਗ੍ਰਹਿਣ ਕੀਤੀ, ਉਹ ਤਰ ਗਿਆ ਤੇ ਜਿਸ ਨੇ ਤਿਆਗ ਦਿੱਤੀ, ਉਹ ਮਰ ਗਿਆ। ਲੀ ਦਾ ਆਧਾਰ ਸੁਰਗ ਵਿਚ ਹੈ, ਰੂਪ ਧਰਤੀ ਉੱਤੇ ਘੜਿਆ ਜਾਂਦਾ ਹੈ ਤੇ ਅੰਤਿਮ ਸੰਸਕਾਰ ਵੇਲੇ, ਪਿਤਰ ਪੂਜਾ ਵੇਲੇ, ਤੀਰਅੰਦਾਜ਼ੀ ਵੇਲੇ, ਦਸਤਾਰ-ਬੰਦੀ ਵੇਲੇ; ਨਿਆਂ, ਅਦਾਲਤਾਂ ਅਤੇ ਰਾਜਨੀਤਿਕ ਸੰਬੰਧਾਂ ਵਿਚ ਹਰ ਥਾਂ ਲੀ ਦਾ ਹੀ ਆਸਰਾ ਲਿਆ ਜਾਂਦਾ ਹੈ। ਇਸੇ ਕਰਕੇ ਸਾਧੂਆਂ ਨੇ ਲੀ ਨੂੰ ਉੱਤਮ ਕਿਹਾ। ਲੀ ਨਾਲ ਪਰਿਵਾਰ, ਦੇਸ਼ ਅਤੇ ਸੰਸਾਰ ਠੀਕ ਠਾਕ ਚਲਦਾ ਹੈ। ਪੰਜ ਮਨੁੱਖੀ ਰਿਸ਼ਤਿਆਂ ਉੱਤੇ ਲੀ ਦਾ ਅਧਿਕਾਰ ਹੈ। ਮਨੁੱਖੀ ਰਿਸ਼ਤੇ ਇਹ ਹਨ :

(1) ਬਾਦਸ਼ਾਹ ਦਾ ਪਰਜਾ ਨਾਲ ਰਿਸ਼ਤਾ
(2) ਪਿਤਾ ਦਾ ਪੁੱਤਰ ਨਾਲ ਰਿਸ਼ਤਾ
(3) ਪਤੀ ਦਾ ਪਤਨੀ ਨਾਲ ਰਿਸ਼ਤਾ
(4) ਭਰਾਵਾਂ ਦਾ ਆਪਸ ਵਿਚ ਅਤੇ ਦੋਸਤਾਂ ਦਾ ਪ੍ਰਸਪਰ ਰਿਸ਼ਤਾ
(5) ਵੱਡਿਆਂ ਦਾ ਛੋਟਿਆਂ ਨਾਲ ਰਿਸ਼ਤਾ

ਭਾਵੇਂ ਹੋਰ ਵੀ ਬਹੁਤ ਸਾਰੇ ਰਿਸ਼ਤੇ ਮਨੁੱਖਾਂ ਵਿਚਕਾਰ ਬਣੇ ਹੋਏ ਹਨ, ਪ੍ਰੰਤੂ ਕੇਂਦਰੀ ਮਹੱਤਵ ਰੱਖਣ ਵਾਲੇ ਇਹ ਪੰਜ ਰਿਸ਼ਤੇ ਹਨ। ਮਨੁੱਖਤਾ ਦੀ ਮੰਜ਼ਿਲ ਵਿਸ਼ਵ ਵਿਆਪਕ ਇਕਸੁਰਤਾ ਹੈ। ਮਨੁੱਖਾਂ ਦਾ ਧਰਤੀ ਨਾਲ ਅਤੇ ਧਰਤੀ ਦਾ ਆਕਾਸ਼ ਨਾਲ ਸੁਰ ਮਿਲੇ ਤਾਂ ਵਿਸ਼ਵ ਦੀ ਮਨਸ਼ਾ ਦਾ ਸਹੀ ਪਤਾ ਲੱਗਦਾ ਹੈ।

ਮਹਾਤਮਾ ਅਨੁਸਾਰ ਬਜ਼ੁਰਗ ਸੁਖੀ ਰਹਿੰਦੇ ਸਨ, ਕਿਉਂਕਿ ਉਨ੍ਹਾਂ ਨੇ ਕੁਦਰਤ ਨਾਲ ਆਪਣੀ ਹੈਸੀਅਤ ਮਿਥ ਰੱਖੀ ਹੋਈ ਸੀ। ਵੱਡੇ ਛੋਟੇ ਜੇ ਸਭ ਆਪਣੀ ਔਕਾਤ ਤੋਂ ਜਾਣੂ ਹੋਣ ਅਤੇ ਇਸ ਨੂੰ ਸਵੀਕਾਰ ਕਰ ਲੈਣ ਤਾਂ ਗੜਬੜ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਤਾਓਵਾਦੀਆਂ ਨੇ ਮਹਾਤਮਾ ਦੀਆਂ ਇਨ੍ਹਾਂ ਗੱਲਾਂ ਦਾ ਮਖੌਲ ਉਡਾਇਆ, ਪਰੰਤੂ ਉਸ ਨੇ ਦ੍ਰਿੜ੍ਹਤਾ ਨਾਲ ਸਹੀ ਨੂੰ ਸਹੀ ਕਿਹਾ। ਉਸ ਨੇ ਕਿਹਾ, ਦੂਜਿਆਂ ਨਾਲ ਇਹੋ ਜਿਹਾ ਵਿਹਾਰ ਕਰੋ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਉਸ ਨੇ ਕਿਹਾ - ਜੀਵਨ ਵਿਚ ਚਾਰ ਗੁਣ ਨਿਭਾਉਣੇ ਯੋਗ ਸਨ, ਜਿਨ੍ਹਾਂ ਵਿੱਚੋਂ ਮੈਂ ਇਕ

ਵੀ ਨਹੀਂ ਨਿਭਾ ਸਕਿਆ। ਮੈਨੂੰ ਆਪਣੀ ਮਾਤਾ ਦੀ ਉਸ ਤਰ੍ਹਾਂ ਸੇਵਾ ਕਰਨੀ ਚਾਹੀਦੀ ਸੀ, ਜਿਸ ਤਰ੍ਹਾਂ ਮੈਂ ਸੋਚਦਾ ਹਾਂ ਮੇਰੇ ਬੱਚੇ ਮੇਰੀ ਕਰਨ। ਮੈਂ ਅਜਿਹਾ ਨਹੀਂ ਕੀਤਾ। ਮੈਨੂੰ ਆਪਣੇ ਬਾਦਸ਼ਾਹ ਦਾ ਸਤਿਕਾਰ ਕਰਨਾ ਚਾਹੀਦਾ ਸੀ, ਜਿਵੇਂ ਕਿ ਮੈਂ ਆਪਣੇ ਅਧੀਨ ਕਿਸੇ ਵਜ਼ੀਰ ਤੋਂ ਖੁਦ ਲਈ ਉਮੀਦ ਰੱਖਦਾ ਸੀ। ਵੱਡੇ ਭਰਾ ਦਾ ਆਦਰ ਕਰਨਾ ਚਾਹੀਦਾ ਸੀ। ਦੋਸਤਾਂ ਦਾ ਸਤਿਕਾਰ ਕਰਨਾ ਚਾਹੀਦਾ ਸੀ, ਪ੍ਰੰਤੂ ਮੈਂ ਕੁਝ ਨਹੀਂ ਕਰ ਸਕਿਆ। ਉਸ ਨੂੰ ਪੁੱਛਿਆ ਗਿਆ ਕਿ ਜਿਹੜੇ ਬੁਰਾਈ ਕਰਦੇ ਹਨ ਉਨ੍ਹਾਂ ਨਾਲ ਕੀ ਵਿਹਾਰ ਕਰੀਏ? ਉਸ ਨੇ ਕਿਹਾ, ਜਿਹੜੇ ਨੇਕ ਹਨ, ਉਨ੍ਹਾਂ ਨਾਲ ਨੇਕੀ ਕਰੋ ਤੇ ਬੁਰਿਆਂ ਨਾਲ ਨਿਆਂ ਕਰੋ। ਬੁਰਾਈ ਨੂੰ ਨਿਆਂ ਨਾਲ ਨਜਿਠੋ ਕਿਉਂਕਿ ਜੇ ਬੁਰੇ ਦਾ ਹਮੇਸ਼ਾਂ ਭਲਾ ਕਰਦੇ ਜਾਓਗੇ ਤਾਂ ਸ਼ਾਇਦ ਉਸ ਦਾ ਹੌਸਲਾ ਵੱਧ ਜਾਵੇ ਤੇ ਬਦਤਰ ਹੋ ਜਾਵੇ।

ਪੰਜ ਮਹਾਨ ਫਰਜ਼

ਲਾਈ ਚੀ ਨੇ ਕਨਫਿਊਸ਼ਿਅਸ ਦੇ ਅਧਿਐਨ ਤੋਂ ਬਾਅਦ ਹੇਠ ਲਿਖੇ ਪੰਜ ਫਰਜ਼ ਨਿਸ਼ਚਿਤ ਕੀਤੇ :

(1) ਪਿਤਾ ਵਿਚ ਦਿਆਲਤਾ ਅਤੇ ਪੁੱਤਰ ਵਿਚ ਸੰਤਾਨ ਵਾਲੀ ਸ਼ੁੱਧਤਾ।
(2) ਵੱਡੇ ਭਰਾ ਵਿਚ ਸੁਹਿਰਦਤਾ ਅਤੇ ਛੋਟੇ ਵਿਚ ਨਿਮਰਤਾ।
(3) ਪਤੀ ਦਾ ਨਿਆਂਪੂਰਨ ਵਤੀਰਾ ਅਤੇ ਪਤਨੀ ਵਿਚ ਆਗਿਆਕਾਰਤਾ।
(4) ਵੱਡਿਆਂ ਵਿਚ ਮਨੁੱਖੀ ਹਮਦਰਦੀ ਅਤੇ ਨਿੱਕਿਆਂ ਵਿਚ ਆਦਰ ਭਾਵ।
(5) ਸ਼ਾਸਕਾਂ ਵਿਚ ਉਦਾਰਤਾ ਅਤੇ ਪਰਜਾ ਵਿਚ ਵਫਾਦਾਰੀ।

ਜਿਸ ਸਮਾਜ ਵਿਚ ਇਹ ਦਸ ਪ੍ਰਕਾਰ ਦੇ ਗੁਣ ਹਨ, ਉੱਥੇ ਲੀ ਹੈ, ਉੱਥੇ ਸੁੱਖ ਹੈ, ਉੱਥੇ ਸਹਿਜ ਹੈ। ਇਹੋ ਜਿਹੇ ਮਾਹੌਲ ਵਿਚ ਲੋਕਾਂ ਦੇ ਅੰਦਰੂਨੀ ਸਹੀ ਗੁਣ ਪ੍ਰਗਟ ਹੁੰਦੇ ਹਨ। ਨਾ ਲੜਾਈ, ਨਾ ਬੇਚੈਨੀ, ਨਾ ਬੇਇਨਸਾਫੀ ਦਿਖਾਈ ਦਿੰਦੀ ਹੈ। ਦੋਸਤਾਂ ਵਿਚ ਖੁਸ਼ੀ ਹੁੰਦੀ ਹੈ। ਘਰ ਵਿਚ ਖੁਸ਼ਹਾਲੀ ਹੁੰਦੀ ਹੈ ਤੇ ਰਾਜ ਵਿਚ ਸ਼ਾਂਤੀ। ਕਨਫਿਊਸ਼ਿਅਸ ਦੇ ਕਾਵਿ ਸੰਗ੍ਰਹਿ ਵਿਚ ਦਰਜ ਹੈ :

ਜਦੋਂ ਪਤਨੀਆਂ, ਪੁੱਤਰ ਅਤੇ ਉਨ੍ਹਾਂ ਦੇ ਵਡੇਰੇ ਇਕ ਹੋਣ,
ਇਉਂ ਹੁੰਦਾ ਹੈ, ਜਿਵੇਂ ਸਾਜ਼ ਇਕਸੁਰ ਹੋਣ।
ਭਰਾਵਾਂ ਦਾ ਮੇਲ ਹੋਵੇ ਤੇ ਸ਼ਾਂਤੀ ਹੋਵੇ,
ਤਾਂ ਸੰਗੀਤ ਦੀਆਂ ਤਾਰਾਂ ਢਿੱਲੀਆਂ ਨਹੀਂ ਹੁੰਦੀਆਂ।
ਖੁਸ਼ੀ ਅਤੇ ਮਿਲਾਪ ਦਾ ਦੀਵਾ ਘਰ ਵਿਚ ਜਗਦਾ ਹੈ,
ਬੱਚਿਆਂ ਦੇ ਜਨਮ ਨਾਲ ਰੰਗੀਨ ਦਿਨ ਆਉਂਦੇ ਹਨ।

ਮਹਾਤਮਾ ਚੁੰਝ-ਚਰਚਾ ਦਾ ਹਾਮੀ ਨਹੀਂ ਸੀ। ਉਸ ਨੇ ਅਧਿਆਤਮਵਾਦ ਸੰਬੰਧੀ ਕਲਪਨਾ ਉਡਾਰੀਆਂ ਨਹੀਂ ਮਾਰੀਆਂ। ਜੋ ਕਿਹਾ ਜੀਵਨ ਲਈ ਉਪਯੋਗੀ ਕਿਹਾ। ਹਰ ਸਮਾਜ ਦੀ ਛੋਟੀ ਤੋਂ ਛੋਟੀ ਇਕਾਈ ਪਰਿਵਾਰ ਹੈ, ਤੇ ਪਰਿਵਾਰ ਉਪਰ ਸੰਸਕ੍ਰਿਤੀ ਨਿਰਭਰ ਹੈ। ਪਰਿਵਾਰ ਠੀਕ ਹੋਵੇ ਤਾਂ ਮੁਲਕ ਠੀਕ ਹੁੰਦਾ ਹੈ। ਚੀਨ ਵਿਚ ਪਰਿਵਾਰ ਪ੍ਰਤੀ ਵਫਾਦਾਰੀ ਤੋਂ ਵੱਡਾ ਹੋਰ ਕੋਈ ਗੁਣ ਨਹੀਂ ਮੰਨਿਆ ਜਾਂਦਾ। ਅੱਜ ਦੇ ਸਮੇਂ ਵਾਂਗ ਇਹ ਨਹੀਂ ਸੀ ਕਿ ਬਾਲਗ ਹੋਣ ਤੇ ਮਨਮਰਜ਼ੀ ਕਰ ਸਕੇ, ਪਰਿਵਾਰ ਨਾਲ ਰਹੇ ਜਾਂ ਨਾ। ਮੌਤ ਤਕ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਸੀ। ਪਿਤਾ

ਦੀ ਆਗਿਆ ਮੰਨਣੀ ਹੈ, ਪਿਤਾ ਦੀ ਮੌਤ ਤੋਂ ਪਿਛੋਂ ਵੱਡੇ ਭਰਾ ਦੀ ਆਗਿਆ ਮੰਨਣੀ ਹੈ। ਪਿਤਾ ਅਤੇ ਵੱਡੇ ਭਰਾ ਨੂੰ ਵੀ ਤਿਆਗ ਦੇ ਉੱਚੇ ਆਦਰਸ਼ ਕਾਇਮ ਕਰਨੇ ਪੈਂਦੇ ਹਨ, ਤਦ ਹੀ ਛੋਟੇ ਹੁਕਮ ਮੰਨਣਗੇ। ਜੇ ਸੰਤਾਨ ਸਹੀ ਨਹੀਂ ਤਾਂ ਇਸ ਲਈ ਪਿਤਾ ਕਸੂਰਵਾਰ ਹੈ, ਕਿਉਂਕਿ ਉਸ ਨੇ ਪਰਿਵਾਰ ਵੱਲ ਪੂਰਾ ਧਿਆਨ ਨਹੀਂ ਦਿੱਤਾ, ਜਿੰਨਾ ਚਿਰ ਪਿਤਾ ਜੀਵਿਆ, ਦੇਖੋ ਕਿਸ ਲਈ ਜੀਵਿਆ। ਜਦੋਂ ਤੁਰ ਗਿਆ, ਦੇਖੋ ਕਿਵੇਂ ਵਿਛੜਿਆ।

ਮਿੰਗ ਵੂ ਨੇ ਪੁੱਤਰ ਦੇ ਫਰਜ਼ ਪੁੱਛੇ ਤਾਂ ਮਹਾਤਮਾ ਨੇ ਕਿਹਾ, ਮਾਤਾ ਪਿਤਾ ਨੂੰ ਕੇਵਲ ਉਦੋਂ ਖੇਚਲ ਦਿਉ, ਜਦੋਂ ਤੁਸੀਂ ਬੀਮਾਰ ਹੋਵੋ। ਹੋਰ ਕਦੀ ਨਹੀਂ।

ਸੂ ਯੂ ਨੇ ਪੁੱਤਰ ਦੇ ਫਰਜ਼ ਬਾਰੇ ਪੁੱਛਿਆ ਤਾਂ ਮਹਾਤਮਾ ਨੇ ਕਿਹਾ, ''ਜਿਹੜਾ ਬੰਦਾ ਮਾਪਿਆਂ ਨੂੰ ਭੋਜਨ ਦੇਵੇ, ਅੱਜਕਲ੍ਹ ਉਹ ਚੰਗਾ ਸਮਝਿਆ ਜਾਂਦਾ ਹੈ, ਭੋਜਨ ਤਾਂ ਅਸੀਂ ਆਪਣੇ ਕੁੱਤਿਆਂ ਅਤੇ ਘੋੜਿਆਂ ਨੂੰ ਵੀ ਖੁਆਉਂਦੇ ਹਾਂ। ਜੇ ਮਾਪਿਆਂ ਦਾ ਆਦਰ ਨਾ ਕੀਤਾ, ਕੇਵਲ ਰੋਟੀ ਦਿੱਤੀ, ਫਿਰ ਕੀ ਫਰਕ ਹੋਇਆ ਉਨ੍ਹਾਂ ਵਿਚ ਅਤੇ ਪਸ਼ੂਆਂ ਵਿਚ?''

ਮਹਾਤਮਾ ਨੇ ਕਿਹਾ, ''ਜਦੋਂ ਮਾਪੇ ਜਿਉਂਦੇ ਹੋਣ ਉਨ੍ਹਾਂ ਦੀ ਆਗਿਆ ਲੈ ਕੇ ਘਰੋਂ ਬਾਹਰ ਜਾਉ ਅਤੇ ਜਾਣ ਵੇਲੇ ਜਿਥੇ ਦਸ ਕੇ ਜਾ ਰਹੇ ਹੋ ਉਥੇ ਹੀ ਜਾਉ।''

ਕਨਫਿਊਸ਼ਿਅਸ ਅਨੁਸਾਰ ਜੀਂਦੇ ਜੀ ਮਾਪਿਆਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਦੀ ਮੌਤ ਤੋਂ ਪਿਛੋਂ ਉਨ੍ਹਾਂ ਦੇ ਦੱਸੇ ਰਸਤੇ ਤੇ ਚੱਲਣਾ ਚਾਹੀਦਾ ਹੈ। ਅੱਜ ਵੀ ਚੀਨ ਵਿਚ ਪੰਘੂੜੇ ਤੋਂ ਲੈ ਕੇ ਮੌਤ ਦੇ ਬਿਸਤਰ ਤਕ ਮਾਤਾ ਪਿਤਾ ਅਤੇ ਸੰਤਾਨ ਦਾ ਰਿਸ਼ਤਾ ਅਟੁੱਟ ਅਤੇ ਸਤਿਕਾਰਯੋਗ ਸਮਝਿਆ ਜਾਂਦਾ ਹੈ। ਇਸ ਰਿਸ਼ਤੇ ਨੇ ਦੁਨੀਆਂ ਨੂੰ ਪਵਿੱਤਰ ਬਣਾਇਆ ਅਤੇ ਸੰਸਾਰ ਵਿਚ ਮੁਸੀਬਤਾਂ ਨਾ ਰਹੀਆਂ।

ਸਾਫ਼ ਹੈ ਕਿ ਉਹ ਅਧਿਆਤਮਵਾਦੀ ਨਹੀਂ ਸੀ। ਚੀਨ ਵਿਚ ਈਸ਼ਵਰਵਾਦੀ, ਰਹੱਸਵਾਦੀ ਜਾਂ ਰੂਹਾਨੀ ਰੁਝਾਣ ਘੱਟ ਹੀ ਦੇਖਣ ਨੂੰ ਮਿਲਿਆ ਹੈ। ਕਨਫਿਊਸ਼ਿਅਸ ਦਾ ਸਿਧਾਂਤ ਚਾਲੂ ਹੋਇਆ, ਫਿਰ ਬੁੱਧ ਮੱਤ ਦਾ ਪ੍ਰਕਾਸ਼ ਹੋਇਆ ਤੇ ਆਖਰ ਮਾਰਕਸਵਾਦ ਨੂੰ ਸਵੀਕਾਰਿਆ ਗਿਆ। .....ਇਨ੍ਹਾਂ ਸਾਰੇ ਮੱਤਾਂ ਦਾ ਈਸ਼ਵਰ ਨਾਲ ਕੋਈ ਸੰਬੰਧ ਨਹੀਂ। ਕਨਫਿਊਸ਼ਿਅਸ ਤੋਂ ਪਹਿਲਾਂ ਵੀ ਸਦਾਚਾਰਕ ਨਿਯਮਾਵਲੀ ਦਾ ਸਤਿਕਾਰ ਵਧੇਰੇ ਸੀ ਤੇ ਧਾਰਮਿਕ ਰਸਮਾਂ ਦੂਜੇ ਦਰਜੇ ਤੇ ਆਉਂਦੀਆਂ ਸਨ। ਮਹਾਤਮਾ ਨੇ ਵਿਸ਼ਪਵਿਆਪੀ ਨਿਯਮ ਨੂੰ ਤਾਉ ਕਿਹਾ। ਤਾਉ ਮਨੁੱਖੀ ਜੀਵਨ ਨੂੰ ਉਸੇ ਪ੍ਰਕਾਰ ਪ੍ਰਭਾਵਿਤ ਕਰਦਾ ਹੈ, ਜਿਵੇਂ ਸੂਰਜ ਰੁੱਤਾਂ ਨੂੰ। ਕਥਨ ਹੈ, ਨੈਤਿਕ ਨਿਯਮ ਮਰਦਾਂ ਔਰਤਾਂ ਵਾਸਤੇ ਪ੍ਰਕਾਸ਼ਤ ਹੋਇਆ ਅਤੇ ਧਰਤੀ ਆਸਮਾਨ ਉੱਤੇ ਛਾ ਗਿਆ। ਸਾਰੀ ਕੁਦਰਤ ਕਾਨੂੰਨ ਵਿਚ ਪਾਬੰਦ ਹੈ। ਨਾ ਕੋਈ ਚਾਨਸ ਹੈ ਨਾ ਐਕਸੀਡੈਂਟ। ਘਟਨਾਵਾਂ ਅਨੁਸ਼ਾਸਨ ਵਿਚ ਘਟ ਰਹੀਆਂ ਹਨ। ਜੇ ਕੁਦਰਤ ਵਿਚ ਤੁਹਾਨੂੰ ਕਾਰਨ-ਕਾਰਜ ਦੀ ਸਪਸ਼ਟ ਵਿਧੀ ਨਹੀਂ ਦਿਸ ਰਹੀ ਤਾਂ ਤੁਸੀਂ ਅੰਨ੍ਹੇ ਹੋ। ਕੁਦਰਤ ਵਿਚ ਕੋਈ ਗੁੰਝਲਾਂ ਨਹੀਂ, ਕੋਈ ਝਮੇਲੇ ਨਹੀਂ। ਵਿਸ਼ਵ ਦਾ ਇਕ ਨਿਸ਼ਚਿਤ ਨਿਯਮ ਹੈ, ਹੋਰ ਕੁਝ ਨਹੀਂ।

479 ਪੂਰਬ ਈਸਵੀ ਸਨ ਵਿਚ ਇਸ ਮਹਾਨ ਦਾਰਸ਼ਨਿਕ ਦਾ ਦੇਹਾਂਤ ਹੋ ਗਿਆ। ਉਸ ਦੇ ਅਧੂਰੇ ਕੰਮ ਨੂੰ ਉਸ ਦੇ ਵਿਦਿਆਰਥੀਆਂ ਨੇ ਪੂਰਾ ਕੀਤਾ। ਮਹਾਤਮਾ ਦੀਆਂ ਸਿੱਖਿਆਵਾਂ, ਯਾਦਾਂ ਅਤੇ ਟੋਟਕਿਆਂ ਨੂੰ ਸੰਪਾਦਤ ਕੀਤਾ ਗਿਆ। ਕਨਫਿਊਸ਼ਿਅਸ ਦੁਆਰਾ ਰਚਿਆ ਅਤੇ

ਕਨਫਿਊਸ਼ਿਅਸ ਬਾਰੇ ਰਚਿਆ ਸਾਹਿਤ ਚੀਨ ਦਾ ਮਹਾਨ ਬੌਧਿਕ ਵਿਰਸਾ ਹੈ, ਜਿਸ ਉੱਤੇ ਸੰਸਾਰ ਨੂੰ ਫਖ਼ਰ ਹੈ।

ਕਨਫਿਊਸ਼ਿਅਸ ਦੀਆਂ ਲਿਖਤਾਂ ਦੀ ਸੰਖੇਪ ਜਾਣਕਾਰੀ

ਪਚਵੰਜਾ ਸਾਲ ਦੀ ਉਮਰ ਵਿਚ ਕਨਫਿਊਸ਼ਿਅਸ ਤਿੰਨ ਸ਼ਾਗਿਰਦਾਂ ਨੂੰ ਨਾਲ ਲੈ ਕੇ ਤੇਰਾਂ ਸਾਲ ਥਾਂ-ਥਾਂ ਨੌਕਰੀ ਦੀ ਤਲਾਸ਼ ਵਿਚ ਘੁੰਮਦਾ ਰਿਹਾ। ਚੀਨੀ ਰਿਆਸਤਾਂ ਦੇ ਰਾਜੇ ਉਸ ਦੀ ਵਿਦਵਤਾ ਅਤੇ ਈਮਾਨਦਾਰੀ ਤੋਂ ਵਾਂਕਫ ਸਨ, ਪਰੰਤੂ ਇਹ ਚੀਜ਼ਾਂ ਰਾਜਿਆਂ ਦੇ ਕਿਸ ਕੰਮ? ਸਨਮਾਨ ਕਰਨ ਦੀ ਥਾਂ ਸਗੋਂ ਉਸਨੂੰ ਸ਼ੱਕ ਦੀਆਂ ਨਿਗਾਹਾਂ ਨਾਲ ਦੇਖਿਆ ਜਾਣ ਲੱਗਾ। ਭਰਿਸ਼ਟ ਅਫ਼ਸਰ ਉਸ ਨੂੰ ਲਾਗੇ ਨਾ ਫਟਕਣ ਦਿੰਦੇ, ਕੁਝ ਥਾਵਾਂ ਉੱਤੇ ਉਸ ਉੱਤੇ ਹਮਲੇ ਹੋਏ ਤੇ ਉਸ ਨੂੰ ਜਾਨ ਬਚਾ ਕੇ ਦੌੜਨਾ ਪਿਆ। ਬਚਾਉ ਵਾਸਤੇ ਗਾਰਦ ਰੱਖਦਾ ਰਿਹਾ। ਇਹ ਦਸ਼ਾ ਦੇਖ ਕੇ ਇਕ ਬੰਦੇ ਨੇ ਕਿਹਾ, "ਮਹਾਤਮਾ, ਸਰਬਗਿਆਤਾ ਹੋਣ ਦੇ ਬਾਵਜੂਦ ਕੀ ਮਿਲਿਆ ਤੈਨੂੰ?" ਮਹਾਤਮਾ ਨੇ ਉੱਤਰ ਦਿੱਤਾ, "ਤੂੰ ਦਸ ਫਿਰ ਕੀ ਕਰਾਂ? ਕਿਸੇ ਧਨੀ ਦੇ ਰੱਥ ਦਾ ਰਥਵਾਨ ਲੱਗ ਜਾਵਾਂ ਕਿ ਤੀਰਅੰਦਾਜ਼ੀ ਸਿੱਖਣੀ ਸ਼ੁਰੂ ਕਰਾਂ?"

ਉਸਦਾ ਇਕ ਵਿਦਿਆਰਥੀ ਡਿਊਕ ਆਈ ਦੇ ਦਰਬਾਰ ਵਿਚ ਵੱਡੇ ਰੁਤਬੇ ਤੇ ਨਿਯੁਕਤ ਹੋਇਆ ਤਾਂ ਵਿਦਿਆਰਥੀ ਨੇ ਆਪਣੇ ਅਧਿਆਪਕ ਦਾ ਬੜਾ ਸਨਮਾਨ ਕੀਤਾ। ਡਿਊਕ ਨੇ ਮਹਾਤਮਾ ਨੂੰ ਦਰਬਾਰ ਵਿਚ ਸੱਦ ਲਿਆ ਅਤੇ ਜ਼ਰੂਰੀ ਮਸਲਿਆਂ ਉੱਤੇ ਸਲਾਹ ਮਸ਼ਵਰਾ ਕਰਦਾ। ਇਹ 484 ਪੂਰਬ ਈਸਵੀ ਦੀ ਗੱਲ ਹੈ, ਜਦੋਂ ਉਸ ਦੀ ਉਮਰ 67 ਸਾਲ ਦੀ ਸੀ। ਵਧੇਰੇ ਸਮਾਂ ਹੁਣ ਵੀ ਉਹ ਅਧਿਆਪਨ ਦਾ ਕੰਮ ਕਰਦਾ। ਉਸ ਨੇ ਪੁਰਾਤਨ ਚੀਨੀ ਗ੍ਰੰਥਾਂ ਨੂੰ ਸੰਪਾਦਿਤ ਕਰਨ ਦਾ ਮਹਾਨ ਕਾਰਜ ਸਿਰੇ ਚਾੜ੍ਹਿਆ। ਉਸ ਨੇ ਸਭ ਲਿਖਤਾਂ ਨੂੰ ਵੱਖ-ਵੱਖ ਸੰਗ੍ਰਹਿਆਂ ਵਿਚ ਇਕੱਠਾ ਕੀਤਾ। ਇਨ੍ਹਾਂ ਗ੍ਰੰਥਾਂ ਨੂੰ ਕਨਫਿਊਸ਼ਿਅਸ ਕਲਾਸਿਕਸ ਕਿਹਾ ਜਾਂਦਾ ਹੈ। ਗ੍ਰੰਥ ਇਹ ਹਨ :

1. ਸ਼ੂ ਚਿੰਗ (ਇਤਿਹਾਸ)
2. ਸ਼ੀ ਚਿੰਗ (ਕਾਵਿ ਸੰਗ੍ਰਹਿ)
3. ਲੀ ਕਾਈ (ਧਰਮ ਪੋਥੀ)
4. ਆਈ ਚਿੰਗ (ਪਰਿਵਰਤਨਾਂ ਦੀ ਪੋਥੀ)
5. ਚੁਨ ਚਿਊ (ਬਸੰਤ-ਪਤਝੜ ਦੇ ਬਿਰਤਾਂਤ)

1. ਸ਼ੂ ਚਿੰਗ

ਇਤਿਹਾਸ ਦੀ ਪੋਥੀ ਹੈ, ਜਿਸ ਵਿਚ 2400 ਪੂਰਬ ਈਸਵੀ, ਭਾਵ ਅੱਜ ਤੋਂ ਕੋਈ ਸਾਢੇ ਚਾਰ ਹਜ਼ਾਰ ਪਹਿਲੋਂ ਤੋਂ ਲੈ ਕੇ ਕਨਫਿਊਸ਼ਿਅਸ ਦੇ ਸਮੇਂ ਤਕ ਦੇ ਬਿਰਤਾਂਤ ਦਰਜ ਹਨ। ਦਸਤਾਵੇਜ਼ੀ ਰਿਕਾਰਡ ਪੂਰੇ ਤੱਥਾਂ ਸਮੇਤ ਦਿੱਤਾ ਹੋਇਆ ਹੈ। ਇਸ ਕਿਤਾਬ ਵਿਚ ਸੁਪਨਾ ਲਿਆ ਗਿਆ ਹੈ ਕਿ ਸਾਰੇ ਸੰਸਾਰ ਵਿਚ ਇਕ ਬਾਦਸ਼ਾਹਤ ਹੋਵੇ ਤੇ ਬਾਦਸ਼ਾਹ ਨੇਕ ਹੋਵੇ।

2. ਸ਼ੀ ਚਿੰਗ

ਇਸ ਕਿਤਾਬ ਵਿਚ ਕਵਿਤਾਵਾਂ ਹਨ। ਇਹ ਕਵਿਤਾਵਾਂ ਧਾਰਮਿਕ ਘੱਟ ਅਤੇ ਸਮਾਜ ਸੁਧਾਰਕ ਵਧੇਰੇ ਹਨ।

3. ਲੀ ਕਾਈ

ਇਸ ਕਿਤਾਬ ਵਿਚ ਧਾਰਮਿਕ ਰਸਮਾਂ ਰੀਤਾਂ ਦਾ ਵਰਨਣ ਹੈ। ਦੱਸਿਆ ਗਿਆ ਹੈ ਕਿ ਕੀ ਕੁਝ ਕਰਨ ਨਾਲ ਕਬੀਲਦਾਰੀ ਠੀਕ ਢੰਗ ਨਾਲ ਚੱਲਦੀ ਹੈ। ਨੇਕ ਬਣਨ ਦੇ ਕਾਇਦੇ ਕਾਨੂੰਨ ਲਿਖੇ ਗਏ ਹਨ।

4. ਆਈ ਚਿੰਗ

ਇਸ ਗ੍ਰੰਥ ਵਿਚ ਕੁਦਰਤ ਦੀਆਂ ਤਬਦੀਲੀਆਂ ਦਾ ਲੇਖਾ-ਜੋਖਾ ਹੈ। ਰੁੱਤਾਂ ਕਿਵੇਂ ਬਦਲਦੀਆਂ ਹਨ, ਦਿਨ-ਰਾਤ ਕਿਵੇਂ ਆਉਂਦੇ ਹਨ, ਆਦਿਕ ਵਿਸ਼ਿਆਂ ਉੱਤੇ ਲਿਖਿਆ ਗਿਆ ਹੈ। ਕਿਤਾਬ ਦੇ ਨਾਮ ਤੋਂ ਲੱਗਦਾ ਹੈ ਜਿਵੇਂ ਇਸ ਵਿਚ ਵਿਗਿਆਨ ਦੇ ਕੋਈ ਨੇਮ ਸੁਲਝਾਏ ਗਏ ਹੋਣ, ਪਰੰਤੂ ਅਜਿਹੀ ਗੱਲ ਨਹੀਂ। ਵਧੇਰੀਆਂ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ।

ਇਸ ਵਿਚ ਰਾਜਨੀਤੀ ਦਾ ਵੇਰਵਾ ਹੈ। 'ਲੂ' ਨਾਮ ਦੀ ਰਿਆਸਤ, ਜਿਸ ਵਿਚ ਕਨਫਿਊਸ਼ਿਅਸ ਰਹਿੰਦਾ ਸੀ, ਉਸ ਦੇ ਪ੍ਰਬੰਧ ਬਾਰੇ ਲਿਖਿਆ ਹੈ। ਵਧੇਰੇ ਜ਼ੋਰ ਇਸ ਪੱਖ ਉੱਤੇ ਦਿੱਤਾ ਗਿਆ ਹੈ ਕਿ ਰਾਜ ਨੇਕ ਹੋਣ ਤੇ ਸੰਸਾਰ ਵਿਚ ਨੈਤਿਕ ਹਕੂਮਤ ਹੋਏ ਤੇ ਆਕਾਸ਼ ਇਸ ਨੂੰ ਕੰਟਰੋਲ ਕਰੇ।

5. ਚੁਨ ਚਿਊ

ਉਪਰ ਦਰਜ ਪੰਜ ਗ੍ਰੰਥਾਂ ਨੂੰ ਪੰਜ-ਪਾਤਸ਼ਾਹ (The Five Kings) ਵੀ ਕਿਹਾ ਜਾਂਦਾ ਹੈ। ਇਹ ਚੀਨ ਵਿਚ ਬੜੇ ਸਤਿਕਾਰੇ ਜਾਂਦੇ ਗ੍ਰੰਥ ਹਨ।

ਇਨ੍ਹਾਂ ਪੰਜ ਕਲਾਸਿਕ ਗ੍ਰੰਥਾਂ ਤੋਂ ਇਲਾਵਾ ਚਾਰ ਹੋਰ ਕਿਤਾਬਾਂ, ਕਨਫਿਊਸ਼ਿਅਸ ਦੇ ਯੁੱਗ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਕਿਤਾਬਾਂ ਨੂੰ 'ਚਾਰ ਸ਼ੂ' (The Four Shu) ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਮ ਇਹ ਹਨ :

6. ਲੂ ਯੂ (The Lue-Yu)
7. ਤਾ ਸ਼ੂ (The Ta Hseuth)
8. ਚੁੰਗ ਯੁੰਗ (The Chung-Yung)
9. ਮਿੰਗ ਜ਼ੂ (The Meng-tzu)

ਇਹ ਚਾਰ ਗ੍ਰੰਥ ਮਹਾਤਮਾ ਕਨਫਿਊਸ਼ਿਅਸ ਦੀਆਂ ਲਿਖਤਾਂ ਨਹੀਂ। ਇਹ ਉਸ ਦੇ ਵਿਦਿਆਰਥੀਆਂ ਦੇ ਰਾਹੀਂ ਤਿਆਰ ਕੀਤੀਆਂ ਕਿਤਾਬਾਂ ਹਨ। ਜੋ ਕੁਝ ਉਹ ਪੜ੍ਹਾਇਆ ਕਰਦਾ ਸੀ, ਜਿਹੋ ਜਿਹੇ ਉਸਦੇ ਵਿਚਾਰ ਸਨ ਤੇ ਸੰਵਾਦ ਸਨ, ਉਨ੍ਹਾਂ ਨੂੰ ਸੰਗ੍ਰਹਿਤ ਕੀਤਾ ਗਿਆ। ਇਸ ਪ੍ਰਕਾਰ ਪਹਿਲੇ ਪੰਜ ਗ੍ਰੰਥ, ਮੂਲ ਗ੍ਰੰਥ (Original Sources) ਹੋਏ ਅਤੇ ਪਿਛਲੇ ਚਾਰ ਗ੍ਰੰਥ ਦੂਜੈਲਾ ਸਾਹਿਤ (Secondary Literature) ਹੋਇਆ।

ਚੀਨ ਦੇ ਲੋਕ ਕਦੀ ਵੀ ਵਾਲ ਦੀ ਖੱਲ ਉਤਾਰਨ ਵਾਲੀ ਰੁਚੀ ਦੇ ਨਹੀਂ ਰਹੇ। ਉਹ ਕੰਮ ਨਾਲ ਮਤਲਬ ਰੱਖਦੇ ਹਨ ਤੇ ਅਮਨ ਪਸੰਦ ਲੋਕ ਹਨ। ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤਕ ਉਨ੍ਹਾਂ ਦਾ ਇਹੋ ਸੁਭਾਅ ਰਿਹਾ ਹੈ। ਕਨਫਿਊਸ਼ਿਅਸ ਨੂੰ ਸਦੀਆਂ ਤਕ ਇਸੇ ਲਈ ਪਸੰਦ ਕੀਤਾ ਗਿਆ ਕਿਉਂਕਿ ਉਹ ਅਮਲ ਉੱਤੇ ਜ਼ੋਰ ਦਿੰਦਾ ਸੀ। ਬੁੱਧ ਮੱਤ ਤੇਜ਼ੀ ਨਾਲ ਚੀਨ ਵਿਚ ਫੈਲਿਆ

ਅਤੇ ਅੱਜ ਤਕ ਲੋਕ ਮਨ ਵਿਚ ਵਸਿਆ ਹੋਇਆ ਹੈ। ਇਹ ਵੀ ਇਸੇ ਕਰਕੇ ਕਿ ਬੁੱਧ ਨੇ ਅਧਿਆਤਮਵਾਦੀ ਕੋਈ ਰਹੱਸਮਈ ਦਰਸ਼ਨ ਪੇਸ਼ ਨਹੀਂ ਕੀਤਾ ਸੀ, ਸਗੋਂ ਨੇਕ ਬਣਨ ਦਾ ਰਾਹ ਦੱਸਿਆ ਸੀ। ਇਹੀ ਕਾਰਨ ਹੈ ਕਿ ਚੀਨ ਦੇ ਸਾਧੂਆਂ ਸੰਤਾਂ ਨੇ ਭਾਰਤੀ ਉਪਨਿਸ਼ਦਕਾਰਾਂ ਜਾਂ ਅਦਵੈਤਵਾਦੀਆਂ ਵਰਗਾ ਗੂੜ੍ਹ ਗਿਆਨ ਨਹੀਂ ਦਿੱਤਾ।

ਉਪਰ ਦਰਜ ਪੰਜ ਕਲਾਸਕੀ ਗ੍ਰੰਥਾਂ ਅਤੇ ਚਾਰ ਸੰਪਾਦਿਤ ਗ੍ਰੰਥਾਂ ਵਿੱਚੋਂ ਕੁਝ ਹਵਾਲੇ ਦੇਣੇ ਉਚਿਤ ਹੋਣਗੇ ਤਾਂ ਕਿ ਵਿਦਿਆਰਥੀਆਂ ਨੂੰ ਨਮੂਨੇ ਮਾਤਰ ਪਤਾ ਲਗ ਸਕੇ ਕਿ ਇਹਨਾਂ ਕਿਤਾਬਾਂ ਵਿਚਲੀ ਅਧਿਐਨ ਸਮੱਗਰੀ ਕਿਸ ਪ੍ਰਕਾਰ ਦੀ ਹੈ।

1. ਸ਼ੂ ਚਿੰਗ ਗ੍ਰੰਥ ਵਿੱਚੋਂ ਕੁਝ ਬੰਦ

ਤੇਰ੍ਹਵੇਂ ਸਾਲ ਦੀ ਬਸੰਤ ਰੁੱਤ ਵਿਚ ਭਾਰੀ ਸਭਾ ਹੋਈ, ਜਿਸ ਵਿਚ ਇਕ ਬਾਦਸ਼ਾਹ ਮਾਂਗ ਚਿੰਗ ਆਪਣੇ ਜਾਗੀਰਦਾਰਾਂ ਅਤੇ ਮਿੱਤਰਾਂ ਦੇ ਮਹਾਨ ਇਕੱਠ ਨੂੰ ਸੰਬੋਧਨ ਕਰਦਾ ਹੈ। ਉਹ ਇਕ ਜੰਗ ਕਰਨੀ ਚਾਹੁੰਦਾ ਹੈ, ਕਿਉਂਕਿ ਉਸਦਾ ਖਿਆਲ ਹੈ ਕਿ ਇਸ ਬਗੈਰ ਹੁਣ ਕੋਈ ਚਾਰਾ ਨਹੀਂ। ਉਹ ਹੇਠ ਲਿਖੇ ਸ਼ਬਦ ਬੋਲਦਾ ਹੈ :

'ਓ ਮੇਰੀਆਂ ਰਿਆਸਤਾਂ ਉੱਤੇ ਪੁਸ਼ਤ ਦਰ ਪੁਸ਼ਤ ਰਾਜ ਕਰਨ ਵਾਲੇ ਮਿੱਤਰੋ, ਮੇਰੇ ਸਭ ਅਫਸਰੋ ਅਤੇ ਮੇਰੇ ਪ੍ਰਬੰਧ ਵਿਚ ਹੱਥ ਵਟਾਉਣ ਵਾਲੇ ਦਾਨਿਸ਼ਵਰੋ, ਮੇਰਾ ਐਲਾਨ ਧਿਆਨ ਪੂਰਵਕ ਸੁਣੋ।

"ਆਕਾਸ਼ ਅਤੇ ਧਰਤੀ ਜੀਵਾਂ ਦੇ ਮਾਪੇ ਹਨ। ਸਭ ਜੀਵਾਂ ਦਾ ਸਿਰਤਾਜ ਮਨੁੱਖ ਹੈ। ਮਨੁੱਖਾਂ ਵਿੱਚੋਂ ਸਭ ਤੋਂ ਯੋਗ ਆਦਮੀ ਮਹਾਨ ਸਮਰਾਟ ਬਣਦਾ ਹੈ ਅਤੇ ਉਹ ਲੋਕਾਂ ਦਾ ਪਿਤਾ। ਪਰ ਹੁਣ ਕੀ ਹੋਇਆ ਕਿ ਸ਼ਾਂਗ ਦੇਸ਼ ਦਾ ਰਾਜਾ ਸ਼ਾਊ ਆਕਾਸ਼ ਦਾ ਸਤਿਕਾਰ ਨਹੀਂ ਕਰਦਾ ਤੇ ਲੋਕਾਂ ਉਪਰ ਜ਼ੁਲਮ ਕਰ ਰਿਹਾ ਹੈ। ਉਹ ਸ਼ਰਾਬ ਦੇ ਨਸ਼ੇ ਵਿਚ ਡੁੱਬਾ ਰਹਿੰਦਾ ਹੈ ਅਤੇ ਕਾਮ ਵਾਸ਼ਨਾਵਾਂ ਵਿਚ ਮਗਨ ਹੈ। ਉਸ ਨੇ ਲੋਕਾਂ ਉੱਤੇ ਦਰਿੰਦਗੀ ਕਰਨੀ ਆਰੰਭ ਕਰ ਦਿੱਤੀ ਹੈ। ਕਸੂਰਵਾਰਾਂ ਨੂੰ ਸਜ਼ਾ ਦੇਣ ਦੀ ਥਾਂ ਉਹ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ, ਸੰਬੰਧੀਆਂ ਨੂੰ ਦੰਡ ਦੇ ਰਿਹਾ ਹੈ। ਉਸ ਦੀ ਹਕੂਮਤ ਵਿਚ ਸਭ ਅਹੁੱਦਿਆਂ ਉੱਤੇ ਪਿਤਾਪੁਰਖੀ ਕਾਇਦੇ ਅਨੁਸਾਰ ਲੋਕ ਬਿਰਾਜਮਾਨ ਹੁੰਦੇ ਹਨ (ਭਾਵ ਯੋਗਤਾ ਦਾ ਕੋਈ ਮੁੱਲ ਨਹੀਂ)। ਮਹਿਲ ਬਣਵਾਉਣੇ, ਬੁਰਜ ਚਿਣਵਾਉਣੇ, ਸਾਇਆਬਾਨ ਲੁਆਉਣੇ, ਸ਼ਾਹਰਾਹ ਬਣਵਾਉਣੇ, ਝੀਲਾਂ ਖੁਦਵਾਉਣੀਆਂ, ਬਾਗ ਲੁਆਉਣੇ, ਅੱਯਾਸ਼ੀ ਦਾ ਇਹ ਸਾਜ਼ੋ-ਸਾਮਾਨ ਤਿਆਰ ਕਰਵਾਉਣਾ, ਉਸ ਦਾ ਬਸ ਇਕੋ ਇਕ ਕੰਮ ਰਹਿ ਗਿਆ ਹੈ। ਇਹ ਤੁਹਾਡੇ ਲਈ ਬੜੀ ਦੁਖਦਾਈ ਹਾਲਤ ਹੈ, ਕਿਉਂਕਿ ਤੁਸੀਂ ਪਰਜਾ ਦੇ ਹਿੱਤਾਂ ਦੇ ਰਖਵਾਲੇ ਹੋ। ਭਲੇ ਅਤੇ ਚੰਗੇ ਲੋਕਾਂ ਨੂੰ ਉਸ ਨੇ ਅੱਗ ਵਿਚ ਸਾੜ ਦਿੱਤਾ ਹੈ। ਗਰਭਵਤੀਆਂ ਔਰਤਾਂ ਦੇ ਪੇਟ ਚੀਰ ਦਿੱਤੇ ਹਨ, ਅਜਿਹੇ ਕੰਮ ਕੀਤੇ ਹਨ ਕਿ ਆਸਮਾਨ ਕੰਬ ਗਿਆ ਹੈ। ਉਸ ਨੇ ਮੇਰੇ ਸਤਿਕਾਰ ਯੋਗ ਪਿੱਤਰਾਂ ਉੱਤੇ ਜ਼ੁਲਮ ਢਾਹੁਣਾ ਚਾਹਿਆ ਸੀ ਪਰੰਤੂ ਉਸ ਜ਼ਾਲਮ ਰਾਜੇ ਦੀ ਮਨਸ਼ਾ ਪੂਰੀ ਨਹੀਂ ਹੋ ਸਕੀ।"

ਇਨ੍ਹਾਂ ਕਾਰਣਾਂ ਕਰਕੇ ਮੈਂ ਤੁਹਾਡਾ ਬੱਚਾ, ਜੱਦੀ ਰਾਜਾ ਹਾਂ ਅਤੇ ਅਸੀਂ ਸ਼ਾਂਗ ਨੂੰ ਕਈ ਵੇਰ ਸਮਝਾਇਆ ਕਿ ਅਜਿਹਾ ਨਾ ਕਰੇ ਪਰੰਤੂ ਉਸ ਨੂੰ ਕੋਈ ਪਛਤਾਵਾ ਆਪਣੇ ਕੀਤੇ ਦਾ ਨਹੀਂ। ਉਹ ਪੱਥਰ ਦਿਲ ਬਣ ਚੁੱਕਾ ਹੈ। ਉਹ ਚੌਕੜੀ ਮਾਰ ਕੇ ਬੈਠਾ ਰਹਿੰਦਾ ਹੈ, ਨਾ ਕਦੀ ਰੱਬ ਨੂੰ

ਯਾਦ ਕੀਤਾ ਨਾ ਮੰਦਰ ਗਿਆ। ਉਸ ਨੇ ਕਦੀ ਪ੍ਰਾਰਥਨਾ ਨਹੀਂ ਕੀਤੀ, ਕਦੀ ਬਲੀ ਨਹੀਂ ਦਿੱਤੀ। ਉਸ ਦੀ ਰਿਆਸਤ ਡਾਕੂਆਂ ਦੀ ਚੰਡਾਲ ਚੌਕੜੀ ਬਣ ਚੁੱਕੀ ਹੈ ਤੇ ਫਿਰ ਵੀ ਉਹ ਆਖਦਾ ਹੈ, ''ਪਰਜਾ ਮੇਰੀ ਹੈ, ਹਕੂਮਤ ਮੇਰੀ ਹੈ।'' ਕਦੀ ਨੇਕ ਬਣਨ ਬਾਰੇ ਉਸਨੇ ਸੋਚਿਆ ਹੀ ਨਹੀਂ।

''ਰੱਬ ਨੇ ਲੋਕਾਂ ਦੀ ਸੇਵਾ ਕਰਨ ਵਾਸਤੇ ਉਸ ਨੂੰ ਜ਼ਿੰਮੇਵਾਰੀ ਦਿੱਤੀ, ਪਰੰਤੂ ਮਜ਼ਲੂਮਾਂ ਦਾ ਕੋਈ ਖਿਆਲ ਉਸ ਨੇ ਨਾ ਰੱਖਿਆ। ਕੌਣ ਅਪਰਾਧੀ ਹੈ, ਕਿੰਨਾ ਅਪਰਾਧੀ ਹੈ, ਤੁਸੀਂ ਖੁਦ ਹਿਸਾਬ ਲਾ ਲਵੋ, ਮੈਂ ਕੀ ਆਖਣਾ ਹੈ।''

''ਜੇ ਦੋ ਰਾਜਾਂ ਦੀ ਤਾਕਤ ਇਕੋ ਜਿਹੀ ਹੋਵੇ, ਤਾਂ ਇਹ ਦੇਖਣਾ ਹੁੰਦਾ ਹੈ ਕਿ ਦੋਵਾਂ ਵਿੱਚੋਂ ਸਹੀ ਕੌਣ ਹੈ। ਸ਼ਾਂਗ ਪਾਸ ਲੱਖਾਂ ਅਫਸਰ ਹਨ, ਭਾਵ ਕਿ ਉਸ ਪਾਸ ਲੱਖਾਂ ਦਿਮਾਗ ਹਨ। ਮੇਰੇ ਪਾਸ ਕੇਵਲ ਤਿੰਨ ਹਜ਼ਾਰ ਅਫ਼ਸਰ ਹਨ, ਪਰੰਤੂ ਇਨ੍ਹਾਂ ਦਾ ਮਨ ਇਕ ਹੈ ਕਿਉਂਕਿ ਸ਼ੁੱਧ ਹੈ। ਸ਼ਾਂਗ ਦੇ ਪ੍ਰਸ਼ਾਸਨ ਦੀ ਪੂਰੀ ਪੜਤਾਲ ਕੀਤੀ ਜਾ ਚੁੱਕੀ ਹੈ। ਕੁਦਰਤ ਨੇ ਇਸ ਹਕੂਮਤ ਨੂੰ ਖਤਮ ਕਰਨ ਦੀ ਆਗਿਆ ਦੇ ਦਿੱਤੀ ਹੈ। ਜੇ ਮੈਂ ਕੁਦਰਤ ਦੀ ਆਗਿਆ ਦਾ ਪਾਲਣ ਨਾ ਕਰਾਂ ਤਾਂ ਮੈਂ ਵੀ ਸ਼ਾਂਗ ਵਾਂਗ ਅਪਰਾਧੀ ਅਖਵਾਵਾਂਗਾ।

ਮੈਂ ਤੁਹਾਡਾ ਬੱਚਾ ਹਰ ਵਕਤ ਚਿੰਤਾ ਵਿਚ ਗ੍ਰਸਤ ਰਹਿੰਦਾ ਹਾਂ। ਮੈਨੂੰ ਆਪਣੇ ਸਵਰਗਵਾਸੀ ਪਿੱਤਰਾਂ ਦਾ ਹੁਕਮ ਪ੍ਰਾਪਤ ਹੋ ਗਿਆ ਹੈ। ਮੈਂ ਰੱਬ ਅੱਗੇ ਖਾਸ ਬਲੀ ਦੇ ਦਿੱਤੀ ਹੈ। ਮੈਂ ਮਹਾਨ ਧਰਤੀ ਦੀ ਸੇਵਾ ਕਰਨ ਵਾਲੀਆਂ ਸਭ ਰਸਮਾਂ ਪੂਰੀਆਂ ਕਰ ਲਈਆਂ ਹਨ। ਮੈਂ ਤੁਹਾਡੀ ਸਾਰਿਆਂ ਦੀ ਅਗਵਾਈ ਕਰਦਾ ਹਾਂ ਤਾਂ ਕਿ ਕੁਦਰਤ ਦੇ ਹੁਕਮ ਅਨੁਸਾਰ ਅਪਰਾਧੀਆਂ ਨੂੰ ਦੰਡ ਦੇਈਏ। ਕੁਦਰਤ ਸਾਡੀ ਰਾਖੀ ਕਰੇਗੀ। ਲੋਕ ਜੋ ਚਾਹੁੰਦੇ ਹਨ, ਕੁਦਰਤ ਉਹੋ ਕੁਝ ਦੇ ਦਿੰਦੀ ਹੈ। ਮੇਰੀ ਸਹਾਇਤਾ ਕਰੋ। ਚਾਰ ਸਾਗਰਾਂ ਵਿਚਕਾਰ ਜੋ ਵੀ ਮਲੀਨ ਹੈ, ਅਸ਼ੁੱਧ ਹੈ, ਆਓ ਉਸ ਨੂੰ ਸ਼ੁੱਧ ਕਰੀਏ, ਸਵੱਛ ਕਰੀਏ..... ਹਮੇਸ਼ਾਂ ਲਈ ਪਵਿੱਤਰ ਕਰੀਏ। ਹੁਣ ਫੈਸਲੇ ਦੀ ਘੜੀ ਆ ਚੁੱਕੀ ਹੈ। ਇਹ ਲੰਘ ਨਾ ਜਾਏ।''

ਉਪਰ ਦਿੱਤਾ ਭਾਸ਼ਣ ਯਸੂ ਮਸੀਹ ਦੇ ਜਨਮ ਤੋਂ ਹਜ਼ਾਰ ਸਾਲ ਪਹਿਲੋਂ ਦਾ ਹੈ।

2. ਸ਼ੀ ਚਿੰਗ

ਇਹ ਕਾਵਿ ਸੰਗ੍ਰਹਿ ਹੈ। ਬਹੁਤ ਵਿਸ਼ਿਆਂ ਉੱਤੇ ਸ਼ਾਇਰੀ ਕੀਤੀ ਗਈ ਹੈ। ਜੀਵਨ ਦੇ ਸਭ ਪੱਖ ਸ਼ਾਮਲ ਕਰ ਲਏ ਗਏ ਹਨ।

ਇਕ ਬੰਦ ਨਮੂਨੇ ਵਜੋਂ ਦੇ ਰਹੇ ਹਾਂ। ਇਹ ਕਵਿਤਾ ਉਦੋਂ ਗਾਈ ਜਾਂਦੀ ਸੀ ਜਦੋਂ ਕਿ ਬੰਦੇ ਨੂੰ ਜਾਂ ਕਿਸੇ ਸਥਾਨ ਨੂੰ ਪਵਿੱਤਰ ਕਰਨਾ ਹੋਵੇ :

''ਅਸੀਂ ਸਤਿਕਾਰ ਨਾਲ ਆਕਾਸ਼ ਤੋਂ ਅਸੀਸ ਮੰਗਦੇ ਹਾਂ।
ਦੇਖੋ ਕਿਵੇਂ ਸ਼ਾਨਾਂ ਮੱਤਾ ਚਮਕ ਰਿਹਾ ਹੈ ਇਹ।
ਚਾਰੇ ਸਾਗਰਾਂ ਵਿਚਕਾਰ ਘਿਰੀ ਧਰਤੀ ਉੱਤੇ ਲੋਕ ਏਕਤਾ ਵਿਚ ਹਨ।
ਦੇਸ਼ ਲੰਮੇ ਸਮੇਂ ਤੋਂ ਇਸੇ ਕਰਕੇ ਅਮਨ ਵਿਚ ਹੈ।
ਸ਼ਰਧਾ ਪੂਰਣ ਅਸੀਂ ਬਲੀ ਦੇਂਦੇ ਹਾਂ।
ਕੁਦਰਤ ਦੇ ਕਾਨੂੰਨ ਦੀ ਪਾਲਣਾ ਕਰਨ ਨਾਲ ਹਵਾਵਾਂ ਵਗਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਆਕਾਸ਼ ਦਾ ਰਹੱਸਮਈ ਕਾਨੂੰਨ ਸਾਨੂੰ ਬਖ਼ਸ਼ ਲਵੇ।
ਮੇਰਾ ਨਿੱਕਾ ਆਪਾ ਕਦੀ ਨੇਕ ਬਣੇਗਾ ਤੇ ਵੱਡਾ ਹੋਵੇਗਾ।
ਕੁਦਰਤ ਦੇ ਕਾਰਜ ਅਸੀਂ ਸਿਰੇ ਚਾੜ੍ਹਾਂਗੇ।''

3. ਲੀ ਕਾਈ

ਇਹ ਪੋਥੀ ਧਰਮ ਗ੍ਰੰਥ ਵਜੋਂ ਸਤਿਕਾਰੀ ਜਾਂਦੀ ਹੈ, ਜਿਸ ਵਿਚ ਕਨਫਿਊਸ਼ਿਅਸ ਨੇ ਉਸ ਵੇਲੇ ਦੇ ਅਤੇ ਉਸ ਤੋਂ ਪਹਿਲੇਂ ਦੇ ਧਾਰਮਿਕ ਕਰਮਕਾਂਡ ਦਰਜ ਕੀਤੇ ਹਨ। ਮਨੁੱਖ ਦੇ ਧਾਰਮਿਕ ਫਰਜ਼ਾਂ ਦੀ ਜਾਣਕਾਰੀ ਕਰਵਾਈ ਗਈ ਹੈ। ਪਰਿਵਾਰ ਪ੍ਰਤੀ ਉਸ ਦੀਆਂ ਕੀ ਜ਼ਿੰਮੇਵਾਰੀਆਂ ਹਨ, ਇਹ ਦੱਸਿਆ ਗਿਆ ਹੈ, ਸਾਰੇ ਕਰਮਕਾਂਡਾ ਦਾ ਹਵਾਲਾ ਦਿੰਦਿਆਂ ਮਹਾਤਮਾ ਆਪਣੇ ਵਿਚਾਰ ਵੀ ਨਾਲ-ਨਾਲ ਦਰਜ ਕਰੀ ਜਾਂਦਾ ਹੈ। ਉਹ ਕਈ ਵਾਰ ਆਖਦਾ ਹੈ ਕਿ ਸੰਸਕਾਰਾਂ ਵਿਚ ਕੁਝ ਨਹੀਂ ਪਿਆ। ਮਨੁੱਖ ਨੂੰ ਰਸਮਾਂ ਪਿੱਛੇ ਲੁਕੀ ਭਾਵਨਾ ਸਮਝਣੀ ਚਾਹੀਦੀ ਹੈ।

ਪੁੱਤਰਾਂ ਨੂੰ ਚਾਹੀਦਾ ਹੈ ਕਿ ਮਾਪਿਆਂ ਦੀ ਸੇਵਾ ਕਰਨ। ਮੁਰਗੇ ਦੀ ਪਹਿਲੀ ਬਾਂਗ ਵੇਲੇ ਆਪਣੇ ਹੱਥ ਧੋਣ ਅਤੇ ਕੁਰਲੀਆਂ ਕਰਨ, ਵਾਲਾਂ ਵਿਚ ਕੰਘੀ ਕਰਨ, ਸਿਰ ਰੇਸ਼ਮੀ ਕੱਪੜੇ ਨਾਲ ਢਕਣ। ਫਿਰ ਕਾਲੀਆਂ ਜਾਕਟਾਂ ਪਹਿਨਣ, ਗੋਡੇ ਢੱਕ ਲੈਣ, ਲੱਕ ਦੁਆਲੇ ਕੱਪੜਾ ਬੰਨ੍ਹਣ। ਲੱਕ ਦੁਆਲੇ ਵਲੇ ਕੱਪੜੇ ਨਾਲ ਵਰਤੋਂ ਵਿਚ ਆਉਣ ਵਾਲੇ ਛੁਰੀ ਕਾਂਟੇ ਲਟਕਾ ਲੈਣ। ਜੁੱਤਿਆਂ ਦੇ ਤਸਮੇ ਬੰਨ੍ਹੇ ਹੋਣ। ਅਜਿਹੀ ਰਸਮ ਮਾਪਿਆਂ ਨੂੰ ਸੁੱਖ ਪ੍ਰਦਾਨ ਕਰਦੀ ਹੈ।

– ਉਸ ਨੇ ਕਿਹਾ, ਉੱਤਰ ਅਤੇ ਪੂਰਬ ਦੇ ਜਾਹਲ ਲੋਕਾਂ ਨੇ ਆਪਣੇ ਰਾਜਕੁਮਾਰਾਂ ਅਤੇ ਰਾਜਿਆਂ ਨੂੰ ਬਚਾ ਕੇ ਰੱਖਿਆ ਹੈ। ਇਸ ਪੱਖੋਂ ਉਹ ਚੀਨ ਵਾਂਗ ਬਰਬਾਦ ਨਹੀਂ ਹੋਏ।

– ਕਿਸੇ ਨੇ ਪੁੱਛਿਆ, 'ਜੀ ਬਲੀ ਦੇਣ ਦਾ ਕੀ ਅਰਥ ਹੈ?' ਉਸ ਨੇ ਕਿਹਾ, ''ਮੈਨੂੰ ਪਤਾ ਨਹੀਂ। ਜਿਸਨੂੰ ਪਤਾ ਹੈ ਉਹ ਆਕਾਸ਼ ਹੇਠ ਸਭਨਾਂ ਵਸਤਾਂ ਉੱਤੇ ਆਰਾਮ ਨਾਲ ਇਸ ਤਰ੍ਹਾਂ ਅਧਿਕਾਰ ਜਮਾ ਸਕਦਾ ਹੈ,'' ਇਹ ਆਖ ਕੇ ਮਹਾਤਮਾ ਨੇ ਆਪਣੀ ਹਥੇਲੀ ਉੱਤੇ ਉਂਗਲ ਰੱਖ ਦਿੱਤੀ।

– ਸੂ ਕੁੰਗ ਨੇ ਕਿਹਾ, 'ਮਹਾਤਮਾ ਹਰ ਮਹੀਨੇ ਦੇ ਨਵੇਂ ਚੰਦ ਮੈਨੂੰ ਇਕ ਭੇਡ ਦੀ ਬਲੀ ਦੇਣੀ ਪੈਂਦੀ ਹੈ। ਮੈਂ ਇਸ ਘਾਟੇ ਕਾਰਨ ਦੁਖੀ ਹਾਂ।' ਮਾਲਕ ਨੇ ਕਿਹਾ, 'ਤੂੰ ਭੇਡਾਂ ਦੇ ਘਾਟੇ ਕਾਰਨ ਰੋਂਦਾ ਹੈ। ਮੈਂ ਬਕਵਾਸੀ ਰਸਮਾਂ ਤੇ ਰੋਂਦਾ ਹਾਂ।'

ਉਸ ਨੇ ਕਿਹਾ, ਰਾਜ ਦਰਬਾਰ ਵਿਚ ਜਿਸ ਤਰ੍ਹਾਂ ਦੀਆਂ ਧਾਰਮਿਕ ਰਸਮਾਂ ਨਿਭਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਦੇਖ ਕੇ ਮੈਨੂੰ ਹਮੇਸ਼ਾਂ ਇਹ ਲੱਗਦਾ ਹੈ ਜਿਵੇਂ ਇਹ ਸਾਰੇ ਲੋਕ ਸਿਰੇ ਦੇ ਪਾਗਲ ਹਨ।

– ਮਹਾਤਮਾ ਨੇ ਕਿਹਾ, ਤਾਜਪੋਸ਼ੀ ਦੇ ਮੌਕੇ ਗੀਤ ਸੰਗੀਤ ਪੂਰਨ ਸੁੰਦਰਤਾ ਹੈ ਅਤੇ ਪੂਰਨ ਚੰਗਿਆਈ ਵੀ। ਜੰਗ ਵਿਚ ਕੂਚ ਕਰਨ ਵੇਲੇ ਦਾ ਬਿਗਲ ਸੋਹਣਾ ਤਾਂ ਹੈ ਚੰਗਾ ਨਹੀਂ। ਉਸਦਾ ਵੱਡਾ ਭਾਗ ਨਸ਼ਟ ਹੋ ਗਿਆ।

– 479 ਬੀ.ਸੀ. ਵਿਚ ਜਦੋਂ ਉਸਦਾ ਦੇਹਾਂਤ ਹੋਇਆ ਤਾਂ ਆਪਣੇ ਕੰਮ-ਕਾਜ ਅਤੇ ਪ੍ਰਾਪਤੀਆਂ ਤੋਂ ਉਹ ਸੰਤੁਸ਼ਟ ਨਹੀਂ ਸੀ। ਹਾਂ ਮੌਤ ਉਪਰੰਤ ਉਸਦੇ ਵਿਦਿਆਰਥੀਆਂ ਨੇ ਬੜੇ ਵੱਡੇ ਆਤਮ ਵਿਸ਼ਵਾਸ ਨਾਲ ਚੀਨ ਦੇ ਬੌਧਿਕ ਅਤੇ ਰਾਜਨੀਤਿਕ ਨਿਰਮਾਣ ਦਾ ਕਾਰਜ ਆਰੰਭਿਆ।

ਉਸ ਦੇ ਖਿਆਲਾਂ ਦੀ ਛਾਪ ਹਜ਼ਾਰਾਂ ਸਾਲ ਬੀਤ ਜਾਣ ਉਪਰਤ ਅੱਜ ਤਕ ਚੀਨ ਦੇ ਸਮਾਜ ਉੱਤੇ ਉੱਕਰੀ ਪਈ ਹੈ।

– ਮਾਲਕ ਨੇ ਕਿਹਾ, 'ਉੱਚੇ ਉੱਚੇ ਰੁਤਬਿਆਂ ਉੱਤੇ ਬੈਠੇ ਤੰਗ ਦਿਲ ਆਦਮੀ, ਸ਼ਰਧਾ ਬਗੈਰ ਕੀਤੀਆਂ ਜਾਂਦੀਆਂ ਧਾਰਮਿਕ ਰਸਮਾਂ, ਦਿਲ ਵਿਚ ਦੁੱਖ ਨਾ ਹੋਣ ਦੇ ਬਾਵਜੂਦ ਮਨਾਇਆ ਜਾ ਰਿਹਾ ਸੋਗ...... ਬਸ ਇਹ ਹੈ ਉਹ ਸਭ ਕੁਝ ਜੋ ਨਾ ਮੈਂ ਦੇਖ ਸਕਦਾ ਹਾਂ ਨਾ ਬਰਦਾਸ਼ਤ ਕਰ ਸਕਦਾ ਹਾਂ।'

4. ਆਈ ਚਿੰਗ ਵਿਚਲੇ ਪ੍ਰਸੰਗ

ਕਨਫਿਊਸ਼ਿਅਸ ਦਾ ਇਹ ਗ੍ਰੰਥ ਵੀ ਕਾਵਿ ਸੰਗ੍ਰਹਿ ਹੈ। ਇਨ੍ਹਾਂ ਕਾਵਿ ਰਚਨਾਵਾਂ ਵਿਚ ਨੈਤਿਕ, ਰੂਹਾਨੀ ਅਤੇ ਸਿਆਸੀ ਵਿਚਾਰ ਅੰਕਿਤ ਹਨ। ਇਸ ਸੰਗ੍ਰਹਿ ਵਿਚ 1200 ਪੂਰਬ ਈਸਾ ਤਕ ਦੀਆਂ ਰਚਨਾਵਾਂ ਨੱਥੀ ਕੀਤੀਆਂ ਮਿਲਦੀਆਂ ਹਨ। ਵਧੇਰੇ ਰਚਨਾਵਾਂ ਮਹਾਤਮਾ ਦੀਆਂ ਖੁਦ ਲਿਖੀਆਂ ਹੋਈਆਂ ਹਨ। ਕੁਝ ਹਿੱਸੇ ਹੇਠਾਂ ਤਰਜਮਾ ਕਰਕੇ ਦਿੱਤੇ ਜਾ ਰਹੇ ਹਨ।

(ੳ) ਅਧਿਆਇ ਛੇਵਾਂ

ਚੰਗੇ ਮਨੁੱਖ ਦੇ ਗੁਣ - ਮਹਾਨ ਮਨੁੱਖ ਉਹ ਹੈ ਜਿਹੜਾ ਕੁਦਰਤ ਨਾਲ ਇਕ-ਸੁਰ ਹੈ। ਉਸਦੇ ਗੁਣ ਧਰਤੀ ਤੇ ਆਕਾਸ਼ ਵਰਗੇ ਹੋਣ। ਚਮਕ ਦਮਕ ਚੰਦ ਸੂਰਜ ਜਿਹੀ ਹੋਵੇ, ਅਨੁਸ਼ਾਸਨ ਚਾਰ ਰੁੱਤਾਂ ਵਰਗਾ ਹੋਵੇ, ਚੰਗਿਆਈ ਤੇ ਬੁਰਾਈ ਵਿਚ ਜੋ ਸੁਰਗ ਨਰਕ ਵਾਂਗ ਫਰਕ ਦੇਖਦਾ ਹੋਵੇ, ਉਹ ਕੁਦਰਤ ਦੀ ਅਗਵਾਈ ਵੀ ਕਰ ਸਕਦਾ ਹੈ ਤੇ ਕੁਦਰਤ ਉਸ ਦੀ ਕਿਸੇ ਗੱਲ ਦਾ ਬੁਰਾ ਨਹੀਂ ਮਨਾਉਂਦੀ।

(ਅ) ਬ੍ਰਹਿਮੰਡ ਦੇ ਸਿਧਾਂਤ

ਇਸ ਅਧਿਆਇ ਵਿਚ ਕਈ ਥਾਵਾਂ ਤੇ ਲੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਲਿਖਿਆ ਹੈ, ''ਲੀ ਕੁਦਰਤ ਵਿਚ ਕੰਮ ਕਰ ਰਹੀ ਹੈ। ਉਸ ਨੇ ਸੂਰਜ ਨੂੰ ਸ਼ਕਤੀ ਦਿੱਤੀ, ਸੂਰਜ ਨੇ ਰੁੱਤਾਂ ਬਣਾਈਆਂ।''

ਸਭ ਸ਼ਕਤੀਆਂ ਪੂਰਬ ਵਿੱਚੋਂ ਉਦੇ ਹੁੰਦੀਆਂ ਹਨ। ਸੂਰਜ ਉਤਪਤੀਦਾਤਾ ਹੈ। ਸਭ ਵਸਤਾਂ ਦਾ ਸਹੀ ਕੰਟਰੋਲ ਕਰਨਾ ਹੀ ਸਿਆਣਪ ਹੈ। ''ਲਾਈ'' ਉਹ ਸ਼ਕਤੀ ਹੈ, ਜੋ ਚਮਕ ਦਮਕ ਦਿੰਦੀ ਹੈ, ਜਦੋਂ ਸਾਧੂਆਂ ਨੇ ਕੁਦਰਤ ਦਾ ਹੁਕਮ ਸੁਣਨਾ ਹੋਵੇ ਉਹ ਦੱਖਣ ਦਿਸ਼ਾ ਵੱਲ ਮੂੰਹ ਕਰ ਲੈਂਦੇ ਹਨ। ਜੜ੍ਹ ਅਤੇ ਚੇਤਨ ਵਸਤਾਂ ਆਪਸ ਵਿਚ ਟਕਰਾਉਂਦੀਆਂ ਰਹਿੰਦੀਆਂ ਹਨ।

– ਨੇਕ ਆਦਮੀ ਨੇਕੀ ਕਰਕੇ ਸੰਤੁਸ਼ਟ ਹੈ, ਪਰ ਚਤੁਰ ਆਦਮੀ ਉਹ ਹੈ ਜਿਹੜਾ ਇਸ ਕਰਕੇ ਨੇਕੀ ਕਰਦਾ ਹੈ ਕਿਉਂਕਿ ਇਹ ਲਾਭਦਾਇਕ ਹੈ।

– ਜਿਸ ਨੇ ਪੁੱਛਿਆ, 'ਮਾਲਕ ਕੀ ਇਹ ਗੱਲ ਸਹੀ ਹੈ ਕਿ ਨੇਕ ਆਦਮੀ ਨੂੰ ਪਤਾ ਹੈ ਕਿ ਕਿਸਨੂੰ ਪਿਆਰ ਕਰਨਾ ਹੈ ਅਤੇ ਕਿਸਨੂੰ ਨਫ਼ਰਤ ਕਰਨੀ ਹੈ?' ਮਹਾਤਮਾ ਨੇ ਕਿਹਾ, 'ਜਿਸ ਮਨੁੱਖ ਵਿਚ ਰਤਾ ਜਿੰਨੀ ਵੀ ਨੇਕੀ ਹੈ, ਉਹ ਨਫ਼ਰਤ ਨਹੀਂ ਕਰਦਾ।'

– ਹਰ ਮਨੁੱਖ ਵਿਚ ਅਣਗਿਣਤ ਕਮੀਆਂ ਹਨ। ਉਨ੍ਹਾਂ ਕਮੀਆਂ ਵੱਲ ਨਜ਼ਰ ਮਾਰਨ ਨੂੰ ਹੀ ਨੇਕੀ ਕਿਹਾ ਜਾਂਦਾ ਹੈ। ਇਹੀ ਪੰਥ ਹੈ।

– ਜਦੋਂ ਰਾਜੇ ਆਪਣੇ ਦਿਲਾਂ ਉੱਤੇ ਸਦਾਚਾਰ ਦਾ ਗਹਿਣਾ ਪਹਿਨ ਲੈਂਦੇ ਹਨ ਤਾਂ ਆਮ ਲੋਕ ਉਨ੍ਹਾਂ ਦੇ ਕਦਮਾਂ ਵਿਚ ਆਪਣੇ ਦਿਲ ਵਿਛਾ ਦਿੰਦੇ ਹਨ। ਜਦੋਂ ਰਾਜੇ ਸਿਰਫ ਸਜ਼ਾਵਾਂ ਦੇਣ ਬਾਰੇ ਸੋਚਣ ਲੱਗ ਪੈਂਦੇ ਹਨ, ਉਦੋਂ ਲੋਕ ਰਿਆਇਤਾਂ ਮੰਗਣ ਵਾਲੇ ਭਿਖਾਰੀ ਹੋ ਜਾਂਦੇ ਹਨ।

– ਜੇਕਰ ਧਾਰਮਿਕ ਰਸਮਾਂ ਕਰਨ ਨਾਲ ਹੀ ਬਾਦਸ਼ਾਹੀਆਂ ਚਲਦੀਆਂ ਹਨ ਤਾਂ ਮੇਰੇ ਕੋਲ ਇਸ ਬਾਰੇ ਕੁਝ ਕਹਿਣ ਵਾਸਤੇ ਸ਼ਬਦ ਨਹੀਂ ਹਨ। ਤੇ ਜੇ ਤੁਹਾਨੂੰ ਪਤਾ ਹੈ ਕਿ ਰਸਮਾਂ ਦੇ ਹੁੰਦਿਆਂ ਸੁੰਦਿਆਂ ਸਲਤਨਤਾਂ ਬਰਬਾਦ ਹੋ ਗਈਆਂ ਤਾਂ ਫਿਰ ਕਿਉਂ ਕਰਦੇ ਹੋ ਇਹ ਪਾਖੰਡ?

– ਮੈਂ ਰਾਜਗੱਦੀ ਉੱਤੇ ਨਹੀਂ ਹਾਂ ਇਸ ਗੱਲ ਦੀ ਮੈਨੂੰ ਚਿੰਤਾ ਨਹੀਂ। ਮੈਨੂੰ ਚਿੰਤਾ ਤਦ ਹੁੰਦੀ ਜੇ ਮੈਂ ਰਾਜਗੱਦੀ ਦੇ ਯੋਗ ਨਾ ਹੁੰਦਾ। ਮੈਂ ਪ੍ਰਸਿੱਧ ਨਹੀਂ ਹੋਇਆ। ਮੈਨੂੰ ਇਸਦਾ ਫ਼ਿਕਰ ਨਹੀਂ। ਮੈਂ ਆਪਣੇ ਆਪਨੂੰ ਗੁਣਵਾਨ ਬਣਾਉਣ ਲਈ ਫਿਕਰਵੰਦ ਹਾਂ।

– ਵੱਡਾ ਮਨੁੱਖ ਸੋਚਦਾ ਹੈ ਕਿ ਸਹੀ ਕੀ ਹੈ? ਘਟੀਆ ਆਦਮੀ ਸੋਚਦਾ ਹੈ ਫਾਇਦੇਮੰਦ ਕੀ ਹੈ?

– ਗੁੱਸਾ ਆਉਣ ਤੇ ਬਦਲਾ ਲੈਣ ਬਾਰੇ ਸੋਚਣਾ ਸੁਭਾਵਕ ਹੈ। ਕਮਾਲ ਸਨ ਉਹ ਲੋਕ ਜਿਹੜੇ ਬਦਲਾ ਲੈ ਸਕਦੇ ਸਨ ਪਰ ਬਦਲਾ ਲੈਣਾ ਭੁੱਲ ਗਏ।

– ਮਾਲਕ ਨੇ ਕਿਹਾ, ਨੇਕੀ ਤੁਹਾਨੂੰ ਇਕੱਲਿਆਂ ਨਹੀਂ ਰਹਿਣ ਦਿੰਦੀ। ਜੇ ਤੁਸੀਂ ਚੰਗੇ ਹੋ ਤਾਂ ਉਜਾੜ ਬੀਆਬਾਨਾ ਵਿਚ ਚਲੇ ਜਾਣਾ - ਤੁਹਾਡੇ ਆਲੇ-ਦੁਆਲੇ ਮੇਲੇ ਲੱਗ ਜਾਣਗੇ, ਭੀੜਾਂ ਜੁੜ ਜਾਣਗੀਆਂ। ਅਜ਼ਮਾ ਕੇ ਦੇਖਣਾ।

5. ਚੁਨ ਚਿਊ

ਇਹ ਗ੍ਰੰਥ ਵੀ ਮਹਾਤਮਾ ਦਾ ਆਪਣਾ ਲਿਖਿਆ ਹੋਇਆ ਹੈ। ਇਸ ਵਿਚ ਉਸ ਦੀ ਜੱਦੀ ਰਿਆਸਤ ਲੂ ਦਾ ਤੇ ਉਸਦੇ ਜਾਗੀਰਦਾਰਾਂ ਦਾ ਬਿਰਤਾਂਤ ਦਰਜ ਹੈ। ਆਮ ਬੰਦੇ ਲਈ ਇਸ ਵਿਚ ਘਟਨਾਵਾਂ ਦੀ ਲੜੀ ਹੈ, ਪਰੰਤੂ ਸਿਆਣਾ ਬੰਦਾ ਇਸ ਵਿੱਚੋਂ ਹੋਰ ਬੜਾ ਕੁਝ ਲੱਭ ਲੈਂਦਾ ਹੈ। ਮਹਾਤਮਾ ਆਪ ਇਸ ਗ੍ਰੰਥ ਵਿਚ ਇਕ ਥਾਂ ਲਿਖਦਾ ਹੈ, ''ਸ਼ਹਿਜ਼ਾਦੇ ਯੂਆਨ ਵੇਲੇ ਤੋਂ ਲੈ ਕੇ ਮੈਂ ਤੱਥ ਦਰਜ ਕੀਤੇ ਹਨ, ਸ਼ੈਲੀ ਇਤਿਹਾਸਕ ਰੱਖੀ ਹੈ, ਪਰੰਤੂ ਉਸ ਦੇ ਅਰਥਾਂ ਦਾ ਫੈਸਲਾ ਕਰਨਾ ਮੈਂ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ।'' ਬੁੱਧੀਮਾਨ ਬੰਦਾ ਸਾਧਾਰਣ ਹਵਾਲਿਆਂ ਵਿੱਚੋਂ ਬੜੀ ਵਧੀਆ ਸਮੱਗਰੀ ਪ੍ਰਾਪਤ ਕਰਦਾ ਹੈ। ਇਕ ਥਾਂ ਮਹਾਤਮਾ ਲਿਖਦਾ ਹੈ, ''ਵੀ ਰਿਆਸਤ ਦੇ ਲੋਕਾਂ ਨੇ ਚਯੂ ਰਾਜਕੁਮਾਰ ਨੂੰ ਮਾਰ ਦਿੱਤਾ।'' ਦੂਜੀ ਥਾਂ ਲਿਖਿਆ ਹੈ, ''ਚਯੂ ਰਾਜਕੁਮਾਰ ਨੇ ਆਤਮ ਹੱਤਿਆ ਕੀਤੀ।'' ਇਸ ਦਾ ਭਾਵ ਹੈ ਕਿ ਇਸ ਰਾਜਕੁਮਾਰ ਨੇ ਖੁਦ ਅਜਿਹੇ ਮਾੜੇ ਕੰਮ ਕੀਤੇ ਜਿਹੜੇ ਆਤਮਘਾਤੀ ਸਨ ਤੇ ਉਸ ਨੇ ਮਰਨਾ ਹੀ ਸੀ। ਉਸ ਨੂੰ ਠੀਕ ਸਜ਼ਾ ਮਿਲੀ। ਇਉਂ ਹਿਬਰੂ ਧਰਮ ਗ੍ਰੰਥ 'ਕਿੰਗਜ਼' ਵਾਂਗ ਇਹ ਪ੍ਰਤੀਕਮਈ ਇਤਿਹਾਸ ਹੈ, ਜਿਸ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਹੈ ਕਿ ''ਸਰਬ ਸ਼ਕਤੀਮਾਨ ਪਰਮੇਸ਼ਰ ਮਨੁੱਖੀ ਕਾਰਜਾਂ ਵਿਚ ਦਖਲ ਦੇਂਦਾ ਹੈ।''

ਉਪਰ ਦਰਜ ਪੰਜ ਗ੍ਰੰਥ ਮਹਾਤਮਾ ਤੇ ਬਾਕੀ ਚਾਰ ਪੋਥੀਆਂ ਵਿਦਿਆਰਥੀਆਂ ਨੇ ਉਵੇਂ ਰਚੀਆਂ ਜਿਵੇਂ ਅਰਸਤੂ ਦੇ ਸੰਵਾਦ ਪਲੈਟੋ ਨੇ ਲਿਖੇ। ਇਹ ਵੀ ਮਹਾਤਮਾ ਦੀਆਂ ਹੀ ਹਨ, ਪਰੰਤੂ ਉਨ੍ਹਾਂ ਦੀ ਮੌਤ ਤੋਂ ਬਾਅਦ ਰਚੀਆਂ ਗਈਆਂ। ਭਾਵੇਂ ਪਹਿਲੇ ਪੰਜ ਗ੍ਰੰਥ ਵਧੇਰੇ ਭਰੋਸੇਯੋਗ ਹਨ,

ਪਿਛਲੇ ਚਾਰ ਗ੍ਰੰਥਾਂ ਦੀ ਪ੍ਰਮਾਣਿਕਤਾ ਉੱਤੇ ਪ੍ਰਸ਼ਨ ਉੱਠਦੇ ਰਹੇ ਹਨ। ਕੁੱਝ ਵੀ ਹੈ, ਜਿਨ੍ਹਾਂ ਲੋਕਾਂ ਨੇ ਮਹਾਤਮਾ ਦੇ ਚਰਨਾਂ ਵਿਚ ਬੈਠ ਕੇ ਵਿੱਦਿਆ ਪ੍ਰਾਪਤ ਕੀਤੀ, ਉਨ੍ਹਾਂ ਨੇ ਆਪਣੇ ਗੁਰੂ ਦੀ ਮੌਤ ਤੋਂ ਬਾਅਦ ਉਸ ਦੇ ਚਿੰਤਨ ਸਾਗਰ ਨੂੰ ਸੰਭਾਲਣ ਦਾ ਯਤਨ ਕੀਤਾ। ਅਜਿਹੇ ਯਤਨ ਕਰਦਿਆਂ ਹਮੇਸ਼ਾਂ ਹੀ ਕੁਝ ਊਣਤਾਈਆਂ ਰਹਿ ਜਾਣੀਆਂ ਸੁਭਾਵਕ ਹੁੰਦੀਆਂ ਹਨ, ਪਰੰਤੂ ਇਨ੍ਹਾਂ ਚਾਰ ਰਚਨਾਵਾਂ ਵਿੱਚੋਂ ਵੀ ਸਾਨੂੰ ਕਨਫਿਊਸ਼ਿਅਸ ਦੀ ਆਤਮਾ ਦੇ ਦਰਸ਼ਨ ਹੁੰਦੇ ਹਨ।

'ਲੂ ਯੂ' ਗ੍ਰੰਥ ਚੀਨ ਵਿਚ ਬੜਾ ਹਰਮਨ ਪਿਆਰਾ ਹੋਇਆ। ਇਸ ਵਿਚ ਅਖਾਣ ਅਤੇ ਮੁਹਾਵਰੇ ਵਧੇਰੇ ਹਨ, ਜਿਸ ਕਰਕੇ ਅਨੁਵਾਦਕਾਂ ਨੂੰ ਦੂਜੀਆਂ ਭਾਸ਼ਾਵਾਂ ਵਿਚ ਤਰਜਮਾ ਕਰਨ ਵੇਲੇ ਮੁਸ਼ਕਲਾਂ ਆਈਆਂ ਹਨ, ਕਿਉਂਕਿ ਸਹੀ ਭਾਵਨਾ ਉਲਥਾਈ ਜਾ ਸਕਣੀ ਔਖਾ ਕੰਮ ਹੈ। ਪ੍ਰੋਫੈਸਰ ਐਡਵਰਡ ਨੇ ਇਕ ਕਥਨ ਦਾ ਅਨੁਵਾਦ ਇਹ ਕੀਤਾ ਹੈ, "ਜੇ ਤੁਹਾਨੂੰ ਸਵੇਰੇ ਸੱਚ ਦਾ ਪਤਾ ਲੱਗ ਜਾਵੇ ਤਾਂ ਸ਼ਾਮ ਨੂੰ ਤੁਸੀਂ ਬਿਨਾਂ ਪਛਤਾਏ ਮਰ ਸਕਦੇ ਹੋ।" ਪਰੰਤੂ ਹਯੂਜ (Hughes) ਆਖਦਾ ਹੈ ਕਿ ਇਹ ਮਹਾਤਮਾ ਦੀ ਸ਼ਬਦਾਵਲੀ ਨਹੀਂ। ਉਸਦਾ ਗੱਲ ਕਰਨ ਦਾ ਢੰਗ ਕੁਝ ਇਸ ਤਰ੍ਹਾਂ ਸੀ, "ਸਵੇਰੇ ਧਰਮ ਨੂੰ ਜਾਣਨਾ, ਸ਼ਾਮ ਨੂੰ ਮੌਤ ਦੀ ਗੋਦ ਵਿਚ ਸੌਂ ਜਾਣਾ, ਇਸ ਵਿਚ ਬੁਰਾ ਕੀ ਹੈ?"

ਕੁਝ ਇਕ ਹੋਰ ਕਥਨ ਹਨ :

– ਉੱਚੀ ਨਸਲ ਦਾ ਮਨੁੱਖ ਆਪਣੀ ਆਤਮਾ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਆਮ ਬੰਦਾ ਜ਼ਮੀਨ ਉੱਤੇ ਧਿਆਨ ਟਿਕਾ ਕੇ ਰੱਖਦਾ ਹੈ।

– ਜਿਸ ਆਦਮੀ ਨੇ ਸੇਵਾ ਕਰਨੀ ਹੈ, ਉਹ ਆਪਣੀ ਇਨਸਾਨੀਅਤ ਕਦੀ ਨਹੀਂ ਛੱਡਦਾ। ਕਿਸੇ ਹਾਲਤ ਵਿਚ ਉਹ ਜ਼ਮੀਰ ਦਾ ਸੌਦਾ ਨਹੀਂ ਕਰਦਾ। ਉਹ ਮਰਨਾ ਪਸੰਦ ਕਰਦਾ ਹੈ ਸੌਦੇਬਾਜ਼ੀ ਨਹੀਂ।

– ਵਾਂਗ ਸੰਨਸ਼ੀਆਂ ਨੇ ਪੁੱਛਿਆ, ਮਾਲਕ ਇਸ ਦਾ ਕੀ ਅਰਥ ਹੈ - ਮੰਦਰ ਵੱਲ ਧਿਆਨ ਦੇਣ ਦੀ ਥਾਂ ਚੁਲ੍ਹੇ ਵੱਲ ਧਿਆਨ ਦਿਉ? ਉਸ ਨੇ ਕਿਹਾ - ਇਹ ਕਥਨ ਸਹੀ ਨਹੀਂ ਹੈ। ਜਿਸ ਬੰਦੇ ਨੇ ਆਸਮਾਨ ਦੀ ਛਾਂ ਹੇਠ ਪਾਪ ਕੀਤੇ ਹੋਣ, ਉਹ, ਫਿਰ ਪ੍ਰਾਰਥਨਾ ਕਿੱਥੇ ਕਰੇ?

– ਚੁੰਗ ਨੇ ਪੁੱਛਿਆ, ਇਨਸਾਨੀਅਤ ਕਿਸ ਨੂੰ ਕਹਿੰਦੇ ਹਨ? ਉਸ ਨੇ ਕਿਹਾ - ਲੋਕਾਂ ਵਿਚ ਇਸ ਤਰ੍ਹਾਂ ਰਹੋ ਜਿਵੇਂ ਤੁਸੀਂ ਵੱਡੇ ਮਹਿਮਾਨ ਦੇ ਸਾਹਮਣੇ ਹੋਵੋ। ਲੋਕਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਇਸ ਤਰ੍ਹਾਂ ਸਮਝਾਉ ਜਿਵੇਂ ਤੁਸੀਂ ਬਲੀਦਾਨ ਦੇ ਰਹੇ ਹੋਵੋ। ਤਦ ਨਾ ਰਾਜ ਵਿਚ ਤੁਹਾਡੇ ਬਾਰੇ ਕਿਸੇ ਨੂੰ ਗਿਲਾ ਹੋਵੇਗਾ ਨਾ ਤੁਹਾਡੇ ਭਾਈਚਾਰੇ ਵਿਚ।

– ਸਿਆਣਿਆਂ ਬੰਦਿਆਂ ਵਿਚ ਨਾ ਊਚ ਨੀਚ ਹੁੰਦੀ ਹੈ ਨਾ ਜਾਤ-ਪਾਤ।

– ਤੁਸੀਂ ਆਪਣੀ ਸ਼ਕਤੀ ਨਾਲ ਤਕੜੇ ਜਰਨੈਲ ਅਤੇ ਉਸਦੀ ਸੈਨਾ ਨੂੰ ਹਰਾ ਸਕਦੇ ਹੋ, ਨਿਹੱਥੇ ਕਰ ਸਕਦੇ ਹੋ, ਪਰੰਤੂ ਇਕ ਸਾਧਾਰਣ ਆਦਮੀ ਦੇ ਦਿਲ ਵਿਚ ਬੈਠੇ ਵਿਸ਼ਵਾਸ ਨੂੰ ਪੁੱਟਣਾ ਔਖਾ ਕੰਮ ਹੈ, ਕਿਤੇ ਔਖਾ।

– ਵੱਡਾ ਆਦਮੀ ਆਪਣੇ ਆਪ ਤੋਂ ਸਵਾਲ ਪੁੱਛਦਾ ਹੈ, ਆਪਣੇ ਆਪ ਨੂੰ ਕਸੂਰਵਾਰ ਠਹਿਰਾਉਂਦਾ ਹੈ। ਆਮ ਲੋਕ ਦੂਜਿਆਂ ਤੇ ਕਿੰਤੂ ਕਰਕੇ ਦੂਜਿਆਂ ਨੂੰ ਦੋਸ਼ੀ ਗਰਦਾਨਦੇ ਹਨ।

– ਜੇ ਨੇਕ ਬਣਨ ਦੇ ਰਸਤੇ ਵਿਚ ਗਰੀਬੀ ਰੁਕਾਵਟ ਬਣੇ ਗਰੀਬੀ ਨੂੰ ਲਾਹਨਤ। ਜੇ

ਨੇਕ ਬਣਨ ਦੇ ਰਸਤੇ ਵਿਚ ਦੌਲਤ ਰੁਕਾਵਟ ਬਣੇ ਤਾਂ ਅਮੀਰੀ ਨੂੰ ਲਾਹਨਤ। ਪਰ ਜੇ ਦੋਵਾਂ ਦੇ ਹੁੰਦਿਆਂ ਜਾਂ ਦੋਵਾਂ ਦੇ ਬਗੈਰ ਵੀ ਨੇਕੀ ਕੀਤੀ ਜਾ ਸਕਦੀ ਹੈ ਤਾਂ ਅਮੀਰੀ ਗਰੀਬੀ ਨੂੰ ਦੋਸ਼ ਦੇਣ ਵਾਲੇ ਤੇ ਲਾਹਨਤ।

ਕਨਫਿਊਸ਼ਿਅਸ ਦੇ ਕਥਨ ਸਿਧੇ ਸਾਦੇ ਹਨ, ਪਰੰਤੂ ਉਹ ਦਿਲ ਦੀਆਂ ਤੈਹਾਂ ਅੰਦਰ ਵਸਦੇ ਜਾਂਦੇ ਹਨ। ਕਿਤੇ ਕਿਤੇ ਉਹ ਦਾਰਸ਼ਨਿਕ ਲੱਗਦਾ ਹੈ, ਸਮੁੰਦਰ ਜਿੰਨਾ ਡੂੰਘਾ ਅਤੇ ਸ਼ਾਂਤ। ਕਿਤੇ-ਕਿਤੇ ਉਹ ਮਹਾਂਕਵੀ ਲੱਗਦਾ ਹੈ, ਤੇਜ਼ ਤਰਾਰ ਅਤੇ ਆਕਾਸ਼ ਤਕ ਉੱਚਾ। ਕਦੀ ਉਹ ਸਾਨੂੰ ਬਜ਼ੁਰਗ ਪਿਤਾ ਲੱਗਦਾ ਹੈ, ਜਿਹੜਾ ਸਾਡਾ ਭਲਾ ਕਰਨ ਹਿਤ ਸਾਨੂੰ ਕਦੀ ਪਿਆਰ ਨਾਲ ਸਮਝਾਉਂਦਾ ਹੈ, ਕਦੀ ਗੁੱਸਾ ਹੁੰਦਾ ਹੈ। ਪਰੰਤੂ ਉਹ ਸਾਨੂੰ ਨਫ਼ਰਤ ਨਹੀਂ ਕਰਦਾ, ਸਾਨੂੰ ਤਿਆਗਦਾ ਨਹੀਂ। ਉਸ ਨੇ ਆਪਣੀ ਉਂਗਲ ਸਾਡੇ ਨਿੱਕੇ ਹੱਥ ਵਿਚ ਫੜਾਈ ਹੋਈ ਹੈ। ਸਾਨੂੰ ਬਹੁਤੀ ਵਾਰੀ ਪਤਾ ਨਹੀਂ ਲੱਗਦਾ, ਉਹ ਕਿਧਰ ਲੈ ਕੇ ਜਾਏਗਾ। ਪਰੰਤੂ ਸਾਨੂੰ ਉਸ ਨਾਲ ਤੁਰਨ ਵਿਚ ਆਨੰਦ ਆਉਂਦਾ ਹੈ। ਅਸੀਂ ਉਸ ਨਾਲ ਤੁਰਦੇ ਤੁਰਦੇ ਦੂਰ ਲੰਘ ਆਏ ਹਾਂ ਪਰੰਤੂ ਥੱਕੇ ਨਹੀਂ।

"ਨੇਕੀ ਤੁਹਾਨੂੰ ਇਕੱਲਿਆਂ ਨਹੀਂ ਰਹਿਣ ਦਿੰਦੀ। ਜੇ ਤੁਸੀਂ ਨੰਗ ਮਲੰਗ ਹੋ, ਤਾਂ ਉਜਾੜ ਥਾਂ ਉੱਤੇ ਜਾ ਕੇ ਬੈਠ ਜਾਉ, ਤੁਹਾਡੇ ਦੁਆਲੇ ਭੀੜਾਂ ਜੁੜ ਜਾਣਗੀਆਂ, ਮੇਲੇ ਲੱਗ ਜਾਣਗੇ।"

ਉਸ ਨੇ ਇਕ ਦਿਨ ਕਿਹਾ, 'ਧਰਮ ਦਾ ਕੋਈ ਲਾਭ ਨਹੀਂ। ਮੈਂ ਤਾਂ ਸਮੁੰਦਰ ਪਾਰ ਕਰਕੇ ਦੂਜੇ ਪਾਸੇ ਜਾਵਾਂਗਾ। ਮੈਨੂੰ ਉਮੀਦ ਹੈ ਤੁਸੀ ਮੇਰੇ ਨਾਲ ਚਲੋਗੇ।' ਜੂ ਲੂ ਇਕਦਮ ਤਿਆਰ ਹੋ ਗਿਆ। ਉਸ ਨੇ ਕਿਹਾ, "ਇਹੋ ਜਿਹੇ ਹੋ ਤੁਸੀਂ ਸਭ। ਸਰੀਰਕ ਤਾਕਤ ਅਤੇ ਹੌਸਲਾ ਦਿਖਾਉਣ ਲਈ ਹਮੇਸ਼ਾਂ ਤਿਆਰ। ਮੈਨੂੰ ਲੱਗਦਾ ਹੈ ਕਿ ਸਿਆਣੇ ਬੰਦਿਆਂ ਦੇ ਦਰਸ਼ਨ ਮੈਨੂੰ ਕਦੀ ਨਹੀਂ ਹੋਣਗੇ।"

"ਮੈਨੂੰ ਮਿੰਗ ਚੀਹ ਚੰਗਾ ਲੱਗਦਾ ਹੈ ਕਿਉਂਕਿ ਉਹ ਸ਼ੇਖੀਖੋਰ ਨਹੀਂ। ਜਦੋਂ ਉਨ੍ਹਾਂ ਦੇ ਪਿੰਡ ਉੱਤੇ ਹਮਲਾ ਹੋਇਆ ਤਾਂ ਉਹ ਸਭ ਤੋਂ ਪਿੱਛੋਂ ਪਿੰਡ ਵਿਚੋਂ ਨਿਕਲਿਆ। ਮੈਂ ਉਸਦੇ ਹੌਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਤੂੰ ਬੁਜ਼ਦਿਲਾਂ ਵਾਂਗ ਵਾਹੋਦਾਹੀ ਨਹੀਂ ਦੌੜਿਆ। ਤੂੰ ਦੁਸ਼ਮਣ ਤੋਂ ਡਰਿਆ ਨਹੀਂ। ਮਿੰਗ ਨੇ ਜਵਾਬ ਦਿਤਾ, "ਮਾਲਿਕ ਮੈਂ ਇਸ ਕਰਕੇ ਪਿੱਛੇ ਨਹੀਂ ਰਿਹਾ ਕਿ ਮੈਂ ਬਹਾਦਰ ਸੀ। ਮੈਂ ਬਿਮਾਰ ਸੀ ਤੇ ਮੇਰਾ ਘੋੜਾ ਬੁੱਢਾ ਸੀ। ਅਸੀਂ ਦੌੜ ਹੀ ਨਹੀਂ ਸਕੇ।"

ਜ਼ੂ ਕੁੰਗ ਨੇ ਪੁੱਛਿਆ, "ਫਰਜ਼ ਕਰੋ ਕਿਸੇ ਕੋਲ ਕੀਮਤੀ ਹੀਰਾ ਹੈ। ਉਸ ਬੰਦੇ ਨੂੰ ਹੀਰਾ ਕੱਪੜੇ ਵਿਚ ਲਪੇਟ ਕੇ ਸੰਦੂਕ ਵਿਚ ਲੁਕਾ ਦੇਣਾ ਚਾਹੀਦਾ ਹੈ ਕਿ ਉਸ ਨੂੰ ਦਿਖਾ ਕੇ ਵਾਜਬ ਕੀਮਤ ਵੱਟ ਲੈਣੀ ਚਾਹੀਦੀ ਹੈ?" ਮਹਾਤਮਾ ਨੇ ਕਿਹਾ, "ਕੱਪੜਿਆਂ ਵਿਚ ਨਾ ਲਪੇਟੋ। ਗੁਣਵਾਨਾਂ ਨੂੰ ਦਿਖਾਉ ਤੇ ਕੀਮਤ ਵਸੂਲੋ। ਦੇਖੋ ਮੈਂ ਨੰਗ ਮਲੰਗ ਦੇਰ ਤੋਂ ਉਡੀਕ ਰਿਹਾ ਹਾਂ ਕੋਈ ਗੁਣਵਾਨ ਪਾਰਖੂ ਆਵੇ ਤੇ ਮੇਰਾ ਮੁੱਲ ਪਾਵੇ।"

ਸੱਚ ਇਹ ਹੈ ਕਿ ਇਸ ਮਹਾਨ ਫਕੀਰ ਦਾ ਮੁੱਲ ਪਾਉਣਾ ਸੌਖਾ ਕਾਰਜ ਨਹੀਂ। ਕੋਈ ਉਸ ਜਿੱਡਾ ਹੋਵੇ ਤਾਂ ਉਸ ਨੂੰ ਸਮਝੇ। ਉਸ ਦੇ ਬੋਲ ਅਤੇ ਲਿਖਤਾਂ ਹਨੇਰੇ ਵਿਚ ਜਗਦੇ ਦੀਪਕ ਹਨ, ਜਿਹੜੇ ਸਾਨੂੰ ਡਗਮਗਾਉਣ ਨਹੀਂ ਦਿੰਦੇ।

– ਕਿਹਾ, ਕੁੰਗ ਚਾਂਗ ਨੂੰ ਭਾਵੇਂ ਕੈਦ ਵਿਚ ਸੁੱਟ ਦਿੱਤਾ ਗਿਆ ਸੀ, ਪਰ ਉਹ ਚੰਗਾ

ਬੰਦਾ ਹੈ। ਮੈਂ ਆਪਣੀ ਬੇਟੀ ਦੀ ਸ਼ਾਦੀ ਉਸੇ ਨਾਲ ਕਰਾਂਗਾ।

— ਨਾਨ ਜੁੰਗ ਬਾਰੇ ਕਿਹਾ ਕਿ ਜਿਸ ਦੇਸ਼ ਵਿਚ ਨਿਆਂ ਹੈ, ਉਸ ਦੇਸ਼ ਵਿਚ ਇਸ ਦੀ ਤਾਕਤ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿਸ ਦੇਸ਼ ਵਿਚ ਅਨਿਆਂ ਹੈ, ਨਾਨਜੁੰਗ ਕਰੋਪ ਤੋਂ ਬਚਣ ਦੇ ਸਮਰੱਥ ਹੈ। ਇਸ ਕਰਕੇ ਮੈਂ ਆਪਣੀ ਭਤੀਜੀ ਦਾ ਇਸੇ ਨਾਲ ਵਿਆਹ ਕਰਾਂਗਾ।

— ਜ਼ੂ ਕੁੰਗ ਨੇ ਕਿਹਾ, ਮਾਲਕ ਮੇਰੇ ਬਾਰੇ ਤੁਹਾਡਾ ਕੀ ਵਿਚਾਰ ਹੈ? ਮਹਾਤਮਾ ਨੇ ਕਿਹਾ - ਤੂੰ ਘੜਾ ਹੈ। ਜ਼ੂ ਕੁੰਗ ਨੇ ਪੁੱਛਿਆ - ਕਿਸ ਕੰਮ ਆਉਣ ਵਾਲਾ ਘੜਾ? ਮਾਲਕ ਨੇ ਕਿਹਾ - ਉਹ ਜਿਹੜਾ ਮੜ੍ਹੀਆਂ ਵਿਚ ਜਾ ਕੇ ਭੰਨੀਦਾ ਹੈ।

— ਕਿਸੇ ਨੇ ਕਿਹਾ, ਜਾਨ ਯੁੰਗ ਚੰਗਾ ਇਨਸਾਨ ਹੈ, ਪਰ ਬੁਲਾਰਾ ਚੰਗਾ ਨਹੀਂ। ਮਾਲਕ ਕਿਹਾ - ਉਸਨੂੰ ਚੰਗਾ ਬੁਲਾਰਾ ਹੋਣ ਦੀ ਕੀ ਲੋੜ ਹੈ। ਚਪਰ ਚਪਰ ਕਰਕੇ ਦੂਜਿਆਂ ਨੂੰ ਨੀਵਾਂ ਦਿਖਾਉਣ ਵਿਚ ਕੀ ਵਡਿਆਈ? ਜਾਨ ਯੁੰਗ ਚੰਗਾ ਹੈ ਕਿ ਬੁਰਾ ਮੈਨੂੰ ਪਤਾ ਨਹੀਂ ਕਿਉਂਕਿ ਮੈਂ ਉਸ ਨੂੰ ਜਾਣਦਾ ਨਹੀਂ ਪਰ ਉਸਨੂੰ ਜਾ ਕੇ ਦੱਸੋ ਕਿ ਜਿਹੜੇ ਚੰਗੇ ਹਨ, ਉਨ੍ਹਾਂ ਨੂੰ ਚੰਗੇ ਬੁਲਾਰੇ ਬਣਨ ਦੀ ਲੋੜ ਨਹੀਂ ਹੁੰਦੀ।

— ਜ਼ੂ ਕੁੰਗ ਨੇ ਮਹਾਤਮਾ ਨੂੰ ਪੁੱਛਿਆ - ਜੀ ਹੁਈ ਬਾਰੇ ਤੁਹਾਡਾ ਕੀ ਖਿਆਲ ਹੈ?

— ਮਾਲਕ ਨੇ ਕਿਹਾ - ਮੈਂ ਦਸ ਗੱਲਾਂ ਕਰਦਾ ਹਾਂ ਉਹ ਇਕ ਸਮਝਦਾ ਹੈ। ਇਕ ਦੇ ਸਹਾਰੇ ਫਿਰ ਉਹ ਬਾਕੀ ਗੱਲਾਂ ਬਾਰੇ ਅੰਦਾਜੇ ਲਗਾਉਣ ਲੱਗਦਾ ਹੈ। ਜਦੋਂ ਉਹ ਦਸ ਵਿੱਚੋਂ ਇਕ ਸਮਝ ਸਕਿਆ ਹੈ ਤਾਂ ਇਕ ਦੀ ਸਹਾਇਤਾ ਨਾਲ ਦਸ ਕਿਵੇਂ ਸਮਝ ਲਏਗਾ?

— ਸਾਈ ਯੂ ਸਾਰਾ ਦਿਨ ਸੁੱਤਾ ਰਹਿੰਦਾ। ਉਸ ਬਾਰੇ ਮਹਾਤਮਾ ਨੇ ਕਿਹਾ, ਮੈਂ ਗਲੀ ਹੋਈ ਲੱਕੜੀ ਉੱਤੇ ਖੁਣਾਈ ਕਿਵੇਂ ਕਰਾਂ? ਸੁੱਕੇ ਗੁਹਾਰੇ ਉੱਪਰ ਕਰਨੀ ਫੇਰ ਫੇਰ ਕੇ ਕੋਈ ਸਮਤਲ ਨਹੀਂ ਕਰ ਸਕਦਾ।

— ਜ਼ੂ ਲੂ ਜਦੋਂ ਮਹਾਤਮਾ ਦੀ ਕੋਈ ਚੰਗੀ ਗੱਲ ਸੁਣਦਾ ਤਾਂ ਉਸਨੂੰ ਜੀਵਨ ਦੇ ਅਮਲ ਵਿਚ ਲਿਆਉਣ ਦਾ ਅਸਫਲ ਯਤਨ ਕਰਦਾ ਪਰ ਨਾਲ ਹੀ ਡਰਦਾ ਰਹਿੰਦਾ ਕਿ ਕਿਤੇ ਉਹ ਹੁਣ ਹੋਰ ਕੋਈ ਚੰਗੀ ਗੱਲ ਜਲਦੀ ਨਾ ਦੱਸ ਦੇਵੇ ਤੇ ਫਿਰ ਹੋਰ ਔਖਾ ਹੋਣਾ ਪਵੇ।

— ਚਾਈ ਵੇਨ ਜ਼ੂ ਗੱਲ ਕਰਨ ਤੋਂ ਪਹਿਲਾਂ ਤਿੰਨ ਵਾਰ ਸੋਚਦਾ। ਮਹਾਤਮਾ ਨੇ ਕਿਹਾ, ਦੋ ਵਾਰੀ ਸੋਚਣਾ ਬਹੁਤ ਹੁੰਦਾ ਹੈ।

— ਜਦੋਂ ਚਿੰਨ ਸ਼ਹਿਰ ਵਿਚ ਸੀ ਉਹ ਕਹਿਣ ਲੱਗਾ, ਚਲੋ ਚਲੀਏ। ਚਲੋ ਵਾਪਸ ਚਲੀਏ। ਘਰ ਬੱਚੇ ਬੇਪ੍ਰਵਾਹ ਅਤੇ ਮੋਟੀ ਬੁੱਧੀ ਵਾਲੇ ਹੋ ਗਏ ਹਨ। ਉਹ ਸਭਿਅਤਾ ਦੀ ਸ਼ਾਨ ਸ਼ੌਕਤ ਨਾਲ ਆਪਣੇ ਆਪ ਨੂੰ ਸਜਾ ਰਹੇ ਹਨ ਪਰ ਸਭਿਅਤਾ ਹੈ ਕੀ, ਇਸ ਦਾ ਉਨ੍ਹਾਂ ਨੂੰ ਪਤਾ ਨਹੀਂ।

— ਮਾਲਕ ਨੇ ਕਿਹਾ, ਮੈਂ ਅਜਿਹੇ ਆਦਮੀ ਦੀ ਤਲਾਸ਼ ਵਿਚ ਫਿਰ ਰਿਹਾ ਹਾਂ ਜਿਹੜਾ ਆਪਣੇ ਗੁਨਾਹਾਂ ਨੂੰ ਪਛਾਣ ਕੇ ਆਪਣੀ ਅਦਾਲਤ ਵਿਚ ਆਪਣੇ ਉੱਤੇ ਮੁਕੱਦਮਾ ਚਲਾਵੇ ਤੇ ਆਪਣੇ ਆਪ ਨੂੰ ਦੋਸ਼ੀ ਗਰਦਾਨ ਕੇ ਸਜ਼ਾ ਦੇਵੇ।

ਕਿਤਾਬ ਛੇਵੀਂ

— ਤੁਹਾਨੂੰ ਸਭ ਨੂੰ ਪਤਾ ਹੈ ਕਿ ਘਰੋਂ ਬਾਹਰ ਜਾਈਏ ਤਾਂ ਦਰਵਾਜੇ ਵਿੱਚੋਂ ਦੀ ਹੀ ਜਾਈਦਾ ਹੈ। ਇਸੇ ਤਰ੍ਹਾਂ ਸੰਸਾਰ ਦਾ ਕੇਵਲ ਇਕੋ ਬੂਹਾ ਹੈ - ਉਹ ਹੈ ਪੰਥ।

ਕਿਹਾ - ਕੁਝ ਨੇਕੀ ਬਾਰੇ ਜਾਣਦੇ ਹਨ। ਕੁਝ ਨੇਕੀ ਕਰਦੇ ਹਨ। ਕੁਝ ਨੇਕੀ ਕਰਦਿਆਂ ਪ੍ਰਸੰਨ ਵੀ ਹੁੰਦੇ ਹਨ।

— ਸਾਨੂੰ ਸਾਡੇ ਵਡੇਰਿਆਂ ਨੇ ਕਿਹਾ ਸੀ, ਬਦੀ ਦਾ ਬਦਲਾ ਨੇਕੀ ਕਰਕੇ ਚੁਕਾਣਾ। ਠੀਕ ਕਿਹਾ। ਇਸੇ ਤਰ੍ਹਾਂ ਕਰਾਂਗੇ ਅਸੀਂ। ਪਰ ਐ ਦਾਨਸ਼ਵਰ ਬਾਬਿਓ, ਜਿਨ੍ਹਾਂ ਨੇ ਸਾਡੇ ਨਾਲ ਨੇਕੀ ਕੀਤੀ ਸੀ, ਉਨ੍ਹਾਂ ਦਾ ਬਦਲਾ ਕਿਵੇਂ ਚੁਕਾਈਏ?

ਕਿਤਾਬ ਸੱਤਵੀਂ

ਕਿਹਾ - ਮੈਂ ਉਹੀ ਤੁਹਾਨੂੰ ਦੱਸਿਆ ਜੋ ਮੈਂ ਸਿਖਿਆ। ਮੈਂ ਆਪਣੇ ਕੋਲੋਂ ਕੁਝ ਨਹੀਂ ਰਲਾਇਆ। ਮੈਂ ਪੂਰਨ ਵਫਾਦਾਰੀ ਨਾਲ ਪੁਰਾਤਨ ਬਜ਼ੁਰਗਾਂ ਵਿਦਵਾਨਾਂ ਦਾ ਸਤਿਕਾਰ ਕੀਤਾ। ਜੋ ਕੁਝ ਕਹਿਣਯੋਗ ਸੀ, ਮੈਂ ਬਹਾਦਰੀ ਨਾਲ ਕਿਹਾ। ਮੈਂ ਖਾਮੋਸ਼ ਬੈਠਾ ਰਹਿੰਦਾ ਤੇ ਨੋਟ ਕਰਦਾ ਕਿ ਮੈਨੂੰ ਕੀ ਦੱਸਿਆ ਜਾ ਰਿਹਾ ਹੈ। ਨਾ ਮੈਂ ਪੜ੍ਹਨੋ ਥਕਦਾ ਸਾਂ ਨਾ ਪੜ੍ਹਾਉਣੋ। ਮੈਂ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਮੇਰੇ ਵਿਚ ਇਹ ਗੁਣ ਹਨ। ਪਰ ਕਦੀ ਕਦੀ ਜਦੋਂ ਮੈਨੂੰ ਲੱਗਦਾ ਹੈ ਮੈਂ ਸਦਾਚਾਰ ਤੋਂ ਉਰੇ ਪਰੇ ਜਾ ਰਿਹਾ ਹਾਂ, ਜਾਂ ਕਿ ਮੈਂ ਵਿੱਦਿਆ ਵਿਚ ਨਿਪੁੰਨ ਨਹੀਂ ਹਾਂ ਜਾਂ ਫਲਾਣਾ ਵਿਦਵਾਨ ਫਲਾਣੀ ਥਾਂ ਹੈ, ਮੈਂ ਉਸ ਨੂੰ ਮਿਲਣ ਨਹੀਂ ਜਾਂਦਾ ਤੇ ਫਲਾਣਾ ਬੰਦਾ ਚੰਗਾ ਨਹੀਂ ਪਰ ਮੈਂ ਉਸ ਨੂੰ ਠੀਕ ਕਰਨ ਦਾ ਯਤਨ ਨਹੀਂ ਕੀਤਾ, ਇਹ ਵਿਚਾਰ ਮੈਨੂੰ ਦੇਰ ਤਕ ਬੇਚੈਨ ਕਰਦੇ ਰਹਿੰਦੇ ਹਨ।

— ਮੈਂ ਉਸ ਨੂੰ ਪੜ੍ਹਾਉਂਦਾ ਹਾਂ ਜਿਸ ਦਾ ਦਿਲ ਵਿੱਦਿਆ ਲਈ ਸਹਿਕ ਰਿਹਾ ਹੋਵੇ, ਉਸਨੂੰ ਪੜ੍ਹਾਉਂਦਾ ਹਾਂ ਜਿਸ ਦੇ ਦਿਲ ਵਿਚ ਉਤੇਜਨਾ ਦੇ ਬੁਲਬੁਲੇ ਉਡ ਰਹੇ ਹੋਣ। ਜਦੋਂ ਮੈਂ ਚਾਦਰ ਦਾ ਇਕ ਕੋਨਾ ਫੜਾਂ ਤਾਂ ਵਿਦਿਆਰਥੀ ਬਾਕੀ ਦੇ ਤਿੰਨ ਕੋਨੇ ਆਪੇ ਚੁੱਕ ਲਵੇ..... ਤਾਂ ਮੈਂ ਪੜ੍ਹਾਉਣਾ ਜਾਰੀ ਰੱਖਦਾ ਹਾਂ ਨਹੀਂ ਤਾਂ ਚੁੱਪ ਕਰਕੇ ਤੁਰ ਜਾਨਾ।

— ਮੈਨੂੰ ਜਿਉਣ ਲਈ ਹੋਰ ਸਮਾਂ ਮਿਲ ਜਾਵੇ ਤਾਂ ਮੈਂ ਪੰਜਾਹ ਸਾਲ ਹੋਰ ਪੜ੍ਹਾਂ। ਫਿਰ ਮੈਂ ਗਲਤੀਆਂ ਕਰਨ ਤੋਂ ਮੁਕਤ ਹੋ ਸਕਦਾ ਹਾਂ।

— ਜਦੋਂ ਉਹ ਬਿਮਾਰ ਸੀ ਤਾਂ ਜ਼ੂਲੁ ਨੇ ਪੁੱਛਿਆ - ਜੀ ਮੈਂ ਤੁਹਾਡੇ ਲਈ ਪਸ਼ਚਾਤਾਪ ਦੀ ਰਸਮ ਅਦਾ ਕਰ ਆਵਾਂ? ਮਾਲਕ ਨੇ ਕਿਹਾ - "ਕੀ ਅਜਿਹੀ ਕੋਈ ਰਸਮ ਵੀ ਹੁੰਦੀ ਹੈ? ਜ਼ੂਲੁ ਨੇ ਕਿਹਾ - ਹਾਂ ਜੀ, ਆਕਾਸ਼ ਦੀਆਂ ਰੂਹਾਂ ਅਤੇ ਧਰਤੀ ਦੀਆਂ ਰੂਹਾਂ ਨੂੰ ਸਾਖੀ ਮੰਨ ਕੇ ਪਸ਼ਚਾਤਾਪ ਦੀ ਰਸਮ ਕਰਨ ਨਾਲ ਲਾਭ ਹੁੰਦਾ ਹੈ। ਮਹਾਤਮਾ ਨੇ ਕਿਹਾ - ਤਦ ਰਹਿਣ ਦੇ। ਧਰਤੀ ਆਕਾਸ਼ ਨੂੰ ਸਾਖੀ ਮੰਨ ਕੇ ਮੁੱਦਤ ਤੋਂ ਮੈਂ ਪਸ਼ਚਾਤਾਪ ਕਰ ਰਿਹਾ ਹਾਂ। ਰਸਮ ਕੀ ਕਰਨੀ, ਪਸ਼ਚਾਤਾਪ ਕਰੀਦਾ ਹੈ।

— ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੈਂ ਆਪਣੇ ਮਗਰ ਲਾ ਸਕਦਾ ਹਾਂ। ਪਰ ਜੇ ਤੁਸੀਂ ਕਹੋ ਕਿ ਇਨ੍ਹਾਂ ਨੂੰ ਗੱਲ ਸਮਝਾ ਵੀ ਦਿਆਂ ਇਹ ਨਹੀਂ ਹੋ ਸਕਦਾ।

— ਉਸ ਨੇ ਕਿਹਾ, ਇਸ ਤਰ੍ਹਾਂ ਸਿੱਖਿਆ ਪ੍ਰਾਪਤ ਕਰੋ ਜਿਵੇਂ ਤੁਸੀਂ ਕਿਸੇ ਦੇ ਪਿਛੇ ਪਿਛੇ ਤੁਰ ਰਹੇ ਹੋਵੋ ਪਰ ਉਸ ਤਕ ਪਹੁੰਚ ਨਹੀਂ ਸਕੇ। ਤੁਹਾਨੂੰ ਉਸ ਦੇ ਗੁਆਚ ਜਾਣ ਦਾ ਹਮੇਸ਼ਾਂ ਡਰ ਰਹੇ।

— ਕਿਸੇ ਨੇ ਪੁੱਛਿਆ, ਜੀ ਤੁਸੀਂ ਵਿੱਦਿਆ ਕਿਵੇਂ ਹਾਸਲ ਕੀਤੀ? ਉਸ ਨੇ ਕਿਹਾ, ਨਾ ਕੋਈ ਪਰੀ ਕਿਤਾਬ ਦੇਣ ਆਈ ਸੀ ਨਾ ਕੋਈ ਦੇਵਤਾ ਅਸੀਸ ਦੇ ਕੇ ਗਿਆ। ਹਾਂ ਦਰਿਆਵਾਂ ਕੋਲ ਸਮੁੰਦਰ ਤਕ ਪੁਜਣ ਦਾ ਨਕਸ਼ਾ ਨਹੀਂ ਹੁੰਦਾ ਪਰ ਉਹ ਅਪੜ ਜਾਂਦੇ ਹਨ।

— ਉਸ ਨੇ ਪੂਰਬ ਦੇ ਜਾਂਗਲੀ ਕਬੀਲਿਆਂ ਵਿਚ ਜਾਣ ਦਾ ਫੈਸਲਾ ਕੀਤਾ ਤਾਂ ਕਿਸੇ ਨੇ ਕਿਹਾ - ਮਾਲਕ ਉਹ ਜਾਹਲ ਹਨ। ਨਾ ਉਨ੍ਹਾਂ ਵਿਚ ਬੁੱਧੀ ਹੈ ਨਾ ਕੋਮਲਤਾ। ਤੁਹਾਡੇ ਲਈ ਮੁਸ਼ਕਲਾਂ ਪੈਦਾ ਕਰਨਗੇ। ਮਹਾਤਮਾ ਨੇ ਕਿਹਾ - ਦੇਖਣਾ। ਮੈਂ ਜਾਵਾਂਗਾ.... ਨਾ ਬੁੱਧੀ ਦੀ ਘਾਟ ਮਿਲੇਗੀ ਨਾ ਕੋਮਲਤਾ ਦੀ। ਸੂਖਮਤਾ ਵਿਚ ਤੁਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕੋਗੇ।

— ਉਸ ਨੇ ਕਿਹਾ ਅਜਿਹੀਆਂ ਟਾਹਣੀਆਂ ਬਥੇਰੀਆਂ ਹਨ, ਜਿਨ੍ਹਾਂ ਨੂੰ ਫੁੱਲ ਨਹੀਂ ਲੱਗੇ, ਤਾਂ ਕੀ ਹੋਇਆ। ਦੁੱਖ ਤਾਂ ਉਨ੍ਹਾਂ ਟਾਹਣੀਆਂ ਦਾ ਹੈ, ਜਿਹੜੀਆਂ ਫੁੱਲਾਂ ਨਾਲ ਲੱਦੀਆਂ ਗਈਆਂ, ਪਰ ਫਲ ਨਹੀਂ ਲੱਗੇ।

— ਉਸ ਨੇ ਕਿਹਾ ਬੱਚਿਆਂ ਦਾ ਸਤਿਕਾਰ ਕਰੋ। ਕੀ ਪਤਾ ਕੱਲ੍ਹ ਨੂੰ ਉਹ ਕੀ ਬਣ ਜਾਣ? ਮੇਰੇ ਪਾਸ ਜਦੋਂ ਕੋਈ ਪੰਜਾਹ ਸਾਲ ਤੋਂ ਵੱਡੀ ਉਮਰ ਦਾ ਕਰੂਪ ਬੰਦਾ ਆਉਂਦਾ ਹੈ, ਮੈਨੂੰ ਉਹ ਚੰਗਾ ਨਹੀਂ ਲੱਗਦਾ। ਪੰਜਾਹ ਸਾਲ ਮੈਂ ਉਸ ਨੂੰ ਖਾਸਾ ਲੰਮਾ ਸਮਾਂ ਦਿੱਤਾ ਸੀ, ਉਹ ਚੰਗੇ ਕੰਮਾਂ ਨਾਲ ਆਪਣੀ ਕਰੂਪਤਾ ਦੂਰ ਕਰਕੇ ਸੁਹਣਾ ਹੋ ਸਕਦਾ ਸੀ।

— ਮਹਾਤਮਾ ਨੇ ਗੀਤ ਸੁਣਾਇਆ :

ਅਸਾਂ ਫੜੀ ਚੈਰੀ ਦੀ ਫੁੱਲਾਂ ਲੱਦੀ ਟਾਹਣੀ
ਪਰ ਨਿਕਲ ਗਈ ਹੱਥੋਂ ਜਾ ਪਈ ਅਹੁ ਦੂਰ।
ਇਹ ਗੱਲ ਨਹੀਂ ਕਿ ਮੈਂ ਤੈਨੂੰ ਪਿਆਰ ਨਹੀਂ ਕਰਦਾ,
ਕਰਾਂ ਕੀ, ਤੂੰ ਦੂਰ ਹੀ ਬੜੀ ਹੈਂ।

ਗਾਉਣ ਪਿਛੋਂ ਕਹਿਣ ਲੱਗਾ - ਮੈਂ ਉਸ ਨੂੰ ਪਿਆਰ ਨਹੀਂ ਕਰਦਾ ਹੋਣਾ। ਪਿਆਰ ਹੁੰਦਾ ਤਾਂ ਦੂਰੀਆਂ ਦਾ ਫਿਕਰ ਕਦ ਕਰਦਾ? ਫਿਰ ਕਿਹੜੀ ਦੂਰੀ, ਦੂਰੀ ਹੁੰਦੀ?

ਪੈਗ਼ੰਬਰ ਮੂਸਾ

ਡਾ. ਹਰਪਾਲ ਸਿੰਘ ਪੰਨੂੰ*

•

ਲੀਓ ਬਾਏਕ (Leo Baeck) ਲਿਖਦੇ ਹਨ, ''ਜਿਵੇਂ ਕਲਾ ਦਾ ਤੱਤ ਅਸੀਂ ਮਹਾਨ ਕਲਾਕਾਰਾਂ ਦੀਆਂ ਅਮਰ ਰਚਨਾਵਾਂ ਦੇ ਅਧਿਐਨਾਂ ਰਾਹੀਂ ਜਾਣ ਸਕਦੇ ਹਾਂ, ਇਸੇ ਤਰ੍ਹਾਂ ਧਰਮ ਸੰਬੰਧੀ ਜਾਣਨ ਲਈ ਉਸ ਧਰਮ ਦੇ ਮਹਾਨ ਫਕੀਰਾਂ ਅਤੇ ਪੈਗ਼ੰਬਰਾਂ ਸੰਬੰਧੀ ਜਾਣਕਾਰੀ ਹਾਸਲ ਕਰਨੀ ਪਵੇਗੀ।'' ਸੋ, ਯਹੂਦੀ ਮਤ ਸੰਬੰਧੀ ਪਤਾ ਕਰਨਾ ਹੈ ਤਾਂ ਇਸ ਦੇ ਪੈਗ਼ੰਬਰਾਂ ਨੂੰ ਪੜ੍ਹੋ, ਇਜ਼ਰਾਈਲ ਦੇ ਪੈਗ਼ੰਬਰਾਂ ਨੇ ਯਹੂਦੀ ਮੱਤ ਨੂੰ ਰੂਹਾਨੀ ਦਿਸ਼ਾ ਦਿੱਤੀ ਹੈ। ਇਹ ਸਹੀ ਹੈ ਕਿ ਯਹੂਦੀ ਕਈ ਵਾਰ ਇਸ ਦਿਸ਼ਾ ਨੂੰ ਛੱਡ ਕੇ ਭਟਕਦੇ ਵੀ ਰਹੇ, ਪਰੰਤੂ ਫਿਰ ਪਰਤ ਆਏ। ਪਰਿਵਰਤਨਸ਼ੀਲ ਸਮੇਂ ਵਿਚ ਉਨ੍ਹਾਂ ਦੀ ਸਥਿਰ ਰੂਹਾਨੀਅਤ ਕਾਇਮ ਰਹੀ। ਯਹੂਦੀ ਮੱਤ ਨੇ ਆਤਮ ਚਿੰਤਨ ਰਾਹੀਂ ਮੰਜ਼ਿਲ ਦੇ ਅਤੇ ਮੰਜ਼ਿਲ ਦੇ ਸਤਿ ਦੀ ਤਲਾਸ਼ ਕਰਕੇ ਵਿਲੱਖਣ ਇਤਿਹਾਸ ਦੀ ਸਿਰਜਣਾ ਕੀਤੀ।

ਯਹੂਦੀਆਂ ਦੇ ਪੈਗ਼ੰਬਰਾਂ ਨੇ ਅਕਲ ਦੇ ਦਾਅ ਪੇਚ ਨਹੀਂ ਸਿਖਾਏ। ਉਹ ਅਮਲਾਂ (Practicals) ਦੇ ਹਾਮੀ ਹਨ। ਕਥਨੀ ਨਾਲੋਂ ਕਰਨੀ ਉੱਤੇ ਵਧੇਰੇ ਪਹਿਰਾ ਦਿੰਦੇ ਸਨ। ਇਹ ਮਹਾਨ ਲੋਕ ਫਕੀਰ ਵੀ ਸਨ ਤੇ ਬਾਦਸ਼ਾਹ ਵੀ। ਉਨ੍ਹਾਂ ਨੇ ਰਾਜ ਵੀ ਕੀਤਾ ਤੇ ਬਣਵਾਸ ਵੀ ਕੱਟੇ। ਯਹੂਦੀਆਂ ਦੇ ਧਰਮ ਵਿਚ ਬੌਧਿਕ ਪਰਪੰਚ ਅਤੇ ਤਿਖੀਆਂ ਤੇਜ਼ ਤਰਾਰ ਦਲੀਲਾਂ ਨਹੀਂ ਹਨ, ਨਾ ਇਨ੍ਹਾਂ ਦਾ ਕੋਈ ਸਤਿਕਾਰ ਕੀਤਾ ਗਿਆ ਹੈ। ਕਲਪਨਾ ਦੇ ਘੋੜੇ ਦੌੜਾਉਣ ਦੀ ਬਜਾਏ ਯਹੂਦੀ ਆਖਦੇ ਹਨ ਨੇਕ ਬਣੋ, ਨੇਕੀ ਦਾ ਆਦਰ ਕਰੋ। ਉਨ੍ਹਾਂ ਦੇ ਪੈਗ਼ੰਬਰਾਂ ਦੀਆਂ ਗੱਲਾਂ ਕਿੰਨੀਆਂ ਸਿੱਧੀਆਂ ਸਾਦੀਆਂ ਹਨ, ਪੈਗ਼ੰਬਰ ਮੂਸਾ ਦੇ ਕਥਨਾਂ ਤੋਂ ਪਤਾ ਲੱਗਦਾ ਹੈ। ਜਦੋਂ ਮੂਸਾ ਪਸ਼ੂ ਚਾਰ ਰਿਹਾ ਸੀ, ਇਕ ਝਾੜੀ ਵਿੱਚੋਂ ਉਸ ਨੇ ਲਾਟ ਨਿਕਲਦੀ ਦੇਖੀ ਪਰੰਤੂ ਉਸ ਲਾਟ ਨਾਲ ਝਾੜੀ ਸੜ ਨਹੀਂ ਰਹੀ ਸੀ। ਮੂਸਾ ਡਰ ਗਿਆ। ਉਹ ਦੌੜਨ ਲੱਗਾ ਤਾਂ ਝਾੜੀ ਵਿੱਚੋਂ ਆਵਾਜ਼ ਆਈ, ''ਡਰ ਨਾਂਹ। ਮੈਂ ਪ੍ਰਗਟ ਹੋਇਆ ਹਾਂ, ਇਹ ਥਾਂ ਪਵਿੱਤਰ ਹੈ। ਜੋੜੇ ਲਾਹ ਅਤੇ ਅੱਗੇ ਆ।'' ਉਹ ਡਰ ਗਿਆ। ਉਸਨੇ ਪੁੱਛਿਆ, ''ਕੌਣ ਹੈ ਤੂੰ'' ਆਵਾਜ਼ ਆਈ, ''ਮੈਂ ਹਾਂ......ਉਹੀ..... ਜੋ ਮੈਂ ਹੋਇਆ ਕਰਦਾ ਹਾਂ। ਮੈਂ ਤੈਨੂੰ ਪੈਗ਼ੰਬਰ ਚੁਣ ਲਿਆ ਹੈ। ਜਾਹ ਇਜ਼ਰਾਈਲ ਦੀ ਗੁਲਾਮੀ ਕੱਟ। ''ਮੂਸਾ ਨੇ ਕਿਹਾ.....'' ਠੀਕ ਹੈ। ਪਰੰਤੂ ਲੋਕ ਮੈਨੂੰ ਪੁੱਛਣਗੇ ਕਿ ਤੈਨੂੰ ਕਿਸਨੇ ਭੇਜਿਆ ਹੈ, ਮੈਂ ਕੀ ਕਹਾਂ?'' ਆਵਾਜ਼ ਆਈ, ''ਇਜ਼ਰਾਈਲੀਆਂ ਨੂੰ ਕਹਿ ਕਿ ਉਹ.... ਜੋ ਹੈ..... ਉਸ ਨੇ ਮੈਨੂੰ ਭੇਜਿਆ ਹੈ।''

ਯਹੂਦੀਆਂ ਨੇ ਪੁੱਛਿਆ ਤਾਂ ਉਸਨੇ ਇਹੀ ਜਵਾਬ ਦਿੱਤੇ। ਪੁਰਾਣੀ ਬਾਈਬਲ ਵਿਚ

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਲਿਖਿਆ ਹੈ, ''ਸ਼ੇਰ ਦੀ ਗਰਜ ਸੁਣ ਕੇ ਕੌਣ ਨਹੀਂ ਡਰ ਜਾਂਦਾ? ਰੱਬ ਦੀ ਆਵਾਜ਼ ਸੁਣ ਕੇ ਕਿਹੜਾ ਹੈ ਜਿਹੜਾ ਪੈਗੰਬਰ ਨਾ ਬਣੇ? ਸੋ ਪਿਤਾ ਨੇ ਮੈਨੂੰ ਇੱਜੜ ਵਿੱਚੋਂ ਛਾਂਟ ਲਿਆ। ਹੁਣ ਮੇਰੇ ਪਾਸ ਰੱਬ ਦੀ ਦਿੱਤੀ ਬੇਅੰਤ ਸ਼ਕਤੀ ਹੈ। ਮੈਂ ਨਿਆਂ ਕਰਨ ਦੇ ਸਮਰੱਥ ਹਾਂ। ਮੈਂ ਇਜ਼ਰਾਈਲ ਨੂੰ ਦੱਸਾਂਗਾ, ਇਸ ਦੇ ਪਾਪਾਂ ਬਾਰੇ ਅਤੇ ਸੰਗਲ ਕੱਟਾਂਗਾ।''

ਪੈਗੰਬਰ ਦੀ ਆਵਾਜ਼ ਧੁਰ ਅੰਦਰੋਂ ਫੁੱਟੀਆਂ ਰੂਹਾਂ ਦਾ ਚਸ਼ਮਾ ਹੈ। ਇਸ ਚਸ਼ਮੇ ਕਰਕੇ ਇਸ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ। ਦਿੱਬ ਬੁੱਧੀ ਨੂੰ ਕਿਸੇ ਪਰਿਭਾਸ਼ਾ ਵਿਚ ਨਹੀਂ ਬੰਨਿਆ ਜਾ ਸਕਦਾ। ਪੈਗੰਬਰਾਂ ਦੇ ਸਾਹਮਣੇ ਰੱਬ ਆਪਣਾ ਦਿਲ ਖੋਲ੍ਹ ਦਿੰਦਾ ਹੈ ਤੇ ਪੈਗੰਬਰ ਰੱਬ ਦੇ ਸਾਹਮਣੇ ਆਪਣੇ ਰਾਜ਼ ਖੋਲਦੇ ਹਨ। ਉਨ੍ਹਾਂ ਨੂੰ ਅੱਲਾ ਵਾਲੇ ਕਿਹਾ ਜਾਂਦਾ ਹੈ।

ਕਿਸੇ ਇਕ ਪੈਗੰਬਰ ਨੇ ਯਹੂਦੀ ਧਰਮ ਨੂੰ ਨਹੀਂ ਘੜਿਆ ਤੇ ਨਾ ਕਿਸੇ ਇਕ ਫਕੀਰ ਨੇ ਇਸ ਨੂੰ ਅੰਤਿਮ ਰੂਪ ਦਿੱਤਾ ਹੈ। ਇਜ਼ਰਾਈਲ, ਪੈਗੰਬਰਾਂ ਦੀ ਇਕ ਲੜੀ ਹੈ। ਗੌਤਮ ਬੁੱਧ ਜਾਂ ਜਰਤੁਸ਼ਤ ਵਾਂਗ ਅਜਿਹਾ ਨਹੀਂ ਕਿ ਨਾ ਕੋਈ ਪਹਿਲਾਂ ਹੋਇਆ ਹੈ, ਨਾ ਬਾਅਦ ਵਿਚ ਹੋਵੇਗਾ। ਕਿਸੇ ਇਕ ਪੈਗੰਬਰ ਨੇ ਅੰਤਿਮ ਗੱਲ ਨਹੀਂ ਕਹੀ, ਕਿਉਂਕਿ ਕਿਸੇ ਇਕ ਵਿਅਕਤੀ ਦਾ ਕਥਨ ਅੰਤਿਮ ਨਹੀਂ ਹੈ। ਕੋਈ ਇਕ ਵਿਅਕਤੀ ਸੰਪੂਰਣ ਨਹੀਂ, ਹਾਂ ਇਕ ਸਿਸਟਮ ਜ਼ਰੂਰ ਸੰਪੂਰਣ ਹੋ ਸਕਦਾ ਹੈ, ਜਿਸ ਵਿਚ ਹਰ ਪੈਗੰਬਰ ਨੇ ਆਪਣਾ-ਆਪਣਾ ਯੋਗਦਾਨ ਪਾਇਆ ਹੋਵੇ।

ਯਹੂਦੀ ਲੋਕ

ਭਾਵੇਂ ਡੇਢ ਕਰੋੜ ਯਹੂਦੀ ਅੱਜ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ, ਪਰੰਤੂ ਇਨ੍ਹਾਂ ਦੀ ਪਿੱਤਰ ਭੂਮੀ ਇਜ਼ਰਾਈਲ ਹੈ, ਜਿਸਨੂੰ ਪੁਰਾਣੇ ਸਮੇਂ ਵਿਚ ਕੈਨਾਨ ਦੇਸ਼ ਕਿਹਾ ਜਾਂਦਾ ਹੈ। ਇਸੇ ਕੈਨਾਨ ਦੇਸ਼ ਵਿਚ ਅੱਪੜਨ ਵਾਸਤੇ ਪੈਗੰਬਰ ਮੂਸਾ ਚਾਲੀ ਵਰ੍ਹੇ ਵਿਚ ਆਪਣੇ ਕਬੀਲੇ ਨੂੰ ਲੈ ਕੇ ਭਟਕਦਾ ਫਿਰਿਆ ਸੀ। ਯਹੂਦੀਆਂ ਦਾ ਮੁੱਢਲਾ ਨਾਮ ਹਿਬਰੂ ਹੈ। ਹਿਬਰੂ ਦਾ ਅਰਥ ਹੈ ਮੁਸਾਫਰ, ਪਰਦੇਸੀ, ਖਾਨਾਬਦੋਸ਼। ਪੰਜ ਸੌ ਸਾਲਾਂ ਦੇ ਸਮੇਂ ਵਿਚ ਤਿੰਨ ਵਾਰ ਹਿਬਰੂਆਂ ਨੇ ਕੈਨਾਨ ਦੇਸ਼ ਨੂੰ ਫਤਹਿ ਕੀਤਾ ਪਰੰਤੂ ਫਿਰ ਆਪਸੀ ਝਗੜਿਆਂ ਕਾਰਨ ਰਾਜ ਗੁਆਇਆ। ਸਭ ਤੋਂ ਪਹਿਲਾਂ ਪੈਗੰਬਰ ਅਬਰਾਹਮ ਦੀ ਅਗਵਾਈ ਵਿਚ 1700 ਪੂਰਬ ਈਸਵੀ ਸੰਨ ਵਿਚ ਉਹ ਕੈਨਾਨ ਪੁੱਜੇ। ਇਹ ਲੋਕ ਬੇਬੀਲੋਨੀਆਂ ਤੋਂ ਕੈਨਾਨ ਅੱਪੜੇ ਸਨ। ਪੁਰਾਣੇ ਸਬੂਤ ਦੱਸਦੇ ਹਨ ਕਿ ਸਮਾਂ ਰਾਜਸੀ ਉਥਲ-ਪੁਥਲ ਦਾ ਸੀ। ਬਾਦਸ਼ਾਹੀਆਂ ਢਹਿ ਰਹੀਆਂ ਸਨ ਅਤੇ ਉਸਾਰ ਰਹੀਆਂ ਸਨ। ਲੋਕਾਂ ਵਿਚ ਬੇਚੈਨੀ ਅਤੇ ਅਸੁਰੱਖਿਆ ਵਿਆਪਕ ਸੀ। ਬੇਬੀਲੋਨੀਆਂ ਵਿਚ ਕਾਲ ਪੈ ਗਿਆ ਤਾਂ ਅਬਰਾਹਮ ਦੀ ਅਗਵਾਈ ਵਿਚ ਹਿਬਰੂ ਲੋਕ ਫਲਸਤੀਨ ਦੇ ਉਤਰੀ ਪਾਸੇ ਵਿਚ ਦਾਖਲ ਹੋ ਗਏ। ਇਹ ਲੋਕ ਉਦੋਂ ਵਿਜਈ ਹੋਣ ਦੀ ਮਨਸ਼ਾ ਨਾਲ ਜਾਂ ਰਾਜ ਕਰਨ ਦੀ ਇੱਛਾ ਨਾਲ ਨਹੀਂ ਆਏ ਸਨ। ਭੁੱਖ ਨਾਲ ਸਤਾਏ ਲੋਕ ਇੱਥੇ ਸ਼ਰਣਾਰਥੀਆਂ ਵਜੋਂ ਆਏ ਤੇ ਹੌਲੀ-ਹੌਲੀ ਉਨ੍ਹਾਂ ਨੇ ਕੈਨਾਨ ਦੇਸ਼ ਉੱਤੇ ਅਧਿਕਾਰ ਜਮਾ ਲਿਆ।

ਦੂਜਾ ਪਰਵਾਸ (ਹਿਜਰਤ) 1400 ਪੂਰਬ ਈਸਾ ਵਿਚ ਕੈਨਾਨ ਵੱਲ ਹੋਇਆ। ਇਹ ਕਾਫਲਾ ਹੁਣ ਰੋਜ਼ੀ-ਰੋਟੀ ਦੀ ਭਾਲ ਵਿਚ ਕੈਨਾਨ ਵੱਲ ਨਹੀਂ ਤੁਰਿਆ, ਸਗੋਂ ਇਸ ਦੇਸ਼ ਨੂੰ ਜਿੱਤਣ ਦੇ ਇਰਾਦੇ ਨਾਲ ਇਧਰ ਆਇਆ ਸੀ। ਜੋਸ਼ੂਆ ਦੀ ਕਿਤਾਬ ਵਿਚ ਇਸ ਹੱਲੇ ਦਾ ਜ਼ਿਕਰ ਹੈ। ਜਿਹੜੇ ਹਿਬਰੂ ਪਹਿਲਾਂ ਭਾੜੇ ਦੇ ਸਿਪਾਹੀਆਂ ਵਜੋਂ ਨੌਕਰੀ ਕਰਦੇ ਸਨ, ਹੁਣ ਧਰਤੀ ਦੇ ਹੁਕਮਰਾਨ

ਬਣ ਗਏ। ਪੈਗੰਬਰ ਦਾਊਦ (David) ਨੇ ਆਪਣੇ ਕਬੀਲੇ ਨੂੰ ਮਜ਼ਬੂਤ ਕੀਤਾ ਤੇ ਫਿਰ ਉਸਦਾ ਪੁੱਤਰ ਪੈਗੰਬਰ ਸੁਲੇਮਾਨ (Solomon) ਬਾਦਸ਼ਾਹ ਬਣਿਆ, ਜਿਸਨੇ ਵੱਖ-ਵੱਖ ਧੜਿਆਂ ਵਿਚਲੀ ਫੁੱਟ ਖਤਮ ਕਰਵਾ ਦਿੱਤੀ।

ਤੀਜਾ ਪਰਵਾਸ 1200 ਪੂਰਬ ਈਸਵੀ ਵਿਚ ਮੂਸਾ ਦੀ ਅਗਵਾਈ ਵਿਚ ਹੋਇਆ। ਮਿਸਰ ਨੇ ਇਜ਼ਰਾਈਲ (ਕੈਨਾਨ) ਨੂੰ ਜਿੱਤ ਲਿਆ ਸੀ ਤੇ ਫਰਾਊਨ ਯਹੂਦੀਆਂ ਉੱਤੇ ਜ਼ੁਲਮ ਢਾਹ ਰਿਹਾ ਸੀ। ਇਸ ਸਮੇਂ ਮੂਸਾ ਨੇ ਫਰਾਊਨ ਨਾਲ ਜਾ ਟੱਕਰ ਲਈ ਅਤੇ ਯਹੂਦੀਆਂ ਨੂੰ ਸਹੀ ਸਲਾਮਤ ਬਚਾ ਕੇ ਕੈਨਾਨ ਵਲ ਤੁਰ ਪਿਆ। ਚਾਰ ਦਹਾਕੇ ਉਹ ਜਲਾਵਤਨ ਘੁੰਮਦਾ ਰਿਹਾ, ਪਰੰਤੂ ਉਸ ਨੇ ਹੌਸਲਾ ਨਹੀਂ ਛੱਡਿਆ ਹਾਲਾਂ ਕਿ ਉਸਦੇ ਕਬੀਲੇ ਦੇ ਲੋਕ ਅਤੇ ਵੱਡੇ-ਵੱਡੇ ਸਿਆਣੇ ਆਗੂ ਡੋਲ ਗਏ ਸਨ। ਫਰਾਊਨ ਦਾ ਰਾਜ ਸਥਿਰ ਅਤੇ ਬੜਾ ਮਜ਼ਬੂਤ ਸੀ। ਉਸ ਨਾਲ ਟੱਕਰ ਲੈਣੀ ਆਸਾਨ ਕੰਮ ਨਹੀਂ ਸੀ। ਉਸ ਨੇ ਯਹੂਦੀਆਂ ਨੂੰ ਘਸਿਆਰੇ ਬਣਾ ਦਿੱਤਾ ਸੀ ਤੇ ਉਨ੍ਹਾਂ ਤੋਂ ਕੇਵਲ ਮਜ਼ਦੂਰੀ ਕਰਵਾਈ ਜਾਂਦੀ ਸੀ। ਯਹੂਦੀ ਲੇਬਰ ਦੀ ਸਹਾਇਤਾ ਨਾਲ ਫਰਾਊਨ ਨੇ ਬੜੇ ਵੱਡੇ ਸ਼ਹਿਰ ਉਸਾਰੇ। ਉਨ੍ਹਾਂ ਨੂੰ ਮਜ਼ਦੂਰੀ ਬਦਲੇ ਕੇਵਲ ਖਾਣ ਜੋਗੀ ਰੋਟੀ ਅਤੇ ਪਹਿਨਣ ਜੋਗਾ ਕੱਪੜਾ ਮਿਲਦਾ ਸੀ। ਉਹ ਮਿਸਰੀਆਂ ਦੇ ਬੇਖਰੀਦ ਗੁਲਾਮ ਸਨ।

ਗੁਲਾਮ ਲੋਕ ਇਹ ਸਮਝਦੇ ਸਨ ਕਿ ਜੇਤੂਆਂ ਅਤੇ ਹੁਕਮਰਾਨਾਂ ਦੇ ਦੇਵਤੇ ਹਾਰਿਆਂ ਹੋਇਆ ਦੇ ਦੇਵਤਿਆਂ ਨਾਲੋਂ ਵਧੇਰੇ ਤਕੜੇ ਹਨ। ਇਸੇ ਕਾਰਨ ਉਹ ਜੇਤੂ ਹੋਏ। ਗੁਲਾਮ ਜਨਤਾ ਲਗਾਤਾਰ ਕਿਸੇ ਮਸੀਹਾ ਦਾ ਰਾਹ ਤਕਦੀ ਜੋ ਮੁਕਤੀ ਦਿਵਾਏ। ਮੁਕਤੀ ਕਿਸੇ ਅਗਲੇ ਜਨਮ ਵਿਚ ਨਹੀਂ - ਇਸੇ ਜਨਮ ਵਿਚ, ਜ਼ਾਲਮ ਰਾਜਿਆਂ ਦੇ ਪਾਸੋਂ ਮੁਕਤ ਕਰਵਾਏ। ਇਸ ਘੋਰ ਸੰਕਟ ਦੇ ਸਮੇਂ ਵਿਚ ਰੱਬ ਨੇ ਮੂਸਾ ਨੂੰ ਯਹੂਦੀਆਂ ਦੇ ਮੁਕਤੀਦਾਤੇ ਵਜੋਂ ਮਸੀਹਾ ਥਾਪਿਆ। ਜਿਸ ਬਲਦੀ ਹੋਈ ਕੰਡਿਆਲੀ ਝਾੜੀ ਦਾ ਜ਼ਿਕਰ ਪੁਰਾਣੀ ਇੰਜੀਲ ਵਿਚ ਆਉਂਦਾ ਹੈ, ਉਹ ਹੋਰ ਕੋਈ ਨਹੀਂ, ਬਲ ਰਿਹਾ ਇਜ਼ਰਾਈਲ ਸੀ। ਝਾੜੀ ਵਿੱਚੋਂ ਲਾਟਾਂ ਨਿਕਲ ਰਹੀਆਂ ਸਨ, ਪਰੰਤੂ ਉਹ ਸੜ ਕੇ ਸੁਆਹ ਨਹੀਂ ਹੋਈ। ਤੂਰ ਦਾ ਪਰਬਤ ਅੱਗ ਵਿਚ ਸੜ ਕੇ ਸੁਰਮਾ ਬਣ ਗਿਆ, ਪਰੰਤੂ ਹਰੀ ਝਾੜੀ ਉਵੇਂ ਟਹਿਕਦੀ ਰਹੀ। ਇਸ ਦਾ ਭਾਵ ਇਹ ਹੈ ਕਿ ਯਹੂਦੀ ਅਗਨੀ ਪਰੀਖਿਆ ਵਿਚੋਂ ਲੰਘ ਰਹੇ ਸਨ। ਮੂਸਾ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਗੁਲਾਮੀ ਦੇ ਜ਼ੁਲਮਾਂ ਦੀਆਂ ਲਾਟਾਂ ਤੁਹਾਡੇ ਚਾਰੇ ਪਾਸੇ ਫੈਲੀਆਂ ਹੋਈਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਪਰੰਤੂ ਤੁਸੀਂ ਸਦਾ ਟਹਿਕਦੇ ਰਹੋਗੇ ਕਿਉਂਕਿ ਰੱਬ ਤੁਹਾਡੇ ਉੱਤੇ ਮਿਹਰਬਾਨ ਹੈ।

ਮੂਸਾ ਦਾ ਜਨਮ ਅਤੇ ਬਚਪਨ

ਯਾਕੂਬ ਦੇ ਪੜਪੋਤਰੇ ਦਾ ਨਾਮ ਆਮਰਾਨ (Amran) ਸੀ। ਉਸਨੇ ਆਪਣੀ ਚਾਚੀ ਯੋਸ਼ੀਬਦ ਨਾਲ ਵਿਆਹ ਕਰਵਾ ਲਿਆ, ਜਿਸ ਵਿੱਚੋਂ ਦੋ ਬੱਚੇ, ਧੀ ਮਰੀਅਮ ਅਤੇ ਪੁੱਤਰ ਆਰੋਨ ਪੈਦਾ ਹੋਏ। ਆਮਰਾਨ ਅਤੇ ਯੋਸ਼ੀਬਦ ਯਹੂਦੀ ਸਨ ਤੇ ਗੁਲਾਮ ਮਜ਼ਦੂਰ ਸਨ। ਫਰਾਊਨ ਨੇ ਇਹ ਹੁਕਮ ਦਿੱਤਾ ਹੋਇਆ ਸੀ ਕਿ ਕਿਸੇ ਇਜ਼ਰਾਇਲੀ ਦੇ ਘਰ ਨਰ ਬੱਚਾ ਪੈਦਾ ਹੋਵੇ ਤਾਂ ਇਸ ਨੂੰ ਜਨਮ ਸਮੇਂ ਮਾਰ ਦਿੱਤਾ ਜਾਵੇ। ਜਿਹੜੇ ਮਾਪੇ ਅਜਿਹਾ ਨਹੀਂ ਕਰਨਗੇ, ਉਨ੍ਹਾਂ ਨੂੰ ਬਾਕੀ ਦੇ ਪਰਿਵਾਰ ਸਮੇਤ ਕਤਲ ਕਰ ਦਿੱਤਾ ਜਾਵੇਗਾ। ਮਰੀਅਮ ਦੇ ਆਰੋਨ ਤੋਂ ਬਾਅਦ ਦੂਜਾ ਲੜਕਾ ਪੈਦਾ ਹੋਇਆ ਤਾਂ ਉਦੋਂ ਫਰਾਊਨ ਦਾ ਉਕਤ ਹੁਕਮ ਲਾਗੂ ਹੋ ਗਿਆ ਸੀ। ਤਿੰਨ ਮਹੀਨੇ ਮਾਂ ਨੇ

ਬੱਚੇ ਨੂੰ ਛੁਪਾ ਕੇ ਰੱਖਿਆ ਤੇ ਕਿਸੇ ਨੂੰ ਖਬਰ ਨਾ ਹੋਣ ਦਿੱਤੀ। ਪਰੰਤੂ ਆਖਰ ਉਹੀ ਕਰਨਾ ਪੈਣਾ ਸੀ ਜਿਸ ਤੋਂ ਬਚਣ ਦਾ ਚਾਰਾ ਨਹੀਂ ਸੀ। ਮਾਂ ਨੇ ਕੱਖਾਂ ਦੇ ਤੁਲਹੇ ਉੱਤੇ ਲਿਟਾ ਕੇ ਦਰਿਆ ਵਿਚ ਵਹਾ ਦਿੱਤਾ। ਪਰੰਤੂ ਨਾਲ ਹੀ ਬੇਟੀ ਮਰੀਅਮ ਨੂੰ ਕਿਹਾ ਕਿ ਨਾਲ-ਨਾਲ ਦਰਿਆ ਕਿਨਾਰੇ ਜਿੰਨੀ ਕੁ ਦੂਰ ਜਾ ਸਕੇ ਜਾਏ ਅਤੇ ਇਹ ਦੇਖੇ ਕਿ ਬੱਚੇ ਦਾ ਅੰਤ ਕਿਵੇਂ ਹੁੰਦਾ ਹੈ। ਮਰੀਅਮ ਰੁੜ੍ਹਦੇ ਜਾ ਰਹੇ ਭਰਾ ਦੇ ਨਾਲ-ਨਾਲ ਤੁਰਦੀ ਗਈ।

ਦੂਰ ਸਾਰੇ ਜਾ ਕੇ ਉਸ ਨੇ ਦੇਖਿਆ ਫਰਾਊਨ ਦੀ ਬੇਟੀ ਰਾਜ ਕੁਮਾਰੀ ਮੇਰੀ ਬਾਥੀਆ ਦੁਪਹਿਰ ਵੇਲੇ ਉਸ ਦਰਿਆ ਵਿਚ ਨਹਾਉਣ ਲਈ ਗਈ ਹੋਈ ਸੀ। ਉਸ ਨੇ ਰੁੜ੍ਹਦੇ ਜਾਂਦੇ ਬੱਚੇ ਨੂੰ ਦੇਖਿਆ ਤਾਂ ਮਨ ਵਿਚ ਤਰਸ ਆ ਗਿਆ।

ਇਹ ਬੱਚਾ ਮੋਜ਼ਜ਼, ਜਿਸ ਨੂੰ ਮੂਸਾ ਕਿਹਾ ਜਾਂਦਾ ਹੈ, ਫਰਾਊਨ ਦੇ ਮਹਿਲਾਂ ਵਿਚ ਚਲਾ ਗਿਆ, ਜਿੱਥੇ ਸ਼ਾਹੀ ਖਾਨਦਾਨ ਵਿਚ ਉਸ ਦੀ ਪਰਿਵਰਿਸ਼ ਹੋਈ ਅਤੇ ਰਾਜ ਕੁਮਾਰਾਂ ਨਾਲ ਰਲ ਕੇ ਉਸ ਨੇ ਵਿੱਦਿਆ ਪ੍ਰਾਪਤ ਕੀਤੀ। ਤਾਲਮੁਦ ਗ੍ਰੰਥਾਂ ਅਨੁਸਾਰ ਇਕ ਦਿਨ ਇਕ ਦੁਰਘਟਨਾ ਹੋ ਗਈ। ਫਰਾਊਨ ਉਸ ਬੱਚੇ ਨੂੰ ਬੜਾ ਪਿਆਰ ਕਰਦਾ ਸੀ। ਇਕ ਦਿਨ ਜਦੋਂ ਉਹ ਤਿੰਨ ਸਾਲ ਦਾ ਸੀ, ਬਾਦਸ਼ਾਹ ਦੀ ਗੋਦ ਵਿਚ ਬੈਠਾ ਖੇਡ ਰਿਹਾ ਸੀ, ਤਾਂ ਉਸ ਨੇ ਮਹਾਰਾਜੇ ਦੇ ਸਿਰ ਉੱਤੋਂ ਤਾਜ-ਲਾਹ ਕੇ ਆਪਣੇ ਸਿਰ ਉੱਤੇ ਰੱਖ ਲਿਆ। ਬਾਦਸ਼ਾਹ ਦੇ ਹੁਕਮ ਬਗੈਰ ਉਸ ਦੇ ਤਾਜ ਨੂੰ ਹੱਥ ਲਾਉਣ ਦੀ ਸਜ਼ਾ ਮੌਤ ਸੀ। ਬਾਦਸ਼ਾਹ ਨੇ ਮੂਸਾ ਨੂੰ ਮਾਰਨ ਦਾ ਫੈਸਲਾ ਕਰ ਲਿਆ ਕਿਉਂਕਿ ਇਹੋ ਕਾਨੂੰਨ ਸੀ। ਮਹਿਲ ਦੇ ਲੋਕ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਮੂਸਾ ਦੇ ਹੱਕ ਵਿਚ ਫ਼ਰਿਆਦ ਕੀਤੀ ਕਿ ਅਜਿਹਾ ਉਸ ਨੇ ਜਾਣ ਬੁੱਝ ਕੇ ਨਹੀਂ ਕੀਤਾ। ਬੱਚਾ ਹੋਣ ਕਰਕੇ ਉਸਨੂੰ ਕਾਨੂੰਨ ਦਾ ਅਤੇ ਸ਼ਾਹੀ ਮਰਿਆਦਾ ਦਾ ਪਤਾ ਨਹੀਂ ਸੀ। ਇਸ ਕਰਕੇ ਮੁਆਫ਼ ਕਰ ਦਿੱਤਾ ਜਾਏ। ਬਾਦਸ਼ਾਹ ਨੇ ਕਿਹਾ ਕਿ ਮੂਸਾ ਦੇ ਮਾਸੂਮ ਹੋਣ ਦੀ ਪਰਖ ਕੀਤੀ ਜਾਵੇ। ਦੋ ਥਾਲੀਆਂ ਮੰਗਵਾਈਆਂ ਗਈਆਂ। ਇਕ ਵਿਚ ਸੋਨੇ ਦੀਆਂ ਡਲੀਆਂ ਰੱਖੀਆਂ ਗਈਆਂ ਅਤੇ ਦੂਜੀ ਵਿਚ ਬਦਲੇ ਕੋਇਲੇ। ਦੋਵੇਂ ਥਾਲੀਆਂ ਮੂਸਾ ਦੇ ਸਾਹਮਣੇ ਰੱਖੀਆਂ ਗਈਆਂ ਅਤੇ ਕਿਹਾ ਗਿਆ ਕਿ ਇਹ ਮਠਿਆਈ ਹੈ, ਖਾ ਲੈ। ਮੂਸਾ ਨੇ ਅੱਗ ਦਾ ਕੋਇਲਾ ਮੂੰਹ ਵਿਚ ਪਾ ਲਿਆ। ਉਸ ਦੀ ਜੀਭ ਸੜ ਗਈ ਤੇ ਹਮੇਸ਼ਾਂ ਲਈ ਥੱਥਾ (ਹਕਲਾ ਕੇ ਬੋਲਣ ਵਾਲਾ) ਹੋ ਗਿਆ, ਪਰੰਤੂ ਇਸ ਨਾਲ ਉਸ ਦੀ ਜਾਨ ਬਚ ਗਈ।

ਅਜੇ ਉਹ ਲੜਕਪਣ ਵਿਚ ਹੀ ਸੀ ਕਿ ਉਸਨੂੰ ਆਪਣੇ ਪਿਛੋਕੜ ਦਾ ਪਤਾ ਲੱਗ ਗਿਆ। ਉਹ ਖੇਤਾਂ ਵਿਚ ਜਾਂਦਾ ਤਾਂ ਦੇਖਦਾ ਕਿ ਯਹੂਦੀਆਂ ਤੋਂ ਕੋੜੇ ਮਾਰ-ਮਾਰ ਕੇ ਵਗਾਰ ਕਰਵਾਈ ਜਾ ਰਹੀ ਹੈ। ਉਸ ਨੇ ਬਾਦਸ਼ਾਹ ਅੱਗੇ ਫ਼ਰਿਆਦ ਕਰਕੇ ਉਨ੍ਹਾਂ ਨੂੰ ਹਫਤੇ ਵਿਚ ਇਕ ਦਿਨ ਦੀ ਛੁੱਟੀ ਦਿਵਾ ਦਿੱਤੀ। ਉਹ ਅਠਾਰਾਂ ਸਾਲ ਦਾ ਸੀ ਜਦੋਂ ਇਕ ਦਿਨ ਉਸ ਨੇ ਦੇਖਿਆ ਕਿ ਇਕ ਅਫਸਰ ਯਹੂਦੀ ਬੱਚੇ ਨੂੰ ਹੌਲੀ-ਹੌਲੀ ਕੰਮ ਕਰਨ ਕਰਕੇ ਕੋੜੇ ਮਾਰ ਰਿਹਾ ਸੀ। ਮੂਸਾ ਨੂੰ ਇਸ ਗੱਲ ਦਾ ਕ੍ਰੋਧ ਹੋਇਆ। ਉਸ ਨੇ ਸੋਟੀ ਚੁੱਕੀ ਤੇ ਅਫਸਰ ਦੇ ਸਿਰ ਵਿਚ ਕੱਢ ਮਾਰੀ। ਥਾਏਂ ਅਫਸਰ ਦੀ ਮੌਤ ਹੋ ਗਈ। ਇਸ ਜੁਰਮ ਦੀ ਸਜ਼ਾ ਵੀ ਮੌਤ ਸੀ। ਮੂਸਾ ਮਹਿਲਾਂ ਵਿੱਚੋਂ ਦੌੜ ਗਿਆ। ਉਸ ਨੇ ਮਿਸਰ ਛੱਡ ਦਿੱਤਾ ਤੇ ਮੀਦੀਅਨ ਮਾਰੂਥਲ ਵੱਲ ਚਲਾ ਗਿਆ। ਉਸ ਦੇ ਆਪਣੇ ਯਹੂਦੀ ਸ਼ੁਭਚਿੰਤਕ ਵੀ ਉਸ ਦੇ ਇਸ ਕਤਲ ਕਰਨ ਉੱਤੇ ਨਾਰਾਜ਼ ਹੋ ਗਏ ਕਿਉਂਕਿ

ਮੂਸਾ ਹੀ ਤਾਂ ਉਨ੍ਹਾਂ ਲਈ ਮਹਿਲ ਵਿਚ ਇੱਕੋ-ਇਕ ਆਸ ਦੀ ਕਿਰਨ ਸੀ। ਮੂਸਾ ਈਥੋਪੀਆ ਦੇ ਰਾਹ ਪੈ ਗਿਆ।

ਤੁਰਦਿਆਂ-ਤੁਰਦਿਆਂ ਉਹ ਇਕ ਖੂਹ ਉੱਤੇ ਪਾਣੀ ਪੀਣ ਲਈ ਰੁਕਿਆ। ਖੂਹ ਉੱਤੇ ਕੁਝ ਕੁੜੀਆਂ ਆਪਣੀਆਂ ਭੇਡਾਂ ਨੂੰ ਪਾਣੀ ਪਿਲਾਉਣ ਲਈ ਆਈਆਂ ਹੋਈਆਂ ਸਨ। ਪਰੰਤੂ ਕੁਝ ਚਰਵਾਹੇ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦੇ ਰਹੇ ਸਨ। ਮੂਸਾ ਨੇ ਖੂਹ ਵਿੱਚੋਂ ਪਾਣੀ ਕੱਢ ਕੇ ਭੇਡਾਂ ਨੂੰ ਪਿਲਾਉਣਾ ਸ਼ੁਰੂ ਕਰ ਦਿੱਤਾ। ਕੁੜੀਆਂ ਨੇ ਇਸ ਨੌਜਵਾਨ ਦਾ ਧੰਨਵਾਦ ਕੀਤਾ ਅਤੇ ਉਸ ਨੂੰ ਆਪਣੇ ਪਿਤਾ ਪਾਸ ਲੈ ਗਈਆਂ। ਪਿਤਾ ਦਾ ਨਾਮ ਯਾਥਰੋ ਸੀ ਤੇ ਉਹ ਪਹਾੜੀ ਅਗਨ ਦੇਵਤਾ ਯਾਹਵੇ ਦਾ ਪੁਜਾਰੀ ਸੀ। ਇਸ ਪੁਜਾਰੀ ਦੀਆਂ ਕੁੜੀਆਂ ਵਿੱਚੋਂ ਇਕ, ਜਿਸ ਦਾ ਨਾਮ ਜ਼ਿਪੋਰਾ ਸੀ, ਨਾਲ ਮੂਸਾ ਨੇ ਵਿਆਹ ਕਰਵਾ ਲਿਆ। ਮੂਸਾ ਉੱਥੇ ਹੀ ਰਹਿਣ ਲੱਗਾ।

ਉਸੇ ਥਾਂ ਉਸ ਨੇ ਖ਼ਬਰ ਸੁਣੀ ਕਿ ਫਰਾਊਨ ਦੀ ਮੌਤ ਹੋ ਗਈ ਹੈ। ਮੂਸਾ ਨੇ ਘਰ ਪਰਤਣ ਦਾ ਫ਼ੈਸਲਾ ਕਰ ਲਿਆ। ਆਪਣੇ ਪਸ਼ੂਆਂ ਸਮੇਤ ਉਹ ਹੋਰੇਬ ਪਰਬਤ ਵੱਲੋਂ ਦੀ ਲੰਘ ਰਿਹਾ ਸੀ ਕਿ ਝਾੜੀ ਵਿੱਚੋਂ ਲਾਟਾਂ ਨਿਕਲਦੀਆਂ ਤੱਕੀਆਂ ਤੇ ਫਿਰ ਉੱਥੇ ਉਸ ਨੂੰ ਰੱਬ ਵੱਲੋਂ ਪੈਗੰਬਰ ਥਾਪਿਆ ਗਿਆ। ਆਕਾਸ਼ ਵਿੱਚੋਂ ਆਵਾਜ਼ ਆਈ, ਮੈਂ ਹਾਂ ਇਹ, ਸਰਬਕਾਲੀ ਤਾਕਤ। ਮੈਂ ਅਬਰਾਹਮ ਤੇ ਬਖਸ਼ਿਸ਼ ਕੀਤੀ, ਫਿਰ ਮੈਂ ਯਾਕੂਬ ਨੂੰ ਮਿਸਰ ਵਿਚ ਭੇਜਿਆ। ਹੁਣ ਮੈਂ ਤੈਨੂੰ, ਮੂਸਾ ਨੂੰ ਹੁਕਮ ਦਿੰਦਾ ਹਾਂ ਕਿ ਮਿਸਰ ਵਿੱਚੋਂ ਯਹੂਦੀਆਂ ਨੂੰ ਕੱਢ ਕੇ ਕੈਨਾਨ (ਇਜ਼ਰਾਇਲ) ਲੈ ਜਾਹ। ਮੂਸਾ ਨੇ ਪ੍ਰਸ਼ਨ ਕੀਤੇ :

ਮੈਂ ਗਰੀਬ ਜਲਾਵਤਨ, ਇਕ ਬੇਘਰ ਚਰਵਾਹਾ ਬਾਦਸ਼ਾਹ ਨੂੰ ਕਿਵੇਂ ਮਿਲਾਂ ਤੇ ਕਿਵੇਂ ਕਹਾਂ ਕਿ ਉਹ ਯਹੂਦੀਆਂ ਨੂੰ ਆਜ਼ਾਦ ਕਰੇ?

ਰੱਬ ਨੇ ਕਿਹਾ, ਤੂੰ ਫਿਕਰ ਨਾ ਕਰ, ਮੈਂ ਤੇਰੇ ਨਾਲ ਚੱਲਾਂਗਾ। ਮੂਸਾ ਨੇ ਫਿਰ ਪੁੱਛਿਆ ਯਹੂਦੀ ਤੇਰੀ ਪੂਜਾ ਕਿੰਜ ਕਰਨਗੇ? ਉਹ ਤਾਂ ਤੇਰਾ ਨਾਮ ਤਕ ਨਹੀਂ ਜਾਣਦੇ? ਰੱਬ ਨੇ ਕਿਹਾ। ਇਜ਼ਰਾਇਲੀ ਹਸਮ ਮੇਰੀ ਉਪਾਸਨਾ ਕਰਦੇ ਰਹੇ ਹਨ। ਹੁਣ ਉਹ ਭੁਲ ਗਏ ਹਨ। ਤੂੰ ਯਾਦ ਕਰਾਏਂਗਾ ਤਾਂ ਉਨ੍ਹਾਂ ਨੂੰ ਯਾਦ ਆਏਗਾ ਕਿ ਮੈਂ ਯਾਹੋਵਾ ਹੀ ਉਨ੍ਹਾਂ ਦਾ ਰੱਖਸ਼ਕ ਰਿਹਾ ਹਾਂ ਹਮੇਸ਼ਾਂ ਤੋਂ। ਹਮੇਸ਼ਾਂ ਤੋਂ ਮੂਸਾ ਨੇ ਪੁੱਛਿਆ, ਜੇ ਉਨ੍ਹਾਂ ਮੇਰੀ ਗੱਲ ਨਾ ਮੰਨੀ ਤਦ? ਰੱਬ ਨੇ ਉਸ ਨੂੰ ਕਰਾਮਾਤਾਂ ਦਿੱਤੀਆਂ ਤੇ ਕਿਹਾ, ਉਹ ਹੁਣ ਤੇਰੇ ਵਿਚ ਕਰਾਮਾਤਾਂ ਦੇਖਣਗੇ ਤਾਂ ਮੰਨਣਗੇ। ਮੂਸਾ ਨੇ ਅੰਤਿਮ ਪ੍ਰਸ਼ਨ ਪੁੱਛਿਆ, ਮੈਂ ਹਕਲਾਂਦਾ ਹਾਂ। ਮੇਰੀ ਗੱਲ ਉਨ੍ਹਾਂ ਨੂੰ ਜੇ ਸਮਝ ਨਾ ਆਵੇ? ਰੱਬ ਨੇ ਕਿਹਾ ਤਕ ਆਰੋਨ ਲੋਕਾਂ ਨੂੰ ਤੇਰੀ ਗੱਲ ਸਮਝਾਏਗਾ। ਤੂੰ ਉਦੋਂ ਹਕਲਾਏਂਗਾ ਜਦੋਂ ਤੂੰ ਆਪਣੀ ਗੱਲ ਕਰੇਂਗਾ। ਜਦੋਂ ਮੇਰਾ ਹੁਕਮ ਤੇਰੇ ਰਾਹੀਂ ਪ੍ਰਗਟ ਹੋਵੇਗਾ, ਤਦ ਤੇਰੀ ਆਵਾਜ਼ ਠੀਕ ਹੋਵੇਗੀ।

ਇਹ 1446 ਪੂਰਬ ਈਸਵੀ ਦੀ ਘਟਨਾ ਹੈ, ਜਦੋਂ ਉਹ ਆਪਣੇ ਦੋ ਬੇਟਿਆਂ ਅਤੇ ਪਤਨੀ ਨੂੰ ਨਾਲ ਲੈ ਕੇ ਮਿਸਰ ਵਿਚ ਆਇਆ। ਉਸ ਨੇ ਆਰੋਨ ਨੂੰ ਨਾਲ ਲਿਆ ਅਤੇ ਨਵੇਂ ਬਾਦਸ਼ਾਹ ਨਾਲ ਮੁਲਾਕਾਤ ਕੀਤੀ। ਉਸ ਨੇ ਮੰਗ ਕੀਤੀ ਕਿ ਮਾਰੂਥਲ ਵਿੱਚੋਂ ਹੀ ਰਸਤਾ ਦਿੱਤਾ ਜਾਏ ਤਾਂ ਕਿ ਯਹੂਦੀ ਇਜ਼ਰਾਈਲ ਵਿਚ ਜਾ ਕੇ ਆਪਣੇ ਰੱਬ ਦੀ ਪੂਜਾ ਕਰ ਸਕਣ। ਬਾਦਸ਼ਾਹ ਨੇ ਇਸ ਤੀਰਥ ਯਾਤਰਾ ਦੀ ਪ੍ਰਵਾਨਗੀ ਤਾਂ ਕੀ ਦੇਣੀ ਸੀ ਸਗੋਂ ਯਹੂਦੀਆਂ ਦੀ ਹਫਤੇ ਵਿਚ ਜਿਹੜੀ

ਇਕ ਛੁੱਟੀ ਕੀਤੀ ਜਾਂਦੀ ਸੀ, ਉਹ ਵੀ ਬੰਦ ਕਰ ਦਿੱਤੀ। ਇਸ ਤੇ ਯਹੂਦੀਆਂ ਮੂਸਾ ਤੇ ਹੋਰ ਨਾਰਾਜ਼ ਹੋ ਗਏ ਕਿ ਤੂੰ ਸਾਡੀਆਂ ਮੁਸੀਬਤਾਂ ਵਿਚ ਵਾਧਾ ਕਰਨ ਇੱਥੇ ਆਇਆ ਹੈ। ਉਸ ਨੇ ਰੱਬ ਅੱਗੇ ਅਰਦਾਸ ਕੀਤੀ। ਰੱਬ ਨੇ ਕਿਹਾ, ਫਿਰ ਜਾਹ। ਬਾਰ-ਬਾਰ ਬਾਦਸ਼ਾਹ ਪਾਸ ਜਾ। ਡਰੀਂ ਨਾ ਵਿਸ਼ਵਾਸ ਨਾਲ ਗੱਲ ਕਰੀਂ ਤੇਰੇ ਪਾਸ ਬੇਅੰਤ ਸ਼ਕਤੀ ਹੈ। ਉਹ ਰਾਜੇ ਪਾਸ ਜਾਂਦਾ ਤੇ ਫਿਰ ਬੇਨਤੀ ਕਰਦਾ ਪਰ ਜਦੋਂ ਠੁਕਰਾ ਦਿੱਤੀ ਜਾਂਦੀ ਤਾਂ ਮੁਸੀਬਤਾਂ ਮਹਿਲਾਂ ਵਿਚ ਆਉਂਦੀਆਂ। ਜੁਲਾਈ ਵਿਚ ਨੀਲ ਦਰਿਆ ਦਾ ਪਾਣੀ ਲਾਲ ਹੋ ਗਿਆ ਅਤੇ ਬੂ ਮਾਰਨ ਲੱਗਾ। ਡੱਡੂਆਂ ਵਿਚ ਪਲੇਗ ਪੈ ਗਈ। ਪੱਤਝੜ ਦੀ ਰੁੱਤੇ ਮੱਛਰਾਂ ਦੇ ਦਲਾਂ ਨੇ ਹਮਲਾ ਕੀਤਾ ਅਤੇ ਬੇਅੰਤ ਕੁੱਤੇ, ਮੱਖੀਆਂ ਪੈਦਾ ਹੋ ਕੇ ਮਨੁੱਖਾਂ ਨੂੰ ਕੱਟਣ ਲੱਗੇ। ਪਸ਼ੂ ਮਰਨ ਲੱਗੇ ਅਤੇ ਆਦਮੀ ਫੋੜਿਆਂ ਫਿਨਸੀਆਂ ਨਾਲ ਭਰ ਗਏ। ਜਨਵਰੀ ਵਿਚ ਗੜੇਮਾਰ ਹੋਈ ਤੇ ਫ਼ਸਲਾਂ ਤਬਾਹ ਹੋ ਗਈਆਂ, ਪਸ਼ੂ ਮਰ ਗਏ। ਫਿਰ ਟਿੱਡੀ-ਦਲ ਦਾ ਹਮਲਾ ਹੋਇਆ ਤੇ ਸਭ ਬਨਸਪਤੀ ਚੱਟ ਹੋ ਗਈ।

ਇੰਨਾ ਕੁਝ ਬੀਤ ਜਾਣ ਤੇ ਬਾਦਸ਼ਾਹ ਨੇ ਕਿਹਾ ਕਿ ਤੂੰ ਕੇਵਲ ਮਰਦਾਂ ਨੂੰ ਲੈ ਕੇ ਜਾ ਸਕਦਾ ਹੈ ਔਰਤਾਂ ਇੱਥੇ ਹੀ ਰਹਿਣਗੀਆਂ। ਮੂਸਾ ਨਹੀਂ ਮੰਨਿਆ ਤੇ ਕਿਹਾ - ਸਭ ਜਾਵਾਂਗੇ ਤੇ ਆਪਣਾ ਸਭ ਕੁਝ ਲਿਜਾਵਾਂਗੇ। ਰਾਜਾ ਨਹੀਂ ਮੰਨਿਆ ਤਾਂ ਭਿਆਨਕ ਪਲੇਗ ਫੁੱਟੀ ਤੇ ਆਦਮੀ ਮਰਨ ਲੱਗੇ। ਸਾਰਾ ਮਿਸਰ ਸੋਗ ਵਿਚ ਡੁੱਬ ਗਿਆ ਤੇ ਆਪੋ-ਧਾਪੀ ਮੱਚ ਗਈ। ਮੂਸਾ ਨੇ ਇਸ ਹਫੜਾ-ਦਫੜੀ ਦਾ ਫਾਇਦਾ ਉਠਾਇਆ ਅਤੇ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਮਿਸਰ ਵਿੱਚੋਂ ਨਿਕਲ ਪਿਆ। ਉਸ ਨਾਲ ਸਾਰੇ ਮਜ਼ਲੂਮ ਅਤੇ ਗੁਲਾਮ ਰਲ ਗਏ ਜਿਹੜੇ ਸਤਾਏ ਗਏ ਸਨ। ਇਹ ਕਾਫਲਾ ਮਾਰੂਥਲ ਵੱਲ ਨਿਕਲ ਗਿਆ।

ਉਹ ਕਿੱਥੇ-ਕਿੱਥੇ ਰਹੇ ਅਤੇ ਕਿੱਥੋਂ-ਕਿੱਥੋਂ ਦੀ ਲੰਘੇ ਇਸ ਬਾਰੇ ਪੱਕਾ ਪਤਾ ਨਹੀਂ ਲੱਗਦਾ ਕਿਉਂਕਿ ਅੱਜਕਲ੍ਹ, ਥਾਵਾਂ ਦੇ ਉਹ ਨਾਮ ਨਹੀਂ ਹਨ ਜਿਹੜੇ ਉਦੋਂ ਸਨ। ਉਦਾਸ ਲੋਕਾਂ ਨੂੰ ਉਨ੍ਹਾਂ ਦਾ ਹੀਰੋ ਮਿਲ ਗਿਆ ਸੀ। ਪੈਗੰਬਰ ਨੇ ਉਨ੍ਹਾਂ ਨੂੰ ਵਚਨ ਦਿੱਤਾ ਕਿ ਉਹ ਉਨ੍ਹਾਂ ਦੇ ਦੁੱਖਾਂ ਵਿਚ ਸਹਾਈ ਹੋਵੇਗਾ। ਝੀਲਾਂ ਦੇ ਕੌੜੇ ਪਾਣੀ ਮਿੱਠੇ ਹੋ ਗਏ ਅਤੇ ਸਫਰ ਦੇ ਦੌਰਾਨ ਹੀ ਉਸ ਨੇ ਅਹਿਦਨਾਮਾ ਲਾਗੂ ਕੀਤਾ। ਕਿਹਾ ਕਿ ਯਾਹੋਵਾ ਤੁਹਾਡਾ ਰੱਬ ਤੁਹਾਨੂੰ ਪਿਆਰ ਕਰਦਾ ਹੈ। ਜੇ ਉਸ ਨੂੰ ਭੁੱਲੋਗੇ ਤਾਂ ਦੁੱਖ ਪਾਉਗੇ। ਪਛਤਾਵਾ ਕਰੋਗੇ ਤਾਂ ਫਿਰ ਮਿਹਰਬਾਨ ਪਿਤਾ ਤੁਹਾਨੂੰ ਬਖਸ਼ ਲਵੇਗਾ। ਇਕ ਰੱਬ ਹੋਣ ਦਾ ਐਲਾਨ ਇਸ ਕੌਮ ਦੀ ਏਕਤਾ ਵੱਲ ਇਤਿਹਾਸਕ ਕਦਮ ਸੀ।

ਅਖੀਰ ਅੱਧੀ ਸਦੀ ਦੀ ਜਲਾਵਤਨੀ ਮਗਰੋਂ ਮੂਸਾ ਆਪਣੇ ਕਾਫਲੇ ਨੂੰ ਕੈਨਾਨ ਤਕ ਲਿਜਾਣ ਵਿਚ ਸਫਲ ਹੋ ਗਿਆ।

ਮੂਸਾ ਨੇ ਪੁਰਾਣੇ ਸਮੇਂ ਵਿਚ ਰੱਬ ਦਾ ਇਕ ਨਾਮ ਯਹੂਦੀਆਂ ਨੂੰ ਦਿੱਤਾ। ਇਹ ਨਾਮ ਸੀ ਯਾਹਵੇ। ਉਸਨੇ ਇਹ ਵੀ ਕਿਹਾ ਕਿ ਇਸ ਸ਼ਬਦ ਨੂੰ ਸ਼ੁੱਧ ਉਚਾਰਣਾ ਹੈ ਅਤੇ ਰੱਬ ਦਾ ਨਾਮ ਅਕਾਰਣ ਹੀ ਨਹੀਂ ਲੈਣਾ, ਅੱਜ ਤਕ ਰੂੜੀਵਾਦੀ ਯਹੂਦੀ ਇਹ ਨਾਮ ਬੜੇ ਸੰਕੋਚ ਨਾਲ ਲੈਂਦੇ ਹਨ। ਜਦੋਂ ਮੂਸਾ ਰੱਬ ਤੋਂ ਪੁੱਛਦਾ ਹੈ ਕਿ ਇਜ਼ਰਾਇਲੀ ਤੇਰਾ ਨਾਮ ਨਹੀਂ ਜਾਣਦੇ ਤਾਂ ਮੇਰੀ ਗੱਲ ਉਹ ਕਿਵੇਂ ਮੰਨਣਗੇ? ਇਸ ਤੋਂ ਇਹ ਅਰਥ ਨਿਕਲਦਾ ਲੱਗਦਾ ਹੈ ਕਿ ਇਹ ਨਾਮ ਹੈ ਤਾਂ ਇਜ਼ਰਾਈਲੀ ਬਜ਼ੁਰਗਾਂ ਵੇਲੇ ਦਾ ਹੀ ਸੀ, ਪਰੰਤੂ ਇਸ ਨੂੰ ਲੋਕ ਭੁੱਲ ਗਏ ਸਨ। ਮੂਸਾ ਨੂੰ ਖੁਦ ਇਸ ਨਾਮ ਦਾ ਪਤਾ ਨਹੀਂ ਸੀ ਜੋ ਰੱਬ ਨੇ ਉਸ ਨੂੰ ਦੱਸਿਆ। ਇਹ ਵੀ ਹੋ ਸਕਦਾ ਹੈ ਕਿ ਰੱਬ ਦਾ

'ਯਾਹਵੇ' ਨਾਮ ਯਹੂਦੀ ਗੁਲਾਮ ਹੋਣ ਤੋਂ ਬਾਅਦ ਭੁੱਲ ਗਏ ਹੋਣ ਕਿਉਂਕਿ ਉਹ ਮਿਸਰ ਦੇ ਦੇਵਤਿਆਂ ਨੂੰ ਤਾਕਤਵਰ ਜਾਣ ਕੇ ਉਨ੍ਹਾਂ ਦੀ ਪੂਜਾ ਕਰਨ ਲੱਗੇ ਸਨ। ਮੂਸਾ ਦੀ ਪੀਹੜੀ ਨੂੰ ਇਸ ਨਾਮ ਦਾ ਚੇਤਾ ਨਹੀਂ ਸੀ - ਖੁਦ ਮੂਸਾ ਨੂੰ ਵੀ ਨਹੀਂ।

ਰੇਗਿਸਤਾਨ ਵਿਚ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਲਈ ਫਿਰਦੇ ਰਹਿਣਾ ਕੋਈ ਖਾਲਾ ਜੀ ਦਾ ਕੰਮ ਨਹੀਂ ਸੀ। ਇਸ ਵਿਚ ਮੂਸਾ ਦੀ ਮਹਾਨਤਾ ਸੀ ਕਿ ਉਹ ਵਿਰੋਧ ਦਾ ਮੁਕਾਬਲਾ ਕਰ ਸਕਦਾ ਸੀ। ਉਹ ਭੁੱਖਾ ਤਿਹਾਇਆ ਰਿਹਾ ਅਤੇ ਉਸ ਵਿਰੁੱਧ ਬਗਾਵਤਾਂ ਵੀ ਹੋਈਆਂ। ਉਹ ਚਾਹੁੰਦਾ ਤਾਂ ਸ਼ਾਹੀ ਮਹਿਲਾਂ ਵਿਚ ਫਿਰ ਪਰਤ ਸਕਦਾ ਸੀ। ਕਿਉਂਕਿ ਪੁਰਾਣਾ ਬਾਦਸ਼ਾਹ ਮਰ ਚੁੱਕਾ ਸੀ ਤੇ ਨਵਾਂ ਰਾਜ ਕੁਮਾਰ ਮੂਸਾ ਦਾ ਬਚਪਨ ਦਾ ਸਾਥੀ ਅਤੇ ਦੋਸਤ ਸੀ। ਉਸ ਦੇ ਸਾਹਮਣੇ ਮਹਿਲਾਂ ਦਾ ਆਰਾਮ ਅਤੇ ਮਾਰੂਥਲ ਦਾ ਦੁੱਖ ਦੋਵੇਂ ਸਨ। ਉਸ ਨੇ ਗੁਲਾਮਾਂ ਦਾ ਸਾਥ ਦਿੱਤਾ ਤੇ ਦਰਬਾਰ ਦੇ ਸੱਦੇ ਠੁਕਰਾ ਦਿੱਤੇ। ਉਹ ਕੈਨਾਨ ਵੱਲ ਵਧਦਾ ਗਿਆ।

ਕੈਨਾਨ, ਭਾਵ ਇਜ਼ਰਾਈਲ ਬੇਹੱਦ ਉਪਜਾਊ ਧਰਤੀ ਤਾਂ ਨਹੀਂ ਸੀ, ਬਸ ਮਾਰੂਥਲ ਦੇ ਮੁਕਾਬਲੇ ਕੁਝ ਚੰਗੀ ਸੀ। ਕੁਦਰਤੀ ਸੀ ਕਿ ਪਹਿਲੋਂ ਰਹਿ ਰਹੇ ਲੋਕਾਂ ਦਾ ਵੀ ਗੁਜ਼ਾਰਾ ਮੁਸ਼ਕਿਲ ਸੀ ਤੇ ਉਹ ਨਵੇਂ ਸ਼ਰਨਾਰਥੀਆਂ ਨੂੰ ਕਿਉਂ ਬਰਦਾਸ਼ਤ ਕਰਦੇ। ਲੜਾਈ ਅਟੱਲ ਸੀ। ਪਹਿਲੇ ਹੱਲੇ ਵਿਚ ਯਹੂਦੀਆਂ ਦੀ ਹਾਰ ਹੋਈ ਤੇ ਉਹ ਮਾਰੂਥਲ ਵੱਲ ਮੁੜ ਭੱਜ ਗਏ। ਮਾਰੂਥਲ ਦੇ ਬਾਕੀ ਕਬੀਲਿਆਂ ਨਾਲ ਵੀ ਉਨ੍ਹਾਂ ਸੰਧੀਆਂ ਕੀਤੀਆਂ। ਕੁਝ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਕੈਨਾਨ ਦਾ ਦੱਖਣੀ ਹਿੱਸਾ ਕਾਬੂ ਕਰਕੇ ਫਿਰ ਹੌਲੀ-ਹੌਲੀ ਉਹ ਅੱਗੇ ਵਧਦੇ ਗਏ।

ਮੂਸਾ ਦਾ ਸਹੁਰਾ, ਯਾਥਰੋ ਸਭ ਤੋਂ ਪਹਿਲਾ ਯਾਹੋਵਾ ਦਾ ਪੁਜਾਰੀ ਸੀ ਤੇ ਉਸ ਦੇ ਦੇਵਤੇ ਨੂੰ ਹੀ ਮੂਸਾ ਨੇ ਰੱਬ ਕਿਹਾ, ਜਿਸ ਦੀ ਸਹਾਇਤਾ ਨਾਲ ਯਹੂਦੀਆਂ ਨੂੰ ਗੁਲਾਮੀ ਤੋਂ ਛੁਟਕਾਰਾ ਮਿਲਿਆ। ਕੁਦਰਤੀ ਸੀ ਕਿ ਯਾਥਰੋ ਦੀ ਚੜ੍ਹਤ ਸੀ। ਉਸ ਨੇ ਸੱਤਰ ਜੱਜ ਨਿਯੁਕਤ ਕੀਤੇ, ਜਿਹੜੇ ਧਾਰਮਿਕ ਅਤੇ ਸਮਾਜਿਕ ਮਸਲਿਆਂ ਵਿਚ ਨਿਆਂ ਕਰਦੇ ਸਨ। ਜਦੋਂ ਮੂਸਾ ਨੇ ਰੱਬ ਦਾ ਸ਼ੁਕਰੀਆ ਅਦਾ ਕਰਨ ਲਈ ਬਲੀ ਦੇਣ ਬਾਰੇ ਕਿਹਾ ਤਾਂ ਇਸ ਦੀਆਂ ਰਸਮਾਂ ਵੀ ਮੂਸਾ ਨੂੰ ਯਾਥਰੋ ਨੇ ਹੀ ਦੱਸੀਆਂ। ਹਰ ਦੇਵਤੇ ਨੂੰ ਖੁਸ਼ ਕਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਇਆ ਕਰਦੀਆਂ ਸਨ। ਲੇਵਾਈਟੀਕਸ ਗ੍ਰੰਥ ਵਿਚ ਸਾਰੀਆਂ ਰਸਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਲਿਖੀ ਹੋਈ ਮਿਲਦੀ ਹੈ। ਕੇਵਲ ਪੁਜਾਰੀ ਵਰਗ ਹੀ ਇੰਨੀਆਂ ਗੁੰਝਲਦਾਰ ਰਸਮਾਂ ਦਾ ਵਾਕਫ ਹੋ ਸਕਦਾ ਸੀ ਤੇ ਯਾਥਰੋ ਪੁਜਾਰੀ ਹੀ ਸੀ, ਮੂਸਾ ਇਸ ਸਭ ਕੁਝ ਸਾਹਮਣੇ ਬਿਲਕੁਲ ਮਾਸੂਮ ਅਤੇ ਅਨਜਾਣ ਸੀ।

ਧਾਰਮਿਕ ਰਸਮਾਂ

ਦਸ ਅਹਿਦਨਾਮਿਆਂ (**Ten Commandments**) ਵਿਚ ਰੱਬ ਨੇ ਯਹੂਦੀਆਂ ਨਾਲ ਇਹੀ ਸੰਧੀ ਕੀਤੀ ਕਿ ਜੇ ਤੁਸੀਂ ਸਹੀ ਰਸਮਾਂ ਨਿਭਾਉਗੇ ਤਾਂ ਮੈਂ ਤੁਹਾਨੂੰ ਜਿੱਤਾਂ ਦਿਆਂਗਾ ਅਤੇ ਧਨ ਦਿਆਂਗਾ। ਮੂਸਾ ਨੇ ਰੱਬ ਦਾ ਨਾਮ ਯਾਹੋਵਾ ਚੁਣ ਲਿਆ ਜੋ ਮਾਰੂਥਲ ਦਾ ਦੇਵਤਾ ਸੀ। ਇਸ ਨਾਲ ਮਾਰੂਥਲ ਦੇ ਸਾਰੇ ਕਬੀਲੇ ਮੂਸਾ ਦੇ ਸਮਰਥਕ ਹੋ ਗਏ।

ਬਲੀ ਦੇਣ ਦਾ ਰਿਵਾਜ ਏਨਾ ਹਰਮਨ ਪਿਆਰਾ ਹੋ ਗਿਆ ਕਿ ਹਰ ਖੁਸ਼ੀ ਦੇ ਮੌਕੇ ਉੱਤੇ ਅਜਿਹਾ ਕਰਨਾ ਪੁੰਨ ਸਮਝਿਆ ਗਿਆ। ਫ਼ਸਲਾਂ ਦੀ ਕਟਾਈ ਵੇਲੇ ਤਾਂ ਇਹ ਧਾਰਮਿਕ

ਰਸਮ ਹਰ ਹਾਲਤ ਵਿਚ ਨਿਭਾਈ ਜਾਂਦੀ ਸੀ ਨਹੀਂ ਤਾਂ ਸਮਝਿਆ ਜਾਂਦਾ ਸੀ ਕਿ ਫ਼ਸਲਾਂ ਘਰ ਨਹੀਂ ਆਉਣਗੀਆਂ।

ਮੁੱਢਲੇ ਯਹੂਦੀਆਂ ਵਿਚ ਕਈ ਕਿਸਮ ਦੇ ਰਿਵਾਜ਼ ਛਿੜੇ। ਕੂਚ ਗ੍ਰੰਥ (Exodus 34) ਵਿਚ ਲਿਖਿਆ ਹੈ, "ਤੁਸੀਂ ਜਿਸ ਕਿਸੇ ਜਾਨਵਰ ਨੂੰ ਮਾਰਨਾ ਹੋਵੇ ਤਾਂ ਧਿਆਨ ਰੱਖਣਾ, ਦੁੱਧ ਚੁੰਘਦੇ ਬੱਚੇ ਨੂੰ ਮਾਰ ਕੇ ਉਸ ਦੀ ਮਾਂ ਦੇ ਦੁੱਧ ਵਿਚ ਨਾ ਉਬਾਲਣਾ। ਤਾਲਮੂਦ ਵਿਚ ਲਿਖਿਆ ਹੈ ਕਿ ਕਿਸੇ ਵੀ ਜਾਨਵਰ ਦੇ ਮਾਸ ਨੂੰ ਦੁੱਧ ਵਿਚ ਨਹੀਂ ਮਿਲਾਉਣਾ।

ਕੁਝ ਚਿਰ ਬਾਅਦ ਮਨੁੱਖਾਂ ਵਿਚ ਸੁੰਨਤ ਕਰਵਾਉਣ ਦਾ ਰਿਵਾਜ਼ ਸ਼ੁਰੂ ਹੋ ਗਿਆ। ਚੇਤੇ ਰਹੇ ਕਿ ਪਹਿਲੋਂ ਮਨੁੱਖਾਂ ਦੀ ਵੀ ਬਲੀ ਦੇਣ ਦਾ ਰਿਵਾਜ ਸੀ ਪਰੰਤੂ ਬਾਅਦ ਵਿਚ ਮਨੁੱਖੀ ਬਲੀ ਦੀ ਥਾਂ ਸੁੰਨਤ ਕਰਨ ਦਾ ਫੈਸਲਾ ਹੋਇਆ। ਸੁੰਨਤ ਮੁਸਲਮਾਨਾਂ ਤੋਂ ਹਜ਼ਾਰਾਂ ਸਾਲ ਪਹਿਲਾਂ ਯਹੂਦੀ ਕਰਦੇ ਸਨ ਤੇ ਇਹ ਰਿਵਾਜ਼ ਉਨ੍ਹਾਂ ਦੇ ਧਰਮ ਦਾ ਇਕ ਮੁੱਖ ਅੰਗ ਹੈ।

ਮੂਸਾ ਵੇਲੇ ਤੋਂ ਪਹਿਲਾਂ ਮਾਰੂਥਲ ਦਾ ਦੇਵਤਾ ਯਾਹੋਵਾ ਸੀ। ਇਸ ਸਮੇਂ ਕਿਸੇ ਦੇਵੀ ਦੀ ਕਲਪਨਾ ਕਰਨੀ ਸੰਭਵ ਨਹੀਂ ਲੱਗਦੀ, ਪਰੰਤੂ ਫ਼ਸਲਾਂ ਦੀ ਖਿਜਾਈ ਵੇਲੇ ਦੇਵੀ ਦੀ ਪੂਜਾ ਕੀਤੀ ਜਾਂਦੀ ਸੀ, ਜੋ ਉਚਿਤ ਹੀ ਲੱਗਦਾ ਹੈ ਕਿਉਂਕਿ ਉਤਪਤੀ ਦੀ ਸ਼ਕਤੀ ਦੇਵੀ ਪਾਸ ਹੀ ਮੰਨੀ ਜਾਣੀ ਸੀ। ਯਹੂਦੀ ਮੱਤ ਜਿਉਂ-ਜਿਉਂ ਸੰਗਠਿਤ ਹੁੰਦਾ ਗਿਆ, ਉਸਨੇ ਦੇਵੀਆਂ ਅਤੇ ਦੇਵਤਿਆਂ ਦਾ ਖਾਤਮਾ ਕਰਕੇ ਇੱਕੋ ਰੱਬ ਯਾਹੋਵਾ ਅਤੇ ਉਸਦੇ ਪੈਗ਼ੰਬਰਾਂ ਦਾ ਸਤਿਕਾਰ ਕੀਤਾ ਅਤੇ ਇਹੋ ਸ਼ੁਭ ਮੰਨਿਆ ਗਿਆ। ਯਾਹੋਵਾ ਨਾਲ ਕੀਤੇ ਅਹਿਦਨਾਮੇ ਦੀ ਕਰੜਾਈ ਨਾਲ ਪਾਲਣਾ ਕੀਤੀ ਜਾਣ ਲੱਗੀ ਅਤੇ ਜਦੋਂ ਕਦੀ ਕਿਸੇ ਕੌਮ ਨੂੰ ਤੰਗ ਕੀਤਾ ਜਾਂਦਾ ਤਾਂ ਇਹ ਸਮਝਿਆ ਜਾਂਦਾ ਸੀ ਕਿ ਨਵੀਆਂ ਮੁਸੀਬਤਾਂ ਦੇ ਪਹਾੜ ਟੁੱਟਣਗੇ। ਰੱਬੀ ਕਹਿਰ ਪੂਰੀ ਕੌਮ ਨੂੰ ਖ਼ਤਮ ਕਰ ਸਕਦਾ ਹੈ ਇਹੋ ਵਿਸ਼ਵਾਸ ਆਮ ਸੀ।

ਕੈਨਾਨ ਵਿਚ ਜਦੋਂ ਇਜ਼ਰਾਇਲੀਆਂ ਨੇ ਪ੍ਰਵੇਸ਼ ਕੀਤਾ ਤਾਂ ਫਲਸਤੀਨੀਆਂ ਨਾਲ ਟੱਕਰ ਹੋਣੀ ਸੁਭਾਵਿਕ ਸੀ ਜੋ ਉੱਥੇ ਪਹਿਲੋਂ ਦੇ ਰਹਿ ਰਹੇ ਸਨ। ਫਲਸਤੀਨੀ ਲੋਕ ਜਥੇਬੰਦ ਸਨ ਅਤੇ ਲੜਾਈ ਵਿਚ ਮਾਹਿਰ। ਅਜੇ ਯਹੂਦੀਆਂ ਵਿਚ ਅਨੁਸ਼ਾਸਨ ਨਹੀਂ ਆਇਆ ਸੀ ਕਿਉਂਕਿ ਉਹ ਤਾਂ ਅਜੇ ਮੂਸਾ ਦੇ ਵੀ ਪੱਕੇ ਮੁਰੀਦ ਨਹੀਂ ਬਣੇ ਸਨ ਤੇ ਉਸੇ ਦੇ ਵਿਰੁੱਧ ਸਾਜ਼ਸ਼ਾਂ ਰਚਣੀਆਂ ਸ਼ੁਰੂ ਕਰ ਦਿੰਦੇ ਸਨ। ਕੁਦਰਤੀ ਸੀ ਕਿ ਕਈ ਵਾਰ ਯਹੂਦੀਆਂ ਨੂੰ ਫਲਸਤੀਨੀਆਂ ਹੱਥੋਂ ਹਾਰ ਖਾਣੀ ਪਈ। ਸਾਲ ਦੇ ਰਾਜ ਵੇਲੇ ਅਜਿਹੀਆਂ ਕਈ ਲੜਾਈਆਂ ਲੜੀਆਂ ਗਈਆਂ। ਸਾਲ ਦੀ ਮੌਤ ਤੋਂ ਬਾਅਦ ਦਾਊਦ ਇਜ਼ਰਾਈਲ ਦਾ ਰਾਜਾ ਬਣਿਆ। ਉਸਨੇ ਯਹੂਦੀਆਂ ਵਿਚ ਏਕਤਾ ਕਾਇਮ ਕਰਕੇ ਫਲਸਤੀਨੀਆਂ ਨੂੰ ਦਬਾ ਦਿੱਤਾ। ਦਾਊਦ ਦੀ ਹਕੂਮਤ ਅਨੁਸ਼ਾਸਿਤ ਸੀ, ਜਿਸ ਦੀ ਬਕਾਇਦਾ ਇਕ ਰਾਜਧਾਨੀ ਸੀ, ਅਦਾਲਤ ਸੀ ਅਤੇ ਲੋਕਾਂ ਨੂੰ ਨਿਆਂ ਮਿਲਦਾ ਸੀ।

ਉਸ ਦਾ ਰਾਜ ਅਮਨ ਅਤੇ ਖੁਸ਼ਹਾਲੀ ਦਾ ਰਾਜ ਸੀ। ਯੇਰੂਸ਼ਲਮ ਰਾਜਧਾਨੀ ਸੀ ਤੇ ਲੋਕ ਇਸ ਸ਼ਹਿਰ ਨੂੰ ਅਦਨ ਵਾਂਗ ਪਿਆਰ ਕਰਦੇ ਸਨ। ਇਥੋਂ ਹੀ ਉਨ੍ਹਾਂ ਦੇ ਜੀਵਨ ਦੀ ਕਿਰਨ ਫੁੱਟਦੀ ਸੀ। ਦਾਊਦ ਦਾ ਵਾਰਸ ਸੁਲੇਮਾਨ ਬਣਿਆ। ਉਸਨੇ ਯੇਰੂਸ਼ਲਮ ਦਾ ਮੰਦਰ ਬਹੁਤ ਧਨ ਲਾ ਕੇ ਬਣਾਇਆ ਅਤੇ ਕਿਹਾ ਜਾਂਦਾ ਹੈ ਕਿ ਉਦੋਂ ਦੁਨੀਆਂ ਵਿਚ ਇਹੋ ਜਿਹਾ ਸੁੰਦਰ ਮੰਦਰ ਕੋਈ ਨਹੀਂ ਸੀ। ਸਾਲ, ਦਾਊਦ ਅਤੇ ਸੁਲੇਮਾਨ ਇਹ ਸਾਰੇ ਕੰਮ ਕਰਦਿਆਂ ਇਹ ਸਮਝਦੇ ਅਤੇ

ਦਸਦੇ ਸਨ ਕਿ ਉਹ ਪੈਗ਼ੰਬਰ ਮੂਸਾ ਦੇ ਸੁਫਨਿਆਂ ਦੀ ਪੂਰਤੀ ਕਰ ਰਹੇ ਹਨ। ਦਾਊਦ ਨੇ ਮੰਦਰ ਵਿਚ ਭਜਨਾਂ ਦਾ ਗਾਇਨ ਸ਼ੁਰੂ ਕਰਵਾਇਆ, ਜੋ ਅੱਜ ਤਕ ਬਦਸਤੂਰ ਚੱਲਦਾ ਹੈ।

ਮੂਸਾ ਯਹੂਦੀਆਂ ਦਾ ਪਹਿਲਾ ਪੈਗ਼ੰਬਰ ਨਹੀਂ ਸੀ ਤੇ ਆਖਰੀ ਵੀ ਨਹੀਂ ਸੀ। ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਏ ਪੈਗ਼ੰਬਰਾਂ ਦੀ ਇਕ ਪੂਰੀ ਲੜੀ ਹੈ। ਯਹੂਦੀਆਂ ਦੇ ਪੈਗ਼ੰਬਰ ਭਾਰਤੀ ਰਿਸ਼ੀਆਂ ਵਾਂਗ ਤਿਆਗ ਦੀ ਜ਼ਿੰਦਗੀ ਦਾ ਪ੍ਰਚਾਰ ਨਹੀਂ ਕਰਦੇ ਸਨ। ਉਹ ਬਾਦਸ਼ਾਹ ਸਨ ਅਤੇ ਉਨ੍ਹਾਂ ਨੇ ਯਹੂਦੀਆਂ ਨੂੰ ਇਹ ਦ੍ਰਿੜ੍ਹ ਕਰਵਾਇਆ ਕਿ ਉਹ ਰੱਬ ਦੇ ਚੁਣੇ ਹੋਏ ਲੋਕ ਹਨ ਅਤੇ ਇਹ ਰੱਬ ਦਾ ਫੈਸਲਾ ਹੈ ਕਿ ਉਹ ਹਕੂਮਤ ਕਰਨ ਕਿਉਂਕਿ ਮੂਸਾ ਜਦੋਂ ਜਲਾਵਤਨ ਸੀ ਉਦੋਂ ਵੀ ਉਹ ਬਾਦਸ਼ਾਹ ਸੀ ਅਤੇ ਉਸ ਦੀ ਨਿਗਾਹ ਕੈਨਾਨ ਦੇਸ਼ ਉੱਤੇ ਕੇਵਲ ਧਾਰਮਿਕ ਸ਼ਰਧਾ ਵਜੋਂ ਨਹੀਂ ਸੀ, ਇਸ ਨੂੰ ਫਤਿਹ ਕਰਕੇ ਉਸ ਉੱਤੇ ਰਾਜ ਕਰਨ ਦੀ ਵੀ ਸੀ।

ਮੂਸਾ ਦੇ ਜੀਵਨ ਦਾ ਕਮਾਲ ਇਹ ਹੈ ਕਿ ਉਹ ਤਿੰਨ ਮਹੀਨਿਆਂ ਦਾ ਬੱਚਾ ਰਾਜ ਮਹਿਲ ਵਿਚ ਚੱਲਾ ਗਿਆ ਅਤੇ ਰਾਜ ਕੁਮਾਰਾਂ ਵਾਂਗ ਰਿਹਾ। ਫਿਰ ਜਦੋਂ ਕੁਝ ਵਕਤ ਉਹ ਇਜ਼ਰਾਈਲੀਆਂ ਦੀ ਅਗਵਾਈ ਕਰ ਰਿਹਾ ਸੀ ਉਸ ਨੂੰ ਬਹੁਤ ਸਾਰੇ ਮੁਰੀਦ 'ਮਿਸਰੀ' (ਭਾਵ ਮਿਸਰ ਦੇਸ਼ ਦਾ) ਆਖਦੇ ਸਨ। ਉਸ ਨੇ ਵਿਆਹ ਵੀ ਗੈਰ ਇਜ਼ਰਾਈਲੀ ਮੇਦੀਅਨ ਘਰਾਣੇ ਵਿਚ ਕਰਾਇਆ। ਉਸਦੀ ਯਹੂਦੀਆਂ ਨਾਲ ਦਹਾਕਿਆਂ ਬੱਧੀ ਜੁੜੀ ਰਹੀ ਮੁਹੱਬਤ ਸੀ। ਇਸ ਸਦਕਾ ਬਗਾਵਤਾਂ ਵੀ ਉਸ ਦੇ ਵਿਰੁੱਧ ਹੋਈਆਂ ਪਰੰਤੂ ਉਹ ਬੇਰੋਕ ਹੋ ਕੇ ਇਕੋ-ਇਕ ਲੀਡਰ ਬਣਿਆ ਰਿਹਾ। ਇਹ ਵੀ ਕਮਾਲ ਦੇਖੋ ਕਿ ਯਾਹਵੇ, ਸ਼ੁਰੂ ਵਿਚ ਯਹੂਦੀਆਂ ਦਾ ਦੇਵਤਾ ਨਹੀਂ ਸੀ। ਇਹ ਮੰਦਰਾਂ ਦਾ ਦੇਵਤਾ ਸੀ, ਜਿਸ ਨੂੰ ਮੂਸਾ ਨੇ ਰੱਬ ਬਣਾ ਦਿੱਤਾ - ਇਕੋ-ਇਕ ਪਰਮ ਹਸਤੀ। ਇਸ ਦਾ ਅਰਥ ਇਹ ਹੋਇਆ ਕਿ ਮੂਸਾ ਦਾ ਸ਼ਬਦ ਉਸ ਦੇ ਸ਼ਾਗਿਰਦਾਂ ਲਈ ਅਟੱਲ ਸੀ ਨਹੀਂ ਤਾਂ ਦੂਜੇ ਕਬੀਲੇ ਦੇ ਦੇਵਤੇ ਨੂੰ ਮੰਨਣ ਲਈ ਲੋਕ ਰਾਜ਼ੀ ਹੀ ਨਹੀਂ ਹੁੰਦੇ। ਇਹ ਵੀ ਅਜੀਬ ਲੱਗਦਾ ਹੈ ਕਿ ਭਾਵੇਂ ਉਹ ਪੈਗ਼ੰਬਰ ਸੀ। ਪਰੰਤੂ ਉਸਨੂੰ ਯਾਹਵੇ ਅੱਗੇ ਪੂਜਾ ਕਰਨੀ, ਬਲੀ ਦੇਣੀ ਅਤੇ ਹੋਰ ਧਾਰਮਿਕ ਰਸਮਾਂ ਨਹੀਂ ਨਿਭਾਉਣੀਆਂ ਆਉਂਦੀਆਂ ਸਨ। ਇਹ ਕੰਮ ਯਾਥਰੋ ਕਰਦਾ ਸੀ। ਨਿਆਂ ਦੇਣ ਲਈ, ਉਹ ਖੁਦ ਹਰ ਵਕਤ ਸਭ ਬੰਦਿਆਂ ਨੂੰ ਨਹੀਂ ਸੁਣ ਸਕਦਾ ਸੀ। ਇਸ ਲਈ ਇਹ ਕੰਮ ਉਸਨੇ ਜੱਜਾਂ ਨੂੰ ਦਿੱਤਾ। ਅਜਿਹਾ ਸਭ ਕੁਝ ਹੋਣ ਦੇ ਬਾਵਜੂਦ ਉਹ ਯਹੂਦੀਆਂ ਦਾ ਸਭ ਤੋਂ ਵਧੀਕ ਹਰਮਨ ਪਿਆਰਾ ਪੈਗ਼ੰਬਰ ਹੈ। ਉਸ ਨੂੰ ਪੈਗ਼ੰਬਰਾਂ ਦਾ ਸਰਦਾਰ ਅਤੇ ਬਾਦਸ਼ਾਹਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ।

ਪੈਗੰਬਰ ਯਿਸੂ ਮਸੀਹ

ਬਲਜੀਤ ਸਿੰਘ ਖਾਰਾ*

ਉਸਨੇ ਉਨ੍ਹਾਂ ਨੂੰ ਕਿਹਾ ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ, ਜੋ ਮੈਂ ਕੌਣ ਹਾਂ? ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜਿਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ।

(ਮੱਤੀ ਦੀ ਅੰਜੀਲ 16:15-16)

ਹਜ਼ਰਤ ਨੂਹ ਦੇ ਪੁੱਤਰ ਸ਼ੇਮ ਦੀ ਸੰਤਾਨ ਮੰਨੇ ਜਾਣ ਕਰਕੇ ਮੱਧ ਸਾਗਰ ਦੇ ਨਾਲ ਲੱਗਦੇ ਏਸ਼ੀਆ ਦੇ ਇਲਾਕੇ ਵਿਚ ਵੱਸੇ ਹੋਏ ਲੋਕਾਂ ਨੂੰ ਸਾਮੀ ਕਿਹਾ ਜਾਂਦਾ ਹੈ। ਇਹ ਲੋਕ ਹਿਬਰੂ ਤੇ ਅਰਬੀ ਭਾਸ਼ਾ ਪਰਿਵਾਰ ਦੀਆਂ ਬੋਲੀਆਂ ਬੋਲਦੇ ਹਨ। ਸਾਮੀ ਪਰੰਪਰਾ ਵਿਚੋਂ ਦੁਨੀਆਂ ਦੇ ਤਿੰਨ ਮੁੱਖ ਧਰਮ ਪੈਦਾ ਹੋਏ - ਯਹੂਦੀ ਧਰਮ, ਈਸਾਈ ਧਰਮ ਅਤੇ ਇਸਲਾਮ ਧਰਮ। ਇਨ੍ਹਾਂ ਇਕ ਈਸ਼ਵਰਵਾਦੀ ਧਰਮਾਂ ਵਿਚੋਂ ਈਸਾਈ ਧਰਮ ਅੱਜ ਦੀ ਦੁਨੀਆਂ ਦੇ ਸਭ ਤੋਂ ਵੱਧ ਲੋਕਾਂ ਦਾ ਧਰਮ ਹੈ। ਇਸੇ ਤਰ੍ਹਾਂ ਮੰਨਣ ਵਾਲਿਆਂ ਦੀ ਗਿਣਤੀ ਦੇ ਹਿਸਾਬ ਨਾਲ ਦੂਜਾ ਸਥਾਨ ਇਸਲਾਮ ਦਾ ਅਤੇ ਤੀਜੇ ਸਥਾਨ ਉਪਰ ਹਿੰਦੂ ਧਰਮ ਹੈ। ਜਦੋਂਕਿ ਯਹੂਦੀ ਧਰਮ, ਬੁੱਧ, ਸ਼ਿੰਟੋ ਅਤੇ ਸਿੱਖ ਧਰਮਾਂ ਤੋਂ ਬਾਅਦ ਸੱਤਵੇਂ ਸਥਾਨ ਉਪਰ ਹੈ। ਹਰ ਧਰਮ ਦੀ ਗੋਂਦ ਉਸ ਵਿਚਲੇ ਪਰਮਾਤਮਾ ਦੇ ਸਰੂਪ ਦੇ ਸੰਕਲਪ ਦੁਆਲੇ ਗੁੰਦੀ ਹੁੰਦੀ ਹੈ। ਪਰ ਈਸਾਈ ਧਰਮ ਦਾ ਕੇਂਦਰ ਬਿੰਦੂ ਮਨੁੱਖੀ ਜਾਮੇ ਵਿਚ ਪੈਦਾ ਹੋਇਆ ਹੈ 'ਯਿਸੂ ਮਸੀਹ' ਹੈ। ਉਸ ਨੂੰ ਪਰਮਾਤਮਾ ਦਾ ਇਕਲੌਤਾ ਪੁੱਤਰ ਕਿਹਾ ਗਿਆ ਹੈ ਪਰ ਪਰਮਾਤਮਾ ਵੀ ਉਹ ਖ਼ੁਦ ਹੈ। ਪਵਿੱਤਰ ਬਾਈਬਲ ਵਿਚ ਲਿਖਿਆ ਹੈ, "ਆਦ ਵਿਚ ਸ਼ਬਦ ਸੀ ਪਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ।" (ਯੂਹੰਨਾ ਦੀ ਇੰਜੀਲ 1:1)। ਯਿਸੂ ਨੂੰ ਦੇਹਧਾਰੀ ਸ਼ਬਦ ਕਿਹਾ ਗਿਆ (ਯੂਹੰਨਾ 1:14)। ਈਸਾਈ ਪਰੰਪਰਾ ਵਿਚ ਮੰਨਿਆ ਜਾਂਦਾ ਹੈ ਕਿ ਯਿਸੂ ਦੇ ਪ੍ਰਿਥਵੀ ਉਪਰ ਪ੍ਰਗਟ ਹੋਣ ਵਾਲੀਆਂ ਭਵਿੱਖਬਾਣੀਆਂ ਬਹੁਤ ਪਹਿਲਾਂ ਹੋ ਚੁੱਕੀਆਂ ਸਨ। ਪੁਰਾਣੇ ਅਹਿਦਨਾਮੇ ਵਿਚ ਜ਼ਿਕਰ ਹੈ ਕਿ ਜਦੋਂ ਹਜ਼ਰਤ ਮੂਸਾ ਯਹੂਦੀਆਂ ਨੂੰ ਮਿਸਰ ਦੀ ਕੈਦ ਵਿਚੋਂ ਕੱਢ ਕੇ ਲਿਆਉਂਦਾ ਹੈ ਅਤੇ ਸਾਰੇ ਕਾਇਦੇ ਕਾਨੂੰਨ ਦੱਸਦਾ ਹੈ ਤਾਂ ਨਾਲ ਇਹ ਵੀ ਕਹਿੰਦਾ ਹੈ, "ਤੁਹਾਡੇ ਵਿਚੋਂ ਅਰਥਾਤ ਤੁਹਾਡੇ ਭਰਾਵਾਂ ਵਿਚੋਂ ਯਹੋਵਾਹ ਤੁਹਾਡਾ ਪਰਮੇਸ਼ੁਰ ਮੇਰੇ ਵਰਗਾ ਤੁਹਾਡੇ ਲਈ ਇਕ ਨਬੀ ਖੜ੍ਹਾ ਕਰੇਗਾ, ਤੁਸੀਂ ਉਸਦੀ ਸੁਣਿਓ।" (ਬਿਵਸਥਾ ਸਾਰ 18:15)। ਉਸਨੇ ਨਬੀ ਦੀ ਪਛਾਣ ਵੀ ਦੱਸੀ ਕਿ ਉਸਦਾ ਕਿਹਾ ਹਰ ਬਚਨ ਪੂਰਾ ਹੋਵੇਗਾ। ਜਦੋਂ ਯਿਸੂ ਨੇ ਕਰਿਸ਼ਮੇ ਦਿਖਾਏ ਤਾਂ ਕਈ ਯਹੂਦੀ ਕਹਿਣ ਲੱਗੇ, "....ਸੱਚੀ-ਮੁੱਚੀ ਇਹ ਉਹੋ ਨਬੀ ਹੈ, ਜਿਹੜਾ ਜਗਤ ਵਿਚ ਆਉਣ ਵਾਲਾ ਹੈ।" (ਯੂਹੰਨਾ 6:14)। ਯਿਸੂ ਨੇ ਤੀਹ ਕੁ ਸਾਲ ਦੀ ਉਮਰ ਵਿਚ ਬਪਤਿਸਮਾ ਲਿਆ ਅਤੇ ਪ੍ਰਚਾਰ ਸ਼ੁਰੂ ਕੀਤਾ। ਉਸਨੇ

---

* 147 - ਬੀ.ਸੀ.ਆਰ.ਸੀ., ਲੁਧਿਆਣਾ

ਕਿਹਾ ਕਿ ਪਾਪਾਂ ਤੋਂ ਤੌਬਾ ਕਰੋ, ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ ਅਤੇ ਇਸ ਰਾਜ ਵਿਚ ਗ਼ਰੀਬ ਨਿਵਾਜ਼ੇ ਜਾਣਗੇ। ਉਸਦੇ ਤਿੰਨ ਸਾਲ ਦੇ ਪ੍ਰਚਾਰ ਨੇ ਹੀ ਮੌਕੇ ਦੇ ਨਿਜ਼ਾਮ ਨੂੰ ਹਲੂਣ ਕੇ ਰੱਖ ਦਿੱਤਾ ਅਤੇ ਇਹ ਪੂਰੀ ਤਰ੍ਹਾਂ ਉਸਦੇ ਵਿਰੁੱਧ ਖੜ੍ਹਾ ਹੋ ਗਿਆ। ਉਸਨੂੰ ਕਾਫ਼ਰ ਅਤੇ ਮੁਜ਼ਰਿਮ ਕਰਾਰ ਦੇ ਦਿੱਤਾ ਗਿਆ ਅਤੇ ਉਸ ਸਮੇਂ ਦੇ ਰੋਮਨ ਕਾਨੂੰਨ ਮੁਤਾਬਿਕ ਹੱਥਾਂ-ਪੈਰਾਂ ਵਿਚ ਕਿੱਲ ਠੋਕ ਕੇ ਸਲੀਬ ਉਪਰ ਤੜਪ-ਤੜਪ ਕੇ ਮਰਨ ਲਈ ਲਟਕਾ ਦਿੱਤਾ ਗਿਆ। ਮੌਤ ਤੋਂ ਬਾਅਦ ਉਸੇ ਦਿਨ ਹੀ ਉਸਨੂੰ ਦਫ਼ਨਾ ਦਿੱਤਾ ਗਿਆ। ਤੀਸਰੇ ਦਿਨ ਯਿਸੂ ਦੀ ਕਬਰ ਖ਼ਾਲੀ ਪਈ ਮਿਲੀ, ਕਿਉਂਕਿ ਉਹ ਫਿਰ ਜਿੰਦਾ ਹੋ ਗਿਆ ਸੀ। ਫਿਰ ਕਈ ਵਾਰ ਆਪਣੇ ਪੈਰੋਕਾਰਾਂ ਨੂੰ ਦਰਸ਼ਨ ਦੇਣ ਤੋਂ ਬਾਅਦ ਯਿਸੂ ਸਵਰਗ ਨੂੰ ਚਲਾ ਗਿਆ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਯਿਸੂ ਦੋਬਾਰਾ ਇਸ ਸੰਸਾਰ ਵਿਚ ਆਏਗਾ। ਯਿਸੂ ਦੇ ਜੀਵਨ ਦੀ ਇਸ ਕਹਾਣੀ ਦੇ ਕਈ ਸ੍ਰੋਤ ਹਨ। ਈਸਾਈ ਪਰੰਪਰਾ ਨਵੇਂ ਅਹਿਦਨਾਮੇ ਦੀਆਂ ਪਹਿਲੀਆਂ ਚਾਰ ਪੋਥੀਆਂ (ਜਿਨ੍ਹਾਂ ਨੂੰ Gospels ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ God Spell or Goodnews ਯਾਨੀਕਿ ਸ਼ੁਭ ਸਮਾਚਾਰ) ਦੇ ਆਧਾਰ 'ਤੇ ਹੀ ਯਿਸੂ ਦੇ ਜੀਵਨ ਦਾ ਚਿਤਰਣ ਕਰਦੀ ਹੈ। ਇਸ ਤੋਂ ਇਲਾਵਾ ਸੰਨ 1947 ਤੋਂ 1956 ਤੀਕਰ Dead Sea ਦੇ ਨੇੜਿਉਂ ਮਿਲੇ ਪੁਰਾਣੇ ਲੇਖ (Dead Sea Scrolls), ਪੁਰਾਤਤਵ ਅਵਸ਼ੇਸ਼ਾਂ ਅਤੇ ਹੋਰ ਇਤਿਹਾਸਕ ਸ੍ਰੋਤਾਂ ਅਤੇ ਖੋਜਾਂ ਰਾਹੀਂ ਯਿਸੂ ਦੇ ਜੀਵਨ ਅਤੇ ਈਸਾਈ ਧਰਮ ਦੇ ਫੈਲਾਅ ਦੀ ਕਹਾਣੀ ਨੂੰ ਪੇਸ਼ ਕਰਨ ਦੇ ਯਤਨ ਕੀਤੇ ਗਏ। ਇਸ ਲੇਖ ਵਿਚ ਅਸੀਂ ਮੁੱਖ ਤੌਰ 'ਤੇ ਈਸਾਈ ਪਰੰਪਰਾ ਮੁਤਾਬਿਕ ਹੀ ਯਿਸੂ ਦੇ ਜੀਵਨ ਬਾਰੇ ਗੱਲ ਕਰਾਂਗੇ। ਹੋਰ ਸ੍ਰੋਤਾਂ ਬਾਰੇ ਅਸੀਂ ਅਖ਼ੀਰ ਵਿਚ ਗੱਲ ਕਰਾਂਗੇ।

ਚਾਰ ਪੋਥੀਆਂ (Gospels)

ਯਿਸੂ ਨੇ ਕਿਹਾ ਕਿ ਸ਼ੁਭ ਸਮਾਚਾਰ ਆ ਗਿਆ ਹੈ ਕਿ ਸਭ ਲੋਕਾਂ ਦੇ ਪਾਪ ਮਾਫ਼ ਕਰ ਦਿੱਤੇ ਗਏ ਹਨ। ਸ਼ੁਭ ਸਮਾਚਾਰ ਇਹ ਵੀ ਸੀ ਕਿ ਪਰਮਾਤਮਾ ਅਤੇ ਮਨੁੱਖੀ ਜਾਤੀ ਵਿਚਕਾਰ ਬਹੁਤ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਅਲਗਾਓ ਅਤੇ ਦੂਰੀ ਖ਼ਤਮ ਹੋ ਗਈ ਸੀ ਕਿਉਂਕਿ ਯਿਸੂ ਦੇ ਰੂਪ ਵਿਚ ਪਰਮਾਤਮਾ ਮਨੁੱਖਾਂ ਵਿਚੋਂ ਹੀ ਇਕ ਬਣ ਗਿਆ ਸੀ। ਪੁਰਾਣੇ ਅਹਿਦਨਾਮੇ ਦੇ ਬੱਦਲਾਂ ਦੀ ਕੜਕ ਅਤੇ ਚਮਕਦੀ ਬਿਜਲੀ ਰਾਹੀਂ ਗੁੱਸੇ ਨਾਲ ਗੱਲ ਕਰਨ ਵਾਲੇ ਪਰਮਾਤਮਾ ਦੀ ਜਗ੍ਹਾ 'ਤੇ ਇਕ ਜਿਉਂਦਾ-ਜਾਗਦਾ, ਪਿਆਰ ਕਰਨ ਵਾਲਾ ਪਰਮਾਤਮਾ ਆ ਗਿਆ ਸੀ। ਪਰਮਾਤਮਾ ਦੇ ਅਜਿਹੇ ਸੰਕਲਪ ਕਰਕੇ ਹੀ ਈਸਾਈ ਧਰਮ ਸ਼ੁਰੂ ਤੋਂ ਹੀ ਯਹੂਦੀ ਧਰਮ ਨਾਲੋਂ ਬਹੁਤ ਵੱਖ ਹੋ ਗਿਆ ਸੀ, ਹਾਲਾਂਕਿ ਯਿਸੂ ਯਹੂਦੀ ਹੀ ਜਨਮਿਆ ਅਤੇ ਯਹੂਦੀ ਹੀ ਮੋਇਆ। ਨਵੇਂ ਅਹਿਦਨਾਮੇ ਦੀਆਂ ਪਹਿਲੀਆਂ ਚਾਰ ਪੋਥੀਆਂ ਹਨ - ਮੱਤੀ (Saint Matthew) ਦੀ ਇੰਜੀਲ, ਮਰਕੁਸ (Saint Mark) ਦੀ ਇੰਜੀਲ, ਲੂਕਾ (Saint Luke) ਦੀ ਇੰਜੀਲ ਅਤੇ ਯੂਹੰਨਾ (Saint John) ਦੀ ਇੰਜੀਲ। ਇਹ ਗ੍ਰੀਕ ਭਾਸ਼ਾ ਵਿਚ ਲਿਖੀਆਂ ਗਈਆਂ ਅਤੇ ਇਨ੍ਹਾਂ ਦਾ ਰਚਨਾ ਕਾਲ 70 ਈ. ਤੋਂ 100 ਈ. ਦੇ ਆਸ-ਪਾਸ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚੋਂ ਮੱਤੀ ਅਤੇ ਲੂਕਾ ਦੀਆਂ ਇੰਜੀਲਾਂ ਯਿਸੂ ਦੇ ਜਨਮ ਤੋਂ ਸ਼ੁਰੂ ਹੁੰਦੀਆਂ ਹਨ ਅਤੇ ਬਾਕੀ ਦੋ ਯਿਸੂ ਦੇ ਵੱਡਾ ਹੋ ਕੇ ਜ਼ਕਰਯਾਹ ਦੇ ਬੇਟੇ ਯੂਹੰਨਾ ਕੋਲੋਂ ਬਪਤਿਸਮਾ ਲੈਣ ਤੋਂ ਸ਼ੁਰੂ ਹੁੰਦੀਆਂ ਹਨ। ਇਨ੍ਹਾਂ ਵਿਚ ਦਿੱਤੇ ਗਏ ਤੱਥ ਵੀ ਕਈ ਵੇਰ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਅਸੀਂ ਇਨ੍ਹਾਂ ਅੰਜੀਲਾਂ ਦੇ ਸੁਮੇਲ (Harmony)

ਤੋਂ ਤਿਆਰ ਕੀਤੀ ਤਰਤੀਬ ਅਨੁਸਾਰ ਯਿਸੂ ਦੀ ਜੀਵਨ ਕਥਾ ਦੱਸਣ ਦਾ ਯਤਨ ਕਰਾਂਗੇ।

ਪ੍ਰਭੂ ਦੇ ਫ਼ਰਿਸ਼ਤੇ ਦਾ ਸੰਦੇਸ਼

ਯਹੂਦੀਆਂ (Judaea) ਦੇ ਰਾਜਾ ਹੇਰੋਦੇਸ (Herod - ਇਹ ਨਾਮ ਨਹੀਂ ਸਗੋਂ ਇਕ ਪਦਵੀ ਸੀ) ਦੇ ਸਮੇਂ ਜ਼ਕਰਯਾਹ ਨਾਮੀ ਬਜ਼ੁਰਗ ਯਹੂਦੀ ਪੁਜਾਰੀ ਸੀ। ਇਕ ਵਾਰ ਜਦ ਉਹ ਪ੍ਰਭੂ ਦੇ ਮੰਦਰ ਵਿਚ ਧੂਪ ਧੁਖਾ ਰਿਹਾ ਸੀ ਤਾਂ ਜਿਬਰਾਇਲ ਫ਼ਰਿਸ਼ਤੇ ਨੇ ਦਰਸ਼ਨ ਦੇ ਕੇ ਕਿਹਾ ਕਿ ਉਸਦੇ ਬੇਟਾ ਪੈਦਾ ਹੋਵੇਗਾ, ਜਿਸਦਾ ਨਾਮ ਯੂਹੰਨਾ (John) ਰੱਖਣਾ ਹੋਵੇਗਾ। ਉਸਦੀ ਪਤਨੀ ਇਲੀਸਬਤ ਵੀ ਬਜ਼ੁਰਗ ਸੀ। ਪਰ ਰੱਬ ਦੀ ਕਰਨੀ, ਉਸਦੇ ਗਰਭ ਠਹਿਰ ਗਿਆ, ਜਿਸਦੇ ਛੇਵੇਂ ਮਹੀਨੇ ਪ੍ਰਭੂ ਦਾ ਫ਼ਰਿਸ਼ਤਾ ਜਿਬਰਾਇਲ ਇਲੀਸਬਤ ਦੀ ਰਿਸ਼ਤੇਦਾਰ ਮਰਿਯਮ ਕੋਲ ਗਿਆ। ਉਹ ਗਲੀਲ ਰਾਜ ਦੇ ਨਾਸਰਤ ਨਾਮੀ ਨਗਰ ਵਿਚ ਰਹਿੰਦੀ ਸੀ ਅਤੇ ਉਸਦੀ ਕੁੜਮਾਈ ਦਾਊਦ (David) ਦੇ ਘਰਾਣੇ ਦੇ ਯੂਸੁਫ਼ ਨਾਮੀ ਪੁਰਸ਼ ਨਾਲ ਹੋਈ ਸੀ। ਜਿਬਰਾਇਲ ਨੇ ਕਿਹਾ ਕਿ ਪਰਮਾਤਮਾ ਨੇ ਉਸ ਉਪਰ ਕ੍ਰਿਪਾ ਕੀਤੀ ਹੈ ਅਤੇ ਉਹ ਗਰਭਵਤੀ ਹੋ ਕੇ ਪੁੱਤਰ ਜੰਮੇਗੀ ਜਿਸ ਦਾ ਨਾਮ ਯਿਸੂ ਰੱਖਣਾ ਹੋਵੇਗਾ। ਮਰਿਯਮ ਇਕਦਮ ਡਰ ਗਈ ਅਤੇ ਬੋਲੀ ਕਿ ਜਦ ਉਹ ਕਿਸੇ ਪੁਰਸ਼ ਨੂੰ ਨਹੀਂ ਜਾਣਦੀ ਤਾਂ ਅਜਿਹਾ ਕਿਵੇਂ ਹੋਵੇਗਾ? ਜਿਬਰਾਇਲ ਨੇ ਕਿਹਾ ਕਿ ਪਵਿੱਤਰ ਆਤਮਾ ਉਸ ਉਪਰ ਛਾਇਆ ਕਰਕੇ ਅਜਿਹਾ ਕਰੇਗਾ ਅਤੇ ਜੋ ਜੰਮੇਗਾ ਉਹ ਪਵਿੱਤਰ ਅਤੇ ਪਰਮੇਸ਼ੁਰ ਦਾ ਪੁੱਤਰ ਕਹਾਵੇਗਾ। ਇਸ ਤਰ੍ਹਾਂ ਮਰਿਯਮ ਗਰਭਵਤੀ ਹੋ ਗਈ। ਯੂਸੁਫ਼ ਹਾਲਾਂਕਿ ਪੇਸ਼ੇ ਵਜੋਂ ਤਰਖਾਣ ਸੀ, ਪਰ ਹੈ ਸੀ ਅਬਰਾਹਮ ਦੀ ਇਕਤਾਲੀਵੀਂ ਪੀੜ੍ਹੀ ਵਿਚੋਂ। ਅਬਰਾਹਮ ਪੁਰਾਣੇ ਅਹਿਦਨਾਮੇ ਦੀ ਪਹਿਲੀ ਪੋਥੀ 'ਉਤਪਤ' ਅਨੁਸਾਰ ਹਜ਼ਰਤ ਨੂਹ ਦੇ ਬੇਟੇ ਸ਼ੇਮ ਦੀ ਦਸਵੀਂ ਪੀੜ੍ਹੀ ਵਿਚ ਪੈਦਾ ਹੋਇਆ ਸੀ ਅਤੇ ਉਸ ਨਾਲ ਪਰਮਾਤਮਾ ਨੇ ਅਹਿਦਨਾਮਾ ਕੀਤਾ ਸੀ। ਇਸ ਅਹਿਦਨਾਮੇ ਦੀ ਪਾਲਣਾ ਦੇ ਸਬੂਤ ਦੇ ਤੌਰ 'ਤੇ ਹੀ ਸੁੰਨਤ ਦੀ ਰਸਮ ਸ਼ੁਰੂ ਹੋਈ ਸੀ। ਜਦ ਯੂਸੁਫ਼ ਨੂੰ ਪਤਾ ਲੱਗਾ ਕਿ ਮਰਿਯਮ ਗਰਭਵਤੀ ਹੈ ਤਾਂ ਉਸਨੇ ਉਸਨੂੰ ਬਦਨਾਮ ਕਰਨ ਦੀ ਬਜਾਇ ਚੁੱਪ-ਚਾਪ ਛੱਡ ਦੇਣਾ ਹੀ ਮੁਨਾਸਿਬ ਸਮਝਿਆ। ਪਰ ਜਿਬਰਾਇਲ ਫ਼ਰਿਸ਼ਤਾ ਉਸਦੇ ਸੁਪਨੇ ਵਿਚ ਪ੍ਰਗਟ ਹੋਇਆ ਅਤੇ ਉਸਨੂੰ ਸਾਰੀ ਗੱਲ ਖੋਲ੍ਹ ਕੇ ਦੱਸੀ। ਫਿਰ ਯੂਸੁਫ਼ ਨੇ ਮਰਿਯਮ ਨੂੰ ਵਿਆਹ ਕੇ ਆਪਣੇ ਘਰ ਲੈ ਆਂਦਾ।

ਤਬੇਲੇ ਵਿਚ ਜਨਮ

ਉਨ੍ਹੀਂ ਦਿਨੀ ਰੋਮਨ ਸਮਰਾਟ ਕੈਸਰ ਔਗੁਸਤੁਸ ਨੇ ਮਰਦਮਸ਼ੁਮਾਰੀ ਕਰਨ ਦਾ ਹੁਕਮ ਦਿੱਤਾ, ਜਿਸ ਕਰਕੇ ਯੂਸੁਫ਼ ਨੂੰ ਨਾਸਰਤ ਨਗਰ ਤੋਂ ਯਹੂਦੀਆ ਰਾਜ ਵਿਚ ਆਪਣੇ ਪੁਰਖੇ ਦਾਊਦ ਦੇ ਬੈਤਲਹਮ ਨਾਮੀਂ ਨਗਰ ਨੂੰ ਜਾਣਾ ਪਿਆ। ਉਸਦੀ ਪਤਨੀ ਵੀ ਉਸਦੇ ਨਾਲ ਸੀ। ਬੈਤਲਹਮ ਵਿਚ ਬਹੁਤ ਸਾਰੇ ਲੋਕ ਆਏ ਸਨ, ਜਿਸ ਕਰਕੇ ਕਿਸੇ ਵੀ ਸਰਾਂ ਵਿਚ ਜਗ੍ਹਾ ਨਾ ਮਿਲੀ ਅਤੇ ਉਹ ਇਕ ਤਬੇਲੇ ਵਿਚ ਠਹਿਰੇ। ਮਰਿਯਮ ਦੇ ਜਣੇਪੇ ਦੇ ਦਿਨ ਪੂਰੇ ਹੋ ਚੁੱਕੇ ਸਨ ਅਤੇ ਜਦੋਂ ਬੱਚਾ ਜੰਮਿਆ ਤਾਂ ਉਸਨੂੰ ਵਲ੍ਹੇਟ ਕੇ ਖੁਰਲੀ ਵਿਚ ਰੱਖਿਆ ਗਿਆ। ਉਸੇ ਸਮੇਂ ਕੁੱਝ ਅਯਾਲੀ ਆਪਣੀਆਂ ਭੇਡਾਂ ਦੀ ਰਾਖੀ ਲਈ ਰੜੇ ਮੈਦਾਨ ਵਿਚ ਡੇਰਾ ਲਾ ਕੇ ਬੈਠੇ ਸਨ। ਪਰਮੇਸ਼ੁਰ ਦਾ ਦੂਤ ਉਨ੍ਹਾਂ ਸਾਹਮਣੇ ਪ੍ਰਗਟ ਹੋਇਆ ਅਤੇ ਉਨ੍ਹਾਂ ਨੂੰ ਖੁਸ਼ਖਬਰੀ ਦੱਸੀ ਕਿ ਦਾਊਦ ਦੇ ਨਗਰ ਵਿਚ ਉਨ੍ਹਾਂ ਦਾ

ਮੁਕਤੀਦਾਤਾ ਪੈਦਾ ਹੋਇਆ ਹੈ ਜੋ ਮਸੀਹ ਪ੍ਰਭੂ ਹੈ ਅਤੇ ਕੱਪੜੇ ਵਿਚ ਵਲ੍ਹੇਟਿਆ ਖੁਰਲੀ ਵਿਚ ਪਿਆ ਹੈ। ਉਨ੍ਹਾਂ ਨੇ ਬੈਤਲਹਮ ਨਗਰ ਜਾ ਕੇ ਦੂਤ ਦੇ ਦੱਸੇ ਮੁਤਾਬਿਕ ਖੁਰਲੀ ਵਿਚ ਉਸ ਨਵ-ਜਨਮੇ ਬੱਚੇ ਦੇ ਰੂਪ ਵਿਚ ਪ੍ਰਭੂ ਦੇ ਦਰਸ਼ਨ ਕੀਤੇ। ਜਦੋਂ ਬਾਲਕ ਅੱਠ ਦਿਨਾਂ ਦਾ ਹੋਇਆ ਤਾਂ ਯਹੂਦੀ ਸ਼ਰ੍ਹਾ ਮੁਤਾਬਿਕ ਉਸ ਦੀਆਂ ਸੁੰਨਤਾਂ ਕਰਕੇ ਉਸਦਾ ਨਾਂ ਯਿਸੂ ਰੱਖ ਦਿੱਤਾ ਗਿਆ। ਫਿਰ ਜਦੋਂ ਮੂਸਾ ਦੀ ਸ਼ਰ੍ਹਾ ਮੁਜਬ ਉਨ੍ਹਾਂ ਦੇ ਸ਼ੁੱਧ ਹੋਣ ਦੇ ਦਿਨ ਆਏ ਤਾਂ ਉਸਨੂੰ ਪ੍ਰਭੂ ਦੇ ਅੱਗੇ ਹਾਜ਼ਰ ਕਰਨ ਲਈ ਯੇਰੂਸ਼ਲਮ ਗਏ। ਉੱਥੇ ਸਿਮਓਨ ਨਾਂ ਦੇ ਧਰਮੀ ਮਨੁੱਖ ਅਤੇ ਅੱਨਾ ਨਾਂ ਦੀ ਭਗਤ ਔਰਤ ਨੇ ਯਿਸੂ ਦੇ ਦਰਸ਼ਨ ਕੀਤੇ ਅਤੇ ਯੇਰੂਸ਼ਲਮ ਦੇ ਨਿਸਤਾਰੇ ਲਈ ਪ੍ਰਭੂ ਦਾ ਧੰਨਵਾਦ ਕੀਤਾ। ਯਿਸੂ (Jesus) ਗ੍ਰੀਕ ਸ਼ਬਦ ਹੈ ਜੋ ਹਿਬਰੂ ਸ਼ਬਦ ਜੋਸ਼ੂਆ (Joshua) ਤੋਂ ਬਣਿਆ ਹੈ ਜਿਸ ਦਾ ਅਰਥ ਹੈ - ਯਹੋਵਾਹ ਬਚਾਉਂਦਾ ਹੈ।

ਚੜ੍ਹਦੇ ਪਾਸੇ ਦੇ ਜੋਤਸ਼ੀ ਅਤੇ ਰਾਜਾ ਹੇਰੋਦੇਸ

ਜਦੋਂ ਯਿਸੂ ਦਾ ਜਨਮ ਹੋਇਆ ਤਾਂ ਚੜ੍ਹਦੇ ਪਾਸੇ ਵਿਚ ਰਹਿੰਦੇ ਜੋਤਸ਼ੀਆਂ ਨੇ ਯੇਰੂਸ਼ਲਮ ਵਿਚ ਆ ਕੇ ਪੁੱਛਿਆ ਕਿ ਯਹੂਦੀਆਂ ਦਾ ਜਿਹੜਾ ਪਾਤਸ਼ਾਹ ਜੰਮਿਆ ਹੈ, ਉਹ ਕਿੱਥੇ ਹੈ? ਕਿਉਂ ਜੋ ਅਸੀਂ ਚੜ੍ਹਦੇ ਪਾਸੇ ਉਸਦਾ ਤਾਰਾ ਡਿੱਠਾ ਅਤੇ ਉਸਨੂੰ ਮੱਥਾ ਟੇਕਣ ਆਏ ਹਾਂ। ਇਹ ਗੱਲ ਸੁਣ ਕੇ ਯਹੂਦੀ ਰਾਜਾ ਹੇਰੋਦੇਸ ਘਬਰਾ ਗਿਆ, ਕਿਉਂਕਿ ਇਸ ਨਵੇਂ ਜਨਮੇ ਰਾਜੇ ਕਰਕੇ ਉਸਨੂੰ ਆਪਣਾ ਤਖ਼ਤ ਹਿਲਦਾ ਨਜ਼ਰ ਆਇਆ। ਉਹ ਰੋਮਨ ਸਮਰਾਟ ਦੇ ਨੁਮਾਇੰਦੇ ਦੇ ਤੌਰ 'ਤੇ ਸੀਰੀਆ, ਗੈਲੀਲੀ ਅਤੇ ਯਹੂਦੀਆ ਰਾਜਾਂ ਦਾ ਸ਼ਾਸਕ ਸੀ। ਉਸਨੇ ਚਲਾਕੀ ਵਰਤਦੇ ਹੋਏ ਜੋਤਸ਼ੀਆਂ ਨੂੰ ਕਿਹਾ ਕਿ ਜਤਨ ਨਾਲ ਉਸ ਬਾਲਕ ਦੀ ਭਾਲ ਕਰੋ ਤਾਂ ਕਿ ਮੈਂ ਭੀ ਜਾ ਕੇ ਮੱਥਾ ਟੇਕ ਸਕਾਂ। ਜੋਤਸ਼ੀ ਚੜ੍ਹਦੇ ਪਾਸੇ ਡਿੱਠੇ ਉਸੇ ਤਾਰੇ ਦੇ ਮਗਰ-ਮਗਰ ਚੱਲਦੇ ਮਰਿਯਮ ਦੇ ਘਰ ਪਹੁੰਚ ਗਏ ਅਤੇ ਬਾਲਕ ਨੂੰ ਸੋਨਾ, ਲੁਬਾਣ ਅਤੇ ਗੰਧਰਸ ਦੀ ਭੇਟਾ ਕਰਕੇ ਮੱਥਾ ਟੇਕਿਆ। ਪਰਮਾਤਮਾ ਨੇ ਸੁਪਨੇ ਰਾਹੀਂ ਉਨ੍ਹਾਂ ਨੂੰ ਹੇਰੋਦੇਸ ਦੇ ਕਪਟੀ ਮਨਸੂਬੇ ਤੋਂ ਅਗਾਹ ਕੀਤਾ ਅਤੇ ਉਹ ਰਸਤਾ ਬਦਲ ਕੇ ਆਪਣੇ ਦੇਸ਼ ਵਾਪਸ ਚਲੇ ਗਏ। ਪ੍ਰਭੂ ਦੇ ਦੂਤ ਨੇ ਯੂਸੁਫ਼ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਆਖਿਆ ਕਿ ਉੱਠ! ਬਾਲਕ ਅਤੇ ਉਸਦੀ ਮਾਂ ਨੂੰ ਲੈ ਕੇ ਮਿਸਰ ਦੇਸ਼ ਨੂੰ ਭੱਜ ਜਾ ਅਤੇ ਜਦ ਤੀਕਰ ਮੈਂ ਨਾ ਤੈਨੂੰ ਆਖਾਂ, ਉੱਥੇ ਹੀ ਰਹੁ, ਕਿਉਂਕਿ ਹੇਰੋਦੇਸ ਇਸ ਬਾਲਕ ਨੂੰ ਮਾਰਨ ਨੂੰ ਫਿਰਦਾ ਹੈ। ਯੂਸੁਫ਼ ਰਾਤੋ-ਰਾਤ ਮਿਸਰ ਨੂੰ ਚੱਲ ਪਿਆ ਅਤੇ ਹੇਰੋਦੇਸ ਦੇ ਮਰਨ ਤੀਕਰ ਉੱਥੇ ਹੀ ਰਿਹਾ। ਉੱਧਰ ਹੇਰੋਦੇਸ ਨੇ ਗੁੱਸੇ ਵਿਚ ਆ ਕੇ ਸਾਰੇ ਨਵੇਂ ਜਨਮੇ ਨਰ ਬੱਚੇ ਮਾਰਨ ਦਾ ਹੁਕਮ ਦੇ ਦਿੱਤਾ ਤਾਂ ਕਿ ਉਸਦੀ ਜਗ੍ਹਾ ਕੋਈ ਹੋਰ ਯਹੂਦੀਆਂ ਦਾ ਰਾਜਾ ਨਾ ਬਣ ਜਾਏ। ਹੇਰੋਦੇਸ ਦੀ ਮੌਤ ਤੋਂ ਬਾਅਦ ਇਹ ਪਰਿਵਾਰ ਨਾਸਰਤ ਵਾਪਸ ਆ ਗਿਆ।

ਬਚਪਨ ਦੀ ਇਕ ਘਟਨਾ ਅਤੇ ਲੰਬਾ ਵਕਫ਼ਾ

ਇਹ ਬਾਲਕ ਵੱਡਾ ਹੁੰਦਾ ਗਿਆ। ਉਸਦੇ ਮਾਪੇ ਹਰ ਸਾਲ ਪਸਾਹ (Passover) ਦੇ ਤਿਉਹਾਰ (ਹਜ਼ਰਤ ਮੂਸਾ ਦੇ ਇਸਰਾਈਲੀਆਂ ਨੂੰ ਮਿਸਰ ਦੀ ਕੈਦ ਵਿਚੋਂ ਛੁਡਾਉਣ ਦੀ ਯਾਦ ਵਿਚ ਮਨਾਇਆ ਜਾਂਦਾ ਤਿਉਹਾਰ) ਦੇ ਮੌਕੇ ਤੇ ਯੇਰੂਸ਼ਲਮ ਜਾਂਦੇ ਹੁੰਦੇ ਸਨ। ਜਦ ਇਹ ਬਾਲਕ ਬਾਰਾਂ ਸਾਲਾਂ ਦਾ ਹੋਇਆ ਤਾਂ ਯੇਰੂਸ਼ਲਮ ਤੋਂ ਵਾਪਸੀ ਤੇ ਇਹ ਆਪਣੇ ਮਾਪਿਆਂ ਨਾਲੋਂ ਨਿੱਖੜ

ਗਿਆ। ਜਦੋਂ ਭਾਲ ਕੀਤੀ ਤਾਂ ਉਹ ਇਹ ਦੇਖ ਕੇ ਅਸਚਰਜ ਰਹਿ ਗਏ ਕਿ ਯਿਸੂ ਯਹੂਦੀਆਂ ਦੇ ਮੰਦਰ ਵਿਚ ਧਰਮ ਗੁਰੂਆਂ ਦੇ ਵਿਚਕਾਰ ਬੈਠਾ ਉਨ੍ਹਾਂ ਨਾਲ ਸਵਾਲ-ਜਵਾਬ ਕਰ ਰਿਹਾ ਹੈ। ਇਸ ਤੋਂ ਬਾਅਦ ਯਿਸੂ ਦੇ ਤੀਹ ਕੁ ਸਾਲ ਦੀ ਉਮਰ ਤੀਕਰ ਦੇ ਜੀਵਨ ਬਾਰੇ ਇਨ੍ਹਾਂ ਚਾਰ ਇੰਜੀਲਾਂ ਵਿਚ ਕੋਈ ਵਰਣਨ ਨਹੀਂ ਹੈ।

ਬਪਤਿਸਮੇ ਵਾਲਾ ਯੂਹੰਨਾ

ਉਧਰ ਜ਼ਕਰਯਾਹ ਅਤੇ ਇਲੀਸਬਤ ਦੇ ਘਰ ਜੋ ਯਿਸੂ ਤੋਂ ਛੇ ਮਹੀਨੇ ਪਹਿਲਾਂ ਬਾਲਕ ਪੈਦਾ ਹੋਇਆ ਸੀ, ਉਸਦਾ ਨਾਮ ਯੂਹੰਨਾ ਰੱਖਿਆ ਗਿਆ। ਵੱਡਾ ਹੋ ਕੇ ਉਹ ਯਹੂਦੀਆਂ ਦੇ ਉਜਾੜ ਵਿਚ ਰਹਿਣ ਲੱਗ ਗਿਆ। ਉਸਦੇ ਬਸਤਰ ਊਠ ਦੇ ਵਾਲਾਂ ਦੇ ਸਨ ਅਤੇ ਚੰਮ ਦੀ ਪੇਟੀ ਉਸਦੇ ਲੱਕ ਦੁਆਲੇ ਸੀ। ਉਸਦਾ ਭੋਜਨ ਟਿੱਡੀਆਂ ਅਤੇ ਬਣ ਦਾ ਸ਼ਹਿਦ ਸੀ। ਯੇਰੂਸ਼ਲਮ ਅਤੇ ਆਸ-ਪਾਸ ਤੋਂ ਲੋਕ ਆ ਕੇ ਆਪੋ-ਆਪਣੇ ਪਾਪਾਂ ਨੂੰ ਮੰਨ ਕੇ ਯਰਦਨ ਨਦੀ ਵਿਚ ਉਸਦੇ ਹੱਥੋਂ ਬਪਤਿਸਮਾ ਲੈਂਦੇ ਸਨ। ਜਦੋਂ ਯਹੂਦੀਆਂ ਦੇ ਫ਼ਰੀਸੀ ਅਤੇ ਸਦੂਕੀ ਸੰਪ੍ਰਦਾਵਾਂ ਦੇ ਲੋਕ ਬਪਤਿਸਮਾ ਲੈਣ ਆਉਂਦੇ ਤਾਂ ਉਹ ਉਨ੍ਹਾਂ ਨੂੰ ਸੱਪਾਂ ਦੇ ਬੱਚੇ ਕਹਿੰਦਾ ਅਤੇ ਪੁੱਛਦਾ ਕਿ ਆਉਣ ਵਾਲੇ ਕੋਪ ਦਾ ਉਨ੍ਹਾਂ ਨੂੰ ਕਿਵੇਂ ਪਤਾ ਲੱਗ ਗਿਆ ਕਿਉਂ ਜੋ ਉਹ ਕਹਿੰਦਾ, "ਮੈਂ ਤਾਂ ਤੁਹਾਨੂੰ ਤੋਬਾ ਦੇ ਲਈ ਪਾਣੀ ਦੇ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿੱਛੋਂ ਆਉਣ ਵਾਲਾ ਹੈ, ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹਦੀ ਜੁੱਤੀ ਚੁੱਕਣ ਦੇ ਯੋਗ ਨਹੀਂ ਹਾਂ। ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦਿਊ।" (ਮੱਤੀ 3:11) ਇਹ ਯਿਸੂ ਬਾਰੇ ਸੰਕੇਤ ਹਨ।

ਯਿਸੂ ਦਾ ਬਪਤਿਸਮਾ ਅਤੇ ਸ਼ੈਤਾਨ ਦਾ ਛਲਾਵਾ

ਜਦੋਂ ਯਿਸੂ ਤੀਹ ਕੁ ਸਾਲਾਂ ਦਾ ਹੋਇਆ ਤਾਂ ਉਹ ਯੂਹੰਨਾ ਹੱਥੋਂ ਯਰਦਨ ਨਦੀ ਵਿਚ ਬਪਤਿਸਮਾ ਲੈਣ ਲਈ ਨਾਸਰਤ ਨਗਰ ਤੋਂ ਆਇਆ। ਯੂਹੰਨਾ ਨੇ ਉਸਨੂੰ ਇਹ ਕਹਿ ਕੇ ਰੋਕਿਆ, ਭਈ ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਅਤੇ ਤੂੰ ਮੇਰੇ ਕੋਲ ਆਇਆ ਹੈਂ? ਪਰ ਯਿਸੂ ਨੇ ਉਸਨੂੰ ਉੱਤਰ ਦਿੱਤਾ, ਹੁਣ ਹੋਣ ਦਿਹ ਕਿਉਂਕਿ ਸਾਨੂੰ ਜੋਗ ਹੈ ਜੋ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ। ਜਦੋਂ ਉਹ ਪਾਣੀ ਵਿਚੋਂ ਨਿਕਲਿਆ ਤਾਂ ਉਸਨੇ ਪਵਿੱਤਰ ਆਤਮਾ ਨੂੰ ਕਬੂਤਰ ਵਾਂਗ ਆਪਣੇ ਉੱਤੇ ਉਤਰਦਿਆਂ ਡਿੱਠਾ ਅਤੇ ਇਕ ਸੁਰਗੀ ਬਾਣੀ ਆਈ ਕਿ ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੈਥੋਂ ਮੈਂ ਪ੍ਰਸੰਨ ਹਾਂ। ਇਸ ਤੋਂ ਬਾਅਦ ਯਿਸੂ ਚਾਲੀ ਦਿਨਾਂ ਤੀਕਰ ਉਜਾੜ ਵਿਚ ਭੁੱਖਣ ਭਾਣਾ ਫਿਰਦਾ ਰਿਹਾ ਅਤੇ ਸ਼ੈਤਾਨ ਉਸਨੂੰ ਪਰਤਾਉਂਦਾ ਰਿਹਾ। ਜਦ ਚਾਲੀ ਦਿਨ ਪੂਰੇ ਹੋਏ ਤਾਂ ਸ਼ੈਤਾਨ ਨੇ ਕਿਹਾ ਕਿ ਜੇਕਰ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਇਸ ਪੱਥਰ ਨੂੰ ਆਖ ਰੋਟੀ ਬਣ ਜਾਏ। ਯਿਸੂ ਨੇ ਉੱਤਰ ਦਿੱਤਾ ਕਿ ਲਿਖਿਆ ਹੋਇਆ ਹੈ ਕਿ ਭਈ ਇਨਸਾਨ ਨਿਰੀ ਰੋਟੀ ਨਾਲ ਜਿਉਂਦਾ ਨਹੀਂ ਰਹੇਗਾ, ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁੱਖੋਂ ਨਿਕਲਦਾ ਹੈ। ਫਿਰ ਸ਼ੈਤਾਨ ਨੇ ਇਕ ਉੱਚੀ ਜਗ੍ਹਾ 'ਤੇ ਲਿਜਾ ਕੇ ਦੁਨੀਆਂ ਦੀਆਂ ਸਾਰੀਆਂ ਪਾਤਸ਼ਾਹੀਆਂ ਇਕ ਪਲ ਵਿਚ ਵਿਖਾਈਆਂ ਅਤੇ ਯਿਸੂ ਨੂੰ ਕਿਹਾ ਕਿ ਜੇ ਤੂੰ ਮੈਨੂੰ ਮੱਥਾ ਟੇਕ ਦਏਂ ਤਾਂ ਸਭ ਕੁੱਝ ਤੇਰਾ ਹੋ ਜਾਵੇਗਾ। ਯਿਸੂ ਨੇ ਉੱਤਰ ਦਿੱਤਾ ਕਿ ਲਿਖਿਆ ਹੈ ਕਿ ਭਈ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕ ਅਤੇ ਉਸੇ ਇਕੱਲੇ ਦੀ ਉਪਾਸਨਾ ਕਰ। ਫਿਰ ਸ਼ੈਤਾਨ ਨੇ ਯੇਰੂਸ਼ਲਮ ਲਿਜਾ ਕੇ ਯਿਸੂ ਨੂੰ

ਸਇਨਾਗੋਗ (ਯਹੂਦੀ ਮੰਦਰ) ਦੇ ਕਿੰਗਰੇ ਉੱਤੇ ਖੜ੍ਹਾ ਕਰਕੇ ਕਿਹਾ ਕਿ ਜੇ ਤੂੰ ਪਰਮਾਤਮਾ ਦਾ ਪੁੱਤਰ ਹੈਂ ਤਾਂ ਆਪਣੇ ਆਪ ਨੂੰ ਹੇਠਾਂ ਡੇਗ, ਕਿਉਂਕਿ ਉਹ (ਪਰਮਾਤਮਾ) ਤੇਰੀ ਰੱਖਿਆ ਕਰੇਗਾ। ਇਸ 'ਤੇ ਯਿਸੂ ਨੇ ਉੱਤਰ ਦਿੱਤਾ ਕਿ ਇਹ ਵੀ ਲਿਖਿਆ ਹੈ ਕਿ ਤੂੰ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ।

ਧਰਮ ਪ੍ਰਚਾਰ ਅਤੇ ਮੁੱਢਲੇ ਚੇਲੇ

ਯੂਹੰਨਾ ਦੇ ਦੋ ਚੇਲੇ ਸ਼ਮਊਨ (ਪਤਰਸ) ਅਤੇ ਉਸਦਾ ਭਰਾ ਅੰਦ੍ਰਿਯਾਸ, ਜੋ ਕਿ ਮਾਛੀ ਸਨ, ਯਿਸੂ ਦੇ ਪਹਿਲੇ ਚੇਲੇ ਬਣੇ। ਅੰਦ੍ਰਿਯਾਸ ਨੇ ਕਿਹਾ ਕਿ ਅਸਾਂ ਮਸੀਹ ਨੂੰ ਅਰਥਾਤ ਖ੍ਰਿਸਟੁਸ (Christ) ਨੂੰ ਲੱਭ ਲਿਆ ਹੈ। 'Christ' ਸ਼ਬਦ ਹਿਬਰੂ ਸ਼ਬਦ Messiah ਦਾ ਯੂਨਾਨੀ (Greek) ਰੂਪ ਹੈ ਅਤੇ ਇਸਦਾ ਅਰਥ ਹੈ 'Anointed One' ਯਾਨਿ ਕਿ ਜਿਸਨੂੰ ਤੇਲ ਮਲ ਕੇ ਬਪਤਿਸਮਾ ਦਿੱਤਾ ਗਿਆ ਹੋਵੇ ਜਾਂ ਜੋ ਰੱਬੀ ਸੇਵਾ ਲਈ ਅਰਪਿਤ ਹੈ। ਇਸ ਤੋਂ ਬਾਅਦ ਉਸਦੇ ਹੋਰ ਚੇਲੇ ਬਣਦੇ ਗਏ ਜਿਨ੍ਹਾਂ ਦੇ ਨਾਂ ਸਨ - ਜ਼ਬਦੀ ਦਾ ਪੁੱਤਰ ਯਾਕੂਬ ਅਤੇ ਉਸਦਾ ਭਰਾ ਯੂਹੰਨਾ, ਫਿਲਿੱਪਸ ਅਤੇ ਬਰਥੁਲਮਈ, ਥੋਮਾ, ਮੱਤੀ ਮਸੂਲੀਆ (Tax Collector), ਹਲਫਈ ਦਾ ਪੁੱਤਰ ਯਾਕੂਬ (James), ਥੱਦਈ (Thaddaeus), ਸ਼ਮਊਨ ਕਨਾਨੀ ਅਤੇ ਯਹੂਦਾ ਇਸਕਰਿਯੋਤੀ। ਇਨ੍ਹਾਂ ਨੂੰ ਬਾਰਾਂ ਰਸੂਲ ਕਿਹਾ ਗਿਆ। ਇਹ ਯਹੂਦੀਆਂ ਦੇ ਬਾਰਾਂ ਕਬੀਲਿਆਂ ਦੀ ਤਰਜ਼ ਤੇ ਹੀ ਸਨ। ਫਿਰ ਯਿਸੂ ਨੇ ਧਰਮ ਪ੍ਰਚਾਰ ਸ਼ੁਰੂ ਕੀਤਾ। ਗਲੀਲ ਰਾਜ ਦੇ ਕਾਨਾ ਨਗਰ ਵਿਚ ਇਕ ਵਿਆਹ ਵਿਚ ਯਿਸੂ, ਉਸਦੀ ਮਾਤਾ ਅਤੇ ਚੇਲੇ ਬੁਲਾਏ ਗਏ। ਇੱਥੇ ਸ਼ਰਾਬ (Wine) ਮੁੱਕ ਗਈ ਤਾਂ ਯਿਸੂ ਨੇ ਪੱਥਰ ਦੇ ਛੇ ਮੱਟਾਂ ਵਿਚ ਪਏ ਪਾਣੀ ਨੂੰ ਸ਼ਰਾਬ ਬਣਾ ਦਿੱਤਾ। ਇਹ ਉਸਦੀ ਪਹਿਲੀ ਕਰਾਮਾਤ ਸੀ। ਪਸਾਹ ਦੇ ਤਿਉਹਾਰ ਨੇੜੇ ਉਹ ਯੇਰੂਸ਼ਲਮ ਚਲਾ ਗਿਆ ਅਤੇ ਪ੍ਰਭੂ ਦੇ ਮੰਦਰ ਵਿਚੋਂ ਦੁਕਾਨਦਾਰਾਂ ਨੂੰ ਕੱਢ ਕੇ ਸਫ਼ਾਈ ਕੀਤੀ। ਨਿਕੁਦੇਮੁਸ ਨਾਂ ਦਾ ਫ਼ਰੀਸੀ ਸਰਦਾਰ ਜਦੋਂ ਯਿਸੂ ਕੋਲ ਆਇਆ ਤਾਂ ਉਸਦਾ ਸ਼ੰਕਾ ਨਿਵਾਰਣ ਕਰਦੇ ਹੋਏ ਯਿਸੂ ਨੇ ਕਿਹਾ ਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਕਿ ਉਸਨੂੰ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜਿਉਣ ਪਾਵੇ। ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਕਿ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਸਦੇ ਰਾਹੀਂ ਬਚਾਇਆ ਜਾਵੇ। ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ, ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰ ਚੁੱਕਿਆ ਕਿਉਂਕਿ ਉਸਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ.... ਹਰੇਕ ਜੋ ਮੰਦੇ ਕੰਮ ਕਰਦਾ ਹੈ, ਜੋ ਚਾਨਣ ਨਾਲ ਵੈਰ ਰੱਖਦਾ ਹੈ ਅਤੇ ਚਾਨਣ ਕੋਲ ਨਹੀਂ ਆਉਂਦਾ ਕਿਤੇ ਇਉਂ ਨਾ ਹੋਵੇ ਜੋ ਉਸਦੇ ਮੰਦੇ ਕੰਮ ਜ਼ਾਹਰ ਹੋ ਜਾਣ।

ਗੈਰ-ਯਹੂਦੀ ਚੇਲੇ

ਯਿਸੂ ਨੇ ਬਪਤਿਸਮਾ ਦੇ ਕੇ ਹੋਰ ਬਹੁਤ ਸਾਰੇ ਚੇਲੇ ਬਣਾਏ। ਫਿਰ ਉਹ ਯਹੂਦੀਯਾ ਰਾਜ ਤੋਂ ਗਲੀਲ ਰਾਜ ਨੂੰ ਜਾਂਦੇ ਸਮੇਂ ਸਾਮਾਰਿਆ ਰਾਜ ਵਿਚੋਂ ਲੰਘਿਆ। ਯਹੂਦੀ ਸਾਮਰੀ ਲੋਕਾਂ ਨਾਲ ਨਹੀਂ ਸਨ ਵਰਤਦੇ ਪਰ ਯਿਸੂ ਨੇ ਖੂਹ ਤੋਂ ਪਾਣੀ ਭਰਦੀ ਇਕ ਸਾਮਰੀ ਔਰਤ ਤੋਂ ਪਾਣੀ

ਮੰਗਿਆ ਅਤੇ ਉਸ ਦੇ ਜੀਵਨ ਬਾਰੇ ਕਈ ਸੱਚੀਆਂ ਗੱਲਾਂ ਦੱਸੀਆਂ। ਉਹ ਤੀਵੀਂ ਜਿਸੂ ਦੀ ਚੇਲੀ ਬਣ ਗਈ ਅਤੇ ਫਿਰ ਉਸ ਔਰਤ ਦੀ ਸਾਖੀ 'ਤੇ ਹੋਰ ਬਹੁਤ ਸਾਰੇ ਸਾਮਰੀ ਲੋਕ ਜਿਸੂ ਦੇ ਚੇਲੇ ਬਣ ਗਏ। ਫਿਰ ਉਹ ਗਲੀਲ ਨੂੰ ਚਲਾ ਗਿਆ। ਗਲੀਲੀਆਂ ਨੇ ਉਸਨੂੰ ਕਬੂਲ ਕੀਤਾ। ਇੱਥੇ ਇਕ ਅਮੀਰ ਬੰਦੇ ਦੇ ਮਰਨਾਊ ਪੁੱਤ ਨੂੰ ਠੀਕ ਕੀਤਾ। ਜਿਸੂ ਨਾਸਰਤ ਨਗਰ ਵਿਚ ਗਿਆ, ਪਰ ਉੱਥੋਂ ਦੇ ਲੋਕ ਉਸ ਦੀਆਂ ਗੱਲਾਂ ਸੁਣ ਕੇ ਉਸਦੇ ਖ਼ਿਲਾਫ਼ ਹੋ ਗਏ ਅਤੇ ਉਸਨੂੰ ਸ਼ਹਿਰੋਂ ਬਾਹਰ ਕੱਢ ਕੇ ਪਹਾੜੀ ਤੋਂ ਡੇਗ ਕੇ ਮਾਰਨ ਲੱਗੇ, ਪਰ ਉਹ ਉਨ੍ਹਾਂ ਦੇ ਵਿਚੋਂ ਲੰਘ ਕੇ ਚਲਿਆ ਗਿਆ। ਉਸਨੇ ਗਲੀਲ ਰਾਜ ਦੇ ਕਈ ਨਗਰਾਂ ਵਿਚ ਘੁੰਮ-ਘੁੰਮ ਕੇ ਪ੍ਰਚਾਰ ਕੀਤਾ, ਬਹੁਤ ਸਾਰੇ ਲਾ-ਇਲਾਜ ਰੋਗੀ ਠੀਕ ਕੀਤੇ, ਕਈਆਂ ਵਿਚੋਂ ਪ੍ਰੇਤ ਕੱਢੇ।

ਪਹਾੜੀ ਉਪਦੇਸ਼

ਜਿਸੂ ਦੇ ਉਪਦੇਸ਼ਾਂ ਵਿਚ ਮੱਤੀ ਦੀ ਇੰਜੀਲ ਵਿਚ ਦਿੱਤਾ ''ਪਹਾੜੀ ਉਪਦੇਸ਼'' ਬਹੁਤ ਅਹਿਮ ਹੈ। ਲੂਕਾ ਦੀ ਇੰਜੀਲ ਵਿਚ ਵੀ ਇਸ ਨਾਲ ਮਿਲਦਾ-ਜੁਲਦਾ ਉਪਦੇਸ਼ ਹੈ, ਜਿਸਨੂੰ ਮੈਦਾਨੀ ਉਪਦੇਸ਼ ਕਿਹਾ ਜਾਂਦਾ ਹੈ। ਪਹਾੜੀ ਉਪਦੇਸ਼ ਜਿਸੂ ਨੇ ਪਹਾੜ ਉਪਰ ਚੜ੍ਹ ਕੇ ਦਿੱਤਾ। ਪਰ ਇਸ ਉਪਦੇਸ਼ ਵਿਚ ਆਤਮਿਕ ਵਿਕਾਸ ਦੇ ਅੱਠ ਚਰਣ ਦੱਸੇ ਗਏ ਹਨ। ਇਸ ਲਈ ਪਹਾੜ ਆਤਮਿਕ ਵਿਕਾਸ ਦਾ ਪ੍ਰਤੀਕ ਹੈ। ਪਹਿਲਾ ਚਰਣ ਹੈ ਨਿਮਰਤਾ (ਧੰਨ ਉਹ ਜਿਹੜੇ ਦਿਲ ਦੇ ਗ਼ਰੀਬ ਹਨ, ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ)। ਦੂਸਰਾ ਚਰਣ ਹੈ ਪ੍ਰਾਸਚਿਤ (ਧੰਨ ਉਹ ਜਿਹੜੇ ਸੋਗ ਕਰਦੇ ਹਨ ਕਿਉਂ ਜੋ ਉਹ ਸ਼ਾਂਤ ਕੀਤੇ ਜਾਣਗੇ)। ਤੀਸਰਾ ਹੈ ਹਲੀਮੀ (ਧੰਨ ਉਹ ਜਿਹੜੇ ਹਲੀਮ ਹਨ, ਕਿਉਂ ਜੋ ਉਹ ਧਰਤੀ ਦੇ ਵਾਰਸ ਹੋਣਗੇ)। ਚੌਥਾ ਹੈ ਆਤਮਿਕ ਭੁੱਖ (ਧੰਨ ਉਹ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂ ਜੋ ਉਹ ਰਜਾਏ ਜਾਣਗੇ)। ਪੰਜਵਾਂ ਹੈ ਦਯਾ (ਧੰਨ ਉਹ ਜਿਹੜੇ ਦਯਾਵਾਨ ਹਨ, ਕਿਉਂ ਜੋ ਉਨ੍ਹਾਂ ਉੱਤੇ ਦਯਾ ਕੀਤੀ ਜਾਵੇਗੀ)। ਛੇਵਾਂ ਚਰਣ ਹੈ ਅੰਦਰੂਨੀ ਸ਼ੁੱਧਤਾ (ਧੰਨ ਉਹ ਜਿਹੜੇ ਸ਼ੁੱਧ ਮਨ ਹਨ ਕਿਉਂ ਜੋ ਉਹ ਪਰਮੇਸ਼ੁਰ ਨੂੰ ਵੇਖਣਗੇ)। ਸੱਤਵਾਂ ਹੈ ਮੇਲ ਮਿਲਾਪ ਕਰਾਉਣਾ (ਧੰਨ ਉਹ ਜਿਹੜੇ ਮੇਲ ਕਰਾਉਣ ਵਾਲੇ ਹਨ, ਕਿਉਂ ਜੋ ਉਹ ਪਰਮੇਸ਼ੁਰ ਦੇ ਪੁੱਤਰ ਕਹਾਉਣਗੇ)। ਆਖ਼ਰੀ ਪੜਾਉ ਹੈ ਕੁਰਬਾਨੀ ਦੇ ਮਾਦੇ ਨਾਲ ਜ਼ੁਲਮ ਸਹਿਣਾ (ਧੰਨ ਉਹ ਜਿਹੜੇ ਧਰਮ ਦੇ ਕਾਰਨ ਸਤਾਏ ਗਏ ਹਨ, ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ)।

ਇਸ ਤੋਂ ਬਾਅਦ ਉਸਨੇ ਪਰਮੇਸ਼ੁਰ ਦੇ ਰਾਜ ਦੀਆਂ ਮੂਲ ਸੱਚਾਈਆਂ ਦੱਸੀਆਂ। ਮਨੁੱਖ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ ਤਾਂਕਿ ਹੋਰ ਲੋਕ ਉਨ੍ਹਾਂ ਦੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ, ਵਡਿਆਈ ਕਰਨ। ਤੌਰੇਤ ਦਾ ਕਾਨੂੰਨ ਮੁੱਢ-ਕਦੀਮੀ ਅਤੇ ਅਟੱਲ ਹੈ। ਹਰ ਮਨੁੱਖ ਆਪਣੇ ਉਪਰ ਕਾਬੂ ਰੱਖੇ, ਕਿਸੇ ਉਪਰ ਕ੍ਰੋਧ ਨਾ ਕਰੇ, ਨਾ ਹੀ ਕਿਸੇ ਨੂੰ ਗਾਲ੍ਹ ਦੇਵੇ। ਸਭ ਨਾਲ ਸੁਲਾਹ-ਸਫ਼ਾਈ ਰੱਖਣ ਲਈ ਜੋ ਜਿਸਦਾ ਹੱਕ ਹੈ ਉਸਨੂੰ ਦੇ ਦੇਣਾ ਚਾਹੀਦਾ ਹੈ। ਅੰਦਰੂਨੀ ਸੁੱਚਮਤਾ ਰੱਖਣੀ ਚਾਹੀਦੀ ਹੈ ਕਿਉਂਕਿ ਜੇ ਕੋਈ ਕਿਸੇ ਤੀਵੀਂ ਨੂੰ ਬੁਰੀ ਨਜ਼ਰ ਨਾਲ ਵੇਖਦਾ ਹੈ ਤਾਂ ਉਹ ਵੀ ਜ਼ਨਾਹ ਦਾ ਦੋਸ਼ੀ ਹੈ। ਵਿਆਹ ਦੀ ਪਵਿੱਤਰਤਾ ਬਰਕਰਾਰ ਰੱਖਣੀ ਚਾਹੀਦੀ ਹੈ। ਝੂਠ ਬੋਲਣਾ ਅਤੇ ਝੂਠੀ ਸੌਂਹ ਖਾਣਾ ਬਦੀ ਹੈ। ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ ਵਾਲੇ ਨੇਮ ਨਾਲ ਦੁਸ਼ਟ ਦਾ ਸਾਹਮਣਾ ਨਹੀਂ ਕਰਨਾ ਸਗੋਂ ਜੇ ਕੋਈ

ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤਾਂ ਦੂਜੀ ਗੱਲ੍ਹ ਵੀ ਉਹਦੇ ਅੱਗੇ ਕਰ ਦਿਉ। ਸੇਵਾ ਅੰਤਹੀਨ ਹੈ ਅਤੇ ਨਾ ਹੀ ਪਰ-ਉਪਕਾਰ ਦੀ ਕੋਈ ਹੱਦ ਹੈ। ਵੈਰੀ ਨਾਲ ਵੀ ਪ੍ਰੇਮ ਕਰੋ ਅਤੇ ਜੋ ਤੁਹਾਨੂੰ ਸਤਾਵੇ ਉਸ ਲਈ ਵੀ ਪ੍ਰਾਰਥਨਾ ਕਰੋ। ਜਿਵੇਂ ਪ੍ਰਭੂ ਸਭ ਨਾਲ ਪ੍ਰੇਮ ਕਰਕੇ ਸੰਪੂਰਨ ਹੈ, ਮਨੁੱਖ ਨੂੰ ਵੀ ਸੰਪੂਰਨ ਹੋਣਾ ਚਾਹੀਦਾ ਹੈ। ਦਿਖਾਵਾ ਨਹੀਂ ਕਰਨਾ ਚਾਹੀਦਾ ਅਤੇ ਦਾਨ ਕਰਦੇ ਵਕਤ ਜੋ ਸੱਜਾ ਹੱਥ (ਦਾਨ) ਕਰਦਾ ਹੈ, ਉਹ ਖੱਬਾ ਹੱਥ ਨਾ ਜਾਣੇ। ਪ੍ਰਾਰਥਨਾ ਸੰਖੇਪ ਵਿਚ ਕਰੋ ਕਿਉਂਕਿ ਪ੍ਰਭੂ ਨੂੰ ਸਾਡੀਆਂ ਲੋੜਾਂ ਦਾ ਪਹਿਲਾਂ ਹੀ ਪਤਾ ਹੈ। ਮਨੁੱਖਾਂ ਦੇ ਅਪਰਾਧ ਮੁਆਫ਼ ਕਰ ਦੇਣੇ ਚਾਹੀਦੇ ਹਨ ਤਾਂ ਕਿ ਅਸੀਂ ਵੀ ਪ੍ਰਭੂ ਦੀ ਮਾਫ਼ੀ ਦੇ ਹੱਕਦਾਰ ਹੋਈਏ। ਜੇਕਰ ਵਰਤ ਰੱਖੋ ਤਾਂ ਖਿੜੇ ਮੱਥੇ ਅਤੇ ਚੜ੍ਹਦੀ ਕਲਾ ਵਿਚ ਰਹਿ ਕੇ। ਧਰਤੀ ਉਪਰ ਧਨ ਜੋੜਨ ਦੀ ਬਜਾਇ ਸੁਰਗ ਵਿਚ ਧਨ ਜੋੜੋ। ਆਪਣੀ ਨਜ਼ਰ ਨਿਰਮਲ ਰੱਖੋ ਤਾਂ ਕਿ ਸਾਰਾ ਸਰੀਰ ਚਾਨਣਾ ਹੋਵੇ। ਪਰਮੇਸ਼ੁਰ ਅਤੇ ਮਾਇਆ ਦੋਹਾਂ ਦੀ ਸੇਵਾ (ਇਕੋ ਸਮੇਂ) ਨਹੀਂ ਹੋ ਸਕਦੀ। ਪ੍ਰਭੂ 'ਤੇ ਭਰੋਸਾ ਰੱਖੋ ਕਿਉਂਕਿ ਉਹ ਸਭ ਦਾ ਪਾਲਣਹਾਰ ਹੈ। ਪਹਿਲਾਂ ਪਰਮਾਤਮਾ ਦੇ ਰਾਜ ਅਤੇ ਧਰਮ ਦੀ ਭਾਲ ਕਰਨੀ ਚਾਹੀਦੀ ਹੈ, ਬਾਕੀ ਲੋੜਾਂ ਆਪੇ ਪੂਰੀਆਂ ਹੋ ਜਾਣਗੀਆਂ। ਕੱਲ੍ਹ ਦੀ ਚਿੰਤਾ ਨਾ ਕਰੋ, ਅੱਜ ਦੇ ਲਈ ਅੱਜ ਦਾ ਦੁੱਖ ਹੀ ਬਥੇਰਾ ਹੈ। ਹੋਰਨਾਂ ਦੇ ਦੋਸ਼ ਲੱਭਣ ਤੋਂ ਪਹਿਲਾਂ ਆਪਣਾ-ਆਪ ਪੜਚੋਲਣਾ ਚਾਹੀਦਾ ਹੈ। ਪਰਮਾਤਮਾ ਦੀ ਕ੍ਰਿਪਾ ਅਪਰੰਮਪਾਰ ਹੈ, ਜੋ ਮੰਗੋਗੇ, ਉਹ ਮਿਲੇਗਾ। ਜੋ ਕੁੱਝ ਦੂਸਰਿਆਂ ਤੋਂ ਉਮੀਦ ਹੋਵੇ, ਉਹੋ ਜਿਹਾ ਵਿਹਾਰ ਉਨ੍ਹਾਂ ਨਾਲ ਕਰਨਾ ਚਾਹੀਦਾ ਹੈ। ਪਰਮਾਤਮਾ ਦਾ ਰਾਹ ਭੀੜਾ ਹੈ, ਇਸ ਲਈ ਵਿਰਲੇ ਹੀ ਉਸਨੂੰ ਲੱਭ ਪਾਉਂਦੇ ਹਨ। ਪਾਖੰਡੀ ਨਬੀਆਂ ਤੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ। ਪ੍ਰਭੂ ਦੀ ਮਰਜ਼ੀ ਵਿਚ ਚੱਲਣਾ ਅਤੇ ਯਿਸੂ ਵਿਚ ਵਿਸ਼ਵਾਸ ਹੀ ਮਨੁੱਖ ਨੂੰ ਬਚਾ ਸਕਦੇ ਹਨ।

ਸਾਦ ਮੁਰਾਦੇ ਉਪਦੇਸ਼ ਅਤੇ ਕਰਿਸ਼ਮੇ

ਯਿਸੂ ਦੇ ਚੇਲੇ ਸਿੱਧੇ ਸਾਦੇ, ਗ਼ਰੀਬ ਅਤੇ ਅਨਪੜ੍ਹ ਮਨੁੱਖ ਸਨ, ਇਸ ਲਈ ਉਹ ਆਪਣੇ ਉਪਦੇਸ਼ ਬਹੁਤ ਹੀ ਸਾਦਾ ਅਤੇ ਸਰਲ ਭਾਸ਼ਾ ਵਿਚ ਦਿੰਦਾ ਸੀ। ਉਸਨੇ ਯਹੂਦੀਆਂ ਨੂੰ ਇਕ ਇੱਜੜ ਦੀਆਂ ਭੇਡਾਂ ਕਿਹਾ ਅਤੇ ਖ਼ੁਦ ਨੂੰ ਅਯਾਲੀ ਕਿਹਾ। ਉਸਨੇ ਕਿਹਾ ਕਿ ਅਸਲ ਅਯਾਲੀ ਬਘਿਆੜ ਆਉਣ 'ਤੇ ਭੱਜਦਾ ਨਹੀਂ ਸਗੋਂ ਆਪਣੀ ਜਾਨ ਤੇ ਵੀ ਖੇਡ ਕੇ ਉਨ੍ਹਾਂ ਦੀ ਰੱਖਿਆ ਕਰਦਾ ਹੈ। ਉਹ ਅਕਸਰ ਨੀਤੀ ਕਥਾਵਾਂ ਅਤੇ ਦ੍ਰਿਸ਼ਟਾਂਤਾਂ ਰਾਹੀਂ ਆਪਣੀ ਗੱਲ ਸਮਝਾਉਂਦਾ ਸੀ। ਨਵੇਂ ਅਹਿਦਨਾਮੇ ਵਿਚ ਅਜਿਹੀਆਂ 18 ਨੀਤੀ ਕਥਾਵਾਂ ਦਾ ਜ਼ਿਕਰ ਹੈ। ਕੁੱਝ ਵਿਦਵਾਨ ਇਨ੍ਹਾਂ ਦੀ ਗਿਣਤੀ 30 ਵੀ ਕਰ ਦਿੰਦੇ ਹਨ। ਯਿਸੂ ਨੇ ਬਹੁਤ ਸਾਰੇ ਕ੍ਰਿਸ਼ਮੇ ਵੀ ਕੀਤੇ। ਬਾਈਬਲ ਵਿਚ ਉਸਦੇ 33 ਕ੍ਰਿਸ਼ਮਿਆਂ ਦਾ ਜਿਕਰ ਹੈ। ਇਨ੍ਹਾਂ ਵਿਚ ਉਪਰ ਦਿੱਤੇ ਕ੍ਰਿਸ਼ਮਿਆਂ ਤੋਂ ਇਲਾਵਾ ਮੁਰਦਿਆਂ ਨੂੰ ਜਿੰਦਾ ਕਰਨਾ, ਸਮੁੰਦਰ ਦੇ ਤੂਫ਼ਾਨ ਨੂੰ ਸ਼ਾਂਤ ਕਰਨਾ, ਪਾਣੀ ਉਪਰ ਤੁਰਨਾ ਅਤੇ ਥੋੜ੍ਹੇ ਜਿਹੇ ਖਾਣੇ ਨਾਲ ਹਜ਼ਾਰਾਂ ਮਨੁੱਖਾਂ ਨੂੰ ਰਜਾਉਣਾ ਆਦਿ ਪ੍ਰਮੁਖ ਹਨ। ਦਰਅਸਲ ਯਹੂਦੀ-ਈਸਾਈ ਧਰਮ ਪਰੰਪਰਾ ਵਿਚ ਕ੍ਰਿਸ਼ਮਿਆਂ ਦੀ ਭੂਮਿਕਾ ਇੰਨੀ ਜ਼ਿਆਦਾ ਹੈ ਕਿ ਬਿਨ੍ਹਾਂ ਇਨ੍ਹਾਂ ਨੂੰ ਮੰਨੇ ਕੋਈ ਮਨੁੱਖ ਇਸ ਪਰੰਪਰਾ ਦਾ ਵਿਸ਼ਵਾਸਕ ਬਣ ਹੀ ਨਹੀਂ ਸਕਦਾ। ਜਿਵੇਂ ਕਿ ਪੌਲੁਸ ਨੇ ਬੜੇ ਸਾਫ਼ ਸ਼ਬਦਾਂ ਵਿਚ ਕਿਹਾ ਕਿ ਯਿਸੂ ਦੀ ਮੌਤ ਤੋਂ ਬਾਅਦ ਪੁਨਰ ਜੀਵਨ ਦੀ ਕਰਾਮਾਤ ਵਿਚ ਵਿਸ਼ਵਾਸ ਕੀਤੇ ਬਿਨ੍ਹਾਂ (ਧਰਮ ਵਿਚ) ਵਿਸ਼ਵਾਸ

ਸੰਭਵ ਹੀ ਨਹੀਂ। (ਰੋਮੀਆਂ ਨੂੰ 10:9; ਕੁਰਿੰਥੀਆਂ ਨੂੰ 15:17)

ਵਿਰੋਧੀ ਧੜਾ

ਯਿਸੂ ਦੇ ਸਿੱਧੇ-ਸਾਦੇ ਉਪਦੇਸ਼ ਆਮ ਲੋਕਾਂ ਨੂੰ ਤਾਂ ਚੰਗੇ ਲੱਗਦੇ ਪਰ ਯਹੂਦੀਆਂ ਦੇ ਫ਼ਰੀਸੀ ਅਤੇ ਸਾਦੂਕੀ ਸੰਪਰਦਾਵਾਂ ਦੇ ਲੋਕ ਉਸ ਨਾਲ ਖ਼ਫ਼ਾ ਹੋ ਗਏ, ਕਿਉਂਕਿ ਉਹ ਉਨ੍ਹਾਂ ਦੇ ਪਾਖੰਡਾਂ ਅਤੇ ਧਾਰਮਿਕ ਮਾਨਤਾਵਾਂ ਦੇ ਖੋਖਲੇਪਨ ਨੂੰ ਜੱਗ ਜ਼ਾਹਿਰ ਕਰ ਰਿਹਾ ਸੀ। ਉਸਦਾ ਸਮਾਜ ਦੇ ਨੀਂਵੇਂ ਦਰਜੇ ਦੇ ਲੋਕਾਂ ਨਾਲ ਮੇਲ ਵੀ ਉਨ੍ਹਾਂ ਨੂੰ ਅਖਰਦਾ ਸੀ। ਇਕ ਦਿਨ ਜਦੋਂ ਇਕ ਅਧਰੰਗੀ ਮਨੁੱਖ ਨੂੰ ਠੀਕ ਕਰਦੇ ਸਮੇਂ ਯਿਸੂ ਨੇ ਕਿਹਾ ਕਿ ਜਾਹ ਤੇਰੇ ਪਾਪ ਤੈਨੂੰ ਮਾਫ਼ ਹੋਏ ਤਾਂ ਨੇੜੇ ਬੈਠੇ ਫ਼ਰੀਸੀਆਂ ਅਤੇ ਤੋਰੇਤ ਪੜ੍ਹਾਉਣ ਵਾਲਿਆਂ (ਗ੍ਰੰਥੀਆਂ) ਨੇ ਇਸਨੂੰ ਕੁਫ਼ਰ ਕਿਹਾ ਕਿਉਂਕਿ ਪਰਮੇਸ਼ੁਰ ਤੋਂ ਬਿਨ੍ਹਾਂ ਹੋਰ ਕੌਣ ਪਾਪ ਮਾਫ਼ ਕਰ ਸਕਦਾ ਸੀ? ਉਸਨੇ ਗੂੰਗੇ ਬੋਲਣ ਲੱਗਾ ਦਿੱਤੇ, ਅੰਨ੍ਹੇ ਸੁਜਾਖੇ ਕਰ ਦਿੱਤੇ। ਅਜਿਹੇ ਕੰਮ ਉਹ ਸਬਤ ਵਾਲੇ ਦਿਨ ਵੀ ਕਰ ਦਿੰਦਾ ਸੀ। ਯਹੂਦੀ ਇਸ ਦਿਨ ਕੋਈ ਕੰਮ ਨਹੀਂ ਸਨ ਕਰਦੇ ਕਿਉਂਕਿ ਦੁਨੀਆਂ ਰਚਣ ਤੋਂ ਬਾਅਦ ਸੱਤਵੇਂ ਦਿਨ ਤਾਂ ਪਰਮਾਤਮਾ ਨੇ ਵੀ ਆਰਾਮ ਕੀਤਾ ਸੀ। ਇਸ ਲਈ ਯਿਸੂ ਨੂੰ ਇਹ ਨੇਮ ਤੋੜਨ ਕਰਕੇ ਵੀ ਕਾਫ਼ਰ ਗਰਦਾਨਿਆ ਗਿਆ। ਪੁੱਠੇ-ਸਿੱਧੇ ਸਵਾਲ ਪੁੱਛ ਕੇ ਉਸਨੂੰ ਰੋਮਨ ਸਾਮਰਾਜ ਦੇ ਖ਼ਿਲਾਫ਼ ਖੜ੍ਹਾ ਸਿੱਧ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਯਿਸੂ ਬਾਰੇ ਇਹ ਦਾਅਵਾ ਕਿ ਉਹ ਉਹੀ ਮਸੀਹਾ ਸੀ ਜਿਸ ਮਸੀਹੇ ਦੇ ਆਉਣ ਦੀਆਂ ਭਵਿੱਖਬਾਣੀਆਂ ਨਬੀਆਂ ਅਤੇ ਤੋਰੇਤ ਨੇ ਕੀਤੀਆਂ ਸਨ, ਬਹੁਤ ਸਾਰੇ ਯਹੂਦੀਆਂ ਦੇ ਮੰਨਣ ਅੰਦਰ ਨਹੀਂ ਸੀ ਆ ਰਿਹਾ। ਯਿਸੂ ਨੇ ਫ਼ਰੀਸੀਆਂ ਅਤੇ ਗ੍ਰੰਥੀਆਂ ਨੂੰ ਉਨ੍ਹਾਂ ਦੀ ਹਠਧਰਮਿਤਾ ਕਰਕੇ ਕਪਟੀ, ਕੁਧਰਮੀ ਅਤੇ ਨਾਗਾਂ ਦੇ ਬੱਚੇ ਕਿਹਾ।

ਆਖ਼ਰੀ ਹਫ਼ਤਾ

ਪ੍ਰਚਾਰ ਦੇ ਤੀਜੇ ਵਰ੍ਹੇ ਪਸਾਹ ਦੇ ਤਿਉਹਾਰ ਤੋਂ ਇਕ ਹਫ਼ਤਾ ਪਹਿਲਾਂ ਯਿਸੂ ਗਧੇ ਉਪਰ ਸਵਾਰ ਹੋ ਕੇ ਯੇਰੂਸ਼ਲਮ ਵਿਚ ਵੜਿਆ ਕਿਉਂਕਿ ਨਬੀਆਂ ਦਾ ਅਜਿਹਾ ਕਥਨ ਸੀ। ਦਰਅਸਲ ਯਿਸੂ ਇਸ ਗੱਲ ਦਾ ਖੰਡਨ ਕਰਨਾ ਚਾਹੁੰਦਾ ਸੀ ਕਿ ਉਸਦਾ ਨਿਸ਼ਾਨਾ ਦੁਨਿਆਵੀ ਰਾਜ ਸੀ। ਗਧੇ ਉਪਰ ਚੜ੍ਹ ਕੇ ਆਉਣਾ ਅਤਿ ਦੀ ਹਲੀਮੀ ਦੀ ਇਕ ਮਿਸਾਲ ਸੀ। ਇਹ ਐਤਵਾਰ ਦਾ ਦਿਨ ਸੀ। ਲੋਕਾਂ ਨੇ ਖਜੂਰ (Palm) ਦੇ ਪੱਤੇ ਵਿਛਾ ਕੇ ਉਸਦਾ ਸਵਾਗਤ ਕੀਤਾ। ਇਹ ਦਿਹਾੜਾ 'ਪਾਮ-ਸੰਡੇ' ਵਜੋਂ ਮਨਾਇਆ ਜਾਂਦਾ ਹੈ। ਅਗਲੇ ਦਿਨ ਉਸਨੇ ਯਹੂਦੀ ਮੰਦਰ ਦੀ ਸਫ਼ਾਈ ਕੀਤੀ ਅਤੇ ਕਈ ਰੋਗੀ ਠੀਕ ਕੀਤੇ। ਮੰਗਲਵਾਰ ਅਤੇ ਬੁੱਧਵਾਰ ਨੂੰ ਫ਼ਰੀਸੀਆਂ ਅਤੇ ਸਾਦੂਕੀਆਂ ਨੇ ਉਸਨੂੰ ਗੱਲਾਂ-ਬਾਤਾਂ ਰਾਹੀਂ ਉਲਝਾਉਣ ਦੀ ਕੋਸ਼ਿਸ਼ ਕੀਤੀ, ਪਰ ਯਿਸੂ ਨੂੰ ਪਹਿਲਾਂ ਹੀ ਚਾਨਣ ਸੀ ਕਿ ਕੀ ਵਾਪਰਨਾ ਹੈ। ਉਸਨੇ ਜੁੱਗ ਦੇ ਅੰਤ ਅਤੇ ਕਿਆਮਤ ਦੇ ਦਿਨ ਦੇ ਲੱਛਣ ਦੱਸੇ ਅਤੇ ਕਿਹਾ ਕਿ ਜ਼ੁਲਮ ਬਹੁਤ ਵਧਣਗੇ ਪਰ ਜਿਹੜੇ ਅਖ਼ੀਰ ਤੱਕ ਵਿਸ਼ਵਾਸਕ ਬਣੇ ਰਹਿਣਗੇ, ਉਨ੍ਹਾਂ ਦਾ ਹੀ ਪਾਰ ਉਤਾਰਾ ਹੋਵੇਗਾ। ਉਧਰ ਵਿਰੋਧੀ ਧੜੇ ਵਿਚਲੇ ਪੁਜਾਰੀ ਅਤੇ ਬਜ਼ੁਰਗ ਕਿਆਫ਼ਾ (Caiaphas) ਨਾਮੀ ਸਰਦਾਰ ਪੁਜਾਰੀ ਦੇ ਵਿਹੜੇ ਵਿਚ ਇਕੱਠੇ ਹੋਏ ਅਤੇ ਮਤਾ ਪਕਾਇਆ ਗਿਆ ਕਿ ਯਿਸੂ ਨੂੰ ਛਲ ਨਾਲ ਫੜ ਕੇ ਮਾਰ ਦਿੱਤਾ ਜਾਵੇ ਪਰ

ਪਸਾਹ ਦੇ ਤਿਉਹਾਰ ਵਾਲੇ ਦਿਨ ਨਹੀਂ ਮਤੇ ਕਿਧਰੇ ਬਲਵਾ ਹੀ ਨਾ ਹੋ ਜਾਵੇ।

ਜਦੋਂ ਯਿਸੂ ਬੈਤਅਨੀਆ ਵਿਚ ਸ਼ਮਊਨ ਕੋੜ੍ਹੀ ਦੇ ਘਰ ਸੀ ਤਾਂ ਇਕ ਤੀਵੀਂ ਬਹੁਤ ਮਹਿੰਗਾ ਅਤਰ ਲੈ ਕੇ ਆਈ ਜੋ ਉਸਨੇ ਰੋਟੀ ਖਾਂਦੇ ਯਿਸੂ ਦੇ ਸਿਰ ਉਪਰ ਡੋਲ੍ਹ ਦਿੱਤਾ। ਹਾਲਾਂਕਿ ਚੇਲਿਆਂ ਨੇ ਇਸ ਫਜ਼ੂਲ ਖ਼ਰਚੀ 'ਤੇ ਇਤਰਾਜ਼ ਕੀਤਾ ਪਰ ਯਿਸੂ ਨੇ ਕਿਹਾ ਕਿ ਇਹ ਅਤਰ ਉਸਦੇ ਕਫ਼ਨਾਉਣ ਦਫ਼ਨਾਉਣ ਲਈ ਉਸਦੀ ਦੇਹੀ ਉਪਰ ਪਾਇਆ ਗਿਆ ਸੀ।

ਪਤੀਰੀ ਰੋਟੀ ਅਤੇ ਚੇਲਿਆਂ ਦੇ ਪੈਰ ਧੋਣਾ

ਵੀਰਵਾਰ ਨੂੰ ਪਤੀਰੀ ਰੋਟੀ (Passover-meal) ਸੀ। ਇਸ ਦੀ ਤਿਆਰੀ ਇਕ ਵਿਅਕਤੀ ਦੇ ਘਰੇ, ਚੁਬਾਰੇ ਵਿਚ ਕੀਤੀ ਗਈ। ਜਦੋਂ ਉਹ ਖਾਣ ਬੈਠੇ ਤਾਂ ਯਿਸੂ ਨੇ ਆਪਣੇ ਬਾਰਾਂ ਚੇਲਿਆਂ ਦੇ ਪੈਰ ਧੋਤੇ ਅਤੇ ਆਪਣੇ ਲੱਕ ਦੁਆਲੇ ਬੱਧੇ ਪਰਨੇ ਨਾਲ ਪੂੰਝੇ। ਉਸਨੇ ਕਿਹਾ ਕਿ ਤੁਸੀਂ ਵੀ ਇਕ-ਦੂਜੇ ਦੇ ਪੈਰ ਧੋਇਓ। ਫਿਰ ਉਸਨੇ ਕਿਹਾ ਕਿ ਉਨ੍ਹਾਂ ਬਾਰਾਂ ਵਿਚੋਂ ਹੀ ਇਕ ਉਸਨੂੰ ਫੜਵਾਏਗਾ। ਫਿਰ ਉਸਨੇ ਹਜ਼ਰਤ ਮੂਸਾ ਦੁਆਰਾ ਮਿਸਰ ਤੋਂ ਆਜ਼ਾਦ ਕਰਵਾਏ ਗਏ ਯਹੂਦੀਆਂ ਨੂੰ ਪਰੋਸੇ ਗਏ ਮਾਨਾ (Mana) ਦੀ ਅਰਦਾਸ ਦੀ ਬਜਾਇ ਰੋਟੀ ਤੋੜ ਕੇ ਕਿਹਾ ਕਿ ਇਹ ਮੇਰਾ ਸਰੀਰ ਹੈ, ਲਓ ਖਾਓ। ਫਿਰ ਸ਼ਰਾਬ (Wine) ਦਾ ਪਿਆਲਾ ਲੈ ਕੇ ਸ਼ੁਕਰ ਕੀਤਾ ਅਤੇ ਉਨ੍ਹਾਂ ਨੂੰ ਦੇ ਕੇ ਆਖਿਆ ਕਿ ਤੁਸੀਂ ਸਾਰੇ ਇਸ ਵਿਚੋਂ ਪੀਓ ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ।

ਗਿਰਫ਼ਤਾਰੀ, ਮੁਕੱਦਮਾ ਅਤੇ ਸਲੀਬੀ ਮੌਤ ਦੀ ਸਜ਼ਾ

ਫਿਰ ਉਹ ਨੇੜੇ ਹੀ ਗਥਸਮਨੀ ਨਾਂ ਦੀ ਜਗ੍ਹਾ 'ਤੇ ਚਲੇ ਗਏ। ਯਿਸੂ ਪ੍ਰਾਰਥਨਾ ਕਰਨ ਲੱਗਾ। ਇੰਨੇ ਚਿਰ ਨੂੰ ਯਹੂਦਾ ਇਸਕਰਿਯੋਤੀ, ਪ੍ਰਧਾਨ ਪੁਜਾਰੀਆਂ, ਬਜ਼ੁਰਗਾਂ ਅਤੇ ਡਾਂਗਾਂ-ਤਲਵਾਰਾਂ ਨਾਲ ਲੈਸ ਭੀੜ ਸਮੇਤ ਆਣ ਪਹੁੰਚਿਆ। ਯਹੂਦਾ ਨੇ ਯਿਸੂ ਨੂੰ ਚੁੰਮ ਕੇ ਉਸਦੀ ਪਹਿਚਾਣ ਕਰਵਾਈ। ਯਿਸੂ ਨੂੰ ਫੜ ਲਿਆ ਗਿਆ। ਯਿਸੂ ਦੇ ਸਾਰੇ ਚੇਲੇ ਭੱਜ ਗਏ। ਇੱਥੋਂ ਤੀਕਰ ਕਿ ਪਤਰਸ ਨੇ ਵੀ ਉਸਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ। ਜਦੋਂ ਯਿਸੂ ਨੂੰ ਕਯਾਫ਼ਾ ਨਾਮੀ ਸਰਦਾਰ ਜਾਜਕ (ਪੁਜਾਰੀ) ਦੇ ਘਰ ਗ੍ਰੰਥੀਆਂ ਅਤੇ ਬਜ਼ੁਰਗਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸਨੂੰ ਇਕਦਮ ਕਾਫ਼ਰ ਗਰਦਾਨ ਦਿੱਤਾ ਗਿਆ। ਸਵੇਰ ਤੀਕਰ ਫ਼ੈਸਲਾ ਕਰ ਦਿੱਤਾ ਗਿਆ ਕਿ ਉਸਦੀ ਸਜ਼ਾ ਸੀ ਮੌਤ। ਅਗਲੇ ਦਿਨ (ਸ਼ੁੱਕਰਵਾਰ ਨੂੰ) ਯਿਸੂ ਨੂੰ ਰੋਮਨ ਗਵਰਨਰ ਪਿਲਾਤੁਸ (Pontius Pilate) ਦੇ ਸਾਹਮਣੇ ਪੇਸ਼ ਕੀਤਾ ਗਿਆ। ਪਿਲਾਤੁਸ ਦੀ ਪਤਨੀ ਨੇ ਯਿਸੂ ਦੇ ਹੱਕ ਵਿਚ ਅਪੀਲ ਕੀਤੀ। ਲੂਕਾ ਦੀ ਇੰਜੀਲ ਵਿਚ ਰਾਜਾ ਹੇਰੋਦੇਸ ਦੇ ਸਾਹਮਣੇ ਵੀ ਯਿਸੂ ਨੂੰ ਪੇਸ਼ ਕੀਤੇ ਜਾਣ ਦਾ ਜ਼ਿਕਰ ਹੈ ਪਰ ਸਜ਼ਾ ਪਿਲਾਤੁਸ ਹੀ ਦਿੰਦਾ ਹੈ। ਪਿਲਾਤੁਸ ਨੇ ਯਹੂਦੀਆਂ ਦੀ ਭੀੜ ਦੇ ਦਬਾਅ ਕਰਕੇ ਯਿਸੂ ਨੂੰ ਸਲੀਬੀ ਮੌਤ ਦੀ ਸਜ਼ਾ ਦਿੱਤੀ। ਗਲਗਥਾ (ਖੋਪਰੀ ਦੀ ਥਾਂ) ਨਾਮੀਂ ਜਗ੍ਹਾ ਉਪਰ ਜਦੋਂ ਯਿਸੂ ਨੂੰ ਸਲੀਬ 'ਤੇ ਲਟਕਾਇਆ ਗਿਆ ਤਾਂ ਉਸ ਦੇ ਦੋਨੀਂ ਪਾਸੀਂ ਦੋ ਚੋਰਾਂ ਨੂੰ ਸਲੀਬ 'ਤੇ ਲਟਕਾਇਆ ਗਿਆ। ਇਸ ਤੋਂ ਪਹਿਲਾਂ ਯਿਸੂ ਨੂੰ ਕੁੱਟ ਕੇ, ਬੇਇੱਜ਼ਤ ਕਰਕੇ ਕੰਡਿਆਂ ਦਾ ਤਾਜ ਪਹਿਨਾਇਆ ਗਿਆ

ਅਤੇ ਮਜ਼ਾਕ ਵਜੋਂ ਉਸਦੀ ਸਲੀਬ ਉਪਰ ਇਕ ਤਖ਼ਤੀ ਲੱਗਾ ਦਿੱਤੀ ਗਈ ਜਿਸ ਉਪਰ ਲਿਖਿਆ ਸੀ ''ਇਹ ਯਹੂਦੀਆਂ ਦਾ ਯਿਸੂ ਨਾਮੀ ਰਾਜਾ ਹੈ।'' ਦੁਪਹਿਰਾਂ ਤੋਂ ਲੈ ਕੇ ਤੀਜੇ ਪਹਿਰ ਤੀਕਰ ਸਾਰੀ ਧਰਤੀ ਉਪਰ ਹਨੇਰਾ ਰਿਹਾ। ਤੀਜੇ ਕੁ ਪਹਿਰ ਯਿਸੂ ਨੇ ਉੱਚੀ ਆਵਾਜ਼ ਵਿਚ ਪੁਕਾਰਿਆ, ''ਏਲੀ ਏਲੀ ਲਮਾ ਸਬਕਤਾਨੀ'' ਜਿਸ ਦਾ ਅਰਥ ਹੈ, ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ? ਫਿਰ ਉਸਨੇ ਸਿਰ ਨਿਵਾ ਕੇ ਪ੍ਰਾਣ ਤਿਆਗ ਦਿੱਤੇ। ਅਗਲੇ ਦਿਨ ਸਬਤ (ਸ਼ਨੀਵਾਰ) ਸੀ। ਸੋ ਯਿਸੂ ਨੂੰ ਮਰਨ ਤੋਂ ਤੁਰੰਤ ਬਾਅਦ ਸਲੀਬ ਉਪਰੋਂ ਉਤਾਰਿਆ ਗਿਆ। ਫਿਰ ਅਰਿਮਥੈਆ ਰਹਿਣ ਵਾਲੇ ਯੂਸੁਫ ਨਾਮੀ ਧਨੀ ਆਦਮੀ ਨੇ ਪਿਲਾਤੁਸ ਦੀ ਇਜਾਜ਼ਤ ਨਾਲ ਲਾਸ਼ ਲੈ ਲਈ। ਗਲੀਲੀ ਤੋਂ ਹੀ ਲਗਾਤਾਰ ਨਾਲ ਰਹਿ ਕੇ ਟਹਿਲ ਸੇਵਾ ਕਰਦੀਆਂ ਆਈਆਂ ਔਰਤਾਂ ਮਰਿਯਮ ਮਗਦਲੀਨੀ ਅਤੇ ਯਾਕੂਬ ਅਰ ਯੋਸੇਸ ਦੀ ਮਾਂ ਮਰਿਯਮ (ਯਿਸੂ ਦੀ ਮਾਤਾ) ਦੀ ਮੱਦਦ ਨਾਲ ਉਸਨੂੰ ਸਾਫ਼ ਕਰਕੇ ਮਹੀਨ ਕੱਪੜੇ ਵਿਚ ਵਲ੍ਹੇਟਿਆ। ਉਸੇ ਦਿਨ ਹੀ ਮ੍ਰਿਤ ਸਰੀਰ ਨੂੰ ਕਬਰ ਵਿਚ ਦਫ਼ਨਾ ਦਿੱਤਾ ਗਿਆ। ਇਸ ਦਿਨ ਨੂੰ 'ਗੁੱਡ ਫ੍ਰਾਈਡੇ' ਕਿਹਾ ਜਾਂਦਾ ਹੈ ਅਤੇ ਅੱਜ ਵੀ ਸਾਰੇ ਈਸਾਈ ਇਸ ਦਿਨ ਮਾਤਮ ਮਨਾਉਂਦੇ ਹਨ।

ਯਿਸੂ ਦਾ ਜੀ ਉੱਠਣਾ

ਤੀਜੇ ਦਿਨ (ਐਤਵਾਰ ਨੂੰ) ਮਰਿਯਮ ਮਗਦਲੀਨੀ ਅਤੇ ਦੂਜੀ ਮਰਿਯਮ ਪਹੁ ਫੁੱਟਣ ਵੇਲੇ ਕਬਰ ਨੂੰ ਆਈਆਂ। ਉਸੇ ਸਮੇਂ ਇਕ ਬਹੁਤ ਵੱਡਾ ਭੂਚਾਲ ਆਇਆ ਅਤੇ ਕਬਰ ਦਾ ਪੱਥਰ ਇਕ ਪਾਸੇ ਰਿੜ੍ਹ ਗਿਆ। ਉੱਥੇ ਪ੍ਰਭੂ ਦਾ ਦੂਤ ਹਾਜ਼ਰ ਹੋਇਆ ਅਤੇ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਯਿਸੂ ਮੁਰਦਿਆਂ ਵਿਚੋਂ-ਜੀ-ਉੱਠਿਆ ਸੀ। ਫਿਰ ਉਨ੍ਹਾਂ ਨੇ ਯਿਸੂ ਨੂੰ ਵੇਖਿਆ ਅਤੇ ਉਸਦੇ ਚਰਨ ਫੜ ਲਏ। ਇਹ ਦਿਹਾੜਾ ਅੱਜ ਵੀ 'ਈਸਟਰ-ਸੰਡੇ' ਵਜੋਂ ਮਨਾਇਆ ਜਾਂਦਾ ਹੈ। ਉਧਰ ਪਹਿਰੇਦਾਰਾਂ ਨੇ ਕਿਹਾ ਕਿ ਜਦੋਂ ਉਹ ਸੁੱਤੇ ਸਨ ਤਾਂ ਚੇਲੇ ਯਿਸੂ ਦੀ ਲੋਥ ਚੁਰਾ ਕੇ ਲੈ ਗਏ, ਕਿਉਂਕਿ ਯਹੂਦੀ ਨਹੀਂ ਸਨ ਚਾਹੁੰਦੇ ਕਿ ਜੀ ਉੱਠਣ ਦੀ ਗੱਲ ਲੋਕਾਂ ਵਿਚ ਫੈਲੇ। ਫਿਰ ਯਿਸੂ ਆਪਣੇ ਗਿਆਰਾਂ ਚੇਲਿਆਂ ਨੂੰ [ਕਿਉਂਕਿ ਯਹੂਦਾ ਨੇ ਆਤਮ ਗਿਲਾਨੀ ਕਰਕੇ ਫਾਹਾ ਲੈ ਲਿਆ ਸੀ (ਮੱਤੀ 27:5)/ ਉਹ ਮੂਧੇ ਮੂੰਹ ਡਿੱਗਾ ਅਤੇ ਉਸਦਾ ਢਿੱਡ ਫਟ ਗਿਆ (ਰਸੂਲਾਂ ਦੇ ਕਰਤੱਬ 1:18)] ਅਤੇ ਹੋਰ ਕਈ ਲੋਕਾਂ ਨੂੰ ਮਿਲਿਆ। ਉਸਨੇ ਕਿਹਾ ਕਿ ਉਸ ਤੋਂ ਬਾਅਦ ਪਵਿੱਤਰ ਆਤਮਾ ਉਨ੍ਹਾਂ ਦਾ ਮਾਰਗ ਦਰਸ਼ਨ ਕਰੇਗੀ। ਫਿਰ ਉਹ ਆਕਾਸ਼ ਉੱਤੇ ਉਠਾ ਲਿਆ ਗਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਜਾ ਬੈਠਾ। ਯਿਸੂ ਦੇ ਦੁਬਾਰਾ ਸੰਸਾਰ ਵਿਚ ਆਉਣ ਬਾਰੇ ਵੀ ਜ਼ਿਕਰ ਹੈ। ਪਰ ਇਹ ਕਦੋਂ ਹੋਵੇਗਾ ਇਸ ਬਾਰੇ ਕੋਈ ਕਹਿੰਦਾ ਹੈ - ਬਹੁਤ ਜਲਦ (ਫਿਲਿਪੀਆ ਨੂੰ 4:5) ਅਤੇ ਕੋਈ ਕਹਿੰਦਾ ਹੈ ਕਿ ਕਿਆਮਤ ਵਾਲੇ ਦਿਨ ਯਿਸੂ ਆਏਗਾ ਅਤੇ ਲੇਖੇ ਲਵੇਗਾ (ਮੱਤੀ ਦੀ ਇੰਜੀਲ 24:37-44, 23:31-46)।

ਯਿਸੂ ਦਾ ਪਰਿਵਾਰ

ਨਵੇਂ ਅਹਿਦਨਾਮੇ ਵਿਚ ਸ਼ੁਰੂਆਤੀ ਜ਼ਿਕਰ ਤੋਂ ਬਾਅਦ ਯਿਸੂ ਦੇ ਪਿਤਾ ਯੂਸੁਫ ਬਾਰੇ ਕੋਈ ਖ਼ਾਸ ਜਾਣਕਾਰੀ ਨਹੀਂ ਮਿਲਦੀ। ਉਸਦੀ ਮਾਤਾ ਮਰਿਯਮ ਦਾ ਜ਼ਿਕਰ ਕਈ ਵਾਰ ਹੋਇਆ

ਹੈ ਅਤੇ ਉਸਨੂੰ ਸਲੀਬ 'ਤੇ ਲਟਕਾਏ ਜਾਣ ਸਮੇਂ ਵੀ ਉਹ ਉੱਥੇ ਮੌਜੂਦ ਸੀ। ਯਿਸੂ ਦੇ ਯਾਕੂਬ, ਯੋਸੇਸ, ਯਹੂਦਾਹ ਅਤੇ ਸ਼ਮਿਊਨ ਨਾਮੀ ਭਰਾਵਾਂ ਅਤੇ ਭੈਣਾਂ ਦਾ ਜ਼ਿਕਰ ਵੀ ਬਾਈਬਲ ਵਿਚ ਹੈ (ਮਰਕੁਸ 6:3) (ਮਤੀ 13:55-56)। ਟਰਟੂਲਿਅਨ (160-220 ਈ.) ਅਤੇ ਹੈਲਵਿਡਿਅਸ (ਚੌਥੀ ਸਦੀ) ਇਨ੍ਹਾਂ ਨੂੰ ਯੂਸੁਫ਼ ਅਤੇ ਮਰਿਯਮ ਦੇ ਹੋਰ ਬੱਚੇ ਮੰਨਦੇ ਸਨ। ਯਿਸੂ ਨੂੰ ਪਵਿੱਤਰ ਆਤਮੇ ਰਾਹੀਂ ਪੈਦਾ ਹੋਇਆ ਪਰਮਾਤਮਾ ਦਾ ਇਕੋ-ਇਕ ਪੁੱਤਰ ਕਿਹਾ ਗਿਆ ਹੈ ਪਰ ਯੂਸੁਫ਼ ਰਾਹੀਂ ਉਸਨੂੰ ਅਬਰਾਹਮ ਅਤੇਂ ਦਾਊਦ ਦੇ ਵੰਸ਼ ਦਾ ਦੱਸਿਆ ਗਿਆ ਹੈ (ਮੱਤੀ 1:1-25)। ਯਿਸੂ ਨੂੰ ਬਾਰ-ਬਾਰ ਆਪਣੇ ਆਪ ਨੂੰ ਮਨੁੱਖ ਦਾ ਪੁੱਤਰ ਕਹਿੰਦਾ ਦਿਖਾਇਆ ਗਿਆ ਹੈ। (ਮੱਤੀ 8:20, 9:6, 24:27, 26:24 ਆਦਿ; ਮਰਕੁਸ 8:38, 14:41, 14:62; ਲੂਕਾ 18:8; ਯੂਹੰਨਾ 1:51, 5:27, 12:23, 13:31 ਆਦਿ)। ਪੌਲੁਸ ਨੇ ਕਿਹਾ ਕਿ ਆਦਮ ਨਾਲ ਪਾਪ ਦੁਨੀਆਂ ਵਿਚ ਆਇਆ (ਰੋਮੀਆਂ ਨੂੰ 5:12)। ਯਿਸੂ ਦੀ ਮਾਤਾ ਇਸ ਪਹਿਲੇ ਪਾਪ ਤੋਂ ਮੁਕਤ ਸੀ ਜਾਂ ਨਹੀਂ, ਇਹ ਵੀ ਇਕ ਵਿਵਾਦ ਦਾ ਵਿਸ਼ਾ ਰਿਹਾ ਹੈ। ਥੋਮਸ ਐਕਵਿਨਾ (1225-74 ਈ.) ਦਾ ਕਹਿਣਾ ਸੀ ਕਿ ਮਰਿਯਮ ਦੇ ਗਰਭ ਵਿਚ ਯਿਸੂ ਹੋਰ ਬੱਚਿਆਂ ਵਾਂਗ ਹੀ ਆਇਆ ਜਦੋਂ ਕਿ ਸੰਨ 1854 ਈ. ਵਿਚ ਪੋਪ ਪਾਯਸ ਨੌਵੇਂ ਨੇ ਇਹ ਧਰਮ ਮਤ (Dogma) ਦਿੱਤਾ ਕਿ ਗਰਭ ਧਾਰਨ ਕਰਨ ਦੇ ਪਹਿਲੇ ਛਿਣ ਤੋਂ ਹੀ ਮਰਿਯਮ ਪਾਪ ਰਹਿਤ (Immaculate) ਸੀ।

ਯਿਸੂ ਦਾ ਜਨਮ ਦਿਹਾੜਾ ਅਤੇ ਸਾਲ

ਬਾਈਬਲ ਯਿਸੂ ਦੇ ਜਨਮ ਦਿਹਾੜੇ ਅਤੇ ਸਾਲ ਬਾਰੇ ਚੁੱਪ ਹੈ। ਪਰ ਜਿਸ ਜ਼ੁਲਮੀ ਰਾਜੇ ਹੇਰੋਦੇਸ ਦਾ ਬਾਈਬਲ ਵਿਚ ਜ਼ਿਕਰ ਹੈ, ਉਹ 4 ਈ. ਪੂਰਵ ਵਿਚ ਮਰ ਗਿਆ ਸੀ। ਇਸ ਕਰਕੇ ਯਿਸੂ ਨੂੰ ਵੀ 4 ਈ. ਪੂਰਵ ਵਿਚ ਪੈਦਾ ਹੋਇਆ ਮੰਨਿਆ ਜਾਂਦਾ ਹੈ। ਜਿੱਥੋਂ ਤੀਕਰ ਦਿਹਾੜੇ ਦਾ ਸਵਾਲ ਹੈ ਸਿਕੰਦਰੀਆ ਦਾ ਕਲੇਮੈਂਟ (150-215 ਈ.) ਇਸ ਨੂੰ ਮਈ ਵਿਚ ਮੰਨਦਾ ਸੀ, ਨਾਲੇ ਦਸੰਬਰ ਦੀ ਕੜਕਵੀਂ ਠੰਢ ਵਿਚ ਅਯਾਲੀ ਰੜੇ ਮੈਦਾਨ ਵਿਚ ਨਹੀਂ ਸਨ ਠਹਿਰ ਸਕਦੇ। ਪਰ ਸੰਨ 336 ਈ. ਵਿਚ ਰੋਮ ਵਿਖੇ ਇਹ ਮਿਤੀ 25 ਦਸੰਬਰ ਮਿਥ ਦਿੱਤੀ ਗਈ ਜੋ ਕਿ ਪ੍ਰਾਕ੍ਰਿਤਕ ਸ਼ਕਤੀਆਂ ਦੀ ਪੂਜਾ ਕਰਨ ਵਾਲੇ (Pagan) ਧਰਮ ਦਾ ਅਜੇ-ਸੂਰਜ ਦੀ ਪੂਜਾ ਦੇ ਪਰਵ ਦਾ ਦਿਨ ਸੀ, ਕਿਉਂਕਿ ਯਿਸੂ ਨੂੰ ਵੀ ਸੱਚਾਈ ਦਾ ਸੂਰਜ ਮੰਨ ਲਿਆ ਗਿਆ ਸੀ। ਯਿਸੂ ਦੀ ਸਲੀਬੀ ਮੌਤ ਅਤੇ ਦੁਬਾਰਾ ਜੀ ਉੱਠਣ ਦਾ ਵਰ੍ਹਾ ਸੰਨ 29 ਈ. ਸੀ।

ਯਿਸੂ ਦੇ ਜੀਵਨ ਬਾਰੇ ਹੋਰ ਸ੍ਰੋਤਾਂ ਤੋਂ ਮਿਲੀ ਜਾਣਕਾਰੀ

ਯਿਸੂ ਦੇ ਜੀਵਨ ਵਿਚ 12 ਸਾਲ ਦੀ ਉਮਰ ਤੋਂ ਲੈ ਕੇ 30 ਸਾਲ ਦੇ ਵਕਫ਼ੇ ਬਾਰੇ ਬਾਈਬਲ ਚੁੱਪ ਹੈ। ਪਰ ਇਤਿਹਾਸਕਾਰ ਅਤੇ ਹੋਰ ਵਿਦਵਾਨ ਕਹਿੰਦੇ ਹਨ ਕਿ ਇਸ ਸਮੇਂ ਉਸਨੇ ਮਿਸਰ ਵਿਚ ਰਹਿ ਕੇ ਉੱਥੇ ਰਹਿੰਦੇ ਰਹਿਸਵਾਦੀ ਯਹੂਦੀ ਧਾਰਮਿਕ ਆਗੂਆਂ ਪਾਸੋਂ ਸਿੱਖਿਆ ਲਈ (Michael Baigent)। ਯਿਸੂ ਦੇ ਵਿਆਹ ਬਾਰੇ ਵੀ ਮਤਭੇਦ ਹੈ। ਰੋਮਨ ਕੈਥੋਲਿਕ ਤਾਂ ਉਸਨੂੰ ਅਣਵਿਆਹਿਆ ਹੀ ਮੰਨਦੇ ਹਨ, ਪਰ ਕੁੱਝ ਇਤਿਹਾਸਕਾਰ ਉਸਦੀ ਸ਼ਾਦੀ ਮਰਿਯਮ ਮਗਦਲੀਨੀ ਨਾਲ ਹੋਈ ਮੰਨਦੇ ਹਨ ਜਿਸ ਤੋਂ ਇਕ ਖ਼ਾਨਦਾਨ ਚੱਲਿਆ। ਇਹ ਵੀ

ਕਿਆਸ ਕੀਤਾ ਜਾਂਦਾ ਹੈ ਕਿ ਯਿਸੂ ਦੀ ਸਲੀਬ ਉਪਰ ਮੌਤ ਨਹੀਂ ਸੀ ਹੋਈ ਸਗੋਂ ਉਸਨੂੰ ਬਚਾ ਲਿਆ ਗਿਆ ਸੀ (Dan Burstein ਅਤੇ Dan Brown)। ਯਹੂਦਾ ਇਸਕਰਿਯੋਤੀ ਦੇ ਬਾਰੇ ਕਿਹਾ ਗਿਆ ਹੈ ਕਿ ਉਸਨੇ 30 ਚਾਂਦੀ ਦੇ ਸਿੱਕੇ ਲੈ ਕੇ ਯਿਸੂ ਨੂੰ ਫੜਵਾਇਆ ਸੀ। ਪਰ ਕਈ ਇਤਿਹਾਸਕਾਰ ਮੰਨਦੇ ਹਨ ਕਿ ਉਸਨੇ ਧ੍ਰੋਹ ਨਹੀਂ ਕੀਤਾ ਸਗੋਂ ਉਹ ਤਾਂ ਯਿਸੂ ਨੂੰ ਬਚਾਉਣਾ ਚਾਹੁੰਦਾ ਸੀ ਅਤੇ ਉਸਨੇ ਆਤਮ ਹੱਤਿਆ ਵੀ ਨਹੀਂ ਸੀ ਕੀਤੀ ਸਗੋਂ ਕਾਫ਼ੀ ਸਮੇਂ ਬਾਅਦ ਰੋਮਨ ਸੈਨਿਕਾਂ ਹੱਥੋਂ ਸਲੀਬੀ ਮੌਤ ਮੋਇਆ (Jeffrey Archer)। ਇਹ ਸੱਚ ਹੈ ਕਿ ਨਵੇਂ ਅਹਿਦਨਾਮੇ ਵਿਚ ਦਿੱਤੀਆਂ ਪੋਥੀਆਂ ਤੋਂ ਇਲਾਵਾ ਵੀ ਬਹੁਤ ਸਾਰੀਆਂ ਪੋਥੀਆਂ ਪ੍ਰਚੱਲਿਤ ਸਨ। ਦਸੰਬਰ 1945 ਵਿਚ ਮੁਹੰਮਦ ਅਲੀ ਨਾਂ ਦੇ ਅਰਬੀ ਕਿਸਾਨ ਨੂੰ ਉਪਰੀ ਮਿਸਰ ਦੇ ਨੀਲ ਨਦੀ ਦੇ ਲਾਗਲੇ ਇਲਾਕੇ ਵਿਚੋਂ ਕੁੱਝ ਪੁਰਾਣੇ ਲੇਖ ਘੜੇ ਵਿਚ ਦੱਬੇ ਪਏ ਮਿਲੇ ਸਨ, ਇਨ੍ਹਾਂ ਨੂੰ ਉਸ ਜਗ੍ਹਾ ਦੇ ਨਾਂ 'ਤੇ ਨਾਗ ਹਾਮੀਦੀ ਲੇਖ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਸੰਨ 1947 ਵਿਚ Dead Sea ਦੇ ਨੇੜੇ ਇਕ ਅਯਾਲੀ ਨੂੰ ਅਜਿਹੇ ਹੀ ਕੁੱਝ ਲੇਖ ਇਕ ਗੁਫ਼ਾ ਵਿਚੋਂ ਮਿਲੇ। ਇਹ ਸਾਰੇ ਲੇਖ ਦੂਜੀ-ਤੀਜੀ ਸਦੀ ਦੇ ਨੇੜੇ ਯਹੂਦੀਆਂ ਦੇ ਇਸੈਨ ਸੰਪ੍ਰਦਾਇ ਦੇ ਅਨੁਯਾਈਆਂ ਰਾਹੀਂ ਲਿਖੇ ਗਏ ਮੰਨੇ ਜਾਂਦੇ ਹਨ। ਇਨ੍ਹਾਂ ਨੂੰ ਗਨੋਸਟਿਕ ਗਾਸਪਲ ਕਿਹਾ ਜਾਂਦਾ ਹੈ। ਇਨ੍ਹਾਂ 'ਤੇ ਖੋਜ ਹਾਲੀ ਜਾਰੀ ਹੈ। ਇੰਝ ਲਗਦੈ ਕਿ ਇਨ੍ਹਾਂ ਸਾਰੀਆਂ ਪੋਥੀਆਂ ਦੇ ਪ੍ਰਚਲਨ ਉਪਰ ਉਦੋਂ ਰੋਕ ਲੱਗ ਗਈ, ਜਦੋਂ ਸੰਨ 367 ਈ. ਵਿਚ ਸਿਕੰਦਰੀਆ ਦੇ ਬਿੱਸ਼ਪ ਦੇ ਅਥਨੇਸਿਅਸ ਨਾਮੀਂ ਸੈਕਰੇਟਰੀ ਨੇ ਨਵੇਂ ਅਹਿਦਨਾਮੇ ਦੀਆਂ ਮੌਜੂਦਾ 27 ਪੋਥੀਆ ਦਾ ਸੰਕਲਨ ਕੀਤਾ। ਉਸ ਸਮੇਂ ਪ੍ਰਚਲਿਤ ਬਾਕੀ ਪੋਥੀਆਂ ਨੂੰ ਅਪੋਕ੍ਰਿਫ਼ਾ (ਗੁਪਤ) ਕਿਹਾ ਜਾਂਦਾ ਹੈ ਅਤੇ ਇਹ ਪ੍ਰਵਾਨਤ ਨਹੀਂ ਹਨ। ਇਸ ਕਰਕੇ ਜਦੋਂ ਤੀਕਰ ਇਨ੍ਹਾਂ ਹੋਰ ਪੋਥੀਆਂ ਉਪਰ ਆਮ ਸਹਿਮਤੀ ਨਹੀਂ ਹੋ ਜਾਂਦੀ, ਯਿਸੂ ਦੇ ਜੀਵਨ ਦਾ ਚਿਤਰਣ ਹੋਰ ਅਪ੍ਰਵਾਨਿਤ ਸ੍ਰੋਤਾਂ ਦੇ ਆਧਾਰ 'ਤੇ ਲਗਾਏ ਗਏ ਕਿਆਸਾਂ ਨਾਲ ਕਰਨ ਦੀ ਬਜਾਇ ਪ੍ਰਵਾਨਿਤ ਪੋਥੀਆਂ ਦੇ ਆਧਾਰ 'ਤੇ ਕਰਨਾ ਜ਼ਿਆਦਾ ਸਹੀ ਹੈ। ਨਾਲੇ ਧਰਮ ਦਾ ਆਧਾਰ ਵਿਸ਼ਵਾਸ ਹੈ ਨਾ ਕਿ ਵਿਸ਼ਲੇਸ਼ਣ ਦੇ ਆਧਾਰ ਤੇ ਲਗਾਏ ਗਏ ਅਟਕਲਪੱਚੂ।

ਹਵਾਲੇ ਅਤੇ ਟਿੱਪਣੀਆਂ

1. ਪਵਿੱਤਰ ਬਾਈਬਲ, ਬਾਈਬਲ ਸੋਸਾਇਟੀ ਆਫ਼ ਇੰਡੀਆ, 206 ਮਹਾਤਮਾ ਗਾਂਧੀ ਰੋਡ, ਬੰਗਲੌਰ-560001.
2. *Thompson Chain-Reference Bible* (King James Version), Fifth Improved Edition, Bangalore, The Bible Society in India.
3. Collins, Father Michael & Matthew A. Price, *The Story of Christianity*, London, Dorling Kindersley Limited, 2003.
4. Miller, Calvin (Ed.), *The Book of Jesus : A Treasury of the Greatest Stories and Writings about Christ*, New York, Touchstone book by Simon & Schuster, 1998.
5. Parrinder, Geoffrey, *A Concise Encyclopaedia of Christianity*, Oxford,

Oneworld Publications Ltd. (First South Asian Edition), 2007.

6. Baigent, Michael, *The Jesus Papers*, London, Harper Element, An Imprint of Harper Collins Publishers, 2006.
7. Burstein, Dan (Ed.), *Secrets of the Code*, London, Orion Books Ltd., 2005.
8. Brown, Dan, *The Da Vinci Code (Special Illustrated Edition)*, New York, Broadway Books, 2004.
9. Archer, Jeffrey with the assistance of Professor Francis J. Moloney, *The Gospel According to Judas - by Benjamin Iscariot*, London, Pan Macmillan Ltd., 2007.

ਪੈਗ਼ੰਬਰ ਹਜ਼ਰਤ ਮੁਹੰਮਦ

ਡਾ. ਅਨਵਰ ਚਿਰਾਗ਼*

ਸੰਕੇਤ : ਹਜ਼ਰਤ ਮੁਹੰਮਦ ਦੇ ਨਾਮ ਤੋਂ ਬਾਅਦ ਸੰਕੇਤ ਰੂਪ (ਸ.) ਤੋਂ ਭਾਵ ਹੈ 'ਸੱਲ-ਲੱਲਾ-ਹੂ-ਅਲੈਹਿ ਵਸੱਲਮ' ਅਰਥਾਤ ਅੱਲਾਹ ਵੱਲੋਂ ਉਹਨਾਂ ਤੇ ਦਰੂਦ ਅਤੇ ਸ਼ਾਂਤੀ ਹੋਵੇ। ਦੂਸਰੇ ਪੈਗੰਬਰਾਂ ਅਤੇ ਪ੍ਰਸਿੱਧ ਫ਼ਰਿਸ਼ਤਿਆਂ ਲਈ ਅਲੈ-ਹਿੱਸਸਲਾਮ ਅਰਥਾਤ 'ਉਹਨਾਂ ਤੇ ਅੱਲਾਹ ਦੀ ਸਲਾਮਤੀ ਲਈ ਸੰਕੇਤ ਰੂਪ (ਅਲੈ.) ਪ੍ਰਯੋਗ ਕੀਤਾ ਗਿਆ ਹੈ। ਹਜ਼ਰਤ ਮੁਹੰਮਦ (ਸ.) ਦੇ ਸਾਥੀਆਂ/ਸਹਾਬਾਂ ਲਈ ਰਜ਼ੀ ਅੱਲਾਹ ਤਆਲਾ ਅਨਹੁ ਅਰਥਾਤ ਅੱਲਾਹ ਉਹਨਾਂ ਤੋਂ ਰਾਜ਼ੀ ਹੋਵੇ ਲਈ ਸੰਕੇਤ ਰੂਪੀ (ਰਜ਼ੀ) ਦਾ ਪ੍ਰਯੋਗ ਕੀਤਾ ਗਿਆ ਹੈ।

ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ। ਉਰਦੂ ਦਾਇਰਾ-ਏ-ਮਆਰਿਫ਼-ਏ-ਇਸਲਾਮੀਆ ਅਨੁਸਾਰ 'ਇਸਲਾਮ ਦੇ ਕੋਸ਼ਗਤ ਅਰਥ ਰੱਬ ਦੀ ਆਗਿਆਕਾਰੀ, ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਮੰਨਣਾ ਅਤੇ ਅਮਨ ਸ਼ਾਂਤੀ ਹਨ।[1]' ਇਸਲਾਮ ਕੁਝ ਵਿਸ਼ਵਾਸਾਂ ਅਤੇ ਸਰੀਰਕ ਉਪਾਸਨਾਵਾਂ ਤਕ ਹੀ ਸੀਮਤ ਨਹੀਂ ਹੈ ਬਲਕਿ ਇਕ ਮੁਕੰਮਲ ਜੀਵਨ-ਜਾਂਚ ਹੈ, ਜੋ ਜੀਵਨ ਦੇ ਹਰ ਪੜਾਅ 'ਤੇ ਇਨਸਾਨ ਨੂੰ ਨੇਕੀ ਦਾ ਰਾਹ ਵਿਖਾਉਂਦਾ ਹੈ। ਇਸਲਾਮ ਰੱਬ ਦੁਆਰਾ ਨਿਰਧਾਰਿਤ ਮਾਨਵੀ ਜੀਵਨ-ਜਾਂਚ ਹੈ, ਜੋ ਮਨੁੱਖ ਤੋਂ ਆਪਣੇ ਸਿਰਜਣਹਾਰ ਅੱਗੇ ਸੰਪੂਰਨ ਸਪੁਰਦਗੀ ਦੀ ਮੰਗ ਕਰਦਾ ਹੈ।[2]

ਵੀਹਵੀਂ ਸਦੀ ਦੇ ਪ੍ਰਮੁਖ ਇਸਲਾਮੀ ਚਿੰਤਕ ਮੌਲਾਨਾ ਅਬੁਲ ਆਲਾ ਮੁਦੂਦੀ ਦੇ ਵਿਚਾਰ ਅਨੁਸਾਰ 'ਇਸਲਾਮ ਦੇ ਸ਼ਾਬਦਿਕ ਅਰਥ ਹਨ ਹੁਕਮ ਮੰਨਣਾ, ਆਤਮ ਸਮਰਪਣ ਅਤੇ ਆਗਿਆ-ਪਾਲਣ ਕਰਨਾ। ਇਸਲਾਮ ਧਰਮ ਦਾ ਨਾਮ ਇਸਲਾਮ ਇਸ ਲਈ ਰੱਖਿਆ ਗਿਆ ਹੈ ਕਿ ਇਹ ਅੱਲਾਹ ਦੇ ਆਦੇਸ਼ਾਂ ਦੀ ਪੈਰਵੀ ਅਤੇ ਆਗਿਆ ਪਾਲਣ ਹੈ। ਇਸਲਾਮ ਸ਼ਬਦ ਦਾ ਇਕ ਅਰਥ ਹੈ ਸੁਲ੍ਹਾ, ਸ਼ਾਂਤੀ, ਕੁਸ਼ਲਤਾ, ਸੁਰੱਖਿਆ, ਸ਼ਰਨ ਆਦਿ। ਮਨੁੱਖ ਨੂੰ ਵਾਸਤਵਿਕ ਸ਼ਾਂਤੀ ਉਸੇ ਵਕਤ ਮਿਲਦੀ ਹੈ, ਜਦੋਂ ਉਹ ਆਪਣੇ ਆਪ ਨੂੰ ਅੱਲਾਹ ਦੀ ਰਜ਼ਾ ਵਿਚ ਸਮਰਪਿਤ ਕਰ ਦਿੰਦਾ ਹੈ ਅਤੇ ਉਸਦੇ ਹੁਕਮਾਂ ਦੀ ਪਾਲਣਾ ਕਰਦਿਆਂ ਜੀਵਨ ਬਤੀਤ ਕਰਨ ਲੱਗਦਾ ਹੈ। ਅਜਿਹੀ ਜੀਵਨ-ਜਾਂਚ ਕਾਰਨ ਦਿਲ ਨੂੰ ਵੀ ਸ਼ਾਂਤੀ ਮਿਲਦੀ ਹੈ ਅਤੇ ਸਮਾਜ ਵਿਚ ਵੀ ਇਸ ਸਦਕਾ ਹੀ ਵਾਸਤਵਿਕ ਅਮਨ ਅਮਾਨ ਦੀ ਸਥਾਪਨਾ ਹੁੰਦੀ ਹੈ।[3] ਇਸੇ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਆਪਣੀ ਇੱਛਾ ਜਾਂ ਨਫ਼ਸ ਦਾ ਤਿਆਗ ਅੱਲਾਹ ਅਤੇ ਉਸਦੇ ਪੈਗ਼ੰਬਰ ਹਜ਼ਰਤ ਮੁਹੰਮਦ (ਸ.) ਦੇ ਹੁਕਮਾਂ ਪ੍ਰਤੀ ਸੰਪੂਰਨ ਸ਼ਰਧਾ, ਸਮਰਪਣ ਅਤੇ ਪੈਰਵੀ ਕਰਨ ਦਾ ਨਾਮ ਇਸਲਾਮ ਹੈ।

ਸਾਮੀ ਧਰਮ-ਪਰੰਪਰਾ ਨਾਲ ਸੰਬੰਧਿਤ ਤਿੰਨ ਪ੍ਰਮੁਖ ਧਰਮ ਹਨ - ਯਹੂਦੀ, ਈਸਾਈ

* ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਤੇ ਇਸਲਾਮ। ਹਜ਼ਰਤ ਆਦਮ (Adam) ਅਤੇ ਬੀਬੀ ਹੱਵਾ (Eve) ਦੀ ਇਸ ਧਰਤੀ ਉੱਤੇ ਆਮਦ ਹੀ ਇਸਲਾਮ ਧਰਮ ਦਾ ਪ੍ਰਾਰੰਭ-ਬਿੰਦੂ ਹੈ। ਸੰਸਾਰ ਦੇ ਆਦਿ-ਮਨੁੱਖ ਹਜ਼ਰਤ ਆਦਮ (ਅਲੈ.) ਇਸਲਾਮ ਦੇ ਪਹਿਲੇ ਪੈਗ਼ੰਬਰ ਹਨ। ਆਪਨੇ ਆਪਣੀ ਸੰਤਾਨ ਨੂੰ ਸਾਰੀ ਉਮਰ ਧਰਮ ਦੀ ਸਿੱਖਿਆ ਦਿੱਤੀ, ਪਰੰਤੂ ਆਪ ਦੀ ਮ੍ਰਿਤੂ ਉਪਰੰਤ ਜਿਉਂ-ਜਿਉਂ ਸੰਤਾਨ ਦੀ ਸੰਖਿਆ ਵਧਦੀ ਗਈ, ਸੰਸਾਰਿਕ ਝਮੇਲਿਆਂ ਵਿਚ ਫਸ ਕੇ ਕੁਰਾਹੇ ਹੀ ਪੈਂਦੀ ਗਈ। ਮਨੁੱਖਤਾ ਨੂੰ ਸਿੱਧਾ ਰਸਤਾ ਦਿਖਾਉਣ ਲਈ ਰੱਬ ਵੱਲੋਂ ਵਿਭਿੰਨ ਸਮਿਆਂ ਵਿਚ ਅਨੇਕ ਪੈਗ਼ੰਬਰ ਇਸ ਦੁਨੀਆਂ ਵਿਚ ਭੇਜੇ ਗਏ। ਇਸ ਪ੍ਰਸੰਗ ਅਧੀਨ ਹਜ਼ਰਤ ਨੂਹ, ਹਜ਼ਰਤ ਇਬਰਾਹੀਮ, ਹਜ਼ਰਤ ਯੂਸੁਫ਼, ਹਜ਼ਰਤ ਮੂਸਾ, ਹਜ਼ਰਤ ਦਾਊਦ, ਹਜ਼ਰਤ ਸੁਲੇਮਾਨ, ਹਜ਼ਰਤ ਜ਼ਕਰੀਆ, ਹਜ਼ਰਤ ਈਸਾ (ਅਲੈ.) ਆਦਿ ਪੈਗ਼ੰਬਰਾਂ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਹਜ਼ਰਤ ਮੁੱਜਦਿਦ ਅਲਿਫ਼ਸਾਨੀ ਅਤੇ ਕੁੱਝ ਹੋਰ ਬਜ਼ੁਰਗਾਂ ਨੇ ਇਲਮ-ਏ-ਕਸ਼ਫ਼ ਦੇ ਆਧਾਰ ਤੇ ਸਰਹਿੰਦ ਦੇ ਨਜ਼ਦੀਕ ਬਰਾਸ ਪਿੰਡ ਵਿਚ ਕੁੱਝ ਪੈਗ਼ੰਬਰਾਂ ਦੀਆਂ ਕਬਰਾਂ ਹੋਣ ਦਾ ਜ਼ਿਕਰ ਕੀਤਾ ਹੈ। ਭਾਰਤ ਦੇ ਕੁਝ ਹੋਰ ਪ੍ਰਾਂਤਾਂ ਵਿਚ ਪੈਗ਼ੰਬਰਾਂ ਦੀਆਂ ਕਬਰਾਂ ਹੋਣ ਦਾ ਉਲੇਖ ਮਿਲਦਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਭਾਰਤ ਵਿਚ ਵੀ ਮਾਨਵਜਾਤੀ ਦੀ ਅਗਵਾਈ ਲਈ ਨਬੀਆਂ ਨੂੰ ਭੇਜਿਆ ਗਿਆ। ਇਸਲਾਮੀ ਵਿਸ਼ਵਾਸ ਅਨੁਸਾਰ ਇਕ ਲੱਖ ਤੋਂ ਵਧੀਕ ਪੈਗ਼ੰਬਰ ਇਸ ਦੁਨੀਆਂ ਵਿਚ ਭੇਜੇ ਗਏ ਹਨ। ਸਭ ਪੈਗ਼ੰਬਰਾਂ ਦੀ ਸਿੱਖਿਆ ਬੁਨਿਆਦੀ ਤੌਰ 'ਤੇ ਇਕੋ ਹੀ ਸੀ। ਇਕ ਰੱਬ ਦੀ ਇਬਾਦਤ ਦਾ ਸਿਧਾਂਤ ਇਸਲਾਮ ਦਾ ਆਰੰਭ ਤੋਂ ਹੀ ਪ੍ਰਮੁਖ ਅੰਗ ਰਿਹਾ ਹੈ। ਤਤਕਾਲੀਨ ਪ੍ਰਸਥਿਤੀਆਂ/ਤਕਾਜ਼ਿਆਂ ਦੇ ਮੱਦੇ-ਨਜ਼ਰ ਰੱਬ ਦੁਆਰਾ ਹਰ ਨਬੀ ਨੂੰ ਕੁੱਝ ਨਵੇਂ ਆਦੇਸ਼ ਦਿੱਤੇ ਜਾਂਦੇ ਸਨ ਅਤੇ ਪਿਛਲੀ ਸ਼ਰੀਅਤ (religious law) ਦੇ ਕੁੱਝ ਅਣਲੋੜੀਂਦੇ ਹੁਕਮ ਮਨਸੂਖ਼ ਕਰ ਦਿੱਤੇ ਜਾਂਦੇ ਸਨ। ਹਰ ਨਬੀ ਦੀ ਨਬੁੱਵਤ (prophethood) ਇਕ ਵਿਸ਼ੇਸ਼ ਖੇਤਰ ਅਤੇ ਕਾਲ ਤਕ ਸੀਮਤ ਹੁੰਦੀ ਸੀ। ਜਦੋਂ ਮਨੁੱਖੀ ਸੱਭਿਅਤਾ ਵਿਕਾਸ ਦੇ ਇਕ ਵਿਸ਼ੇਸ਼ ਪੜਾਅ 'ਤੇ ਪੁੱਜ ਗਈ ਤਾਂ ਅੱਲਾਹ ਨੇ ਆਪਣੇ ਅੰਤਿਮ ਪੈਗ਼ੰਬਰ ਨੂੰ ਭੇਜਿਆ। ਹਜ਼ਰਤ ਮੁਹੰਮਦ (ਸ.) ਦੀ ਆਮਦ ਉਪਰੰਤ ਰਿਸਾਲਤ ਦਾ ਇਹ ਸਿਲਸਿਲਾ ਮੁਕੰਮਲ/ਖ਼ਤਮ ਹੋ ਗਿਆ। ਇਸ ਤਰ੍ਹਾਂ ਆਪ (ਸ.) ਦੁਆਰਾ ਪੇਸ਼ ਸ਼ਰੀਅਤ ਵਿਸ਼ਵ-ਵਿਆਪੀ, ਸਰਬ-ਕਾਲੀਨ ਅਤੇ ਸਮੂਹ ਮਾਨਵਜਾਤੀ ਲਈ ਹੈ।

ਹਜ਼ਰਤ ਮੁਹੰਮਦ (ਸ.) ਦਾ ਜਨਮ ਮੱਕਾ ਵਿਖੇ ਅਰਬ ਦੇ ਪ੍ਰਸਿੱਧ ਅਤੇ ਸਤਿਕਾਰਤ ਕਬੀਲੇ ਕੁਰੈਸ਼ ਨਾਲ ਸੰਬੰਧਿਤ ਹਾਸ਼ਿਮ ਖ਼ਾਨਦਾਨ ਵਿਚ ਸਵੇਰ ਦੇ ਸਮੇਂ ਸੋਮਵਾਰ ਦੇ ਦਿਨ 20/22 ਅਪ੍ਰੈਲ 571 ਈ. ਨੂੰ ਹੋਇਆ।[4] ਆਪ (ਸ.) ਦੇ ਪਿਤਾ ਦਾ ਨਾਮ ਹਜ਼ਰਤ ਅਬਦੁੱਲਾ ਅਤੇ ਮਾਤਾ ਦਾ ਨਾਮ ਬੀਬੀ ਆਮਿਨਾ ਹੈ। ਹਜ਼ਰਤ ਅਬਦੁੱਲਾ ਕੁਰੈਸ਼ੀ ਸਰਦਾਰ ਹਜ਼ਰਤ ਅਬਦੁਲ ਮੁਤਲਿਬ ਦੇ ਪੁੱਤਰ ਸਨ, ਜਿਨ੍ਹਾਂ ਦੀ ਬੰਸਾਵਲੀ ਹਜ਼ਰਤ ਇਸਮਾਈਲ (ਅਲੈ.) ਪੁੱਤਰ ਹਜ਼ਰਤ ਇਬਰਾਹੀਮ (ਅਲੈ.) ਨਾਲ ਜਾ ਮਿਲਦੀ ਹੈ।[5] ਆਪ (ਸ.) ਦੇ ਜਨਮ ਤੋਂ ਪਹਿਲਾਂ ਹੀ ਪਿਤਾ ਹਜ਼ਰਤ ਅਬਦੁੱਲਾ ਦਾ ਦਿਹਾਂਤ ਹੋ ਗਿਆ। ਬੀਬੀ ਆਮਿਨਾ ਨੇ ਆਪ (ਸ.) ਦਾ ਨਾਮ ਅਹਿਮਦ ਅਤੇ ਦਾਦਾ ਅਬਦੁਲ ਮੁਤਲਿਬ ਨੇ ਮੁਹੰਮਦ ਰੱਖ ਦਿੱਤਾ। ਇਸ ਤਰ੍ਹਾਂ ਬਚਪਨ ਵਿਚ ਆਪਦੇ ਦੋਵੇਂ ਨਾਮ ਸਮਾਨ ਰੂਪ ਵਿਚ ਪ੍ਰਚੱਲਿਤ ਰਹੇ। ਆਪਦੇ ਜੀਵਨ ਨਾਲ ਸੰਬੰਧਿਤ ਪੁਸਤਕਾਂ ਵਿਚ ਆਪ (ਸ.) ਦੇ ਜਨਮ/ਜੀਵਨ ਨਾਲ ਸੰਬੰਧਿਤ ਵਿਭਿੰਨ ਮੁਅੱਜਜ਼ਿਆਂ (miracles) ਦਾ ਜ਼ਿਕਰ ਮਿਲਦਾ ਹੈ।[6]

ਨਬੁੱਵਤ ਕਾਲ ਵਿਚ ਆਪ (ਸ.) ਤੋਂ ਜ਼ਾਹਿਰ ਹੋਇਆ ਸ਼ਕ-ਉਲ-ਕਮਰ ਨਾਮਕ ਮੁਅਜਜ਼ਾ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹੈ, ਜਦੋਂ ਆਪ (ਸ.) ਦੀ ਉਂਗਲ ਦੇ ਇਸ਼ਾਰੇ ਨਾਲ ਚੰਦ ਦੋ ਟੁਕੜੇ ਹੋ ਗਿਆ ਸੀ ਅਤੇ ਫਿਰ ਇਹ ਦੋਵੇਂ ਟੁਕੜੇ ਆਪਸ ਵਿਚ ਮਿਲ ਗਏ ਸਨ।

ਬੀਬੀ ਆਮਿਨਾ ਨੇ ਅਰਬ ਦੀ ਰੀਤ ਅਨੁਸਾਰ ਬਾਲਕ ਮੁਹੰਮਦ (ਸ.) ਨੂੰ ਦੁੱਧ ਪਿਲਾਉਣ ਵਾਲੀ ਪੇਂਡੂ ਦਾਈ ਬੀਬੀ ਹਲੀਮਾ ਦੇ ਸਪੁਰਦ ਕਰ ਦਿੱਤਾ। ਜੀਵਨ ਦੇ ਚੌਥੇ ਜਾਂ ਪੰਜਵੇਂ ਸਾਲ ਅੱਲਾਹ ਦੇ ਫਰਿਸ਼ਤੇ ਹਜ਼ਰਤ ਜਿਬਰਾਈਲ (ਅਲੈ.) ਦੁਆਰਾ ਆਪ (ਸ.) ਦਾ ਸੀਨਾ ਚਾਕ ਕਰਨ ਉਪਰੰਤ ਦਿਲ ਨੂੰ ਸ਼ੈਤਾਨ ਦੀ ਭਾਗੀਦਾਰੀ/ਮੈਲ ਤੋਂ ਪਾਕ ਕਰ ਦਿੱਤਾ ਗਿਆ। ਜੀਵਨ ਦੇ ਮੁੱਢਲੇ ਪੰਜ ਜਾਂ ਛੇ ਸਾਲ ਆਪ (ਸ.) ਨੇ ਬੀਬੀ ਹਲੀਮਾ ਦੀ ਨਿਗਰਾਨੀ ਵਿਚ ਗੁਜ਼ਾਰੇ। ਆਪ (ਸ.) ਦੇ ਵਾਪਸ ਮੱਕਾ ਪਹੁੰਚਣ ਤੋਂ ਕੁੱਝ ਅਰਸਾ ਬਾਅਦ ਹੀ ਮਾਤਾ ਦਾ ਦਿਹਾਂਤ ਹੋ ਗਿਆ। ਇਸ ਤੋਂ ਬਾਅਦ ਆਪ (ਸ.) ਦੀ ਦੇਖ-ਰੇਖ ਕਰਨ ਵਾਲੇ ਦਾਦਾ ਅਬਦੁਲ ਮੁਤਲਿਬ ਵੀ ਰੱਬ ਨੂੰ ਪਿਆਰੇ ਹੋ ਗਏ। ਇਸ ਸਮੇਂ ਯਤੀਮ ਬਾਲਕ ਮੁਹੰਮਦ (ਸ.) ਦੀ ਉਮਰ ਅੱਠ ਸਾਲ ਸੀ।

ਹਜ਼ਰਤ ਮੁਹੰਮਦ (ਸ.) ਨੇ ਬਚਪਨ ਦਾ ਲੰਮਾ ਸਮਾਂ ਆਪਣੇ ਮਿਹਰਬਾਨ ਸਰਪ੍ਰਸਤ ਚਾਚਾ ਅਬੂ ਤਾਲਿਬ ਦੇ ਘਰ ਬਤੀਤ ਕੀਤਾ। ਆਪ (ਸ.) ਨੇ ਬਚਪਨ ਵਿਚ ਬੱਕਰੀਆਂ ਚਾਰੀਆਂ ਅਤੇ ਵਪਾਰਿਕ ਕੰਮਾਂ ਵਿਚ ਚਾਚੇ ਦਾ ਸਾਥ ਦਿੱਤਾ। ਬਾਰ੍ਹਾਂ ਸਾਲ ਦੀ ਉਮਰ ਵਿਚ ਆਪ (ਸ.) ਨੇ ਚਾਚਾ ਅਬੂ ਤਾਲਿਬ ਦੇ ਨਾਲ ਸ਼ਾਮ ਦੀ ਵਪਾਰਿਕ ਯਾਤਰਾ ਕੀਤੀ, ਜਿਸ ਦੌਰਾਨ ਪ੍ਰਸਿੱਧ ਈਸਾਈ ਵਿਦਵਾਨ ਬਹੀਰਾ ਨੇ ਆਪ (ਸ.) ਦੇ ਨਬੀ ਹੋਣ ਦੀ ਭਵਿੱਖਬਾਣੀ ਕੀਤੀ। ਜਵਾਨ ਹੋਣ ਉਪਰੰਤ ਆਪ (ਸ.) ਨੇ ਵਪਾਰ ਨੂੰ ਕਿੱਤੇ ਵਜੋਂ ਅਪਣਾਇਆ। ਆਪ (ਸ.) ਦੇ ਜੀਵਨ ਨਾਲ ਸੰਬੰਧਿਤ ਪੁਸਤਕਾਂ ਵਿਚ ਯਮਨ, ਬਹਿਰੀਨ ਅਤੇ ਸ਼ਾਮ ਵਲ ਆਪ (ਸ.) ਦੁਆਰਾ ਵਪਾਰਿਕ ਯਾਤਰਾਵਾਂ ਕਰਨ ਦਾ ਵੇਰਵਾ ਮਿਲਦਾ ਹੈ। ਸਾਮੀ ਧਰਮ-ਪਰੰਪਰਾ ਦੇ ਇਤਿਹਾਸ ਵਿਚ ਸਿਰਫ਼ ਹਜ਼ਰਤ ਮੁਹੰਮਦ (ਸ.) ਹੀ ਉਹ ਪੈਗ਼ੰਬਰ ਹਨ, ਜਿਨ੍ਹਾਂ ਦਾ ਜਨਮ ਅਤੇ ਸਮੁੱਚਾ ਜੀਵਨ ਬਿਰਤਾਂਤ ਇਤਿਹਾਸ ਦੇ ਸਨਮੁੱਖ ਹੈ। ਫਿਰ ਵੀ ਪ੍ਰਾਰੰਭਿਕ ਜੀਵਨ ਦੇ ਹਾਲਾਤ ਬਹੁਤ ਘੱਟ ਮਿਲਦੇ ਹਨ। ਆਪ (ਸ.) ਦੇ ਮੁੱਢਲੇ ਜੀਵਨ ਸੰਬੰਧੀ ਜੋ ਵਾਕਫੀਅਤ ਪ੍ਰਾਪਤ ਹੁੰਦੀ ਹੈ, ਉਸਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪੂਰਵ-ਨਬੁੱਵਤ ਕਾਲ ਵਿਚ ਆਪ (ਸ.) ਦਾ ਜੀਵਨ ਸਾਦਾ, ਸੱਚਾ, ਮਿਹਨਤੀ ਅਤੇ ਪ੍ਰਭਾਵਸ਼ਾਲੀ ਸੀ। ਆਪ (ਸ.) ਨੇ ਮੱਕੇ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਰਗਰਮੀਆਂ ਵਿਚ ਉਚੇਚੇ ਤੌਰ 'ਤੇ ਭਾਗ ਲਿਆ। ਹਜ਼ਰਤ ਮੁਹੰਮਦ (ਸ.) ਬਚਪਨ ਵਿਚ ਭਾਵੇਂ ਬਕਾਇਦਾ ਸਿੱਖਿਆ ਪ੍ਰਾਪਤ ਨਾ ਕਰ ਸਕੇ ਪਰੰਤੂ ਫਿਰ ਵੀ ਆਪ (ਸ.) ਦੀ ਬਹੁਪੱਖੀ ਸ਼ਖ਼ਸੀਅਤ ਇਲਮ ਅਤੇ ਇਖ਼ਲਾਕ ਦੀ ਉੱਤਮ ਤਸਵੀਰ ਪੇਸ਼ ਕਰਦੀ ਹੈ। ਵਿਵਹਾਰ ਅਤੇ ਇਖ਼ਲਾਕ ਦੀ ਉੱਤਮਤਾ ਕਾਰਨ ਆਪ (ਸ.) ਦਾ ਸ਼ੁਮਾਰ ਜਲਦੀ ਹੀ ਸਮਾਜ ਦੇ ਸਤਿਕਾਰਤ ਲੋਕਾਂ ਵਿਚ ਹੋਣ ਲੱਗ ਪਿਆ ਅਤੇ ਲੋਕਾਂ ਵਿਚ ਆਪ (ਸ.) ਵਿਸ਼ੇਸ਼ ਗੁਣਵਾਚਕ ਨਾਵਾਂ 'ਸਾਦਿਕ' ਅਤੇ 'ਅਮੀਨ' (ਸੱਚਾ ਅਤੇ ਅਮਾਨਤਦਾਰ) ਨਾਲ ਪ੍ਰਸਿੱਧ ਹੋ ਗਏ।

ਹਜ਼ਰਤ ਮੁਹੰਮਦ (ਸ.) ਨੇ ਪਰਿਵਾਰ ਦੀ ਰਾਇ ਅਨੁਸਾਰ ਬੀਬੀ ਖ਼ਦੀਜਾ (ਰਜ਼ੀ.) ਨਾਲ ਨਿਕਾਹ ਕੀਤਾ। ਬੀਬੀ ਖ਼ਦੀਜਾ (ਰਜ਼ੀ.) ਮੱਕੇ ਦੀ ਅਮੀਰ ਅਤੇ ਸਤਿਕਾਰਤ ਇਸਤਰੀ ਸੀ, ਜੋ ਇਸ ਤੋਂ ਪਹਿਲਾਂ ਦੋ ਵਾਰ ਵਿਧਵਾ ਹੋ ਚੁੱਕੀ ਸੀ। ਆਪ (ਸ.) ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ

ਹੋ ਕੇ ਉਸਨੇ ਨਿਕਾਹ ਦਾ ਪੈਗਾਮ ਭੇਜਿਆ। ਨਿਕਾਹ ਸਮੇਂ ਹਜ਼ਰਤ ਮੁਹੰਮਦ (ਸ.) ਦੀ ਉਮਰ ਪੱਚੀ ਸਾਲ ਤੇ ਬੀਬੀ ਖ਼ਦੀਜਾ (ਰਜ਼ੀ.) ਦੀ ਉਮਰ ਚਾਲੀ ਸਾਲ ਸੀ। ਨਿਕਾਹ ਉਪਰੰਤ ਆਪ (ਸ.) ਦੇ ਘਰ ਤਿੰਨ ਪੁੱਤਰ ਅਤੇ ਚਾਰ ਧੀਆਂ ਦਾ ਜਨਮ ਹੋਇਆ ਪਰੰਤੂ ਪੂਰਵ-ਨਬੁੱਵਤ ਕਾਲ ਵਿਚ ਹੀ ਆਪ (ਸ.) ਦੇ ਤਿੰਨੋਂ ਪੁੱਤਰ ਰੱਬ ਨੂੰ ਪਿਆਰੇ ਹੋ ਗਏ।[7] ਹਜ਼ਰਤ ਮੁਹੰਮਦ (ਸ.) ਅਤੇ ਬੀਬੀ ਖ਼ਦੀਜਾ (ਰਜ਼ੀ.) ਦਾ ਨਿਕਾਹ ਸੰਸਾਰਿਕ ਅਤੇ ਧਾਰਮਿਕ ਤੌਰ 'ਤੇ ਬਹੁਤ-ਸਫਲ ਰਿਹਾ। ਬੀਬੀ ਖ਼ਦੀਜਾ (ਰਜ਼ੀ.) ਦੇ ਜੀਵਨ ਕਾਲ ਵਿਚ ਆਪ (ਸ.) ਨੇ ਕੋਈ ਹੋਰ ਨਿਕਾਹ ਨਹੀਂ ਕੀਤਾ। ਬੀਬੀ ਖ਼ਦੀਜਾ(ਰਜ਼ੀ.) ਦੀ ਵਫ਼ਾਤ (620 ਈ.) ਉਪਰੰਤ ਆਪ (ਸ.) ਨੇ 55 ਸਾਲ ਦੀ ਉਮਰ ਤੋਂ ਬਾਅਦ ਰੱਬੀ ਹੁਕਮਾਂ ਅਧੀਨ ਹੋਰ ਨਿਕਾਹ ਕੀਤੇ।

ਅਰਬ ਸਮਾਜ ਵਿਚ ਫੈਲੀਆਂ ਵਿਭਿੰਨ ਬੁਰਾਈਆਂ ਨੇ ਆਪ (ਸ.) ਨੂੰ ਬੜੀ ਸ਼ਿੱਦਤ ਨਾਲ ਪ੍ਰਭਾਵਿਤ ਕੀਤਾ। ਲੋਕ ਹਜ਼ਰਤ ਇਬਰਾਹੀਮ (ਅਲੈ.) ਅਤੇ ਹਜ਼ਰਤ ਈਸਾ (ਅਲੈ.) ਦੁਆਰਾ ਪੇਸ਼ ਇਕੀਸ਼ਵਰਵਾਦੀ ਧਰਮ ਤੋਂ ਬਹੁਤ ਦੂਰ ਹੋ ਗਏ ਸਨ। ਪਵਿੱਤਰ ਖ਼ਾਨਾ-ਕਾਅਬਾ ਵਿਚ ਮੂਰਤੀਆਂ ਸਥਾਪਿਤ ਸਨ ਅਤੇ ਬੁੱਤ-ਪੂਜਾ ਦਾ ਆਮ ਰਿਵਾਜ਼ ਸੀ। ਮਾਨਵੀ ਜੀਵਨ ਵਿਚ ਵਿਆਪਤ ਬੁਰਾਈਆਂ ਅਤੇ ਗੰਭੀਰ ਦਾਰਸ਼ਨਿਕ ਸਮੱਸਿਆਵਾਂ ਨੇ ਆਪ (ਸ.) ਦਾ ਧਿਆਨ ਵਿਸ਼ੇਸ਼ ਰੂਪ ਵਿਚ ਆਕਰਸ਼ਿਤ ਕੀਤਾ। ਹੌਲੀ-ਹੌਲੀ ਆਪ (ਸ.) ਦਾ ਮਨ ਦੁਨੀਆਂ ਤੋਂ ਉਪਰਾਮ ਹੋਣ ਲੱਗ ਪਿਆ। ਆਪ (ਸ.) ਅਕਸਰ ਪਾਣੀ ਅਤੇ ਸੱਤੂ ਲੈ ਕੇ ਉੱਚੇ ਪਹਾੜ 'ਤੇ ਸਥਿਤ 'ਹਿਰਾ' ਨਾਮਕ ਗੁਫਾ ਵਿਚ ਚਲੇ ਜਾਂਦੇ। ਇਹ ਇਕਾਂਤ ਤਪੱਸਿਆ ਜੀਵਨ ਦੇ 33ਵੇਂ ਸਾਲ ਤੋਂ ਆਰੰਭ ਹੋ ਕੇ 40 ਸਾਲ ਦੀ ਉਮਰ ਤਕ ਜਾਰੀ ਰਹੀ। ਅੰਤਿਮ ਸਮੇਂ 'ਚ ਇਹ ਮੁਰਾਕਬੇ (contemplations) ਬਹੁਤ ਲੰਮੇ ਹੋ ਗਏ ਸਨ। ਇਸ ਅਰਸੇ ਦੌਰਾਨ ਬੀਬੀ ਖ਼ਦੀਜਾ (ਰਜ਼ੀ.) ਦਾ ਪੂਰਨ ਮਿਲਵਰਤਨ ਅਤੇ ਸਹਿਯੋਗ ਆਪ (ਸ.) ਨੂੰ ਪ੍ਰਾਪਤ ਰਿਹਾ। ਸੱਤ ਸਾਲ ਦੇ ਮੁਰਾਕਬਿਆਂ ਤੋਂ ਬਾਅਦ ਆਪ (ਸ.) ਨੂੰ ਪਹਿਲਾਂ ਸੱਚੇ ਸੁਪਨੇ ਵਿਖਾਈ ਦੇਣ ਲੱਗ ਪਏ ਅਤੇ ਫਿਰ ਇਕ ਦਿਨ ਹਿਰਾ ਨਾਮਕ ਗੁਫਾ ਵਿਖੇ ਹਜ਼ਰਤ ਜਿਬਰਾਈਲ (ਅਲੈ.) ਭੇਜ ਕੇ ਅੱਲਾਹ ਨੇ ਆਪ (ਸ.) ਨੂੰ ਆਪਣੀ ਨਬੁੱਵਤ ਨਾਲ ਨਵਾਜ਼ ਦਿੱਤਾ।[8] ਇਸ ਸਮੇਂ ਆਪ (ਸ.) ਦੀ ਉਮਰ 40 ਸਾਲ ਦੇ ਲਗਭਗ ਸੀ।

ਹਜ਼ਰਤ ਮੁਹੰਮਦ (ਸ.) ਨੇ ਪੈਗੰਬਰ ਬਣਨ ਉਪਰੰਤ ਰੱਬ ਦਾ ਪੈਗਾਮ ਉਸਦੇ ਬੰਦਿਆਂ ਤਕ ਪਹੁੰਚਾਉਣਾ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਕਰੀਬੀ ਦੋਸਤਾਂ ਨੂੰ ਇਸਲਾਮ ਦੀ ਦਾਅਵਤ ਦਿੱਤੀ ਗਈ। ਆਪ (ਸ.) ਦੀ ਨੱਬੁਵਤ 'ਤੇ ਈਮਾਨ ਲਿਆਉਣ ਵਾਲੇ ਪਹਿਲੇ ਤਿੰਨ ਵਿਅਕਤੀ ਹਨ - ਬੀਬੀ ਖ਼ਦੀਜਾ, ਹਜ਼ਰਤ ਅਲੀ ਅਤੇ ਦੋਸਤ ਹਜ਼ਰਤ ਅਬੂ ਬਕਰ (ਰਜ਼ੀ.)। ਸ਼ੁਰੂ ਵਿਚ ਆਪ (ਸ.) ਨੇ ਗੁਪਤ ਰੂਪ ਵਿਚ ਧਰਮ ਪ੍ਰਚਾਰ ਕੀਤਾ। ਆਪ (ਸ.) ਦੇ ਅਨੁਯਾਈਆਂ ਦੀ ਗਿਣਤੀ ਵਿਚ ਕੁਝ ਵਾਧਾ ਹੁੰਦਾ ਦਿਸਿਆ ਤਾਂ ਕੁਰੈਸ਼ ਕਬੀਲੇ ਦੇ ਬੁੱਤ-ਪ੍ਰਸਤ ਸਰਦਾਰ ਇਸ ਨਵੀਨ ਇਕੀਸ਼ਵਰਵਾਦੀ ਧਾਰਮਿਕ ਲਹਿਰ ਦੇ ਵਿਰੋਧੀ ਬਣ ਗਏ। ਜਦੋਂ ਹਜ਼ਰਤ ਮੁਹੰਮਦ (ਸ.) ਨੇ ਹੁਕਮ-ਏ-ਇਲਾਹੀ ਦੀ ਪਾਲਣਾ ਕਰਦਿਆਂ ਇਸਲਾਮ ਦਾ ਖੁੱਲ੍ਹੇ-ਆਮ ਪ੍ਰਚਾਰ ਕਰਨਾ ਸ਼ੁਰੂ ਕੀਤਾ ਤਾਂ ਇਹ ਵਿਰੋਧਤਾ ਅਤਿਅੰਤ ਸ਼ਿੱਦਤ ਇਖਤਿਆਰ ਕਰ ਗਈ। ਹਜ਼ਰਤ ਮੁਹੰਮਦ (ਸ.) ਨੂੰ ਕੁਰੈਸ਼ੀ ਲੋਕਾਂ ਵੱਲੋਂ ਪਾਗਲ, ਜਾਦੂਗਰ, ਕਵੀ ਅਤੇ ਕਿਸੇ ਅਦ੍ਰਿਸ਼ਟ

ਸ਼ਕਤੀ ਤੋਂ ਪ੍ਰਭਾਵਿਤ ਵਿਅਕਤੀ ਕਹਿ ਕੇ ਬਦਨਾਮ ਕਰਨ ਦਾ ਯਤਨ ਕੀਤਾ ਗਿਆ, ਤਰ੍ਹਾਂ-ਤਰ੍ਹਾਂ ਦੇ ਸੰਸਾਰਿਕ ਲਾਲਚ ਦਿੱਤੇ ਗਏ ਪਰੰਤੂ ਇਹ ਸਭ ਕੁਝ ਆਪ (ਸ.) ਨੂੰ ਧਰਮ ਪ੍ਰਚਾਰ ਤੋਂ ਨਾ ਰੋਕ ਸਕਿਆ। ਫਲਸਰੂਪ ਅਣ-ਮਨੁੱਖੀ ਅੱਤਿਆਚਾਰਾਂ ਦੀ ਇਕ ਲੰਮੀ ਲੜੀ ਆਪ (ਸ.) ਦੇ ਨਾਲ-ਨਾਲ ਨਵ-ਮੁਸਲਮਾਨਾਂ ਦਾ ਵੀ ਮੁਕੱਦਰ ਬਣ ਗਈ।

ਹਜ਼ਰਤ ਮੁਹੰਮਦ (ਸ.) ਅਤੇ ਉਹਨਾਂ ਦੇ ਪਰਿਵਾਰ ਸਮੇਤ ਸਮੂਹ ਵਿਸ਼ਵਾਸੀਆਂ ਨੂੰ 617 ਈ. ਵਿਚ ਸਮਾਜਿਕ ਬਾਈਕਾਟ ਕਰਨ ਉਪਰੰਤ ਤਿੰਨ ਸਾਲ ਬੰਦੀ ਬਣਾ ਕੇ ਰੱਖਿਆ ਗਿਆ। ਰੱਬੀ ਮਦਦ ਸਦਕਾ ਬਾਈਕਾਟ ਦੀ ਸਮਾਪਤੀ ਅਤੇ ਰਿਹਾਈ ਉਪਰੰਤ ਨਬੀ (ਸ.) ਨੂੰ ਕੁਝ ਰਾਹਤ ਮਿਲੀ ਪਰੰਤੂ ਕੁੱਝ ਮਹੀਨੇ ਬਾਅਦ ਹੀ ਆਪ ਦੇ ਸੰਸਾਰਿਕ ਰੂਪ ਵਿਚ ਪ੍ਰਮੁਖ ਸਹਾਰੇ ਚਾਚਾ ਅਬੂ ਤਾਲਿਬ ਦਾ ਦਿਹਾਂਤ ਹੋ ਗਿਆ। ਇਸ ਤੋਂ ਬਾਅਦ ਬੀਬੀ ਖ਼ਦੀਜਾ (ਰਜ਼ੀ.) ਵੀ ਰੱਬ ਨੂੰ ਪਿਆਰੀ ਹੋ ਗਈ। ਆਪ (ਸ.) ਨੇ ਇਸ ਸਾਲ (620 ਈ.) ਨੂੰ ਆਮ-ਉਲ-ਹੁਜ਼ਨ (ਸੋਗਮਈ ਵਰ੍ਹਾ) ਕਿਹਾ ਹੈ। ਗੁਜ਼ਰ ਰਹੇ ਇਹਨਾਂ ਦੁਖਦਾਈ ਦਿਨਾਂ ਵਿਚ ਇਕ ਰਾਤ ਆਪ (ਸ.) ਨੂੰ ਅੱਲਾਹ ਨੇ ਮੁਲਾਕਾਤ ਅਤੇ ਦੀਦਾਰ ਦੇ ਲਈ ਸੱਤਵੇਂ ਅਸਮਾਨ ਤੇ ਬੁਲਾਇਆ। ਵਿਸ਼ਵ ਦੇ ਇਤਿਹਾਸ ਦੀ ਇਸ ਪ੍ਰਥਮ, ਪ੍ਰਸਿੱਧ ਅਤੇ ਵਿਲੱਖਣ ਘਟਨਾ ਨੂੰ ਮਿਅਰਾਜ[a] ਕਿਹਾ ਜਾਂਦਾ ਹੈ। ਮੱਕਾ ਨਿਵਾਸੀਆਂ ਵੱਲੋਂ ਮੁਸਲਮਾਨਾਂ 'ਤੇ ਕੀਤੇ ਜ਼ੁਲਮਾਂ ਵਿਚ ਲਗਾਤਾਰ ਵਾਧਾ ਹੁੰਦਾ ਗਿਆ। ਜਦੋਂ ਹੋਰ ਸਭ ਢੰਗ ਤਰੀਕੇ ਅਸਫਲ ਹੋ ਗਏ ਤਾਂ ਵਿਰੋਧੀ ਆਪ (ਸ.) ਨੂੰ ਕਤਲ ਕਰਨ ਲਈ ਤਿਆਰ ਹੋ ਗਏ। ਉਸ ਵਕਤ ਅੱਲਾਹ ਨੇ ਹਜ਼ਰਤ ਜਿਬਾਈਲ (ਅਲੈ.) ਰਾਹੀਂ ਆਪ (ਸ.) ਨੂੰ ਮਦੀਨਾ ਵਿਖੇ ਹਿਜਰਤ (migration) ਕਰਨ ਦਾ ਆਦੇਸ਼ ਦਿੱਤਾ।

ਹਜ਼ਰਤ ਮੁਹੰਮਦ (ਸ.) ਨੇ ਆਪਣੇ ਦੋਸਤ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਨਾਲ 622 ਈ. ਵਿਚ ਮੱਕੇ ਤੋਂ ਮਦੀਨਾ ਵਿਖੇ ਹਿਜਰਤ ਕੀਤੀ। ਇਸਲਾਮ ਧਰਮ ਦਾ ਹਿਜਰੀ ਸੰਨ ਇਸੇ ਘਟਨਾ ਤੋਂ ਆਰੰਭ ਹੁੰਦਾ ਹੈ। ਮਦੀਨਾ ਵਾਸੀਆਂ ਨੇ ਹਜ਼ਰਤ ਮੁਹੰਮਦ (ਸ.) ਦਾ ਭਰਪੂਰ ਸੁਆਗਤ ਕੀਤਾ ਅਤੇ ਮੱਕੇ ਤੋਂ ਹਿਜਰਤ ਕਰਕੇ ਆਉਣ ਵਾਲੇ ਮੁਹਾਜਿਰਾਂ ਦੀ ਹਰ ਤਰ੍ਹਾਂ ਦਿਲ ਖੋਲ੍ਹ ਕੇ ਮਦਦ ਕੀਤੀ। ਹਜ਼ਰਤ ਮੁਹੰਮਦ (ਸ.) ਨੇ ਮਦੀਨਾ ਵਿਖੇ ਇਕ ਮਸਜਿਦ ਦਾ ਨਿਰਮਾਣ ਕੀਤਾ, ਜੋ ਅੱਜ ਵਿਸ਼ਵ ਵਿਚ ਮਸਜਿਦ-ਏ-ਨਬਵੀ ਦੇ ਨਾਮ ਨਾਲ ਪ੍ਰਸਿੱਧ ਹੈ। ਮਦੀਨਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਧਰਮ ਪ੍ਰਚਾਰ ਤੋਂ ਬਿਨਾਂ ਆਪ (ਸ.) ਨੇ ਇਸਲਾਮ ਦੇ ਵਿਸ਼ਵ-ਵਿਆਪੀ ਪ੍ਰਚਾਰ/ਪ੍ਰਸਾਰ ਹਿੱਤ ਕੁਝ ਦੇਸ਼ਾਂ ਦੇ ਬਾਦਸ਼ਾਹਾਂ ਨੂੰ ਖ਼ੱਤ[a] ਲਿਖੇ ਜਿਸ ਤੇ ਰਲਵਾਂ-ਮਿਲਵਾਂ ਹੁੰਗਾਰਾ ਪ੍ਰਾਪਤ ਹੋਇਆ।

ਮੱਕਾ ਨਿਵਾਸੀ ਅਜੇ ਵੀ ਇਸਲਾਮ ਵਿਰੋਧੀ ਨੀਤੀਆਂ 'ਤੇ ਪਹਿਰਾ ਦੇ ਰਹੇ ਸਨ। ਜਿਸ ਕਾਰਨ ਹਜ਼ਰਤ ਮੁਹੰਮਦ (ਸ.) ਨੂੰ ਕਈ ਜੰਗਾਂ ਲੜਨੀਆਂ ਪਈਆਂ, ਜਿਨ੍ਹਾਂ ਵਿਚ ਬਦਰ, ਓਹਦ, ਖੰਦਕ, ਖੈਬਰ ਆਦਿ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਇਹਨਾਂ ਯੁੱਧਾਂ ਦਾ ਆਖਿਰਕਾਰ ਇਹ ਨਤੀਜਾ ਨਿਕਲਿਆ ਕਿ ਮੁਸਲਮਾਨਾਂ ਨੇ ਸ਼ਾਂਤੀਪੂਰਵਕ ਰੂਪ ਵਿਚ ਮੱਕਾ ਫਤਿਹ ਕਰ ਲਿਆ ਅਤੇ ਖ਼ੁਦਾ ਦਾ ਘਰ ਖ਼ਾਨਾ-ਕਾਅਬਾ ਚਿੱਤਰਾਂ/ਮੂਰਤੀਆਂ ਤੋਂ ਪਾਕ ਹੋ ਗਿਆ। ਇਸ ਤਰ੍ਹਾਂ ਹਜ਼ਰਤ ਮੁਹੰਮਦ (ਸ.) ਦੇ ਜੀਵਨ ਕਾਲ ਵਿਚ ਹੀ ਸਾਰਾ ਅਰਬ ਇਕ ਰਾਸ਼ਟਰ ਅਤੇ ਇਕ ਧਰਮ ਦੇ ਸੂਤਰ ਵਿਚ ਬੱਝ ਕੇ ਇਸਲਾਮ ਵਿਚ ਦਾਖਲ ਹੋ ਗਿਆ ਸੀ। ਮੱਕੇ

ਉਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਆਪ (ਸ.) ਨੇ ਮਦੀਨਾ ਨਿਵਾਸੀਆਂ ਦੇ ਪਿਆਰ ਤੇ ਮੋਹ ਦਾ ਸਤਿਕਾਰ ਕਰਦਿਆਂ ਮਦੀਨਾ ਵਿਖੇ ਹੀ ਰਿਹਾਇਸ਼ ਇਖਤਿਆਰ ਕੀਤੀ। ਮੱਕੀ ਨਬੁੱਵਤ-ਕਾਲ ਵਿਚ ਇਸਲਾਮ ਦੇ ਕੁੱਝ ਪ੍ਰਮੁਖ ਅਕਦਿਆਂ ਜਿਵੇਂ ਤੌਹੀਦ, ਰਿਸਾਲਤ, ਆਖ਼ਰਤ (the life hereafter) ਅਤੇ ਕੁਝ ਸਮਾਜਿਕ ਬੁਰਾਈਆਂ ਦੀ ਮਨਾਹੀ ਸਿੱਖਿਆ ਦਾ ਮੁੱਖ ਕੇਂਦਰ ਰਹੀ ਸੀ। ਮਦਨੀ ਨਬੁੱਵਤ-ਕਾਲ ਵਿਚ ਇਸਲਾਮ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਪਰਿਪੇਖ ਸੰਪੂਰਨ ਹੋ ਗਿਆ। ਹਜ਼ਰਤ ਮੁਹੰਮਦ (ਸ.) ਦੇ ਨਿਵਾਸ-ਕ੍ਰਮ ਅਨੁਸਾਰ ਕੁਰਆਨ ਸ਼ਰੀਫ ਦੀਆਂ ਮੱਕਾ ਵਿਖੇ ਨਾਜ਼ਿਲ ਹੋਈਆਂ ਸੂਰਤਾਂ ਨੂੰ 'ਮੱਕੀ' ਅਤੇ ਮਦੀਨਾ ਵਿਖੇ ਨਾਜ਼ਿਲ ਹੋਈਆਂ ਸੂਰਤਾਂ ਨੂੰ 'ਮਦਨੀ' ਸੂਰਤਾਂ ਕਿਹਾ ਜਾਂਦਾ ਹੈ। ਦੁਨੀਆਂ ਵਿਚ ਤਸ਼ਰੀਫ ਲਿਆਉਣ ਦਾ ਮੰਤਵ ਪੂਰਾ ਹੋਣ ਉਪਰੰਤ ਆਪ (ਸ.) 63 ਸਾਲ ਦੀ ਉਮਰ ਵਿਚ ਕੁਝ ਦਿਨ ਬਿਮਾਰ ਰਹਿਣ ਮਗਰੋਂ 8 ਜੂਨ, 632 ਈ. ਨੂੰ ਰੱਬ ਨੂੰ ਪਿਆਰੇ ਹੋ ਗਏ।

ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਹਜ਼ਰਤ ਮੁਹੰਮਦ (ਸ.) ਦੀ ਵਫ਼ਾਤ ਤੋਂ ਬਾਅਦ ਉਹਨਾਂ ਦੇ ਚਾਰ ਖ਼ਲੀਫ਼ਿਆਂ/ਉਤਰਾਧਿਕਾਰੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਹਨਾਂ ਨੂੰ ਖੁਲਫਾ-ਏ-ਰਾਸ਼ਦੀਨ ਅਤੇ ਇਹਨਾਂ ਦੇ ਸ਼ਾਸਨ ਕਾਲ ਨੂੰ ਖ਼ਿਲਾਫ਼ਤ ਕਿਹਾ ਜਾਂਦਾ ਹੈ। ਇਸ ਸ਼ਾਸਨ-ਕਾਲ ਦੌਰਾਨ ਇਸਲਾਮ ਨੇ ਸੰਗਠਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਕਤੀ ਦਾ ਰੂਪ ਧਾਰਨ ਕਰਦਿਆਂ ਬਹੁਪੱਖੀ ਵਿਕਾਸ ਗ੍ਰਹਿਣ ਕੀਤਾ। ਇਸਲਾਮ ਦੇ ਚਾਰ ਪ੍ਰਥਮ ਅਤੇ ਪ੍ਰਮੁਖ ਖ਼ਲੀਫ਼ਿਆਂ ਦੇ ਨਾਮ ਅਤੇ ਸ਼ਾਸਨ-ਕਾਲ ਸੰਬੰਧੀ ਵੇਰਵਾ ਇਸ ਪ੍ਰਕਾਰ ਹੈ : (ੳ) ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) 632-634 ਈ., (ਅ) ਹਜ਼ਰਤ ਉਮਰ ਫਾਰੂਕ (ਰਜ਼ੀ.) 634-644 (ਈ.), (ੲ) ਹਜ਼ਰਤ ਉਸਮਾਨ ਗਨੀ (ਰਜ਼ੀ.) 644-656 ਈ. ਅਤੇ (ਸ.) ਹਜ਼ਰਤ ਅਲੀ (ਰਜ਼ੀ.) 656-661 ਈ.।

ਇਸਲਾਮ ਦੇ ਕਲਮਾ-ਏ-ਤੱਯਬਾ ਦਾ ਪਹਿਲਾ ਭਾਗ ਇਕ ਰੱਬ ਦੀ ਹੋਂਦ/ਬੰਦਗੀ ਦਾ ਇਕਰਾਰ ਹੈ ਅਤੇ ਦੂਜਾ ਭਾਗ ਅੰਤਿਮ ਤੇ ਸਰਬੋਤਮ ਪੈਗੰਬਰ ਹਜ਼ਰਤ ਮੁਹੰਮਦ (ਸ.) ਦੀ ਰਿਸਾਲਤ ਨਾਲ ਸੰਬੰਧਿਤ ਹੈ। ਆਪ (ਸ.) ਦੁਆਰਾ ਪ੍ਰਸਤਾਵਿਤ ਸ਼ਰੀਅਤ ਇਸਲਾਮ ਧਰਮ ਦਾ ਸਿਧਾਂਤਕ ਅਤੇ ਵਿਵਹਾਰਕ ਪਰਿਪੇਖ ਨਿਰਧਾਰਿਤ ਕਰਦੀ ਹੈ। ਇਸਲਾਮੀ ਦ੍ਰਿਸ਼ਟੀਕੋਣ ਅਨੁਸਾਰ ਹਜ਼ਰਤ ਮੁਹੰਮਦ (ਸ.) ਦੁਨਿਆਵੀ ਅਤੇ ਰੂਹਾਨੀ ਅਗਵਾਈ ਲਈ ਰੱਬ ਵੱਲੋਂ ਭੇਜੇ ਗਏ ਅੰਤਿਮ ਪੈਗੰਬਰ ਹਨ। ਕੁਰਆਨ ਮਜੀਦ ਵਿਚ ਫ਼ਰਮਾਇਆ ਗਿਆ ਹੈ ਕਿ ਹਜ਼ਰਤ ਮੁਹੰਮਦ (ਸ.) :

'ਅੱਲਾਹ ਦੇ ਰਸੂਲ ਅਤੇ ਨਬੀਆਂ ਦੇ ਸਮਾਪਕ (ਖ਼ਾਤਿਮ-ਉਲ-ਨਬੀਈਨ) ਹਨ।'

(ਸੂਰਤ ਅਲ-ਅਹਜ਼ਾਬ : 5)

ਅਰਬ ਭਾਸ਼ਾਈ ਰਸੂਲ ਸ਼ਬਦ ਦਾ ਅਰਥ ਹੈ ਸੰਦੇਸ਼ਵਾਹਕ ਜਾਂ ਪੈਗ਼ੰਬਰ। 'ਜਿਸ ਵਿਅਕਤੀ ਨੂੰ ਖੁਦਾ ਆਮ ਲੋਕਾਂ ਦੀ ਰਹਿਨੁਮਾਈ ਲਈ ਨਿਯੁਕਤ ਕਰੇ ਅਤੇ ਉਸਦੇ ਜ਼ਰੀਏ ਲੋਕਾਂ ਕੋਲ ਆਪਣਾ ਪੈਗਾਮ ਭੇਜੇ, ਇਸਲਾਮ ਧਰਮ ਵਿਚ ਉਸਨੂੰ ਰਸੂਲ ਜਾਂ ਨਬੀ ਕਿਹਾ ਜਾਂਦਾ ਹੈ। ਇਸਲਾਮ ਵਿਚ ਰਿਸਾਲਤ ਦੀ ਪਰੰਪਰਾ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਕੁਰਆਨ ਸ਼ਰੀਫ ਵਿਚ ਫ਼ਰਮਾਇਆ ਗਿਆ ਹੈ ਕਿ 'ਰਸੂਲ ਦੀ ਚੋਣ ਕਰਨਾ ਅੱਲਾਹ ਦਾ ਹੀ ਕੰਮ ਹੈ।' ਇਕ ਹੋਰ ਥਾਂ ਫ਼ਰਮਾਇਆ ਹੈ ਕਿ 'ਉਹੀ ਬਿਹਤਰ ਜਾਣਦਾ ਹੈ ਕਿ ਰਿਸਾਲਤ ਦਾ ਪਦ (ਕੰਮ) ਕਿੱਥੇ ਅਤੇ

ਕਿਸਨੂੰ ਸੌਂਪਿਆ ਜਾਵੇ।'

ਕੁਰਆਨ ਅਨੁਸਾਰ :

'ਅਤੇ ਹਰ ਉੱਮਤ (ਕੌਮ) ਦੇ ਲਈ ਰਸੂਲ ਭੇਜਿਆ ਗਿਆ।'

(ਸੂਰਤ ਯੂਨੁਸ : 47)

'ਜਿਸਨੇ ਰਸੂਲ ਦੀ ਪੈਰਵੀ ਕੀਤੀ, ਉਸਨੇ ਅੱਲਾਹ ਦੀ ਪੈਰਵੀ ਕੀਤੀ।

(ਸੂਰਤਅਨ ਨਿਸਾ : 80)

ਪੈਗ਼ੰਬਰ ਇਸ ਦੁਨੀਆਂ ਵਿਚ ਰੱਬ ਦਾ ਖ਼ਲੀਫ਼ਾ (ਪ੍ਰਤੀਨਿਧ) ਹੁੰਦਾ ਹੈ, ਜਿਸ ਦੀ ਚੋਣ ਖੁਦਾ ਦੀ ਇੱਛਾ ਅਤੇ ਮਰਜ਼ੀ 'ਤੇ ਨਿਰਭਰ ਕਰਦੀ ਹੈ। ਕੋਈ ਮਨੁੱਖ ਆਪਣੀ ਬੰਦਗੀ, ਇੱਛਾ ਜਾਂ ਯੋਗਤਾ ਸਦਕਾ ਪੈਗ਼ੰਬਰ ਨਹੀਂ ਬਣ ਸਕਦਾ। ਰੱਬ ਨੇ ਮਨੁੱਖ ਦੀ ਸਿਰਜਣਾ ਵਿਰੋਧੀ ਸ਼ਕਤੀਆਂ ਨੂੰ ਸੰਯੁਕਤ ਕਰਕੇ ਕੀਤੀ ਹੈ। ਮਨੁੱਖੀ ਵਜੂਦ ਵਿਚ ਨੇਕੀ ਅਤੇ ਬਦੀ ਦੀਆਂ ਦੋ ਪਰਸਪਰ ਵਿਰੋਧੀ ਭਾਵਨਾਵਾਂ/ਸ਼ਕਤੀਆਂ ਵਿਦਮਾਨ ਹਨ। ਰੱਬ ਪੈਗ਼ੰਬਰੀ ਦਾ ਉਚਤਮ ਅਤੇ ਮਹਾਨ ਕੰਮ ਲੈਣ ਲਈ ਜਦੋਂ ਕਿਸੇ ਮਨੁੱਖ ਦੀ ਚੋਣ ਕਰਦਾ ਹੈ ਤਾਂ ਜਨਮ ਤੋਂ ਹੀ ਉਹ ਵਿਅਕਤੀ ਨੂੰ ਹਰ ਤਰ੍ਹਾਂ ਦੀ ਬੁਰਾਈ ਤੋਂ ਸੁਰੱਖਿਅਤ ਰੱਖਦਾ ਹੈ। ਹਜ਼ਰਤ ਮੁਹੰਮਦ (ਸ.) ਦਾ ਸਮੁੱਚਾ ਜੀਵਨ ਇਸ ਤੱਥ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦਾ ਹੈ। ਇਸ ਲਈ ਇਸਲਾਮ ਅਨੁਸਾਰ ਤਮਾਮ ਪੈਗ਼ੰਬਰ 'ਮਾਸੂਮ' ਭਾਵ ਗੁਨਾਹਾਂ ਤੋਂ ਪਾਕ ਹਨ। ਮਾਨਵੀ ਅਗਵਾਈ ਲਈ ਨਿਯੁਕਤ ਇਸ ਰਹਿਨੁਮਾ ਦੀ ਸਮੁੱਚੀ ਕਰਨੀ ਤੇ ਕਥਨੀ ਰੱਬੀ ਇੱਛਾ ਅਨੁਸਾਰ ਹੁੰਦੀ ਹੈ। ਆਪਣੀ ਇੱਛਾ ਅਨੁਸਾਰ ਕੋਈ ਪੈਗ਼ੰਬਰ ਨਾ ਕੋਈ ਆਦੇਸ਼ ਲੋਕਾਂ ਨੂੰ ਦੇ ਸਕਦਾ ਹੈ ਅਤੇ ਨਾ ਹੀ ਕਿਸੇ ਰੱਬੀ ਆਦੇਸ਼ ਨੂੰ ਲੋਕਾਂ ਤੋਂ ਛੁਪਾ ਸਕਦਾ ਹੈ। ਇਸਲਾਮ ਅਨੁਸਾਰ ਅੱਲਾਹ ਤੋਂ ਬਾਅਦ ਸਭ ਤੋਂ ਉੱਚਤਮ ਮਰਤਬਾ ਹਜ਼ਰਤ ਮੁਹੰਮਦ (ਸ.) ਦਾ ਹੈ ਅਤੇ ਅੱਲਾਹ ਦੀ ਖੁਸ਼ੀ ਪ੍ਰਾਪਤ ਕਰਨ ਲਈ ਉਸਦੇ ਪੈਗ਼ੰਬਰ ਦੀ ਪੈਰਵੀ ਕਰਨਾ ਲਾਜ਼ਮੀ ਹੈ।

ਫ਼ਰਮਾਇਆ ਗਿਆ ਹੈ :

'ਅਤੇ ਉਹ (ਰਸੂਲ) ਆਪਣੇ ਮਨ (ਨਫਸ) ਦੀ ਇੱਛਾ ਅਨੁਸਾਰ ਕੋਈ ਗੱਲ ਨਹੀਂ ਕਹਿੰਦੇ। ਉਹ ਜੋ ਕੁੱਝ ਕਹਿੰਦੇ ਹਨ, ਉਹ ਤਾਂ ਸਿਰਫ਼ ਉਹ ਵਹੀ ਹੁੰਦੀ ਹੈ ਜੋ ਉਹਨਾਂ ਉਪਰ ਨਾਜ਼ਿਲ ਕੀਤੀ ਜਾਂਦੀ ਹੈ।'

(ਸੂਰਤ ਅਨ-ਨਜਮ : 3-4)

ਹਜ਼ਰਤ ਮੁਹੰਮਦ (ਸ.) ਦਾ ਵਿਅਕਤਿਤਵ ਬਹੁਪੱਖੀ ਅਸਾਧਾਰਨ ਪ੍ਰਤਿਭਾ ਦਾ ਧਾਰਨੀ ਅਤੇ ਸਮੁੱਚੇ ਇਸਲਾਮੀ ਦਰਸ਼ਨ ਦਾ ਪ੍ਰੇਰਨਾ ਸਰੋਤ ਹੈ। ਪ੍ਰੋਫੈਸਰ ਕੇ. ਐਸ. ਰਾਮਾਕ੍ਰਿਸ਼ਨਾ ਰਾਓ ਅਨੁਸਾਰ, ''ਹਜ਼ਰਤ ਮੁਹੰਮਦ (ਸ.) ਦੇ ਵਿਕਤੀਤਵ ਦੀਆਂ ਸਾਰੀਆਂ ਸੱਚਾਈਆਂ ਦਾ ਗਿਆਨ ਪ੍ਰਾਪਤ ਕਰਨਾ ਔਖਾ ਕੰਮ ਹੈ। ਮੈਂ ਤਾਂ ਉਨ੍ਹਾਂ ਦੀਆਂ ਕੁਝ ਕੁ ਝਲਕੀਆਂ ਹੀ ਦੇਖ ਸਕਿਆ ਹਾਂ। ਆਪ ਦੀ ਸ਼ਖਸੀਅਤ ਦੇ ਮਨਮੋਹਕ ਦ੍ਰਿਸ਼ ਲਗਾਤਾਰ ਨਾਟਕੀ ਪ੍ਰਭਾਵ ਨਾਲ ਸਾਡੇ ਸਾਹਮਣੇ ਆਉਂਦੇ ਹਨ। ਪੈਗ਼ੰਬਰ ਮੁਹੰਮਦ .(ਸ.) ਕਈ ਰੂਪਾਂ ਵਿਚ ਸਾਡੇ ਸਾਹਮਣੇ ਆਉਂਦੇ ਹਨ ਜਿਵੇਂ ਇਕ ਪੈਗ਼ੰਬਰ ਦੇ ਰੂਪ ਵਿਚ, ਇਕ ਯੋਧੇ ਦੇ ਰੂਪ ਵਿਚ, ਇਕ ਵਪਾਰੀ, ਇਕ ਉਪਦੇਸ਼ਕ, ਇਕ ਕੂਟਨੀਤਕ, ਇਕ ਦਾਰਸ਼ਨਿਕ, ਇਕ ਸਮਾਜ ਸੁਧਾਰਕ, ਯਤੀਮਾਂ ਦੇ

ਹਮਦਰਦ, ਗੁਲਾਮਾਂ ਦੇ ਰਾਖੇ, ਇਸਤਰੀਆਂ ਨੂੰ ਵਾਧੂ ਸੰਸਕਾਰਾਂ ਤੋਂ ਮੁਕਤ ਕਰਾਉਣ ਵਾਲੇ, ਇਕ ਨਿਆਂਕਾਰ, ਇਕ ਦਰਵੇਸ਼ ਅਤੇ ਹੋਰ ਬਹੁਤ ਸਾਰੇ ਰੂਪਾਂ ਵਿਚ ਆਪ ਦਾ ਆਚਰਣ ਇਕ ਮਹਾਨ ਨਾਇਕ ਦੀ ਪ੍ਰਤਿਭਾ ਨੂੰ ਚਾਰ-ਚੰਨ ਲਾਉਂਦਾ ਹੈ।''[11] ਹਜ਼ਰਤ ਮੁਹੰਮਦ (ਸ.) ਦੀ ਬਹੁ-ਪੱਖੀ ਸ਼ਖਸੀਅਤ[12] ਦਾ ਉਲੇਖ ਮਾਰਟਿਨ ਲਿੰਗਜ਼ ਨੇ ਵੀ ਕੀਤਾ ਹੈ। ਇਹ ਨੁਕਤਾ ਵੀ ਮਹੱਤਵਪੂਰਨ ਹੈ ਕਿ ਮਾਨਵਜਾਤੀ ਲਈ ਹਜ਼ਰਤ ਮੁਹੰਮਦ (ਸ.) ਦੀ ਪੂਰਨ ਰੂਪ ਵਿਚ ਪੈਰਵੀ ਕਰਨਾ ਸੰਭਵ ਨਹੀਂ ਹੈ। ਉਹਨਾਂ ਦੇ ਜੀਵਨ ਦੀਆਂ ਕੁਝ ਘਟਨਾਵਾਂ ਅੱਲਾਹ ਵੱਲੋਂ ਬਖਸ਼ੀ ਵਿਸ਼ੇਸ਼ ਪੈਗੰਬਰਾਨਾ ਸ਼ਾਨ 'ਤੇ ਆਧਾਰਿਤ ਹਨ। ਮਿਸਾਲ ਵਜੋਂ ਮਿਅਰਾਜ ਦੀ ਘਟਨਾ ਜਿਸ ਵਿਚ ਰੱਬ ਨੇ ਆਪ (ਸ.) ਨੂੰ ਮੁਲਾਕਾਤ ਅਤੇ ਦੀਦਾਰ ਲਈ ਅਸਮਾਨ 'ਤੇ ਬੁਲਾਇਆ। ਜਾਂ ਫਿਰ ਸ਼ਕ-ਉਲ-ਕਮਰ ਦਾ ਮੁਅੱਜਜ਼ਾ, ਜਦੋਂ ਚੰਦ ਆਪ (ਸ.) ਦੀ ਉਂਗਲ ਦੇ ਇਸ਼ਾਰੇ ਨਾਲ ਦੋ ਟੁਕੜੇ ਹੋ ਗਿਆ ਸੀ। ਇਸ ਤਰ੍ਹਾਂ ਆਪ (ਸ.) ਦਾ ਜੀਵਨ ਅਤੇ ਸ਼ਖਸੀਅਤ ਬਹੁ-ਪੱਖੀ ਪਾਸਾਰਾਂ ਦੀ ਧਾਰਨੀ ਹੈ ਅਤੇ ਇਸ ਤਰ੍ਹਾਂ ਆਪ (ਸ.) ਦੇ ਜੀਵਨ ਤੋਂ ਮਾਨਵ ਜਾਤੀ ਹਰ ਕਦਮ 'ਤੇ ਅਗਵਾਈ ਪ੍ਰਾਪਤ ਕਰ ਸਕਦੀ ਹੈ। ਇਕ ਹਦੀਸ ਅਨੁਸਾਰ 'ਸਭ ਤੋਂ ਉੱਚਤਮ ਕਲਾਮ ਕੁਰਆਨ ਸ਼ਰੀਫ ਹੈ ਅਤੇ ਸਭ ਤੋਂ ਉੱਚਤਮ ਸ਼ਖਸੀਅਤ ਹਜ਼ਰਤ ਮੁਹੰਮਦ (ਸ.) ਦੀ ਹੈ, ਜਿਸਦੀ ਪੈਰਵੀ ਕਰਨੀ ਚਾਹੀਦੀ ਹੈ।'

ਪਵਿੱਤਰ ਕੁਰਆਨ ਅਨੁਸਾਰ :

'ਬੇਸ਼ੱਕ ਰਸੂਲ-ਏ-ਖੁਦਾ ਦੇ ਜੀਵਨ ਵਿਚ ਤੁਹਾਡੇ ਲਈ ਪੈਰਵੀ ਕਰਨ ਦਾ ਬਿਹਤਰੀਨ ਨਮੂਨਾ ਹੈ।'

(ਸੂਰਤ ਅਲ-ਅਹਜ਼ਾਬ : 21)

'ਅਤੇ ਅੱਲਾਹ ਦੇ ਰਸੂਲ ਤੁਹਾਨੂੰ ਜੋ ਹੁਕਮ ਦੇਣ ਉਸਨੂੰ ਸਵੀਕਾਰ ਕਰੋ ਅਤੇ ਜਿਸ ਚੀਜ਼ ਤੋਂ ਰੋਕਣ, ਉਸ ਤੋਂ ਰੁਕ ਜਾਓ।'

(ਸੂਰਤ ਅਲ-ਹਸ਼ਰ : 7)

ਉਪਰੋਕਤ ਪ੍ਰਸੰਗ ਵਿਚ ਪ੍ਰੋ. ਕੇ.ਐਸ. ਰਾਮਾਕ੍ਰਿਸ਼ਨਾ ਰਾਓ ਦੇ ਵਿਚਾਰ ਮਹੱਤਵਪੂਰਨ ਹਨ। ਲੇਖਕ ਅਨੁਸਾਰ ''ਇਹ ਧਰਮ (ਇਸਲਾਮ) ਇਤਿਹਾਸਕ ਹੈ ਅਤੇ ਇਸ ਧਰਮ ਦੇ ਪੈਗੰਬਰ ਦੀ ਸ਼ਖਸੀਅਤ ਵੀ ਇਤਿਹਾਸਕ ਹੈ। ਇਥੋਂ ਤੀਕ ਕਿ ਇਸਲਾਮ ਵਿਰੋਧੀ ਆਲੋਚਕ ਸਰ ਵਿਲੀਅਮ ਮਯੂਰ ਵੀ ਕੁਰਾਨ ਦੇ ਬਾਰੇ ਕਹਿੰਦਾ ਹੈ, ''ਸ਼ਾਇਦ ਦੁਨੀਆਂ ਵਿਚ ਕੋਈ ਅਜਿਹੀ ਦੂਸਰੀ ਪੁਸਤਕ (ਕੁਰਾਨ ਤੋਂ ਬਿਨ੍ਹਾਂ) ਨਹੀਂ ਜੋ ਬਾਰਾਂ ਸਦੀਆਂ ਤੋਂ ਪਿਛੋਂ ਵੀ ਆਪਣਾ ਮੂਲ ਪਾਠ ਸ਼ੁੱਧ ਰੂਪ ਵਿਚ ਸੁਰੱਖਿਅਤ ਰੱਖਦੀ ਹੋਵੇ।'' ਪਰ ਮੈਂ ਇਸ ਗੱਲ ਨੂੰ ਹੋਰ ਵਧਾ ਸਕਦਾ ਹਾਂ ਕਿ ਮੁਹੰਮਦ (ਸ.) ਹੀ ਅਜਿਹੇ ਇਕੱਲੇ ਵਿਅਕਤੀ ਹਨ, ਜਿਨ੍ਹਾਂ ਦੇ ਜੀਵਨ ਦੀ ਹਰ ਘਟਨਾ ਨੂੰ ਪੂਰੀ ਸਾਵਧਾਨੀ ਨਾਲ ਆਉਣ ਵਾਲੀਆਂ ਨਸਲਾਂ ਲਈ ਸੁਰੱਖਿਅਤ ਕਰ ਲਿਆ ਗਿਆ।[13]

ਹਜ਼ਰਤ ਮੁਹੰਮਦ (ਸ.) ਲਈ ਜਿਹੜੇ ਸਤਿਕਾਰਮਈ ਲਕਬ ਪ੍ਰਯੋਗ ਕੀਤੇ ਜਾਂਦੇ ਹਨ, ਉਹਨਾਂ ਵਿਚ ਸਾਦਿਕ ਅਤੇ ਅਮੀਨ (ਸੱਚਾ ਅਤੇ ਅਮਾਨਤਦਾਰ), ਰਹਿਮਤ-ਉਲ-ਲਿਲ-ਆਲਾਮੀਨ (ਕੁੱਲ ਕਾਇਨਾਤ ਲਈ ਰਹਿਮਤ) ਅਤੇ ਸਰਵਰ-ਏ-ਕਾਇਨਾਤ (ਕਾਇਨਾਤ ਦਾ

ਸਰਦਾਰ) ਆਦਿ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਆਪ ਦੀ ਇਕ ਹਦੀਸ ਹੈ ਕਿ ''ਮੈਨੂੰ ਰੱਬ ਨੇ ਹੁਸਨ-ਏ-ਇਖ਼ਲਾਕ ਦੀ ਪੂਰਤੀ ਲਈ ਭੇਜਿਆ ਹੈ।'' ਕੁਰਆਨ ਮਜੀਦ ਅਨੁਸਾਰ :

'ਅਤੇ ਅਸੀਂ ਤੁਹਾਨੂੰ ਸਾਰੇ ਸੰਸਾਰ ਲਈ ਰਹਿਮਤ ਬਣਾ ਕੇ ਭੇਜਿਆ ਹੈ।'

(ਸੂਰਤ ਅਲ-ਅੰਬੀਆ : 107)

'ਅਤੇ ਹਕੀਕਤ ਇਹ ਹੈ ਕਿ ਆਪ (ਮੁਹੰਮਦ) ਇਖ਼ਲਾਕ ਦੇ ਬੇਹੱਦ ਉਚਤਮ ਮਰਤਬੇ 'ਤੇ ਹਨ।'

(ਸੂਰਤ ਅਲ-ਕਲਮ : 4)

ਜਦੋਂ ਮਨੁੱਖ ਕਲਮਾ-ਏ-ਤਯੱਬਾ ਦੁਆਰਾ ਇਲਾਹੀ ਤੌਹੀਦ ਵਿਚ ਵਿਸ਼ਵਾਸ ਅਤੇ ਇਕਰਾਰ ਕਰਨ ਤੋਂ ਬਾਅਦ ਹਜ਼ਰਤ ਮੁਹੰਮਦ (ਸ.) ਦੀ ਰਿਸਾਲਤ ਦੀ ਤਸਦੀਕ ਕਰਦਾ ਹੈ ਤਾਂ ਉਸਦਾ ਭਾਵ ਇਹੀ ਹੁੰਦਾ ਹੈ ਕਿ ਆਪ (ਸ.) ਨੇ ਅੱਲਾਹ, ਦ੍ਰਿਸ਼ਟਮਾਨ ਜਗਤ ਅਤੇ ਆਖ਼ਰਤ ਸੰਬੰਧੀ ਜੋ ਕੁਝ ਫ਼ਰਮਾਇਆ ਹੈ ਉਹ ਸੱਚ ਹੈ। ਇਸ ਪ੍ਰਕਾਰ ਇਸ ਕਲਮੇ 'ਤੇ ਪੂਰਨ ਵਿਸ਼ਵਾਸ ਕਰਨਾ ਸਮੁੱਚੇ ਰੂਪ ਵਿਚ ਇਸਲਾਮੀ ਵਿਚਾਰਧਾਰਾ ਦੀ ਤਸਦੀਕ ਕਰਨਾ ਹੈ। ਹਜ਼ਰਤ ਮੁਹਮਦ (ਸ.) ਦੀ ਇਕ ਹਦੀਸ ਹੈ ਕਿ 'ਜਿਹੜਾ ਵਿਅਕਤੀ ਸੱਚੇ ਦਿਲ ਨਾਲ ਕਲਮਾ-ਏ-ਸ਼ਹਾਦਤ ਪੜ੍ਹੇ ਅਤੇ ਵੱਡੇ ਗੁਨਾਹਾਂ ਤੋਂ ਦੂਰ ਰਹੇ ਉਹ ਜੰਨਤ ਵਿਚ ਦਾਖਲ ਹੋਵੇਗਾ।' ਇਹ ਕਲਮਾ ਇਲਮ ਦਾ ਦਰਵਾਜ਼ਾ ਹੈ ਅਤੇ ਈਮਾਨ ਦੀ ਜੜ੍ਹ ਹੈ। ਇਕ ਮੁਸਲਿਮ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਹਜ਼ਰਤ ਮੁਹੰਮਦ (ਸ.) ਸੰਬੰਧੀ ਹੇਠ ਲਿਖੀਆਂ ਤਿੰਨ ਗੱਲਾਂ 'ਤੇ ਈਮਾਨ ਰੱਖੇ :

(ੳ) ਆਪ (ਸ.) ਅੱਲਾਹ ਦੇ ਸੱਚੇ ਪੈਗੰਬਰ ਹਨ।

(ਅ) ਆਪ (ਸ.) ਦੁਆਰਾ ਪੇਸ਼ ਸਿੱਖਿਆ/ਧਰਮ ਸੰਪੂਰਨ ਹੈ। ਇਸ ਵਿਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਅਤੇ ਇਹ ਹਰ ਗਲਤੀ ਤੋਂ ਪਾਕ ਹੈ।

(ੲ) ਆਪ ਅੱਲਾਹ ਦੁਆਰਾ ਭੇਜੇ ਗਏ ਆਖ਼ਰੀ ਪੈਗੰਬਰ ਹਨ।

ਇਸਲਾਮ ਦੀ ਪ੍ਰਮੁਖ ਸਿੱਖਿਆ ਤੌਹੀਦ (ਇਕੀਸ਼ਵਰਵਾਦ) ਹੈ। ਇਸਲਾਮੀ ਧਰਮ-ਚੇਤਨਾ, ਧਰਮ-ਸਾਧਨਾ ਅਤੇ ਧਾਰਮਿਕ ਵਿਧੀ-ਵਿਧਾਨ ਵਿਚ ਤੌਹੀਦ ਦਾ ਵਿਸ਼ੇਸ਼ ਮਹੱਤਵ ਹੈ। ਇਸਲਾਮੀ ਦ੍ਰਿਸ਼ਟੀਕੋਣ ਅਨੁਸਾਰ ਅੱਲਾਹ ਦੀ ਬਾਦਸ਼ਾਹਤ ਵਿਚ ਕਿਸੇ ਹੋਰ ਸ਼ੈਅ/ਸ਼ਕਤੀ ਨੂੰ ਸ਼ਾਮਲ ਕਰਨਾ ਸ਼ਿਰਕ (Polytheism) ਅਤੇ ਉਸਦੀ ਹੋਂਦ ਤੋਂ ਮੁਨਕਰ ਹੋਣਾ ਕੁਫ਼ਰ (atheism) ਅਖਵਾਉਂਦਾ ਹੈ। ਇਸ ਤਰ੍ਹਾਂ ਪੂਰੀ ਕਾਇਨਾਤ ਦਾ ਸਿਰਜਣਹਾਰ ਅਤੇ ਪਾਲਣਹਾਰ ਅੱਲਾਹ ਹੈ ਅਤੇ ਉਸਦੀ ਪਾਕ ਜ਼ਾਤ ਤੋਂ ਇਲਾਵਾ ਹੋਰ ਕੋਈ ਸ਼ੈਅ/ਸ਼ਕਤੀ/ਵਿਅਕਤੀ ਪੂਜਾ ਦੇ ਯੋਗ ਨਹੀਂ ਹੈ। ਇਸਲਾਮੀ ਵਿਚਾਰਧਾਰਾ ਮੁੱਖ ਰੂਪ ਵਿਚ ਤੌਹੀਦ, ਰਿਸਾਲਤ ਅਤੇ ਆਖ਼ਰਤ ਦੇ ਅਕੀਦੇ ਤੇ ਆਧਾਰਿਤ ਹੈ।

ਇਸਲਾਮੀ ਤਰਜ਼-ਏ-ਜ਼ਿੰਦਗੀ ਵਿਚ ਜਿਹੜੇ ਬੁਨਿਆਦੀ ਸਿੱਧਾਂਤਾਂ ਅਤੇ ਇਬਾਦਤਾਂ ਉਪਰ ਅਤਿ ਅਧਿਕ ਬਲ ਦਿੱਤਾ ਜਾਂਦਾ ਹੈ, ਉਹ ਹਨ ਈਮਾਨ, ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ। ਇਹਨਾਂ ਨੂੰ ਇਸਲਾਮ ਦੇ ਪੰਜ ਥੰਮ੍ਹ ਜਾਂ ਅਰਕਾਨ-ਏ-ਇਸਲਾਮ ਵੀ ਕਿਹਾ ਜਾਂਦਾ ਹੈ। ਇਸਲਾਮ ਦਾ ਪਹਿਲਾ ਰੁਕਨ ਕਲਮਾ-ਏ-ਸ਼ਹਾਦਤ ਉਤੇ ਦਿਲੋਂ ਯਕੀਨ ਰੱਖਣਾ ਅਤੇ ਜ਼ਬਾਨੋਂ

ਇਸਦਾ ਇਕਰਾਰ ਕਰਨਾ ਹੈ। ਇਸ ਕਲਮੇ ਦਾ ਭਾਵਾਰਥ ਹੈ ਕਿ ਮੈਂ ਇਕਰਾਰ ਕਰਦਾ ਹਾਂ ਕਿ ਹਜ਼ਰਤ ਮੁਹੰਮਦ (ਸ.) ਅੱਲਾਹ ਦੇ ਬੰਦੇ ਅਤੇ ਰਸੂਲ ਹਨ। ਇਸਨੂੰ ਈਮਾਨ ਕਿਹਾ ਜਾਂਦਾ ਹੈ। ਦੂਜਾ ਰੁਕਨ ਹੈ ਨਮਾਜ਼ ਪੜ੍ਹਨਾ, ਤੀਜਾ ਰਮਜ਼ਾਨ ਸ਼ਰੀਫ ਦੇ ਰੋਜ਼ੇ ਰੱਖਣਾ, ਚੌਥਾ ਜ਼ਕਾਤ ਦੇਣਾ ਅਤੇ ਪੰਜਵਾਂ ਹੱਜ ਕਰਨਾ। ਇਸਲਾਮ ਦੇ ਇਹਨਾਂ ਪੰਜ ਰੁਕਨਾਂ ਨੂੰ ਜਿਸ ਕਦਰ ਮਜ਼ਬੂਤ ਪਕੜਿਆ ਜਾਵੇਗਾ, ਇਸਲਾਮ ਸ਼ਕਤੀਸ਼ਾਲੀ ਹੋਵੇਗਾ ਅਤੇ ਜਿਸ ਕਦਰ ਇਹਨਾਂ ਵਿਚ ਸੁਸਤੀ ਵਰਤੀ ਜਾਵੇਗੀ, ਇਸਲਾਮ ਵਿਚ ਉਸੇ ਕਦਰ ਕਮਜ਼ੋਰੀ ਆ ਜਾਵੇਗੀ।

ਇਸਲਾਮੀ ਸ਼ਰੀਅਤ ਵਿਚ ਇਲਮ ਅਤੇ ਅਮਲ ਦੀ ਇਕਸੁਰਤਾ ਅਨਿਵਾਰੀ ਹੈ। ਇਸ ਗੱਲ ਦਾ ਜ਼ਿਕਰ ਕੁਰਆਨ ਅਤੇ ਹਦੀਸ ਵਿਚ ਅਨੇਕ ਥਾਵਾਂ 'ਤੇ ਹੋਇਆ ਹੈ। ਇਬਾਦਤ ਦੇ ਉਪਰੋਕਤ ਵਰਣਿਤ ਵਿਭਿੰਨ ਰੂਪ ਇਲਮ ਅਤੇ ਅਮਲ ਦਾ ਸੁੰਦਰ ਸੁਮੇਲ ਹਨ। ਫਰਜ਼ ਇਕ ਤਰ੍ਹਾਂ ਮਨੁੱਖ ਦੀ ਨਿਸ਼ਚਿਤ ਪ੍ਰੀਖਿਆ ਹੈ। ਮਨੁੱਖ ਆਪਣੀ ਇੱਛਾ ਅਨੁਸਾਰ ਰੱਬ ਦੀ ਖੁਸ਼ੀ ਹਾਸਲ ਕਰਨ ਲਈ ਨਿਸ਼ਚਿਤ ਤੋਂ ਵਧੀਕ ਬੰਦਗੀ ਵੀ ਕਰ ਸਕਦਾ ਹੈ। ਜਿਵੇਂ ਜ਼ਿਕਰ, ਤਿਲਾਵਤ, ਤਸਬੀਹ, ਨਫ਼ਲ, ਸਦਕਾ, ਖ਼ੈਰਾਤ ਆਦਿ। ਇਬਾਦਤ ਦੇ ਵੱਖ-ਵੱਖ ਰੂਪਾਂ ਵਿਚ ਵਿਭਿੰਨਤਾ ਦੇ ਬਾਵਜੂਦ ਜੋ ਸਮੁੱਚਾ ਪ੍ਰਯੋਜਨ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਮਨੁੱਖ ਦੁਆਰਾ ਰੱਬੀ ਹੁਕਮਾਂ ਦੀ ਪਾਲਣਾ ਨਾਲ ਹੀ ਸੰਬੰਧਿਤ ਹੈ। ਇਸਲਾਮ ਅਨੁਸਾਰ ਮਨੁੱਖ ਆਪਣੇ ਰੱਬ ਦੀ ਖੁਸ਼ੀ ਪ੍ਰਾਪਤ ਕਰਨ ਲਈ ਜੋ ਕੁਝ ਵੀ ਕਰਦਾ ਹੈ, ਉਹ ਇਬਾਦਤ ਹੈ।

ਇਖ਼ਲਾਕੀ ਕਦਰਾਂ-ਕੀਮਤਾਂ ਮਾਨਵੀ ਸੱਭਿਅਤਾ ਦਾ ਮਹੱਤਵਪੂਰਨ ਅੰਗ ਹਨ। ਇਸਲਾਮ ਵਿਚ ਇਹਨਾਂ ਕਦਰਾਂ-ਕੀਮਤਾਂ ਨੂੰ ਇਬਾਦਤ ਦਾ ਸਥਾਨ ਪ੍ਰਾਪਤ ਹੈ। ਇਸਲਾਮ ਕੇਵਲ ਕਰਮ-ਕਾਂਡ 'ਤੇ ਹੀ ਬਲ ਨਹੀਂ ਦਿੰਦਾ ਬਲਕਿ ਇਹ ਧਰਮ ਮਨੁੱਖ ਨੂੰ ਸਮੁੱਚੇ ਰੂਪ ਵਿਚ ਇਕ ਆਦਰਸ਼ਕ ਜੀਵਨ ਜੀਊਣ ਦੀ ਪ੍ਰੇਰਨਾ ਪ੍ਰਦਾਨ ਕਰਦਾ ਹੈ। ਕੁਰਆਨ ਵਿਚ ਮਾਨਵੀ ਜਾਤੀ ਨੂੰ ਸਦਾਚਾਰਕ ਉਤਮਤਾ ਗ੍ਰਹਿਣ ਕਰਨ ਦੀ ਪੁਰਜ਼ੋਰ ਤਾਕੀਦ ਕੀਤੀ ਗਈ ਹੈ :

'ਅਤੇ ਨੇਕੀ ਦਾ ਹੁਕਮ ਦੇਵੋ ਤੇ ਬੁਰਾਈ ਤੋਂ ਰੋਕੋ।'

(ਸੂਰਤ ਲੁਕਮਾਨ : 17)

'ਐ ਈਮਾਨ ਵਾਲਿਓ! ਅੱਲਾਹ ਦਾ ਡਰ ਰੱਖੋ ਅਤੇ ਸੱਚਿਆਂ ਦੇ ਨਾਲ ਰਹੋ।'

(ਸੂਰਤ ਅਤ-ਤੌਬਾ : 119)

'ਜੋ ਗੁੱਸੇ ਨੂੰ ਪੀ ਜਾਂਦੇ ਹਨ ਅਤੇ ਲੋਕਾਂ ਨੂੰ ਮੁਆਫ ਕਰ ਦਿੰਦੇ ਹਨ, ਅਜਿਹੇ ਲੋਕ ਅੱਲਾਹ ਨੂੰ ਬਹੁਤ ਪਸੰਦ ਹਨ।' (ਸੂਰਤ ਆਲ-ਏ-ਇਮਰਾਨ : 134)

'ਨੇਕੀ ਅਤੇ ਬਦੀ ਬਰਾਬਰ ਨਹੀਂ ਹਨ, ਤੁਸੀਂ ਬੁਰਾਈ ਦਾ ਜੁਆਬ ਨੇਕ ਅਤੇ ਵਧੀਆ ਤਰੀਕੇ ਨਾਲ ਦੇਵੋ।'

(ਸੂਰਤ ਅਸ-ਸਜਦਾ : 34)

'ਬੇਸ਼ਰਮੀ ਦੀਆਂ ਗੱਲਾਂ ਦੇ ਨੇੜੇ ਵੀ ਨਾ ਜਾਓ, ਭਾਵੇਂ ਉਹ ਖੁੱਲ੍ਹੇ ਆਮ ਹੋਣ ਜਾਂ ਗੁਪਤ ਰੂਪ ਵਿਚ।' (ਸੂਰਤ ਅਲ-ਅਨਮਾਨ : 152)

'ਅਤੇ ਖੁਦਾ ਦੇ ਪਿਆਰੇ ਬੰਦੇ ਧਰਤੀ ਉੱਤੇ ਨਿਮਰਤਾ ਨਾਲ ਤੁਰਦੇ ਹਨ।'

(ਸੂਰਤ ਅਲ-ਫੁਰਕਾਨ : 63)

ਇਸਲਾਮ ਵਿਚ ਸੱਚਾਈ, ਇਮਾਨਦਾਰੀ, ਨੇਕ ਆਚਰਣ, ਪਾਕੀਜ਼ਗੀ, ਨਿਮਰਤਾ, ਸਾਦਗੀ, ਦਇਆ ਭਾਵਨਾ, ਸਹਿਣਸ਼ੀਲਤਾ, ਹੱਕ-ਪ੍ਰਸਤੀ, ਸਦਭਾਵਨਾ, ਸਬਰ, ਸ਼ੁਕਰ, ਬੁਰਾਈ ਬਦਲੇ ਅੱਛਾਈ ਆਦਿ ਅਨੇਕ ਤਰ੍ਹਾਂ ਦੀਆਂ ਉਸਾਰੂ ਅਤੇ ਸਿਹਤਮੰਦ ਕਦਰਾਂ-ਕੀਮਤਾਂ ਦਾ ਆਦੇਸ਼ ਦਿੱਤਾ ਗਿਆ ਹੈ। ਹਜ਼ਰਤ ਮੁਹੰਮਦ (ਸ.) ਦੀ ਇਕ ਹਦੀਸ ਹੈ ਕਿ ''ਮੈਨੂੰ ਸੰਸਾਰ ਵਿਚ ਇਖ਼ਲਾਕੀ ਕਦਰਾਂ-ਕੀਮਤਾਂ ਦੀ ਸੰਪੂਰਨਤਾ ਲਈ ਭੇਜਿਆ ਗਿਆ ਹੈ।'' ਆਪ ਨੇ ਇਹ ਵੀ ਫਰਮਾਇਆ ਕਿ 'ਤੁਹਾਡੇ ਵਿੱਚੋਂ ਚੰਗੇ ਮਨੁੱਖ ਉਹ ਹਨ, ਜਿਹੜੇ ਉੱਚਤਮ ਸੱਭਿਅਕ ਗੁਣਾਂ ਦੇ ਮਾਲਿਕ ਹਨ। ਸਾਦਾ ਅਤੇ ਪਵਿੱਤਰ ਜੀਵਨ ਬਤੀਤ ਕਰਨਾ ਈਮਾਨਦਾਰ ਲੋਕਾਂ ਦੀ ਸਿਫਤ ਹੈ।' ਇਸਲਾਮ ਵਿਚ ਜਿੱਥੇ ਉੱਚਤਮ ਨੈਤਿਕ ਕਦਰਾਂ-ਕੀਮਤਾਂ ਅਪਨਾਉਣ ਦਾ ਆਦੇਸ਼ ਦਿੱਤਾ ਗਿਆ ਹੈ, ਉੱਥੇ ਇਨਸਾਨ ਨੂੰ ਹਰ ਬੁਰਾ ਕਰਮ ਕਰਨ ਤੋਂ ਵਰਜਿਆ ਵੀ ਗਿਆ ਹੈ। ਹਰ ਬੁਰਾਈ ਦਾ ਮੌਤ ਉਪਰੰਤ ਅਤਿਅੰਤ ਦੁਖਦਾਈ ਪਰਿਣਾਮ ਨਿਕਲਣ ਦੀ ਚਿਤਾਵਨੀ ਦਿੱਤੀ ਗਈ ਹੈ। ਝੂਠ, ਨਿੰਦਾ, ਚੁਗਲੀ, ਤੁਹਮਤ, ਬੇਈਮਾਨੀ, ਹੰਕਾਰ, ਈਰਖਾ, ਸਵੈ-ਪ੍ਰਸ਼ੰਸਾ, ਵਾਅਦਾ ਖਿਲਾਫ਼ੀ, ਕੰਜੂਸੀ, ਫਜ਼ੂਲ ਖਰਚੀ, ਬੇਹੱਯਾਈ ਆਦਿ ਬੁਰਾਈਆਂ ਦੀ ਸ਼ਦੀਦ ਨਿਖੇਧੀ ਕੀਤੀ ਗਈ ਹੈ।

ਕੁਰਆਨ ਅਨੁਸਾਰ :

'ਅਤੇ ਇਕ ਦੂਜੇ ਨੂੰ ਪਿੱਠ ਪਿੱਛੇ ਬੁਰਾ ਨਾ ਕਹੋ।'

(ਸੂਰਤ ਅਲ-ਹੁਜੁਰਾਤ : 12)

'ਜੋ ਖਿਆਨਤ ਕਰੇਗਾ ਤਾਂ ਆਪਣੀ ਖਿਆਨਤ ਸਮੇਤ ਕਿਆਮਤ ਉਪਰੰਤ ਹਾਜ਼ਰ ਹੋ ਜਾਵੇਗਾ।'

(ਸੂਰਤ ਆਲ-ਏ-ਇਮਰਾਨ : 161)

'ਆਪਣੀ ਪਵਿੱਤਰਤਾ ਦੀ ਨੁਮਾਇਸ਼ ਨਾ ਕਰੋ। ਉਹ (ਅੱਲਾਹ) ਚੰਗੀ ਤਰ੍ਹਾਂ ਜਾਣਦਾ ਹੈ ਕਿ ਪ੍ਰਹੇਜ਼ਗਾਰ ਕੌਣ ਹੈ।'

(ਸੂਰਤ ਅਨ-ਨਜਮ : 32)

ਕੁਰਆਨ ਸ਼ਰੀਫ ਅਤੇ ਹਦੀਸ ਵਿਚ ਮਾਨਵੀ ਸੰਬੰਧਾਂ ਪ੍ਰਤੀ ਉੱਚਤਮ ਕਦਰਾਂ-ਕੀਮਤਾਂ 'ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਇਸ ਪ੍ਰਸੰਗ ਅਧੀਨ ਹਜ਼ਰਤ ਮੁਹੰਮਦ (ਸ.) ਦੇ ਕਥਨ ਵਿਸ਼ੇਸ਼ ਰੂਪ ਵਿਚ ਧਿਆਨ ਆਕਰਸ਼ਿਤ ਕਰਦੇ ਹਨ। ਆਪ (ਸ.) ਅਨੁਸਾਰ 'ਰੱਬ ਦੀ ਕਸਮ ! ਉਸ ਵਿਅਕਤੀ ਕੋਲ ਈਮਾਨ ਨਹੀਂ, ਜਿਸਦਾ ਗੁਆਂਢੀ ਉਸਦੇ ਦੁੱਖਾਂ ਤੋਂ ਸੁਰੱਖਿਅਤ ਨਾ ਹੋਵੇ। ....ਮਜ਼ਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸਦੀ ਮਜ਼ਦੂਰੀ ਦੇ ਦੇਵੋ। .....ਨੌਕਰ ਦਾ ਇਹ ਹੱਕ ਹੈ ਕਿ ਉਸਨੂੰ ਖਾਣਾ ਅਤੇ ਕੱਪੜਾ ਦਿੱਤਾ ਜਾਵੇ ਅਤੇ ਉਸ 'ਤੇ ਕੰਮ ਦਾ ਉਤਨਾ ਹੀ ਭਾਰ ਪਾਇਆ ਜਾਵੇ, ਜਿਸ ਨੂੰ ਉਹ ਸਹਿ ਸਕੇ' ਆਦਿ। ਇਹ ਗੱਲ ਵੀ ਮਹੱਤਵਪੂਰਨ ਹੈ ਕਿ ਇਸਲਾਮ ਕੇਵਲ ਮਾਨਵਜਾਤੀ ਪ੍ਰਤੀ ਹੀ ਨਹੀਂ ਬਲਕਿ ਪੰਛੀਆਂ, ਜਾਨਵਰਾਂ ਤੇ ਹੋਰ ਜੀਵ-ਜੰਤੂਆਂ ਬਾਰੇ ਵੀ ਭਲਾਈ ਭਰਿਆ ਵਿਹਾਰ ਕਰਨ ਦਾ ਆਦੇਸ਼ ਦਿੰਦਾ ਹੈ। ਪ੍ਰੋ. ਗੁਲਵੰਤ ਸਿੰਘ ਅਨੁਸਾਰ, ''ਸਮਾਜਿਕ ਵਿਵਹਾਰ ਵਿਚ ਅਨੁਸ਼ਾਸਨ ਦੀ ਅਧੀਨ ਰਹਿਣ ਨੂੰ ਇਸਲਾਮ ਨੇ ਵਿਸ਼ੇਸ਼ ਮਹੱਤਵ ਦਿੱਤਾ ਹੈ। ਇਸਲਾਮ ਅਨੁਸਾਰ ਅੱਲਾਹ ਦੇ ਹੱਕ ਤੋਂ ਬਾਅਦ ਸਭ ਤੋਂ ਵੱਧ

ਹੱਕ ਮਾਤਾ ਪਿਤਾ ਦਾ ਹੈ। ਇਕ ਹਦੀਸ ਵਿਚ ਫਰਮਾਇਆ ਗਿਆ ਹੈ ਕਿ ਜਿਹੜਾ ਵੱਡਾ ਆਪਣੇ ਤੋਂ ਛੋਟਿਆਂ ਨੂੰ ਪਿਆਰ ਨਹੀਂ ਕਰਦਾ ਅਤੇ ਜਿਹੜਾ ਛੋਟਾ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਨਹੀਂ ਕਰਦਾ, ਉਹ ਅਸਾਡੇ ਵਿੱਚੋਂ ਨਹੀਂ ਹੈ। ਇਸਲਾਮ ਨੇ ਰਿਸ਼ਤੇਦਾਰਾਂ ਤੋਂ ਇਲਾਵਾ ਲੋੜਵੰਦ ਅਤੇ ਗਰੀਬ ਵਿਅਕਤੀਆਂ ਦਾ ਵੀ ਹੱਕ ਮੁਕੱਰਰ ਕੀਤਾ ਹੈ। ਹਾਜਤਮੰਦਾਂ ਦੀ ਯੋਗ ਸਹਾਇਤਾ ਕਰਨਾ ਸਾਧਨ-ਸੰਪੰਨ ਵਿਅਕਤੀਆਂ ਦਾ ਕਰਤੱਵ ਹੈ। ਉਪਰੋਕਤ ਧਾਰਨਾਵਾਂ ਕਾਰਨ ਹੀ ਇਸਲਾਮ ਨੂੰ ਸਮੂਹ ਸੰਸਾਰ ਵਾਸੀਆਂ ਲਈ ਰਹਿਮਤ ਦਾ ਸੰਦੇਸ਼ ਕਰਾਰ ਦਿੱਤਾ ਗਿਆ ਹੈ।''

ਇਸਲਾਮ ਆਰਥਿਕਤਾ ਨੂੰ ਦੁਨਿਆਵੀ ਲੋੜਾਂ ਦੀ ਪੂਰਤੀ ਦਾ ਇਕ ਸਾਧਨ ਸਵੀਕਾਰ ਕਰਦਾ ਹੈ। ਇਸਦਾ ਸਥਾਨ ਇਕ ਜੀਵਨ ਲੋੜ ਤੋਂ ਵੱਧ ਹੋਰ ਕੁੱਝ ਨਹੀਂ ਹੈ। ਮਾਨਵੀ ਜੀਵਨ ਦੇ ਸੰਸਾਰਿਕ ਪੜਾਅ ਦਾ ਮੁੱਖ ਉਦੇਸ਼ ਸ਼ਰੀਅਤ ਅਨੁਸਾਰ ਨੇਕ ਅਮਲ ਕਰਨਾ ਅਤੇ ਆਖ਼ਰਤ ਦੀ ਜ਼ਿੰਦਗੀ ਵਿਚ ਸਫਲਤਾ/ਰੱਬੀ ਰਹਿਮਤ ਪ੍ਰਾਪਤ ਕਰਨਾ ਹੈ। ਇਸਲਾਮ ਨੇ ਮਨੁੱਖ ਨੂੰ ਸ਼ਰੀਅਤ ਪੱਖੋਂ ਉਚਿਤ/ਹਲਾਲ ਕਾਰੋਬਾਰ ਕਰਨ ਦੀ ਇਜ਼ਾਜਤ ਦਿੱਤੀ ਹੈ ਅਤੇ ਹੱਕ ਹਲਾਲ ਦੀ ਕਮਾਈ ਕਰਨਾ ਇਬਾਦਤ ਸ਼ਾਮਲ ਵਿਚ ਹੈ। ਸ਼ਰੀਅਤ ਪੱਖੋਂ ਹਰਾਮ ਕਾਰਜ ਜਾਂ ਕਮਾਈ ਤੋਂ ਦੂਰ ਰਹਿਣ ਦਾ ਆਦੇਸ਼ ਦਿੱਤਾ ਗਿਆ ਹੈ। ਕੁਰਆਨ ਅਨੁਸਾਰ :

'ਐ ਈਮਾਨ ਵਾਲਿਓ ! ਤੁਸੀਂ ਗਲਤ ਅਤੇ ਅਨੁਚਿਤ ਢੰਗ ਨਾਲ ਦੂਜਿਆਂ ਦਾ ਮੂਲ ਨਾ ਖਾਓ।'

(ਸੂਰਤ ਅਲ-ਬਰਕਹ : 23)

ਵਿਵਹਾਰਿਕ ਸੱਚਾਈ ਅਤੇ ਈਮਾਨਦਾਰੀ ਨੂੰ ਇਸਲਾਮੀ ਵਿਚਾਰਧਾਰਾ ਵਿਚ ਪ੍ਰਮੁਖਤਾ ਪ੍ਰਾਪਤ ਹੈ। ਨਿੱਜੀ ਸੰਪਤੀ ਦੇ ਅਧਿਕਾਰ ਅਤੇ ਕਿੱਤੇ ਦੀ ਸ਼ਰੀਅਤ ਅਧੀਨ ਵਿਅਕਤੀਗਤ ਆਜ਼ਾਦੀ ਦੇ ਬਾਵਜੂਦ ਇਸਲਾਮ ਸਮਾਜ ਵਿਚ ਆਰਥਿਕ ਸੰਤੁਲਨ ਦੇ ਸਿਧਾਂਤ ਦਾ ਧਾਰਨੀ ਹੈ। ਇਸ ਵਿਚ ਜ਼ਕਾਤ, ਸਦਕਾ, ਫਿਤਰਾ ਅਤੇ ਖ਼ੈਰਾਤ ਕਰਨ 'ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਧਨ ਦੌਲਤ ਪ੍ਰਤੀ ਮੋਹ ਨੂੰ ਸਖ਼ਤ ਨਾ ਪਸੰਦ ਕੀਤਾ ਗਿਆ ਹੈ। ਇਸੇ ਲਈ ਵਿਆਜ, ਜੂਆ ਆਦਿ ਨੂੰ ਸ਼ਰੀਅਤ ਨੇ ਹਰਾਮ ਕਰਾਰ ਦਿੱਤਾ ਹੈ। ਇਸਲਾਮ ਦੁਆਰਾ ਪੇਸ਼ ਆਰਥਿਕ ਨੀਤੀ ਪੂੰਜੀਵਾਦ ਅਤੇ ਸਮਾਜਵਾਦ ਦੇ ਕੁੱਝ ਸਾਰਥਿਕ ਪਹਿਲੂਆਂ ਦੇ ਅੰਗ-ਸੰਗ ਵਿਚਰਦੀ ਹੋਈ ਵੀ ਵਿਲੱਖਣ ਨੁਹਾਰ ਦੀ ਧਾਰਨੀ ਹੈ। ਸਮੁੱਚੇ ਰੂਪ ਵਿਚ ਇਸਲਾਮ ਇਕ ਪਵਿੱਤਰ, ਸੰਜਮ ਭਰਪੂਰ ਅਤੇ ਸਾਦਗੀ ਭਰੇ ਜੀਵਨ ਦਾ ਆਦਰਸ਼ ਪੇਸ਼ ਕਰਦਾ ਹੈ। ਇਸੇ ਕਾਰਨ ਅਨਾਜ ਅਤੇ ਦੂਜੇ ਖਾਧ ਪਦਾਰਥਾਂ ਦੀ ਜ਼ਖ਼ੀਰਾ-ਅੰਦੋਜ਼ੀ, ਲਾਟਰੀ, ਬੀਮਾ ਆਦਿ ਨੂੰ ਨਜਾਇਜ਼ ਕਰਾਰ ਦਿੱਤਾ ਗਿਆ ਹੈ।

ਧਰਮ ਅਤੇ ਰਾਜਨੀਤੀ ਵਿਚ ਸੁਮੇਲ ਦੇ ਮੱਤ ਦੇ ਧਾਰਨੀ ਇਸਲਾਮ ਵਿਚ ਰਾਜਸੀ ਅਤੇ ਧਾਰਮਿਕ ਮੁਖੀ ਨੂੰ ਖ਼ਲੀਫਾ ਅਤੇ ਉਸਦੇ ਸ਼ਾਸਨ-ਪ੍ਰਬੰਧ ਨੂੰ ਖ਼ਿਲਾਫਤ ਦਾ ਨਾਮ ਦਿੱਤਾ ਗਿਆ ਹੈ। ਇਸਲਾਮ ਨੇ ਆਪਣੇ ਅਨੁਯਾਈ ਵਰਗ ਨੂੰ ਸ਼ਰੀਅਤ 'ਤੇ ਆਧਾਰਿਤ ਇਕ ਰਾਜਨੀਤਿਕ ਪ੍ਰਣਾਲੀ ਪ੍ਰਦਾਨ ਕੀਤੀ ਹੈ। ਇਸ ਰਾਜ ਪ੍ਰਬੰਧ ਵਿਚ ਹਰ ਮਹੱਤਵਪੂਰਨ ਨਿਰਣਾ ਮਜਲਿਸ-ਏ-ਸ਼ੂਅਰਾ (ਇਸਲਾਮੀ ਸੰਸਦ) ਅਤੇ ਆਮ ਨਾਗਰਿਕਾਂ ਦੇ ਆਪਸੀ ਸਲਾਹ ਮਸ਼ਵਰੇ ਅਨੁਸਾਰ ਕੀਤਾ ਜਾਂਦਾ ਹੈ। ਇਸ ਵਿਚ ਕਾਨੂੰਨ ਬਣਾਉਣ ਦਾ ਅੰਤਿਮ ਅਧਿਕਾਰ ਕੁਰਆਨ

ਮਜੀਦ ਅਤੇ ਹਦੀਸ ਨੂੰ ਪ੍ਰਾਪਤ ਹੈ। ਇਹ ਰਾਜਸੀ ਵਿਵਸਥਾ ਆਧੁਨਿਕ ਲੋਕਤੰਤਰ, ਤਾਨਾਸ਼ਾਹੀ ਅਤੇ ਬਾਦਸ਼ਾਹਤ ਤੋਂ ਵੱਖਰੀ ਪ੍ਰਕਿਰਤੀ ਦੀ ਧਾਰਨੀ ਹੈ, ਭਾਵੇਂ ਇਸ ਵਿਚ ਉਪਰੋਕਤ ਵਰਣਿਤ ਸਿਆਸੀ ਪ੍ਰਬੰਧਾਂ ਦੇ ਕੁੱਝ ਪਛਾਣ-ਚਿੰਨ੍ਹ ਵੀ ਵਿਦਮਾਨ ਹਨ। ਇਸਲਾਮੀ ਚਿੰਤਕਾਂ ਨੇ ਹਜ਼ਰਤ ਮੁਹੰਮਦ (ਸ.) ਦੀ ਵਫ਼ਾਤ ਤੋਂ ਬਾਅਦ ਉਹਨਾਂ ਦੇ ਚਾਰ ਉਤਰਾਧਿਕਾਰੀਆਂ ਦੇ ਸ਼ਾਸਨ-ਕਾਲ ਨੂੰ ਇਕ ਆਦਰਸ਼ ਇਸਲਾਮਿਕ ਰਾਜਨੀਤਿਕ ਕਾਲ ਸਵੀਕਾਰ ਕੀਤਾ ਹੈ।

ਇਸਲਾਮੀ ਰਾਜ-ਪ੍ਰਬੰਧ ਦੀ ਅੰਤਰ-ਰਾਸ਼ਟਰੀ ਨੀਤੀ ਵਿਚ ਸ਼ਾਂਤੀ ਅਤੇ ਸੁਰੱਖਿਆ ਨੂੰ ਪ੍ਰਮੁਖ ਸਥਾਨ ਪ੍ਰਾਪਤ ਹੈ। ਪ੍ਰੋਫੈਸਰ ਕੇ.ਐਸ. ਰਾਮਾਕ੍ਰਿਸ਼ਨਾ ਰਾਓ ਨੇ ਇਸਲਾਮ ਵਿਚ ਅਮਨ ਅਤੇ ਸ਼ਾਂਤੀ ਦੇ ਮਹੱਤਵ ਨੂੰ ਰੇਖਾਂਕਿਤ ਕਰਦਿਆਂ ਲਿਖਿਆ ਹੈ ਕਿ ਹਜ਼ਰਤ ਮੁਹੰਮਦ (ਸ.) ਨੇ "ਆਪਣੇ ਵਿਰੋਧੀਆਂ ਨਾਲ ਸਮਝੌਤਾ ਅਤੇ ਮੇਲ-ਮਿਲਾਪ ਕਰਨ ਲਈ ਬਹੁਤ ਯਤਨ ਕੀਤੇ। ਪਰੰਤੂ ਜਦੋਂ ਸਾਰੇ ਯਤਨ ਅਸਫਲ ਹੋ ਗਏ ਅਤੇ ਅਜਿਹੇ ਹਾਲਾਤ ਪੈਦਾ ਹੋ ਗਏ ਕਿ ਆਪਣੇ ਆਪ ਨੂੰ ਹੀ ਬਚਾਉਣ ਲਈ ਰਣ-ਭੂਮੀ ਵਿਚ ਉਤਰਨਾ ਪਿਆ। ਹੁਣ ਇਸਲਾਮ ਦੇ ਪੈਗੰਬਰ (ਸ.) ਨੇ ਆਪਣੀ ਰਾਜਨੀਤੀ ਨੂੰ ਬਿਲਕੁਲ ਨਵਾਂ ਰੂਪ ਦੇ ਦਿੱਤਾ। ਆਪਦੇ ਜੀਵਨ ਕਾਲ ਵਿਚ ਜਿੰਨੀਆਂ ਵੀ ਲੜਾਈਆਂ ਹੋਈਆਂ, ਇਥੋਂ ਤਕ ਕਿ ਸਾਰਾ ਅਰਬ ਖੇਤਰ ਆਪ ਦੇ ਅਧਿਕਾਰ ਖੇਤਰ ਹੇਠ ਆ ਗਿਆ, ਇਹਨਾਂ ਲੜਾਈਆਂ ਵਿਚ ਹਲਾਕ ਹੋਣ ਵਾਲੀਆਂ ਮਨੁੱਖੀ ਜਾਨਾਂ ਦੀ ਸੰਖਿਆ ਕੁਝ ਸੈਂਕੜਿਆਂ ਤੋਂ ਵੱਧ ਨਹੀਂ ਹੈ।" ਇਸ ਦੇ ਨਾਲ ਹੀ ਲੇਖਕ ਆਮ ਪ੍ਰਚਲਿਤ ਇਸ ਧਾਰਨਾ ਦਾ ਖੰਡਨ ਵੀ ਕਰਦਾ ਹੈ ਕਿ ਇਸਲਾਮ ਤਲਵਾਰ ਦੇ ਜ਼ੋਰ ਨਾਲ ਫੈਲਿਆ ਹੈ। ਇਸਲਾਮ ਮਾਨਵੀ ਸਮਾਜ ਦੇ ਸਨਮੁਖ ਧਰਮ ਆਧਾਰਿਤ ਜੀਵਨ-ਜਾਂਚ ਦਾ ਮਾਡਲ ਪੇਸ਼ ਕਰਦਾ ਹੈ। ਪ੍ਰਮੁਖ ਰੂਪ ਵਿਚ ਹਲਾਲ ਜਾਂ ਹਰਾਮ ਉਹ ਹੈ, ਜਿਸਨੂੰ ਖੁਦਾ ਅਤੇ ਹਜ਼ਰਤ ਮੁਹੰਮਦ (ਸ.) ਨੇ ਉੱਚਿਤ ਜਾਂ ਅਨੁਚਿਤ ਕਰਾਰ ਦਿੱਤਾ ਹੈ। ਇਸਲਾਮੀ ਸਮਾਜ ਦਾ ਪ੍ਰਮੁਖ ਆਧਾਰ ਨੇਕੀ ਹੈ। ਕੁਰਆਨ ਮਜੀਦ ਅਨੁਸਾਰ :

'ਤੁਸੀਂ ਸੰਸਾਰ ਵਿਚ ਬਿਹਤਰੀਨ ਜਮਾਤ ਹੋ, ਜਿਸਨੂੰ ਮਾਨਵਤਾ ਦੇ ਸੁਧਾਰ ਲਈ ਮੈਦਾਨ ਵਿਚ ਲਿਆਂਦਾ ਗਿਆ ਹੈ। ਤੁਸੀਂ ਨੇਕੀ ਦਾ ਹੁਕਮ ਦਿੰਦੇ ਹੋ, ਬੁਰਾਈ ਤੋਂ ਰੋਕਦੇ ਹੋ ਅਤੇ ਅੱਲਾਹ 'ਤੇ ਈਮਾਨ ਰੱਖਦੇ ਹੋ।'

(ਸੂਰਤ ਆਲ-ਏ-ਇਮਰਾਨ : 110)

ਇਕ ਹਦੀਸ ਅਨੁਸਾਰ, 'ਤੁਹਾਡੇ ਵਿੱਚੋਂ ਜਿਹੜਾ ਵਿਅਕਤੀ ਬੁਰਾਈ ਨੂੰ ਵੇਖੇ ਅਤੇ ਉਸਨੂੰ ਹੱਥ ਨਾਲ ਮਿਟਾ ਸਕਣ ਦੀ ਸਮਰੱਥਾ ਰੱਖਦਾ ਹੋਵੇ ਤਾਂ ਉਸਨੂੰ ਹੱਥ ਨਾਲ ਖ਼ਤਮ ਕਰ ਦੇਵੇ। ਵਰਨਾ ਉਸਨੂੰ ਜ਼ਬਾਨ ਨਾਲ ਰੋਕਣ ਦਾ ਯਤਨ ਕਰੋ। ਜੇ ਇਹ ਵੀ ਨਹੀਂ ਤਾਂ ਘੱਟੋ-ਘੱਟ ਉਸ ਬੁਰਾਈ ਨੂੰ ਦਿਲੋਂ ਬੁਰਾ ਸਮਝੇ ਪਰੰਤੂ ਇਹ ਈਮਾਨ ਦਾ ਸਭ ਤੋਂ ਕਮਜ਼ੋਰ ਦਰਜਾ ਹੈ।'[14] ਪਵਿੱਤਰ ਕੁਰਆਨ ਵਿਚ ਇਰਸ਼ਾਦ-ਏ-ਇਲਾਹੀ ਹੈ :

'ਅੱਲਾਹ ਨਿਆਂ, ਨੇਕ ਵਿਹਾਰ ਅਤੇ ਦਇਆ ਕਰਨ ਦਾ ਹੁਕਮ ਦਿੰਦਾ ਹੈ ਅਤੇ ਬੁਰਾਈ, ਬੇਸ਼ਰਮੀ, ਜ਼ੁਲਮ ਅਤੇ ਵਧੀਕੀਆਂ ਕਰਨ ਤੋਂ ਰੋਕਦਾ ਹੈ।'

(ਸੂਰਤ ਅਨ-ਨਮਲ : 1)

ਇਸ ਤਰ੍ਹਾਂ ਇਸਲਾਮ ਦੁਨਿਆਵੀ ਅਤੇ ਧਾਰਮਿਕ ਤੌਰ 'ਤੇ ਇਕ ਸਿਹਤਮੰਦ ਸਮਾਜ

ਦੀ ਸਿਰਜਣਾ 'ਤੇ ਬਲ ਦਿੰਦਾ ਹੈ। ਇਸਲਾਮੀ ਵਿਚਾਰਧਾਰਾ ਅਨੁਸਾਰ ਮਨੁੱਖੀ ਜੀਵਨ ਦੇ ਦੋ ਪੜਾਅ ਹਨ, ਪਹਿਲਾ ਸੰਸਾਰਿਕ ਅਤੇ ਦੂਸਰਾ ਕਿਆਮਤ ਤੋਂ ਬਾਅਦ ਆਖ਼ਰਤ। ਜਿਸ ਤਰ੍ਹਾਂ ਇਕ ਮਨੁੱਖ ਦੇ ਜੀਵਨ ਦਾ ਆਰੰਭ ਅਤੇ ਅੰਤ ਨਿਸ਼ਚਿਤ ਹੈ, ਉਸੇ ਤਰ੍ਹਾਂ ਇਸ ਦ੍ਰਿਸ਼ਟਮਾਨ ਸੰਸਾਰ ਦੇ ਆਰੰਭ ਅਤੇ ਅੰਤ ਦਾ ਵਕਤ ਵੀ ਨਿਰਧਾਰਿਤ ਹੈ। ਕਿਆਮਤ ਆ ਜਾਣ ਤੋਂ ਬਾਅਦ ਜਦੋਂ ਇਹ ਦੁਨੀਆਂ ਪੂਰੀ ਤਰ੍ਹਾਂ ਨਸ਼ਟ ਹੋ ਜਾਵੇਗੀ ਤਾਂ ਰੱਬ ਦੇ ਹੁਕਮ ਨਾਲ ਤਮਾਮ ਮ੍ਰਿਤਕ ਲੋਕ ਜੀਊਂਦੇ ਹੋ ਕੇ ਉਠ ਖੜ੍ਹੇ ਹੋਣਗੇ। ਇਸ ਤਰ੍ਹਾਂ ਮਾਨਵੀ ਜੀਵਨ ਦੀ ਪੁਨਰ-ਸਿਰਜਣਾ ਕੀਤੀ ਜਾਵੇਗੀ। ਹਜ਼ਰਤ ਮੁਹੰਮਦ ਯੂਸੁਫ ਇਸਲਾਹੀ ਅਨੁਸਾਰ 'ਦੁਨਿਆਵੀ ਜ਼ਿੰਦਗੀ ਅਜ਼ਮਾਇਸ਼ ਦਾ ਇਕ ਵਕਫਾ (period) ਹੈ, ਜਿਸ ਵਿਚ ਇਨਸਾਨ ਨੂੰ ਸ਼ੁਭ ਜਾਂ ਅਸ਼ੁਭ ਕਰਮ ਕਰਨ ਦੀ ਮੋਹਲਤ ਮਿਲੀ ਹੋਈ ਹੈ। ਮਨੁੱਖ ਦਾ ਅਸਲ ਜੀਵਨ ਮੌਤ ਤੋਂ ਬਾਅਦ ਸ਼ੁਰੂ ਹੁੰਦਾ ਹੈ। ਇਸਲਾਮ ਵਿਚ ਕਿਆਮਤ ਜਾਂ ਆਖ਼ਰਤ ਦੀ ਧਾਰਨਾ ਦੇ ਮਹੱਤਵ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕੁਰਆਨ ਦੇ ਲਗਭਗ ਹਰ ਸਫ਼ੇ ਤੇ ਇਸ ਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਿਕਰ ਹੋਇਆ ਹੈ।'

ਸਾਮੀ ਧਰਮ ਪਰੰਪਰਾ ਦੇ ਦੂਸਰੇ ਧਰਮਾਂ ਵਾਂਗ ਇਸਲਾਮ ਵੀ ਪੁਨਰ-ਜਨਮ ਦੇ ਸਿਧਾਂਤ ਦਾ ਧਾਰਨੀ ਨਹੀਂ ਹੈ। ਇਸਲਾਮੀ ਵਿਚਾਰਧਾਰਾ ਅਨੁਸਾਰ ਮਨੁੱਖ ਇਕ ਵਾਰ ਹੀ ਇਸ ਦੁਨੀਆਂ ਵਿਚ ਜਨਮ ਲੈਂਦਾ ਹੈ। ਉਸ ਨੂੰ ਮਰਨ ਉਪਰੰਤ ਤਿੰਨ ਹਾਲਤਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਪਹਿਲੀ ਸਥਿਤੀ ਮੌਤ/ਕਬਰ ਤੋਂ ਲੈ ਕੇ ਕਿਆਮਤ ਆਉਣ ਤਕ ਹੈ। ਇਸਨੂੰ 'ਬਰਜ਼ਖ' (interval between death and resurrection) ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਵੀ ਮਨੁੱਖ ਨੂੰ ਅਮਲਾਂ ਅਨੁਸਾਰ ਰਾਹਤ ਜਾਂ ਅਜ਼ਾਬ ਮਿਲਦਾ ਹੈ। ਦੂਸਰੀ ਸਥਿਤੀ ਕਿਆਮਤ ਉਪਰੰਤ ਮਾਨਵੀ ਜੀਵਨ ਦੀ ਪੁਨਰ-ਸਿਰਜਣਾ ਅਤੇ ਹਿਸਾਬ ਨਾਲ ਸੰਬੰਧਿਤ ਹੈ। ਤੀਸਰੀ ਸਥਿਤੀ ਆਖ਼ਰਤ ਦੀ ਹੈ, ਜਿਸ ਵਿਚ ਜੰਨਤ ਅਤੇ ਦੋਜ਼ਖ਼ ਸ਼ਾਮਲ ਹਨ। ਕਿਆਮਤ ਉਪਰੰਤ ਪਹਿਲੇ ਮਨੁੱਖ ਹਜ਼ਰਤ ਆਦਮ (ਅਲੈ.) ਤੋਂ ਲੈ ਕੇ ਇਸ ਦੁਨੀਆਂ ਵਿਚ ਪੈਦਾ ਹੋਏ ਤਮਾਮ ਮਨੁੱਖਾਂ ਤੋਂ ਰੱਬ ਨਿੱਜੀ ਰੂਪ ਵਿਚ ਇਸ ਦੁਨੀਆਂ ਵਿਚ ਕੀਤੇ ਕਰਮਾਂ ਦਾ ਹਿਸਾਬ ਲਵੇਗਾ। ਚੰਗੇ ਕਰਮ ਕਰਨ ਵਾਲਿਆਂ ਨੂੰ ਜੰਨਤ ਅਤੇ ਬੁਰੇ ਕਰਮ ਵਾਲਿਆਂ ਨੂੰ ਦੋਜ਼ਖ਼ ਵਿਚ ਭੇਜ ਦਿੱਤਾ ਜਾਵੇਗਾ। ਇਨਸਾਨੀ ਜੀਵਨ ਦਾ ਇਹ ਪੜਾਅ ਅੰਤਿਮ/ਹਮੇਸ਼ਾਂ ਲਈ ਹੋਵੇਗਾ ਅਤੇ ਇਸ ਤੋਂ ਬਾਅਦ ਕਿਸੇ ਨੂੰ ਮੌਤ ਨਹੀਂ ਆਵੇਗੀ। ਇਸ ਤਰ੍ਹਾਂ ਆਖ਼ਰਤ ਦਾ ਸੰਕਲਪ ਮਾਨਵੀ ਜੀਵਨ ਨੂੰ ਬੜੇ ਵਸੀਹ ਅਰਥ ਪ੍ਰਦਾਨ ਕਰਦਾ ਹੈ। ਜ਼ਾਹਿਰ ਹੈ ਕਿ ਮਨੁੱਖੀ ਜੀਵਨ ਦਾ ਇਹ ਸਿਲਸਿਲਾ ਸੀਮਤ ਨਹੀਂ ਬਲਕਿ ਅਸੀਮਤ ਹੈ ਅਤੇ ਕਿਸੇ ਵਿਅਕਤੀ ਦੀ ਮੌਤ ਉਪਰੰਤ ਉਸਦੇ ਜੀਵਨ ਦੀ ਲੜੀ ਸਮਾਪਤ ਨਹੀਂ ਹੋ ਜਾਂਦੀ। ਇਸ ਲਈ ਇਸਲਾਮ ਨੇ ਇਸ ਦ੍ਰਿਸ਼ਟਮਾਨ ਜਗਤ ਦੀ ਥੁੜ੍ਹਚਿਰਤਾ ਅਤੇ ਨਾਸ਼ਮਾਨਤਾ ਦਾ ਉਲੇਖ ਕਰਦਿਆਂ ਜੀਵਨ ਦੇ ਹਰ ਖੇਤਰ ਵਿਚ ਨੇਕੀ ਦੀ ਪੁਰਜ਼ੋਰ ਪ੍ਰੇਰਨਾ ਦੇਣ ਦੇ ਨਾਲ-ਨਾਲ ਬਦੀ ਤੋਂ ਬਚਣ ਦੀ ਸਖ਼ਤ ਤਾਕੀਦ ਕੀਤੀ ਹੈ। ਇਸਲਾਮੀ ਚਿੰਤਨ ਵਿਚ ਵਿਦਮਾਨ ਸਿਧਾਂਤਕ ਅਤੇ ਵਿਵਹਾਰਕ ਇਕਸੁਰਤਾ ਨੂੰ ਇਸ ਧਰਮ ਦੀ ਵਿਲੱਖਣੀ ਵਿਸ਼ੇਸ਼ਤਾ ਅਤੇ ਮਾਨਵੀ ਵਿਚਾਰ-ਸੱਭਿਆਚਾਰ ਦੀ ਮੁੱਲਵਾਨ ਪ੍ਰਾਪਤੀ ਕਿਹਾ ਜਾ ਸਕਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਡਾ. ਸੱਈਅਦ ਮੁਹੰਮਦ ਅਬਦੁੱਲਾ (ਮੁੱਖ ਸੰਪਾ.) : *ਉਰਦੂ ਦਾਇਰਾ-ਏ-ਮਆਰਫ਼-ਏ-ਇਸਲਾਮੀਆ*, ਪੰਜਾਬ ਯੂਨੀਵਰਸਿਟੀ, ਲਾਹੌਰ, 1966, ਪੰਨਾ 667 (ਜਿਲਦ ਦੂਜੀ)
2. T.B. Irving et al : *The Qur'an : Basic Teachings : Markazi Maktaba Islami*, Delhi, 1992, P.250.
3. ਸੱਈਅਦ ਅਬੁਲ ਆਲਾ ਮੌਦੂਦੀ : *ਇਸਲਾਮ ਧਰਮ*, (ਹਿੰਦੀ ਅਨੁ.), ਇਸਲਾਮੀ ਸਾਹਿਤਯ ਪ੍ਰਕਾਸ਼ਨ, ਨਈ ਦੇਹਲੀ, 1966, ਪੰਨਾ 144-45.
4. ਮੌਲਾਨਾ ਸੂਫ਼ੀ-ਉਰ-ਰਹਿਮਾਨ ਮੁਬਾਰਕਪੁਰੀ : *ਅਰ-ਰਹੀ-ਕੁ-ਮਖ਼ਤੂਮ*, (ਉਰਦੂ ਅਨੁ.) ਅਲ-ਮਕਤਬਾ ਤੁਸ-ਸਲਫ਼ੀਆ, ਲਾਹੌਰ, 1996, ਪੰਨਾ 83.
5. Martin Lings : *Muhammad*; Vikas Publishing House Pvt. Ltd., New Delhi 1983, P. 347.
6. ਮੁਹੰਮਦ ਅਬਦੁਲ ਹਈ : *ਹਜ਼ਰਤ ਮੁਹੰਮਦ : ਜੀਵਨ ਤੇ ਸੰਦੇਸ਼*, (ਪੰਜਾਬੀ ਅਨੁ.), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਾਲੇਰਕੋਟਲਾ, 2002, ਪੰਨੇ 23-24, 51-52.
7. H.G. Sarwar : *Origin and Development of Islam*, Deep Publications, New Delhi, 1988, P.83.
8. Martin Lings : *Muhammad*, 1983, P. 83.
9. Thomas Patrick Hughes : *Dictionary of Islam*, Rupa & Co., New Delhi, 1992,P. 351.
10. ਮੁਹੰਮਦ ਅਬਦੁਲ ਹਈ : *ਹਜ਼ਰਤ ਮੁਹੰਮਦ : ਜੀਵਨ ਤੇ ਸੰਦੇਸ਼*, 2002, ਪੰਨਾ 100-02.
11. ਪ੍ਰੋ. ਕੇ. ਐਸ. ਰਾਮਾ ਕ੍ਰਿਸ਼ਨਾ ਰਾਓ : *ਇਸਲਾਮ ਦੇ ਪੈਗੰਬਰ-ਮੁਹੰਮਦ* (ਪੰਜਾਬੀ ਅਨੁ.), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਾਲੇਰਕੋਟਲਾ, 2004, ਪੰਨਾ 17.
12. "Mohammad was not only shepherd, merchant, hermit, exile, soldier, law-giver and Prophet-Priest-king, he was also an orphan (but with a remarkably loving grand father and uncle), for many years the husband of one wife much older than himself, a many times bereaved father, a widower and finally the husband of many wives, some much younger than himself."
(Martin Lings : *What is Sufism*? The Islamic Text Society, Cambridge, U.K., 1999. P. 34).
13. ਪ੍ਰੋ. ਕੇ.ਐਸ. ਰਾਮਾ ਕ੍ਰਿਸ਼ਨਾ ਰਾਓ : *ਇਸਲਾਮ ਦੇ ਪੈਗੰਬਰ-ਮੁਹੰਮਦ*, 2004, ਪੰਨਾ 3-4.
14. ਗੁਲਵੰਤ ਸਿੰਘ : *ਇਸਲਾਮ ਅਤੇ ਸੂਫ਼ੀਵਾਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 56.

ਭਗਵਾਨ ਰਾਮ ਚੰਦਰ

ਡਾ. ਨਵ ਰਤਨ ਕਪੂਰ*
ਸ੍ਰੀਮਤੀ ਸਰੋਜ ਬਾਲਾ ਕਪੂਰ**

ਰਾਜਾ ਦਸ਼ਰਥ ਅਤੇ ਉਨ੍ਹਾਂ ਦੀਆਂ ਪਤਨੀਆਂ

ਤਤਾ ਜੁਗ ਵਿਚ ਜੰਮੇ ਅਯੁੱਧਿਆ ਦੇ ਰਾਜਾ ਦਸ਼ਰਥ ਜੀ "ਸੂਰਜ ਵੰਸ਼ੀ" ਸਨ। ਉਨ੍ਹਾਂ ਦਾ ਪਹਿਲਾ ਵਿਆਹ ਕੁਸ਼ੱਲਿਆ ਜੀ ਨਾਲ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕੁਸ਼ੱਲਿਆ ਜੀ ਦੇ ਪਿਤਾ ਕੌਸਲ ਰਾਜ ਅਤੇ ਉਨ੍ਹਾਂ ਦੀ ਨਗਰੀ 'ਕੁਹਰਾਮ' ਦਾ ਵਰਨਣ ਇੰਝ ਕੀਤਾ ਹੈ :

ਇਹ ਭਾਂਤਿ ਕਥਾ ਉਹ ਠੌਰ ਗਈ।
ਅਬ ਰਾਮ ਜਯਾ ਪਰ ਬਾਤ ਗਈ।
ਕੁਹਰਾਮ ਜਹਾਂ ਸੁਨੀਐ ਸਹਰੰ।
ਤਹੇ ਕੌਸਲ ਰਾਜ ਨ੍ਰਿਪੇਸ ਬਰੰ॥੧੦॥
ਉਪਜੀ ਤਹੱ ਧਾਮ ਸੁਤਾ ਕੁਸਲੰ।
ਜਿਹ ਜੀਤ ਲਏ ਸਸ ਅੰਸ ਕਲੰ।
ਜਬ ਹੀ ਸੁਧ ਪਾਇ ਸੁਯੰਬ੍ਰ ਕਰਿਓ।
ਅਵਧੇਸ ਨਰੇਸਸ ਚੀਨ ਬਰਿਓ॥੧੧॥[1]

ਦਸ਼ਮੇਸ਼ ਪਿਤਾ ਦੇ ਇਨ੍ਹਾਂ ਮਨੋਹਰ ਵਚਨਾਂ ਨੂੰ ਹੀ ਧਿਆਨ ਵਿਚ ਰੱਖ ਕੇ ਕਵੀ ਮਨੋਹਰ ਸਿੰਘ ਨੇ ਆਪਣੀ ਰਚਨਾ "ਰਾਮ ਗੀਤ" ਵਿਖੇ ਕੁਸ਼ੱਲਿਆ ਜੀ ਨੂੰ 'ਕੁਰ੍ਹਾਮ' ਦੀ ਸੁਤਾ (ਪੁੱਤਰੀ) ਹੀ ਲਿਖਿਆ ਹੈ, ਜਿਵੇਂ :

ਜਾਇ ਕੈ ਦੂਤ ਕਹੀ ਕਸਮੀਰਹਿ ਤਾਤ ਸੁਤਾ ਤੁਮਰੀ ਬਡਭਾਗੀ।
ਭੈਸ ਕੁਰ੍ਹਾਮ ਸੁਮਿਤ੍ਰਪੁਰੀ, ਤਬ ਦਾਨ ਕਰੈ ਅਤਸੈ ਅਨਰਾਗੀ॥ (ਅਧਿ. 12/42)[2]

ਪਟਿਆਲਾ ਜ਼ਿਲ੍ਹੇ ਦੇ 'ਘੁੜਾਮ' ਨਾਂ ਦਾ ਕਸਬਾ ਹੀ ਭਗਵਾਨ ਰਾਮ ਦਾ ਨਾਨਕਾ-ਘਰ ਸੀ, ਇਸ ਦੀ ਪੁਸ਼ਟੀ ਉਪਰੋਕਤ ਸਾਹਿੱਤਕ ਪ੍ਰਮਾਣਾਂ ਤੋਂ ਇਲਾਵਾ ਸਮਾਜ ਸ਼ਾਸਤਰੀ ਆਧਾਰ 'ਤੇ ਵੀ ਹੋ ਜਾਂਦੀ ਹੈ।

ਬਹੁਤ ਚਿਰ ਤਕ ਕੁਸ਼ੱਲਿਆ ਜੀ ਦੇ ਕੋਈ ਸੰਤਾਨ ਨਾ ਹੋਣ ਕਾਰਨ ਸ਼ਾਇਦ ਰਾਜਾ ਦਸ਼ਰਥ ਨੂੰ ਦੂਜਾ ਵਿਆਹ ਕਰਵਾਉਣਾ ਪਿਆ। ਉਸ ਰਾਣੀ ਦਾ ਨਾਂ "ਸੁਮਿਤ੍ਰਾ" ਸੀ। ਸੁਮਿਤ੍ਰਾ

---

*/** ਪਤਾ : ਜੀਵਨ ਸੰਤ ਕੁਟੀਆ, 1697, ਮੁਹੱਲਾ ਦੀਵਾਨ ਮੂਲ ਚੰਦ, ਆਰੀਆ ਸਮਾਜ ਦੇ ਨੇੜੇ, ਪਟਿਆਲਾ-147001.

ਦੇ ਵੀ ਕਾਫ਼ੀ ਸਮੇਂ ਤਕ ਔਲਾਦ ਨਾ ਹੋਣ ਕਾਰਨ ਰਾਜਾ ਦਸ਼ਰਥ ਨੇ ਤੀਜੀ ਸ਼ਾਦੀ ਕੀਤੀ। ਉਸ ਰਾਣੀ ਦਾ ਨਾਂ ਕੈਕਈ ਸੀ। ਇਸ ਬਾਰੇ ਡਾ. ਮਨਮੋਹਨ ਸਹਿਗਲ ਦਾ ਕਥਨ ਹੈ:

''ਕੈਕਈ ਨੂੰ ਵਾਲਮੀਕਿ ਨੇ ਪੰਜਾਬ ਦੇ ਕੈਕੇਯ ਪ੍ਰਦੇਸ਼ ਦੀ ਰਹਿਣ ਵਾਲੀ ਦੱਸਿਆ ਹੈ। ਕੈਕੇਯ ਪ੍ਰਦੇਸ਼ ਆਜ਼ਾਦੀ ਤੋਂ ਪਹਿਲਾਂ ਪੰਜਾਬ ਦੇ ਪੱਛਮੀ ਹਿੱਸੇ ਦੇ ਗੁਜਰਾਤ ਪ੍ਰਦੇਸ਼ ਤੋਂ ਉਤਾਂਹ ਪੈਂਦਾ ਸੀ (ਜੋ ਕਿ ਅੱਜਕਲ੍ਹ ਪਾਕਿਸਤਾਨ ਦਾ ਹਿੱਸਾ ਬਣ ਚੁੱਕਿਆ ਹੈ)। ''ਵਾਲਮੀਕਿ ਰਾਮਾਯਣ'' (ਅਯੋਧਯਾ ਕਾਂਡ, ਸਰਗ 37, ਸਲੋਕ 35) ਵਿਖੇ ਮਹਾਰਿਸ਼ੀ ਵਸਿਸ਼ਠ ਕੈਕਯੀ ਨੂੰ ਕੈਕੇਯ ਪ੍ਰਦੇਸ਼ ਦੇ ਰਾਜਾ ਦੀ ਪੁੱਤਰੀ (ਕੇਕਯ ਰਾਜਪੁਤ੍ਰਿ) ਹੀ ਸੱਦਦੇ ਹਨ। ਇਸ ਤੋਂ ਸਪਸ਼ਟ ਹੈ ਕਿ ਰਾਮ-ਕਥਾ ਦਾ ਮੂਲ-ਸਤੰਭ (ਮੂਲ ਆਧਾਰ) ਇਹ ਪਾਤਰਾ ਵੀ ਪੰਜਾਬ ਦੀ ਵਸਨੀਕ ਸੀ। ਇਹੋ ਨਹੀਂ ਆਪਣੇ ਨਾਨਕੇ ਘਰੋਂ ਪਰਤਦੇ ਹੋਏ (ਕੈਕਈ ਦੇ ਪੁੱਤਰ) ਭਰਤ ਨੂੰ ਸਤਦਰੂ ਨਦੀ (ਸਤਲੁਜ ਨਦੀ) ਨੂੰ ਪਾਰ ਕਰਨਾ ਪਿਆ, ਜੋ ਕਿ ਅਜੋਕੇ ਪੰਜਾਬ ਵਿਚ ਮੌਜੂਦ ਹੈ ਅਤੇ ਕੈਕੇਯ ਪ੍ਰਦੇਸ਼ ਤੋਂ ਅਯੁੱਧਿਆ ਵੱਲ ਜਾਉਣ ਵਾਸਤੇ ਉਸ ਨੂੰ ਜ਼ਰੂਰ ਲੰਘਣਾ ਪੈਂਦਾ ਹੈ।''[4]

ਪੁੱਤਰ ਦੀ ਚਾਹਣਾ ਲਈ ਯੱਗ

''ਵਾਲਮੀਕਿ ਰਾਮਾਯਣ'' ਅਨੁਸਾਰ ਵਸਿਸ਼ਠ ਜੀ ਅਤੇ ਵਾਸਦੇਵ ਜੀ ਰਾਜਾ ਦਸ਼ਰਥ ਦੇ ਕੁਲ ਪੁਰੋਹਿਤ ਸਨ। ਬਹੁਤ ਦਿਨਾਂ ਤਕ ਤਿੰਨੇ ਰਾਣੀਆਂ ਵਿੱਚੋਂ ਕਿਸੇ ਦੇ ਵੀ ਪੁੱਤਰ ਨਾ ਹੋਣ ਕਾਰਨ ਰਾਜਾ ਦਸ਼ਰਥ ਨੇ ਮੰਤਰੀਆਂ ਅਤੇ ਕੁਲ ਪੁਰੋਹਿਤਾਂ ਦੇ ਸਮਝਾਉਣ-ਬੁਝਾਉਣ ਤੇ 'ਪੁਤਰੇਸ਼ਟਿ ਯੱਗ' ਕੀਤਾ। ਯੱਗ ਦੀ ਅਗਨੀ ਵਿੱਚੋਂ ਸੂਰਜ ਤੋਂ ਵੀ ਵੱਧ ਪ੍ਰਕਾਸ਼ ਵਾਲਾ ਬੜੇ ਉੱਚੇ ਆਕਾਰ ਦਾ 'ਪ੍ਰਾਜਪਤਯ ਪੁਰਸ਼'' ਪ੍ਰਗਟ ਹੋਇਆ। ਉਸ ਦੇ ਹੱਥ ਵਿਚ ਸੋਨੇ ਦਾ ਬਣਿਆ ਹੋਇਆ ਇਕ ਭਾਂਡਾ ਸੀ, ਜਿਸ ਦਾ ਢੱਕਣ ਚਾਂਦੀ ਦਾ ਸੀ। ਇਸ ਵਿਚ ਖੀਰ ਸੀ, ਜੋ ਕਿ ਯੱਗ ਦਾ ਪ੍ਰਸਾਦ ਸੀ। ਪ੍ਰਾਜਪਤਯ ਪੁਰਸ਼ ਦੇ ਕਹਿਣ ਅਨੁਸਾਰ ਰਾਜੇ ਨੇ ਉਹ ਖੀਰ ਆਪਣੀਆਂ ਪਤਨੀਆਂ ਨੂੰ ਵੰਡਣੀ ਸ਼ੁਰੂ ਕੀਤੀ। ਸਾਰੀ ਖੀਰ ਵਿੱਚੋਂ ਅੱਧਾ ਹਿੱਸਾ ਰਾਜਾ ਦਸ਼ਰਥ ਨੇ ਪਹਿਲਾਂ ਆਪਣੀ ਪਟਰਾਣੀ ਕੁਸ਼ੱਲਿਆ ਨੂੰ ਦਿੱਤਾ। ਫੇਰ ਬਚੀ ਹੋਈ ਖੀਰ ਵਿੱਚੋਂ ਅੱਧੇ 'ਤੋਂ ਵੀ ਅੱਧਾ ਸੁਮਿਤ੍ਰਾ ਨੂੰ ਦੇ ਦਿੱਤਾ। ਇਸ ਤੋਂ ਬਾਅਦ ਜੋ ਕੁਝ ਬਚਿਆ, ਉਹ ਕੈਕਈ ਨੂੰ ਦੇ ਦਿੱਤਾ ਅਤੇ ਜੋ ਵੀ ਥੋੜ੍ਹੀ-ਬਹੁਤ ਖੀਰ ਭਾਂਡੇ ਵਿਚ ਇੱਧਰ-ਉਧਰ ਲੱਗੀ ਰਹਿ ਗਈ, ਉਹ ਖੁਰਚ ਕੇ ਸੁਮਿਤ੍ਰਾ ਦੇ ਹੱਥ ਉੱਤੇ ਧਰ ਦਿੱਤੀ।

ਇਸ ਪ੍ਰਕਾਰ ਸਮਾਂ ਪਾ ਕੇ ਮਾਤਾ ਕੁਸ਼ੱਲਿਆ ਦੀ ਕੁੱਖੋਂ ਚੇਤ ਸ਼ੁਦੀ ਨੌਮੀ ਨੂੰ ਰਾਮ ਚੰਦਰ ਜੀ ਨੇ ਜਨਮ ਲਿਆ, ਜੋ ਭਗਵਾਨ ਵਿਸ਼ਨੂੰ ਦਾ ਸੱਤਵਾਂ ਅਵਤਾਰ ਮੰਨੇ ਜਾਂਦੇ ਹਨ। ਰਾਣੀ ਕੈਕਈ ਦੀ ਕੁੱਖ ਤੋਂ ਭਰਤ ਜੀ ਨੇ ਜਨਮ ਲਿਆ। ਇਸੇ ਪ੍ਰਕਾਰ ਰਾਣੀ ਸੁਮਿਤ੍ਰਾ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਉਨ੍ਹਾਂ ਵਿੱਚੋਂ ਵੱਡੇ ਸਨ 'ਲਛਮਣ ਜੀ' ਅਤੇ ਛੋਟੇ ਸਨ 'ਸ਼ਤਰੂਘਨ ਜੀ।' ਭਾਵੇਂ ਚਾਰੇ ਭਰਾਵਾਂ ਦਾ ਆਪਸ ਵਿਚ ਬੜਾ ਪ੍ਰੇਮ ਸੀ, ਪਰ ਬਹੁਤਾ ਕਰਕੇ ਲਛਮਣ ਜੀ ਤਾਂ ਰਾਮ ਚੰਦਰ ਜੀ ਨਾਲ ਰਹਿੰਦੇ ਸਨ ਅਤੇ ਸ਼ਤਰੂਘਨ ਜੀ ਆਪਣੇ ਮਤਰੇਈ ਭਰਾ ਭਰਤ ਜੀ ਨਾਲ। ਰਾਜ ਪੁੱਤਰ ਹੋਣ ਕਾਰਨ ਚਾਰੇ ਜਣੇ ਘੋੜੇ ਅਤੇ ਹਾਥੀ ਦੀ ਸਵਾਰੀ ਕਰਨ, ਰੱਥ ਹੱਕਣ ਅਤੇ ਤੀਰਾਂਦਾਜ਼ੀ ਵਿਚ ਛੇਤੀ ਹੀ ਪਾਰੰਗਤ ਹੋ ਗਏ।

ਮਹਾਰਿਸ਼ੀ ਵਿਸ਼ਵਾਮਿੱਤਰ ਦੇ ਆਸ਼ਰਮ ਵੱਲ ਚਾਲੇ ਅਤੇ ਸੀਤਾ ਜੀ

ਮਹਾਰਿਸ਼ੀ ਵਿਸ਼ਵਾਮਿੱਤਰ ਦੈਂਤਾਂ ਤੋਂ ਬੜੇ ਪਰੇਸ਼ਾਨ ਸਨ। ਇਸ ਲਈ ਉਹ ਰਾਜਾ ਦਸ਼ਰਥ ਕੋਲ ਆਏ ਅਤੇ ਆਖਿਆ ਕਿ ਸ੍ਰੀ ਰਾਮ ਨੂੰ ਮੇਰੇ ਨਾਲ ਘੱਲ ਦਿਓ। ਰਾਜੇ ਨੇ ਉੱਤਰ ਦਿੱਤਾ ਕਿ ਤੁਸੀਂ ਮੇਰੀ ਜਿੰਨੀ ਵੀ ਫ਼ੌਜ ਚਾਹੋ, ਆਪਣੇ ਨਾਲ ਲੈ ਜਾਓ। ਰਾਜ ਕੁਮਾਰ ਤਾਂ ਜੰਗਲਾਂ ਦੀ ਰਹਿਣੀ-ਬਹਿਣੀ ਤੋਂ ਜਾਣੂੰ ਨਹੀਂ ਹਨ। ਇਹ ਸ਼ਬਦ ਸੁਣ ਕੇ ਮਹਾਰਿਸ਼ੀ ਨੂੰ ਗੁੱਸਾ ਚੜ੍ਹ ਗਿਆ। ਮਹਾਰਿਸ਼ੀ ਦੇ ਸ਼ਰਾਪ ਤੋਂ ਡਰਦੇ ਮਾਰੇ ਅਤੇ ਵਸਿਸ਼ਠ ਜੀ ਦੇ ਸਮਝਾਉਣ ਮਗਰੋਂ ਰਾਜਾ ਦਸ਼ਰਥ ਨੇ ਕੇਵਲ ਸ੍ਰੀ ਰਾਮ ਨੂੰ ਹੀ ਨਹੀਂ, ਸਗੋਂ ਲਛਮਣ ਜੀ ਨੂੰ ਵੀ ਉਨ੍ਹਾਂ ਨਾਲ ਘੱਲ ਦਿੱਤਾ। ਉਸ ਵੇਲੇ ਭਗਵਾਨ ਰਾਮ ਦੀ ਅਵਸਥਾ ਲਗਭਗ 16 ਵਰ੍ਹੇ ਸੀ।[6]

ਰਿਸ਼ੀ ਦੇ ਆਖੇ ਅਨੁਸਾਰ ਦੋਵੇਂ ਭਰਾ 'ਵਿਸ਼ਵਾਮਿੱਤਰ ਆਸ਼ਰਮ' ਤਕ ਰਾਜ ਕੁਮਾਰਾਂ ਵਾਂਗ ਕਿਸੇ ਸਵਾਰੀ ਉੱਤੇ ਚੜ੍ਹ ਕੇ ਨਹੀਂ, ਸਗੋਂ ਉਸ ਨਾਲ ਸਾਧਾਰਨ ਸ਼ਿੱਸ਼ ਵਾਂਗ ਪੈਦਲ ਟੁਰ ਕੇ ਗਏ। ਅਯੁੱਧਿਆ ਤੋਂ ਪੈਦਲ ਚਲ ਕੇ ਜਦੋਂ ਤਿੰਨੋਂ ਜਣੇ ਸਰਯੂ ਨਦੀ ਉੱਤੇ ਪਹੁੰਚੇ ਤਾਂ ਵਿਸ਼ਵਾਮਿੱਤਰ ਜੀ ਨੇ ਦੋ ਉਂਜਲ ਜਲ ਪੀ ਕੇ ਦੋਵੇਂ ਭਰਾਵਾਂ ਨੂੰ ''ਬਲਾ'' ਅਤੇ ''ਅਤਿਬਲਾ'' (ਭੂਤ-ਪ੍ਰੇਤ ਦੇ ਵਹਿਮ ਕੱਢਣ ਵਾਲੀਆਂ) ਦੋ ਵਿੱਦਿਆਵਾਂ ਸਿਖਾਈਆਂ। ਦੂਜੀ ਰਾਤ ਤਿੰਨਾਂ ਨੇ ਸਰਯੂ ਅਤੇ ਗੰਗਾ ਨਦੀ ਦੇ ਸੰਗਮ ਉੱਤੇ ਗੁਜ਼ਾਰੀ। ਤੀਜੇ ਦਿਨ ਉਹ ''ਮਲਦ'' ਅਤੇ ''ਕਰੂਸ਼'' (ਆਧੁਨਿਕ ਬਘੇਲ ਖੰਡ ਅਤੇ ਬੁੰਦੇਲ ਖੰਡ ਦਾ ਕੁਝ ਹਿੱਸਾ) ਨਾਂ ਦੇ ਜਨਪਦਾਂ (ਬਸਤੀਆਂ) ਵਿਖੇ ਪੁੱਜੇ। ਪੁਰਾਣੇ ਸਮਿਆਂ ਵਿਚ ਇਹ ਇਲਾਕਾ ਹਰਿਆ-ਭਰਿਆ ਸੀ, ਪਰ ਉਸ ਵੇਲੇ ਮਾਰੀਚ ਰਾਖਸ਼ ਦੀ ਮਾਂ ਤਾਟਕਾ (ਤਾੜਕਾ) ਨੇ ਇਸ ਨੂੰ ਉਜਾੜ ਦਿੱਤਾ ਸੀ। ਅਗਸਤਯ ਰਿਸ਼ੀ ਦੇ ਸ਼ਰਾਪ ਕਾਰਨ ਆਪਣੇ ਪਤੀ ਸੁੰਦ ਨਾਂ ਦੇ ਦੈਂਤ ਦੀ ਮੌਤ ਪਿਛੋਂ ਗੁੱਸੇ ਵਿਚ ਪਾਗਲ ਤਾੜਕਾ ਨੇ ਜੋ ਇਹ ਕੁਕਰਮ ਕੀਤਾ ਸੀ, ਉਸ ਦੇ ਬਦਲੇ ਵਜੋਂ ਵਿਸ਼ਵਾਮਿੱਤਰ ਜੀ ਨੇ ਭਗਵਾਨ ਰਾਮ ਨੂੰ ਆਦੇਸ਼ ਦਿੱਤਾ ਕਿ ਉਹ ਉਸ ਦੁਰਾਚਾਰਿਨੀ ਦੇ ਟੋਟੇ ਕਰ ਦੇਵੇ। ਇਹ ਸੁਣਦਿਆਂ ਹੀ ਰਾਮ ਜੀ ਨੇ ਧਨੁਖ (ਕਮਾਨ) ਦੀ ਟੰਕਾਰ ਕੀਤੀ, ਜਿਸ ਨੂੰ ਸੁਣ ਕੇ ਤਾੜਕਾ ਨੇ ਗੁੱਸੇ ਵਿਚ ਆ ਕੇ ਪੱਥਰ ਵਰਸਾਣੇ ਸ਼ੁਰੂ ਕਰ ਦਿੱਤੇ। ਪਰ ਭਗਵਾਨ ਰਾਮ ਨੇ ਤੀਰਾਂ ਦੀ ਝੜੀ ਲਾ ਕੇ ਪਹਿਲਾਂ ਤਾਂ ਉਸ ਦੀ ਪੱਥਰਬਾਜ਼ੀ ਨੂੰ ਠੱਲ ਪਾਈ ਅਤੇ ਫੇਰ ਉਸ ਦੀਆਂ ਦੋਵੇਂ ਬਾਹਵਾਂ ਵੱਢ ਦਿੱਤੀਆਂ। ਗੁੱਸੇ ਵਿਚ ਭੜਕੀ ਹੋਈ ਤਾੜਕਾ ਗਰਜਦੀ ਹੋਈ ਰਾਮ ਅਤੇ ਲਛਮਣ ਉੱਤੇ ਹਮਲਾ ਕਰਨ ਲਈ ਅਗਾਂਹ ਵਧੀ, ਪਰ ਰਾਮ ਚੰਦਰ ਜੀ ਨੇ ਇਕ ਤੀਰ ਛੱਡ ਕੇ ਉਸ ਨੂੰ ਢਾਹ-ਢੇਰੀ ਕਰ ਦਿੱਤਾ।

ਅਗਲੇ ਦਿਨ ਦੋਵੇਂ ਭਰਾ ਮਹਾਰਿਸ਼ੀ ਵਿਸ਼ਵਾਮਿੱਤਰ ਸਮੇਤ ਉਨ੍ਹਾਂ ਦੇ ''ਸਿੱਧ ਆਸ਼ਰਮ'' ਵਿਖੇ ਪਹੁੰਚ ਗਏ। ਹੁਣ ਮਹਾਰਿਸ਼ੀ ਜੀ ਨੇ ਇਕ ਮਹਾਨ ਯੱਗ ਸ਼ੁਰੂ ਕਰ ਦਿੱਤਾ। ਰਾਮ ਅਤੇ ਲਛਮਣ ਦਿਨ ਰਾਤ ਜਾਗ ਕੇ ਯੱਗ ਕਰਨ ਵਾਲਿਆਂ ਦੀ ਰੱਖਿਆ ਲਈ ਤਤਪਰ ਰਹੇ। ਛੇਵੇਂ ਦਿਨ ਆਪਣੀ ਮਾਂ ਦੀ ਮੌਤ ਦਾ ਬਦਲਾ ਲੈਣ ਲਈ ਤਾੜਕਾ ਦਾ ਪੁੱਤਰ ਮਾਰੀਚ ਆਪਣੇ ਇਕ ਹੋਰ ਸਾਥੀ ਸੁਬਾਹੂ ਨਾਲ 'ਸਿੱਧ ਆਸ਼ਰਮ' ਦੇ ਕੋਲ ਆਇਆ ਅਤੇ ਉਨ੍ਹਾਂ ਨੂੰ ਵੰਗਾਰਿਆ। ਪਰ ਰਾਮ ਜੀ ਦੇ ਤੀਰਾਂ ਦੀ ਮਾਰ ਬਰਦਾਸ਼ਤ ਨਾ ਕਰ ਸਕਣ ਵਾਲਾ ਮਾਰੀਚ ਕੋਹਾਂ ਦੂਰ ਸਮੁੰਦਰ ਵਿਚ ਡਿੱਗ ਪਿਆ ਅਤੇ ਸੁਬਾਹੂ ਮਾਰਿਆ ਗਿਆ। ਮਾਰੀਚ ਰਾਵਣ ਦਾ ਮਾਮਾ ਸੀ, ਇਹੋ ਬਾਅਦ ਵਿਚ ਸੋਨੇ ਦਾ ਮਿਰਗ ਬਣ ਕੇ ਮਾਰਿਆ ਗਿਆ।

ਯੱਗ ਦੀ ਨਿਰਵਿਘਨ ਸਮਾਪਤੀ ਮਗਰੋਂ ਦੋਵੇਂ ਭਰਾਵਾਂ ਨੇ ਮਹਾਰਿਸ਼ੀ ਤੋਂ ਕੋਈ ਹੋਰ ਸੇਵਾ ਕਰਨ ਦੀ ਇੱਛਾ ਪ੍ਰਗਟਾਈ ਤਾਂ ਵਿਸ਼ਵਾਮਿੱਤਰ ਜੀ ਨੇ ਆਖਿਆ, ''ਮਿਥਿਲਾ ਦਾ ਰਾਜਾ ਜਨਕ ਇਕ ਯੱਗ ਕਰ ਰਿਹਾ ਹੈ। ਉਸ ਦੇ ਕੋਲ ਇਕ ਅਦਭੁਤ ਕਮਾਨ (Bow) ਹੈ, ਜਿਸ ਦਾ ਚਿੱਲਾ ਅੱਜ ਤਕ ਕੋਈ ਵੀ ਦੇਵਤਾ, ਦੈਂਤ ਜਾਂ ਗੰਧਰਬ ਨਹੀਂ ਚੜ੍ਹਾ ਸਕਿਆ। ਅਸੀਂ ਵੇਖਣਾ ਹੈ ਕਿ ਉਸ ਕਾਰਜ ਵਿਚ ਹੁਣ ਕੌਣ ਸਫਲ ਹੁੰਦਾ ਹੈ?''

ਸਤਿਬਚਨ ਆਖ ਕੇ ਦੋਵੇਂ ਭਰਾ ਮਹਾਰਿਸ਼ੀ ਨਾਲ ਤੁਰ ਪਏ। ਆਪਣੇ ਹੀ ਪਤੀ ਰਿਸ਼ੀ ਗੌਤਮ ਦੇ ਸ਼ਰਾਪ ਕਾਰਨ ਉਸ ਦੀ ਪਤਨੀ ਆਹਲਯਾ ਰਸਤੇ ਵਿਚ ਪੱਥਰ ਦੀ ਮੂਰਤੀ ਬਣੀ ਹੋਈ ਸੀ। ਇਹ ਸਾਰਾ ਕਾਰਾ ਇੰਦਰ ਦੀ ਧੋਖਾ ਧੜੀ ਕਾਰਨ ਹੋਇਆ ਸੀ। ਰਾਮ ਚੰਦਰ ਜੀ ਨੇ ਉਸ ਨੂੰ ਸ਼ਰਾਪ-ਮੁਕਤ ਕਰਕੇ ਉਸ ਦੇ ਪਤੀ ਕੋਲ ਘੱਲ ਦਿੱਤਾ। ਇਹੋ ਆਹਲਯਾ ਹੈ, ਜਿਸ ਦੀ ਗਿਣਤੀ ਸੀਤਾ, ਦ੍ਰੋਪਦੀ, ਤਾਰਾ ਅਤੇ ਮੰਦੋਦਰੀ ਸਮੇਤ ਪੰਜ ਪਤੀਬ੍ਰਤਾ ਇਸਤਰੀਆਂ ਵਿਚ ਹੁੰਦੀ ਹੈ। ਸੁਹਾਗਣ ਇਸਤਰੀਆਂ ਸਵੇਰੇ ਉਠਦਿਆਂ ਸਾਰ ਇਨ੍ਹਾਂ ਪੰਜਾਂ ਦਾ ਨਾਂ ਲੈਣਾ ਇਕ ਵੱਡੇ ਪੁੰਨ ਵਰਗਾ ਕਾਰਜ ਸਮਝਦੀਆਂ ਹਨ।

ਸੀਤਾ ਸੁਅੰਵਰ

ਭਾਰਤ ਵਿਚ ਰਚੇ ਗਏ ਲਗਭਗ ਸਾਰੇ ''ਰਾਮਾਇਣ'' ਗ੍ਰੰਥਾਂ ਵਿਚ ਭਗਵਾਨ ਰਾਮ ਦੀ ਧਰਮ ਪਤਨੀ ਸੀਤਾ ਜੀ ਨੂੰ ''ਅਜੋਨਿਜਾ'' (ਜੋ ਮਾਂ ਦੀ ਕੁੱਖ ਵਿੱਚੋਂ ਪੈਦਾ ਨਾ ਹੋਈ) ਅਤੇ ''ਰਾਜਾ ਜਨਕ ਦੀ ਪਾਲੀ ਹੋਈ ਪੁੱਤਰੀ'' ਹੋਣ ਕਾਰਨ 'ਜਨਕ ਦੁਲਾਰੀ' ਜਾਂ 'ਜਾਨਕੀ' ਵੀ ਸੱਦਿਆ ਗਿਆ ਹੈ। 'ਅਦਭੁਤ ਰਾਮਾਇਣ' ਵਿਖੇ ਸੀਤਾ ਜੀ ਦੇ ਜਨਮ ਦੀ ਬੜੀ ਬਚਿੱਤਰ ਕਥਾ ਮਿਲਦੀ ਹੈ, ਜੋ ਇਸ ਪ੍ਰਕਾਰ ਹੈ :

''ਮਹਾਰਾਜਾ ਜਨਕ ਯੱਗ ਕਰਨ ਲਈ ਇਕ ਵਾਰੀ ਕੁਰੂਕਸ਼ੇਤਰ ਗਏ। ਸੋਨੇ ਦੇ ਹਲ ਨਾਲ ਜਦੋਂ ਉਨ੍ਹਾਂ ਨੇ ਜ਼ਮੀਨ ਵਾਹੀ ਤਾਂ ਇਕ ਦਿੱਬ (ਦੇਵੀ ਰੂਪ) ਕੰਨਿਆ ਇਕ ਘੜੇ ਵਿੱਚੋਂ ਪ੍ਰਗਟ ਹੋ ਗਈ ਅਤੇ ਉਸ ਉੱਤੇ ਦਿੱਬ ਫੁੱਲਾਂ ਦੀ ਵਰਖਾ ਹੋਣ ਲੱਗ ਪਈ। ਇਸ ਅਣਹੋਣੀ ਘਟਨਾ ਨੂੰ ਵੇਖ ਕੇ ਮਹਾਰਾਜਾ ਜਨਕ ਭੁਚੱਕਾ ਰਹਿ ਗਿਆ। ਇਸੇ ਦੌਰਾਨ ਆਕਾਸ਼ਬਾਣੀ ਹੋਈ ''ਹੇ ਰਾਜਨ ! ਤੁਸੀਂ ਇਸ ਕੰਨਿਆ ਦੀ ਪਾਲਣਾ ਕਰੋ। ਇਸ ਕੰਨਿਆ ਤੋਂ ਵਿਸ਼ਵ ਦਾ ਕਲਿਆਣ ਹੋਵੇਗਾ। ਇਹ ਕੰਨਿਆ ਹਲ ਦਾ ਮੂਹਰਲਾ ਸਿਰਾ (ਸੀਤ) ਲਗਣ ਨਾਲ ਪੈਦਾ ਹੋਈ ਹੈ, ਇਸ ਲਈ ਇਸ ਦਾ ਨਾਂ 'ਸੀਤਾ' ਹੋਵੇਗਾ। ਤੁਸੀਂ ਇਸ ਨੂੰ ਆਪਣੀ ਧੀ ਬਣਾ ਲਵੋ। ਯੱਗ ਪੂਰਾ ਹੋਣ ਤੇ ਮਹਾਰਾਜਾ ਉਸ ਕੰਨਿਆ ਨੂੰ ਆਪਣੇ ਘਰ ਲੈ ਆਇਆ, ਜਿਸ ਨੂੰ ਵੇਖ ਕੇ ਉਸ ਦੀ ਪਤਨੀ 'ਸੁਨਯਨਾ' ਬਹੁਤ ਖੁਸ਼ ਹੋਈ। ਇਹੋ ਦਿੱਬ ਕੰਨਿਆ ''ਸੀਤਾ'' ਅਖਵਾਈ ਅਤੇ ਸੰਸਾਰ ਦੇ ਲੋਕਾਂ ਦਾ ਭਲਾ ਕਰਨ ਵਾਲੀ ਬਣੀ।''[8]

ਰਾਜ ਕੁਮਾਰੀਆਂ ਵਰਗਾ ਲਾਡ-ਪਿਆਰ ਦੇਣ ਦੇ ਨਾਲੋਂ-ਨਾਲ ਮਾਪਿਆਂ ਨੇ ਸੀਤਾ ਜੀ ਨੂੰ ਘਰ-ਗ੍ਰਿਹਸਤੀ ਚਲਾਉਣ ਦੇ ਤੌਰ-ਤਰੀਕੇ ਵੀ ਸਿਖਾਏ। ਲੋਕ ਕਥਾ ਹੈ ਕਿ ਸ਼ਿਵ ਜੀ ਨੇ ਆਪਣੇ ਸਹੁਰੇ 'ਦੱਖ ਪ੍ਰਜਾਪਤੀ' ਦੇ ਯੱਗ ਵਿਚ ਆਪਣੀ ਪਤਨੀ 'ਸਤੀ' ਦੇ ਯੋਗ ਅਗਨੀ ਵਿਚ ਜਲ ਜਾਣ ਕਾਰਨ ਧਰਥੱਲੀ ਮਚਾ ਦਿੱਤੀ ਸੀ। ਉਸ ਵੇਲੇ ਉਨ੍ਹਾਂ ਨੇ ਜੋ ਧਨੁਖ ਧਾਰਨ ਕੀਤਾ ਹੋਇਆ ਸੀ, ਉਹ ਭੋਲੇ ਸ਼ੰਕਰ ਨੇ ਕੁਝ ਚਿਰ ਮਗਰੋਂ ਦੇਵਤਿਆਂ ਨੂੰ ਦੇ ਦਿੱਤਾ। ਉਹੀ ਧਨੁਖ ਦੇਵਤਿਆਂ ਨੇ

ਮਹਾਰਾਜਾ ਜਨਕ ਦੇ ਕਿਸੇ ਬਜ਼ੁਰਗ ਦੀ ਭਗਤੀ ਭਾਵਨਾ ਤੋਂ ਖੁਸ਼ ਹੋ ਕੇ ਉਸ ਦੇ ਹਵਾਲੇ ਕਰ ਦਿੱਤਾ। ਦੇਵਤਿਆਂ ਦੀ ਦੇਣ ਸਮਝ ਕੇ ਮਹਾਰਾਜਾ ਜਨਕ ਰੋਜ਼ਾਨਾ ਉਸ ਦੀ ਪੂਜਾ ਕਰਦੇ ਸਨ, ਜਿਸ ਲਈ ਉਨ੍ਹਾਂ ਨੂੰ ਕਾਫ਼ੀ ਦੂਰ ਜਾਣਾ ਪੈਂਦਾ ਸੀ। ਇਕ ਦਿਨ ਮੁਟਿਆਰ ਸੀਤਾ ਉਸ ਧਨੁਖ ਨੂੰ ਚੁੱਕ ਕੇ ਮਹਿਲ ਵਿੱਚੋਂ ਲੈ ਆਈ। ਪੂਜਾ ਤੋਂ ਪਹਿਲਾਂ ਸੁਨਯਨਾ ਰੋਜ਼ਾਨਾ ਉਸ ਕਮਰੇ ਦਾ ਝਾੜੂ-ਪੋਚਾ ਕਰਦੀ, ਪਰ ਧਨੁਖ ਦੀ ਹੇਠਲੀ ਜ਼ਮੀਨ ਇਸ ਤੋਂ ਵਾਂਝੀ ਰਹਿ ਜਾਂਦੀ ਸੀ। ਇਕ ਦਿਨ ਸਾਰੇ ਕਮਰੇ ਅਤੇ ਧਨੁਖ ਵਾਲੇ ਖੂੰਜੇ ਦੀ ਖੂਬ ਸਫ਼ਾਈ ਵੇਖ ਕੇ ਮਹਾਰਾਜੇ ਨੇ ਆਪਣੀ ਪਤਨੀ ਸੁਨਯਨਾ ਨੂੰ ਪੁੱਛਿਆ ਤਾਂ ਪਤਾ ਚੱਲਿਆ ਕਿ ਸੀਤਾ ਨੇ ਉਸ ਧਨੁਖ ਨੂੰ ਮੋਢੇ ਉੱਤੇ ਧਰ ਕੇ ਬੜੀ ਸ਼ਰਧਾ ਨਾਲ ਇਹ ਕਾਰਜ ਕੀਤਾ ਹੈ। ਮਹਾਰਾਜਾ ਆਪਣੀ ਧੀ ਦੀ ਹਿੰਮਤ ਅਤੇ ਬਹਾਦਰੀ ਤੋਂ ਹੋਰ ਵੀ ਪ੍ਰਭਾਵਿਤ ਹੋ ਗਿਆ। ਉਸ ਨੇ ਤੁਰੰਤ ਆਪਣੇ ਮਨ ਵਿਚ ਧਾਰ ਲਿਆ ਕਿ ਉਹ ਸੀਤਾ ਜੀ ਦਾ ਵਿਆਹ ਉਸੇ ਨੌਜਵਾਨ ਨਾਲ ਕਰੇਗਾ, ਜਿਹੜਾ ਇਸ ਧਨੁਖ ਉੱਤੇ ਚਿੱਲਾ ਚੜ੍ਹਾ ਕੇ ਤੋੜਨ ਦੀ ਦਲੇਰੀ ਵਿਖਾਵੇਗਾ।

ਜਦੋਂ ਰਾਮ ਅਤੇ ਲਛਮਣ ਸਮੇਤ ਮਹਾਰਿਸ਼ੀ ਵਿਸ਼ਵਾਮਿੱਤਰ ਜਨਕ ਪੁਰੀ ਪਹੁੰਚੇ ਤਾਂ ਆਪਣੇ ਦੂਤਾਂ ਕੋਲੋਂ ਸੂਚਨਾ ਮਿਲਦਿਆਂ ਸਾਰ ਮਹਾਰਾਜਾ ਜਨਕ ਆਪਣੇ ਗੁਰੂ ਸ਼ਤਾਨੰਦ, ਪੂਰੇ ਸਰਕਾਰੀ ਅਮਲੇ ਅਤੇ ਸ਼ਹਿਰਵਾਸੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਸੁਆਗਤ ਲਈ ਅੱਪੜ ਗਏ। ਸਭਨਾਂ ਨੇ ਵਾਰੀ ਵਾਰੀ ਸਿਰ ਵਿਸ਼ਵਾਮਿੱਤਰ ਜੀ ਦੀ ਚਰਣ-ਛੂਹ ਲਈ। ਰਾਮ ਅਤੇ ਲਛਮਣ ਉਸ ਦੌਰਾਨ ਜਨਕ ਪੁਰੀ ਦੀ ਫੁਲਵਾੜੀ ਵੇਖਣ ਗਏ ਹੋਏ ਸਨ। ਜਦੋਂ ਉਹ ਦੋਵੇਂ ਪਧਾਰੇ ਤਾਂ ਸਭਨਾਂ ਨੇ ਖੜੇ ਹੋ ਕੇ ਉਨ੍ਹਾਂ ਨੂੰ ਆਦਰ-ਮਾਣ ਦਿੱਤਾ। ਰਾਜਾ ਜਨਕ ਤਾਂ ਉਨ੍ਹਾਂ ਦੀ ਮੋਹਿਨੀ ਮੂਰਤ ਤੇ ਇੰਨੇ ਲੱਟੂ ਹੋਏ ਕਿ ਉਨ੍ਹਾਂ ਦੇ ਠਹਿਰਨ ਦਾ ਬੰਦੋਬਸਤ ਇਕ ਸਰਕਾਰੀ ਮਹਿਲ ਵਿਚ ਕਰਕੇ ਸੀਤਾ ਸੁਅੰਵਰ ਵਿਚ ਸ਼ਾਮਿਲ ਹੋਣ ਦਾ ਨਿਮੰਤ੍ਰਣ ਵੀ ਦੇ ਆਏ।

ਮਹਾਰਾਜਾ ਜਨਕ ਵੱਲੋਂ ਆਯੋਜਿਤ ਸੀਤਾ ਸੁਅੰਵਰ ਸੰਬੰਧੀ 'ਧਨੁਖ ਯੱਗ' ਦਾ ਸਮਾਚਾਰ ਸੁਣ ਕੇ ਬਹੁਤ ਸਾਰੇ ਰਾਜ ਕੁਮਾਰ ਜਨਕ ਪੁਰੀ ਪੁੱਜੇ ਹੋਏ ਸਨ। ਵੇਲੇ ਸਿਰ ਵਿਸ਼ਵਾਮਿੱਤਰ ਜੀ ਵੀ ਸ੍ਰੀ ਰਾਮ ਅਤੇ ਲਛਮਣ ਜੀ ਨੂੰ ਨਾਲ ਲੈ ਕੇ ਉੱਥੇ ਪਹੁੰਚ ਗਏ। ਸੀਤਾ ਜੀ ਨਾਲ ਸ਼ਾਦੀ ਕਰਵਾਉਣ ਦੇ ਚਾਹਵਾਨ ਹਰੇਕ ਰਾਜ ਕੁਮਾਰ ਨੇ ਵਾਰੀ-ਵਾਰੀ ਸਿਰ ਉੱਠ ਕੇ ਭਗਵਾਨ ਸ਼ਿਵ ਦਾ ਜਨਕਪੁਰੀ ਨੂੰ ਵਰੋਸਾਇਆ ਹੋਇਆ ਧਨੁਖ ਚੁੱਕਣ ਦੀ ਕੋਸ਼ਿਸ਼ ਕੀਤੀ, ਪਰ ਹਰੇਕ ਅਸਫ਼ਲ ਰਿਹਾ। ਹੁਣ ਵਿਸ਼ਵਾਮਿੱਤਰ ਜੀ ਵੱਲੋਂ ਹੱਲਾ ਸ਼ੇਰੀ ਦੇਣ ਤੇ ਰਾਮ ਚੰਦਰ ਜੀ ਅਗਾਂਹ ਵਧੇ। ਹਾਰੇ ਹੋਏ ਲੋਕੀ ਉਨ੍ਹਾਂ ਦੀ ਉਮਰ ਅਤੇ ਕੱਦ-ਕਾਠ ਨੂੰ ਵੇਖ ਕੇ ਆਪਸ ਵਿਚ ਕੰਨਸੂਈਆਂ ਕਰਨ ਲੱਗ ਪਏ। ਇਸ ਦੇ ਬਾਵਜੂਦ ਰਾਮ ਚੰਦਰ ਜੀ ਨੇ ਮਨ ਹੀ ਮਨ ਗੁਰੂ ਜੀ ਅਤੇ ਮਾਪਿਆਂ ਨੂੰ ਪ੍ਰਣਾਮ ਕਰਕੇ ਫੁਰਤੀ ਨਾਲ ਧਨੁਖ ਚੁੱਕ ਲਿਆ ਅਤੇ ਉਸ ਦੀ ਰੱਸੀ ਨੂੰ ਇੰਨੀ ਜ਼ੋਰ ਨਾਲ ਖਿੱਚਿਆ ਕਿ ਉਸ ਦੇ ਸ਼ੋਰ ਕਾਰਨ ਸੂਰਜ ਦੇ ਰੱਥ ਦੇ ਘੋੜੇ ਆਪਣਾ ਰਸਤਾ ਭੁੱਲ ਗਏ। ਦਸਾਂ ਦਿਸ਼ਾਵਾਂ ਦੇ ਹਾਥੀ ਚੰਘਾੜਾਂ ਮਾਰਨ ਲੱਗ ਪਏ। ਸ਼ੇਸ਼ਨਾਗ, ਵਰਾਹ (ਸੂਅਰ) ਅਤੇ ਕੱਛੂ ਘਬਰਾ ਗਏ। ਦੇਵਤਾ, ਰਾਖਸ਼ ਅਤੇ ਮੁਨੀਜਨ ਕੰਨਾਂ ਉੱਤੇ ਹੱਥ ਧਰ ਕੇ ਵਿਆਕੁਲਤਾ ਨਾਲ ਇਹ ਸੋਚਣ ਲੱਗ ਪਏ ਕਿ ਇੰਨੇ ਜ਼ੋਰ ਦਾ ਧਮਾਕਾ ਕਿੱਥੇ ਹੋਇਆ ਹੈ। ਜਦੋਂ ਸਭਨਾਂ ਨੂੰ ਨਿਸ਼ਚਾ ਹੋ ਗਿਆ ਕਿ ਰਾਮ ਚੰਦਰ ਜੀ ਨੇ ਸੀਤਾ ਜੀ ਦੇ ਵਿਆਹੁਤਾ ਬਣਨ ਲਈ ਮਹਾਰਾਜਾ ਜਨਕ ਦੀ ਸ਼ਰਤ ਪੂਰੀ ਕਰ ਦਿੱਤੀ ਹੈ ਤਾਂ ਸਾਰੇ ਹੀ ਸ੍ਰੀ

ਰਾਮ ਦੇ ਜੈਕਾਰੇ ਲਾਉਣ ਲੱਗ ਪਏ।[9] ਚਹੁੰ ਪਾਸੇ ਵਾਜੇ ਵੱਜਣ ਲੱਗ ਪਏ। ਸੀਤਾ ਜੀ ਨੇ ਆਪਣੀਆਂ ਸਹੇਲੀਆਂ ਸਮੇਤ ਅਗਾਂਹ ਵਧ ਕੇ ਅਤੇ ਸ਼ਰਮ ਨਾਲ ਅੱਖਾਂ ਨੀਵੀਆਂ ਕਰਕੇ ਰਾਮ ਜੀ ਦੇ ਗਲੇ ਵਿਚ ਜੈ ਮਾਲਾ ਪਾ ਦਿੱਤੀ।[10]

ਅਜੇ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਸੀ ਕਿ ਪਰਸ਼ੁ ਰਾਮ ਜੀ ਪਧਾਰ ਗਏ ਅਤੇ ਉਨ੍ਹਾਂ ਨੇ ਸੀਤਾ ਜੀ ਨੂੰ ਆਸ਼ੀਰਵਾਦ ਦਿੱਤਾ। ਪਰ ਜਦੋਂ ਉਨ੍ਹਾਂ ਨੇ ਆਪਣੇ ਗੁਰੂ ਭਗਵਾਨ ਸ਼ਿਵ ਦਾ ਧਨੁਖ ਟੁੱਟਿਆ ਹੋਇਆ ਵੇਖਿਆ ਤਾਂ ਉਨ੍ਹਾਂ ਨੂੰ ਰੋਹ ਚੜ੍ਹ ਗਿਆ। ਉਨ੍ਹਾਂ ਦੇ ਹਰੇਕ ਕੌੜੇ ਵਚਨ ਦਾ ਜਵਾਬ ਲਛਮਣ ਜੀ ਨੇ ਦਿੱਤਾ। ਅਖ਼ੀਰ ਸ੍ਰੀ ਰਾਮ ਦੀ ਨਿਮਰਤਾ ਅਤੇ ਪ੍ਰਭਾਵ ਨੂੰ ਵੇਖ ਕੇ ਅਤੇ ਹੋਣੀ ਦੀ ਸੱਚਾਈ ਨੂੰ ਸਮਝ ਕੇ ਪਰਸ਼ੂ ਰਾਮ ਜੀ ਵੀ ਸਭਨਾਂ ਪ੍ਰਤੀ ਸ਼ੁਭ ਕਾਮਨਾਵਾਂ ਭੇਟਾ ਕਰਕੇ ਆਪਣੇ ਆਸ਼ਰਮ ਵੱਲ ਤੁਰ ਗਏ।[11]

ਭਗਵਾਨ ਰਾਮ ਵਿਸ਼ਨੂੰ ਦੇ ਸੱਤਵੇਂ ਅਵਤਾਰ ਸਨ। ਵਿਸ਼ਨੂੰ ਨਾਲ ਲੱਛਮੀ ਜੀ ਦਾ ਰਿਸ਼ਤਾ ਧੁਰੋਂ ਹੀ ਮਿੱਥਿਆ ਹੋਇਆ ਹੈ। ਮਹਾਰਿਸ਼ੀ ਵਾਲਮੀਕਿ ਜੀ ਨੇ ਵੀ ਆਪਣੀ 'ਰਾਮਾਯਣ' ਵਿਚ ਲਿਖਿਆ ਹੈ ਕਿ ਤ੍ਰੇਤਾ ਯੁੱਗ ਵਿਚ ਲੱਛਮੀ ਜੀ ਹੀ 'ਸੀਤਾ' ਦੇ ਰੂਪ ਵਿਚ ਸ੍ਰੀ ਰਾਮ ਦੀ ਧਰਮ ਪਤਨੀ ਬਣ ਕੇ ਆਈ ਸੀ। ਵਿਸ਼ਨੂੰ ਪੁਰਾਣ (1, 9, 143-145) ਵੀ ਉਨ੍ਹਾਂ ਦੇ ਮੱਤ ਦੀ ਪੁਸ਼ਟੀ ਕਰਦਾ ਹੈ।[12] ਜੋਤਿਸ਼ ਵਿੱਦਿਆ ਦੇ ਆਧਾਰ ਤੇ ਵੀ ਉਨ੍ਹਾਂ ਦੇ ਗੁਣ ਮਿਲਦੇ ਸਨ। ਹਿੰਦੂ ਵਿਆਹ ਤੋਂ ਬਾਅਦ ਪਤਨੀ ਨੂੰ ਪਤੀ ਦੀ ''ਵਾਮਾਂਗੀ'' (ਸ਼ਰੀਰ ਦਾ ਖੱਬਾ ਪਾਸਾ) ਸੱਦਿਆ ਜਾਂਦਾ ਹੈ। 'ਮਹਾ ਰਾਮਾਯਣ' ਨਾਂ ਦੇ ਗ੍ਰੰਥ ਵਿਚ ਇਸ ਗੱਲ ਦਾ ਉਲੇਖ ਹੋਇਆ ਹੈ ਕਿ ਭਗਵਾਨ ਰਾਮ ਦੇ ਦੋਵੇਂ ਪੈਰਾਂ ਵਿਚ ਕੁੱਲ 48 ਚਿੰਨ੍ਹ (ਕਮਲ, ਸ਼ੰਖ, ਮਛਲੀ ਆਦਿ) ਸਨ। ਇਨ੍ਹਾਂ ਵਿੱਚੋਂ 24 ਚਿੰਨ੍ਹ ਭਗਵਾਨ ਰਾਮ ਦੇ ਸੱਜੇ ਪੈਰ ਦੀ ਤਲੀ ਵਿਚ ਸਨ, ਉਹੀ ਸੀਤਾ ਜੀ ਦੇ ਖੱਬੇ ਪੈਰ ਦੀ ਤਲੀ ਵਿਚ। ਇਹੋ ਸਥਿਤੀ ਦੋਨਾਂ ਦੇ ਦੂਜੇ ਪੈਰ ਦੇ ਬਾਕੀ 24 ਚਿੰਨ੍ਹਾਂ ਦੀ ਸੀ।[13]

ਅਜਿਹੇ ਸਾਰੇ ਪ੍ਰਮਾਣਾਂ ਤੋਂ ਸੰਤੁਸ਼ਟ ਹੋ ਕੇ ਰਾਜਾ ਜਨਕ ਨੇ ਵਿਸ਼ੇਸ਼ ਦੂਤ ਰਾਹੀਂ ਰਾਜਾ ਦਸ਼ਰਥ ਨੂੰ ਸਾਰੀ ਸੂਚਨਾ ਭੇਜ ਦਿੱਤੀ। ਉਨ੍ਹਾਂ ਵੱਲੋਂ ਖੁਸ਼ੀਆਂ ਭਰਿਆ ਸੰਦੇਸ਼ ਮਿਲਣ ਮਗਰੋਂ ਜੋਤਸ਼ੀਆਂ ਤੋਂ ਵਿਆਹ ਦੀ ਤਾਰੀਖ਼ ਕਢਵਾਈ ਗਈ। ਭਗਤ ਤੁਲਸੀ ਦਾਸ ਅਨੁਸਾਰ, ਇਹ ਸ਼ੁਭ ਦਿਹਾੜਾ ਹੇਮੰਤ ਰੁੱਤ ਅਤੇ ਅਗਹਨ (ਮੱਘਰ) ਦਾ ਮਹੀਨਾ ਸੀ। ਗ੍ਰਹਿ, ਤਿਥ, ਨਛੱਤਰ ਅਤੇ ਵਾਰ (ਦਿਨ) ਸ੍ਰੇਸ਼ਠ ਸਨ। ਅਜਿਹੀ ਲਗਨ ਪਤ੍ਰਿਕਾ (ਸ਼ਾਹੀ ਚਿੱਠੀ) ਨਾਰਦ ਜੀ ਦੇ ਹੱਥੀਂ ਮਹਾਰਾਜਾ ਜਨਕ ਨੇ ਦਸ਼ਰਥ ਜੀ ਕੋਲ ਭਿਜਵਾ ਦਿੱਤੀ।[14] ਵਿਆਹ ਦੇ ਮਹੂਰਤ ਤੋਂ ਇਕ ਦਿਨ ਪਹਿਲਾਂ ਬਰਾਤ ਮਿਥਿਲਾ ਪੁਰੀ ਪੁੱਜ ਗਈ। ਮਹਾਰਾਜਾ ਜਨਕ ਨੇ ਬਰਾਤ ਦੀ ਖ਼ਾਤਿਰਦਾਰੀ ਵਿਚ ਕੋਈ ਕਸਰ ਬਾਕੀ ਨਾ ਛੱਡੀ। ਦੋਵੇਂ ਪਾਸਿਆਂ ਦੇ ਕੁੱਲ ਪੁਰੋਹਿਤਾਂ ਨੇ ਰਲ ਕੇ ਸ੍ਰੀ ਰਾਮ ਅਤੇ ਸੀਤਾ ਜੀ ਦੀਆਂ ਲਾਵਾਂ ਕਰਵਾਈਆਂ। ਨੇਗ (ਤੁਹਫ਼ਿਆਂ ਦੇ ਆਦਾਨ-ਪ੍ਰਦਾਨ) ਦੀ ਰਸਮ ਪੂਰੀ ਹੋਣ ਮਗਰੋਂ ਰਾਮ ਚੰਦਰ ਜੀ ਨੇ ਸੀਤਾ ਜੀ ਦੀ ਮਾਂਗ (ਚੀਰਨੀ) ਵਿਚ ਸਿੰਦੂਰ ਭਰ ਕੇ ਆਪਣੀ ਜੀਵਨ ਸਾਥਣ ਬਣਾ ਲਿਆ।[15]

ਇਸ ਤੋਂ ਮਗਰੋਂ ਉਸੇ ਮੰਡਪ ਵਿਚ ਦਸ਼ਰਥ ਜੀ ਦੇ ਕੁੱਲ ਪੁਰੋਹਿਤ ਵਸਿਸ਼ਠ ਮੁਨੀ ਦੇ ਆਦੇਸ਼ ਅਨੁਸਾਰ ਕੁਸ਼ਧ੍ਵਜ ਦੀ ਕੰਨਿਆ ਮਾਂਡਵੀ ਦਾ ਵਿਆਹ ਭਰਤ ਜੀ ਨਾਲ ਕਰ ਦਿੱਤਾ ਗਿਆ। ਸੀਤਾ ਜੀ ਦੀ ਛੋਟੀ ਭੈਣ ਉਰਮਿਲਾ ਦੀ ਸ਼ਾਦੀ ਲਛਮਣ ਜੀ ਨਾਲ ਅਤੇ ਸ੍ਰੁਤਕੀਰਤਿ ਨਾਂ ਦੀ

ਇਕ ਹੋਰ ਕੰਨਿਆ ਦੀ ਸ਼ਾਦੀ ਸ਼ਤਰੁਘਨ ਜੀ ਨਾਲ ਕਰ ਦਿੱਤੀ ਗਈ।[16] ਦਸ਼ਰਥ ਜੀ ਚਾਰੇ ਪੁੱਤਰਾਂ, ਨੂੰਹਾਂ ਅਤੇ ਬਰਾਤੀਆਂ ਸਮੇਤ ਅਯੁੱਧਿਆ ਪਰਤ ਗਏ, ਜਿੱਥੇ ਤਿੰਨੋਂ ਮਾਵਾਂ (ਕੁਸ਼ੱਲਿਆ, ਸੁਮਿਤ੍ਰਾ ਅਤੇ ਕੈਕਈ) ਨੇ ਰਲ ਕੇ ਉਨ੍ਹਾਂ ਦੀ ਅਗਵਾਨੀ ਅਤੇ ਸ਼ਗੁਣ ਕੀਤੇ।

ਰਾਜ-ਤਿਲਕ ਦੀ ਤਿਆਰੀ ਅਤੇ ਰਾਮ-ਬਨਵਾਸ

ਵੈਦਿਕ ਪਰੰਪਰਾ ਅਨੁਸਾਰ ਰਾਜਾ ਦਸ਼ਰਥ ਦੇ ਸੰਨਿਆਸ ਲੈਣ ਦਾ ਸਮਾਂ ਆ ਗਿਆ ਸੀ, ਕਿਉਂਕਿ ਉਨ੍ਹਾਂ ਦੀ ਉਮਰ 75 ਵਰ੍ਹੇ ਦੇ ਨੇੜੇ ਪਹੁੰਚ ਰਹੀ ਸੀ। ਰਘੁ-ਕੁਲ ਦੀ ਰੀਤ ਅਨੁਸਾਰ ਪਰਿਵਾਰ ਦੇ ਵੱਡੇ ਪੁੱਤਰ ਰਾਮ ਚੰਦਰ ਜੀ ਨੂੰ ਰਾਜ-ਪਾਟ ਸੌਂਪਣ ਦੀ ਵਿਉਂਤ ਰਾਜ ਪੁਰੋਹਿਤ ਮੁਨੀ ਵਸਿਸ਼ਠ ਅਤੇ ਦਰਬਾਰ ਦੇ ਮੰਤਰੀਆਂ ਦੀ ਸਲਾਹ ਨਾਲ ਬਣ ਗਈ। ਇਸ ਦੀ ਸੂਚਨਾ ਰਾਜਾ ਦਸ਼ਰਥ ਦੀ ਤੀਜੀ ਰਾਣੀ ਕੈਕਈ ਨੂੰ ਉਸ ਦੀ ਦਾਸੀ 'ਮੰਥਰਾ' ਨੇ ਦਿੱਤੀ। ਮੰਥਰਾ ਇਕ ਕੁੱਬੀ ਔਰਤ ਸੀ, ਜੋ ਕਿ ਕੈਕਈ ਦੇ ਵਿਆਹ ਵੇਲੇ ਪੇਕਿਆਂ ਤੋਂ ਉਸ ਦੇ ਨਾਲ ਆਈ ਸੀ। ਇਸ ਲਈ ਰਾਣੀ ਕੈਕਈ ਨੂੰ ਇਹ ਭਰੋਸਾ ਸੀ ਕਿ ਉਹ ਸਦਾ ਉਸ ਦਾ ਭਲਾ ਸੋਚਦੀ ਹੈ।

ਰਾਮ ਚੰਦਰ ਜੀ ਨੂੰ ਰਾਜ ਗੱਦੀ ਦਿੱਤੇ ਜਾਣ ਦੀ ਤਿਆਰੀ ਦੀ ਖ਼ਬਰ ਮੰਥਰਾ ਦੇ ਮੂੰਹੋਂ ਸੁਣ ਕੇ ਕੈਕਈ ਬਹੁਤ ਖੁਸ਼ ਹੋਈ। ਉਸ ਵੇਲੇ ਕੈਕਈ ਦਾ ਪੁੱਤਰ ਭਰਤ ਆਪਣੇ ਨਾਨਕੇ ਘਰ ਗਿਆ ਹੋਇਆ ਸੀ। ਮੰਥਰਾ ਨੇ ਮੌਕਾ ਤਕ ਕੇ ਕੈਕਈ ਨੂੰ ਆਖਿਆ, "ਸੌਕਣ ਹੀ ਨਹੀਂ ਸੌਕਣ ਦਾ ਪੁੱਤ ਵੀ ਦੁਸ਼ਮਨ ਹੁੰਦਾ ਹੈ। ਇਹੋ ਕਾਰਨ ਹੈ ਕਿ ਰਾਜੇ ਨੇ ਜਾਣ-ਬੁੱਝ ਕੇ ਭਰਤ ਨੂੰ ਨਨਿਹਾਲ ਘੱਲਿਆ ਹੈ। ਇਹ ਸਾਰਾ ਮਕੜਜਾਲ ਕੁਸ਼ੱਲਿਆ ਦਾ ਰਚਿਆ ਹੋਇਆ ਜਾਪਦਾ ਹੈ। ਤੂੰ ਮੂਰਖ ਹੈਂ, ਜੋ ਕਿ ਆਪਣੇ ਪੁੱਤਰ ਭਰਤ ਨੂੰ ਯੁਵਰਾਜ ਬਣਾਉਣ ਬਾਰੇ ਨਹੀਂ ਸੋਚਦੀ।"

ਉਲਟੀਆਂ-ਸਿੱਧੀਆਂ ਪੜ੍ਹਾਉਣ ਤੇ ਕੈਕਈ ਦੀ ਅਕਲ ਮਾਰੀ ਗਈ। ਉਸ ਨੇ ਸਾਰੇ ਜ਼ੇਵਰ ਅਤੇ ਕੀਮਤੀ ਰਾਜਸੀ ਬਾਣਾ ਲਾਹ ਦਿੱਤਾ ਅਤੇ ਇਕ ਮੈਲੀ ਜਿਹੀ ਧੋਤੀ ਪਹਿਨ ਕੇ, ਗੁੱਸੈਲ ਜਿਹਾ ਚਿਹਰਾ ਬਣਾ ਕੇ, ਆਪਣੇ ਕਮਰੇ ਦੇ ਫ਼ਰਸ਼ ਉੱਤੇ ਲੇਟ ਗਈ। ਕੈਕਈ ਨੇ ਦੂਤਾਂ ਰਾਹੀਂ ਇਹ ਸਾਰੀ ਸੂਚਨਾ ਭਿਜਵਾਈ, ਜਿਸ ਨੂੰ ਸੁਣ ਕੇ ਰਾਜਾ ਦਸ਼ਰਥ 'ਕੋਪ ਭਵਨ' ਵਿਚ ਪਹੁੰਚਿਆ। ਉਸ ਨੇ ਕੁੱਲ ਦੀ ਰੀਤ, ਰਾਮ ਚੰਦਰ ਦੀ ਬਿਨੈਸ਼ੀਲਤਾ ਆਦਿ ਦੇ ਉਦਾਹਰਨ ਦੇ ਕੇ ਕੈਕਈ ਦੇ ਤਰਲੇ ਕੀਤੇ। ਪਰ ਉਹ ਟਸ ਤੋਂ ਮਸ ਨਾ ਹੋਈ। ਸਗੋਂ ਆਖਣ ਲੱਗੀ ਕਿ ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਵੇਲੇ ਜਦੋਂ ਆਪ ਉੱਤੇ ਨਮੁਚਿ ਦੈਂਤ ਦੇ ਭਰਾਵਾਂ ਨੇ ਹਮਲਾ ਕੀਤਾ ਸੀ ਤਾਂ ਆਪ ਦੇ ਰੱਥ ਦਾ ਧੁਰਾ ਟੁੱਟ ਗਿਆ ਸੀ। ਉਸ ਵੇਲੇ ਮੈਂਨੇ ਹੀ ਧੁਰੇ ਦੀ ਥਾਂ ਆਪਣਾ ਹੱਥ ਧਰ ਕੇ ਆਪ ਨੂੰ ਡਿੱਗਣ ਤੋਂ ਬਚਾਇਆ ਸੀ।[17] ਆਪ ਵੱਲੋਂ ਕਬੂਲੇ ਉਸ ਵਰਦਾਨ ਅਨੁਸਾਰ ਮੇਰੇ ਪੁੱਤਰ ਭਰਤ ਨੂੰ ਯੁਵਰਾਜ ਦੀ ਪੱਦਵੀ ਉੱਤੇ ਸੁਸ਼ੋਭਿਤ ਕੀਤਾ ਜਾਵੇ।

ਇਸੇ ਤਰ੍ਹਾਂ ਇਕ ਹੋਰ ਯੁੱਧ ਵੇਲੇ ਆਪ ਦਾ ਸਾਰਥੀ (ਰਥਵਾਨ) ਦੁਸ਼ਮਣ ਹੱਥੋਂ ਮਾਰਿਆ ਗਿਆ ਸੀ। ਉਸ ਵੇਲੇ ਮੈਂ ਖ਼ੁਦ ਰੱਥ ਹੱਕ ਕੇ ਅਗਾਂਹ ਲੈ ਗਈ ਸੀ ਅਤੇ ਆਪ ਵੈਰੀਆਂ ਨਾਲ ਭਿੜ ਕੇ ਜਿੱਤ ਗਏ ਸਨ। ਹੁਣ ਉਸ ਦੇ ਤਹਿਤ ਮੇਰੀ ਮੰਗ ਹੈ ਕਿ ਰਾਮ ਚੰਦਰ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਦਿੱਤਾ ਜਾਵੇ।[18] ਭਰਤ ਨੂੰ ਯੁਵਰਾਜ ਬਣਾਉਣ ਤੇ ਕੁਲ ਦੀ ਰੀਤ ਟੁੱਟਣ ਦੀ ਸੋਚ ਕਾਰਨ ਮਹਾਰਾਜਾ ਦਸ਼ਰਥ ਨੂੰ ਬੜਾ ਅਫ਼ਸੋਸ ਹੋਇਆ। ਪਰ ਰਾਮ ਚੰਦਰ ਵਰਗੇ ਸਾਊ ਪੁੱਤਰ ਦੇ ਲੰਮੇ ਬਛੋੜੇ ਦੀ ਸੰਭਾਵਨਾ ਨੇ ਰਾਜੇ ਦੇ ਦਿਲ ਉੱਤੇ ਹੋਰ ਭਾਰੀ ਸੱਟ ਮਾਰੀ। ਗਸੀ-ਗੋਤੇ ਖਾਂਦਿਆਂ

ਰਾਜੇ ਨੇ, ''ਰਘੁਕੁਲ ਰੀਤ ਸਦਾ ਚਲੀ ਆਈ। ਪ੍ਰਾਣ ਜਾਹਿੰ ਪਰ ਵਚਨ ਨਾ ਜਾਹਿੰ॥'' ਅਨੁਸਾਰ ਰਾਣੀ ਕੈਕਈ ਦੇ ਦੋਵੇਂ ਫ਼ਰਮਾਨਾਂ ਲਈ ਹਾਮੀ ਭਰ ਦਿੱਤੀ।

ਭਗਵਾਨ ਰਾਮ ਇਹ ਸਾਰਾ ਮਾਜਰਾ ਸੁਣ ਕੇ ਪਿਤਾ ਅਤੇ ਤਿੰਨਾਂ ਮਾਂਵਾਂ ਤੋਂ ਆਗਿਆ ਲੈ ਕੇ ਚੌਦਾਂ ਵਰ੍ਹਿਆਂ ਦੀ ਜੰਗਲ-ਫੇਰੀ (ਬਨਵਾਸ) ਲਈ ਤਿਆਰ ਹੋ ਗਏ। ਸੀਤਾ ਜੀ ਨੂੰ ਪਤੀ ਦਾ ਵਿਛੋੜਾ ਚੁਭਦਾ ਸੀ। ਉਸ ਨੇ ਵੀ ਮਿੰਨਤ-ਖੁਸ਼ਾਮਦ ਕਰਕੇ ਸੱਚਾ ਪਤਨੀ-ਬ੍ਰਤ ਨਿਭਾਉਣ ਲਈ ਜੰਗਲਾਂ ਵਿਚ ਜਾਣ ਦਾ ਨਿਸ਼ਚਾ ਕਰ ਲਿਆ।[19] ਭਰਾ ਲਛਮਣ ਤਾਂ ਭਗਵਾਨ ਰਾਮ ਦਾ ਇਕ ਮਿੰਟ ਦਾ ਵੀ ਵਸਾਹ ਨਹੀਂ ਕਰਦਾ ਸੀ। ਸਗੀ ਮਾਂ ਸੁਮਿਤ੍ਰਾ ਜੀ ਦਾ ਥਾਪੜਾ ਮਿਲਣ ਤੇ ਉਸ ਨੇ ਵੀ ਭ੍ਰਾਤਰੀ-ਭਗਤੀ ਨਿਭਾਉਣ ਲਈ ਜੰਗਲਾਂ ਵਿਖੇ ਜਾਣ ਦੀ ਤਿਆਰੀ ਕਰ ਲਈ। ਕਠੋਰ ਹਿਰਦੇ ਵਾਲੀ ਕੈਕਈ ਨੇ ਉਨ੍ਹਾਂ ਤਿੰਨਾਂ ਨੂੰ ''ਵਲਕਲ ਵਸਤ੍ਰ'' (ਰੁੱਖਾਂ ਦੇ ਛਿੱਲੜਾਂ ਤੋਂ ਬਣੇ ਹੋਏ ਕੱਪੜੇ) ਵੀ ਪਹਿਨਣ ਲਈ ਦਿੱਤੇ।[20] ਅਜਿਹੀ ਹਾਲਤ ਵੇਖ ਕੇ ਸੀਤਾ ਜੀ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ, ਪਰ ਆਗਿਆਕਾਰੀ ਨੂੰਹ ਨੇ ਸੱਸ ਨੂੰ ਇਕ ਵੀ ਕਬੋਲ ਨਹੀਂ ਬੋਲਿਆ।

ਅਯੁੱਧਿਆ ਤੋਂ ਰਥ ਉੱਤੇ ਰਾਮ ਚੰਦਰ ਜੀ, ਸੀਤਾ ਜੀ ਅਤੇ ਲਛਮਣ ਜੀ ਨੂੰ ਬੈਠਾ ਕੇ ਉਨ੍ਹਾਂ ਦਾ ਰਥਵਾਨ ਸੁਮੰਤ ਨੇੜਲੇ ਗੰਗਾ ਜੀ ਦੇ ਕੰਢੇ ਉੱਤੇ ਵਸੇ ਹੋਏ ''ਸ੍ਰਿੰਗਾਰ ਪੁਰ'' ਨਗਰ ਵਿਖੇ ਛੱਡ ਗਿਆ। ਉੱਥੇ ਦੇ ਨਿਸ਼ਾਦ ਕਬੀਲੇ ਦੇ ਰਾਜਾ ਗੁਹ ਨੇ ਉਨ੍ਹਾਂ ਦਾ ਸੁਆਗਤ ਕੀਤਾ। ਫੇਰ ਕੇਵਟ ਦੀ ਕਿਸ਼ਤੀ ਵਿਚ ਬਿਠਾ ਕੇ ਤਿੰਨਾਂ ਨੂੰ ਗੰਗਾ ਨਦੀ ਪਾਰ ਕਰਵਾ ਕੇ ਨਿਸ਼ਾਦ ਰਾਜ ਨੇ ਉਨ੍ਹਾਂ ਨੂੰ 'ਚਿਤ੍ਰਕੂਟ ਪਰਬਤ'[21] (ਅਜੋਕੇ ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਤੋਂ ਮੱਧ ਪ੍ਰਦੇਸ਼ ਤਕ ਦਾ ਇਲਾਕਾ) ਉੱਤੇ ਪਹੁੰਚਾ ਦਿੱਤਾ। ਨੂੰਹ ਅਤੇ ਪੁੱਤਰਾਂ ਦੇ ਵਿਛੋੜੇ ਨੂੰ ਬਰਦਾਸ਼ਤ ਕਰਨ ਵਿਚ ਅਸਮਰਥ ਮਹਾਰਾਜਾ ਦਸ਼ਰਥ ਜੀ ਅਕਾਲ ਚਲਾਣਾ ਕਰ ਗਏ। ਭਰਤ ਜੀ ਨੇ ਨਾਨਕੇ ਘਰੋਂ ਆ ਕੇ ਉਨ੍ਹਾਂ ਦਾ ਦਾਹ-ਸੰਸਕਾਰ ਕੀਤਾ। ਮਾਤਾ ਕੈਕਈ ਨੇ ਪੁੱਤਰ ਨੂੰ ਅਯੁੱਧਿਆ ਦਾ ਰਾਜ-ਪ੍ਰਬੰਧ ਸਾਂਭਣ ਲਈ ਪ੍ਰੇਰਿਆ। ਪਰ ਉਸ ਨੂੰ ਝਿੜਕ ਕੇ ਭਰਤ ਜੀ ਰਿਸ਼ੀਆਂ, ਬ੍ਰਾਹਮਣਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਰਾਮ ਚੰਦਰ ਜੀ ਨੂੰ ਅਯੁੱਧਿਆ ਵਾਪਸ ਲਿਆਉਣ ਲਈ 'ਚਿਤ੍ਰਕੂਟ' ਪਰਬਤ ਤੇ ਪਹੁੰਚੇ। ਸਭਨਾਂ ਦੀ ਬੇਨਤੀ ਨੂੰ ਜਦੋਂ ਰਾਮ ਚੰਦਰ ਜੀ ਨੇ ਬੜੀ ਹਲੀਮੀ ਨਾਲ ਨਾਮਨਜ਼ੂਰ ਕਰ ਦਿੱਤਾ ਤਾਂ ਭਰਤ ਜੀ ਉਨ੍ਹਾਂ ਦੇ ਪਉਏ (ਖੜਾਵਾਂ) ਲੈ ਕੇ ਸਾਰੇ ਸਾਥੀਆਂ ਸਮੇਤ ਅਯੁੱਧਿਆ ਪਰਤ ਆਏ। ਉਨ੍ਹਾਂ ਨੇ ਭਗਵਾਨ ਰਾਮ ਦੀਆਂ ਖੜਾਵਾਂ ਰਾਜ ਗੱਦੀ ਉੱਤੇ ਧਰ ਦਿੱਤੀਆਂ ਅਤੇ ਖ਼ੁਦ ਨੰਦਿਗ੍ਰਾਮ ਵਿਚ ਟਿਕ ਕੇ ਰਾਜ ਦਾ ਕੰਮ ਕਾਜ ਮੰਤਰੀਆਂ ਦੀ ਸਲਾਹ ਨਾਲ ਕਰਨ ਲੱਗ ਪਏ।[22]

ਤਿੰਨ ਵਰ੍ਹੇ ਚਿਤ੍ਰਕੂਟ ਵਿਖੇ ਰਹਿਣ ਤੋਂ ਬਾਅਦ ਰਾਮ ਚੰਦਰ ਜੀ ਆਪਣੀ ਪਤਨੀ ਅਤੇ ਭਰਾ ਸਮੇਤ ਇਸ ਕਾਰਨ ਸ਼ਰਭੰਗ ਮੁਨੀ ਦੇ ਬੀਹੜ ਜੰਗਲ ਵਿਚ ਬਣੇ ਆਸ਼ਰਮ ਵਿਚ ਜਾ ਟਿਕੇ ਤਾਂ ਕਿ ਲੋਕੀ ਆ ਕੇ ਉਨ੍ਹਾਂ ਨੂੰ ਵਾਰ-ਵਾਰ ਅਯੁੱਧਿਆ ਪਰਤਣ ਲਈ ਜ਼ੋਰ ਨਾ ਪਾਉਣ। ਕੁਝ ਦਿਨ ਸ਼ਰਭੰਗ ਮੁਨੀ ਦੀ ਪ੍ਰਾਹੁਣਾਚਾਰੀ ਦਾ ਆਨੰਦ ਮਾਣ ਕੇ ਤਿੰਨੇ ਜਣੇ ''ਦੰਡਕ ਵਨ'' (ਦੰਡਕਾਰਣਯ)[23] ਵੱਲ ਤੁਰ ਪਏ ਅਤੇ ਗੋਦਾਵਰੀ ਨਦੀ ਦੇ ਕੰਢੇ ਉੱਤੇ ਜਾ ਟਿਕੇ। ਦੱਖਣ-ਪੱਛਮ ਭਾਰਤ ਵਿਚ ਵਗਣ ਵਾਲੀ ਗੋਦਾਵਰੀ ਨਦੀ ਨੂੰ 'ਗੌਤਮੀ ਗੰਗਾ' ਵੀ ਸੱਦਿਆ ਜਾਂਦਾ ਹੈ। ਨਾਸ਼ਿਕ (ਮਹਾਰਾਸ਼ਟਰ) ਵਿਚ ਸਥਿਤ ਭਗਵਾਨ ਰਾਮ ਦੇ ਉਸ ਠਿਕਾਣੇ ਨੂੰ ਹੁਣ 'ਰਾਮ-ਤੀਰਥ'[24] ਆਖਿਆ

ਜਾਂਦਾ ਹੈ। ਇੱਥੇ ਹੀ ਹਰੇਕ 12 ਵਰ੍ਹਿਆਂ ਮਗਰੋਂ ''ਮਹਾਂਕੁੰਭ'' ਦਾ ਮੇਲਾ ਭਰਦਾ ਹੈ। ਇਸ ਨਦੀ ਉੱਤੇ ਬਣੇ ਹੋਏ ਦੋ ਘਾਟ ਅਤੇ ਮੰਦਿਰ ਹਨ। ਜਿੱਥੇ ਸੀਤਾ ਜੀ ਨੇ ਅਸਨਾਨ ਕੀਤਾ ਸੀ, ਉਸ ਨੂੰ 'ਸੀਤਾ-ਤੀਰਥ' ਸੱਦਿਆ ਜਾਂਦਾ ਹੈ। ਲਛਮਣ ਜੀ ਦੇ ਨਹਾਉਣ ਵਾਲੀ ਜਗ੍ਹਾਂ ਦਾ ਨਾਂ 'ਲਕਸ਼ਮਣ ਤੀਰਥ' ਹੈ। ਇਸੇ ਥਾਂ ਤੇ ਭਗਵਾਨ ਸ਼ਿਵ ਨੇ ਰਾਮ ਚੰਦਰ ਜੀ ਨੂੰ ਦਰਸ਼ਨ ਦੇ ਕੇ ਦੱਸਿਆ ਸੀ ਕਿ ਜਿਹੜਾ ਮਨੁੱਖ ਇੱਥੇ ਆ ਕੇ ਆਪਣੇ ਪਿੱਤਰਾਂ (Deceased Forefathers) ਦਾ ਪਿੰਡਦਾਨ ਕਰਦਾ ਹੈ, ਉਸ ਦੇ ਮ੍ਰਿਤਕ ਪੁਰਖੇ ਜੇ ਨਰਕ ਵਿਚ ਹੋਣ ਤਾਂ ਉਹ ਸੁਰਗ ਵਿਚ ਚਲੇ ਜਾਂਦੇ ਹਨ। ਇਸ ਲਈ ਇੱਥੇ ਅਸਨਾਨ ਕਰਨ ਵਾਲੇ ਦੇ ਜੀਵਨ ਭਰ ਦੇ ਪਾਪ ਵੀ ਧੁਲ ਜਾਂਦੇ ਹਨ।[25] ਸੰਭਵ ਹੈ ਰਾਜਾ ਦਸ਼ਰਥ ਦੇ ਪਿੰਡ ਦਾਨ ਦੀ ਮਨਸਾ ਨਾਲ ਹੀ ਰਾਮ ਚੰਦਰ ਜੀ ਇੱਥੇ ਪਧਾਰੇ ਹੋਣ। ਪਰ 'ਪਦਮ ਪੁਰਾਣ' ਅਨੁਸਾਰ ਭਗਵਾਨ ਰਾਮ ਆਪਣੇ ਬਨਵਾਸ ਕਾਲ ਦੌਰਾਨ 'ਪੁਸ਼ਕਰ' ਖੇਤਰ (ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਵਿਚ ਸਥਿਤ) ਵਿਖੇ ਪਿਤਾ ਦਸ਼ਰਥ ਦਾ ਸ਼ਰਾਧ ਕਰਨ ਲਈ ਜ਼ਰੂਰ ਗਏ ਸਨ।[26]

ਮਹਾਭਾਰਤ (ਵਨ ਪਰਵ: 277/40-41) ਅਨੁਸਾਰ ਇਸੇ 'ਦੰਡਕ ਵਨ' ਵਿਚ 'ਸ਼ਰੂਪਨਖਾ' ਨਾਂ ਦੀ ਰਾਖਸ਼ਣੀ ਨੇ ਰਾਮ ਚੰਦਰ ਜੀ ਦੇ ਰੂਪ ਉੱਤੇ ਮੋਹਿਤ ਹੋ ਕੇ ਉਨ੍ਹਾਂ ਨੂੰ ਪਤੀ ਵਜੋਂ ਪ੍ਰਵਾਣ ਕਰਨ ਦੀ ਚਾਹ ਪ੍ਰਗਟ ਕੀਤੀ ਸੀ। ਸ਼ਰੂਪਨਖਾ ਦੇ ਦੋ ਭਰਾ ਸਨ : ਖਰ ਅਤੇ ਦੂਸ਼ਣ। ਰਾਮ ਚੰਦਰ ਜੀ ਨੇ ਆਖ ਦਿੱਤਾ ਕਿ ਮੈਂ ਤਾਂ ਵਿਆਹਿਆ ਹੋਇਆ ਹਾਂ ਤਾਂ ਉਹ ਤੀਰਾਂ (ਸ਼ੁਰਪ) ਵਰਗੇ ਤੇਜ਼ ਨੌਹਾਂ (ਨਖਾ) ਨਾਲ ਸੀਤਾ ਜੀ ਉੱਤੇ ਝਪਟ ਪਈ। ਇਸ ਦੇ ਨਤੀਜੇ ਵਜੋਂ ਲਛਮਣ ਜੀ ਨੇ ਗੁੱਸੇ ਵਿਚ ਆ ਕੇ ਤਲਵਾਰ ਨਾਲ 'ਸ਼ੂਰਪਨਖਾ' ਦਾ ਨੱਕ ਅਤੇ ਦੋਵੇਂ ਕੰਨ ਵੱਢ ਦਿੱਤੇ। ਉਹ ਰੋਂਦੀ-ਪਿੱਟਦੀ ਆਪਣੇ ਭਰਾਵਾਂ - ਖਰ ਅਤੇ ਦੂਸ਼ਣ ਕੋਲ ਆਈ ਅਤੇ ਸਾਰੀ ਆਪ-ਬੀਤੀ ਸੁਣਾਈ। ਗੁੱਸੇ ਵਿਚ ਭਰੇ ਹੋਏ ਦੋਵੇਂ ਭਰਾ ਭਾਰੀ ਫ਼ੌਜ ਲੈ ਕੇ ਭਗਵਾਨ ਰਾਮ ਦੀ ਕੁਟੀਆ 'ਪੰਚਵਟੀ' ਵੱਲ ਵਧੇ। ਰਾਮ ਚੰਦਰ ਜੀ ਅਤੇ ਲਛਮਣ ਜੀ ਨੇ ਖਰ ਅਤੇ ਦੂਸ਼ਣ ਤੋਂ ਇਲਾਵਾ ਉਨ੍ਹਾਂ ਦੇ ਸਾਥੀ ਤ੍ਰਿਸ਼ਿਰਾ ਰਾਖਸ਼ ਨੂੰ ਵੀ ਮਾਰ ਛੱਡਿਆ, ਜਿਸ ਨੂੰ ਵੇਖ ਕੇ ਦੈਂਤਾਂ ਦੀ ਫ਼ੌਜ ਡਰਦੇ ਮਾਰੀ ਭੱਜ ਗਈ।

ਇੰਦਰ ਅਤੇ ਸਚੀ ਦਾ ਪੁੱਤਰ 'ਜਯੰਤ' ਰਾਮ ਚੰਦਰ ਜੀ ਦੀ ਸ਼ਕਤੀ ਦੀ ਪਰੀਖਿਆ ਲੈਣ ਦਾ ਚਾਹਵਾਨ ਸੀ। ਉਸ ਨੇ ਇਕ ਕਾਂ ਦਾ ਰੂਪ ਧਾਰਨ ਕਰਕੇ ਸੀਤਾ ਜੀ ਦੇ ਪੈਰ ਉੱਤੇ ਜ਼ੋਰ ਦੀ ਠੂੰਗ ਮਾਰੀ। ਭਗਵਾਨ ਰਾਮ ਥੋੜ੍ਹਾ ਜਿਹਾ ਪਾਸਾ ਵੱਟ ਕੇ ਬੈਠੇ ਹੋਏ ਸਨ। ਸੀਤਾ ਜੀ ਦੀ ਚੀਖ ਸੁਣਦਿਆਂ ਸਾਰ ਉਨ੍ਹਾਂ ਨੇ ਮੂੰਹ ਫੇਰਿਆ ਤਾਂ ਉਨ੍ਹਾਂ ਦੇ ਪੈਰ ਵਿੱਚੋਂ ਲਹੂ ਦੀ ਤਤੀਰੀ ਵੱਗਦੀ ਹੋਈ ਵੇਖੀ। ਰਾਮ ਚੰਦਰ ਜੀ ਨੇ ਆਪਣੇ ਪੈਰਾਂ ਕੋਲ ਪਈ ਇਕ ਝਾੜੂ ਦੀ ਸੀਂਕ ਚੁੱਕੀ, ਜੋ ਕਿ ਉਨ੍ਹਾਂ ਦੇ ਕ੍ਰੋਧ ਦਾ ਪ੍ਰਤੀਕ ਹੋਣ ਕਾਰਨ ਅਗਨੀ ਬਾਣ ਬਣ ਗਈ। ਉੱਡਦੇ ਹੋਏ ਜਯੰਤ ਨੇ ਅਗਨੀ ਬਾਣ ਆਉਂਦਿਆਂ ਵੇਖ ਕੇ ਬ੍ਰਹਮ ਲੋਕ, ਸ਼ਿਵ ਲੋਕ ਆਦਿ ਵਿਚ ਸ਼ਰਨ ਲੈਣ ਵਾਸਤੇ ਦੇਵੀ-ਦੇਵਤਿਆਂ ਨੂੰ ਫ਼ਰਿਆਦ ਕੀਤੀ। ਪਰ ਰਾਮ ਜੀ ਦਾ ਵੈਰੀ ਸਮਝ ਕੇ ਕਿਸੇ ਨੇ ਵੀ ਉਸ ਦੀ ਮਦਦ ਨਾ ਕੀਤੀ। ਅਖ਼ੀਰ, ਨਾਰਦ ਮੁਨੀ ਦੇ ਸਮਝਾਉਣ ਤੇ ਉਹ ਧਰਤੀ ਉੱਤੇ ਪਰਤ ਕੇ ਭਗਵਾਨ ਰਾਮ ਅਤੇ ਸੀਤਾ ਜੀ ਦੇ ਚਰਨਾਂ ਉੱਤੇ ਢਹਿ ਪਿਆ। ਇਸ ਤੋਂ ਪਹਿਲਾਂ ਕਿ ਦੋਵੇਂ ਉਸ ਦਾ ਗੁਨਾਹ ਬਖਸ਼ਦੇ ਕਿ ਸੀਂਕ ਤੋਂ ਬਣੇ ਅਗਨੀ ਬਾਣ ਨੇ ਜਯੰਤ ਦੀ ਇਕ ਅੱਖ ਭੰਨ ਕੇ ਉਸ ਨੂੰ ਕਾਣਾ ਬਣਾ ਦਿੱਤਾ, ਜਿਸ

ਦੇ ਕਾਰਨ ਉਹ ਆਪਣੀ ਹਉਮੈ ਭਰਪੂਰ ਮੂਰਖਤਾ ਉੱਤੇ ਬਹੁਤ ਪਛਤਾਇਆ।

ਸ਼ੂਰਪਨਖਾ, ਖਰ ਅਤੇ ਦੂਸ਼ਣ ਵਾਲੀ ਘਟਨਾ ਕਾਰਨ ਲੰਕਾ ਦੇ ਰਾਜਾ ਰਾਵਣ ਨੂੰ ਰੋਹ ਚੜ੍ਹ ਗਿਆ। ਉਸ ਨੇ 'ਵਿਸ਼ਵਾਮਿੱਤਰ ਆਸ਼ਰਮ' ਵਿਖੇ ਰਾਮ ਜੀ ਦੇ ਹੱਥੋਂ ਮਾਰੀ ਗਈ ਆਪਣੀ ਮਾਤਾ ਤਾਟਕਾ (ਤਾੜਕਾ) ਦਾ ਬਦਲਾ ਲੈਣ ਲਈ ਉਸ ਦੇ ਪੁੱਤਰ ਮਾਰੀਚ ਰਾਖਸ਼ ਨੂੰ ਉਕਸਾਇਆ। ਮੂਰਖ ਮਾਰੀਚ ਰਾਵਣ ਦੀਆਂ ਗੱਲਾਂ ਵਿਚ ਆ ਗਿਆ ਅਤੇ ਉਸ ਨੇ ਸੋਨੇ ਰੰਗੇ ਹਿਰਨ ਦਾ ਰੂਪ ਧਾਰ ਕੇ 'ਪੰਚਵਟੀ' ਵੱਲ ਰੁਖ ਕੀਤਾ। ਸੀਤਾ ਜੀ ਨੇ ਆਪਣੀ ਕੁਟੀਆ ਵਿੱਚੋਂ ਤਕ ਕੇ ਰਾਮ ਜੀ ਨੂੰ ਬਿਨੈ ਕੀਤੀ ਕਿ ਉਹ ਉਸ ਹਿਰਨ ਨੂੰ ਫੜ ਕੇ ਉਹਦੇ ਕੋਲ ਲੈ ਆਉਣ। ਵਿਸ਼ਨੂ-ਅਵਤਾਰ ਸ੍ਰੀ ਰਾਮ ਭਵਿੱਖ ਦੇ ਭਾਣੇ ਦੀ ਗੱਲ ਜਾਣਦੇ ਹੋਏ ਵੀ ਲਛਮਣ ਜੀ ਨੂੰ ਚੌਕਸੀ ਰੱਖਣ ਦੀ ਹਿਦਾਇਤ ਦੇ ਕੇ ਹਿਰਨ ਦੇ ਪਿੱਛੇ ਭੱਜੇ ਅਤੇ ਤੀਰ ਮਾਰ ਕੇ ਹਿਰਨ (ਮਾਰੀਚ) ਨੂੰ ਜ਼ਖ਼ਮੀ ਕਰ ਦਿੱਤਾ। ਮਾਰੀਚ ਨੇ ਰਾਮ ਚੰਦਰ ਜੀ ਦੀ ਆਵਾਜ਼ ਬਣਾ ਕੇ ਚੀਖਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ : ''ਹੇ ਲਛਮਣ! ਹੇ ਲਛਮਣ!! ਮੇਰੀ ਰੱਖਿਆ ਕਰੋ, ਮੈਨੂੰ ਵਚਾਓ!!''

ਲਛਮਣ ਜੀ ਕੁਟੀਆ ਦੇ ਬਾਹਰਵਾਰ ਇਕ ਲੀਕ ਖਿੱਚ ਕੇ ਅਤੇ ਸੀਤਾ ਜੀ ਨੂੰ ਉਸ ਨੂੰ ਨਾ ਟੱਪਣ ਦੀ ਹਿਦਾਇਤ ਕਰਕੇ ਜੰਗਲ ਵਿਚ ਉਸੇ ਪਾਸੇ ਭੱਜੇ, ਜਿੱਧਰੋਂ ਰਾਮ ਵਰਗੀ ਆਵਾਜ਼ ਆਈ ਸੀ। ਇੰਨੇ ਚਿਰ ਵਿਚ ਕਿਤੇ ਆਸੇ-ਪਾਸੇ ਲੁਕਿਆ ਰਾਵਣ ਇਕ ਸਾਧੂ ਦਾ ਭੇਖ ਧਾਰਨ ਕਰਕੇ ਆਇਆ ਅਤੇ ਭਿੱਖਿਆ ਲਈ ਅਲਖ ਜਗਾਈ। ਸੀਤਾ ਜੀ ਆਟੇ ਦਾ ਕੌਲ ਭਰ ਕੇ ਕੁਟੀਆ ਦੇ ਚਬੂਤਰੇ ਉੱਤੇ ਆ ਖੜੋਤੀਆਂ। ਪਰ ਸਾਧੂ ਨੇ ਆਖਿਆ, ''ਦੇਵੀ! ਥੱਲੇ ਆ ਕੇ ਭਿੱਖਿਆ ਦਿਓ!'' ਹੋਣੀ ਨੇ ਸੀਤਾ ਜੀ ਨੂੰ ''ਲਛਮਣ ਰੇਖਾ'' ਬਾਰੇ ਭੁਲਾ ਦਿੱਤਾ। ਜਿਵੇਂ ਹੀ ਉਨ੍ਹਾਂ ਨੇ ਹਲੀਮੀ ਨਾਲ ਕੌਲ ਚੁੱਕ ਕੇ ਲਕੀਰ ਟੱਪੀ ਤਾਂ ਰਾਵਣ ਉਨ੍ਹਾਂ ਨੂੰ ਮੋਢੇ ਉੱਤੇ ਚੁੱਕ ਕੇ ਭੱਜ ਗਿਆ।

ਦੋਵੇਂ ਭਰਾ ਕੁਟੀਆ ਵਿਚ ਪਰਤੇ ਤਾਂ ਸੀਤਾ ਜੀ ਨੂੰ ਸਾਰਾ ਮਾਜਰਾ ਸੁਣਾਉਣ ਲਈ ਬੇਚੈਨ ਸਨ, ਪਰ ਲੰਕਾਪਤੀ ਰਾਵਣ ਤਾਂ ਉਦੋਂ ਤਕ ਕੋਸਾਂ ਦੂਰ ਦਾ ਪੈਂਡਾ ਮਾਰ ਚੁੱਕਿਆ ਸੀ। ਉਹ ਸੀਤਾ ਜੀ ਦੀ ਖੋਜ ਵਿਚ ਜੰਗਲਾਂ ਵਿਖੇ ਖੱਜਲ-ਖੁਆਰ ਹੋ ਰਹੇ ਸਨ ਤਾਂ ਉਨ੍ਹਾਂ ਨੂੰ ਚੀਖਾਂ ਮਾਰਦੇ ਇਕ ਗਿੱਧ ਦੀ ਆਵਾਜ਼ ਸੁਣਾਈ ਦਿੱਤੀ। ਇਹ ਗਿੱਧਾਂ ਦਾ ਰਾਜਾ 'ਜਟਾਯੂ' ਸੀ, ਜਿਸ ਦੀ ਦੋਸਤੀ ਭਗਵਾਨ ਰਾਮ ਦੇ ਪਿਤਾ ਦਸ਼ਰਥ ਜੀ ਨਾਲ ਵੀ ਸੀ। ਉਸ ਨੇ ਭਗਵਾਨ ਰਾਮ ਨੂੰ ਦੱਸਿਆ ਕਿ ਸੀਤਾ ਜੀ ਨੂੰ ਚੁੱਕ ਕੇ ਲੈ ਜਾਣ ਵਾਲੇ ਰਾਵਣ ਨਾਲ ਲੜਦੇ ਹੋਇਆਂ ਹੀ ਉਹ ਫੱਟੜ ਹੋਇਆ ਹੈ। ਸ਼ਾਇਦ ਇਹ ਬੋਲ ਹੀ ਉਸ ਦੇ ਆਖ਼ਰੀ ਸ਼ਬਦ ਸਨ। ਜਟਾਯੂ ਜੀ ਦੇ ''ਪ੍ਰਾਣ ਪੰਛੀ ਉੱਡ ਜਾਣ'' ਤੇ ਰਾਮ ਚੰਦਰ ਜੀ ਨੇ ਉਸ ਦਾ ਦਾਹ-ਸੰਸਕਾਰ ਆਪਣੇ ਹੱਥੀਂ ਕੀਤਾ।

ਭੁੱਖੇ ਭਾਣੇ ਰਾਮ ਅਤੇ ਲਛਮਣ ਸੀਤਾ ਜੀ ਨੂੰ ਲੱਭਦੇ ਹੋਏ ''ਪੰਪਾ ਸਰੋਵਰ'' ਦੇ ਕਿਨਾਰੇ ਉੱਤੇ ਬਣੇ ਹੋਏ ਮਤੰਗ ਮੁਨੀ ਦੇ ਚੇਲਿਆਂ ਦੇ ਆਸ਼ਰਮ ਕੋਲ ਪੁੱਜੇ। ਉਸ ਦੇ ਬਾਹਰਲੇ ਪਾਸੇ ''ਸ਼੍ਰਮਣੀ'' ਨਾਂ ਦੀ ਇਕ ਭੀਲ ਕੌਮ ਦੀ ਇਸਤਰੀ ਰਹਿੰਦੀ ਸੀ। ਲੋਕੀ ਉਸ ਨੂੰ 'ਸ਼ਵਰੀ' ਦੇ ਨਾਂ ਨਾਲ ਹੀ ਸੱਦਦੇ ਸਨ। ਉਹ ਮਤੰਗ ਮੁਨੀ ਦੀ ਭਗਤਣ ਸੀ। ਅਕਾਲ ਚਲਾਣੇ ਤੋਂ ਪਹਿਲਾਂ ਮੁਨੀ ਜੀ ਨੇ ਆਪਣੀ ਚੇਲੀ ਨੂੰ ਆਸ਼ੀਰਵਾਦ ਦਿੱਤਾ ਸੀ ਕਿ ਆਪਣੀ ਭਗਤੀ-ਭਾਵਨਾ ਦਾ ਪ੍ਰਭਾਵ ਤੂੰ ਖ਼ੁਦ ਸਮਝੇਂਗੀ, ਜਦੋਂ ਕਿ ਰਾਮ ਚੰਦਰ ਜੀ ਖ਼ੁਦ ਤੇਰੀ ਕੁਟੀਆ ਤੇ ਪਧਾਰਨਗੇ। ਮੁਨੀ ਦੀ ਗੱਲ ਕੁਝ ਹੀ ਦਿਨਾਂ ਮਗਰੋਂ ਸੱਚ ਹੋ ਗਈ। ਆਪਣੇ ਭਰਾ ਲਛਮਣ ਜੀ ਨਾਲ ਪਧਾਰੇ ਹੋਏ ਮਹਿਮਾਨਾਂ

ਲਈ ਉਹ ਮਿੱਠੇ ਬੇਰ ਚੁਣਨ ਲੱਗ ਪਈ। ਕੋਈ ਖੱਟਾ ਬੇਰ ਉਸ ਦੀ ਟੋਕਰੀ ਵਿਚ ਨਾ ਆ ਜਾਵੇ, ਇਸ ਲਈ ਮੂੰਹ ਨਾਲ ਥੋੜ੍ਹਾ ਜਿਹਾ ਬੇਰ ਟੁੱਕ ਕੇ ਉਸ ਦਾ ਸੁਆਦ ਪਰਖਣ ਪਿੱਛੋਂ ਦੋਵੇਂ ਭਰਾਵਾਂ ਨੂੰ ਭੇਟਾ ਕਰਨ ਲੱਗ ਪਈ। ਭਗਵਾਨ ਰਾਮ ਨੇ ਉਸ ਦਾ ਭਗਤੀ ਭਾਵ ਵੇਖ ਕੇ ਜੂਠੇ ਬੇਰ ਵੀ ਲਛਮਣ ਜੀ ਨਾਲ ਬੈਠ ਕੇ ਪ੍ਰੇਮ ਪੂਰਵਕ ਛਕ ਲਏ ਅਤੇ ਸਵਰੀ ਨੂੰ 'ਨਵਧਾ ਭਗਤੀ' ਦਾ ਉਪਦੇਸ਼ ਦੇ ਕੇ ਅਗਾਂਹ ਤੁਰ ਪਏ।

'ਪੰਪਾ ਸਰੋਵਰ' ਦੇ ਲਾਗੇ ਹੀ 'ਰਿਸ਼ਯਮੂਕ ਪਰਬਤ' ਸੀ। ਜਦੋਂ ਰਾਮ ਅਤੇ ਲਛਮਣ ਘੁੰਮਦੇ ਫਿਰਦੇ ਉੱਥੇ ਪਹੁੰਚੇ ਤਾਂ ਉਨ੍ਹਾਂ ਦੀ ਮੁਲਾਕਾਤ ਬਾਂਦਰਾਂ ਦੇ ਰਾਜੇ ਸੁਗ੍ਰੀਵ ਅਤੇ ਉਸ ਦੇ ਮੰਤਰੀ ਹਨੂਮਾਨ ਜੀ ਨਾਲ ਹੋਈ। ਗੱਲਬਾਤ ਰਾਹੀਂ ਭਗਵਾਨ ਰਾਮ ਨੂੰ ਪਤਾ ਚੱਲਿਆ ਕਿ ਸੁਗ੍ਰੀਵ ਪਹਿਲਾਂ 'ਕਿਸ਼ਕਿੰਧਾ ਪੁਰੀ' (ਦੱਖਣ ਭਾਰਤ ਦੇ ਧਾਰਵਾੜ ਜ਼ਿਲ੍ਹੇ ਦਾ ਇਕ ਪਹਾੜੀ ਸਥਾਨ)[27] ਵਿਚ ਰਹਿੰਦਾ ਸੀ। ਪਰ ਉਸ ਦੇ ਵੱਡੇ ਭਰਾ ਬਾਲਿ ਨੇ ਉਸ ਦੀ ਪਤਨੀ 'ਰੁਰਮਾ' ਨੂੰ ਜ਼ਬਰਦਸਤੀ ਖੋਹ ਲਿਆ ਅਤੇ ਉਸ ਨੂੰ ਘਰੋਂ ਕੱਢ ਦਿੱਤਾ ਹੈ। ਇਸੇ ਕਾਰਨ ਉਹ ਆਪਣੀ ਜਾਨ ਬਚਾਉਣ ਲਈ ਇਸ ਪਹਾੜੀ ਉੱਤੇ ਆਪਣੇ ਸ਼ੁਭ ਚਿੰਤਕਾਂ ਨਾਲ ਟਿਕਿਆ ਹੋਇਆ ਹੈ। ਭਗਵਾਨ ਰਾਮ ਨੂੰ ਨਿਸ਼ਚਾ ਹੋ ਗਿਆ ਕਿ ਸੁਗ੍ਰੀਵ ਇਕ ਧਰਮਾਤਮਾ ਪੁਰਖ ਅਤੇ ਬਾਲਿ ਮਹਾਨ ਪਾਪੀ ਹੈ। ਇਸ ਲਈ ਉਨ੍ਹਾਂ ਨੇ ਬਾਨਰ-ਸੈਨਾ ਨੂੰ ਨਾਲ ਲੈ ਜਾ ਕੇ ਬਾਲਿ ਨੂੰ ਮਾਰ ਦਿੱਤਾ ਅਤੇ ਸੁਗ੍ਰੀਵ ਦੀ ਸਹਿਮਤੀ ਨਾਲ ਬਾਲਿ ਦੇ ਪੁੱਤਰ ਅੰਗਦ ਨੂੰ ਯੁਵਰਾਜ ਬਣਾ ਦਿੱਤਾ। ਭਗਵਾਨ ਰਾਮ ਨੇ ਬਾਲਿ ਦੇ ਕਾਲੇ ਕਾਰਨਾਮਿਆਂ ਤੋਂ ਦੁਖੀ ਉਸ ਦੀ ਪਤਨੀ ਤਾਰਾ ਨੂੰ ਵੀ ਗਿਆਨ ਭਰਪੂਰ ਉਪਦੇਸ਼ ਦੇ ਕੇ ਪ੍ਰਭੂ-ਭਗਤੀ ਵੱਲ ਪ੍ਰੇਰਿਆ। ਭਗਵਾਨ ਰਾਮ ਦੇ ਇਸ ਉਪਕਾਰ ਨੂੰ ਚੁਕਾਉਣ ਲਈ ਸੁਗ੍ਰੀਵ ਨੇ ਆਪਣੇ ਸਾਥੀਆਂ ਸਮੇਤ ਸੀਤਾ ਜੀ ਦੀ ਖੋਜ ਖ਼ਬਰ ਲਿਆਉਣ ਦਾ ਨਿਸ਼ਚਾ ਪ੍ਰਗਟਾਇਆ।[28] ਇਸੇ ਸਿਲਸਿਲੇ ਵਿਚ ਸੁਗ੍ਰੀਵ ਨੇ ਆਪਣੇ ਗੁਪਤਚਰ ਭੇਜ ਕੇ ਪਤਾ ਕਰਵਾ ਲਿਆ ਕਿ ਸੀਤਾ ਜੀ ਲੰਕਾ ਦੇ ਰਾਜੇ ਰਾਵਣ ਦੀ "ਅਸ਼ੋਕ ਵਾਟਿਕਾ" ਵਿਚ ਕੈਦ ਹਨ। ਉਸ ਵੇਲੇ ਭਗਵਾਨ ਰਾਮ 'ਮਾਲਯਵਾਨ ਪਰਬਤ' ਦੀ ਚੋਟੀ ਉੱਤੇ ਵਿਰਾਜਮਾਨ ਸਨ।[29] ਹਨੂਮਾਨ ਜੀ ਭਗਵਾਨ ਰਾਮ ਦੀ ਮੁੰਦਰੀ ਲੈ ਕੇ ਸੀਤਾ ਜੀ ਦੀ ਸਹੀ ਪਛਾਣ ਲਈ ਲੰਕਾ ਪੁਰੀ ਗਏ। ਉਨ੍ਹਾਂ ਨੇ 'ਅਸ਼ੋਕ ਵਾਟਿਕਾ' ਦੇ ਇਕ ਰੁੱਖ ਉਤੋਂ ਮੁੰਦਰੀ ਸੁੱਟ ਕੇ ਸੀਤਾ ਜੀ ਦਾ ਭਗਵਾਨ ਰਾਮ ਪ੍ਰਤੀ ਅਟੁੱਟ ਸਨੇਹ ਅਤੇ ਚਿਰ ਵਿਛੋੜੇ ਦਾ ਦੁੱਖ ਪਛਾਣ ਲਿਆ। ਫੇਰ ਸ੍ਰੀ ਰਾਮ ਕੋਲ ਪਰਤ ਕੇ ਹਨੂਮਾਨ ਜੀ ਨੇ ਸਾਰੀ ਸੂਚਨਾ ਵਿਸਥਾਰ ਪੂਰਵਕ ਦੇ ਕੇ ਗੁਪਤਚਰਾਂ ਦੇ ਕਥਨ ਦੀ ਪੁਸ਼ਟੀ ਕਰ ਦਿੱਤੀ।

ਹੁਣ ਲੰਕਾਪਤੀ ਰਾਵਣ ਨੂੰ ਹਰਾਉਣ ਅਤੇ ਸੀਤਾ ਜੀ ਨੂੰ ਉਸ ਦੀ ਕੈਦ ਵਿੱਚੋਂ ਛੁਡਾਉਣ ਦੀਆਂ ਯੋਜਨਾਵਾਂ ਬਣਨ ਲੱਗ ਪਈਆਂ। ਸੁਗ੍ਰੀਵ ਦੀ ਪ੍ਰੇਰਣਾ ਨਾਲ ਬਾਂਦਰਾਂ ਦੀਆਂ ਫ਼ੌਜੀ ਟੁਕੜੀਆਂ ਦੇ ਮੁਹਰੀ (ਵਾਨਰ ਯੂਥਪਤਿ) ਇਕੱਤਰ ਹੋ ਗਏ। ਚਾਰ ਸੌ ਕੋਹ ਲੰਮੇ ਸਮੁੰਦਰ ਨੂੰ ਕਿਵੇਂ ਪਾਰ ਕੀਤਾ ਜਾਵੇ, ਇਸ ਸੰਬੰਧੀ ਵਿਉਂਤ ਤਿਆਰ ਹੋਣ ਲੱਗ ਪਈ। ਰਿੱਛਾਂ ਦੇ ਰਾਜੇ ਜਾਂਬਵਾਨ ਨੇ ਆਖਿਆ ਕਿ ਭਾਵੇਂ ਉਹ ਬੁੱਢਾ ਹੋ ਗਿਆ ਹੈ, ਫੇਰ ਵੀ ਉਹ ਤ੍ਰਿਕੂਟ ਪਰਬਤ ਉੱਤੇ ਵਸੀ ਹੋਈ ਲੰਕਾ ਨੂੰ ਉਖਾੜਨ ਅਤੇ ਰਾਵਣ ਨੂੰ ਮਾਰਨ ਦੀ ਹਿੰਮਤ ਰੱਖਦਾ ਹੈ।[30] ਉਸ ਨੇ ਹਨੂਮਾਨ ਨੂੰ ਸਮਝਾਇਆ ਕਿ, "ਤੂੰ ਪਵਨ ਪੁੱਤਰ ਹੈਂ ਅਤੇ ਉੱਡ ਕੇ ਸੀਤਾ ਜੀ ਦੀ ਖੋਜ ਖ਼ਬਰ ਲਿਆਇਆ ਹੈਂ। ਹੁਣ ਫੇਰ ਅਗਲੀ ਕਾਰਵਾਈ ਕਰ।" ਹਨੂਮਾਨ ਜੀ ਉਸ ਦਾ ਮੰਤਵ ਸਮਝ ਗਏ। ਉਹ

ਉੱਡ ਕੇ 'ਅਸ਼ੋਕ ਵਾਟਿਕਾ' ਵਿਚ ਪਹੁੰਚੇ ਅਤੇ ਫ਼ਲ ਖਾਣ ਪਿਛੋਂ ਸਾਰੇ ਰੁੱਖ ਤੋੜ ਦਿੱਤੇ। ਰਾਵਣ ਨੂੰ ਇਸ ਦੀ ਸੂਚਨਾ ਸਿਪਾਹੀਆਂ ਅਤੇ ਮਾਲੀਆਂ ਨੇ ਦਿੱਤੀ। ਰਾਵਣ ਨੇ ਸਮਾਚਾਰ ਪ੍ਰਾਪਤ ਹੁੰਦਿਆਂ ਹੀ ਅਕਸ਼ੈ ਕੁਮਾਰ ਨੂੰ ਭੇਜਿਆ ਕਿ ਉਹ ਹਨੂਮਾਨ ਨੂੰ ਸਬਕ ਸਿਖਾ ਕੇ ਆਵੇ। ਪਰ ਅਕਸ਼ੈ ਕੁਮਾਰ ਹਨੂਮਾਨ ਜੀ ਨਾਲ ਲੜਦਾ ਹੋਇਆ ਮਾਰਿਆ ਗਿਆ ਤਾਂ ਰਾਵਣ ਨੇ ਆਪਣੇ ਵੱਡੇ ਪੁੱਤਰ ਮੇਘਨਾਦ ਨੂੰ ਉਸ ਦਾ ਬਦਲਾ ਲੈਣ ਲਈ ਘੱਲਿਆ। ਹਨੂਮਾਨ ਜੀ ਨੇ ਮੇਘਨਾਦ ਦੇ ਰੱਥ ਦੇ ਟੋਟੇ-ਟੋਟੇ ਕਰ ਦਿੱਤੇ ਅਤੇ ਉਸ ਦੇ ਗਿਰਨ ਸਾਰ ਉਸ ਨੂੰ ਪੈਰਾਂ ਨਾਲ ਮਿੱਧਣ ਲੱਗ ਪਏ। ਪਰ ਮੇਘਨਾਦ ਨੇ ਬ੍ਰਹਮ-ਅਸ਼ਤਰ ਚਲਾ ਕੇ ਹਨੂਮਾਨ ਜੀ ਨੂੰ ਬੇਹੋਸ਼ ਕਰਕੇ ਫੜ ਲਿਆ ਅਤੇ ਰਾਵਣ ਦੀ ਸਭਾ ਵਿਚ ਲੈ ਜਾ ਕੇ ਖੜ੍ਹਾ ਕਰ ਦਿੱਤਾ। ਉੱਥੇ ਭਗਵਾਨ ਰਾਮ ਦੀ ਮਹਿਮਾ ਗਾਉਣ ਵਾਲੇ ਹਨੂਮਾਨ ਜੀ ਨਾਲ ਰਾਵਣ ਦੀ ਬਹਿਸ ਹੋਈ, ਜਿਸ ਦੌਰਾਨ ਰਾਵਣ ਨੇ ਕੌੜੇ ਸ਼ਬਦਾਂ ਦੀ ਵਰਤੋਂ ਵੀ ਕੀਤੀ। ਅਖੀਰ, ਰਾਵਣ ਦੇ ਹੁਕਮ ਅਨੁਸਾਰ ਜਦੋਂ ਉਸ ਦੇ ਫ਼ੌਜੀ ਹਨੂਮਾਨ ਜੀ ਨੂੰ ਮਾਰਨ ਲਈ ਵਧੇ ਤਾਂ ਵਿਭੀਸ਼ਨ ਜੀ ਅਚਾਨਕ ਉੱਥੇ ਪਹੁੰਚ ਗਏ। ਉਨ੍ਹਾਂ ਨੇ ਆਪਣੇ ਵੱਡੇ ਭਰਾ ਰਾਵਣ ਨੂੰ ਸਮਝਾਇਆ ਕਿ ਇਹ ਤਾਂ ਰਾਮ ਜੀ ਦਾ ਦੂਤ (Ambassador) ਹੈ, ਇਸ ਨੂੰ ਮਾਰਨਾ ਕੋਈ ਵੀਰਤਾ ਨਹੀਂ ਹੈ। ਇਹ ਸੁਣ ਕੇ ਰਾਵਣ ਨੇ ਹਨੂਮਾਨ ਦੀ ਪੂੰਛ ਨੂੰ ਅੱਗ ਲਗਵਾ ਦਿੱਤੀ। ਪਰ ਇਸ ਕਰਨੀ ਦਾ ਫ਼ਲ ਰਾਵਣ ਨੂੰ ਭੋਗਣਾ ਪਿਆ, ਉਹ ਰਾਵਣ ਦੀ ਸੋਨੇ ਦੀ ਲੰਕਾ ਦਾ ਬਹੁਤ ਸਾਰਾ ਹਿੱਸਾ ਫੂਕ ਕੇ ਸ੍ਰੀ ਰਾਮ ਦੇ ਚਰਣਾਂ ਵਿਚ ਜਾ ਪੁੱਜੇ।[31]

ਬਾਂਦਰਾਂ ਅਤੇ ਰਿੱਛਾਂ ਦੀ ਫ਼ੌਜ ਸਮੇਤ ਭਗਵਾਨ ਰਾਮ ਲਈ ਸਭ ਤੋਂ ਵੱਡਾ ਅੜਿੱਕਾ ਸੀ ''ਲੰਮਾ ਚੌੜਾ ਸਮੁੰਦਰ''। ਉਹ ਸਾਰੇ ਸਮੁੰਦਰ ਦੇ ਕੰਢੇ ਉੱਤੇ ਇਕੱਠੇ ਹੋ ਗਏ। ਰਾਤੀਂ ਸਮੁੰਦਰ ਨੇ ਭਗਵਾਨ ਰਾਮ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਸੁਝਾਉ ਦਿੱਤਾ ਕਿ ਪੁਲ ਬੰਨ੍ਹਣ ਦਾ ਕਾਰਜ ਬਾਂਦਰਾਂ ਦੇ ਸੈਨਾਪਤੀ 'ਨਲ' ਨੂੰ ਸੌਂਪ ਦਿੱਤਾ ਜਾਵੇ, ਕਿਉਂਕਿ ਉਹ ਵਿਸ਼ਵਕਰਮਾ ਜੀ ਦਾ ਪੁੱਤਰ ਹੈ।[32] ਬਾਂਦਰਾਂ ਦੀ ਫ਼ੌਜ ਪੱਥਰ ਘੜ-ਘੜ ਕੇ ਦਿੰਦੀ ਜਾਂਦੀ ਸੀ ਅਤੇ ਨਲ ਆਪਣੇ ਇਕ ਹੋਰ ਸਾਥੀ 'ਨੀਲ' ਨਾਲ ਰਲ ਕੇ ਉਨ੍ਹਾਂ ਨੂੰ ਸਿਲਸਿਲੇਵਾਰ ਜੜਦਾ ਜਾਂਦਾ ਸੀ। ਇਸ ਪ੍ਰਕਾਰ ਤਿਆਰ ਹੋਏ ਸੌ ਯੋਜਨ (ਲਗਭਗ 4,000 ਕਿਲੋਮੀਟਰ) ਲੰਮੇ ਅਤੇ ਦਸ ਯੋਜਨ (ਲਗਭਗ 400 ਕਿਲੋਮੀਟਰ) ਚੌੜੇ ਪੁਲ ਦਾ ਨਾਂ ਰਾਮ ਜੀ ਦੀ ਪ੍ਰੇਰਣਾ ਸਦਕਾ ''ਨਲ ਸੇਤੂ'' ਧਰਿਆ ਗਿਆ।[33] ਪੁਲ ਤਿਆਰ ਹੋ ਜਾਣ ਮਗਰੋਂ ਭਗਵਾਨ ਰਾਮ ਨੇ ਇਹ ਮਨਸਾ ਪ੍ਰਗਟਾਈ ਕਿ ਉਹ ਪੁੱਲ ਉੱਤੇ ਚੜ੍ਹਨ ਤੋਂ ਪਹਿਲਾਂ 'ਸ਼ਿਵ-ਲਿੰਗ' ਦੀ ਸਥਾਪਨਾ ਅਤੇ ਉਸ ਦੀ ਪੂਜਾ ਕਰਕੇ ਆਪਣਾ ਸੰਕਲਪ ਪੂਰਾ ਕਰਨ ਦੇ ਚਾਹਵਾਨ ਹਨ, ਕਿਉਂਕਿ ਸ਼ਿਵ ਜੀ ਤੋਂ ਵੱਧ ਉਨ੍ਹਾਂ (ਰਾਮ ਜੀ) ਦਾ ਹੋਰ ਕੋਈ ਪ੍ਰੇਮੀ ਨਹੀਂ ਹੈ। ਜਿਹੜੇ 'ਰਾਮੇਸ਼ੁਰ ਜੀ' (ਨਾਂ ਦੀ ਇਸ ਸ਼ਿਵ-ਮੂਰਤੀ) ਦੇ ਦਰਸ਼ਨ ਕਰਨਗੇ, ਉਹ ਸ਼ਰੀਰ ਤਿਆਗਣ ਤੋਂ ਬਾਅਦ ਵਿਸ਼ਣੂ ਲੋਕ ਜਾਣਗੇ।[34] ਦੱਖਣ ਭਾਰਤ ਦਾ 'ਰਾਮੇਸ਼ੁਰੰ' ਨਾਂ ਦਾ ਸ਼ਹਿਰ ਉਸੇ ਸਮੇਂ ਤੋਂ ਸ਼ੈਵ ਅਤੇ ਵੈਸ਼ਨਵ ਮਤ ਦੀ ਸਾਂਝੀਵਾਲਤਾ ਦਾ ਪ੍ਰਤੀਕ ਬਣਿਆ ਹੋਇਆ ਹੈ।

ਜੈਨ ਗ੍ਰੰਥਾਂ ਅਨੁਸਾਰ ਭਗਵਾਨ ਰਾਮ ਨੇ ਮੱਘਰ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਪੰਚਮੀ ਨੂੰ ਲੰਕਾ ਵੱਲ ਕੂਚ ਕੀਤਾ ਸੀ।[35] ਰਾਵਣ ਇਹ ਸੁਣ ਕੇ ਹੱਕਾ-ਬੱਕਾ ਰਹਿ ਗਿਆ ਕਿ ਰਾਮ

ਚੰਦਰ ਜੀ ਨੇ ਸਮੁੰਦਰ ਉੱਤੇ ਵੀ ਪੁਲ ਬਣਵਾ ਲਿਆ ਹੈ। ਭਗਤ ਤੁਲਸੀ ਦਾਸ ਨੇ ਰਾਵਣ ਦੇ ਦਸ ਮੂੰਹਾਂ ਤੋਂ ਸਮੁੰਦਰ ਸ਼ਬਦ ਦੇ ਵੱਖ-ਵੱਖ ਪਰਿਆਇਵਾਚੀ ਸ਼ਬਦਾਂ (synonyms) ਦਾ ਉਚਾਰਣ ਕਰਵਾ ਕੇ ਉਸ ਦੀ ਹੈਰਾਨਗੀ ਦਾ ਪ੍ਰਗਟਾਵਾ ਹੇਠ ਲਿਖੇ ਦੋਹੇ ਰਾਹੀਂ ਕਰਵਾਇਆ ਹੈ :

ਬਾਂਧਯੋ ਬਨਨਿਧਿ ਨੀਰਨਿਧਿ ਜਲਧਿ ਸਿੰਧੁ ਬਾਰੀਸ।
ਸਤਜ ਤੋਯਨਿਧਿ ਕੰਪਤਿ ਉਦਧਿ ਪਯੋਧਿ ਨਦੀਸ॥[16]

ਰਾਵਣ ਨੂੰ ਉਸ ਦੀ ਪਤਨੀ ਮੰਦੋਦਰੀ ਨੇ ਸਮਝਾਇਆ ਕਿ ਉਹ ਸੀਤਾ ਜੀ ਨੂੰ ਆਜ਼ਾਦ ਕਰਕੇ ਰਾਮ ਚੰਦਰ ਤੋਂ ਮੁਆਫ਼ੀ ਮੰਗ ਲਵੇ। ਪਰ ਉਲਟਾ ਉਸ ਨੇ ਹੈਂਕੜ ਜਤਾਈ ਕਿ ਸੰਸਾਰ ਵਿਚ ਉਸ ਦੇ ਬਰਾਬਰ ਦਾ ਕੋਈ ਵੀ ਬਲਵਾਨ ਨਹੀਂ ਹੈ। ਉਸ ਨੇ ਤਾਂ ਕਾਲ (ਮੌਤ) ਨੂੰ ਵੀ ਜਿੱਤ ਰੱਖਿਆ ਹੈ।[17] ਰਾਵਣ ਦੇ ਛੋਟੇ ਭਰਾ ਵਿਭੀਸ਼ਣ ਨੇ ਵੀ ਤਰਲੇ ਕੀਤੇ, ਪਰ ਅਭਿਮਾਨੀ ਰਾਵਣ ਨੇ ਉਸ ਨੂੰ ਵੀ ਧੱਕੇ ਮਾਰ ਕੇ ਅਪਮਾਨਿਤ ਕਰ ਦਿੱਤਾ। ਵੱਡੇ ਭਰਾ ਵੱਲੋਂ ਲਤਾੜਿਆ ਅਤੇ ਹਤਕ ਦਾ ਮਾਰਿਆ ਵਿਭੀਸ਼ਣ (ਭਵੀਖਣ) ਭਗਵਾਨ ਰਾਮ ਕੋਲ ਪੁੱਜ ਕੇ ਉਨ੍ਹਾਂ ਦੇ ਚਰਣਾਂ ਉੱਤੇ ਢਹਿ ਪਿਆ। ਉਸ ਨੇ ਰਾਵਣ ਦੀ ਮੋਰਚੇਬੰਦੀ ਦੇ ਸਾਰੇ ਭੇਦ ਸ੍ਰੀ ਰਾਮ ਨੂੰ ਦੱਸ ਦਿੱਤੇ। ਰਾਵਣ ਨੂੰ ਲੜਾਈ ਤੋਂ ਬਾਜ਼ ਆਉਣ ਲਈ ਪ੍ਰੇਰਿਤ ਕਰਨ ਵਾਸਤੇ ਭਗਵਾਨ ਰਾਮ ਨੇ ਬਾਲਿ ਦੇ ਪੁੱਤਰ ਅੰਗਦ ਨੂੰ ਆਪਣੇ ਦੂਤ ਵਜੋਂ ਭੇਜਿਆ। ਪਰ ਦਸ ਸਿਰਾਂ ਵਾਲੇ ਲੰਕਾ ਨਰੇਸ਼ ਦੇ ਕੰਨਾਂ ਵਿਚ ਜੂੰ ਨਾ ਰਿੰਗੀ।

ਸਾਮ, ਦਾਮ, ਭੇਦ ਦੇ ਦਾਅ ਮੁੱਕ ਜਾਣ ਤੇ ਹੁਣ ਰਾਮ ਜੀ ਨੂੰ ਦੰਡ ਨੀਤੀ ਅਪਣਾਉਣੀ ਪਈ। ਉਨ੍ਹਾਂ ਦੀ ਅਗਵਾਈ ਹੇਠ ਪਹਿਲਾਂ ਤਾਂ ਬਾਂਦਰ ਅਤੇ ਰਿੱਛ ਸੈਨਾ ਨੇ ਰਾਵਣ ਦੇ ਜਰਨੈਲਾਂ ਨੂੰ ਮਾਰ ਮੁਕਾਇਆ। ਫੇਰ ਇੰਦਰ ਉੱਤੇ ਫ਼ਤਹਿ ਪਾਉਣ ਕਾਰਨ ''ਇੰਦਰਜੀਤ'' ਦੀ ਉਪਮਾ ਕਮਾਉਣ ਵਾਲਾ ਰਾਵਣ ਦਾ ਪੁੱਤਰ 'ਮੇਘਨਾਦ' ਬੱਦਲਾਂ ਵਾਂਗ ਗਰਜਦਾ ਹੋਇਆ ਅਗਾਂਹ ਵਧਿਆ। ਉਸ ਦੇ ਮਾਇਆਵੀ ਸ਼ਕਤੀ-ਬਾਣ ਕਾਰਨ ਲਛਮਣ ਜੀ ਬੇਹੋਸ਼ ਹੋ ਗਏ।[18] ਹਨੂਮਾਨ ਜੀ ਨੇ ਛੇਤੀ ਦੇਣੀ ਉੱਡ ਕੇ ਅਤੇ 'ਸੰਜੀਵਨੀ ਬੂਟੀ' ਲਿਆ ਕੇ ਉਨ੍ਹਾਂ ਦੇ ਪ੍ਰਾਣ ਬਚਾਏ। ਜਦੋਂ ਮੇਘਨਾਦਵੀ ਲੜਦਾ ਹੋਇਆ ਮਾਰਿਆ ਗਿਆ ਤਾਂ ਛੇ ਮਹੀਨੇ ਤੋਂ ਇਕ ਗੁਫ਼ਾ ਵਿਚ ਸੁੱਤੇ ਪਏ ਆਪਣੇ ਛੋਟੇ ਭਰਾ ਕੁੰਭਕਰਨ ਨੂੰ ਜਗਾਉਣ ਲਈ ਰਾਵਣ ਨੇ ਆਪਣੇ ਫ਼ੌਜੀ ਘੱਲੇ। ਕੁੰਭਕਰਣ ਵੀ ਅੱਖਾਂ ਮਲਦਾ ਹੋਇਆ ਹਥਿਆਰ ਫੜ ਕੇ ਗਰਜਦਾ ਹੋਇਆ ਆਇਆ, ਪਰ ਰਾਮ ਜੀ ਦੇ ਤੀਰਾਂ ਦੀ ਮਾਰ ਨਾ ਸਹਿ ਸਕਣ ਕਾਰਨ ਉਹ ਵੀ ਢਹਿ-ਢੇਰੀ ਹੋ ਗਿਆ।

ਵਿਭੀਸ਼ਣ ਦੇ ਦੱਸੇ ਹੋਏ ਭੇਦ ਅਨੁਸਾਰ ਭਗਵਾਨ ਰਾਮ ਨੇ ਰਾਵਣ ਦੇ ''ਹਿਰਦੇ ਕੁੰਡ'' ਵਿਚ ਧਰੇ ਹੋਏ ਅੰਮ੍ਰਿਤ ਨੂੰ ਆਪਣੇ ਤੀਰਾਂ ਰਾਹੀਂ ਸੋਖ ਲਿਆ। ਉਸ ਨੂੰ ਸੁਕਾਏ ਬਿਨਾਂ ਰਾਵਣ ਮਾਰਿਆ ਹੀ ਨਹੀਂ ਜਾ ਸਕਦਾ ਸੀ। ਅਜਿਹਾ ਹੋਣ ਸਾਰ ਰਾਵਣ ਦੇ ਪ੍ਰਾਣ ਰੂਪੀ ਪੰਛੀ ਉੱਡ ਗਏ। ਭਗਵਾਨ ਰਾਮ ਨੇ ਵਿਭੀਸ਼ਣ ਨੂੰ ਸਮਝਾ ਕੇ ਰਾਵਣ ਸਮੇਤ ਉਸ ਦੇ ਸਾਰੇ ਰਿਸ਼ਤੇਦਾਰਾਂ ਦਾ ਦਾਹ-ਸੰਸਕਾਰ ਕਰਵਾਇਆ। ਫੇਰ ਉਸ ਨੂੰ ਲੰਕਾ ਦਾ ਰਾਜਾ ਥਾਪ ਦਿੱਤਾ। ਵਿਭੀਸ਼ਣ ਨੇ ਪੁਸ਼ਪ-ਵਿਮਾਨ ਮੰਗਵਾਇਆ, ਜਿਸ ਤੇ ਸਵਾਰ ਹੋ ਕੇ ਭਗਵਾਨ ਰਾਮ ਨੇ ਸੀਤਾ

ਜੀ ਅਤੇ ਲਛਮਣ ਸਮੇਤ ਅਯੁੱਧਿਆ ਪਰਤਣਾ ਸੀ। ਪਰ 'ਮਹਾਭਾਰਤ' ਵਿਚ ਰਾਵਣ ਦੇ ਅਕਾਲ ਚਲਾਣੇ ਤੋਂ ਬਾਅਦ ਦੀ ਕਹਾਣੀ ਇਸ ਪ੍ਰਕਾਰ ਮਿਲਦੀ ਹੈ :

''ਸੀਤਾ ਜੀ ਪ੍ਰਤੀ ਰਾਮ ਦਾ ਸੰਦੇਹ; ਇਨ੍ਹਾਂ ਕੋਲ ਬ੍ਰਹਮਾ, ਇੰਦਰ, ਅਗਨੀ, ਵਾਯੂ, ਯਮ, ਵਰੁਣ, ਕੁਬੇਰ, ਸਪਤ (ਸੱਤ) ਰਿਸ਼ੀਆਂ ਅਤੇ ਸਵਰਗੀ ਮਹਾਰਾਜਾ ਦਸ਼ਰਥ ਦਾ ਆਉਣਾ; ਸੀਤਾ ਜੀ ਦਾ ਇਨ੍ਹਾਂ ਦੇ ਸਾਹਮਣੇ ਆਤਮ-ਸ਼ੁੱਧੀ ਦੀ ਸੌਹ ਚੁੱਕਣਾ; ਵਾਯੂ (ਹਵਾ) - ਅਗਨੀ (ਅੱਗ) ਆਦਿ ਦੇਵਤਿਆਂ ਵੱਲੋਂ ਇਨ੍ਹਾਂ ਸਭਨਾਂ ਦੇ ਸਾਹਮਣੇ ਸੀਤਾ (ਦੇ ਚਰਿਤ੍ਰ) ਦੀ ਸ਼ੁੱਧਤਾ ਦੀ ਪੁਸ਼ਟੀ ਕਰਨਾ। ਦਸਰਥ ਦਾ ਰਾਮ ਨੂੰ ਅਯੁੱਧਿਆ ਦਾ ਰਾਜ-ਪ੍ਰਬੰਧ ਸਾਂਭਣ ਲਈ ਆਦੇਸ਼ ਦੇਣਾ; ਦੇਵਤਿਆਂ ਨੂੰ ਨਮਸਕਾਰ ਕਰਕੇ ਸ੍ਰੀ ਰਾਮ ਦਾ ਆਪਣੀ ਪਤਨੀ ਸੀਤਾ ਨੂੰ ਮਿਲਣਾ। ਰਾਵਣ ਦੀ ਕੈਦ ਦੌਰਾਨ ਸੀਤਾ ਜੀ ਦੀ ਟਹਿਲ ਸੇਵਾ ਅਤੇ ਰੱਖਿਆ ਕਰਨ ਵਾਲੀ 'ਤ੍ਰਿਜਟਾ' ਨਾਂ ਦੀ ਰਾਖਸ਼ਣੀ ਅਤੇ ਉਸ ਦੀ ਨਿਯੁਕਤੀ ਲਈ ਰਾਵਣ ਨੂੰ ਪ੍ਰੇਰਣ ਵਾਲੇ ਬੁੱਧੀਮਾਨ ਅਤੇ ਚੰਗੇ ਸੁਭਾਉ ਦੇ 'ਅਵਿੰਧਜ' ਨਾਂ ਦੇ ਰਾਖਸ਼ ਦਾ ਸਨਮਾਨ ਕਰਨਾ।''[39]

ਇਹ ਸਾਰੇ ਕਾਰਜ ਨੇਪਰੇ ਚਾੜ੍ਹ ਕੇ ਰਾਮ ਜੀ ਆਪਣੀ ਪਤਨੀ ਸੀਤਾ ਜੀ ਅਤੇ ਭਰਾ ਲਛਮਣ ਸਮੇਤ ਪਹਿਲਾਂ ਗੋਦਾਵਰੀ ਨਦੀ ਤੇ ਸਥਿਤ ''ਕਿਸ਼ਕਿੰਧਾ'' ਵਿਖੇ ਵਿਭੀਸ਼ਣ ਦੀ ਪ੍ਰਾਰਥਨਾ ਮੰਨ ਕੇ ਚਾਰ ਦਿਨ ਠਹਿਰੇ।[40] ਇਹ ਸਥਾਨ ਹੁਣ ''ਕਿਸ਼ਕਿੰਧਾ ਤੀਰਥ'' ਦੇ ਨਾਂ ਨਾਲ ਪ੍ਰਸਿੱਧ ਹੈ। ਫੇਰ ਉਹ ਪੁਸ਼ਪਕ ਵਿਮਾਨ ਰਾਹੀਂ ਅਯੁੱਧਿਆ ਪਰਤੇ। ਅਯੁੱਧਿਆ ਪਹੁੰਚਣ ਤੇ ਭਰਤ ਅਤੇ ਸ਼ਤਰੁਘਨ ਨੇ ਤਿੰਨਾਂ ਮਾਂਵਾਂ ਨਾਲ ਰਲ ਕੇ ਸਭਨਾਂ ਦਾ ਸੁਆਗਤ ਕੀਤਾ।[41] ਕੁਝ ਦਿਨਾਂ ਮਗਰੋਂ ਸ਼ਾਹੀ ਪਰਿਵਾਰ ਦੇ ਕੁਲ ਪੁਰੋਹਿਤ ਮਹਾਰਿਸ਼ੀ ਵਸਿਸ਼ਠ ਨੇ ਰਾਮ ਚੰਦਰ ਜੀ ਦੇ ਰਾਜ ਤਿਲਕ ਦੀ ਰਸਮ ਪੂਰੀ ਕੀਤੀ।

ਪਰ ਉੜੀਸਾ ਦੇ ਕਵੀ ਸ਼ਾਰਲ ਦਾਸ ਦੀ ਉੜਿਆ ਭਾਸ਼ਾ ਵਿਚ ਰਚੀ ਹੋਈ ''ਵਿਲੰਕਾ ਰਾਮਾਯਣ'' ਵਿਚ ਇਹ ਪ੍ਰਸੰਗ ਦਰਜ ਹੈ ਕਿ ਲੰਕਾ ਜਿੱਤਣ ਪਿੱਛੋਂ ਜਦੋਂ ਰਾਮ ਜੀ ਦੇ ਅਯੁੱਧਿਆ ਦਾ ਰਾਜਾ ਬਣਨ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਬ੍ਰਹਮਾ ਜੀ ਨੇ 'ਖਲ' ਅਤੇ 'ਦੁਰਬਲ' ਨਾਂ ਦੇ ਦੂਤ ਉੱਥੇ ਘੱਲੇ। ਉਨ੍ਹਾਂ ਦਾ ਮੰਤਵ ਸੀ ਕਿ ਅਯੁੱਧਿਆ ਦਾ ਰਾਜ ਸੰਭਾਲਣ ਤੋਂ ਪਹਿਲਾਂ ਰਾਮ ਚੰਦਰ ਜੀ ਵਿਲੰਕਾ ਦੇ ਦੈਂਤ ਰਾਜ 'ਸਹਸ੍ਰਸਿਰਾ' (ਹਜ਼ਾਰ ਸਿਰਾਂ ਵਾਲੇ) ਉੱਤੇ ਵੀ ਫ਼ਤਹਿ ਪ੍ਰਾਪਤ ਕਰ ਲੈਣ।

'ਵਿਲੰਕਾ' ਨਗਰੀ ਰਾਵਣ ਦੀ 'ਲੰਕਾ' ਤੋਂ ਵੀ ਸੌ ਯੋਜਨ (ਚਾਰ ਹਜ਼ਾਰ ਕਿਲੋਮੀਟਰ) ਦੀ ਦੂਰੀ ਤੇ ਸਥਿਤ ਇਕ ਸੋਨ ਨਗਰੀ ਸੀ। ਬ੍ਰਹਮਾ ਜੀ ਦਾ ਆਦੇਸ਼ ਮੰਨ ਕੇ ਪਵਨ ਦੇਵਤਾ ਰਾਮ ਜੀ ਨੂੰ ਉਡਾ ਕੇ ਵਿਲੰਕਾ ਲੈ ਗਿਆ। ਹਨੂਮਾਨ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ। ਪਵਨ-ਪੁੱਤਰ ਅਖਵਾਉਣ ਵਾਲੇ ਹਨੂਮਾਨ ਜੀ ਵੀ ਉੱਡ ਕੇ ਰਾਮ ਚੰਦਰ ਜੀ ਦੀ ਸਹਾਇਤਾ ਲਈ ਵਿਲੰਕਾ ਪਹੁੰਚ ਗਏ। ਪਰ ਵਿਲੰਕਾ ਦੀ ਗ੍ਰਾਮ ਦੇਵੀ (folxgoddess) ਦਾ ਵਰਦਾਨ ਸੀ ਕਿ ਉਸ ਦਾ ਭਗਤ 'ਸਹਸ੍ਰਸਿਰਾ' ਕਿਸੇ ਵੀ ਪੁਰਸ਼ ਦੇ ਹੱਥੋਂ ਨਹੀਂ ਮਾਰਿਆ ਜਾ ਸਕਦਾ, ਉਸ ਦੇ ਨਾਸ਼ ਦਾ ਕਾਰਨ ਕਿਸੇ ਪਤੀਬ੍ਰਤਾ ਇਸਤਰੀ ਦੀ ਮੋਹਿਨੀ ਸ਼ਕਤੀ ਹੀ ਬਣ ਸਕਦੀ ਹੈ। ਇਹ ਕਾਰਜ ਸੀਤਾ ਜੀ ਨੇ ਅਯੁੱਧਿਆ ਤੋਂ ਵਿਲੰਕਾ ਪਹੁੰਚ ਕੇ ਖ਼ੁਦ ਨਿਭਾਇਆ ਅਤੇ ਰਾਮ

ਚੰਦਰ ਜੀ ਨੇ ਲੰਕਾ ਵਾਂਗ ਵਿਲੰਕਾ ਵਿੱਚੋਂ ਵੀ ਰਾਖਸ਼ਾਂ ਦੀ ਜੜ੍ਹ ਵੱਢ ਦਿੱਤੀ। ਇਸ ਤੋਂ ਮਗਰੋਂ ਸੀਤਾ ਜੀ ਨਾਲ ਪਰਤਣ ਪਿੱਛੋਂ ਭਗਵਾਨ ਰਾਮ ਦਾ ਰਾਜ ਤਿਲਕ ਹੋਇਆ।[42]

ਭੋਲੇ ਭਾਲੇ ਰਾਮ ਜੀ ਸਭਨਾਂ ਦੀਆਂ ਭਾਵਨਾਵਾਂ ਦਾ ਆਦਰ ਬਚਪਨ ਤੋਂ ਹੀ ਕਰਦੇ ਆ ਰਹੇ ਸਨ। ਅਯੁੱਧਿਆ ਦੇ ਰਾਜਾ ਬਣ ਜਾਣ ਮਗਰੋਂ ਉਹ ਲੋਕਾਂ ਦੇ ਦੁੱਖ-ਤਕਲੀਫ਼ਾਂ ਜਾਣਨ ਲਈ ਰਾਤ ਨੂੰ ਭੇਸ ਬਦਲ ਕੇ ਨਗਰ ਫੇਰੀ ਕਰਦੇ ਸਨ। ਇਕ ਰਾਤ ਨੂੰ ਉਨ੍ਹਾਂ ਨੇ ਕਿਸੇ ਧੋਬੀ ਨੂੰ ਆਪਣੀ ਪਤਨੀ ਦੇ ਚਰਿਤ੍ਰ ਉੱਤੇ ਸੰਦੇਹ ਕਾਰਨ ਝਿੜਕਦੇ ਹੋਏ ਇਹ ਸ਼ਬਦ ਸੁਣੇ, "ਮੈਂ ਰਾਮ ਚੰਦਰ ਨਹੀਂ ਹਾਂ, ਜਿਹੜਾ ਰਾਵਣ ਦੀ ਅਸ਼ੋਕਵਾਟਿਕਾ ਵਿਖੇ ਲੰਮੇ ਸਮੇਂ ਤਕ ਰਹਿਣ ਦੇ ਬਾਵਜੂਦ ਸੀਤਾ ਨੂੰ ਸਵੀਕਾਰ ਕਰ ਸਕਦਾ ਹੈ।" ਅਜਿਹੀਆਂ ਬੇ ਸਿਰ-ਪੈਰ ਦੀਆਂ ਤੁਹਮਤਾਂ ਤੋਂ ਬਚਣ ਲਈ ਉਨ੍ਹਾਂ ਨੇ ਗਰਭਵਤੀ ਸੀਤਾ ਨੂੰ ਪ੍ਰੇਰ ਕੇ ਲਛਮਣ ਜੀ ਦੁਆਰਾ ਵਾਲਮੀਕਿ ਰਿਸ਼ੀ ਦੇ ਆਸ਼ਰਮ ਵਿਚ ਪਹੁੰਚਵਾ ਦਿੱਤਾ। ਉੱਥੇ ਸੀਤਾ ਜੀ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਇਨ੍ਹਾਂ ਵਿੱਚੋਂ ਵੱਡਾ ਲਵ ਸੀ ਅਤੇ ਛੋਟਾ ਕੁਸ਼। ਇਨ੍ਹਾਂ ਨਾਵਾਂ ਦੇ ਧਰਨ ਬਾਰੇ ਵੀ ਭਾਰਤੀ ਰਾਮਾਇਣਾਂ ਵਿਚ ਅਨੇਕ ਵੱਖ-ਵੱਖ ਕਾਰਨ ਦੱਸੇ ਗਏ ਹਨ।

ਲਵ ਅਤੇ ਕੁਸ਼ ਦੇ ਜਨਮ ਅਤੇ ਬਹਾਦਰੀ ਦਾ ਬਹੁਤ ਸੋਹਣਾ ਚਿਤਰਨ ਪੂਰਬਲੀਆਂ ਰਾਮਾਇਣਾਂ ਦੇ ਆਧਾਰ ਤੇ ਕਵੀ ਸਾਹਿਬ ਦਾਸ ਨੇ ਆਪਣੀ ਪੰਜਾਬੀ ਕਾਵਿ-ਰਚਨਾ 'ਲਵ-ਕੁਸ਼ ਕਥਾ' ਵਿਖੇ ਛੇ ਅੰਕਾਂ (ਅਧਿਆਇਆਂ) ਵਿਚ ਕੀਤਾ ਹੈ।[43] ਪੰਜਾਬ ਦੇ ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਲਵ ਅਤੇ ਕੁਸ਼ ਦੀ ਦਾਦੀ 'ਕੁਸ਼ੱਲਿਆ ਜੀ' ਵਾਂਗ ਇਨ੍ਹਾਂ ਦੀ ਸਾਡੇ ਸੂਬੇ ਨੂੰ ਦੇਣ ਪ੍ਰਤੀ ਲੋਕਾਂ ਦਾ ਧਿਆਨ ਖਿੱਚਿਆ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਆਜ਼ਾਦੀ ਤੋਂ ਪਹਿਲੇ ਸਾਂਝੇ ਪੰਜਾਬ ਦੀ ਰਾਜਧਾਨੀ 'ਲਾਹੌਰ' ਦਾ ਪੁਰਾਣਾ ਨਾਂ 'ਲਵਪੁਰ' ਸੀ। ਇਸੇ ਤਰ੍ਹਾਂ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਇੱਕ ਹੋਰ ਸ਼ਹਿਰ 'ਕਸੂਰ' ਦਾ ਨਾਂ 'ਕੁਸ਼ਪੁਰ' ਸੀ।[44]

ਭਗਵਾਨ ਰਾਮ ਨੇ ਜਿੱਥੇ ਇਕ ਪਤਨੀਬ੍ਰਤ ਦਾ ਪਾਲਣ ਜ਼ਿੰਦਗੀ ਭਰ ਕੀਤਾ, ਉੱਥੇ ਹੀ ਮਾਤਾ-ਪਿਤਾ ਦੀ ਆਗਿਆ ਦੀ ਉਲੰਘਣਾ ਕਦੇ ਨਹੀਂ ਕੀਤੀ ਸੀ। ਜਟਾਯੂ ਵਰਗੇ 'ਗਿੱਧਰਾਜ' ਅਤੇ ਬਾਨਰਾਂ ਵੱਲੋਂ ਭਰਪੂਰ ਸਨਮਾਨ ਪ੍ਰਾਪਤ ਕਰਨ ਵਾਲੇ ਰਾਮ ਜੀ ਨੇ ਆਦਿਵਾਸੀ (ਭੀਲਣੀ) ਸ਼ਵਰੀ ਦੀ ਮਹਿਮਾਨ ਨਿਵਾਜ਼ੀ ਸਵੀਕਾਰ ਕਰਨ ਤੋਂ ਰੱਤੀ ਭਰ ਵੀ ਸੰਕੋਚ ਨਹੀਂ ਕੀਤਾ। ਰਾਵਣ ਦੀ ਕੈਦ ਵਿਚ ਬੰਦ ਸੀਤਾ ਜੀ ਦੀ ਸੇਵਾ ਕਰਨ ਵਾਲੀ ਤ੍ਰਿਜਟਾ ਨੂੰ ਉਚਿਤ ਸਨਮਾਨ ਬਖ਼ਸ਼ਣ ਵਿਚ ਕੋਤਾਹੀ ਨਹੀਂ ਕੀਤੀ ਅਤੇ ਦੂਜੇ ਪਾਸੇ ਆਪਣੀ ਹੀ ਪਰਜਾ ਵੱਲੋਂ ਬੋਲੀਆਂ ਮਾਰਨ ਤੇ ਸੀਤਾ-ਤਿਆਗ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ। ਅਜਿਹੇ ਲੋਕਤੰਤਰੀ ਰਾਜ ਦੇ ਸੁਆਮੀ ਭਗਵਾਨ ਰਾਮ ਲਈ 'ਮਰਿਆਦਾ ਪੁਰਸ਼ੋਤਮ'[45] ਦੀ ਉਪਮਾ ਪੂਰੀ ਤਰ੍ਹਾਂ ਸ਼ੋਭਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਗਿਆਨੀ ਮਹਿੰਦਰ ਸਿੰਘ 'ਰਤਨ' (ਸ਼ੋਧਕ) : *ਸ੍ਰੀ ਦਸਮ ਗ੍ਰੰਥ ਸਾਹਿਬ ਜੀ*, ਪੰਨਾ 189 [ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ., ਅੰਮ੍ਰਿਤਸਰ, ਸੰਮਤ 2024 ਬਿ.]।
2. ਮਨੋਹਰ ਸਿੰਘ : *ਰਾਮ ਗੀਤ* [ਭਾਸ਼ਾ ਵਿਭਾਗ, ਪੰਜਾਬ ਸਰਕਾਰ, ਪਟਿਆਲਾ ਦੀ ਲਾਇਬ੍ਰੇਰੀ ਵਿਚ

ਸੁਰੱਖਿਅਤ ਹੱਥ ਲਿਖਿਤ ਖਰੜਾ]।

3. (ੳ) ਪਟਿਆਲਾ ਅਤੇ ਚੰਡੀਗੜ੍ਹ ਵਿਚ ਵਸੇ ਹੋਏ ਬਹੁਤ ਸਾਰੇ ਬ੍ਰਾਹਮਣ ਅਤੇ ਖੱਤਰੀ ਪਰਿਵਾਰਾਂ ਦੇ ਸੱਜਨ ਆਪਣੇ ਨਾਂ ਦੇ ਪਿੱਛੇ 'ਕੌਸ਼ਲ' ਗੋਤਰ ਲਿਖਦੇ ਹਨ। ਪਟਿਆਲੇ ਦੇ 'ਕਪੂਰ' ਅਤੇ 'ਮਲਹੋਤਰਾ' ਖੱਤਰੀ ਆਪਣਾ ਗੋਤਰ 'ਕੌਸ਼ਲ' ਹੀ ਦੱਸਦੇ ਹਨ। 'ਕਪੂਰ' ਜਾਂ 'ਮਲਹੋਤਰਾ' ਨੂੰ ਅੱਲ ਆਖਿਆ ਜਾਂਦਾ ਹੈ।

ਡਾ. ਨਵਰਤਨ ਕੁਮਾਰ : ਸ੍ਰੀ ਗੁਰੂ ਗੋਬਿਦ ਸਿੰਘ ਕ੍ਰਿਤ 'ਰਾਮਾਵਤਾਰ' ਦੇ ਹਿੰਦੀ ਲਿਪੀਅੰਤਰਣ ਦੀ ਭੂਮਿਕਾ [ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਸੰਨ 1983]।

(ਅ) ਭਗਤ ਤੁਲਸੀ ਦਾਸ ਦੇ 'ਰਾਮ ਚਰਿਤ ਮਾਨਸ' ਗ੍ਰੰਥ ਵਿਚ ਰਾਜਾ ਦਸ਼ਰਥ ਲਈ 'ਕੋਸਲਪਤਿ'. (ਬਾਲ ਕਾਂਡ, ਪਦ 321/1) ਅਤੇ ਕੋਸਲੇਸ (ਕਿਸ਼ਕਿੰਧਾ ਕਾਂਡ, ਪਦ 7/15) ਸ਼ਬਦਾਂ ਦੀ ਵਰਤੋਂ ਹੋਈ ਹੈ। ਇਸੇ ਤਰ੍ਹਾਂ ਭਗਵਾਨ ਰਾਮ ਨੂੰ ਵੀ 'ਕੋਸਲੇਂਦ੍' (ਉੱਤਰ ਕਾਂਡ : ਸ਼ਲੋਕ 3) ਸੱਦਿਆ ਗਿਆ ਹੈ। ਇੰਝ ਜਾਪਦਾ ਹੈ ਕਿ ਕੁਸ਼ੱਲਿਆ ਜੀ ਆਪਣੇ ਪਿਤਾ ਦੀ ਇਕਲੌਤੀ ਧੀ ਸਨ ਅਤੇ ਉਨ੍ਹਾਂ ਦੇ ਪਿਤਾ ਦਾ ਰਾਜ ਉਸ ਦੀ ਮੌਤ ਮਗਰੋਂ ਰਾਜਾ ਦਸ਼ਰਥ ਨੂੰ ਮਿਲ ਗਿਆ ਸੀ ਅਤੇ ਉਹ (ਘੜਾਮ ਵਾਲਾ) ਇਲਾਕਾ ਭਗਵਾਨ ਰਾਮ ਦੇ ਅਧੀਨ ਵੀ ਰਿਹਾ।

4. ਡਾ. ਮਨਮੋਹਨ ਸਹਿਗਲ : *ਹਿੰਦੀ ਰਾਮ ਕਾਵਯ ਕਾ ਸਾਂਸਕ੍ਰਿਤਿਕ ਅਧਯਯਨ*, ਪੰਨਾ 50-51 [ਪੀਯੂਸ਼ ਪ੍ਰਕਾਸ਼ਨ, ਦਿੱਲੀ; ਸੰਨ 1998]।

5. ਦਸ਼ਮ ਗ੍ਰੰਥ ਵਿਚ ਇਸ ਨੂੰ 'ਜਗ-ਪੁਰਸ਼' ਲਿਖਿਆ ਗਿਆ ਹੈ।

6. 'ਕਲਯਾਨ' (ਪਤ੍ਰਿਕਾ ਦਾ ਸ੍ਰੀ ਰਾਮ ਭਕਤਿ ਅੰਕ) ਨੰ: 1, ਵਰ੍ਹਾ 68, ਪੰਨਾ 335 (ਗੀਤਾ ਪ੍ਰੈਸ, ਗੋਰਖਪੁਰ, ਸੰਨ 1994)।

7. ਮਹਾਭਾਰਤ : ਆਦਿ ਪਰਵ, ਅਧਿਆਇ 122/40.

8. (ੳ) ਕਲਯਾਨ (ਸ੍ਰੀ ਰਾਮ ਭਕਤਿ ਅੰਕ) ਨੰ: 1, ਵਰ੍ਹਾ 68, ਪੰਨਾ 227.

(ਅ) ਇਸ ਸੰਦਰਭ ਵਿਚ ਵਰਤੇ ਗਏ 'ਕੁਰੁਕਸ਼ੇਤ੍ਰ' ਦਾ ਸੰਬੰਧ ਹਰਿਆਣੇ ਦੀ ਉਸ ਭੂਮੀ ਨਾਲ ਨਹੀਂ ਹੈ, ਜਿੱਥੇ ਭਗਵਾਨ ਕ੍ਰਿਸ਼ਨ ਨੇ ਗੀਤਾ ਜੀ ਦਾ ਉਪਦੇਸ ਅਰਜੁਨ ਨੂੰ ਦਿੱਤਾ ਸੀ। ਇਸ ਦਾ ਅਰਥ ਬੀਜਣ ਜੋਗ (ਕੁਰੁ) + ਖੇਤ (ਕਸ਼ੇਤ੍ਰ) = 'ਕੁਰੁਕਸ਼ੇਤ੍ਰ' (Ploughable Land) ਹੀ ਲੈਣਾ ਚਾਹੀਦਾ ਹੈ।

9. ਭਗਤ ਤੁਲਸੀ ਦਾਸ : *ਰਾਮ ਚਰ੍ਰਿਤ ਮਾਨਸ*, ਬਾਲ ਕਾਂਡ, ਪਦ 260.

10. ਉਪਰੋਕਤ, ਪਦ 263-264.

11. ਉਪਰੋਕਤ, ਪਦ 283-284.

12. (ੳ) ਕਲਯਾਨ (ਸ੍ਰੀ ਰਾਮ ਭਕਤਿ ਅੰਕ) ਪੰਨਾ 106 [ਭਗਵਾਨ ਨਾਰਾਯਣੋਂ.... ਮਾਨੁਸ਼ੀ ਤਨੁਮ]।

(ਅ) ਵਿਸ਼ਣ ਪੁਰਾਣ (1, 9, 143-145) ਵੀ ਵਾਲਮੀਕਿ ਜੀ ਦੇ ਮਤ ਦੀ ਪੁਸ਼ਟੀ ਕਰਦਾ ਹੈ।

13. ਮਹਾਰਾਮਾਯਣ, ਅਧਿਆਇ 48, ਸ਼ਲੋਕ 13-14.

14. ਭਗਤ ਤੁਲਸੀ ਦਾਸ : *ਰਾਮ ਚਰ੍ਰਿਤ ਮਾਨਸ*, ਬਾਲ ਕਾਂਡ, ਪਦ 312/3-5.

15. ਉਪਰੋਕਤ, ਬਾਲ ਕਾਂਡ, ਪਦ 324/4.

16. ਉਪਰੋਕਤ, ਬਾਲ ਕਾਂਡ, ਪਦ 325/3.

17-18. (ੳ) ਬ੍ਰਹਮ ਪੁਰਾਣ, ਅਧਿ. 123/24-26.

(ਅ) ਭਗਤ ਤੁਲਸੀ ਦਾਸ : *ਰਾਮ ਚਰ੍ਰਿਤ ਮਾਨਸ*, ਅਯੋਧਯਾ ਕਾਂਡ, ਪਦ 29/1-2.

19. ਵਾਲਮੀਕਿ ਰਾਮਾਯਣ; 2/27/4-16.
20. (ੳ) ਪਦਮ ਪੁਰਾਣ : ਸ੍ਰਿਸ਼ਟਿ ਅਧਿਆਇ/33.
    (ਖ) ਕਲਯਾਨ (ਸ੍ਰੀ ਰਾਮ ਭਕਤਿ ਅੰਕ), ਪੰਨਾ 181.
21. ਮਹਾਭਾਰਤ ਨਾਮਾਨੁਕ੍ਰਮਣਿਕਾ, ਪੰਨਾ 123 [ਗੀਤਾ ਪ੍ਰੈਸ, ਗੋਰਖਪੁਰ, ਸੰਮਤ 2016].
22. ਮਹਾਭਾਰਤ, ਵਨ ਪਰਵ, 277/31-41.
23. (ੳ) ਨਰਮਦਾ ਨਦੀ ਦਾ ਦੱਖਣੀ ਪਾਸਾ ਪ੍ਰਾਚੀਨ ਸਮੇਂ ਵਿਚ 'ਦਕਿਸ਼ਣਾ ਪਥ' ਜਾਂ 'ਦੰਡਕਾਰਣ੍ਯ' ਹੀ ਅਖਵਾਉਂਦਾ ਸੀ।
    - ਸ਼ੰ. ਗੋ. ਤੁਲਪੁਲੇ : ਮਰਾਠੀ ਵਾਙਮਯਾ ਚਾ ਇਤਿਹਾਸ, ਖੰਡ ਪਹਿਲਾ, ਪੰਨਾ 20 [ਪੁਣੇ, ਸੰਨ 1984].
    (ਖ) 'ਦੰਡਕਬਣ' ਦਾ ਨਾਂ ਸ਼ਾਇਦ ਡੰਡੇ (ਸੰਸਕ੍ਰਿਤ : ਦੰਡ) ਵਰਗੇ ਸਿੱਧੇ ਬਾਂਸਾਂ (Bamboos) ਕਾਰਨ ਪਿਆ ਸੀ। ਆਦਿਵਾਸੀ ਲੋਕ ਕਥਾਵਾਂ ਵਿਚ ਇਹ ਦੱਸਿਆ ਜਾਂਦਾ ਹੈ ਕਿ ਸੀਤਾ ਜੀ ਦੇ ਛੇ ਉਂਗਲਾਂ ਸਨ। ਉਨ੍ਹਾਂ ਨੇ ਛੇਵੀਂ ਉਂਗਲੀ ਕੱਟ ਕੇ ਧਰਤੀ ਵਿਚ ਗੱਡ ਦਿੱਤੀ, ਜਿਸ ਤੋਂ ਬਾਂਸ ਪੈਦਾ ਹੋਇਆ। ਮੱਧ ਪ੍ਰਦੇਸ਼ ਦੀ ਬੈਗਾ-ਭੂਮਿਯਾ ਜਾਤਿ ਵਿਚ ਇਹੋ ਮਾਨਤਾ ਹੈ।
    - ਕਲਯਾਨ ('ਸ੍ਰੀ ਰਾਮ ਭਕਤਿ ਅੰਕ' ਵਿਚ ਦੁਰਗੇਸ਼ਨੰਦਿਨੀ ਰਾਘਵ ਦਾ ਲੇਖ ''ਆਦਿਵਾਸਿਯੋਂ ਮੇਂ ਪ੍ਰਚਲਿਤ ਰਾਮ ਕਥਾਏਂ], ਪੰਨਾ 263.
24-25. (ੳ) ਉਪਰੋਕਤ, ਪੰਨਾ 234.
    (ਖ) ਬ੍ਰਹਮ ਪੁਰਾਣ 123/209-210.
26. ਪਦਮ ਪੁਰਾਣ : ਸ੍ਰਿਸ਼ਟਿ ਅਧ੍ਯਾਯ, 33/74-77.
27. ਮਹਾਭਾਰਤ ਨਾਮਾਨੁਕ੍ਰਮਣਿਕਾ, ਪੰਨਾ 68.
28. ਮਹਾਭਾਰਤ, ਵਨ ਪਰਵ, 280/13-14.
29. ਉਪਰੋਕਤ, ਵਨ ਪਰਵ, 282/22.
30. ਤੁਲਸੀ ਦਾਸ : ਰਾਮ ਚਰਿਤ ਮਾਨਸ, ਕਿਸ਼ਕਿੰਧਾ ਕਾਂਡ, ਪਦ 29-30.
31. ਉਪਰੋਕਤ, ਸੁੰਦਰ ਕਾਂਡ, ਪਦ 12-25.
32. ਮਹਾਭਾਰਤ, ਸਭਾ ਪਰਵ, 10/11.
33. ਉਪਰੋਕਤ, ਵਨ ਪਰਵ 283/45.
34. ਭਗਤ ਤੁਲਸੀ ਦਾਸ : ਰਾਮ ਚਰਿਤ ਮਾਨਸ; ਲੰਕਾ ਕਾਂਡ, ਪਦ 3.
35. ਕਲਯਾਨ [ਸ੍ਰੀ ਰਾਮ ਭਕਤਿ ਅੰਕ; ਡਾ: ਕ੍ਰਿਸ਼ਣ ਪਾਲ ਤ੍ਰਿਪਾਠੀ ਦਾ ਲੇਖ : ਜੈਨ ਪਰੰਪਰਾ ਮੇਂ ਰਾਮ ਕਥਾ], ਪੰਨਾ 267.
36. ਭਗਤ ਤੁਲਸੀ ਦਾਸ : ਰਾਮ ਚਰਿਤ ਮਾਨਸ, ਲੰਕਾ ਕਾਂਡ, ਪੰਜਵਾਂ ਦੋਹਾ।
37. ਉਪਰੋਕਤ : ਲੰਕਾ ਕਾਂਡ, ਪਦ 7-8.
38. ਮਹਾਭਾਰਤ, ਵਨ ਪਰਵ, ਅਧਿਆਇ 288 [ਇਸ ਵਿਚ ਲਛਮਣ ਜੀ ਅਤੇ ਰਾਮ ਜੀ ਦੇ ਬੇਹੋਸ਼ ਹੋਣ ਦੀ ਗੱਲ ਲਿਖੀ ਹੋਈ ਹੈ]।
39. ਉਪਰੋਕਤ, ਵਨ ਪਰਵ, ਅਧਿਆਇ 291/1-41.
40. (ੳ) ਉਪਰੋਕਤ, ਵਨ ਪਰਵ, ਅਧਿਆਇ 291/42-66.

(ਖ) ਬ੍ਰਹਮ ਪੁਰਾਣ, ਅਧਿਆਇ 157.

41. ਭਗਤ ਤੁਲਸੀ ਦਾਸ : *ਰਾਮ ਚਰਿਤ ਮਾਨਸ*, ਉੱਤਰ ਕਾਂਡ, ਪਦ 1-6.

42. ਕਲਜਾਨ [ਸ੍ਰੀ ਰਾਮ ਭਕਤਿ ਅੰਕ], ਪੰਨਾ 254.

43. ਡਾ. ਨਵਰਤਨ ਕਪੂਰ (ਸੰਪਾਦਿਤ) : *ਸਾਹਿਬ ਦਾਸ ਕ੍ਰਿਤ 'ਲਵ ਕੁਸ਼ ਕੀ ਕਥਾ'* [ਭਾਸ਼ਾ ਵਿਭਾਗ, ਪੰਜਾਬ; ਪਟਿਆਲਾ; ਸੰਨ 1977].

44. (ਕ) ਭਾਈ ਕਾਨ੍ਹ ਸਿੰਘ (ਸੰਪਾਦਿਤ) : *ਮਹਾਨ ਕੋਸ਼*, ਪੰਨਾ 789 [ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਸੰਨ 1960].

(ਖ) ਉਪਰੋਕਤ, ਪੰਨਾ 25.

45. ਰਾਮੋਂਤਰਤਾਪਨੀਜ ਉਪਨਿਸ਼ਦ, ਪੰਨਾ 328, ਪਦ 5-8.

ਭਗਵਾਨ ਸ਼੍ਰੀ ਰਾਮ

ਡਾ. ਰਾਮ ਨਿਵਾਸ ਸ਼ਰਮਾ*

ਤ੍ਰੇਤਾ ਯੁੱਗ ਦੀ ਗੱਲ ਹੈ। ਸਰਯੂ ਨਦੀ ਦੇ ਕੰਢੇ ਕੌਸਲ ਨਾਂ ਦਾ ਇਕ ਵੱਡਾ ਰਾਜ ਸੀ। ਕੌਸਲ ਦੀ ਰਾਜਧਾਨੀ ਦਾ ਨਾਂ ਸੀ ਅਯੁੱਧਿਆ। ਜਿਸਦਾ ਅੱਖਰੀ ਅਰਥ ਹੁੰਦਾ ਹੈ, ਜਿਸਨੂੰ ਜੰਗ ਵਿਚ ਕੋਈ ਜਿੱਤ ਨਾ ਸਕੇ। ਅਯੁੱਧਿਆ ਦੇ ਚਾਰੇ ਪਾਸੇ ਮਜ਼ਬੂਤ ਅਤੇ ਉੱਚੀ ਕਿਲੇਬੰਦੀ ਸੀ। ਅਯੁੱਧਿਆ ਦੀ ਲੰਬਾਈ ਬਾਰਾਂ ਯੋਜਨ (ਇਕ ਯੋਜਨ ਮਤਲਬ ਚਾਰ ਕੋਸ) ਅਤੇ ਚੌੜਾਈ ਤਿੰਨ ਯੋਜਨ ਸੀ। ਵਿਸ਼ਾਲ ਰਾਜਮਾਰਗਾਂ ਅਸਮਾਨ ਨੂੰ ਛੂਹਣ ਵਾਲੀਆਂ ਇਮਾਰਤਾਂ, ਖੁਸ਼ਬੋਦਾਰ ਬਗੀਚੇ, ਸ਼ਾਂਤ ਸਰੋਵਰਾਂ, ਗੂੰਜਦੀ ਪਾਠਸ਼ਾਲਾਵਾਂ ਅਤੇ ਰੁੱਝੇ ਹੱਟ-ਬਾਜ਼ਾਰਾਂ ਦੇ ਕਾਰਨ ਉਸ ਦੀ ਸ਼ੋਭਾ ਦੇਖਦੇ ਹੀ ਬਣਦੀ ਸੀ। ਜਿੱਥੇ ਦੁੱਧ ਘਿਓ ਦੀਆਂ ਨਦੀਆਂ ਵਹਿੰਦੀਆਂ ਹੋਣ, ਉੱਥੇ ਦੇ ਵਸਨੀਕਾਂ ਦੀ ਲੰਬੀ ਉਮਰ ਅਤੇ ਪੂਰਨ ਅਰੋਗ ਹੋਣ ਪਿੱਛੇ ਕੋਈ ਅਜੂਬਾ ਨਹੀਂ ਸੀ। ਅਯੁੱਧਿਆ ਦੇ ਨਾਗਰਿਕ ਮਿਹਨਤੀ, ਇਮਾਨਦਾਰ, ਸ਼ਾਂਤ ਅਤੇ ਮਿੱਠ ਬੋਲੜੇ ਸੀ। ਉਹ ਸਾਧੂਆਂ, ਵਿਦਵਾਨਾਂ, ਸੂਰਬੀਰਾਂ, ਸ਼ਿਲਪਿਆਂ, ਸਾਹਿਤਕਾਰਾਂ ਦਾ ਹਮੇਸ਼ਾਂ ਸਨਮਾਨ ਕਰਦੇ ਸਨ। ਉਹ ਅਮੀਰ ਸਨ, ਪਰ ਗਰੀਬਾਂ ਨੂੰ ਕਦੇ ਨੀਵੀਆਂ ਨਜ਼ਰਾਂ ਨਾਲ ਨਹੀਂ ਵੇਖਦੇ ਸਨ। ਗਰੀਬਾਂ ਦੀ ਆਰਥਿਕ ਉੱਨਤੀ ਲਈ ਵੱਖ-ਵੱਖ ਤਰ੍ਹਾਂ ਦੀਆਂ ਯੋਜਨਾਵਾਂ ਸ਼ਾਸਕ ਅਤੇ ਪਰਜਾ ਦੋਨਾਂ ਦੁਆਰਾ ਚਲਾਈਆਂ ਜਾਂਦੀਆਂ ਸਨ। ਇਸ ਲਈ ਵਪਾਰ, ਵਣਜ ਦੇ ਖੇਤਰ ਵਿਚ ਅਯੁੱਧਿਆ, ਅਯੁੱਧਿਆ ਹੀ ਸੀ।

ਧਰਮ, ਕੁਲ, ਮਰਯਾਦਾ ਅਤੇ ਰਾਜ ਦੀ ਮਰਯਾਦਾ ਦਾ ਧਿਆਨ ਸਭ ਰੱਖਦੇ ਸਨ। ਮੂਰਖ, ਨਾਸਤਿਕ, ਬੇਸ਼ਰਮ, ਕਾਮੀ, ਆਲਸੀ, ਅਤਿਆਚਾਰੀ, ਸਵਾਰਥੀ, ਡਰਪੋਕ, ਹੰਕਾਰੀ, ਗੁੱਸੇਖੋਰ, ਵਿਰੋਧੀ, ਸਵੈਛਾਚਾਰੀ ਅਤੇ ਝੂਠ ਬੋਲਣ ਵਾਲੇ ਵਿਅਕਤੀ ਅਯੁੱਧਿਆ ਵਿਚ ਭਾਲ੍ਹੇ ਨਹੀਂ ਮਿਲਦੇ ਸਨ। ਸ਼ਾਂਤੀ, ਏਕਤਾ ਅਤੇ ਪਵਿੱਤਰਤਾ ਦੇ ਵਾਤਾਵਰਣ ਵਿਚ ਵਰਣਾਸ਼ਰਮ-ਧਰਮ ਦੀ ਅਭੂਤਪੂਰਵ ਪ੍ਰਤਿਸ਼ਠਾ ਸੀ।

ਇਸ ਤਰ੍ਹਾਂ ਦੀ ਨਗਰੀ ਅਯੁੱਧਿਆ ਵਿਚ ਰਾਜਗੱਦੀ ਤੇ ਉਸ ਸਮੇਂ ਮਹਾਰਾਜ ਦਸਰਥ ਬਿਰਾਜਮਾਨ ਸਨ। ਉਹ ਇਕਸ਼ਵਾਕੂ ਵੰਸ਼ ਦੇ ਸਮਰਾਟ ਅਜ ਦੇ ਪੁੱਤਰ ਸਨ। ਜਿਸ ਪ੍ਰਤਾਪੀ ਅਤੇ ਪ੍ਰਾਚੀਨ ਇਕਸ਼ਵਾਕੂ ਵੰਸ ਦੇ ਸਗਰ ਅਤੇ ਰਘੂ ਜਿਹੇ ਨਰ-ਸ੍ਰੇਸ਼ਟ ਅਵਤਾਰੀ ਪੁਰਖ ਹੋਏ ਸਨ, ਉਸ ਰਾਜ ਦੇ ਮਾਣ ਦੀ ਡੋਰ ਹੁਣ ਰਾਜਾ ਦਸਰਥ ਦੇ ਹੱਥਾਂ ਵਿਚ ਸੀ।

ਉੱਨਤੀ, ਸਨਮਾਨ ਅਤੇ ਖੁਸ਼ੀਆਂ ਦਾ ਸਾਗਰ ਰਾਜਾ ਦਸਰਥ ਦੇ ਚਾਰੇ ਪਾਸੇ ਲਹਿਰਾਉਂਦਾ ਰਹਿੰਦਾ ਸੀ। ਫਿਰ ਵੀ ਉਹਨਾਂ ਨੂੰ ਚੈਨ ਨਹੀਂ ਸੀ। ਅੰਦਰ ਹੀ ਅੰਦਰ ਝੂਰਦੇ ਅਤੇ ਬੇਚੈਨ ਰਹਿੰਦੇ ਸੀ। ਇਕ ਇਹੋ ਜਿਹੀ ਕਮੀ ਨੇ ਉਹਨਾਂ ਨੂੰ ਘੇਰ ਰੱਖਿਆ ਸੀ, ਜਿਸ ਦੇ ਅੱਗੇ ਵੱਡੇ ਤੋਂ ਵੱਡਾ ਸੁੱਖ

---

* ਹਿੰਦੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵੀ ਉਹਨਾਂ ਨੂੰ ਤਿੱਲ ਦੇ ਸਮਾਨ ਲੱਗਦਾ ਸੀ। ਉਹਨਾਂ ਦੀ ਘਾਟ ਉਹੀ ਸੀ, ਜਿਸਦਾ ਜ਼ਿਕਰ ਯੁੱਗਾਂ-ਯੁੱਗਾਂ ਤੋਂ ਦਾਦੀ ਅਤੇ ਨਾਨੀ ਦੀਆਂ ਕਹਾਣੀਆਂ ਵਿਚ ਮਿਲਦਾ ਰਿਹਾ ਹੈ, ਰਾਜਾ ਦਸਰਥ ਸੰਤਾਨ ਸੁੱਖ ਤੋਂ ਵਾਂਝੇ ਸੀ।

ਜਦੋਂ ਰਾਣੀ ਕੁਸੱਲਿਆ ਤੋਂ ਕੋਈ ਸੰਤਾਨ ਨਾ ਮਿਲੀ ਤਾਂ ਰਾਜਾ ਦਸਰਥ ਨੇ ਦੋ ਹੋਰ ਵਿਆਹ ਕੀਤੇ - ਸੁਮਿਤ੍ਰਾ ਅਤੇ ਕੈਕਯੀ ਨਾਲ। ਇਹੋ ਦੋਵੇਂ ਰਾਣੀਆਂ ਵੀ ਉਹਨਾਂ ਨੂੰ ਪੁੱਤਰ ਦਾ ਸੁੱਖ ਨਾ ਦੇ ਸਕੀਆਂ। ਤੱਦ ਤਾਂ ਰਾਜਾ ਦੀ ਚਿੰਤਾ ਦਾ ਕੋਈ ਠਿਕਾਣਾ ਹੀ ਨਾ ਰਿਹਾ। ਉਹਨਾਂ ਦੀ ਉਮਰ ਵਧਦੀ ਜਾ ਰਹੀ ਸੀ। ਚਿੰਤਾ ਸੁਭਾਵਿਕ ਸੀ। ਇੰਨੇ ਉੱਨਤ ਅਤੇ ਵਿਸ਼ਾਲ ਕੌਸਲ ਰਾਜ ਨੂੰ ਉਹਨਾਂ ਤੋਂ ਬਾਅਦ ਸਾਂਭੇਗਾ ਕੌਣ?

ਅੰਤ ਵਿਚ ਉਹਨਾਂ ਨੇ ਧਰਮ ਗੁਰੂਆਂ ਅਤੇ ਮੰਤਰੀਆਂ ਦੀ ਸਭਾ ਬੁਲਾਈ ਅਤੇ ਕਿਹਾ, "ਵੰਸ਼ ਦੀਆਂ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਅੱਗੇ ਵਧਾਉਣ ਲਈ ਸਾਨੂੰ ਪੁੱਤਰ ਰਤਨ ਦੀ ਪਰਮ ਲੋੜ ਹੈ। ਲੱਗਦਾ ਹੈ, ਪੁੱਤਰ ਪ੍ਰਾਪਤੀ ਯੱਗ ਕੀਤੇ ਬਿਨਾਂ ਸਾਡੀ ਇਸ ਇੱਛਾ ਦੀ ਪੂਰਤੀ ਨਾ ਹੋਵੇਗੀ।" ਪੁੱਤਰ ਪ੍ਰਾਪਤੀ ਯੱਗ ਦੇ ਲਈ ਸਾਰਿਆਂ ਨੇ ਇਕ ਆਵਾਜ਼ ਵਿਚ ਆਪਣੀ ਸਹਿਮਤੀ ਪ੍ਰਗਟ ਕੀਤੀ। ਰਾਜ ਸਚਿਵ ਸੁਮੰਤ ਨੇ ਕਿਹਾ, "ਇਹ ਕੰਮ ਕਿਸੇ ਕਰਮਕਾਂਡੀ ਸਿੱਧ ਤਪੱਸਵੀ ਦੇ ਦੁਆਰਾ ਸੰਪਾਦਿਤ ਹੋਣਾ ਚਾਹੀਦਾ ਹੈ। ਕਿਉਂ ਨਾ ਆਚਾਰੀਆ ਸ਼ਰੰਗ ਨੂੰ ਇਸ ਕੰਮ ਲਈ ਬੁਲਾਵਾ ਭੇਜਿਆ ਜਾਵੇ। ਇਹਨਾਂ ਦਿਨਾਂ ਵਿਚ ਉਹ ਅੰਗ ਦੇਸ਼ ਵਿਚ ਰਹਿ ਰਹੇ ਹਨ।"

ਮੁਨਿ ਸ਼ਰੰਗ ਨੂੰ ਬੇਨਤੀ ਕਰਨ ਲਈ ਰਾਜਾ ਦਸਰਥ ਆਪ ਅੰਗ ਦੇਸ਼ ਨੂੰ ਗਏ। ਮੁਨਿ ਸ਼ਰੰਗ ਦਸਰਥ ਦੀ ਬੇਨਤੀ ਨੂੰ ਨਾ ਟਾਲ ਸਕੇ।

ਮਿਤੀ ਨਿਸ਼ਚਿਤ ਹੁੰਦੇ ਹੀ ਦੂਰ-ਦੂਰ ਦੇ ਰਾਜਾਵਾਂ, ਬੁੱਧੀ-ਜੀਵੀਆਂ, ਮੁਨੀਆਂ, ਕਲਾਕਾਰਾਂ ਨੂੰ ਬੁਲਾਵਾ ਭੇਜਿਆ। ਹਾਰਦਿਕ ਸ਼ੁੱਭਕਾਮਨਾਵਾਂ ਦੇ ਨਾਲ ਸਾਰੇ ਸਮੇਂ ਸਿਰ ਆ ਪੁੱਜੇ। ਸਰਯੂ ਦੇ ਤੱਟ ਤੇ ਸ਼ੁੱਭ ਘੜੀ ਵਿਚ ਮੰਤਰਾਂ ਦੀਆਂ ਗੂੰਜਾਂ ਉਠਣ ਲੱਗੀਆਂ। ਸਵਾਹਾ + ਸਵਾਹਾ ! ਦੇ ਮੰਤਰਾਂ ਦੇ ਉਚਾਰਨ ਦੇ ਨਾਲ ਆਹੂਤੀ ਅੱਗ ਵਿਚ ਪਾਈ ਜਾਣ ਲੱਗੀ। ਯੱਗ ਪੂਰਾ ਹੋਇਆ। ਰਾਜਾ ਦਸਰਥ ਨੇ ਅੰਤਿਮ ਆਹੂਤੀ ਪਾਈ ਹੀ ਸੀ ਕਿ ਪ੍ਰਤੱਖ ਅਗਨੀਦੇਵ ਪ੍ਰਗਟ ਹੋ ਗਏ। ਅਗਨੀਦੇਵ ਦੇ ਹੱਥ ਵਿਚ ਸੋਨੇ ਦਾ ਇਕ ਪਾਤ੍ਰ ਸੀ ਅਤੇ ਉਸ ਵਿਚ ਸੀ ਅਭਿਮੰਤਰੀਤ (ਮੰਤਰਾਂ ਤੋਂ ਪੜੀ ਹੋਈ) ਖੀਰ।

ਅਦੁੱਤੀ ਖੀਰ ਦਾ ਸੋਨ-ਪਾਤਰ ਰਾਜਾ ਦਸਰਥ ਨੇ ਅਤਿਅੰਤ ਉਤਸ਼ਾਹ ਅਤੇ ਪ੍ਰੇਮ ਨਾਲ ਸਵੀਕਾਰ ਕੀਤਾ। ਉਹ ਅਦੁੱਤੀ ਖੀਰ ਰਾਣੀਆਂ ਨੂੰ ਖਿਲਾਈ। ਉਸ ਅਦੁੱਤੀ ਖੀਰ ਦੇ ਚਮਤਕਾਰ ਤੋਂ ਥੋੜੇ ਹੀ ਸਮੇਂ ਬਾਅਦ ਤਿੰਨਾਂ ਰਾਣੀਆਂ ਨੇ ਅਗਨੀ ਵਰਗੇ ਹੀ ਤੇਜਸ਼ਵੀ ਗਰਭ ਧਾਰਣ ਕੀਤੇ। ਪੁੱਤਰ ਪ੍ਰਾਪਤੀ ਯੱਗ ਦੇ ਇਕ ਸਾਲ ਬੀਤ ਜਾਣ ਮਗਰੋਂ ਚੇਤ ਮਹੀਨਾ, ਸ਼ੁਕਲ ਪੱਖ, ਨਵਮੀ ਮਿਤੀ ਨੂੰ ਪੁਨਰਵਸ਼ ਨਕਸ਼ੱਤਰ ਵਿਚ ਵੱਡੀ ਰਾਣੀ ਕੌਸਲਿਆ ਨੇ ਅਦੁੱਤੀ ਲਛਣਾਂ ਤੋਂ ਯੁਕਤ ਇਕ ਪਰਮ ਤੇਜ਼ਸ਼ਵੀ ਪੁੱਤਰ ਨੂੰ ਜਨਮ ਦਿੱਤਾ। ਰਾਜ ਭਰ ਵਿਚ ਖੁਸ਼ੀ ਦਾ ਟਿਕਾਣਾ ਨਾ ਰਿਹਾ। ਰਿਸ਼ੀਆਂ ਨੇ ਆਸ਼ੀਰਵਾਦਾਂ ਦੀ ਵਰਖਾ ਕਰ ਕੀਤੀ। ਰਾਜਾ ਦਸਰਥ ਨੇ ਵੱਧ ਤੋਂ ਵੱਧ ਧਨ ਦਿੱਤਾ। ਇਸ ਪੁੱਤਰ ਦਾ ਨਾਂ ਰੱਖਿਆ ਗਿਆ - ਰਾਮ।

ਇਸੇ ਤਰ੍ਹਾਂ ਕੈਕਯੀ ਅਤੇ ਸੁਮਿਤ੍ਰਾ ਨੇ ਵੀ ਪੁੱਤਰ ਰਤਨਾਂ ਨੂੰ ਜਨਮ ਦਿੱਤਾ। ਕੈਕਯੀ ਦੇ

ਪੁੱਤਰ ਦਾ ਨਾਂ ਭਰਤ ਅਤੇ ਸੁਮਿਤ੍ਰਾ ਦੇ ਪੁੱਤਰਾਂ ਦੇ ਨਾਂ ਲਛਮਣ ਅਤੇ ਸ਼ਤਰੂਘਨ ਰੱਖੇ ਗਏ। ਚਾਰਾਂ ਪੁੱਤਰਾਂ ਦਾ ਨਾਮਕਰਣ ਮਹਾਰਿਸ਼ੀ ਵਸਿਸ਼ਟ ਨੇ ਕੀਤਾ।[1]

ਇਹਨਾਂ ਮਰਯਾਦਾ ਪੁਰਸ਼ੋਤਮ ਦਸਰਥੀ ਰਾਮ ਦੇ ਸਾਰੇ ਰਿੱਤਰ ਦਾ ਗਾਨ ਅਨੇਕਾਂ ਨਾਮੀ ਕ੍ਰਿਤੀਕਾਰਾਂ ਨੇ ਆਪਣੀ ਰੁਚੀ, ਦ੍ਰਿਸ਼ਟੀ ਅਤੇ ਅਭਿਮੱਤ ਦੇ ਅਨੁਰੂਪ ਕੀਤਾ ਹੈ। ਉਹਨਾਂ ਵਿਚ ਸਭ ਤੋਂ ਪਹਿਲਾ ਸਥਾਨ ਮਹਾਰਿਸ਼ੀ ਵਾਲਮਿਕ ਦਾ ਹੈ। ਉਹ ਆਦਿ ਕਵੀ ਦੇ ਰੂਪ ਵਿਚ ਯਾਦ ਕੀਤੇ ਜਾਂਦੇ ਹਨ। ਉਹਨਾਂ ਦੇ ਮਨ ਵਿਚ ਜਦੋਂ ਕਾਵਿ ਲਿਖਣ ਦੀ ਅਦੁੱਤੀ ਸਫੂਰਤੀ ਉੱਠੀ, ਤਦੋਂ ਮੂਲ ਸਮੱਸਿਆ ਉਹਨਾਂ ਦੇ ਸਾਹਮਣੇ ਇਹ ਉਤਪੰਨ ਹੋਈ ਕਿ ਕੌਣ ਉਹਨਾਂ ਦਾ ਚਰਿੱਤਰ ਨਾਇਕ ਹੋਵੇਗਾ। ਕਿਸ ਪੁੰਨ ਸ਼ਲੋਕ ਚਰਿਤਾਵਲੀ ਦਾ ਉਹ ਗਾਨ ਕਰਨ ਤਾਂ ਜੋ ਵਾਕ ਦੇਵੀ ਦੀ ਸਾਰਥਤਾ ਸਿੱਧ ਹੋਵੇ ਅਤੇ ਸੰਸਾਰ ਦਾ ਕਲਿਆਣ ਹੋਵੇ। ਉਹਨਾਂ ਨੇ ਮੁੰਨੀਆਂ ਵਿੱਚੋਂ ਸ੍ਰੇਸ਼ਟ ਨਾਰਦ ਤੋਂ ਪ੍ਰਸ਼ਨ ਕੀਤਾ - ਭਗਵਾਨ! ਸਮੁੱਚੇ ਲੋਕ ਵਿਚ ਕੌਣ ਸ੍ਰੇਸ਼ਟ ਹੈ, ਕੌਣ, ਵਿਸ਼ੇਸ਼ ਪਰੋਪਕਾਰੀ ਧਰਮ ਨੂੰ ਮੰਨਣ ਵਾਲਾ, ਸੱਚ ਬੋਲਣ ਵਾਲਾ ਅਤੇ ਦ੍ਰਿੜ੍ਹ ਹੈ, ਕੌਣ ਅਵਤਾਰੀ ਪੁਰਖ ਅਤੇ ਲੋਕਾਂ ਦਾ ਭਲਾ ਕਰਨ ਵਾਲਾ ਹੈ? ਕੌਣ ਵਿਦਵਾਨ, ਹਰਮਨ ਪਿਆਰਾ ਅਤੇ ਸਮਰੱਥ ਹੈ? ਕੌਣ ਆਤਮਵਾਨ, ਕ੍ਰੋਧ ਨੂੰ ਜਿੱਤਣ ਵਾਲਾ ਅਤੇ ਪ੍ਰਤਾਪੀ ਹੈ? ਕਿਸਦੇ ਯੁੱਧ ਵਿਚ ਲੱਗੇ ਗੁੱਸੇ ਨੂੰ ਵੇਖ ਕੇ ਵੱਡੇ-ਵੱਡੇ ਦੇਵਤੇ ਵੀ ਡਰ ਉੱਠਦੇ ਹਨ। ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਮੁੰਨੀ ਸ੍ਰੇਸ਼ਟ ਨਾਰਦ ਨੇ ਇਸ਼ਵਾਕੂ ਵੰਸ਼ ਵਿਚ ਉਤਪੰਨ ਹੋਏ ਰਾਮ ਦੇ ਨਾਂ ਦਾ ਉਚਾਰਣ ਕੀਤਾ ਅਤੇ ਉਹਨਾਂ ਦੇ ਅਦਭੁੱਤ ਚਰਿੱਤਰ ਦਾ ਵਿਸਤਾਰ ਨਾਲ ਵਰਣਨ ਕੀਤਾ। ਸਰੀਰਿਕ ਸੁੰਦਰਤਾ ਦੀ ਚਰਚਾ ਤੋਂ ਬਾਅਦ ਉਹਨਾਂ ਨੇ ਕਿਹਾ, "ਉਹ ਪ੍ਰਜਾਪਤੀ ਬ੍ਰਹਮਾ ਦੇ ਸਮਾਨ ਪ੍ਰਜਾ ਦਾ ਪਾਲਣ ਕਰਨ ਵਾਲਾ ਅਤੇ ਦੁਸ਼ਮਣਾਂ ਦਾ ਨਾਸ਼ ਕਰਨ ਵਾਲਾ ਹੈ। ਸੱਚ ਅਤੇ ਧਰਮ ਦੇ ਨਾਲ ਮਨੁੱਖਾਂ ਦੀ ਰੱਖਿਆ ਕਰਦਾ ਹੈ। ਉਹ ਗੁਣਾਂ ਦਾ ਭੰਡਾਰ ਹੈ। ਕੁਸ਼ੱਲਿਆ ਮਾਤਾ ਦੇ ਆਨੰਦ ਨੂੰ ਵਧਾਉਂਦਾ ਹੈ। ਗੰਭੀਰਤਾ ਵਿਚ ਉਹ ਸਮੁੰਦਰ ਦੇ ਸਮਾਨ, ਧੀਰਜ ਵਿਚ ਹਿਮਾਲਾ ਦੇ ਸਮਾਨ, ਪਰਾਕ੍ਰਮ ਵਿਚ ਵਿਸ਼ਨੂੰ ਦੇ ਸਮਾਨ ਹੈ, ਉਹ ਚੰਦਰਮਾ ਦੇ ਸਮਾਨ ਪਿਆਰਾ ਲੱਗਣ ਵਾਲਾ ਅਤੇ ਗੁੱਸੇ ਵਿਚ ਕਾਲ ਦੀ ਅਗਨੀ ਦੇ ਸਮਾਨ ਹੈ। ਮਾਫ਼ ਕਰਨ ਵਿਚ ਉਹ ਧਰਤੀ ਦੇ ਸਮਾਨ ਹੈ। ਰਾਮ ਦੇ ਵਿਸ਼ੇ ਦਾ ਪੂਰਨ ਬੋਧ ਹੋ ਜਾਣ ਤੇ ਮਹਾਰਿਸ਼ੀ ਵਾਲਮੀਕ ਨੇ ਨਿਸ਼ਚਾ ਕਰ ਲਿਆ ਕਿ ਉਹਨਾਂ ਦੇ ਕਾਵਿ ਦੇ ਚਰਿਤਨਾਇਕ ਰਾਮ ਹੀ ਹੋਣਗੇ। ਮਹਾਰਿਸ਼ੀ ਵਾਲਮੀਕ ਨੇ ਇਸ ਤਰ੍ਹਾਂ ਇਤਿਹਾਸ ਦੇ ਇਕ ਅਵਤਾਰੀ ਅਤੇ ਉੱਤਮ ਪੁਰਖ ਨੂੰ ਚੁਣ ਕੇ, ਆਪਣੇ ਰਮਾਇਣ ਦੀ ਸਿਰਜਣਾ ਕੀਤੀ। ਉਹਨਾਂ ਦੀ ਦ੍ਰਿਸ਼ਟੀ ਮੂਲ ਰੂਪ ਵਿਚ ਭਗਤੀ-ਭਾਵਨਾ ਤੋਂ ਭਰੀ ਹੋਈ ਸੀ।"[2] ਰਮਾਇਣ ਦੀ ਰਚਨਾ ਤੋਂ ਬਾਅਦ ਰਾਮ ਦੇ ਚਰਿੱਤਰ ਨੂੰ ਆਧਾਰ ਬਣਾ ਕੇ ਅਨੇਕਾਂ ਉੱਤਮ ਰਚਨਾਵਾਂ ਸਮੇਂ-ਸਮੇਂ ਤੇ ਲਿਖੀਆਂ ਗਈਆਂ। ਰਾਮ ਦੇ ਚਰਿੱਤਰ ਨੂੰ ਲੈ ਕੇ ਅਨੇਕਾਂ ਸੰਸਕ੍ਰਿਤ ਸਾਹਿਤ ਵਿਚ ਅਨੇਕਾਂ ਰਚਨਾਵਾਂ ਲਿਖੀਆਂ ਗਈਆਂ। ਅਗਨੀ ਪੁਰਾਣ ਵਿਚ ਤਾਂ ਰਾਮ ਕਥਾ ਵਿਸਤਾਰ ਨਾਲ ਮਿਲਦੀ ਹੈ। ਵਿਸ਼ਨੂੰ, ਵਾਯੂ, ਬ੍ਰਹਮ ਵੈਵਰਤ, ਬਾਰਹਾਂ ਸਕੰਦ ਆਦਿ ਪੁਰਾਣਾਂ ਵਿਚ ਸੰਖੇਪ ਰਾਮਕਥਾ ਮਿਲਦੀ ਹੈ। ਮਹਾਭਾਰਤ ਵਿਚ ਰਿਸ਼ੀ ਮਾਰਕੰਡੇ ਦੁਆਰਾ ਰਾਮੋਪਾਖਿਆਨ ਉਪਸਥਿਤ ਕੀਤਾ ਗਿਆ ਹੈ। ਇਸ ਤੋਂ ਬਾਅਦ ਅਧਿਆਤਮ ਰਮਾਇਣ, ਆਨੰਦ ਰਮਾਇਣ, ਭੁਸੁੰਡੀ ਰਮਾਇਣ, ਲੋਮਸ ਰਮਾਇਣ, ਮੰਜੁਲ ਰਮਾਇਣ, ਅਦਭੁੱਤ ਰਮਾਇਣ, ਮਹਾਰਮਾਇਣ, ਸੰਸਕ੍ਰਿਤ ਰਮਾਇਣ, ਅਗਸ਼ਤਯ ਰਮਾਇਣ ਆਦਿ ਅਨੇਕ ਰਚਨਾਵਾਂ ਵਿਚ ਰਾਮਕਥਾ ਭਿੰਨ-ਭਿੰਨ ਰੂਪਾਂ ਵਿਚ

ਮਿਲਦੀ ਹੈ। ਕੇਵਲ ਸੰਸਕ੍ਰਿਤ ਵਿਚ ਹੀ ਨਹੀਂ, ਬਲਕਿ ਭਾਰਤ ਦੀਆਂ ਲਗਭਗ ਸਾਰੀਆਂ ਸਮਰਿੱਧ ਭਾਸ਼ਾਵਾਂ ਵਿਚ ਰਾਮਚਰਿਤ ਦਾ ਗਾਨ ਹੋਇਆ। ਇਹ ਰੁਚੀ ਬੁੱਧੀਜੀਵੀਆਂ ਤਕ ਹੀ ਨਹੀਂ ਰਹੀ, ਸਗੋਂ ਲੋਕ ਸਾਹਿਤ ਦੁਆਰਾ ਭਾਰਤੀ ਜਨ-ਜੀਵਨ ਵਿਚ ਘੁਲ ਮਿਲ ਗਿਆ। ਲੋਕ ਗੀਤਾਂ ਵਿਚ, ਦੰਤ ਕਥਾਵਾਂ ਵਿਚ, ਮੰਦਰ ਦੇ ਘੁਲੇ-ਮਿਲੇ ਸ਼ਬਦ ਕੀਰਤਨਾਂ ਵਿਚ, ਦੁਸ਼ਹਿਰਾ, ਰਾਮਨਵਮੀ ਵਰਗੇ ਤਿਉਹਾਰਾਂ ਆਦਿ ਵਿਚ ਰਾਮ ਦਾ ਚਰਿੱਤਰ ਵਿਭਿੰਨ ਰੂਪ ਧਾਰਨ ਕਰ ਭਾਰਤੀ ਜਨ-ਜੀਵਨ ਵਿਚ ਪ੍ਰਵੇਸ਼ ਕਰਦਾ ਰਿਹਾ ਹੈ।[3]

ਇਸ ਤਰ੍ਹਾਂ ਦੀਆਂ ਸਾਰੀਆਂ ਰਚਨਾਵਾਂ ਅਤੇ ਉਹਨਾਂ ਰਚਨਾਕਾਰਾਂ ਦੇ ਸਰਵ-ਉੱਤਮ ਉਤਰਾਧਿਕਾਰੀ ਹਿੰਦੀ ਦੇ ਸਰਵਉੱਚ ਮਹਾਕਵੀ ਅਤੇ ਸ੍ਰੇਸ਼ਟ ਭਗਤ ਤੁਲਸੀਦਾਸ ਹਨ। ਉਹ ਆਪਣੇ ਯੁੱਗ ਦੇ ਸੱਚੇ ਪ੍ਰਤਿਨਿਧੀ ਸਨ। ਦੇਸ਼ ਕਾਲ ਦੀ ਸਥਿਤੀ ਅਨੁਸਾਰ ਉਹਨਾਂ ਨੇ 'ਮਾਨਸ' ਨੂੰ ਸਭ ਪ੍ਰਕਾਰ ਤੋਂ ਸਜਾ ਕੇ ਜਨ-ਜੀਵਨ ਦੇ ਅਨੁਕੂਲ ਬਣਾ ਕੇ ਪੇਸ਼ ਕੀਤਾ। ਦੇਸ਼ ਦੀ ਸੰਸਕ੍ਰਿਤਿਕ ਚੇਤਨਾ ਅਤੇ ਅਧਿਆਤਮਕ ਪ੍ਰਵੇਸ਼ ਨੂੰ ਧਿਆਨ ਵਿਚ ਰੱਖ ਕੇ ਉਹਨਾਂ ਨੇ ਆਪਣੇ ਰਾਮ ਦੀ ਸਥਾਪਨਾ ਕੀਤੀ। ਤੁਲਸੀ ਦੇ ਰਾਮ ਵਾਲਮੀਕ ਵਰਗੇ ਕੇਵਲ ਅਵਤਾਰੀ ਪੁਰਖ ਅਤੇ ਉੱਚ ਨਾਇਕ ਹੀ ਨਹੀਂ ਸਨ, ਉਹਨਾਂ ਦੇ ਰਾਮ ਆਪ ਹੀ ਭਗਵਾਨ ਹਨ, ਆਪਣੀਆਂ ਪੂਰਨ ਵਿਸ਼ੇਸ਼ਤਾਵਾਂ ਨਾਲੋਂ ਯੁਕਤ। ਮਹਾਕਵੀ ਭਗਤ ਤੁਲਸੀ ਦਾਸ ਨੇ ਰਾਮਚਰਿਤਮਾਨਸ ਦੇ ਚਰਿੱਤਰ ਨਾਇਕ ਰਾਮ ਨੂੰ ਭੂਲੋਕ ਤੋਂ ਉਤਾਰ ਕੇ ਵੀ ਉਹਨਾਂ ਦਾ ਸਥਾਨ ਬੈਕੁੰਠ ਹੀ ਰੱਖਿਆ। ਉਹਨਾਂ ਵਿਚ ਇਸ ਪ੍ਰਕਾਰ ਦੀਆਂ ਭਾਵਨਾਵਾਂ ਦਾ ਸੰਚਾਰ ਕਰਵਾਇਆ ਜੋ ਇਕ ਸਾਧਾਰਨ ਮਨੁੱਖ ਨਾਲੋਂ ਭਿੰਨ ਸੀ। ਤੇ ਜੋ ਉਹਨਾਂ ਦੇ ਬ੍ਰਹਮ ਰੂਪ ਨੂੰ ਸਾਰਥਕ ਕਰਨ ਵਿਚ ਸਹਾਇਕ ਹੋਈ। ਮਹਾਕਵੀ ਤੁਲਸੀਦਾਸ ਦੇ ਸਾਹਮਣੇ ਇਕ ਲੰਬੀ 'ਰਾਮਚਰਿਤ' ਵਿਸ਼ੇ ਨਾਲ ਸੰਬੰਧਿਤ ਪਰੰਪਰਾ ਉਹਨਾਂ ਕੋਲ ਸੀ ਅਤੇ ਉਸੇ ਪਰੰਪਰਾ ਨੂੰ ਲੈ ਕੇ ਉਹਨਾਂ ਨੇ ਉਸ ਨੂੰ ਆਪਣੀ ਅਪਾਰ ਭਗਤੀ ਭਾਵਨਾ ਨਾਲ ਜੋੜ ਦਿੱਤਾ। ਉਹਨਾਂ ਨੇ ਰਾਮਚਰਿਤ ਮਾਨਸ ਵਿਚ ਅਨੇਕਾਂ ਸਥਾਨਾਂ ਅਤੇ ਪ੍ਰਸੰਗਾਂ ਵਿਚ ਰਾਮ ਦੀ ਸਾਰੀ ਸਾਜ-ਸਜਾਵਟ ਆਪਣੀ ਇਸੇ ਦ੍ਰਿਸ਼ਟੀ ਤੋਂ ਬਣਾਈ ਹੈ। ਉਹਨਾਂ ਨੇ ਆਪਣੀ ਅਮਰ ਕ੍ਰਿਤੀ ਰਾਮਚਰਿਤਮਾਨਸ ਰਾਮ ਦੇ ਰਹੱਸ ਨੂੰ ਸਮਝਾਉਣ ਵਾਸਤੇ ਹੀ ਕਿਹਾ ਗਿਆ ਹੈ। ਉਸਦਾ ਮੂਲ ਪ੍ਰਸ਼ਨ ਹੈ, ''ਰਾਮਕਵਨ'' ਅਰਥਾਤ ਰਾਮ ਕੌਣ ਹੈ? ਇਹ ਪ੍ਰਸ਼ਨ ਬਾਲ-ਕਾਂਡ ਦੇ ਆਰੰਭ ਵਿਚ ਹੀ ਮੁਨਿ ਭਾਰਦਵਾਜ ਪਰਮ ਗਿਆਨੀ ਮੁਨਿ ਯਾਗਵਲਕਯ ਤੋਂ ਕਰਦੇ ਹਨ।

ਰਾਮਕੁਵਨ ਪ੍ਰਭੁ ਪੂਛਓਂਤੋਹੀ। ਕਹਿਏ ਬੁਝਾਈ ਕ੍ਰਿਪਾਨਿਧ ਮੋਹੀ॥
ਏਕ ਰਾਮ ਅਵਧੇਸ਼ ਕੁਮਾਰਾ। ਤਿਨਹ ਕਰ ਚਰਿਤ ਬਿਦਿਤ ਸੰਸਾਰਾ॥
ਨਾਹਿ ਬਿਰਹ ਦੁਖ ਲੇਹੁ ਅਪਾਰਾ। ਭਇਓ ਰੋਸ਼ ਰਨ ਰਾਵਨ ਮਾਰਾ॥
ਪ੍ਰਭੂ ਸੋਇ ਰਾਮ ਕਿ ਅਪਰ ਕੋਓ ਜਾਹਿ ਜਪਤ ਤ੍ਰਿਪੁਰਾਰੀ॥
ਸਤਯ ਧਾਮ ਸਰਵਰੈ ਤੁਮਹ ਕਹਹੁ ਬਿਬੇਕ ਬਿਚਾਰਿ॥

ਅਰਥਾਤ ਮੈਂ ਤੁਹਾਡੇ ਤੋਂ ਪੁੱਛਦਾ ਹਾਂ ਕਿ ਉਹ ਰਾਮ ਕੌਣ ਹਨ? ਹੇ ਕ੍ਰਿਪਾ ਨਿਧਾਨ ਮੈਨੂੰ ਸਮਝਾਉ। ਇਕ ਰਾਮ ਤਾਂ ਅਵਧ ਦੇ ਰਾਜੇ ਦਸਰਥ ਜੀ ਦੇ ਪੁੱਤਰ ਹਨ, ਉਹਨਾਂ ਦਾ ਚਰਿੱਤਰ ਸਾਰਾ ਸੰਸਾਰ ਜਾਣਦਾ ਹੈ। ਉਹਨਾਂ ਨੇ ਇਸਤਰੀ ਵਿਯੋਗ ਵਿਚ ਬਹੁਤ ਦੁੱਖ ਉਠਾਇਆ ਅਤੇ ਗੁੱਸਾ ਆਉਣ 'ਤੇ ਯੁੱਧ ਵਿਚ ਰਾਵਣ ਨੂੰ ਮਾਰ ਦਿੱਤਾ। ਹੇ ਪ੍ਰਭੂ! ਉਹੀ ਰਾਮ ਹਨ ਜਾਂ ਹੋਰ ਕੋਈ

ਦੂਸਰੇ ਹਨ, ਜਿਹਨਾਂ ਨੂੰ ਸ਼ਿਵ ਜੀ ਜਪਦੇ ਹਨ? ਆਪ ਸੱਚ ਦੇ ਘਰ ਹੋ ਅਤੇ ਸਭ ਕੁਝ ਜਾਣਦੇ ਹੋ। ਵਿਚਾਰ ਕਰਕੇ ਦੱਸੋ ਰਾਮ ਮਨੁੱਖ ਹੈ ਕਿ ਰਾਮ ਕੋਈ ਦੇਵ ਹੈ ਕਿ ਰਾਮ ਪਾਰਬ੍ਰਹਮ ਪ੍ਰਮਾਤਮਾ ਹੈ। ਰਾਮ ਮਨੁੱਖ ਹੈ ਤਾਂ ਉਹਨਾਂ ਨੂੰ ਬ੍ਰਹਮ ਕਿਉਂ ਮੰਨਿਆ ਜਾਵੇ ਜੇ ਬ੍ਰਹਮ ਹੈਂ ਤਾਂ ਫਿਰ ਮਨੁੱਖ ਕਿਉਂ ਅਤੇ ਕਿਵੇਂ ਬਣ ਗਏ? ਫਿਰ ਨਿਰਗੁਣ ਬ੍ਰਹਮ ਅਤੇ ਸਰਗੁਣ ਸਾਕਾਰ ਮਨੁੱਖ ਦੇ ਵਿਚਕਾਰ ਕਿ ਰਾਮ ਦੀ ਹੋਰ ਵੀ ਕੋਈ ਸੱਤਾ ਹੈ, ਉਹਨਾਂ ਦਾ ਉਹ ਸੱਤਾਮਯ ਦੇਵ ਰੂਪ ਕਿਉਂ ਸਵੀਕਾਰ ਕੀਤਾ ਜਾਵੇ ਆਦਿ ਅਨੇਕਾਂ ਪ੍ਰਸ਼ਨ ਇਸ ਮੂਲ ਪ੍ਰਸ਼ਨ ਦੇ ਨਾਲ ਚਲ ਰਹੇ ਹਨ। ਇਹਨਾਂ ਸਾਰੀਆਂ ਗੱਲਾਂ ਦਾ ਉੱਤਰ ਦੇਣ ਲਈ ਹੀ ਰਾਮਚਰਿਤਮਾਨਸ ਦੀ ਰਚਨਾ ਹੋਈ।[5] ਇਸ ਲਈ 'ਯੇਹਿ ਮੋਹਿ ਆਦਿ ਮੱਧ ਅਵਸਾਨਾ, ਪ੍ਰਭੂ ਪ੍ਰਤਿਪਾਲ ਰਾਮ ਭਗਵਾਨਾ।' ਸਮੁੱਚੇ ਗ੍ਰੰਥ ਵਿਚ ਇਹ ਹੀ ਘੋਸ਼ਣਾ ਹੈ ਕਿ ਦਸਰਥ ਪੁੱਤਰ ਰਾਮ ਹੀ ਸਾਕਾਰ ਇਸ਼ਟਦੇਵ ਰੂਪ ਵਿਚ ਕ੍ਰਿਪਾਸਿੰਧੂ ਪ੍ਰਭੂ ਹੈ ਅਤੇ ਨਿਰਾਕਾਰ ਤੱਤ ਰੂਪ ਵਿਚ ਭਗਵਾਨ ਹਨ।

ਤੁਲਸੀ ਕੇ ਰਾਮ ਨਰ ਰੂਪ ਵਿਚ ਨਰਾਇਣ ਹੈ, ਜਦੋਂ ਕਿ ਵਾਲਮੀਕ ਦੇ ਰਾਮ, ਨਰਾਇਣ ਦੇ ਅਵਤਾਰ ਹੁੰਦੇ ਹੋਏ ਵੀ ਨਰ ਹੈ। ਵਾਲਮੀਕ ਦਾ ਉਦੇਸ਼ ਮਰਯਾਦਾ ਪੁਰਖੋਤਮ ਦੇ ਕਿਰਿਆ ਕਲਾਪਾਂ ਦਾ ਪ੍ਰਤਿਸ਼ਠਾਪਨ ਸੀ। ਪਰ ਤੁਲਸੀ ਦੇ ਰਾਮ ਨਰ ਰੂਪ ਵਿਚ ਵੀ ਨਰਾਇਣ ਤੱਤ ਤੋਂ ਜੁੜੇ ਹੋਏ ਹਨ। ਮਾਨਸ ਦੇ ਰਾਮ ਦਾ ਨਾ ਤਾਂ ਜਨਮ ਹੁੰਦਾ ਹੈ, ਨਾ ਹੀ ਮਰਨ। ਉਹਨਾਂ ਦਾ ਤਾਂ ਕੇਵਲ ਅਵਤਾਰ ਹੁੰਦਾ ਹੈ।''

ਭਏ ਪ੍ਰਗਟ ਕ੍ਰਿਪਾਲਾ ਦੀਨ ਦਿਆਲਾ ਕੁਸਲਿਆ ਹਿਤਕਾਰੀ।[6]

ਜੋ ਸਰਵ ਵਿਆਪਕ, ਨਿਰੰਜਨ (ਮਾਇਆ ਰਹਿਤ) ਨਿਰਗੁਣ, ਵਿਨੋਦ ਰਹਿਤ ਅਤੇ ਅਜਨਮਾ ਬ੍ਰਹਮ ਹੈ, ਉੱਥੇ ਪ੍ਰੇਮ ਅਤੇ ਭਗਤੀ ਦੇ ਵਸ ਕੁਸਲਿਆ ਦੀ ਗੋਦ ਵਿਚ ਖੇਡ ਰਹੇ ਹਨ :

ਵਿਆਪਕ ਬ੍ਰਹਮ ਨਿਰੰਜਨ ਨਿਰਗੁਣ ਵਿਗਤ ਬਿਨੋਦ।
ਸੋ ਅੱਜ ਪ੍ਰੇਮ ਭਗਤ ਵਸ ਕੁਸਲਿਆ ਦੇ ਗੋਦ।।[7]

ਪਗ-ਪਗ ਵਿਚ ਉਹਨਾਂ ਦਾ ਹਰ ਇਕ ਕੰਮ ਲੋਕ ਕਲਿਆਣ ਦੀ ਭਾਵਨਾ ਤੋਂ ਹੁੰਦਾ ਹੈ। ਰਾਮ ਦਾ ਸਾਰਾ ਜੀਵਨ ਤਿਆਗ ਅਤੇ ਉਕਾਤ ਕਰਤੱਵ ਦੀ ਭਾਵਨਾ ਤੋਂ ਪਰਿਪੂਰਨ ਹੈ। ਉਹਨਾਂ ਦਾ ਜੀਵਨ ਕਿਤੇ ਵੀ ਆਪਣੇ ਲਈ ਨਹੀਂ ਹੈ। ਉਹ ਇਕ ਆਦਰਸ਼ ਤੋਂ ਪ੍ਰੇਰਿਤ ਇਕ ਆਦਰਸ਼ ਲਈ ਸਮਰਪਿਤ ਅਤੇ ਉਸ ਆਦਰਸ਼ ਨੂੰ ਆਚਰਣ ਵਿਚ ਬਿਆਨ ਕਰਨ ਲਈ ਲਗਾਤਾਰ ਯਤਨਸ਼ੀਲ ਜੀਵਨ ਹੈ। ਇਸ ਲਈ ਉਹਨਾਂ ਦੇ ਸੰਪਰਕ ਵਿਚ ਜੋ ਵੀ ਆਇਆ, ਉਹੀ ਉਹਨਾਂ ਦੇ ਨਿਸ਼ਛਲ ਪ੍ਰੇਮ ਅਤੇ ਦਇਆ ਤੋਂ ਪ੍ਰਭਾਵਿਤ ਹੋ ਗਿਆ। ਸੁਰ, ਨਰ, ਮੁਨਿ, ਵਨ ਦੇ ਵਾਨਰ, ਭਾਲੂ ਅਤੇ ਨਿਸ਼ਾਚਰ ਤਕ ਉਹਨਾਂ ਦੇ ਵੱਲ ਖਿੱਚੇ ਗਏ ਅਤੇ ਬਹੁਤਿਆਂ ਨੇ ਆਤਮ ਸਮਰਪਣ ਵੀ ਕੀਤਾ। ਉਹਨਾਂ ਨੇ ਅਨੇਕ ਦ੍ਰਿਸ਼ਟੀਕੋਣਾਂ ਤੋਂ ਮਾਨਵਤਾ ਦਾ ਆਦਰਸ਼ ਮਨੁੱਖਾਂ ਦੇ ਸਾਹਮਣੇ ਰੱਖਿਆ ਅਤੇ ਇਸ ਤਰ੍ਹਾਂ ਮਨੁੱਖਾਂ ਨੂੰ ਉੱਚੇ ਉਠਣ ਦਾ ਸੁੰਦਰ ਸਾਧਨ ਦਿੱਤਾ। ਆਦਰਸ਼ ਮਿੱਤਰ ਉਹ ਹੋਏ, ਆਦਰਸ਼ ਰਾਜਾ ਵੀ ਉਹ ਹੋਏ।[8] ਆਦਰਸ਼ ਸ਼ਕਤੀ, ਆਦਰਸ਼ ਸ਼ੀਲ, ਆਦਰਸ਼ ਸੁੰਦਰਤਾ, ਸਭ ਉਹਨਾਂ ਵਿਚ ਸੀ। ਰਾਮ ਦਾ ਕੋਈ ਵੀ ਆਚਰਣ ਆਦਰਸ਼ ਤੋਂ ਰਹਿਤ ਨਹੀਂ ਹੈ, ਉਹਨਾਂ ਦਾ ਆਦਰਸ਼ ਮਰਯਾਦਾਵਾਦੀ ਹੀ ਨਹੀਂ ਨਿਮਰ ਵੀ ਹੈ। ਰਾਮ ਕਿੰਨੇ ਕ੍ਰਿਪਾਮਯ ਹਨ, ਇਸ ਦਾ ਅਨੁਮਾਨ

ਇਸੇ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਵੀ ਕੋਈ ਭਗਤੀ ਭਾਵਨਾ ਤੋਂ ਉਹਨਾਂ ਨੂੰ ਬੁਲਾਉਂਦਾ ਹੈ, ਉਹ ਉਸ ਤੇ ਆਪਣੀ ਕ੍ਰਿਪਾ ਦੀ ਵਰਖਾ ਕਰ ਦਿੰਦੇ ਹਨ। ਵੱਡੇ ਤੋਂ ਵੱਡੇ ਸ਼ਰਾਪ ਨੂੰ ਅਪਰਾਧ ਨੂੰ ਉਹ ਆਪਣੀ ਕ੍ਰਿਪਾ ਦੀ ਨਜ਼ਰ ਤੋਂ ਇਕ ਪਲ ਵਿਚ ਹਰ ਲੈਂਦੇ ਹਨ। ਗੁਰੂ ਵਿਸ਼ਵਾਮਿੱਤਰ ਦੇ ਨਾਲ ਉਹ ਜਨਕਪੁਰੀ ਵਿਚ ਧਨੁਖ ਯੱਗ ਵੇਖਣ ਜਾ ਰਹੇ ਹਨ ਤਾਂ "ਆਸ਼ਰਮ ਏਕ ਦੀਖ ਮਗਮਾਹੀਂ। ਚਗ, ਮ੍ਰਿਗ ਜੀਵ-ਜੰਤੂ ਤਹੈਂ ਨਾਹੀਂ॥"[9]

ਇਹ ਵੇਖ ਕੇ ਰਾਮ ਨੂੰ ਅਸਚਰਜ ਹੋਇਆ ਕਿ ਇੱਥੇ ਕੋਈ ਵੀ ਪਸ਼ੂ-ਪੰਛੀ, ਜੀਵ-ਜੰਤੂ ਦਿਖਾਈ ਨਹੀਂ ਦਿੰਦਾ। ਇਸ ਤਰ੍ਹਾਂ ਕਿਉਂ? ਇਹ ਪੱਥਰ ਦੀ ਸ਼ਿਲਾ ਕੀ ਹੈ? 'ਪੂਛਾ ਮੁਨਹੀ ਸ਼ਿਲਾ ਪ੍ਰਭੂ ਦੇਖੀ। ਸਕਲ ਕਥਾ ਮੁਨਿ ਕਹਾ ਵਿਸੇਸ਼ੀ॥'[10]

ਮੁਨਿ ਨੇ ਵਿਸਤਾਰ ਪੂਰਵਕ ਕਥਾ ਕਹਿ ਕੇ ਕਿਹਾ :

ਗੌਤਮ ਨਾਰਿ ਸਰਾਪ ਵਸ ਉਪਲ ਦੇਹਿ ਧਰਿ ਧੀਰ।
ਚਰਨ ਕਮਲ ਰਜ ਚਾਹਤਿ ਕ੍ਰਿਪਾ ਕਰਹੁੰ ਰਘੁਬੀਰ॥[11]

ਇੱਥੇ 'ਕ੍ਰਿਪਾ ਕਰਹੂੰ ਰਘੁਬੀਰ' ਬਹੁਤ ਹੀ ਮਾਰਮਿਕ ਹੈ। ਮੁਨਿ ਵਿਸ਼ਵਾਮਿੱਤਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੌਤਮ ਪਤਨੀ ਅਹਿਲਿਆ ਦਾ ਕੋਈ ਅਪਰਾਧ ਨਹੀਂ ਸੀ। ਰਿਸ਼ੀ ਗੌਤਮ ਨੇ ਬਿਨਾਂ ਸੱਚਾਈ ਨੂੰ ਜਾਣੇ ਸ਼ਰਾਪ ਦੇ ਦਿੱਤਾ ਸੀ। ਰਾਮ ਦੇ ਚਰਨਾਂ ਦੀ ਧੂੜ ਪਾ ਕੇ ਉਸਦਾ ਭਲਾ ਹੋਣਾ ਸੀ।

'ਰਾਮਚਰਿਤਮਾਨਸ' ਦਾ ਇਕ ਆਦਰਸ਼ ਜੋ ਸਭ ਤੋਂ ਜ਼ਿਆਦੀ ਸਮੁੱਚੀ ਕਥਾ ਵੀ ਰਚਿਆ ਵਸਿਆ ਹੈ, ਉਹ ਹੈ - ਮਾਨਸ ਦੇ ਪ੍ਰਤੀ ਪ੍ਰੇਮ, ਜਿਹੜਾ ਰਾਮ, ਸੀਤਾ, ਭਰਤ, ਸ਼ਬਰੀ, ਹਨੂੰਮਾਨ ਆਦਿ ਅਨੇਕਾਂ ਚਰਿੱਤਰਾਂ ਦੇ ਵਿਭਿੰਨ ਕਿਰਿਆ ਕਲਾਪਾਂ ਦੁਆਰਾ ਇੱਧਰ-ਉੱਧਰ ਵੇਖਿਆ ਜਾ ਸਕਦਾ ਹੈ, ਕੇਵਟ ਤੋਂ ਆਪਣਾ ਪੈਰ ਧੁਆਉਣਾ, ਕ੍ਰਿਪਾਲੂ ਰਾਮ ਦੀ ਬਹੁਤ ਵੱਡੀ ਦਇਆ ਸੀ। ਗੰਗਾ ਤਾਂ ਆਪ ਉਹਨਾਂ ਨੂੰ ਰਾਹ ਦੇ ਸਕਦੀ ਸੀ, ਪਰ ਰਾਮ ਨੇ ਕੇਵਟ ਦੇ ਮਨ ਦੇ ਪ੍ਰੇਮ ਨੂੰ ਪਛਾਣ ਕੇ ਹੀ, ਊਚ-ਨੀਚ ਦਾ ਭੇਤ ਨਾ ਰੱਖਦੇ ਹੋਏ ਉਸਨੂੰ ਗੱਲ ਨਾਲ ਲਾ ਲਿਆ, ਇਸੇ ਪ੍ਰੇਮ ਦੇ ਵਸ ਹੋ ਸ਼ਬਰੀ ਦੇ ਜੂਠੇ ਬੇਰ ਬੜੇ ਸੁਆਦ ਨਾਲ ਖਾਂਦੇ ਹਨ। ਰਾਮ ਦੀ ਕ੍ਰਿਪਾ ਗਿੱਧਰਾਜ ਜਟਾਯੂ ਨੂੰ ਵੀ ਮਿਲੀ :

ਕਰਿ ਸਰੋਜ ਸਿਰ ਪਰਸੇਉ ਕ੍ਰਿਪਾਸਿੰਧੂ ਰਘੁਬੀਰ।
ਨਿਰਖ ਰਾਮ ਛਬਿ ਧਾਮ ਮੁੱਖ ਬਿਗਤ ਭਈ ਸਬ ਪੀਰ॥[12]

ਮਿੱਤਰ ਦੇ ਰੂਪ ਵਿਚ ਰਾਮ ਦਾ ਚਰਿੱਤਰ ਉੱਚਤਾ ਦੇ ਸ਼ਿਖਰ ਨੂੰ ਛੂੰਹਦਾ ਹੈ। ਰਾਮਚਰਿਤ ਮਾਨਸ ਵਿਚ ਰਾਮ ਤੋਂ ਤਿੰਨ ਮਨੁੱਖਾਂ ਦੀ ਡੂੰਘੀ ਮਿੱਤਰਤਾ ਦਾ ਵਰਣਨ ਹੈ। ਵਣ ਜਾਣ ਸਮੇਂ ਪਹਿਲੀ ਭੇਟ ਨਿਸ਼ਾਦਰਾਜ ਨਾਲ ਹੁੰਦੀ ਹੈ, ਰਾਮ ਉਹਨਾਂ ਨੂੰ ਆਪਣਾ ਮਿੱਤਰ ਬਣਾ ਲੈਂਦੇ ਹਨ। ਸੀਤਾ ਹਰਣ ਤੋਂ ਬਾਅਦ ਹਨੂੰਮਾਨ ਦੇ ਦੁਆਰਾ ਉਹਨਾਂ ਦੀ ਸੁਗਰੀਵ ਨਾਲ ਭੇਂਟ ਹੁੰਦੀ ਹੈ। ਲੰਕਾ ਦੇ ਯੁੱਧ ਤੋਂ ਪਹਿਲਾਂ ਵਿਭੀਸ਼ਣ ਰਾਮ ਦੀ ਸ਼ਰਣ ਵਿਚ ਆਉਂਦੇ ਹਨ ਤਾਂ ਰਾਮ ਉਹਨਾਂ ਨੂੰ ਵੀ ਗਲ ਨਾਲ ਲਾ ਲੈਂਦੇ ਹਨ। ਸ਼ਰਣ ਵਿਚ ਆਏ ਹੋਏ ਨਾਲ ਪਿਆਰ ਕਰਨਾ ਭਾਰਤੀ ਸੰਸਕ੍ਰਿਤੀ ਅਤੇ ਜੀਵਨ ਦਾ ਪ੍ਰਾਣ ਰਹੀ ਹੈ ਅਤੇ 'ਰਾਮਚਰਿਤਮਾਨਸ' ਵਿਚ ਵਿਭੀਸ਼ਣ ਦੇ ਪ੍ਰਸੰਗ ਵਿਚ ਇਸ ਦੀ ਪੂਰਨ ਪ੍ਰਤਿਸ਼ਠਾ ਹੋਈ ਹੈ।

ਰਾਮ ਦੇ ਚਰਿੱਤਰ ਦਾ ਇਕ ਹੋਰ ਮਹੱਤਵਪੂਰਨ ਪੱਖ ਹੈ, ਰਾਮ ਦੀ ਨਿਮਰਤਾ। ਉਹ ਜਦੋਂ ਕਿਸੇ ਨੂੰ ਮਿਲਦੇ ਹਨ ਉਸ ਸਮੇਂ ਨਾ ਤਾਂ ਉਹਨਾਂ ਨੂੰ ਰਾਜਪੁੱਤਰ ਹੋਣ ਦਾ ਹੰਕਾਰ ਹੁੰਦਾ ਹੈ ਅਤੇ ਨਾ ਹੀ ਬ੍ਰਹਮ ਹੋਣ ਦੀ ਗਰੀਮਾ ਦਾ ਹੰਕਾਰ। ਉਹ ਮਿਲਣ ਵਾਲੇ ਦੀ ਪਦ ਪ੍ਰਤਿਸ਼ਠਾ ਦੇ ਅਨੁਰੂਪ ਵਿਵਹਾਰ ਕਰਦੇ ਹਨ। ਨਿਮਰਤਾ ਉਹਨਾਂ ਦੀ ਰਗ-ਰਗ ਵਿਚ ਵਸੀ ਹੋਈ ਹੈ।

ਰਾਜਾ ਦਸਰਥ ਦੀ ਸਲਾਹ ਤੇ ਗੁਰੂ ਵਸ਼ਿਸ਼ਟ ਰਾਮ ਦੇ ਮਹਿਲ ਵਿਚ ਇਹ ਸੁਨੇਹਾ ਲੈ ਕੇ ਜਾਂਦੇ ਹਨ ਕਿ ਮਹਾਰਾਜ ਨੇ ਉਹਨਾਂ ਨੂੰ ਯੁਵਰਾਜ ਬਣਾਉਣ ਦਾ ਫ਼ੈਸਲਾ ਲਿਆ ਹੈ, ਗੁਰੂ ਨੂੰ ਆਪਣੇ ਬਾਰ ਵਿਚ ਆਇਆ ਵੇਖ ਕੇ ਰਾਮ ਹੈਰਾਨ ਹੋ ਜਾਂਦੇ ਹਨ। ਹੁਣ ਤਕ ਤਾਂ ਰਾਮ ਗੁਰੂ ਕੋਲ ਜਾਂਦੇ ਸਨ, ਅੱਜ ਇਹੋ ਜਿਹੀ ਕਿਹੜੀ ਗੱਲ ਹੋ ਗਈ ਕਿ ਗੁਰੂ ਨੂੰ ਆਪ ਆਉਣਾ ਪਿਆ।

ਗਹੇ ਚਰਨ ਸਿਯ ਸਹਿਤ ਬਹੋਰੀ। ਬੋਲੇ ਰਾਮੁ ਕਮਲ ਕਰ ਜੋਰੀ।
ਆਯਸੁ ਹੋਈ ਸੋ ਕਰੋ ਗੋਸਾਈਂ। ਸੇਵਕੁ ਲਹਈ ਸਵਾਮੀ ਸੇਵਕਾਈ॥[13]

ਰਾਮ ਦੇ ਗੁਣ, ਸ਼ੀਲ ਅਤੇ ਸੁਭਾਅ ਤੋਂ ਗੁਰੂ ਵਸ਼ਿਸ਼ਟ ਖੁਸ਼ੀ ਨਾਲ ਭਰ ਜਾਂਦੇ ਹਨ। ਰਾਮ ਦੇ ਚਰਿੱਤਰ ਦਾ ਇਹ ਅਨੁਪਮ ਗੁਣ ਹੈ। ਗੁਰੂਜਨ ਮਾਤਾ-ਪਿਤਾ ਆਦਿ ਦੇ ਪ੍ਰਤੀ ਸਨਮਾਨ, ਆਗਿਆ ਮੰਨਣ ਦੀ ਭਾਵਨਾ ਅਤੇ ਨਿਮਰਤਾ, ਮਿੱਤਰਾਂ ਅਤੇ ਭਰਾਵਾਂ ਨਾਲ ਪ੍ਰੇਮ, ਪਰਿਵਾਰ ਅਤੇ ਸੰਬੰਧੀਆਂ ਨਾਲ ਡੂੰਘਾ ਪ੍ਰੇਮ ਅਤੇ ਕਰਤੱਵ ਭਾਵਨਾ ਆਦਿ ਉਹਨਾਂ ਦੇ ਚਰਿੱਤਰ ਦੀਆਂ ਵਿਸ਼ੇਸ਼ਤਾਵਾਂ ਹਨ। ਰਾਮ ਦੀ ਨਿਮਰਤਾ ਉਸ ਸਮੇਂ ਦੇਖਦੇ ਹੀ ਬਣਦੀ ਹੈ, ਜਦੋਂ ਕਠੋਰ ਹਿਰਦੈ ਕੈਕਈ ਉਹਨਾਂ ਨੂੰ ਕਹਿੰਦੀ ਹੈ ਕਿ ਮੈਂ ਰਾਜਾ ਤੋਂ ਦੋ ਵਰ ਮੰਗ ਲਏ ਹਨ। ਇਹ ਸੁਣ ਕੇ ਉਹ ਬਿਲਕੁਲ ਵੀ ਹੈਰਾਨ ਨਹੀਂ ਹੁੰਦੇ ਸੁੱਖ-ਦੁੱਖ ਵਿਚ ਇਕ ਸਮਾਨ - ਇਹ ਗੁਣ ਰਾਮ ਵਿਚ ਆਰੰਭ ਤੋਂ ਅੰਤ ਤਕ ਸਾਰੀਆਂ ਪਰਿਸਥਿਤੀਆਂ ਵਿਚ ਵਿਖਾਈ ਦਿੰਦਾ ਹੈ। ਜਿਹੜਾ ਉਹਨਾਂ ਨੂੰ ਮਹਾਮਾਨਵ ਦੀ ਕੋਟਿ ਵਿਚ ਲੈ ਜਾਂਦਾ ਹੈ। ਰਾਮ ਦੇ ਰਾਜ ਤਿਲਕ ਦੀ ਖਬਰ ਸੁਣ ਕੇ ਸਿਰਫ਼ ਜਨਤਾ ਹੀ ਖੁਸ਼ ਨਹੀਂ ਸੀ, ਸਗੋਂ ਰਾਜਾ ਦਸਰਥ ਵੀ ਰਾਮ ਵਿਚ ਯੋਗ ਉਤਰਾਧਿਕਾਰੀ ਦੇ ਸਾਰੇ ਗੁਣ ਵੇਖ ਕੇ ਖੁਸ਼ ਹੋ ਜਾਂਦੇ ਹਨ।

ਰਾਮ ਰੂਪ ਗੁਣ ਸੀਲੁ ਸੁਭਾਓ। ਪ੍ਰਮੁਦਿਤ ਹੋਇ ਦੇਖਿ ਸੁਨਿ ਹਾਓ॥[14]

ਰਾਜਾ ਦੇ ਰੂਪ ਵਿਚ ਰਾਮ ਦਾ ਚਰਿੱਤਰ ਹਮੇਸ਼ਾਂ ਤੋਂ ਹੀ ਪ੍ਰੇਰਕ ਰਿਹਾ ਹੈ। ਪਰੋਪਕਾਰ ਦੀ ਦ੍ਰਿਸ਼ਟੀ ਤੋਂ ਰਾਮਰਾਜ ਇਕ ਆਦਰਸ਼ ਅਤੇ ਸੰਪੂਰਨ ਵਿਵਸਥਾ ਦੇ ਰੂਪ ਵਿਚ ਪ੍ਰਸਿੱਧ ਹੈ। ਮਹਾਤਮਾ ਗਾਂਧੀ ਨੇ ਆਧੁਨਿਕ ਭਾਰਤ ਦੇ ਲਈ ਇਸੇ ਤਰ੍ਹਾਂ ਦੇ ਰਾਜ ਦਾ ਸੁਪਨਾ ਵੇਖਿਆ ਸੀ। ਰਾਮਰਾਜ ਵਿਚ ਰਾਜਤੰਤਰ ਅਤੇ ਲੋਕਤੰਤਰ ਦਾ ਅਨੋਖਾ ਸੰਗਮ ਹੈ। ਰਾਮ ਰਾਜਾ ਦੇ ਰੂਪ ਵਿਚ ਆਪਣੇ ਸ੍ਰੇਸ਼ਟ ਆਚਰਣ ਤੋਂ ਪੂਰੇ ਸਮਾਜ ਨੂੰ ਉੱਚ ਆਦਰਸ਼ਾਂ ਲਈ ਪ੍ਰੇਰਿਤ ਕਰਦੇ ਹਨ। ਸਚਮੁੱਚ ਰਾਜਾ ਕੋਲ ਅਸੀਮਤ ਸ਼ਕਤੀ ਅਤੇ ਸਾਧਨ ਹੁੰਦੇ ਹਨ, ਜਿਸ ਦੀ ਸ਼ਕਤੀ ਤੋਂ ਉਹ ਆਪਣੀ ਇੱਛਾ ਦੇ ਅਨੁਸਾਰ ਚੰਗੀਆਂ ਅਤੇ ਮਾੜੀਆਂ ਸ਼ਕਤੀਆਂ ਨੂੰ ਵਧਾ ਸਕਦਾ ਹੈ। ਇਸ ਤਰ੍ਹਾਂ ਰਾਜਾ ਦਾ ਆਪਣਾ ਆਚਰਣ ਹੀ ਸਮਾਜ ਦੇ ਆਚਰਣ ਦੀ ਮੂਲ ਪ੍ਰੇਰਣਾ ਹੈ।[15]

ਰਾਜਾ ਦੀ ਧਰਮ ਪਰਾਯਣਤਾ ਦੇ ਸੰਬੰਧ ਵਿਚ ਗੋਸਵਾਮੀ ਤੁਲਸੀਦਾਸ ਕਹਿੰਦੇ ਹਨ :

ਸ਼ਰੂਤੀ ਪਥ ਪਾਲਕ ਪਰਸ ਪੂਰੰਧਰ।[16]

ਅਰਥਾਤ ਰਾਮ ਪਰਤੱਖ ਧਰਮ ਦੀ ਧੂਰੀ (ਕੇਂਦਰ) ਨੂੰ ਧਾਰਨ ਕਰਨ ਵਾਲੇ ਅਤੇ ਵੇਦ

ਮਰਯਾਦਾ ਦੇ ਰਖਵਾਲੇ ਸਨ। ਉਹਨਾਂ ਦੀ ਦਿਨ ਚਰਿਯਾ ਦੇ ਵਿਸ਼ੇ ਤੇ ਕਵੀ ਦਾ ਕਥਨ ਹੈ :

ਪ੍ਰਾਤਕਾਲ ਸਰਯੂ ਕਰਿ ਮਜੱਨ। ਬੈਠਹਿ ਸਭਾ ਸੰਗ ਦਵਿਜ ਸਜੱਨ।
ਬੇਦ ਪੁਰਾਨ ਬਸਿਸ਼ਟ ਬਖਾਨਹਿਂ। ਸੁਨਹਿ ਰਾਮ ਜਦਪਿ ਸਬ ਜਾਨਹਿ॥[17]

ਅਰਥਾਤ ਰਾਮ ਸਵੇਰ (ਪ੍ਰਾਤ ਕਾਲ) ਉੱਠ ਕੇ ਸਰਯੂ ਵਿਚ ਇਸ਼ਨਾਨ ਕਰਦੇ ਹਨ ਅਤੇ ਉਸ ਤੋਂ ਬਾਅਦ ਬ੍ਰਾਹਮਣਾਂ ਅਤੇ ਸੱਜਣਾਂ ਦੀ ਸਭਾ ਵਿਚ ਬੈਠਦੇ ਹਨ। ਮੁਨਿ ਵਸ਼ਿਸ਼ਟ ਜੀ ਵੇਦ ਅਤੇ ਪੁਰਾਣਾਂ ਦੀਆਂ ਕਥਾਵਾਂ ਸੁਣਾਉਂਦੇ ਅਤੇ ਰਾਮ ਸੁਣਦੇ ਹਨ, ਜਦ ਕਿ ਉਹ ਜਾਣਦੇ ਹਨ। ਅਸੀਂ ਦੇਖਦੇ ਹਾਂ ਕਿ ਤੁਲਸੀ ਦੇ ਰਾਮ ਸੰਪੂਰਨ ਗੁਣ ਹੁੰਦੇ ਹੋਏ ਵੀ ਇਕ ਆਦਰਸ਼ ਪਰਿਵਾਰ ਦੇ ਮੈਂਬਰ ਅਤੇ ਮਰਯਾਦਿਤ ਰਾਜਾ ਹਨ। ਭਾਵੇਂ ਰਾਮ ਇਕ ਚੱਕਰਵਰਤੀ ਰਾਜਾ ਹੈਂ, ਪਰ ਫਿਰ ਵੀ ਉਹ ਲੋਕ-ਤਾਂਤਰਿਕ ਅਤੇ ਜਨਤਾਂਤਰਿਕ ਭਾਵਨਾਵਾਂ ਤੋਂ ਭਰੇ ਹੋਏ ਹਨ। ਆਪਣੀ ਜਨਤਾ ਦੇ ਸਾਹਮਣੇ ਉਹਨਾਂ ਦੇ ਇਹ ਸ਼ਬਦ ਲੋਕਤੰਤਰਿਕ ਭਾਵਨਾ ਨੂੰ ਪ੍ਰਗਟ ਕਰਦੇ ਹਨ :

ਸੁਨਹੁੰ ਸਕਲ ਪੁਰਜਨ ਮਮ ਬਾਨੀ। ਕਹਹੁੰ ਨ ਕਛੁ ਮਮਤਾ ਉਰ ਆਨੀ।
ਨਹਿਂ ਅਨੀਤੀ ਨਹਿਂ ਕਛੁ ਪ੍ਰਭੁਤਾਈ। ਸੁਨਹੁੰ ਕਰਹੁੰ ਜੋ ਤੁਮਹੀ ਸੁਹਾਈ॥[18]

ਅਰਥਾਤ ਰਾਮ ਰਾਜਾ ਹੋਣ ਤੇ ਵੀ ਜਨਤਾ ਤੇ ਆਪਣੀ ਪ੍ਰਭੁਤਾ ਦਾ ਡਰ ਨਹੀਂ ਵਿਖਾਉਂਦੇ ਸਗੋਂ ਇਕ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਹੇ ਭਾਈ! ਜੇਕਰ ਮੈਂ ਕੁੱਝ ਅਨੀਤੀ ਦੀ ਗੱਲ ਕਹਾਂ ਤਾਂ ਬਿਨਾਂ ਡਰੇ ਮੈਨੂੰ ਤੁਸੀਂ ਰੋਕ ਲਓ।[19]

ਜੋ ਅਨੀਤੀ ਕਛੁ ਭਾਸ਼ੌਂ ਭਾਈ।
ਤੋ ਮੋਹੀ ਬਰਜਹੂੰ ਭਯ ਬਿਸਰਾਈ॥

ਰਾਮ ਦੇ ਆਦਰਸ਼ ਚਰਿੱਤਰ ਦੀ ਪ੍ਰਮੁਖ ਵਿਸ਼ੇਸ਼ਤਾ ਉਹਨਾਂ ਦੀ ਪਿੱਤਰ ਭਗਤੀ ਹੈ। ਗੋਸਵਾਮੀ ਤੁਲਸੀ ਦਾਸ ਦੇ ਸ਼ਬਦਾਂ ਵਿਚ :

ਪ੍ਰਾਤ: ਕਾਲ ਓਠਿ ਕੈ ਰਘੁਨਾਥਾ।
ਮਾਤੁ ਪਿਤਾ ਗੁਰੂ ਨਾਵਹਿਂ ਮਾਥਾ।[20]

ਸ਼ਾਸਤਰਾਂ ਵਿਚ ਗੁਰੂ ਮਹਿਮਾ ਦਾ ਵਿਸਤਾਰ ਨਾਲ ਵਰਣਨ ਕੀਤਾ ਗਿਆ ਹੈ। ਰਾਮ ਦੇ ਹਿਰਦੈ ਵਿਚ ਗੁਰੂ ਦੇ ਲਈ ਅਪਾਰ ਸ਼ਰਧਾ ਹੈ। ਇਸ ਲਈ ਤਾਂ ਗੁਰੂ ਵਸ਼ਿਸ਼ਟ ਨੂੰ ਆਪਣੇ ਬਾਰ ਵਿਚ ਆਇਆ ਵੇਖ ਕੇ ਰਾਮ ਭਗਤੀ ਭਾਵ ਨਾਲ ਉਹਨਾਂ ਦੀ ਜਿਹੜੀ ਸੇਵਾ ਕਰਦੇ ਹਨ, ਉਹ ਉਹਨਾਂ ਦੀ ਗੁਰੂ ਭਗਤੀ ਨੂੰ ਹੀ ਦਰਸਾਉਂਦੀ ਹੈ। ਇਸੇ ਤਰ੍ਹਾਂ ਮੁਨਿ ਵਿਸ਼ਵਾਮਿੱਤਰ ਜਿਨ੍ਹਾਂ ਨੇ ਰਾਮ ਨੂੰ ਦਿਵਯ ਅਸਤਰ ਦਿੰਦੇ ਹੋਏ ਸਾਰੀਆਂ ਵਿਦਿਆਵਾਂ ਦੀ ਸਿੱਖਿਆ ਦਿੱਤੀ ਸੀ, ਉੱਥੇ ਵੀ ਰਾਮ ਨੇ ਹਰ ਆਗਿਆ ਦਾ ਪਾਲਨ ਕਰਦੇ ਹੋਏ ਗੁਰੂ ਭਗਤੀ ਦਾ ਆਦਰਸ਼ ਸਥਾਪਿਤ ਕੀਤਾ ਸੀ।

ਰਾਮ ਦਾ ਆਦਰਸ਼ ਮਾਤ ਪ੍ਰੇਮ ਆਪਣਾ ਸਾਨੀ ਨਹੀਂ ਰੱਖਦਾ ਹੈ। ਚਿੱਤਰਕੂਟ ਵਿਚ ਰਾਮ ਭਰਤ ਮਿਲਨ ਤਾਂ ਇਕ ਦਿਵਯ ਝਾਂਕੀ ਹੈ। ਇਸੇ ਤਰ੍ਹਾਂ ਜਦੋਂ ਲਛਮਣ ਸ਼ਕਤੀ ਲੱਗਣ ਤੇ ਬੇਹੋਸ਼ ਹੋ ਜਾਂਦੇ ਹਨ, ਉਸ ਸਮੇਂ ਰਾਮ ਦੀ ਬੇਚੈਨੀ, ਉਹਨਾਂ ਦਾ ਵਿਲਾਪ ਕਰਨਾ ਪੱਥਰ ਵਰਗੇ ਦਿਲ ਨੂੰ ਵੀ ਪਿਘਲਾ ਕੇ ਰੱਖ ਦਿੰਦਾ ਹੈ।

ਪੁਰਜਨਾਂ ਨਾਲ ਰਾਮ ਦੀ ਸਮਰਸਤਾ ਦੇਖਦੇ ਹੀ ਬਣਦੀ ਹੈ। ਅਯੁੱਧਿਆ ਵਾਸੀਆਂ

ਦੇ ਪ੍ਰਤੀ ਰਾਮ ਦੀ ਪ੍ਰੇਮ ਭਾਵਨਾ, ਦਇਆ, ਸੇਵਾ ਭਾਵਨਾ, ਅਪਨਾਪਣ ਇਸ ਸਿੱਖਰ ਤਕ ਪਹੁੰਚ ਚੁੱਕਿਆ ਸੀ ਕਿ ਸਾਰਿਆਂ ਨੂੰ ਰਾਮ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਲੱਗਦੇ ਸਨ। 'ਸ੍ਰੀ ਰਾਮ ਦਾ ਚਰਿੱਤਰ ਮਾਨਵੀਯਤਾ ਦੇ ਗੁਣਾਂ ਨਾਲ ਭਰਿਆ ਹੋਇਆ ਹੈ। ਉਹਨਾਂ ਦੀ ਇਹ ਮਾਨਵੀਯਤਾ ਸਿਰਫ਼ ਮਨੁੱਖ ਜਾਤੀ ਤਕ ਹੀ ਸੀਮਿਤ ਨਹੀਂ ਹ, ਸਗੋਂ ਮਨੁੱਖਾਂ ਤੋਂ ਪਰੇ ਜਾਤੀਆਂ-ਪਸ਼ੂਆਂ, ਪੰਛੀਆਂ ਤਕ ਫੈਲੀ ਹੋਈ ਸੀ। ਰਾਮ ਦੀ ਦ੍ਰਿਸ਼ਟੀ ਵਿਚ ਊਚ-ਨੀਚ, ਅਮੀਰ-ਗਰੀਬ, ਸਬਲ-ਨਿਰਬਲ ਦਾ ਕੋਈ ਭੇਤ ਨਹੀਂ ਸੀ। ਉਹ ਸਾਰਿਆਂ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦੇ ਸੀ। ਉਹਨਾਂ ਦਾ ਚਰਿੱਤਰ ਲੋਕ ਜੀਵਨ ਨੂੰ ਛੂੰਹਦਾ ਹੋਇਆ ਸਮਾਜ ਵਿਚ ਇਕ ਆਦਰਸ਼ ਸਥਾਪਿਤ ਕਰਦਾ ਹੈ।[21] ਕੇਵਟ, ਨਿਸ਼ਾਦਰਾਜ, ਸ਼ਬਰੀ (ਭੀਲਣੀ), ਅਹਿਲਿਆ ਆਦਿ ਵਰਗੇ ਪ੍ਰਸੰਗਾਂ ਵਿਚ ਰਾਮ ਦੀ ਸਮਾਜਿਕ ਸਮਰਸਤਾ ਦੇ ਆਦਰਸ਼ ਨੂੰ ਵੇਖਿਆ ਜਾ ਸਕਦਾ ਹੈ। ਗਿੱਧਰਾਜ, ਜਟਾਯੂ ਦੇ ਪ੍ਰਤੀ ਰਾਮ ਦਾ ਆਦਰ ਭਾਵ ਵਿਰਲ ਹੈ :

ਕੋਮਲ ਚਿਤ ਅਤਿ ਦੀਨ ਦਿਆਲਾ।
ਕਾਰਨ ਬਿਨੁ ਰਘੁਨਾਥ ਕ੍ਰਿਪਾਲਾ॥
ਗਿੱਧ ਅਧਮ ਖਗ ਆਮਿਸ਼ ਭੋਗੀ।
ਗਤੀ ਦੀਨਹੀ ਜੋ ਜਾਚਤ ਜੋਗੀ॥[22]

ਰਾਮ ਤਾਂ ਇੰਨੇ ਕੋਮਲ ਹਿਰਦੇ ਵਾਲੇ ਹਨ ਕਿ ਅਧਮ ਪੰਛੀ ਅਤੇ ਮਾਸਾਹਾਰੀ ਸੀ, ਉਸ ਨੂੰ ਵੀ ਉਹ ਦੁਰਲਭ ਗਤੀ ਦਿੱਤੀ, ਜਿਸਨੂੰ ਯੋਗੀ ਜਨ ਮੰਗਦੇ ਰਹਿੰਦੇ ਹਨ।

ਰਾਮ ਦੇ ਚਰਿੱਤਰ ਵਿਚ ਧਰਤੀ ਵਰਗੀ ਮਾਫ਼ ਕਰਨ ਦੀ ਯੋਗਤਾ ਵਿਦਮਾਨ ਹੈ। ਜੇਕਰ ਕੋਈ ਗੁੱਸੇ ਨਾਲ ਉਹਨਾਂ ਨੂੰ ਬੁਰਾ ਭਲਾ ਕਹਿੰਦਾ ਹੈ ਤਾਂ ਉਹ ਉਸਦਾ ਉੱਤਰ ਨਹੀਂ ਦਿੰਦੇ। ਰਾਵਣ ਦੇ ਪ੍ਰਸੰਗ ਵਿਚ ਇਸ ਗੱਲ ਦੇ ਕਈ ਉਦਾਹਰਣ ਹਨ।

ਰਾਮ ਨੇ ਸੁਗਰੀਵ ਨਾਲ ਮਿੱਤਰਤਾ ਕੀਤੀ ਅਤੇ ਉਸਨੂੰ ਆਦਰਸ਼ ਮਿੱਤਰ ਦੇ ਲੱਛਣ ਦੱਸੇ :

ਜੋ ਨ ਮਿੱਤਰ ਦੁਖਿ ਹੋਹਿਂ ਦੁਖਾਰੀ।
ਤਿਨਹਿਂ ਬਿਲੋਕਤ ਪਾਤਕ ਭਾਰੀ।
ਨਿਜ ਦੁੱਖ ਗਿਰਿ ਸਮਰਜ ਕਰਿ ਜਾਨਾ।
ਮਿੱਤਰਕ ਦੁੱਖ ਰਜ ਮੇਸ ਸਮਾਨਾ।[23]

ਇੱਕ ਮਿੱਤਰ ਦੇ ਜਿਹੜੇ ਆਦਰਸ਼ ਗੁਣ ਹਨ, ਉਸਨੂੰ ਆਪਣੇ ਮਿੱਤਰਾਂ ਨਾਲ ਰਾਮ ਨੇ ਪੂਰਨ ਨਿਸ਼ਠਾ ਨਾਲ ਨਿਭਾਇਆ।

ਆਲੇਖ ਦੀ ਹੱਦ ਨੂੰ ਸਮਝਦੇ ਹੋਏ ਇੰਨਾ ਹੀ ਕਹਿਣਾ ਉਚਿਤ ਹੋਵੇਗਾ ਕਿ ਰਾਮ ਦਾ ਚਰਿੱਤਰ ਜੇਕਰ ਆਪਣੇ ਵੱਲ ਖਿੱਚਦਾ ਹੈ ਤਾਂ ਆਪਣੀ ਉਦਾਤ ਮਾਨਵੀਯਤਾ ਦੇ ਕਾਰਨ, ਜਿਸ ਦੇ ਅੰਦਰ ਬਹੁਤ ਕੁਝ ਆ ਜਾਂਦਾ ਹੈ, ਪਿਤਾ ਦੇ ਵਚਨ ਦੀ ਰੱਖਿਆ ਦੇ ਲਈ ਬਨਵਾਸ ਸਵੀਕਾਰ ਕਰਨਾ, ਆਜਨਮ ਇਕ ਪਤਨੀਵ੍ਰਤੀ ਰਹਿਣਾ, ਰਿਸ਼ੀਆਂ-ਮੁੰਨੀਆਂ ਦੇ ਪ੍ਰਤੀ ਆਦਰ, ਉਹਨਾਂ ਦੀ ਰੱਖਿਆ ਦਾ ਸੰਕਲਪ, ਮਾਤ-ਪ੍ਰੇਮ, ਨਿਸ਼ਾਦ-ਕੋਲ ਵਾਨਰ, ਭਾਲੂ ਆਦਿ ਨਾਲ ਡੂੰਘੀ ਸਾਂਝ, ਵੀਰਤਾ ਦੇ ਨਾਲ ਨਿਮਰਤਾ, ਹੰਕਾਰ ਤੋਂ ਪਰੇ, ਕਰਤਵ ਦੀ ਕਠੋਰਤਾ ਵਿਚ ਹਨ, ਇਸ

ਲਈ ਉਹ ਸਭ ਤੋਂ ਵੱਧ ਆਪਣੇ ਵੱਲ ਖਿੱਚਦੇ ਹਨ, ਦੇਸ਼ ਵਿਚ ਵੀ ਅਤੇ ਦੇਸ਼ ਤੋਂ ਬਾਹਰ ਹੋਰ ਦੇਸ਼ਾਂ ਵਿਚ ਵੀ।

'ਲੋਕ ਸਾਹਿਤ ਵਿਚ ਨਾ ਜਾਣੇ ਕਿੰਨੀਆਂ ਲੋਕ ਕਥਾਵਾਂ, ਕਥਾ ਗੀਤ ਅਤੇ ਲੋਕ ਗੀਤ ਹਨ, ਜਿਨ੍ਹਾਂ ਦੀ ਕੇਂਦਰੀ ਚੇਤਨਾ ਸਿਰਫ਼ ਰਾਮ ਹਨ। ਸਿਸ਼ਟ ਸਾਹਿਤ ਵਿਚ ਰਾਮ ਭਾਵੇਂ ਸਾਧਾਰਨ ਹੋਣ ਜਾਂ ਅਸਾਧਾਰਨ ਮਨੁੱਖ ਹੋਣ ਜਾਂ ਦੇਵਤਾ ਰੂਪ ਵਿਚ ਕਲਪਨਾ ਕੀਤੇ ਚਰਿੱਤਰ ਹੋਣ ਜਾਂ ਇਤਿਹਾਸ ਪੁਰਖ, ਪਰ ਲੋਕ-ਸਾਹਿਤ ਵਿਚ ਰਾਮ ਕਦੇ ਵੀ ਅਸਾਧਾਰਨ ਨਹੀਂ ਹੁੰਦੇ, ਲੋਕ ਮਾਨਸ ਵਿਚ ਰਾਮ ਨੂੰ ਆਪਣੇ ਵਿਚ ਲਗਾਤਾਰ ਪਾਉਂਦੇ ਰਹਿਣ ਦੀ ਅਤ੍ਰਿਪਤ ਇੱਛਾ ਰਹਿੰਦੀ ਹੈ, ਉਹੀ ਉਸਦੀ ਕੰਠ ਧੁਨੀ ਵਿਚ ਵੀ ਮੁਖਰਿਤ ਹੁੰਦੀ ਰਹਿੰਦੀ ਹੈ। ਭਾਵੇਂ ਸੰਸਕਾਰ ਗੀਤ ਹੋਵੇ, ਭਾਵੇਂ ਵਰਤ, ਪੁਰਬ, ਮੇਲੇ ਅਤੇ ਤੀਰਥ ਯਾਤਰਾ ਦੇ ਗੀਤ, ਮੌਸਮੀ ਗੀਤ ਹੋਣ ਜਾਂ ਤਿਉਹਾਰ ਦੇ ਗੀਤ, ਰਾਮ ਲੋਕ ਜੀਵਨ ਦੇ ਪੂਰੇ ਕੇਂਦਰ ਬਣੇ ਹੋਏ ਹਨ।''[24]

ਹਵਾਲੇ ਅਤੇ ਟਿੱਪਣੀਆਂ

1. ਮਨਹਰ ਚੌਹਾਨ (ਰੂਪਾਂਤਰਕਾਰ), ਰਾਮਾਯਨ
2. ਡਾ. ਜਗਨਨਾਥ ਪਰਸਾਦ ਸ਼ਰਮਾ, ਤੁਲਸੀ ਕੇ ਰਾਮ (ਆਲੇਖ), ਤੁਲਸੀ ਸੰਦਰਭ ਔਰ ਦ੍ਰਸਿਟ, ਪੰਨਾ 214-15.
3. ਡਾ. ਰਾਮ ਨਿਵਾਸ ਸ਼ਰਮਾ, ਪੰਜਾਬ ਮੇਂ ਕਥਿਤ ਹਿੰਦੀ ਰਾਮ ਕਾਵਯ ਔਰ ਬਾਬਾ ਰਾਮਦਾਸ, ਪੰਨਾ 61.
4. ਰਾਮਚਰਿਤ ਮਾਨਸ, 1/45/3-4.
5. ਡਾ. ਬਲਦੇਵ ਪ੍ਰਸਾਦ ਮਿਸ਼ਰ, ਮਾਨਸ ਮਾਧੁਰੀ, ਪੰਨਾ, 48.
6. ਰਾਮਚਰਿਤ ਮਾਨਸ, 1/191 ਛੰਦ।
7. ਉਪਰੋਕਤ, 1/198.
8. ਡਾ. ਬਲਦੇਵ ਪ੍ਰਸਾਦ ਮਿਸ਼ਰ, ਮਾਨਸ ਮਾਧੁਰੀ, ਪੰਨਾ 53.
9. ਰਾਮਚਰਿਤ ਮਾਨਸ, 1/209/6.
10. ਉਪਰੋਕਤ, 1/209/6.
11. ਉਪਰੋਕਤ, 1/210.
12. ਉਪਰੋਕਤ, 3/30.
13. ਉਪਰੋਕਤ, 2/8/2-4.
14. ਉਪਰੋਕਤ, 2/4.
15. ਡਾ. ਰਾਮੇਸ਼ਵਰ ਦਯਾਲੂ ਅਗਰਵਾਲ, ਤੁਲਸੀ ਕੀ ਦ੍ਰਸਿਟ ਮੇਂ ਆਦਰਸ ਰਾਜਯ ਕਾ ਸਰੂਪ (ਆਲੇਖ), ਸਾਹਿਤਯ ਮਾਰਗ (ਪਤ੍ਰਿਕਾ), ਨਵੰਬਰ 1973 (ਪੰਜਾਬੀ ਯੂਨੀਵਰਸਿਟੀ, ਪਟਿਆਲਾ)।
16. ਰਾਮਚਰਿਤ ਮਾਨਸ, 7/23/1.
17. ਉਪਰੋਕਤ, 7/25/1.
18. ਉਪਰੋਕਤ, 7/42/2.
19. ਉਪਰੋਕਤ, 7/42/3.
20. ਉਪਰੋਕਤ, 1/.

21. ਮਰਯਾਦਾ ਪੁਰਸ਼ੋਤਮ ਸ੍ਰੀ ਰਾਮ ਦੀ ਸਮਾਜਿਕ ਸਮਰਸਤਾ : ਇਕ ਅਨੁਚਿੰਤਨ (ਆਲੇਖ) ਡਾ. ਓਮਾ ਸ਼ੰਕਰ ਸ਼ੁਕਲ 'ਉਮੇਸ਼', ਸਮਾਰਿਕਾ, 2004, ਮਹੰਤ ਬਾਬਾ ਹਾਥੀ ਰਾਮ ਪਜਾਵਾ ਰਾਮਲੀਲਾ ਕਮੇਟੀ, ਇਲਾਹਾਬਾਦ, ਪੰਨਾ 57.
22. ਰਾਮਚਰਿਤ ਮਾਨਸ, 4/32/1.
23. ਉਪਰੋਕਤ, 4/6/1.
24. ਡਾ. ਸ਼ਯਾਮ ਸਨੇਹੀ ਲਾਲ ਸ਼ਰਮਾ, 'ਰਾਮ ਕਵਨ' (ਆਲੇਖ), ਸਮਾਰਿਕਾ, ਦਸਹਰਾ 2004, ਮਹੰਤ ਬਾਬਾ ਹਾਥੀ ਰਾਮ ਪਜਾਵਾ ਰਾਮ ਲੀਲਾ ਕਮੇਟੀ, ਇਲਾਹਾਬਾਦ, ਪੰਨਾ 18-19.

ਭਗਵਾਨ ਕ੍ਰਿਸ਼ਣ

ਡਾ. ਨਵ ਰਤਨ ਕਪੂਰ*

'ਕ੍ਰਿਸ਼ਣ' ਨਾਂ ਦੀ ਵਰਤੋਂ ਰਿਗਵੇਦ, ਕੌਸ਼ਿਤਕੀ ਬ੍ਰਾਹਮਣ ਅਤੇ ਛਾਂਦੋਗੇਜ-ਉਪਨਿਸ਼ਦ ਵਿਖੇ ਹੋਈ ਹੈ। ਪਰ ਭਾਰਤੀ ਧਾਰਮਿਕ ਸਾਹਿਤ ਵਿਖੇ ਭਗਵਾਨ ਵਿਸ਼ਨੂ ਦੇ ਅੱਠਵੇਂ ਅਵਤਾਰ ਦੇ ਰੂਪ ਵਿਚ ਪ੍ਰਸਿੱਧ ਸ੍ਰੀ ਕ੍ਰਿਸ਼ਣ ਦਾ ਚਿਹਰਾ-ਮੁਹਰਾ ਬਹੁਤਾ ਕਰਕੇ ਹਿੰਦੂ ਪੁਰਾਣ ਗ੍ਰੰਥਾਂ ਅਤੇ 'ਮਹਾਭਾਰਤ' ਦੇ ਸੰਦਰਭਾਂ (Reference) ਅਨੁਸਾਰ ਹੀ ਘੜਿਆ ਗਿਆ ਹੈ। ਇਹ ਸ੍ਰੀ ਕ੍ਰਿਸ਼ਣ ਯਦੂਵੰਸ਼ੀ ਵਸੁਦੇਵ ਜੀ ਦੇ ਪੁੱਤਰ ਸਨ। ਸ੍ਰੀ ਕ੍ਰਿਸ਼ਣ ਦੀ ਮਾਤਾ ਜੀ ਦਾ ਨਾਂ ਦੇਵਕੀ ਜੀ ਸੀ। ਦੇਵਕੀ ਜੀ ਭੋਜਵੰਸ਼ੀ ਦੇਵਕ ਦੀ ਪੁੱਤਰੀ ਸਨ, ਜਿਨ੍ਹਾਂ ਨੂੰ ਮਥੁਰਾ ਦੇ ਰਾਜਾ ਉਗ੍ਰਸੈਨ ਨੇ ਪੱਲੇ ਪੁਆ (Adopt) ਲਿਆ ਸੀ।[1] ਕੁਝ ਪੌਰਾਣਿਕ ਸੰਦਰਭਾਂ ਵਿਚ ਰਾਜਾ ਉਗ੍ਰਸੈਨ ਨੂੰ ਦੇਵਕੀ ਜੀ ਦਾ ਤਾਇਆ ਵੀ ਦੱਸਿਆ ਗਿਆ ਹੈ।

ਕੰਸ ਰਾਜਾ ਉਗ੍ਰਸੈਨ ਦਾ ਪੁੱਤਰ ਸੀ। ਆਪਣੀ ਚਚੇਰੀ ਭੈਣ ਦੇਵਕੀ ਦਾ ਵਿਆਹ ਹੋਣ ਮਗਰੋਂ ਜਦੋਂ ਉਹ ਆਪਣੇ ਜੀਜੇ ਵਸੁਦੇਵ ਅਤੇ ਭੈਣ ਦੇਵਕੀ ਨੂੰ ਵਿਦਾ ਕਰਨ ਵੇਲੇ ਰੱਥ ਉੱਤੇ ਸਵਾਰ ਕਰਵਾਉਣ ਲੱਗਿਆਂ ਤਾਂ ਆਕਾਸ਼ਬਾਣੀ ਹੋਈ, "ਮੂਰਖ! ਜਿਸ ਭੈਣ ਨੂੰ ਤੂੰ ਰੱਥ ਉੱਤੇ ਬੈਠਾ ਰਿਹਾ ਹਾਂ, ਉਸ ਦਾ ਅੱਠਵਾਂ ਪੁੱਤਰ ਹੀ ਤੇਰਾ 'ਕਾਲ ਰੂਪ' (ਘਾਤਕ) ਬਣੇਗਾ।" ਇਹ ਸ਼ਬਦ ਸੁਣਦਿਆਂ ਹੀ ਕੰਸ ਨੇ ਕ੍ਰੋਧ ਵਿਚ ਆ ਕੇ ਦੇਵਕੀ ਅਤੇ ਵਸੁਦੇਵ ਨੂੰ ਕੈਦਖ਼ਾਨੇ ਵਿਚ ਸੁੱਟ ਦਿੱਤਾ।[2]

ਮਥੁਰਾ ਦੇ ਕੈਦਖ਼ਾਨੇ ਵਿਚ ਹੀ ਦੇਵਕੀ ਅਤੇ ਵਸੁਦੇਵ ਦੀ ਅੱਠਵੀਂ ਸੰਤਾਨ ਦੇ ਰੂਪ ਵਿਚ ਭਾਦੋਂ ਬਦੀ ਅਸ਼ਟਮੀ ਨੂੰ ਰਾਤ ਦੇ ਠੀਕ 12.00 ਵਜੇ, ਰੋਹਿਣੀ ਨਛੱਤਰ ਵਿਚ ਇਕ ਬਾਲਕ ਦਾ ਜਨਮ ਹੋਇਆ। 'ਨਿਰਣਯ ਸਿੰਧੁ ਗ੍ਰੰਥ' ਅਨੁਸਾਰ ਉਸ ਵੇਲੇ ਬੁੱਧਵਾਰ ਸੀ।[3] ਕੁਝ ਭਾਰਤੀ ਪੰਚਾਂਗਾਂ (Calendars) ਵਿਚ ਸੰਨ 2006 ਵਿਚ ਸ੍ਰੀ ਕ੍ਰਿਸ਼ਣ ਸੰਵਤ 5231 ਨਿਰਧਾਰਿਤ ਕੀਤਾ ਗਿਆ ਹੈ।[4] ਇਸ ਪ੍ਰਕਾਰ ਇਹ ਆਖਿਆ ਜਾ ਸਕਦਾ ਹੈ ਕਿ ਸ੍ਰੀ ਕ੍ਰਿਸ਼ਣ ਦਾ ਜਨਮ ਈਸਾ ਮਸੀਹ ਦੇ ਅਕਾਲ ਚਲਾਣੇ (5231-2006≠3225) ਤੋਂ ਤਿੰਨ ਹਜ਼ਾਰ ਦੋ ਸੌ ਪੰਝੀ ਵਰ੍ਹੇ ਪਹਿਲਾਂ ਹੋਇਆ ਸੀ।

ਜੰਮਦਿਆਂ ਸਾਰ ਕੈਦਖ਼ਾਨੇ ਦੇ ਤਖ਼ਤੇ ਆਪ ਮੁਹਾਰੇ ਖੁੱਲ੍ਹ ਗਏ ਅਤੇ ਵਸੁਦੇਵ ਜੀ ਜਮਨਾ ਨਦੀ ਵਿਚ ਤੈਰ ਕੇ ਆਪਣੇ ਨਵੇਂ ਜੰਮੇ ਪੁੱਤਰ ਨੂੰ ਇਕ ਟੋਕਰੀ ਵਿਚ ਧਰ ਕੇ ਸਿਰ ਉੱਤੇ ਰੱਖ ਕੇ ਬ੍ਰਜ ਦੇ ਰਾਜਾ ਨੰਦ ਦੇ ਘਰ ਲੈ ਗਏ। ਨੰਦ ਜੀ ਦੀ ਪਤਨੀ ਯਸ਼ੋਦਾ ਦੇ ਹਵਾਲੇ ਆਪਣੇ ਪੁੱਤਰ ਨੂੰ ਕਰਕੇ ਵਸੁਦੇਵ ਜੀ ਰਾਤੋ-ਰਾਤ ਮਥੁਰਾ ਦੇ ਕੈਦਖ਼ਾਨੇ ਵਿਖੇ ਪਰਤ ਆਏ।

---

* ਜੀਵਨ ਸੰਤ ਕੁਟੀਆ, 1697, ਮੁਹੱਲਾ ਦੀਵਾਨ ਮੂਲ ਚੰਦ, ਆਰੀਆ ਸਮਾਜ ਦੇ ਨੇੜੇ, ਪਟਿਆਲਾ-147001.

ਇਸ ਪ੍ਰਕਾਰ 'ਦੇਵਕੀ ਨੰਦਨ' (ਦੇਵਕੀ ਨੂੰ ਆਨੰਦ ਦੇਣ ਵਾਲਾ ਪੁੱਤਰ) 'ਕ੍ਰਿਸ਼ਣ' 'ਯਸ਼ੋਦਾ ਨੰਦਨ' (ਯਸ਼ੋਦਾ ਦਾ ਪੁੱਤਰ) ਅਖਵਾਉਣ ਲੱਗ ਪਿਆ। ਰਾਜਾ ਨੰਦ ਦੇ ਕੁਲ ਪੁਰੋਹਿਤ ਦਾ ਨਾਂ ਗਰਗ ਮੁਨੀ ਸੀ। ਉਸ ਨੇ ਹੀ ਸ੍ਰੀ ਕ੍ਰਿਸ਼ਣ ਦਾ 'ਜਾਤਕ ਸੰਸਕਾਰ' (ਜਨਮ ਦੀ ਖ਼ੁਸ਼ੀ ਸੰਬੰਧੀ ਕਾਰਜ) ਗੁਪਤ ਰੂਪ ਵਿਚ ਕਰਕੇ ਉਸ ਦਾ ਨਾਂ 'ਕ੍ਰਿਸ਼ਣ' ਧਰ ਦਿੱਤਾ ਅਤੇ ਉਸ ਬਾਲਕ ਦੇ ਜੀਵਨ ਕਾਰਜਾਂ ਦਾ ਭਵਿੱਖ ਫਲ ਵੀ ਤਿਆਰ ਕੀਤਾ।[5]

ਰਾਜਾ ਉਗ੍ਰਸੈਨ ਦਾ ਪੁੱਤਰ 'ਕੰਸ', ਕਾਲਨੇਮਿ ਰਾਖਸ ਦਾ ਅਵਤਾਰ ਸੀ। ਉਸ ਨੇ ਆਪਣੇ ਭਣੋਏ ਵਸੁਦੇਵ ਅਤੇ ਚਚੇਰੀ ਭੈਣ ਦੇਵਕੀ ਨੂੰ ਹੀ ਕੈਦ ਨਹੀਂ ਕੀਤਾ ਸੀ, ਸਗੋਂ ਆਪਣੇ ਬਾਪੂ ਨੂੰ ਵੀ ਜੇਲ ਵਿਚ ਸੁੱਟ ਕੇ ਮਥੁਰਾ ਦਾ ਰਾਜਾ ਬਣ ਕੇ ਲੋਕਾਂ ਉੱਤੇ ਅਤਿਆਚਾਰ ਕਰਨ ਲੱਗ ਪਿਆ। ਜਦੋਂ ਉਸ ਨੂੰ ਪਤਾ ਚੱਲਿਆ ਕਿ ਦੇਵਕੀ ਦਾ ਪੁੱਤਰ ਬ੍ਰਜ ਵਿਚ ਯਸ਼ੋਦਾ ਅਤੇ ਨੰਦ ਜੀ ਦੇ ਬਾਲਕ 'ਸ੍ਰੀ ਕ੍ਰਿਸ਼ਣ' ਦੇ ਰੂਪ ਵਿਚ ਪਲ ਰਿਹਾ ਹੈ ਤਾਂ ਉਸ ਨੂੰ ਰੋਹ ਚੜ੍ਹ ਗਿਆ। ਉਸ ਨੇ ਪੂਤਨਾ ਨਾਂ ਦੀ ਰਾਖਸ਼ਣੀ ਨੂੰ ਪ੍ਰੇਰਿਆ ਕਿ ਉਹ ਬਾਲਕ ਕ੍ਰਿਸ਼ਣ ਨੂੰ ਮਾਰ ਛੱਡੇ। ਨੰਦ ਜੀ ਦੇ ਘਰ ਬੱਚੇ ਦੇ ਜਨਮ ਦੀ ਖ਼ੁਸ਼ੀ ਵਿਚ ਗਾਉਣ-ਵਜਾਉਣ ਦੇ ਕਾਰਜ ਚੱਲ ਰਹੇ ਸਨ। ਪੂਤਨਾ ਇਕ ਸੋਹਣੀ ਔਰਤ ਦਾ ਰੂਪ ਧਾਰ ਕੇ ਉਸ ਵਿਚ ਸ਼ਾਮਿਲ ਹੋ ਗਈ ਅਤੇ ਮੌਕਾ ਤਕ ਕੇ ਕ੍ਰਿਸ਼ਣ ਨੂੰ ਕੁੱਛੜ ਵਿਚ ਲੈ ਕੇ ਆਪਣਾ ਦੁੱਧ ਚੁੰਘਾਉਣ ਲੱਗ ਪਈ। ਉਸ ਨੇ ਆਪਣੇ ਮੰਮਿਆਂ ਉੱਤੇ ਜ਼ਹਿਰ ਮਲਿਆ ਹੋਇਆ ਸੀ। ਭਗਵਾਨ ਵਿਸ਼ਨੂ ਦੇ ਅਵਤਾਰ ਕ੍ਰਿਸ਼ਣ ਜੀ ਭਾਵੇਂ ਬਾਲ-ਅਵਸਥਾ ਵਿਚ ਸਨ, ਪਰ ਸਾਰੀ ਦੁਨੀਆਂ ਦੀਆਂ ਚੰਗਿਆਈਆਂ ਬੁਰਿਆਈਆਂ ਦੇ ਜਾਣੀ-ਜਾਣ ਹੋਣ ਕਾਰਨ ਉਹ ਪੂਤਨਾ ਦੇ ਫ਼ਰੇਬ ਨੂੰ ਪਛਾਣ ਗਏ ਅਤੇ ਉਨ੍ਹਾਂ ਨੇ ਪੂਤਨਾ ਦੀ ਛਾਤੀ ਨੂੰ ਦੋਵੇਂ ਹੱਥਾਂ ਨਾਲ ਘੁੱਟ ਕੇ ਇੰਨੇ ਜ਼ੋਰ ਨਾਲ ਦਬਾਇਆ ਕਿ ਉਸ ਦੀਆਂ ਚੀਕਾਂ ਨਿਕਲ ਗਈਆਂ। ਗਾਉਣ ਵਜਾਉਣ ਵਾਲੇ ਲੋਕੀ ਚੀਘ-ਚਿੰਘਾੜਾ ਸੁਣ ਕੇ ਪੂਤਨਾ ਵੱਲ ਤੱਕਣ ਲੱਗੇ ਅਤੇ ਕ੍ਰਿਸ਼ਣ ਜੀ ਨੂੰ ਉਸ ਦੇ ਕੁੱਛੜ ਵਿਚ ਕੱਢਣ ਤੋਂ ਬਾਅਦ ਕੁਹਾੜੀਆਂ ਨਾਲ ਰਾਖਸ਼ਣੀ ਨੂੰ ਟੁਕੜੇ-ਟੁਕੜੇ ਕਰ ਦਿੱਤਾ। ਇਸ ਤੋਂ ਮਗਰੋਂ ਸ੍ਰੀ ਕ੍ਰਿਸ਼ਣ ਜੀ ਦਾ ਜਾਤਕ-ਸੰਸਕਾਰ ਅਤੇ ਨਾਮਕਰਣ-ਸੰਸਕਾਰ ਸੰਪੰਨ ਹੋਏ।

ਆਪਣੀ ਇਸ ਚਾਲਬਾਜ਼ੀ ਦੀ ਵਿਫਲਤਾ ਦੇ ਬਾਵਜੂਦ ਮਥੁਰਾ ਦਾ ਰਾਜਾ ਕੰਸ ਨਿਰਾਸ਼ ਨਹੀਂ ਹੋਇਆ। ਉਸ ਨੇ ਪੂਤਨਾ ਦੇ ਭਰਾ ਬਕਾਸੁਰ ਨੂੰ ਆਪਣੀ ਭੈਣ ਦੀ ਮੌਤ ਦਾ ਬਦਲਾ ਲੈਣ ਲਈ ਪ੍ਰੇਰਿਆ। ਪਰ ਉਹ ਵੀ ਬਾਲਕ ਕ੍ਰਿਸ਼ਣ ਦੇ ਹਥੋਂ ਮਾਰਿਆ ਗਿਆ। ਕੰਸ ਦੇ ਸਿਖਾਏ-ਪੜ੍ਹਾਏ ਧੇਨੁਕ, ਪ੍ਰਲੰਬ ਅਤੇ ਅਘ ਨਾਂ ਦੇ ਅਸੁਰਾਂ (ਦੈਂਤਾਂ) ਨੂੰ ਵੀ ਸ੍ਰੀ ਕ੍ਰਿਸ਼ਣ ਨੇ ਹੱਸਦਿਆਂ-ਹੱਸਦਿਆਂ ਰੱਬ ਦੇ ਘਰ ਪਹੁੰਚਾ ਦਿੱਤਾ। ਸੌ ਸਿਰਾਂ ਵਾਲੇ 'ਕਾਲਿਯ ਨਾਗ' ਨੇ ਜਮਨਾ ਦੇ ਜਲ ਨੂੰ ਵਿਸ਼ੈਲਾ ਬਣਾ ਦਿੱਤਾ, ਜਿਸ ਦੇ ਕਾਰਨ ਗੁਆਲੇ ਅਤੇ ਗਊਆਂ ਬੀਮਾਰ ਪੈ ਗਏ। ਸ੍ਰੀ ਕ੍ਰਿਸ਼ਣ ਨੇ ਇਕ ਹੱਥ ਵਿਚ ਬੰਸਰੀ ਫੜੀ ਅਤੇ ਨੱਚਦੇ ਹੋਏ ਕਾਲੀਯ ਨਾਗ ਦੇ ਸਿਰ ਉੱਤੇ ਚੜ੍ਹ ਕੇ ਉਸ ਨੂੰ ਕਾਬੂ ਕਰ ਲਿਆ। ਬੇਬਸ ਨਾਗ ਨੂੰ ਉਨ੍ਹਾਂ ਦੀ ਈਨ ਮੰਨਣੀ ਪਈ।

ਦੇਵਤਿਆਂ ਦੇ ਰਾਜਾ ਇੰਦਰ ਤੋਂ ਵਰਖਾ ਦਾ ਵਰਦਾਨ ਪ੍ਰਾਪਤ ਕਰਨ ਲਈ ਹਰੇਕ ਵਰ੍ਹੇ 'ਇੰਦਰ-ਯੱਗ' ਹੋਇਆ ਕਰਦਾ ਸੀ। ਬਾਲਕ ਕ੍ਰਿਸ਼ਣ ਨੇ ਬ੍ਰਜਵਾਸੀਆਂ ਨੂੰ ਸਮਝਾਇਆ ਕਿ ਉਹ ਇੰਦਰ ਦੀ ਬਜਾਏ ਗਿਰਿਰਾਜ (ਪਰਬਤ ਰਾਜ) 'ਗੋਵਰਧਨ' ਦੀ ਪੂਜਾ ਕਰਿਆ ਕਰਨ।

ਇਸ ਪ੍ਰਕਾਰ ਦੀਵਾਲੀ ਤੋਂ ਅਗਲੇ ਦਿਨ ਜਦੋਂ 'ਗੋਵਰਧਨ ਪਰਬਤ' ਦੀ ਪੂਜਾ ਕੀਤੀ ਜਾਣ ਲੱਗੀ ਤਾਂ ਇੰਦਰ ਨੇ 'ਸੰਵਰਤਕ' ਨਾਂ ਦੇ ਬੱਦਲਾਂ ਨੂੰ ਮੂਸਲਾਧਾਰ ਵਰਖਾ ਕਰਨ ਲਈ ਆਖਿਆ। ਚਾਰੇ ਪਾਸੇ ਜਲ-ਥਲ ਅਤੇ ਹਨੇਰੀਆਂ-ਝੱਖੜ ਵੇਖ ਕੇ ਬ੍ਰਜਵਾਸੀ ਭੈਭੀਤ ਹੋ ਗਏ। ਪਰ ਸ੍ਰੀ ਕ੍ਰਿਸ਼ਣ ਨੇ ਗੋਵਰਧਨ ਪਰਬਤ ਨੂੰ ਚੀਚੀ ਉੱਤੇ ਚੁੱਕ ਲਿਆ ਅਤੇ ਉਸ ਛਤਰੀਨੁਮਾ ਪਹਾੜ ਥੱਲੇ ਬ੍ਰਜ ਦੇ ਨਿਵਾਸੀਆਂ ਅਤੇ ਗਊਆਂ ਨੂੰ ਬੁਲਾ ਕੇ ਇੰਦਰ ਦਾ ਘਮੰਡ ਚੂਰ-ਚੂਰ ਕਰ ਦਿੱਤਾ। ਉਸ ਦਿਨ ਤੋਂ ਸ੍ਰੀ ਕ੍ਰਿਸ਼ਣ ਨੂੰ 'ਗਿਰਿਧਰ (ਪਹਾੜ ਚੁੱਕਣ ਵਾਲਾ) ਗੁਪਾਲ (ਗਊਆਂ ਦਾ ਪਾਲਣ ਕਰਤਾ)' ਸੱਦਿਆ ਜਾਣ ਲੱਗ ਪਿਆ।

ਸੂਰਵੀਰ ਭਗਵਾਨ ਕ੍ਰਿਸ਼ਣ ਗੁਆਲਿਆਂ ਨਾਲ ਮਿਲ ਕੇ ਦਿਨ ਭਰ ਗਊਆਂ ਚਾਰਦੇ ਸਨ ਅਤੇ ਸਮਾਂ ਕੱਢ ਕੇ ਗੋਪੀਆਂ ਨਾਲ ਰਾਸ ਲੀਲਾ ਵੀ ਕਰਦੇ ਸਨ। ਇਨ੍ਹਾਂ ਸਭਨਾਂ ਦਾ ਵਰਣਨ 'ਭਗਵਤ ਪੁਰਾਣ', 'ਬ੍ਰਹਮਵੈਵਰਤ ਪੁਰਾਣ', 'ਹਰਿਵੰਸ਼ ਪੁਰਾਣ' ਅਤੇ 'ਗਰਗ ਸੰਹਿਤਾ' ਵਿਚ ਉਪਲੱਬਧ ਹੁੰਦਾ ਹੈ। ਉੱਥੇ ਹੀ ਉਨ੍ਹਾਂ ਨੂੰ ਆਪਣੇ ਸਾਥੀਆਂ ਨਾਲ ਮੱਖਣ ਚੁਰਾਉਂਦੇ, ਘਰੋਂ ਘਰੀਂ ਹਾਂਡੀਆਂ ਫੋੜਨ ਦੀ ਸ਼ਰਾਰਤ ਕਾਰਨ ਮਾਤਾ ਯਸ਼ੋਦਾ ਵੱਲੋਂ ਉੱਖਲੀ ਨਾਲ ਬੰਨ੍ਹੇ ਜਾਣ ਦੀ ਚੁਪਚਾਪ ਸਜ਼ਾ ਝੱਲਦੇ ਵਿਖਾਇਆ ਗਿਆ ਹੈ। ਉਨ੍ਹਾਂ ਦੀ ਬਾਲ-ਲੀਲਾ ਵਿਚ 'ਕੰਸ-ਵਧ' (ਕੰਸ ਨੂੰ ਮਾਰਨ) ਦਾ ਪ੍ਰਸੰਗ ਵੀ ਸਭਨਾਂ ਦਾ ਧਿਆਨ ਖਿੱਚਦਾ ਹੈ। ਮਾਮਾ ਕੰਸ ਵੱਲੋਂ ਆਪਣੇ ਭਾਣਜੇ ਸ੍ਰੀ ਕ੍ਰਿਸ਼ਣ ਨੂੰ ਮਰਵਾਉਣ ਦੇ ਸਾਰੇ ਹਥਿਆਰ ਬੇਕਾਰ ਹੋ ਗਏ। ਕੰਸ ਨੂੰ ਅਭਿਮਾਨ ਸੀ ਕਿ ਉਸ ਕੋਲ ਇਕ ਕਰੋੜ ਪੈਦਲ ਸਿਪਾਹੀ ਹਨ। ਅੱਠ ਲੱਖ ਹਾਥੀਆਂ ਦੀ ਅਤੇ ਬੱਤੀ ਲੱਖ ਘੋੜਿਆਂ ਵਾਲੀ ਫ਼ੌਜ ਹੈ। ਸ੍ਰੀ ਕ੍ਰਿਸ਼ਣ ਨੂੰ ਇਸ ਗੱਲ ਦਾ ਅਫ਼ਸੋਸ ਸੀ ਕਿ ਕੰਸ ਨੇ ਆਪਣੇ ਸਹੁਰੇ ਜਰਾਸੰਧ ਦੀ ਸ਼ੈਅ ਤੇ ਆਪਣੇ ਪਿਤਾ ਉਗ੍ਰਸੈਨ ਨੂੰ ਕੈਦ ਵਿਚ ਸੁੱਟ ਕੇ ਖ਼ੁਦ ਰਾਜਾ ਬਣ ਗਿਆ ਸੀ। ਇਹੋ ਨਹੀਂ ਉਸ ਡਰਪੋਕ ਨੇ ਸ੍ਰੀ ਕ੍ਰਿਸ਼ਣ ਦੇ ਮਾਂ-ਪਿਉ ਨੂੰ ਵੀ ਕੈਦ ਕਰ ਰੱਖਿਆ ਸੀ। ਕੰਸ ਨੂੰ ਚਿੜ੍ਹਾਉਣ ਲਈ ਪਹਿਲਾਂ ਤਾਂ ਸ਼ਰਾਰਤੀ ਬਾਲਕ ਸ੍ਰੀ ਕ੍ਰਿਸ਼ਣ ਆਪਣੇ ਚਾਚੇ ਅਕ੍ਰੂਰ ਨਾਲ ਮਥੁਰਾ ਜਾਂਦੇ ਹੋਏ ਕੰਸ ਦੇ ਧੋਬੀ ਤੋਂ ਉਸ ਦੇ ਕੱਪੜੇ ਖੋਹ ਲਏ। ਫੇਰ ਕੰਸ ਦੇ ਸੱਦੇ ਉੱਤੇ ਕੁਸ਼ਤੀਆਂ ਅਤੇ ਧਨੁਖ ਯੱਗ ਵੇਲੇ ਆਪਣੀ ਹੱਤਿਆ ਕਰਵਾਉਣ ਦਾ ਪਾਜ ਖੁਲ੍ਹਦਾ ਵੇਖ ਕੇ ਸ੍ਰੀ ਕ੍ਰਿਸ਼ਣ ਨੇ ਆਪਣੇ ਮਾਮੇ ਕੰਸ ਨੂੰ ਕੇਸ਼ਾਂ ਤੋਂ ਫੜ ਕੇ ਪਛਾੜ ਮਾਰਿਆ ਅਤੇ ਨਾਨਾ ਉਗ੍ਰਸੈਨ ਨੂੰ ਮਥੁਰਾ ਦਾ ਰਾਜ-ਪਾਟ ਸੌਂਪ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਇਸ ਪ੍ਰਸੰਗ ਦਾ ਵਰਣਨ ਇੰਝ ਹੋਇਆ ਹੈ :

ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਨ ਕਉ ਰਾਜੁ ਅਭੈ ਭਗਤਜਨ ਦੀਓ॥

(ਸਵੈਯੇ ਮ.੧ ਕੇ, ਕਲ੍ਯ ਰਚਿਤ, ਪੰਨਾ 1390)

ਇਸੇ ਕਾਰਨ ਭਗਵਾਨ ਕ੍ਰਿਸ਼ਣ ਨੂੰ ਕੰਸਅਰਿ, ਕੰਸਸਤ੍ਰ, ਕੰਸ ਨਿਸੂਦਨ ਅਤੇ ਕੰਸਾਰਿ ਵੀ ਸੱਦਿਆ ਜਾਂਦਾ ਹੈ।[6]

ਵਿੱਦਿਆ ਪ੍ਰਾਪਤੀ ਅਤੇ ਗੁਰੂ ਦੱਛਣਾ

12 ਵਰ੍ਹਿਆਂ ਦੀ ਉਮਰ ਵਿਚ ਸ੍ਰੀ ਕ੍ਰਿਸ਼ਣ ਦਾ ਉਪਨਯਨ (ਜਨੇਊ) ਸੰਸਕਾਰ ਹੋਇਆ। ਉਸ ਵਿਚ ਉਨ੍ਹਾਂ ਦੀ ਵਿਧਵਾ ਭੂਆ ਕੁੰਤੀ ਵੀ ਸ਼ਾਮਿਲ ਹੋਈ।[7] ਉਸ ਤੋਂ ਬਾਅਦ ਉਹ ਸੰਦੀਪਨ ਮੁਨੀ ਦੇ ਆਸ਼ਰਮ ਵਿਖੇ ਵਿੱਦਿਆ-ਗ੍ਰਹਿਣ ਕਰਨ ਲਈ ਆਪਣੇ ਵੱਡੇ ਭਰਾ ਬਲਰਾਮ ਨਾਲ ਗਏ।

ਸੰਦੀਪਨ ਰਿਸ਼ੀ ਦਾ 'ਗੁਰੂਕੁਲ' ਅਵੰਤੀ (ਅਜੋਕੇ ਮੱਧ ਪ੍ਰਦੇਸ਼ ਦੇ ਉੱਜੈਨ ਸ਼ਹਿਰ ਦੇ ਲਾਗੇ) ਵਿਖੇ ਸਥਿਤ ਸੀ। ਗੁਰੂ ਦੀ ਸੇਵਾ ਕਰਦਿਆਂ ਇਨ੍ਹਾਂ ਨੇ ਚੌਂਹਠ ਕਲਾਵਾਂ ਦਾ ਅਧਿਐਨ ਕੀਤਾ। ਕੁੱਲ 12 ਦਿਨਾਂ ਵਿਚ ਹੀ ਸ੍ਰੀ ਕ੍ਰਿਸ਼ਣ ਨੇ ਗਜ ਸਿੱਖਿਆ (ਹਾਥੀਆਂ ਬਾਰੇ ਜਾਣਕਾਰੀ) ਅਤੇ ਅਸ਼ਵ ਸਿੱਖਿਆ (ਘੋੜਿਆਂ ਬਾਰੇ ਜਾਣਕਾਰੀ) ਪ੍ਰਾਪਤ ਕਰ ਲਈ।[8] ਧਨੁਰਵੇਦ (ਤੀਰ-ਕਮਾਨ ਚਲਾਉਣ ਦੇ ਗੁਰ) ਅਤੇ ਚਹੁੰਵੇਦਾਂ (ਰਿਗਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵਵੇਦ) ਦਾ ਗਿਆਨ ਤਾਂ ਉਨ੍ਹਾਂ ਨੇ ਕੁੱਲ 64 ਦਿਨਾਂ ਵਿਚ ਹੀ ਪ੍ਰਾਪਤ ਕਰ ਲਿਆ।[9]

ਸੰਪੂਰਨ ਸਿੱਖਿਆ ਪ੍ਰਾਪਤ ਕਰਨ ਮਗਰੋਂ ਜਦ ਦੋਵੇਂ ਭਰਾ 'ਗੁਰੂਕੁਲ' ਤੋਂ ਵਿਦਾ ਹੋਣ ਲੱਗੇ ਤਾਂ ਉਨ੍ਹਾਂ ਨੇ ਮੁਨੀ ਸੰਦੀਪਨ ਜੀ ਨੂੰ 'ਗੁਰੂ ਦੱਛਣਾ' ਭੇਟਾ ਕਰਨ ਦੀ ਇੱਛਾ ਪ੍ਰਗਟ ਕੀਤੀ। ਉਨ੍ਹਾਂ ਨੇ ਆਖਿਆ ਕਿ ਜੇ ਉਹ ਉਸ ਦੇ ਮ੍ਰਿਤਕ (Deceased) ਪੁੱਤਰ ਨੂੰ ਉਸ ਨੂੰ ਮਿਲਾ ਦੇਣ ਤਾਂ ਇਹੋ ਸਭ ਤੋਂ ਵੱਡੀ ਦੱਛਣਾ ਹੋਵੇਗੀ। ਉਸ ਦਾ ਪੁੱਤਰ 'ਪ੍ਰਭਾਸ ਖੇਤਰ' ਵਿਚ ਅਸਨਾਨ ਕਰਦੇ ਹੋਏ ਡੁੱਬ ਗਿਆ ਸੀ।

ਇਹ ਸਾਰਾ ਕਿੱਸਾ ਸੁਣ ਕੇ ਦੋਵੇਂ ਭਰਾ ਸਮੁੰਦਰ ਦੇ ਕੰਢੇ 'ਤੇ ਪਹੁੰਚ ਗਏ। ਸਮੁੰਦਰ ਉਨ੍ਹਾਂ ਨੂੰ ਆਦਰ-ਸਨਮਾਨ ਦੇਣ ਲਈ ਖ਼ੁਦ ਮਨੁੱਖ ਦਾ ਰੂਪ ਧਾਰਨ ਕਰਕੇ ਪੁੱਜ ਗਿਆ ਅਤੇ ਉਨ੍ਹਾਂ ਦੇ ਪਧਾਰਨ ਦਾ ਕਾਰਨ ਪੁੱਛਿਆ। ਗੁਰੂ-ਪੁੱਤਰ ਦੇ ਡੁੱਬਣ ਦੀ ਗੱਲ ਸ੍ਰੀ ਕ੍ਰਿਸ਼ਣ ਦੇ ਮੂੰਹੋਂ ਸੁਣ ਕੇ ਸਮੁੰਦਰ ਨੇ ਆਖਿਆ, ''ਮੈਨੂੰ ਉਸ ਬਾਲਕ ਬਾਰੇ ਕੁਝ ਵੀ ਪਤਾ ਨਹੀਂ। ਪਰ ਮੇਰੇ ਜਲ ਵਿਚ 'ਪੰਚਜਨ' ਨਾਂ ਦਾ ਇਕ ਦੈਂਤ ਰਹਿੰਦਾ ਹੈ। ਸ਼ਾਇਦ ਉਹ ਹੀ ਉਸ ਬੱਚੇ ਨੂੰ ਲੈ ਗਿਆ ਹੋਵੇਗਾ।'' ਸ੍ਰੀ ਕ੍ਰਿਸ਼ਨ ਅਤੇ ਬਲਰਾਮ ਜੀ ਨੇ ਉਸ ਦੈਂਤ ਨੂੰ ਮਾਰ ਦਿੱਤਾ, ਪਰ ਗੁਰੂ-ਪੁੱਤਰ ਉੱਥੇ ਵੀ ਨਾ ਲੱਭਿਆ। ਇਹੋ ਦੈਂਤ ਸੀ, ਜਿਸ ਦੀਆਂ ਹੱਡੀਆਂ ਤੋਂ ਬਣੇ 'ਪਾਂਚਜਨਯ ਸ਼ੰਖ' ਦੀ ਪ੍ਰਾਪਤੀ ਸ੍ਰੀ ਕ੍ਰਿਸ਼ਣ ਨੂੰ ਹੋਈ, ਜਿਸ ਦੀ ਚਰਚਾ ਕੁਰੂਖੇਤਰ ਦੀ ਲੜਾਈ ਦੇ ਪ੍ਰਸੰਗਾਂ ਵਿਚ ਬਹੁਤ ਵਾਰੀ ਹੋਈ ਹੈ। ਅਖ਼ੀਰ ਦੋਵੇਂ ਭਰਾਵਾਂ ਨੇ ਜਮਪੁਰੀ ਪਹੁੰਚ ਕੇ 'ਪਾਂਚਜਨਯ ਸ਼ੰਖ' ਵਜਾ ਕੇ ਜਮਰਾਜ ਦਾ ਧਿਆਨ ਖਿੱਚਿਆ ਅਤੇ ਉਸ ਕੋਲੋਂ ਗੁਰੂ-ਪੁੱਤਰ ਲਿਆ ਕੇ ਸੰਦੀਪਨ ਮੁਨੀ ਦੇ ਹਵਾਲੇ ਕਰਕੇ ਆਪਣੀ 'ਗੁਰੂ ਦੱਛਣਾ' ਚੁੱਕਾ ਦਿੱਤੀ।[10]

ਵਿਆਹ ਅਤੇ ਰਾਧਾ ਜੀ

ਭਾਗਵਤ ਪੁਰਾਣ ਵਿਖੇ ਸ੍ਰੀ ਕ੍ਰਿਸ਼ਣ ਦੀ ਪਟਰਾਣੀ ਰੁਕਮਿਣੀ ਜੀ ਅਤੇ ਸਤਭਾਮਾ ਤੋਂ ਇਲਾਵਾ ਹੋਰ ਰਾਣੀਆਂ ਦੇ ਨਾਂ ਵੀ ਆਏ ਹਨ। ਰੁਕਮਿਣੀ ਜੀ ਵਿਦਰਭ ਦੇਸ਼ ਦੇ ਰਾਜਾ ਭੀਸ਼ਮਕ ਦੀ ਪੁੱਤਰੀ ਸਨ। ਪਰ ਉਨ੍ਹਾਂ ਪ੍ਰਤੀ ਚੇਦਿ ਦੇਸ਼ ਦੇ ਰਾਜਾ ਸ਼ਿਸ਼ੁਪਾਲ ਦੀ ਬੜੀ ਦਿਲਚਸਪੀ ਸੀ। ਇਸ ਲਈ ਆਪਣੇ ਪ੍ਰਤੀ ਭਗਤੀ ਭਾਵ ਰੱਖਣ ਵਾਲੀ ਲੱਛਮੀ ਸਰੂਪਾ 'ਰੁਕਮਿਣੀ ਦਾ ਹਰਣ' (ਖੋਹ-ਖੁਆਹੀ) ਸ੍ਰੀ ਕ੍ਰਿਸ਼ਣ ਨੂੰ ਕਰਨਾ ਪਿਆ। ਇੰਦਰਪ੍ਰਸਥ (ਵਰਤਮਾਨ 'ਦਿੱਲੀ') ਵਿਖੇ ਪਾਂਡਵ ਭਰਾਵਾਂ ਨੂੰ ਮਿਲਣ ਗਏ ਸ੍ਰੀ ਕ੍ਰਿਸ਼ਣ ਦੀ ਸ਼ਾਦੀ ਕਾਲਿੰਦੀ ਨਾਲ ਹੋਈ। ਦੁਆਰਕਾ ਦੇ ਰਾਜਾ ਬਣਨ ਪਿੱਛੋਂ ਉਨ੍ਹਾਂ ਦਾ ਵਿਆਹ ਮਿਤ੍ਰਵਿੰਦਾ, ਸਤਯਾ (ਨਾਗਨਜਿਤੀ), ਭਦ੍ਰਾ, ਕੈਕਯੀ ਅਤੇ ਲਕਸ਼ਮਣਾ (ਸੁਲਕਸ਼ਣਾ) ਨਾਲ ਹੋਇਆ। ਪਦਮ ਪੁਰਾਣ (13-155-156) ਵਿਖੇ ਸ੍ਰੀ ਕ੍ਰਿਸ਼ਣ ਦੀਆਂ 'ਅਸ਼ਟ ਨਾਇਕਾਵਾਂ' (ਅੱਠ ਪ੍ਰੇਮੀ ਪਤਨੀਆਂ) ਦਾ ਉਲੇਖ ਹੋਇਆ ਹੈ। ਉਨ੍ਹਾਂ ਦੇ ਨਾਂ ਸਨ : ਸੁਲਕਸ਼ਣਾ, ਨਾਗਨਜਿਤੀ, ਸੁਸ਼ੀਲਾ, ਸੁਮਿਤ੍ਰਾ, ਸ਼ੈਵਯਾ, ਸੁਭੀਮਾ, ਮਾਦ੍ਰੀ, ਕੌਸ਼ਲਯਾ।

ਪਰ ਪਦਮ ਪੁਰਾਣ ਦੀ ਇਕ ਹੋਰ ਪ੍ਰਤੀ ਵਿਚ ਇਨ੍ਹਾਂ ਵਿੱਚੋਂ ਕੁਝ ਨਾਵਾਂ ਦੀ ਥਾਂ ਤੇ ਵਿਰਜਾ, ਅਨੁਵਿੰਦਾ ਜਾਂ ਸੁਨੰਦਾ ਨਾਂ ਦਿੱਤੇ ਗਏ ਹਨ। ਇਸੇ ਕਾਰਨ ਇਕ ਵਿਦਵਾਨ ਦਾ ਕਥਨ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਨਾਂ ਗੁਣ-ਦਰਸ਼ਕ ਹੀ ਦਿੱਸਦੇ ਹਨ।[11]

ਦੁਆਰਕਾ ਦੇ ਰਾਜਾ ਬਣਨ ਮਗਰੋਂ ਕ੍ਰਿਸ਼ਣ ਜੀ ਇਕ ਵਾਰੀ ਮਣਿ-ਪਰਬਤ ਉੱਤੇ ਗਏ। ਉੱਥੇ ਉਨ੍ਹਾਂ ਨੇ ਨਰਕਾਸੁਰ ਦੇ ਰਣਵਾਸ ਵਿਖੇ ਅਗਵਾ ਕਰਕੇ ਲਿਆਈਆਂ ਹੋਈਆਂ 16 ਹਜ਼ਾਰ ਕੁਆਰੀਆਂ ਕੁੜੀਆਂ ਵੇਖੀਆਂ। ਉਨ੍ਹਾਂ ਨਾਲ ਗੰਧਰਬ ਵਿਆਹ (ਨੱਚ-ਗਾ) ਕਰਕੇ ਕ੍ਰਿਸ਼ਣ ਜੀ ਨੇ ਉਨ੍ਹਾਂ ਨੂੰ ਮੁਕਤ ਕਰਵਾਇਆ।[12] ਪਦਮ ਪੁਰਾਣ (ਸ੍ਰਿ. 13) ਵਿਚ ਸ੍ਰੀ ਕ੍ਰਿਸ਼ਣ ਦੇ ਪੁੱਤਰਾਂ ਦੀ ਗਿਣਤੀ 80 ਹਜ਼ਾਰ ਦੱਸੀ ਗਈ ਹੈ।[13] ਪਰ ਇਨ੍ਹਾਂ ਵਿੱਚੋਂ ਰੁਕਮਿਣੀ ਜੀ ਦਾ ਪੁੱਤਰ ਪ੍ਰਦ੍ਯੁਮਨ ਹੀ ਜ਼ਿਆਦਾ ਪ੍ਰਸਿੱਧ ਹੈ।

ਰਾਧਾ ਜੀ ਵ੍ਰਿਸ਼ਭਾਨੁ ਦੀ ਪੁੱਤਰੀ ਸਨ। ਬ੍ਰਹਮਵੈਵਰਤ ਪੁਰਾਣ (4.15) ਵਿਚ ਉਲੇਖ ਹੈ ਕਿ ਬ੍ਰਹਮਦੇਵ ਨੇ ਰਾਧਾ ਦੀ ਸ਼ਾਦੀ ਸ੍ਰੀ ਕ੍ਰਿਸ਼ਣ ਨਾਲ ਕਰਵਾਈ ਸੀ।[14] ਇਸੇ ਸੰਦਰਭ ਵਿਚ ਇਕ ਵਿਦਵਾਨ ਦਾ ਕਥਨ ਹੈ :

"ਸ੍ਰੀ ਰਾਯ ਕ੍ਰਿਸ਼ਣ ਦਾਸ ਨੇ ਪਹਾੜਪੁਰ ਦੀ ਕ੍ਰਿਸ਼ਣ ਲੀਲਾ ਸੰਬੰਧੀ ਮੂਰਤੀਆਂ ਵਿਚ ਰਾਧਾ ਕ੍ਰਿਸ਼ਣ ਦੇ ਪ੍ਰੇਮਾਲਾਪ ਸੰਬੰਧੀ ਮੂਰਤੀਆਂ ਦਾ ਉਲੇਖ (ਭਾਰਤੀ ਮੂਰਤੀ ਕਲਾ, ਪੰਨਾ 116) ਵਿਚ ਕੀਤਾ ਹੈ ਅਤੇ ਉਨ੍ਹਾਂ ਦਾ ਸਮਾਂ ਛੇਵੀਂ ਸਦੀ ਵਿਚਕਾਰ ਮੰਨਿਆ ਹੈ... ਰਾਧਾ ਕ੍ਰਿਸ਼ਣ ਦੇ ਇਸ ਉਦਰਾਮ ਦੀ ਮਾਨਤਾ ਚੈਤਨਯ ਆਦਿ ਮੱਧਕਾਲੀ ਸੰਪ੍ਰਦਾਇਆਂ ਵਿਚ ਰਹੀ ਹੈ। ਰਾਧਾ-ਕ੍ਰਿਸ਼ਣ ਦੇ ਰਸਾਤਮਕ ਰੂਪ ਉੱਤੇ ਵਿਦਵਾਨਾਂ ਨੇ ਜਿਹੜਾ ਸਹਿਜਯਾਨੀ ਅਤੇ ਤੰਤ੍ਰਯਾਨੀ ਬੋਧੀਆਂ ਦਾ ਪ੍ਰਭਾਵ ਮੰਨਿਆ ਹੈ, ਉਸ ਦਾ ਉਤਕਰਸ਼ (ਵਿਕਾਸ) ਕਾਲ ਵੀ ਲਗਭਗ ਇਹੋ ਹੈ। ਇਸ ਦੇ ਪ੍ਰਭਾਵ ਸਰੂਪ ਵੈਸ਼ਣਵ ਸਹਿਜਯਾਨ ਵਿਖੇ ਅਗਾਂਹ ਚਲ ਕੇ ਰਾਧਾ ਕ੍ਰਿਸ਼ਣ ਦੀ ਰਤਿ-ਕੇਲਿ (ਇਸਤਰੀ-ਪੁਰਸ਼ ਵਾਲੇ ਵਿਵਹਾਰਿਕ ਸੰਬੰਧਾਂ ਦੇ ਪ੍ਰਸੰਗ), ਜੈ ਦੇਵ, ਚੰਡੀਦਾਸ ਅਤੇ ਵਿੱਦਿਆਪਤੀ ਅਤੇ ਬੰਗਾਲ ਦੇ ਬਾਉਲ ਕਵੀਆਂ ਵਿਚ ਵਿਸੇਸ਼ ਤੌਰ 'ਤੇ ਪ੍ਰਚੱਲਿਤ ਹੋਈ।"[15]

ਇਸੇ ਵਿਦਵਾਨ ਨੇ ਇਕ ਹੋਰ ਥਾਂ ਤੇ ਇਹ ਤੱਥ ਵੀ ਪ੍ਰਗਟ ਕੀਤੇ ਹਨ :

(ਕ) 'ਹਰਿਵੰਸ਼', 'ਵਿਸ਼ਨੂ' ਅਤੇ 'ਭਾਗਵਤ ਪੁਰਾਣ' ਵਿਚ ਵਰਣਨ ਕੀਤਆਂ ਹੋਈਆਂ ਗੋਪੀ-ਕ੍ਰਿਸ਼ਣ ਸੰਬੰਧੀ ਕਥਾਵਾਂ ਵਿਖੇ 'ਰਾਧਾ' ਨਾਂ ਦੀ ਗੋਪੀ ਦਾ ਉਲੇਖ ਨਹੀਂ ਹੋਇਆ। ਇਸ ਲਈ ਰਾਧਾ ਅਤੇ ਕ੍ਰਿਸ਼ਣ ਦਾ ਸੰਬੰਧ ਵੀ ਵਿਚਾਰ ਯੋਗ ਪ੍ਰਸ਼ਨ ਰਿਹਾ ਹੈ।[16]

(ਖ) ਡਾ. ਪੁਸਲਕਰ ਨੇ (ਦੀ ਗਲੋਰੀ ਦੈਟ ਵਾਜ ਗੁਰਜਰ ਦੇਸ਼, ਜਿਲਦ ਪਹਿਲੀ, ਪੰਨਾ 122) ਪੌਰਾਣਿਕ ਕਥਾਵਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ 'ਗੋਪਾਲ ਕ੍ਰਿਸ਼ਣ' ਅਤੇ 'ਵਸੁਦੇਵ ਕ੍ਰਿਸ਼ਣ' ਨੂੰ ਇਕੋ (ਵਿਅਕਤੀ) ਪ੍ਰਮਾਣਿਤ ਕੀਤਾ ਹੈ। ਉਨ੍ਹਾਂ ਰਾਹੀਂ ਪੇਸ਼ ਕੀਤੀ ਕ੍ਰਿਸ਼ਣ ਦੀ ਇਤਿਹਾਸਕ ਕਥਾ ਦਾ ਸਾਰਾਂਸ਼ ਇਸ ਪ੍ਰਕਾਰ ਹੈ : "ਕ੍ਰਿਸ਼ਣ ਦਾ ਜਨਮ ਤਾਂ ਹੋਇਆ ਮਥੁਰਾ ਵਿਚ, ਪਰ ਇਨ੍ਹਾਂ ਦੀ ਪਾਲਣਾ ਗੋਕੁਲ ਵਿਚ ਨੰਦ-ਯਸ਼ੋਦਾ ਵੱਲੋਂ

ਕੀਤੀ ਗਈ। ਉਨ੍ਹਾਂ ਦੀਆਂ ਸਾਰੀਆਂ ਲੀਲਾਵਾਂ ਲਗਭਗ 11 ਵਰ੍ਹੇ (ਦੀ ਉਮਰ) ਤੋਂ ਪਹਿਲਾਂ ਹੀ ਹੋਈਆਂ ਸਨ।[17]

ਪੜਚੋਲ

ਹਿੰਦੂਆਂ ਦੇ 16 ਸੰਸਕਾਰਾਂ ਦੀ ਪਰੰਪਰਾ ਨਿਭਾਉਣ ਦੇ ਕਈ ਪ੍ਰਸੰਗ ਪੁਰਾਣ ਗ੍ਰੰਥਾਂ ਵਿਖੇ ਆਏ ਹਨ। ਕ੍ਰਿਸ਼ਣ ਜੀ ਦੇ ਜਾਤ ਕਰਮ ਅਤੇ ਨਾਮਕਰਣ ਸੰਸਕਾਰ ਦਾ ਉਲੇਖ ਵੀ ਹੋਇਆ ਹੈ। ਬ੍ਰਹਮਵੈਵਰਤ ਪੁਰਾਣ (4.101) ਵਿਚ ਉਨ੍ਹਾਂ ਦੇ 'ਉਪਨਯਨ (ਜਨੇਊ) ਸੰਸਕਾਰ' ਦਾ ਸਪੱਸ਼ਟ ਰੂਪ ਵਿਚ ਵਰਣਨ ਵੀ ਹੋਇਆ ਹੈ। 'ਭਾਗਵਤ ਪੁਰਾਣ' (4.24) ਅਨੁਸਾਰ ਉਸ ਵੇਲੇ ਸ੍ਰੀ ਕ੍ਰਿਸ਼ਣ ਦੀ ਉਮਰ ਲਗਭਗ 12 ਵਰ੍ਹੇ ਸੀ। 'ਮਨੂ ਸਮ੍ਰਿਤੀ' (ਦੂਜਾ ਅਧਿਆਇ, ਸਲੋਕ 36) ਵਿਚ ਇਸ ਸੰਸਕਾਰ ਦੀ ਉਮਰ ਅੱਠਵੇਂ ਜਾਂ ਦਸਵੇਂ ਵਰ੍ਹੇ ਤੀਕ ਦੱਸੀ ਗਈ ਹੈ। ਜਨੇਊ ਪੁਆਏ ਜਾਣ ਤੋਂ ਬਾਅਦ ਹੀ ਕਿਸ਼ੋਰ (Adolescent) ਗੁਰੂਕੁਲ ਵਿਚ ਸਿੱਖਿਆ ਪ੍ਰਾਪਤ ਕਰਨ ਜਾਂਦਾ ਸੀ ਅਤੇ ਭਾਰਤੀ ਪਰੰਪਰਾ ਅਨੁਸਾਰ ਉਸ ਨੂੰ 'ਬ੍ਰਹਮਚਰਜ ਆਸ਼ਰਮ' ਦੌਰਾਨ 25 ਵਰ੍ਹੇ ਤਕ ਕੁਆਰਾ ਰਹਿਣਾ ਪੈਂਦਾ ਸੀ।

ਜੇਕਰ ਇਨ੍ਹਾਂ ਗੱਲਾਂ ਵੱਲ ਧਿਆਨ ਦੇਈਏ ਤਾਂ ਸ੍ਰੀ ਕ੍ਰਿਸ਼ਣ ਨਾਲ ਰਾਧਾ ਜੀ ਦੇ ਵਿਆਹ ਦਾ ਪ੍ਰਸੰਗ ਕੇਵਲ ਇਕ ਕਲਪਨਾ ਹੀ ਜਾਪਦੀ ਹੈ। ਬਚਪਨ ਵਿਚ ਮੁੰਡੇ-ਕੁੜੀਆਂ ਪਰਿਵਾਰ ਵਿਚ ਹੋਏ ਕਿਸੇ ਵਿਆਹੁਤਾ ਬੰਨੇ ਅਤੇ ਬੰਨੀ ਵਾਂਗ ਸੁਆਂਗ ਰਚ ਕੇ ਲੋਕਾਂ ਦਾ ਮਨ ਪਰਚਾਵਾ ਕਰਦੇ ਹਨ। ਸਾਡਾ ਵਿਚਾਰ ਹੈ ਕਿ ਕ੍ਰਿਸ਼ਣ ਅਤੇ ਰਾਧਾ ਦੇ ਅਜਿਹੇ ਹਾਸ-ਵਿਅੰਗ ਭਰਪੂਰ ਪ੍ਰਸੰਗ ਨੂੰ ਹੀ ਤੂਲ ਦੇ ਕੇ 'ਪ੍ਰੇਮਾ-ਭਗਤੀ' ਵਿਚ ਜੋੜ ਲਿਆ ਗਿਆ। ਕੁਝ ਗ੍ਰੰਥਾਂ ਵਿਚ ਇਹ ਉਲੇਖ ਵੀ ਹੋਇਆ ਹੈ ਕਿ ਮਥੁਰਾ ਛੱਡ ਕੇ ਆ ਜਾਣ ਵਾਲੇ ਸ੍ਰੀ ਕ੍ਰਿਸ਼ਣ ਨੇ ਆਪਣੇ ਵਿਛੋੜੇ ਕਾਰਨ ਦੁਖੀ ਰਾਧਾ ਨੂੰ ਸਮਝਾਉਣ ਲਈ ਆਪਣੇ ਮਿੱਤਰ ਅਤੇ ਮੰਤਰੀ ਉੱਧਵ ਜੀ ਨੂੰ ਗੋਕੁਲ ਵੱਲ ਘੱਲਿਆ ਸੀ। "ਹਿੰਦੀ ਸਾਹਿੱਤ ਵਿਚ ਉਪਲਬਧ 'ਭ੍ਰਮਰ ਗੀਤ' ਅਤੇ ਹਿੰਦੀ ਦੇ ਪ੍ਰਸਿੱਧ ਕਵੀ ਸ੍ਰੀ ਅਯੋਧਯਾ ਸਿੰਘ ਉਪਾਧਯਾਯ ਦਾ ਗ੍ਰੰਥ 'ਉੱਧਵ ਸ਼ਤਕ' ਇਸ ਦੇ ਪ੍ਰਮਾਣ ਹਨ। ਦੁਆਪਰ ਯੁਗ ਵਿਚ ਚਹੁੰ ਆਸ਼ਰਮਾਂ (ਬ੍ਰਹਮਚਰਜ, ਗ੍ਰਿਹਸਥ, ਵਾਣਪ੍ਰਸਥ, ਸੰਨਿਆਸ) ਦੀ ਕੜਾਈ ਨਾਲ ਪਾਲਣਾ ਕਰਨ ਦੀ ਪਰੰਪਰਾ ਸ੍ਰੀ ਕ੍ਰਿਸ਼ਣ ਅਤੇ ਰਾਧਾ ਜੀ ਦੇ ਬਾਲ-ਵਿਆਹ ਦੇ ਪ੍ਰਸੰਗ ਨੂੰ ਖ਼ੁਦ-ਬ-ਖ਼ੁਦ ਨਕਾਰ ਦਿੰਦੀ ਹੈ। ਉਪਨਿਸ਼ਦਾਂ ਅਤੇ ਪੁਰਾਣਾਂ ਵਿਖੇ ਗੋਪੀਆਂ ਅਤੇ ਸ੍ਰੀ ਕ੍ਰਿਸ਼ਣ ਦੀਆਂ ਰਾਣੀਆਂ ਸੰਬੰਧੀ ਵੇਰਵੇ ਉਨ੍ਹਾਂ ਦਾ ਆਪਸੀ ਸੰਬੰਧ ਇਸ ਪ੍ਰਕਾਰ ਜੋੜਦੇ ਹੋਏ ਸਾਡੇ ਮੱਤ ਦੀ ਪੁਸ਼ਟੀ ਕਰਦੇ ਹਨ, ਜਿਵੇਂ :

"ਵਿਸ਼ਣੂ ਪੁਰਾਣ (5, 7, 39-41) ਦੇ ਪੰਜਵੇਂ ਅੰਸ਼ ਵਿਚ ਸਮੂਹਕ ਅਵਤਾਰ ਸ੍ਰੀ ਕ੍ਰਿਸ਼ਣ ਨਾਲ ਸੰਬੰਧਿਤ ਗੋਪ ਅਤੇ ਗੋਪੀਆਂ ਦੇਵਤਿਆਂ ਅਤੇ ਦੇਵੀਆਂ ਦੇ ਅਵਤਾਰ ਦੱਸੇ ਗਏ ਹਨ.... ਸ੍ਰੀ ਕ੍ਰਿਸ਼ਣ ਉਪਨਿਸ਼ਦ (ਸ਼ਲੋਕ ਨੰ: 3-10) ਵਿਖੇ 'ਨੰਦ' ਭਗਵਾਨ ਦੇ 'ਆਨੰਦ-ਅੰਸ਼', ਯਸ਼ੋਧਾ ਨੂੰ 'ਮੁਕਤੀ', ਦੇਵਕੀ ਨੂੰ 'ਵੈਸ਼ਣਵੀ ਮਾਯਾ', ਵਾਸੁਦੇਵ ਨੂੰ 'ਨਿਗਮ'.... ਅਤੇ ਰੁਕਮਿਣੀ ਆਦਿ ਸੋਲਾਂ ਹਜ਼ਾਰ ਇਕ ਸੌ ਅੱਠ ਰਾਣੀਆਂ ਨੂੰ ਵੇਦ ਦੀਆਂ ਰਿਚਾਵਾਂ ਅਤੇ ਗੋਪੀਆਂ ਨੂੰ ਉਪਨਿਸ਼ਦ ਅਤੇ ਬ੍ਰਹਮ ਰੂਪ ਰਿਚਾਵਾਂ ਆਖਿਆ ਗਿਆ ਹੈ। 'ਤਾਪਨੀਯ ਉਪਨਿਸ਼ਦਾਂ' ਨਾਲੋਂ 'ਕ੍ਰਿਸ਼ਣੋਪਨਿਸ਼ਦ' ਭਾਗਵਤ (ਪੁਰਾਣ) ਦੀ ਪਰੰਪਰਾ ਦੇ ਨੇੜੇ ਪ੍ਰਤੀਤ ਹੁੰਦਾ ਹੈ, ਕਿਉਂਕਿ ਇਸ ਵਿਚ 'ਰਾਧਾ' ਦਾ

ਉਲੇਖ ਨਹੀਂ ਹੈ।''[18] ਅਜਿਹਾ ਹੋਣ ਦੇ ਬਾਵਜੂਦ ਵੀ ਬਹੁਤ ਸਾਰੇ ਕ੍ਰਿਸ਼ਣ-ਭਗਤੀ ਸੰਪ੍ਰਦਾਇਆਂ ਵਿਚ ਰਾਧਾ ਅਤੇ ਸ੍ਰੀ ਕ੍ਰਿਸ਼ਣ ਦੇ ਪ੍ਰੇਮ ਅਤੇ ਰਾਸ ਲੀਲਾ ਨੂੰ ਮਾਨਤਾ ਦਿੱਤੀ ਗਈ ਹੈ।

ਨੀਤੀਵਾਨ ਅਤੇ ਦਾਰਸ਼ਨਿਕ

ਸ੍ਰੀ ਕ੍ਰਿਸ਼ਣ ਬੜੇ ਨੀਤੀਵਾਨ ਸਨ ਅਤੇ ਦਿਆਲੂ ਵੀ। ਰਾਜਨੀਤੀ ਵਿਚ ਉਹ ਕਿਸੇ ਨਾਲ ਵੀ ਅਤਿਆਚਾਰ ਹੋਣ ਨੂੰ ਬਰਦਾਸ਼ਤ ਨਹੀਂ ਕਰਦੇ ਸਨ। ਜਰਾਸੰਧ ਨੇ ਬੇਕਸੂਰ ਰਾਜਿਆਂ ਨੂੰ ਕੈਦ ਕਰ ਲਿਆ ਸੀ। ਉਨ੍ਹਾਂ ਨੂੰ ਛੁਡਾਉਣ ਲਈ ਸ੍ਰੀ ਕ੍ਰਿਸ਼ਣ ਨੇ ਚੇਤਾਵਨੀ ਦਿੱਤੀ (ਮਹਾਭਾਰਤ: ਸਭਾ ਪਰਵ 22/7-26)। ਪੰਜ ਪਾਂਡਵਾਂ ਵਿੱਚੋਂ ਮਹਾਰਾਜਾ ਜੁਧਿਸ਼ਟਰ, ਭੀਮ ਸੈਨ ਅਤੇ ਅਰਜੁਨ ਉਨ੍ਹਾਂ ਦੀ ਸਗੀ ਭੂਆ ਕੁੰਤੀ ਦੇ ਪੁੱਤਰ ਸਨ। 'ਧਰਮ ਰਾਜ' ਅਖਵਾਉਣ ਵਾਲੇ ਜੁਧਿਸ਼ਟਰ ਜੀ ਬਹੁਤਾ ਕਰਕੇ ਸ਼ਾਂਤੀ ਪਸੰਦ ਸਨ। ਇਸ ਲਈ ਉਨ੍ਹਾਂ ਦੇ ਤਾਏ ਦੇ ਪੁੱਤਰ ਦੁਰਜੋਧਨ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਪਾਂਡਵ ਭਰਾਵਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਅਪਮਾਨਿਤ ਕਰਨ ਲਈ ਤੁਲਿਆ ਰਹਿੰਦਾ ਸੀ। ਪਰ ਸ੍ਰੀ ਕ੍ਰਿਸ਼ਣ ਬਿਪਦਾ ਵਿਚ ਫਸੇ ਪਾਂਡਵਾਂ ਦੀ ਹਰ ਤਰ੍ਹਾਂ ਮਦਦ ਕਰਨ ਲਈ ਤਿਆਰ ਰਹਿੰਦੇ ਸਨ। ਅਜਿਹੇ ਸਾਰੇ ਪ੍ਰਸੰਗ 'ਮਹਾਭਾਰਤ' ਵਿਖੇ ਦਰਜ ਹਨ, ਜਿਵੇਂ:

(1) ਦੁਰਜੋਧਨ ਨਾਲ ਜੂਆ ਖੇਡਦੇ ਹੋਏ ਰਾਜ-ਪਾਟ ਹਾਰ ਜਾਣ ਵਾਲੇ ਜੁਧਿਸ਼ਟਰ ਨੇ ਦ੍ਰੋਪਦੀ ਜੀ ਨੂੰ ਦਾਅ 'ਤੇ ਲਾ ਦਿੱਤਾ ਅਤੇ ਹਾਰ ਗਿਆ। ਜਦੋਂ ਦੁਰਜੋਧਨ ਵੱਲੋਂ ਦ੍ਰੋਪਦੀ ਦੀ ਸਾੜ੍ਹੀ ਖਿੱਚੀ ਜਾਣ ਲੱਗ ਪਈ ਤਾਂ ਸ੍ਰੀ ਕ੍ਰਿਸ਼ਣ ਆਪਣੀ ਲੀਲਾ ਨਾਲ ਉਸ ਦੀ ਸਾੜ੍ਹੀ ਦੀ ਲੰਬਾਈ ਵਧਾ ਦਿੱਤੀ। (ਸਭਾ ਪਰਵ, 68/47)

(2) ਜੂਏ ਦੇ ਦੋਸ਼ ਦੱਸਦੇ ਹੋਏ, ਉਸ ਸਭਾ ਵਿਚ ਪਾਂਡਵਾਂ ਉੱਤੇ ਆਈ ਬਿਪਦਾ ਦਾ ਕਾਰਨ ਆਪਣੀ ਉਸ ਥਾਂ ਤੇ ਗੈਰ-ਹਾਜ਼ਰੀ ਨੂੰ ਮੰਨਣਾ (ਵਨ ਪਰਵ, ਅਧਿਆਇ 13)

(3) ਰਾਜਾ ਵਿਰਾਟ ਦੀ ਸਭਾ ਵਿਚ ਕੌਰਵਾਂ ਦੇ ਅਤਿਆਚਾਰ ਅਤੇ ਪਾਂਡਵਾਂ ਦੇ ਧਰਮ-ਵਿਵਹਾਰ ਦਾ ਵਰਣਨ ਕਰਕੇ ਕਿਸੇ ਸਮਝਦਾਰ ਦੂਤ ਨੂੰ ਕੌਰਵਾਂ ਕੋਲ ਭੇਜਣ ਦਾ ਪ੍ਰਸਤਾਵ (ਉਦਜੋਗ ਪਰਵ, ਪਹਿਲਾ ਅਧਿਆਇ)।

(4) ਕੌਰਵਾਂ ਦੀ ਪਾਂਡਵਾਂ ਪ੍ਰਤੀ ਬੇ-ਇਨਸਾਫ਼ੀ ਦਾ ਕੱਚਾ ਚਿੱਠਾ ਖੋਲ੍ਹਦੇ ਹੋਏ ਸੰਜਯ ਰਾਹੀਂ ਧ੍ਰਿਤਰਾਸ਼ਟਰ ਨੂੰ ਚੇਤਾਵਨੀ ਭੇਜਣੀ (ਉਦਜੋਗ ਪਰਵ, 29/31-58)

(5) ਸ਼ਾਂਤੀ-ਸਥਾਪਨਾ ਲਈ ਖ਼ੁਦ ਕੌਰਵਾਂ ਦੀ ਸਭਾ ਵਿਚ ਜਾਣ ਲਈ ਤਿਆਰ ਹੋਣਾ (ਉਦਜੋਗ ਪਰਵ, 72/79-81)

(6) ਕੌਰਵਾਂ ਦੇ ਅਤਿਆਚਾਰਾਂ ਦਾ ਵਰਣਨ ਕਰਕੇ ਜੁਧਿਸ਼ਟਰ ਨੂੰ ਯੁੱਧ ਕਰਨ ਲਈ ਉਤਸ਼ਾਹਿਤ ਕਰਨਾ (ਉਦਜੋਗ ਪਰਵ, 73ਵਾਂ ਅਧਿਆਇ) ਅਤੇ ਭੀਮ ਸੈਨ ਨੂੰ ਪ੍ਰੇਰਿਤ ਕਰਨਾ (ਉਦਜੋਗ ਪਰਵ, 77ਵਾਂ ਅਧਿਆਇ)।

(7) ਪਾਂਡਵਾਂ ਦੇ ਰਾਜਸੀ ਅਧਿਕਾਰਾਂ ਦੀ ਪੈਰਵੀ ਕਰਨ ਲਈ ਸ੍ਰੀ ਕ੍ਰਿਸ਼ਣ ਦਾ ਖ਼ੁਦ ਕੌਰਵ ਸਭਾ ਵਿਖੇ ਜਾ ਕੇ ਪ੍ਰਭਾਵਸ਼ਾਲੀ ਭਾਸ਼ਣ ਕਰਨਾ (ਉਦਜੋਗ ਪਰਵ, ਅਧਿਆਇ 93) ਅਤੇ ਦੁਰਜੋਧਨ ਨੂੰ ਸਮਝਾਉਣਾ (ਉਦਜੋਗ ਪਰਪ,

ਅਧਿ. 124/8-62)। ਆਪਣੇ ਚਚੇਰੇ ਭਰਾਵਾਂ (ਪਾਂਡਵਾਂ) ਨਾਲ ਸੁਲਹਾ-ਸਫ਼ਾਈ ਤੋਂ ਨਾਂਹ-ਨੁਕਰ ਕਰਨ ਵਾਲੇ ਦੁਰਜੋਧਨ ਨੂੰ ਤਾੜਨਾ (ਉਦਜੋਗ ਪਰਵ, ਅਧਿ. 128/2-31)

(8) ਰਾਜ ਨੀਤੀ ਦੇ ਸਾਮ, ਦਾਮ, ਭੇਦ ਤਿੰਨੇ ਅੰਗਾਂ ਦੀ ਵਿਫਲਤਾ ਤੋਂ ਬਾਅਦ ਦੰਡ ਨੀਤੀ ਅਪਣਾ ਕੇ ਜੁਧਿਸ਼ਟਰ ਨੂੰ ਯੁੱਧ ਕਰਨ ਲਈ ਪ੍ਰੇਰਿਤ ਕਰਨਾ (ਉਦਜੋਗ ਪਰਵ, 154/15)[19]

(9) ਕੁਰੁਕਸ਼ੇਤਰ ਦੇ ਮੈਦਾਨ ਵਿਚ ਆਪਣੇ ਸਗੇ ਸੰਬੰਧੀਆਂ ਨੂੰ ਵਿਰੋਧੀ ਪੱਖ ਵਿਚ ਖੜ੍ਹੇ ਕੇ ਲੜਨ-ਮਰਨ ਲਈ ਤਿਆਰ ਵੇਖਣ ਤੇ ਅਰਜੁਨ ਦੀ ਘਬਰਾਹਟ ਦੂਰ ਕਰਨ ਲਈ ਉਪਦੇਸ਼ ਦਿੱਤਾ, ਜੋ ਕਿ 'ਸ੍ਰੀਮਦ ਭਗਵਦ ਗੀਤਾ' ਵਿਚ ਵਿਸਥਾਰ ਸਹਿਤ ਦਰਜ ਹੈ। ਇਕ ਖੱਤਰੀ ਦੀ ਯੁੱਧ ਰਾਹੀਂ ਆਪਣੇ ਸ਼ਾਸਤਰ ਵਿਧੀ ਤੇ ਆਧਾਰਿਤ ਕਰਮ (ਯੋਧਾ-ਕਰਮ) ਨੂੰ ਪ੍ਰੇਰਨਾ ਦੇਣ ਵਾਲਾ ਇਹ ਸ਼ਲੋਕ ਵਰਨਣ ਯੋਗ ਹੈ :

ਨਿਤਯੰ ਕੁਰੁ ਕਰਮ ਤ੍ਵੰ ਕਰਮ ਜਯਾਯੋ ਹਜਕਰਮਣ: ।
ਸਰੀਰਯਾਤ੍ਰਾਪਿ ਚ ਤੇ ਨ ਪ੍ਰਸਿੱਧਯੇਦਕਰਮਣ:॥

(ਸ੍ਰੀਮਦ ਭਗਵਦ ਗੀਤਾ, ਅਧਿ.3, ਸ਼ਲੋਕ 8)

ਅਰਥ : ਸ਼ਾਸਤਰਾਂ ਅਨੁਸਾਰ ਦੱਸੇ ਗਏ ਤਰੀਕਾਂ ਅਨੁਸਾਰ ਤੂੰ ਕਰਮ ਕਰ। ਕਿਉਂਕਿ ਕੰਮ ਨਾ ਕਰਨ ਨਾਲੋਂ ਕਰਮ ਕਰਨਾ ਉੱਤਮ (ਸੁਭਾਅ) ਹੈ। ਜੇ ਤੂੰ ਕੰਮ (ਖੱਤਰੀਆਂ ਵਾਲਾ ਜੋਧਾ-ਕਰਮ) ਨਹੀਂ ਕਰੇਂਗਾ ਤਾਂ ਤੇਰੀ ਸ਼ਰੀਰਕ (ਸੰਸਾਰਿਕ) ਯਾਤਰਾ ਵੀ ਨਿਸਫਲ ਜਾਵੇਗੀ।[20]

ਦਾਰਸ਼ਨਿਕ ਕ੍ਰਿਸ਼ਣ

ਭਗਵਾਨ ਕ੍ਰਿਸ਼ਣ ਦੀ ਕਾਦਿਮਈ ਦਾਰਸ਼ਨਿਕ ਰਚਨਾ 'ਸ੍ਰੀਮਦ ਭਗਵਦਗੀਤਾ' ਹੈ। ਇਸ ਵਿਚ 18 ਅਧਿਆਇ ਅਤੇ 700 ਸ਼ਲੋਕ ਹਨ। ਇਨ੍ਹਾਂ ਵਿੱਚੋਂ ਇਕ ਸ਼ਲੋਕ ਧ੍ਰਿਤਰਾਸ਼ਟਰ ਦਾ, 43 ਸੰਜਯ ਦੇ, 84 ਅਰਜੁਨ ਦੇ ਅਤੇ 572 ਕ੍ਰਿਸ਼ਣ ਜੀ ਦੇ ਉੱਚਰੇ ਹੋਏ ਹਨ। ਸ੍ਰੀ ਕ੍ਰਿਸ਼ਣ ਜੀ ਦਾ ਕਥਨ ਹੈ ਕਿ ਮਨੁੱਖ ਨੂੰ ਕਰਮ ਕਰਨ ਦਾ ਅਧਿਕਾਰ ਹੈ, ਉਸ ਨੂੰ (ਸਹੀ ਜਾਂ ਬੁਰੇ) ਫਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਇਸੇ 'ਕਰਮ ਯੋਗ' ਨਾਲ 'ਸਾਂਖ ਯੋਗ' ਅਤੇ 'ਧਿਆਨ ਯੋਗ' ਦੇ ਜੁੜਨ ਦੇ ਫਲ ਸਰੂਪ 'ਆਤਮ ਗਿਆਨ' ਦੀ ਪ੍ਰਾਪਤੀ ਹੋ ਸਕਦੀ ਹੈ। ਅਜਿਹੇ 'ਆਤਮ ਗਿਆਨ' ਦੀ ਸਹੀ ਵਰਤੋਂ ਹੀ ਸੱਚੀ 'ਭਗਵਦ-ਭਗਤੀ' (ਭਗਵਾਨ ਦੀ ਭਗਤੀ) ਹੈ। ਭਗਵਾਨ ਕ੍ਰਿਸ਼ਣ ਦੇ ਕਥਨਾਂ ਨੂੰ ਆਧਾਰ ਬਣਾ ਕੇ ਸ੍ਰੀਮਦ ਭਗਵਦ ਗੀਤਾ ਦੇ ਵਿਆਖਿਆਕਾਰਾਂ ਨੇ ਦ੍ਵੈਤ, ਅਦ੍ਵੈਤ ਅਤੇ ਵਿਸ਼ਿਸ਼ਟ-ਅਦ੍ਵੈਤ ਮੱਤਾਂ ਦਾ ਪ੍ਰਤਿਪਾਦਨ ਕੀਤਾ ਹੈ।

ਅੰਤਿਮ ਸਮਾਂ

ਕੁਰੁਕਖੇਤਰ ਯੁੱਧ ਸਮਾਪਤ ਹੋ ਜਾਣ ਮਗਰੋਂ ਸ੍ਰੀ ਕ੍ਰਿਸ਼ਣ ਦੀ ਪ੍ਰੇਰਨਾ ਦੇ ਫਲਸਰੂਪ ਮਹਾਰਾਜਾ ਯੁਧਿਸ਼ਟਰ ਨੇ ਅਸ਼੍ਵਮੇਧ ਯੱਗ ਕੀਤਾ। ਫੇਰ ਉਹ ਆਪਣੇ ਰਿਸ਼ਤੇਦਾਰਾਂ ਸਮੇਤ ਦੁਆਰਕਾ

ਪਰਤ ਆਏ ਅਤੇ ਲੋਕ ਭਲਾਈ ਦੇ ਕਾਰਜਾਂ ਵਿਚ ਜੁਟ ਗਏ। ਇਨ੍ਹਾਂ ਵਿੱਚੋਂ ਵਰਣਨ ਯੋਗ ਕਾਰਜ ਸੀ 'ਸ਼ਰਾਬ ਬਣਾਉਣ ਉੱਤੇ ਪਾਬੰਦੀ' (ਮਹਾਭਾਰਤ, ਮੌਸਲ ਪਰਵ; ਪਹਿਲਾ ਅਧਿਆਇ, ਸ਼ਲੋਕ 29-31)[21] ਕੁਝ ਵਰ੍ਹਿਆਂ ਮਗਰੋਂ ਉਨ੍ਹਾਂ ਦੇ ਵੱਡੇ ਭਰਾ ਬਲਰਾਮ ਜੀ ਵੀ ਪਰਲੋਕ ਸਿਧਾਰ ਗਏ। ਸ੍ਰੀ ਕ੍ਰਿਸ਼ਣ ਦੀ ਆਪਣੀ ਉਮਰ ਵੀ ਲਗਭਗ 125 ਵਰ੍ਹੇ ਹੋ ਗਈ ਸੀ। ਉਨ੍ਹਾਂ ਨੂੰ ਯੋਗ ਰਾਹੀਂ ਅੰਤਿਮ ਸਾਹ ਲੈਣ ਦੀ ਤਿਆਰੀ ਕਰਦਿਆਂ ਵੇਖ ਕੇ ਸ੍ਰੀ ਕ੍ਰਿਸ਼ਣ ਦੇ ਮਿੱਤਰ ਉੱਧਵ ਨੇ ਆਖਿਆ, "ਮੈਨੂੰ ਵੀ ਆਪਣੇ ਨਾਲ ਲੈ ਚੱਲੋ।" ਦਾਰਸ਼ਨਿਕ ਕ੍ਰਿਸ਼ਣ ਨੇ ਉਸ ਨੂੰ ਆਤਮਬੋਧ ਕਰਵਾਇਆ। ਉਨ੍ਹਾਂ ਦੇ ਇਹ ਉਪਦੇਸ਼ 'ਉੱਧਵ ਗੀਤਾ' ਜਾਂ 'ਅਵਧੂਤ ਗੀਤਾ' ਦੇ ਨਾਂ ਹੇਠ ਪ੍ਰਾਪਤ ਹਨ।

ਚਿੰਤਨ-ਅਵਸਥਾ ਵਿਚ ਲੀਨ ਸ੍ਰੀ ਕ੍ਰਿਸ਼ਣ ਪਿੱਪਲ ਦੇ ਇਕ ਰੁੱਖ ਹੇਠ ਲੇਟੇ ਹੋਏ ਸਨ। ਉਨ੍ਹਾਂ ਨੇ ਆਪਣੇ ਸੱਜੇ ਪੱਟ ਉੱਤੇ ਖੱਬਾ ਪੈਰ ਧਰਿਆ ਹੋਇਆ ਸੀ। 'ਜਰਾ' ਨਾਂ ਦੇ ਇਕ ਸ਼ਿਕਾਰੀ ਨੇ ਉਨ੍ਹਾਂ ਨੂੰ ਹਿਰਨ ਸਮਝ ਕੇ ਇਕ ਤੀਰ ਛੱਡਿਆ, ਜਿਹੜਾ ਕਿ ਉਨ੍ਹਾਂ ਦੇ ਖੱਬੇ ਪੈਰ ਦੀ ਤਲੀ ਵਿਚ ਖੁਭ ਗਿਆ। ਨਤੀਜੇ ਵਜੋਂ ਖ਼ੂਨ ਦੀ ਧਾਰ ਵਗ ਪਈ। ਸ਼ਿਕਾਰੀ ਨੇ ਆ ਕੇ ਆਪਣੀ ਗਲਤੀ ਮਹਿਸੂਸ ਕੀਤੀ ਅਤੇ ਰੋਂਦਿਆਂ ਹੋਇਆਂ ਖਿਮਾ-ਜਾਚਨਾ ਕੀਤੀ। ਪਰ ਸ੍ਰੀ ਕ੍ਰਿਸ਼ਣ ਨੇ ਉਸ ਨੂੰ ਧਰਵਾਸਾ ਦਿੰਦਿਆਂ ਆਖਿਆ, "ਭਰਾਵਾ! ਹੋਣੀ ਸਿਰ ਚੜ੍ਹ ਕੇ ਬੋਲਦੀ ਹੈ।" ਇਹ ਆਖ ਕੇ ਭਗਵਾਨ ਕ੍ਰਿਸ਼ਣ ਨੇ ਆਪਣੀ ਜੀਵਨ-ਲੀਲਾ ਖ਼ੁਦ-ਬ-ਖ਼ੁਦ ਸਮੇਟ ਲਈ। ਦੁਆਰਕਾ ਨਗਰੀ ਵਿਖੇ ਸ੍ਰੀ ਕ੍ਰਿਸ਼ਣ ਦੇ ਸਾਰਥੀ ਦਾਰੁਕ ਰਾਹੀਂ ਇਹ ਸ਼ੋਕ ਸੰਦੇਸ਼ ਪਹੁੰਚਿਆ ਤਾਂ ਹਾਹਾਕਾਰ ਮਚ ਗਿਆ। ਕੁਝ ਚਿਰ ਮਗਰੋਂ ਦੁਆਰਕਾ ਨਗਰੀ ਵੀ ਸਮੁੰਦਰੀ ਤੂਫ਼ਾਨ ਵਿਚ ਡੁੱਬ ਗਈ।

'ਭਵਿਸ਼ਜ ਪੁਰਾਣ' ਦੀ ਇਕ ਪ੍ਰਤੀ (ਅਧਿ. 1.3.81) ਵਿਚ ਦਰਜ ਹੈ ਕਿ ਸ੍ਰੀ ਕ੍ਰਿਸ਼ਣ ਦਾ ਅਕਾਲ ਚਲਾਣਾ 135 ਵਰ੍ਹੇ ਦੀ ਉਮਰ ਵਿਚ ਹੋਇਆ। ਉਹ ਅਰਜੁਨ ਤੋਂ ਉਮਰ ਵਿਚ ਤਿੰਨ ਮਹੀਨੇ ਵੱਡੇ ਸਨ।[22]

ਸ੍ਰੀ ਕ੍ਰਿਸ਼ਣ ਦੇ ਕੁਝ ਹੋਰ ਲੋਕ ਪੱਖੀ ਰੂਪ

ਭਗਵਾਨ ਜਗਨ ਨਾਥ : ਉੜੀਸਾ ਰਾਜ ਵਿਚ 'ਜਗਨ ਨਾਥ ਪੁਰੀ' ਨਾਂ ਦਾ ਇਕ ਪ੍ਰਸਿੱਧ ਸ਼ਹਿਰ ਹੈ। ਉੜੀਆ ਭਾਸ਼ਾ ਦੇ ਕਵੀ ਪਰਸ਼ੁਰਾਮ-ਆਚਾਰਿਆ ਦੇ ਹੱਥ-ਲਿਖਿਤ ਗ੍ਰੰਥ 'ਪਰਸ਼ੁਰਾਮ ਸਾਗਰ' ਵਿਚ ਪ੍ਰਾਪਤ ਦਸ ਅਵਤਾਰਾਂ ਦੀ ਸੂਚੀ ਵਿਚ 'ਬੁੱਧ' ਦੀ ਥਾਂ ਤੇ 'ਜਗਨ ਨਾਥ' ਦਾ ਉਲੇਖ ਹੋਇਆ ਹੈ। ਪਰ ਵੱਲਭਾਚਾਰੀਆ ਜੀ ਦੇ ਪੁੱਤਰ ਸ੍ਰੀ ਗਿਰਧਰ ਨੇ ਆਪਣੇ ਕਾਵਿਮਈ ਗ੍ਰੰਥ 'ਰਾਗ ਕਲਪਦ੍ਰਮ' (ਜਿਲਦ ਪਹਿਲੀ, ਪੰਨਾ 96, ਪਦ 1) ਵਿਚ ਜਗਨਨਾਥ ਪੁਰੀ ਦੇ ਮੰਦਿਰ ਦਾ ਵੇਰਵਾ ਅਤੇ ਉੱਥੇ ਬਿਰਾਜਮਾਨ ਮੂਰਤੀਆਂ ਦਾ ਉਲੇਖ ਕੀਤਾ ਹੈ। ਉਹ ਵੇਰਵਾ ਵਾਰਤਕ ਵਿਚ ਪੇਸ਼ ਹੈ :

"(ਜਗਨਨਾਥ ਰੂਪੀ) ਬਾਲ ਪੁਰਸ਼ੋਤਮ ਮਹਾ ਪ੍ਰਭੂ ਉਤਕਲ ਦੇਸ਼ ਦੇ ਨੀਲ ਪਰਬਤ ਉੱਤੇ ਸਮੁੰਦਰ ਦੇ ਕੰਢੇ 'ਤੇ ਬਿਰਾਜਮਾਨ ਹਨ। ਉਨ੍ਹਾਂ ਨੂੰ ਜਗਨਨਾਥ, ਬਲਭਦ੍ਰ ਅਤੇ ਸੁਭਦ੍ਰਾ ਦੇ ਚਰਣ-ਕਮਲਾਂ ਦਾ ਧਿਆਨ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਨੇੜੇ ਹੀ ਸੁਦਰਸ਼ਨ (ਚੱਕਰ), ਸਤਜਭਾਮਾ ਅਤੇ ਸਮੁਦ੍ਰ ਕੁਮਾਰ ਉਪਸਥਿਤ ਹਨ। ਮੰਦਿਰ ਦੇ ਵਿਚਕਾਰ ਰਤਨ-ਸਿੰਘਾਸਨ ਉੱਤੇ ਪ੍ਰਭੂ ਟਿਕੇ ਹੋਏ ਹਨ। ਉਹ ਲਕਸ਼ਮੀ ਜੀ ਦੇ ਹੱਥੋਂ ਤਿਆਰ ਕੀਤੇ ਹੋਏ ਸ਼ਟ-ਰਸ (ਛੇ ਰਸਾਂ ਵਾਲੇ) ਭੋਜਨ ਅਤੇ ਕਰਮਾ ਬਾਈ ਦੀ ਖਿਚੜੀ ਪ੍ਰੇਮ ਪੂਰਬਕ ਛਕਦੇ ਹਨ।"[23]

ਵੱਲਭ ਆਚਾਰੀਆ ਜੀ ਦਾ ਜੀਵਨ ਕਾਲ ਸੰਨ 1479 ਤੋਂ 1531 ਈਸਵੀ ਮੰਨਿਆ ਜਾਂਦਾ ਹੈ। ਇਹ ਸੂਰਦਾਸ ਆਦਿ ਅੱਠ ਭਗਤਾਂ (ਅਸ਼ਟ ਛਾਪ ਸੰਪ੍ਰਦਾਇ) ਦੇ ਗੁਰੂ ਸਨ। ਵੱਲਭ-ਆਚਾਰੀਆ ਜੀ ਦੇ ਪੁੱਤਰ ਗਿਰਧਰ ਜੀ ਵੀ 15ਵੀਂ ਸਦੀ ਵਿਚ ਹੋਏ ਹਨ। ਇਸ ਤੋਂ ਇਹ ਪ੍ਰਮਾਣਿਤ ਹੋ ਜਾਂਦਾ ਹੈ ਕਿ ਉਸ ਵੇਲੇ ਤਕ 'ਸ੍ਰੀ ਕ੍ਰਿਸ਼ਣ' ਨੂੰ ਹੀ 'ਜਗਨ ਨਾਥ' ਆਖਿਆ ਜਾਣ ਲੱਗ ਪਿਆ ਸੀ।

ਮਹਾਭਾਰਤ ਦੇ ਆਦਿ ਪਰਵ (ਅਧਿ. 196, ਸ਼ਲੋਕ 32 ਤੇ 33) ਵਿਚ ਇਹ ਦੱਸਿਆ ਗਿਆ ਹੈ ਕਿ ਭਗਵਾਨ ਨਰਾਇਣ ਦੇ ਚਿੱਟੇ ਕੇਸ ਤੋਂ ਬਲਰਾਮ ਦਾ ਅਤੇ ਕਾਲੇ ਕੇਸ ਤੋਂ ਪੂਰਨ ਪੁਰਸ਼ੋਤਮ ਭਗਵਾਨ ਕ੍ਰਿਸ਼ਣ ਦਾ ਆਵਿਰਭਾਵ (ਉਤਪਤੀ) ਹੋਇਆ। ਇਹ ਕਥਨ ਕੇਵਲ ਦੋਵੇਂ ਭਰਾਵਾਂ ਦੇ ਰੰਗਾਂ ਦੀ ਪ੍ਰਤੀਕਾਤਮਕਤਾ (Allegorical Aspect) ਵੱਲ ਹੀ ਇਸ਼ਾਰਾ ਨਹੀਂ ਕਰਦਾ, ਸਗੋਂ ਇਸ ਸੰਦਰਭ ਦੀ ਲੋਅ ਵਿਚ ਦੋਨਾਂ ਨੂੰ ਭਗਵਾਨ ਵਿਸ਼ਨੂ ਦੇ ਦਸ ਅਵਤਾਰਾਂ ਵਿਖੇ ਵੀ ਥਾਂ ਦਿੱਤੀ ਜਾਣ ਲੱਗ ਪਈ। 'ਵਿਸ਼ਨੂ ਪੁਰਾਣ', 'ਬ੍ਰਹਮਵੈਵਰਤ ਪੁਰਾਣ', 'ਭਾਗਵਤ ਪੁਰਾਣ' ਅਤੇ 'ਹਰਿਵੰਸ਼ ਪੁਰਾਣ' ਵਿਚ ਸ੍ਰੀ ਕ੍ਰਿਸ਼ਣ ਦੀ ਗਿਣਤੀ ਦਸ ਅਵਤਾਰਾਂ ਵਿਚ ਹੋਈ ਹੈ। ਪਰ ਇਕ ਦਿਗੰਬਰ ਜੈਨ ਅਮਿਤਗਤਿ ਨਾਂ ਦੇ ਵਿਅਕਤੀ ਵੱਲੋਂ ਲਿਖੀ ਹੋਈ 'ਧਰਮ ਪਰੀਕਸ਼ਾ' (ਸੰਮਤ 1070 ਬਿ.) ਵਿਖੇ ਦਸ ਅਵਤਾਰਾਂ ਵਿਚ 'ਸ੍ਰੀ ਕ੍ਰਿਸ਼ਣ' ਦੀ ਥਾਂ ਤੇ 'ਬਲਰਾਮ' ਦਾ ਨਾਂ ਮਿਲਦਾ ਹੈ।[24] ਬੰਗਾਲ ਦੇ ਕਵੀ ਗੁਰੂ ਜਯਦੇਵ (12ਵੀਂ ਸਦੀ ਬਿ.) ਦੀ ਰਚਨਾ 'ਗੀਤ ਗੋਵਿੰਦ' ਵਿਚ ਅੱਠਵਾਂ ਅਵਤਾਰ 'ਬਲਰਾਮ' ਨੂੰ, ਨੌਵਾਂ ਅਵਤਾਰ 'ਬੁੱਧ' ਨੂੰ ਅਤੇ ਦਸਵਾਂ ਅਵਤਾਰ 'ਕਲਿਕ ਕ੍ਰਿਸ਼ਣ' ਨੂੰ ਦੱਸਿਆ ਗਿਆ ਹੈ। 12ਵੀਂ ਈਸਵੀ ਵਿਚ ਰਚੀ ਗਈ ਨਿਰੰਜਨ ਦੇਵ ਨਾਂ ਦੇ 'ਧਰਮ ਠਾਕੁਰ ਸੰਪ੍ਰਦਾਇ' ਨਾਲ ਸੰਬੰਧਿਤ ਕਵੀ ਦੀ ਰਚਨਾ 'ਧਰਮ ਪੂਜਾ ਵਿਧਾਨ' ਵਿਚ ਵੀ ਅੱਠਵੇਂ ਅਵਤਾਰ ਦੇ ਰੂਪ ਵਿਚ 'ਹਲਧਰ' (ਬਲਰਾਮ) ਦਾ ਉਲੇਖ ਹੋਇਆ ਹੈ। ਹਿੰਦੀ ਸਾਹਿਤ ਦੇ 'ਵੀਰ ਗਾਥਾ ਕਾਲ' (ਸੰਮਤ 1050–1375 ਬਿ.) ਦੇ ਕਵੀ ਚੰਦ੍ਰ ਵਰਦਾਈ ਨੇ ਆਪਣੇ ਮਹਾਕਾਵਿ 'ਪ੍ਰਿਥਵੀ ਰਾਜ ਰਾਸੋ' (ਦੂਸਰਾ ਸਮਯ, ਪਦ 10) ਵਿਖੇ ਸ੍ਰੀ ਕ੍ਰਿਸ਼ਣ ਦੀ ਥਾਂ ਤੇ ''ਹਲਧਰ-ਬਲਰਾਮ'' ਨੂੰ ਵਿਸ਼ਨੂ ਦਾ ਅਵਤਾਰ ਦੱਸਿਆ ਹੈ।[25]

ਇੰਞ ਜਾਪਦਾ ਹੈ ਕਿ ਇਸ ਦੁਵੱਲੀ ਨੂੰ ਦੂਰ ਕਰਨ ਲਈ ਹੀ ਸਨਾਤਨ ਧਰਮੀ ਸਮੋਣਵਾਦੀ ਦ੍ਰਿਸ਼ਟੀ ਅਨੁਸਾਰ 'ਜਗਨਨਾਥ ਪੁਰੀ' ਦੇ ਨੀਲ ਪਰਬਤ ਮੰਦਿਰ ਦੀ ਉਸਾਰੀ ਦਾ ਵਿਚਾਰ ਬਣਿਆ। ਜਿਵੇਂ ਤ੍ਰੇਤਾ ਯੁਗ ਵਿਚ ਭਗਵਾਨ ਰਾਮ ਨੇ ਆਪਣੇ ਸੌਤੇਲੇ ਭਰਾਵਾਂ ਲਛਮਣ, ਭਰਤ ਅਤੇ ਸ਼ਤਰੂਘਣ ਨਾਲ ਇੱਕਮਿੱਕਤਾ ਵਿਖਾਈ ਸੀ, ਉਸੇ ਆਦਰਸ਼ ਦੀ ਸਥਾਪਨਾ ਲਈ ਇੱਕੋ ਥਾਂ ਤੇ ਸ੍ਰੀ ਕ੍ਰਿਸ਼ਣ (ਜਗਨ ਨਾਥ), ਬਲਰਾਮ ਅਤੇ ਸੁਭਦ੍ਰਾ ਦੀਆਂ ਮੂਰਤੀਆਂ ਸਥਾਪਿਤ ਕਰਨ ਦਾ ਸੰਕਲਪ ਪੂਰਾ ਕੀਤਾ ਗਿਆ। ਪੌਰਾਣਿਕ ਸੰਦਰਭਾਂ ਅਤੇ ਮਹਾਭਾਰਤ ਤੋਂ ਇਹ ਪ੍ਰਮਾਣ ਮਿਲਦੇ ਹਨ ਕਿ ਬਲਰਾਮ ਅਤੇ ਸੁਭਦ੍ਰਾ ਦਾ ਜਨਮ ਰੋਹਿਣੀ ਦੀ ਕੁੱਖੋਂ ਹੋਇਆ ਸੀ, ਜੋ ਕਿ ਵਸੁਦੇਵ ਜੀ ਦੀ ਪਤਨੀ ਅਤੇ ਦੇਵਕੀ ਜੀ ਦੀ ਸੌਕਣ ਸੀ।

ਬਿਕਰਮੀ ਸੰਮਤ ਦੇ ਹਾੜ ਮਹੀਨੇ ਦੇ ਚਾਨਣੇ ਪੱਖ ਦੀ ਦੂਜ ਤੋਂ ਇਕਾਦਸ਼ੀ ਤਕ ਚਲਣ ਵਾਲਾ ਪੁਰੀ (ਉੜੀਸਾ) ਦਾ 'ਰਥ ਉਤਸਵ' ਮਹਾ ਪ੍ਰਭੂ ਸੁਆਮੀ ਪ੍ਰਭੂਪਾਦ ਜੀ ਵੱਲੋਂ ਸਥਾਪਿਤ 'ਇਸਕੌਨ' (International Society for Krishna Consciousness) ਦੇ ਪ੍ਰਯਤਨਾਂ

ਕਾਰਨ ਵਿਸ਼ਵ ਵਿਆਪੀ ਰੂਪ ਧਾਰਨ ਕਰ ਚੁੱਕਿਆ ਹੈ। ਭਾਰਤੀ ਪੰਚਾਂਗਾਂ ਵਿਖੇ ਇਨ੍ਹਾਂ ਨੌ ਦਿਨਾਂ ਨੂੰ 'ਗੁਪਤ ਨਵਰਾਤ੍ਰ' ਸੱਦਿਆ ਜਾਂਦਾ ਹੈ। 'ਰਥ ਯਾਤਰਾ ਉਤਸਵ' ਅਤੇ 'ਗੁਪਤ ਨਵਰਾਤ੍ਰ' ਪਿੱਛੇ ਲੁਕੀ ਭਗਤਾਂ ਦੀ ਮਨੋਹਰ ਕਲਪਨਾ ਨੂੰ ਅਸੀਂ ਇਕ ਲੇਖ ਵਿਚ ਇਸ ਪ੍ਰਕਾਰ ਉਲੀਕਿਆ ਹੈ :

''ਭਗਵਾਨ ਕ੍ਰਿਸ਼ਣ ਦੇ ਪਿਤਾ ਦਾ ਨਾਂ ਵਸੁਦੇਵ ਜੀ ਅਤੇ ਮਾਤਾ ਦਾ ਨਾਂ ਦੇਵਕੀ ਜੀ ਸੀ। ਇਨ੍ਹਾਂ ਦੋਨਾਂ ਨੂੰ ਦੇਵਕੀ ਜੀ ਦੇ ਤਾਏ ਦੇ ਪੁੱਤਰ ਕੰਸ ਨੇ ਆਪਣੀ ਮੌਤ ਬਾਰੇ ਆਕਾਸ਼ਬਾਣੀ ਸੁਣ ਕੇ ਲੰਮੇ ਸਮੇਂ ਤਕ ਮਥੁਰਾ ਵਿਖੇ ਕੈਦ ਰੱਖਿਆ। ਆਪਣੀਆਂ ਪਹਿਲੀਆਂ ਸੱਤ ਸੰਤਾਨਾਂ ਤੋਂ ਬਾਅਦ ਅੱਠਵੇਂ ਬੱਚੇ ਦੀ ਰੱਖਿਆ ਲਈ ਵਸੁਦੇਵ ਜੀ ਅਤੇ ਦੇਵਕੀ ਜੀ ਨੇ ਜ਼ਰੂਰ-ਬਰ-ਜ਼ਰੂਰ ਕੋਈ ਵਿਉਂਤ, ਉਸ ਦੇ ਜਨਮ ਤੋਂ ਪਹਿਲਾਂ ਹੀ ਘੜੀ ਹੋਵੇਗੀ। ਬਾਲਕ ਦਾ ਜਨਮ ਮਾਂ ਦੀ ਕੁੱਖ ਵਿਚ ਆਉਣ ਤੋਂ ਨੌ ਮਹੀਨੇ ਬਾਅਦ ਹੁੰਦਾ ਹੈ। ਇਸ ਯੋਜਨਾ ਦਾ ਰਹੱਸ ਕਿਸੇ ਨੂੰ ਪਤਾ ਨਾ ਚਲਿਆ ਜਾਂ ਇਹ ਤੱਥ (fact) ਗੁਪਤ ਰਿਹਾ ਅਤੇ ਨੌ ਮਹੀਨੇ ਤਕ ਮਾਂ ਦੇ ਗਰਭ ਵਿਚ ਪਲਣ ਵਾਲਾ ਬਾਲਕ ਕ੍ਰਿਸ਼ਣ ਜਨਮ ਤੋਂ ਕੁਝ ਹੀ ਘੰਟਿਆਂ ਬਾਅਦ ਯਸ਼ੋਦਾ ਜੀ ਕੋਲ ਪਹੁੰਚ ਗਿਆ। ਇਸ ਪ੍ਰਕਾਰ 'ਨਵਮਾਸ ਪਾਲਿਤ' (ਨੌ ਮਹੀਨਿਆਂ ਤਕ ਕੁੱਖ ਵਿਚ ਪਾਲਿਆ) ਦਾ ਬੋਧਕ ਸ਼ਬਦ 'ਨਵਰਾਤ੍ਰ' (ਨੌਰਾਤੇ) ਬਣ ਗਿਆ। 'ਗੁਪਤ' (ਯੋਜਨਾ ਸੰਬੰਧੀ) ਸ਼ਬਦ 'ਨਵਰਾਤ੍ਰ' ਦੇ ਮੂਹਰੇ ਜੁੜ ਗਿਆ। ਸ੍ਰੀ ਕ੍ਰਿਸ਼ਣ ਦਾ ਜਨਮ ਭਾਦੋਂ ਬਦੀ ਅਸ਼ਟਮੀ ਨੂੰ ਹੋਇਆ ਸੀ। 'ਜਗਨ ਨਾਥ ਪੁਰੀ ਦਾ ਰਥ ਯਾਤਰਾ ਮਹਾ-ਉਤਸਵ' ਉਸ ਤਿਥ (Lunar Month's Date) ਤੋਂ ਲਗਭਗ 50-51 ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਜਗਨ ਨਾਥ ਜੀ ਦੇ (ਉਸ ਸਮੇਂ) ਮਾਸੀ ਦੇ ਘਰ ਜਾਣ ਦੀ ਲੋਕ ਕਥਾ 'ਤੇ ਆਧਾਰਿਤ ਪ੍ਰਸੰਗ ਭਗਵਾਨ ਕ੍ਰਿਸ਼ਣ ਦਾ ਧਾਯ ਮਾਂ (ਪਾਲਣ ਕਰਨ ਵਾਲੀ ਮਾਤਾ) ਯਸ਼ੋਦਾ ਕੋਲ ਪਹੁੰਚਣ ਵੱਲ ਸੰਕੇਤ ਕਰਦਾ ਹੈ ਤਾਂ ਦੂਜੇ ਪਾਸੇ ਸਮਝਦਾਰ ਮਾਂ ਦੇਵਕੀ ਅਤੇ ਪਿਉ ਵਸੁਦੇਵ ਜੀ ਦੀ ਪਹਿਲੋਂ ਘੜੀ ਵਿਉਂਤ (ਪੂਰਵ ਨਿਯੋਜਨ) ਦੀ ਵੀ ਸਾਖੀ ਭਰਦਾ ਹੈ : ''ਭਾਰਤੀ ਜੰਤਰੀਆਂ ਵਿਚ ਅੰਕਿਤ 'ਗੁਪਤ ਨਵਰਾਤ੍ਰ' ਸ਼ਬਦ।''[26]

ਮਹਾਰਾਸ਼ਟਰ ਵਿਖੇ ਸ੍ਰੀ ਕ੍ਰਿਸ਼ਣ

ਮਹਾਰਾਸ਼ਟਰ ਵਿਚ ਪ੍ਰਚੱਲਿਤ ਸਾਲਿਵਾਹਨ ਸ਼ੱਕ ਸੰਮਤ ਅਨੁਸਾਰ ਸ੍ਰੀ ਕ੍ਰਿਸ਼ਣ ਦਾ ਜਨਮ ਉਤਸਵ ਸੌਣ ਮਹੀਨੇ ਦੀ ਅਸ਼ਟਮੀ ਨੂੰ ਮਨਾਇਆ ਜਾਂਦਾ ਹੈ, ਪਰ ਦਿਨ ਅਤੇ ਅੰਗਰੇਜ਼ੀ ਮਹੀਨੇ ਦੀ ਤਾਰੀਖ਼ ਉਹੀ ਹੁੰਦੀ ਹੈ, ਜਿਹੜੀ ਕਿ ਬਿਕਰਮੀ ਚੰਨ ਵਰ੍ਹੇ (Vikrami Lunar Year) ਦੇ ਭਾਦੋਂ ਬਦੀ ਅਸ਼ਟਮੀ (Eight Day) ਨੂੰ। ਇਸ ਨੂੰ 'ਸ੍ਰੀ ਕ੍ਰਿਸ਼ਣ ਜਨਮ ਅਸ਼ਟਮੀ' ਤੋਂ ਇਲਾਵਾ 'ਗੋਕੁਲ ਅਸ਼ਟਮੀ' ਵੀ ਸੱਦਿਆ ਜਾਂਦਾ ਹੈ। ਉਸੇ ਸਿਲਸਿਲੇ ਵਿਚ ਥਾਓਂ ਥਾਂਈਂ ਭਗਤ ਮੰਡਲੀਆਂ ਵੱਲੋਂ 'ਦਧਿ ਹਾਂਡੀ ਮੁਕਾਬਲੇ' ਵੀ ਕਰਵਾਏ ਜਾਂਦੇ ਹਨ, ਜਿਨ੍ਹਾਂ ਤੋਂ ਬਾਲ ਅਵਸਥਾ ਦੇ ਸ੍ਰੀ ਕ੍ਰਿਸ਼ਣ ਦੇ ਗੁਆਲਿਆਂ ਸਮੇਤ ਦੋਧੀਆਂ ਦੇ ਘਰ ਜਾ ਕੇ ਦਹੀਂ ਅਤੇ ਮੱਖਣ ਖਾਣ ਦਾ ਪ੍ਰਸੰਗ ਚੇਤੇ ਆ ਜਾਂਦਾ ਹੈ। ਇਸ ਸਭ ਕੁਝ ਦੇ ਬਾਵਜੂਦ ਮਹਾਰਾਸ਼ਟਰ ਵਿਖੇ ਕਿਤੇ-ਕਿਤੇ ਹੀ ਅਜਿਹੇ ਮੰਦਿਰ ਉਸਾਰੇ ਗਏ ਹਨ, ਜਿਨ੍ਹਾਂ ਨੂੰ 'ਸ੍ਰੀ ਕ੍ਰਿਸ਼ਣ ਮੰਦਿਰ' ਆਖਿਆ ਜਾਂਦਾ ਹੈ। ਇਸ ਪ੍ਰਾਂਤ ਵਿਚ ਅਤੇ ਇਸ ਦੇ ਨਾਲ ਲੱਗਦੇ 'ਕਰਨਾਟਕ ਰਾਜ' ਵਿਚ ਬਹੁਤੇ ਮੰਦਿਰ ਭਗਵਾਨ ਵਿੱਠਲ ਦੇ ਹੀ ਮਿਲਦੇ ਹਨ। ਅਜਿਹੇ ਮੰਦਿਰਾਂ ਵਿਚ ਭਗਵਾਨ ਵਿੱਠਲ ਆਪਣੇ ਲੱਕ ਉੱਤੇ ਦੋਵੇਂ ਹੱਥ ਧਰ ਕੇ ਰੁਕਮਿਣੀ

ਜੀ ਨਾਲ ਖੜੇ ਹੋਏ ਨਜ਼ਰ ਆਉਂਦੇ ਹਨ। ਕਾਲੇ ਰੰਗ ਦੇ ਵਿੱਠਲ ਦੀ ਮੂਰਤੀ ਇਕ ਇੱਟ ਉੱਤੇ ਧਰੀ ਹੁੰਦੀ ਹੈ। ਇਸੇ ਕਾਰਨ ਮਰਾਠੀ ਭਗਤ ਬਾਣੀ ਵਿਚ ਵਿੱਠਲ ਭਗਵਾਨ ਦਾ ਸਰੂਪ ਇਸ ਪ੍ਰਕਾਰ ਉਲੀਕਿਆ ਗਿਆ ਹੈ :

ਵਿਟੇਵਰੀ ਉਭਾ, ਕਟੀਵਰੀ ਹਾਤ।

ਜੇ ਇਸ ਤੁਕ ਦੇ ਇਕ ਇਕ ਸ਼ਬਦ ਦਾ ਅਰਥ ਕਰੀਏ ਤਾਂ ਇਸ ਪ੍ਰਕਾਰ ਬਣਦਾ ਹੈ :

(ੳ) ਵਿਟੇ + ਵਰੀ (ਇੱਟ ਉੱਤੇ); ਉਭਾ (ਖੜੋਤਾ ਹੋਇਆ)

(ਅ) ਕਟੀ + ਵਰੀ (ਲੱਕ ਉੱਤੇ); ਹਾਤ (ਹੱਥ)[27]

ਭਗਵਾਨ ਵਿੱਠਲ ਦਾ ਪਹਿਲਾ ਮੰਦਿਰ ਸੰਨ 1189 ਵਿਚ ਪੰਢਰ ਪੁਰ (ਜ਼ਿਲ੍ਹਾ ਸੋਲਾਪੁਰ) ਵਿਖੇ ਉਸਾਰਿਆ ਗਿਆ ਸੀ। ਵਿੱਠਲ ਸੰਪ੍ਰਦਾਇ ਦਾ ਪ੍ਰਚਾਰ ਈਸਵੀ ਸੰਨ 1206 ਦੇ ਲਗਭਗ ਪੰਢਰਪੁਰ ਤੋਂ ਹੋਇਆ। ਇਸ ਦੇ ਮੋਢੀ ਪ੍ਰਚਾਰਕ ਕੰਨੜ ਭਾਸ਼ੀ ਸੰਤ ਪੁੰਡਲੀਕ ਨੂੰ ਮੰਨਿਆ ਜਾਂਦਾ ਹੈ। ਵਿੱਠਲ ਸੰਪ੍ਰਦਾਇ ਦੇ ਸੰਤ ਵਿਸ਼ਨੂ ਅਤੇ ਸ਼ਿਵ ਵਿਚਕਾਰ ਕੋਈ ਅੰਤਰ ਨਹੀਂ ਮੰਨਦੇ।[28] ਸੰਤ ਪੁੰਡਲੀਕ ਦੇ ਪ੍ਰਚਾਰ ਕਾਰਨ ਹੀ ਕੁਝ ਵਿਦਵਾਨ ਦੱਸਦੇ ਹਨ ਕਿ ਸੰਸਕ੍ਰਿਤ ਸ਼ਬਦ 'ਵਿਸ਼ਨੂ' ਕੰਨੜ ਭਾਸ਼ਾ ਵਿਚ 'ਵਿੱਟੂ' (ਜਾਂ 'ਬਿੱਟੂ') ਬਣਿਆ ਅਤੇ ਮਰਾਠੀ ਵਿਚ 'ਵਿੱਠਲ' ਬਣ ਗਿਆ।[29] 'ਵਿੱਠਲ' ਮੂਰਤੀ ਦੇ ਸਹੀ ਸਰੂਪ ਦਾ ਵਰਣਨ ਹਿੰਦੀ ਦੇ ਉੱਘੇ ਆਲੋਚਕ ਡਾ. ਵਿਨਯ ਮੋਹਨ ਸ਼ਰਮਾ ਨੇ ਇਸ ਪ੍ਰਕਾਰ ਕੀਤਾ ਹੈ :

''ਮਹਾਰਾਸ਼ਟਰ ਦੇ ਸੰਤਾਂ ਨੇ ਆਮ ਤੌਰ ਤੇ 'ਕ੍ਰਿਸ਼ਣ' ਦੇ ਬਾਲ ਅਤੇ ਮਰਿਆਦਾ ਵਿਚ ਬੰਨ੍ਹੇ ਹੋਏ ਰੂਪ ਨੂੰ ਹੀ ਅਪਣਾਇਆ ਹੈ। ਉਨ੍ਹਾਂ ਨੇ ਉੱਤਰ ਭਾਰਤ ਦੇ 'ਭਾਗਵਤ ਸੰਪ੍ਰਦਾਇ' ਦੇ ਭਗਤਾਂ ਵਾਂਗ ਕ੍ਰਿਸ਼ਣ ਦੇ ਰਾਧਾ ਅਤੇ ਗੋਪੀਆਂ (ਨਾਲ ਸੰਬੰਧਿਤ) ਸ਼ਿੰਗਾਰ ਮੂਲਕ ਭਗਤੀ ਰਸ ਦਾ ਵਿਸ਼ੇਸ਼ ਰੂਪ ਵਿਚ ਸੁਆਦ ਨਹੀਂ ਮਾਣਿਆ। ਇਹੋ ਕਾਰਨ ਹੈ ਕਿ ਪੰਢਰਪੁਰ ਵਿਖੇ ਵਿੱਠਲ (ਕ੍ਰਿਸ਼ਣ) ਦੀ ਮੂਰਤੀ ਦੇ ਲਾਗੇ 'ਰਾਧਾ ਰਾਨੀ' ਦੀ ਬਜਾਏ 'ਰੁਕਮਿਣੀ ਦੇਵੀ' ਵਿਰਾਜਮਾਨ ਹੈ।''[30]

ਵਿੱਠਲ ਜੀ ਦੇ ਭਗਤ ਚਾਨਣੇ ਵਰ੍ਹੇ ਦੇ ਹਾੜ ਮਹੀਨੇ ਦੇ ਸ਼ੁਕਲ ਪੱਖ ਦੀ ਇਕਾਦਸ਼ੀ ਨੂੰ ਆਪਣੇ ਪੂਜਨੀਕ ਦੇਵਤਾ ਦੇ ਦਰਸ਼ਨ ਕਰਨ ਲਈ ਆਪਣੇ-ਆਪਣੇ ਠਿਕਾਣਿਆਂ ਤੋਂ ਪੈਦਲ 'ਪੰਢਰਪੁਰ' ਪਹੁੰਚਦੇ ਹਨ। ਨਿਯਮਿਤ ਰੂਪ ਵਿਚ ਹਰ ਵਰ੍ਹੇ ਇਸ ਮੌਕੇ ਤੇ ਪੈਦਲ ਯਾਤਰਾ ਕਰਨ ਕਾਰਨ ਇਨ੍ਹਾਂ ਨੂੰ 'ਵਾਰਕਰੀ' (ਬਾਰ ਬਾਰ ਕਰਨ ਵਾਲਾ) ਸੱਦਿਆ ਜਾਂਦਾ ਹੈ ਅਤੇ ਹੁਣ 'ਵਿੱਠਲ ਸੰਪ੍ਰਦਾਇ' ਦਾ ਇਕ ਹੋਰ ਨਾਂ 'ਵਾਰਕਰੀ ਸੰਪ੍ਰਦਾਇ' ਵੀ ਪ੍ਰਚੱਲਿਤ ਹੋ ਗਿਆ ਹੈ। ਬਚਿੱਤਰ ਸੰਜੋਗ ਦੀ ਗੱਲ ਹੈ ਕਿ ਉੜੀਸਾ ਦੀ 'ਜਗਨ ਨਾਥ ਯਾਤਰਾ ਮੋਹਤਸਵ' ਹਾੜ ਸੁਦੀ ਇਕਾਦਸ਼ੀ ਨੂੰ ਸੰਪੰਨ ਹੁੰਦਾ ਹੈ ਅਤੇ ਉਸੇ ਦਿਨ ਪੰਢਰਪੁਰ ਵਿਖੇ 'ਵਾਰਕਰੀ ਭਗਤਾਂ ਦਾ ਮੇਲਾ' ਭਰਦਾ ਹੈ।

ਮਹਾਰਾਸ਼ਟਰ ਦੇ 'ਮਹਾਨੁਭਾਵ ਸੰਪ੍ਰਦਾਇ' ਵਿਚ 'ਪੰਚ ਕ੍ਰਿਸ਼ਣ' ਦੀ ਮਾਨਤਾ ਹੈ। ਇਸ ਸੰਪ੍ਰਦਾਇ ਦੇ ਸੰਤ ਸ੍ਰੀ ਕ੍ਰਿਸ਼ਣ ਦੇ ਉਪਰੋ-ਥੱਲੇ ਪੰਜ ਅਵਤਾਰ ਮੰਨਦੇ ਹਨ, ਜੋ ਇਸ ਪ੍ਰਕਾਰ ਹਨ : ਸ੍ਰੀ ਕ੍ਰਿਸ਼ਣ ਚਕਰਵਰਤੀ, ਸ੍ਰੀ ਦੱਤਾਤ੍ਰੇਯ, ਸ੍ਰੀ ਚਾਂਗਦੇਵ, ਸ੍ਰੀ ਗੋਵਿੰਦ ਪ੍ਰਭੂ ਅਤੇ ਸ੍ਰੀ ਚਾਂਗ ਦੇਵ ਰਾਊਲ। ਚਾਂਗਦੇਵ ਨਾਂ ਦੇ ਦੋ ਗੁਰੂਆਂ ਦੇ ਇੱਕੋ ਜਿਹੇ ਨਾ ਹੋਣ ਕਾਰਨ ਇਨ੍ਹਾਂ ਪੰਜ ਕ੍ਰਿਸ਼ਣਾਂ ਦੇ ਨਾਂ ਅੱਗੇ ਉਨ੍ਹਾਂ ਦਾ ਜਨਮ-ਅਸਥਾਨ ਦਰਸਾ ਕੇ ਉਨ੍ਹਾਂ ਦਾ ਅੰਤਰ ਵਿਖਾਇਆ ਜਾਂਦਾ ਹੈ।[31]

ਬੰਗਾਲ ਦੇ 'ਗੌੜੀਯ ਵੈਸ਼ਣਵ ਮਤ' ਵਿਚ ਕ੍ਰਿਸ਼ਣ ਪ੍ਰਤੀ ਰਾਧਾ ਅਤੇ ਗੋਪੀਆਂ ਦੇ ਪ੍ਰੇਮ ਨੂੰ 'ਰਾਗਾਨੁਗਾ ਭਗਤੀ' ਆਖ ਕੇ ਭਗਤੀ ਦਾ ਸਰਬ ਉੱਤਮ ਰੂਪ ਮੰਨਿਆ ਗਿਆ ਹੈ। ਤਮਿਲ ਭਾਸ਼ਾ ਦੇ ਆਲਵਾਰ ਭਗਤਾਂ ਨੇ ਵਿਸ਼ਣੂ ਲਈ 'ਤਿਰੁਮਾਲ' ਅਤੇ 'ਮਾਯੋਨ' ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਭਾਸ਼ਾ ਵਿਚ 'ਕ੍ਰਿਸ਼ਣ' ਨੂੰ 'ਕੰਨਨ' ਅਤੇ 'ਰਾਧਾ' ਨੂੰ 'ਨੱਪਿੰਨੈ' ਸੱਦਿਆ ਗਿਆ ਹੈ।[32] ਤਮਿਲਨਾਡੂ ਦੀ ਰਾਜਧਾਨੀ ਚੰਨੇਈ (ਪੁਰਾਣਾ ਨਾਂ 'ਮਦਰਾਸ') ਵਿਖੇ ਇਕ ਮੰਦਿਰ ਦਾ ਨਾਂ 'ਪਾਰਥਸਾਰਥੀ ਮੰਦਿਰ' ਵੀ ਹੈ। 'ਪਾਰਥ' ਸ਼ਬਦ ਦੀ ਵਰਤੋਂ 'ਅਰਜੁਨ' ਲਈ ਹੁੰਦੀ ਹੈ। ਕੁਰੁਖੇਤਰ ਜੁੱਧ ਵੇਲੇ ਅਰਜੁਨ ਦੇ ਰਥਵਾਨ (ਸਾਰਥੀ) ਸਨ 'ਸ੍ਰੀ ਕ੍ਰਿਸ਼ਣ'। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਮੰਦਿਰ ਸ੍ਰੀ ਕ੍ਰਿਸ਼ਣ ਦਾ ਹੀ ਹੈ।[33]

ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ (ਸੰਪਾ.) *ਮਹਾਨ ਕੋਸ਼*, ਪੰਨਾ 267 ਦੀ ਪੈਰ ਟਿੱਪਣੀ (ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਸੰਨ 1960)।
2. ਸ੍ਰੀਮਤੀ ਗੁਲਾਬ ਮਹਿਤਾ : *ਪ੍ਰਾਸੰਗਿਕ ਕਥਾ ਕੋਸ਼*, ਪੰਨਾ 29 (ਇੰਡੀਅਨ ਪ੍ਰੈਸ ਲਿਮਿਟਿਡ, ਪ੍ਰਯਾਗ; ਸੰਨ 1954)।
3. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, ਪੰਨਾ 160 (ਭਾਰਤੀਯ ਚਰਿਤ੍ਰ ਕੋਸ਼ ਮੰਡਲ, ਪੁਣੇ; ਸੰਨ 1964)।
4. ਲਕਸ਼ਮੀ ਕਾਲ ਨਿਰਣੂਯ, ਸੰਨ 2006 (ਲਕਸ਼ਮੀ ਪ੍ਰਕਾਸ਼ਨ, ਦਿੱਲੀ)।
5. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, ਪੰਨਾ 160.
6. ਭਾਈ ਕਾਨ੍ਹ ਸਿੰਘ (ਸੰਪਾ.) : *ਮਹਾਨ ਕੋਸ਼*, ਪੰਨਾ 265.
7. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, ਪੰਨਾ·160 (ਬ੍ਰਹਮਵੈਵਰਤ ਪੁਰਾਣ 4.1.1 ਦੇ ਅਨੁਸਾਰ)।
8. *ਮਹਾਭਾਰਤ ਕੀ ਨਾਮਾਨੁਕ੍ਰਮਣਿਕਾ*, ਪੰਨਾ 81 (ਗੀਤਾ ਪ੍ਰੈਸ, ਗੋਰਖਪੁਰ; ਸੰਮਤ 2016).
9. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, ਪੰਨਾ 160.
10. (ਕ) ਉਪਰੋਕਤ, ਪੰਨਾ 160 (ਇਸ ਵਿਚ ਸੰਦੀਪਨ ਮੁਨੀ ਦੇ ਪੁੱਤਰ ਦਾ ਨਾਂ 'ਦੱਤ' ਦੱਸਿਆ ਗਿਆ ਹੈ)।
    (ਖ) *ਮਹਾਭਾਰਤ ਕੀ ਨਾਮਾਨੁਕ੍ਰਮਣਿਕਾ*, ਪੰਨਾ 81.
11. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, ਪੰਨਾ 160.
12. ਉਪਰੋਕਤ (ਭਾਗਵਤ ਪੁਰਾਣ, 10.59.33 ਅਤੇ ਵਿਸ਼ਣੂ ਪੁਰਾਣ 5.29.31 ਉੱਤੇ ਆਧਾਰਿਤ ਕਥਨ)।
13. ਉਪਰੋਕਤ, 160.
14. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, ਪੰਨਾ 160.
15. ਡਾ. ਕਪਿਲ ਦੇਵ ਪਾਂਡੇਯ : *ਮਧਯਕਾਲੀਨ ਸਾਹਿਤਯ ਮੇਂ ਅਵਤਾਰਵਾਦ*, ਪੰਨਾ 527 (ਚੌਖੰਬਾ ਵਿਦਯਾਭਵਨ, ਵਾਰਾਣਸੀ, ਸੰਮਤ 2020)।

16-17. ਉਪਰੋਕਤ, ਪੰਨਾ 525.

18. ਉਪਰੋਕਤ, ਪੰਨਾ 160.

19. ਇਹ ਸਾਰੇ ਸੰਦਰਭ (1) ਤੋਂ (7) ਤਕ ਪ੍ਰੈਸ, ਗੋਰਖਪੁਰ ਵੱਲੋਂ ਪ੍ਰਕਾਸ਼ਿਤ 'ਮਹਾਭਾਰਤ ਕੀ ਨਾਮਾਨੁਕ੍ਰਮਣਿਕਾ' ਵਿੱਚੋਂ ਦਿੱਤੇ ਗਏ ਹਨ।
20. *ਸ੍ਰੀਮਦ ਭਗਵਦ ਗੀਤਾ*, ਪੰਨਾ 88 (ਗੀਤਾ ਪ੍ਰੈਸ, ਗੋਰਖਪੁਰ; ਸੰਮਤ 2009)।
21. *ਮਹਾਭਾਰਤ ਕੀ ਨਾਮਾਨੁਕ੍ਰਮਣਿਕਾ*, ਪੰਨਾ 86 (ਉਪਰੋਕਤ)।
22. ਸਿੱਧੇਸ਼੍ਵਰ ਸ਼ਾਸਤ੍ਰੀ : *ਭਾਰਤਵਰਸ਼ੀਯ ਪ੍ਰਾਚੀਨ ਚਰਿਤ੍ਰ ਕੋਸ਼*, 161 (ਭਵਿਸ਼ਯ ਪੁਰਾਣ ਪ੍ਰਤਿ. 1.3.81 ਉੱਤੇ ਆਧਾਰਿਤ ਮਤ)।
23. ਡਾ. ਕਪਿਲ ਦੇਵ ਪਾਂਡੇਯ : *ਮੱਧਯਕਾਲੀਨ ਸਾਹਿਤਯ ਮੇਂ ਅਵਤਾਰਵਾਦ*, ਪੰਨਾ 571-72.
24. ਉਪਰੋਕਤ, ਪੰਨਾ 142.
25. ਉਪਰੋਕਤ, ਪੰਨਾ 148.
26. ਦੈਨਿਕ ਟ੍ਰਿਬਿਊਨ, ਚੰਡੀਗੜ੍ਹ (ਡਾ. ਨਵ ਰਤਨ ਕਪੂਰ : *ਰਥ ਯਾਤਰਾ ਮਹੋਤਸਵ ਔਰ ਗੁਪਤ ਨਵਰਾਤ੍ਰ*), 3 ਜੁਲਾਈ, 2006.
27. ਡਾ. ਨਵ ਰਤਨ ਕਪੂਰ : *ਮਰਾਠੀ ਭਗਤਾਂ ਦੀ ਬਾਣੀ ਦਾ ਵਿਸ਼ਲੇਸ਼ਣ*, ਪੰਨਾ 36 (ਪੰਜਾਬੀ ਯੂਨੀਵਰਸਿਟੀ, ਪਟਿਆਲਾ; ਸੰਨ 2006)।
28. ਸ਼ੰ. ਕੇ. ਆਡਕਰ : *ਹਿੰਦੀ ਨਿਰਗੁਣ ਕਾਵਯ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ*, ਪੰਨਾ 295 (ਇਲਾਹਾਬਾਦ; ਸੰਨ 1972)।
29. (ੳ) ਸ਼ੰ. ਗੋ. ਤੁਲਪੁਲੇ : *ਪ੍ਰਾਚੀਨ ਮਰਾਠੀ ਕੋਰੀਵ ਲੇਖ*, ਪੰਨਾ 179 (ਪੁਣੇ)
    (ਅ) ਆ.ਨਾ.ਦੇ. : *ਪ੍ਰਾਚੀਨ ਮਰਾਠੀ ਵਾਙਮਯਾਚਾ ਇਤਿਹਾਸ, ਖੰਡ ਪਹਿਲਾ*, ਪੰਨਾ 190 (ਨਾਗਪੁਰ; 1966)।
30. ਡਾ. ਵਿਨਯ ਮੋਹਨ ਸ਼ਰਮਾ : *ਹਿੰਦੀ ਕੋ ਮਰਾਠੀ ਸੰਤੋਂ ਕੀ ਦੇਨ* (ਪਟਨਾ; ਸੰਨ 1957)।
31. ਜਾਗ੍ਰਤੀ, ਅਗਸਤ 2005 (ਡਾ. ਨਵ ਰਤਨ ਕਪੂਰ : *ਸ੍ਰੀ ਕ੍ਰਿਸ਼ਣ ਜੀ ਦਾ ਜਨਮ ਦਿਹਾੜਾ*; ਪੰਨਾ 9); ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ।
32. ਡਾ. ਮੁਰਾਰੀ ਲਾਲ ਸ਼ਰਮਾ 'ਸੁਰਸ' : *ਹਿੰਦੀ ਕ੍ਰਿਸ਼ਣ ਕਾਵਯ ਪਰੰਪਰਾ ਕਾ ਸ੍ਵਰੂਪ ਔਰ ਵਿਕਾਸ*, ਪੰਨਾ 54.
33. ਜਾਗ੍ਰਤੀ, ਅਗਸਤ, 2005 (ਡਾ. ਨਵ ਰਤਨ ਕਪੂਰ : *ਸ੍ਰੀ ਕ੍ਰਿਸ਼ਣ ਜੀ ਦਾ ਜਨਮ ਦਿਹਾੜਾ*, ਪੰਨਾ 9).

ਭਗਵਾਨ ਮਹਾਂਵੀਰ

ਸ੍ਰੀਮਤੀ ਸਰੋਜ ਬਾਲਾ ਕਪੂਰ*

'ਤੀਰਥੰਕਰ' ਸ਼ਬਦ ਦਾ ਅਰਥ

ਜੈਨ ਧਰਮ ਵਿਚ 'ਤੀਰਥੰਕਰ' ਉਸ ਮਹਾਪੁਰਖ ਨੂੰ ਸੱਦਿਆ ਜਾਂਦਾ ਹੈ, ਜਿਸ ਨੇ ਚਾਰ ਜੰਗਮ ਤੀਰਥਾਂ ਦੀ ਸਥਾਪਨਾ ਕੀਤੀ ਹੋਵੇ। ਇਸ 'ਤੀਰਥ' ਸ਼ਬਦ ਦਾ ਅਰਥ ਹਿੰਦੂਆਂ ਦੀਆਂ ਅਸ਼ਨਾਨ ਸੰਬੰਧੀ ਪਵਿੱਤਰ ਥਾਂਵਾਂ (ਹਰਦੁਆਰ, ਕਾਸ਼ੀ, ਗਯਾ, ਪੁਸ਼ਕਰ, ਪ੍ਰਯਾਗ, ਨਾਸਿਕ ਆਦਿ) ਤੋਂ ਵੱਖਰਾ ਹੈ। ਜੈਨ ਵਿਚਾਰਧਾਰਾ ਅਨੁਸਾਰ ਇਹ ਚਾਰ ਜੰਗਮ (ਤੁਰਦੇ-ਫਿਰਦੇ) ਤੀਰਥ ਹਨ : ਸ਼੍ਰਮਣ (ਸਾਧੂ), ਸ਼੍ਰਮਣੀ (ਸਾਧਣੀ), ਸ਼੍ਰਾਵਕ (ਗ੍ਰਹਿਸਥੀ ਪੁਰਸ਼) ਅਤੇ ਸ਼੍ਰਾਵਿਕਾ (ਬਾਲ ਬੱਚੇਦਾਰ ਇਸਤਰੀ)। ਇਨ੍ਹਾਂ ਚਹੁੰ ਪ੍ਰਕਾਰ ਦੇ ਵਿਅਕਤੀਆਂ ਨੂੰ ਆਪਣੇ ਉਪਦੇਸ਼ਾਂ ਰਾਹੀ 'ਅਹਿੰਸਾ' (ਜੀਵਾਂ ਉੱਤੇ ਦਯਾ) ਅਤੇ 'ਅਪਰਿਗ੍ਰਹ' (ਤਿਆਗ) ਵੱਲ ਪ੍ਰੇਰ ਕੇ ਸਿੱਧਾ ਰਾਹ ਵਿਖਾਉਣ ਵਾਲੇ 'ਮਹਾਪੁਰਖ' ਨੂੰ ਜੈਨ ਪਾਰਿਭਾਸ਼ਿਕ ਸ਼ਬਦਾਵਲੀ ਵਿਚ 'ਤੀਰਥੰਕਰ' ਸੱਦਿਆ ਜਾਂਦਾ ਹੈ।[1]

ਸੰਜੋਗ ਨਾਲ ਜੈਨ ਤੀਰਥੰਕਰਾਂ ਦੀ ਗਿਣਤੀ ਵੀ ਸਨਾਤਨ ਧਰਮੀਆਂ ਦੇ ਭਗਵਾਨ ਵਿਸ਼ਨੂੰ ਦੇ ਅਵਤਾਰਾਂ ਵਾਂਗ 24 ਹੀ ਹੈ। ਜੈਨ ਧਰਮ ਦੇ ਪਹਿਲੇ ਤੀਰਥੰਕਰ ਰਿਸ਼ਭਦੇਵ ਜੀ ਸਨ ਅਤੇ 24ਵੇਂ ਭਗਵਾਨ ਵਰਧਮਾਨ ਮਹਾਵੀਰ ਜੀ।

ਭਗਵਾਨ ਮਹਾਵੀਰ ਦੀ ਜੀਵਨ ਯਾਤਰਾ

ਭਗਵਾਨ ਮਹਾਵੀਰ ਦਾ ਜਨਮ ਈਸਵੀ ਸੰਨ ਸ਼ੁਰੂ ਹੋਣ ਤੋਂ 599 ਵਰ੍ਹੇ ਪਹਿਲਾਂ ਹੋਇਆ ਸੀ। ਉਸ ਦਿਨ ਚੇਤ ਮਹੀਨੇ ਦੇ ਚਾਨਣੇ ਪੱਖ ਦੀ ਤਰੋਦਸੀ ਸੀ। ਉਨ੍ਹਾਂ ਦੀ ਮਾਤਾ ਦਾ ਨਾਂ ਤ੍ਰਿਸਲਾ ਜੀ ਸੀ, ਜੋ ਕਿ ਵੈਸ਼ਾਲੀ ਗਣਰਾਜ ਦੇ ਹਾਕਮ ਚੇਟਕ ਦੀ ਭੈਣ ਸਨ। ਭਗਵਾਨ ਮਹਾਵੀਰ ਦੇ ਪਿਤਾ ਸਿੱਧਾਰਥ ਜੀ 'ਕਸ਼ਤ੍ਰਿਯ ਕੁੰਡ ਗ੍ਰਾਮ' ਦੇ ਪ੍ਰਮੁਖ ਸਰਦਾਰ ਸਨ। ਉਸ ਵੇਲੇ ਦੇ ਮਗਧ ਪ੍ਰਾਂਤ ਦਾ 'ਕਸ਼ਤ੍ਰਿਯ ਕੁੰਡ ਗ੍ਰਾਮ' ਅਜੋਕੇ ਬਿਹਾਰ ਪ੍ਰਦੇਸ਼ ਦੇ 'ਜਮੂਈ' ਉਪ-ਮੰਡਲ (Sub-Division) ਦੇ ਲੱਛੂਆੜ ਪਿੰਡ ਦੇ ਨੇੜੇ ਹੈ। ਇਸੇ 'ਕਸ਼ਤ੍ਰਿਯ ਕੁੰਡ ਗ੍ਰਾਮ' ਨੂੰ ਭਗਵਾਨ ਮਹਾਵੀਰ ਦਾ ਜਨਮ-ਸਥਾਨ ਮੰਨਿਆ ਜਾਂਦਾ ਹੈ।[2]

ਰਾਜਾ ਸਿੱਧਾਰਥ ਅਤੇ ਰਾਣੀ ਤ੍ਰਿਸ਼ਲਾ ਨੇ ਆਪਣੇ ਵੱਡੇ ਪੁੱਤਰ ਦਾ ਨਾਂ 'ਨੰਦੀਵਰਧਨ' ਰੱਖਿਆ ਹੋਇਆ ਸੀ। ਜਦੋਂ ਉਨ੍ਹਾਂ ਦੇ ਘਰ ਦੂਜੇ ਪੁੱਤਰ ਨੇ ਜਨਮ ਲਿਆ ਤਾਂ ਉਸ ਦਾ ਨਾਂ 'ਵਰਧਮਾਨ' ਰੱਖ ਦਿੱਤਾ ਗਿਆ। ਇਹ ਬਾਲਕ ਅਜੇ ਮਾਂ ਦੀ ਕੁੱਖ ਵਿਚ ਹੀ ਸੀ ਕਿ ਉਸ ਦੇ ਪਿਤਾ ਸਿੱਧਾਰਥ ਦਾ ਰਾਜਸੀ ਪ੍ਰਭਾਵ ਖੂਬ ਫੈਲਣ ਲੱਗਿਆ। ਇਸੇ ਕਾਰਨ ਉਨ੍ਹਾਂ ਨੇ ਨਵੇਂ ਜੰਮੇ

* ਜੀਵਨ ਸੰਤ ਕੁਟੀਆ, 1697, ਮੁਹੱਲਾ ਦੀਵਾਨ ਮੂਲ ਚੰਦ, ਆਰੀਆ ਸਮਾਜ ਦੇ ਨੇੜੇ, ਪਟਿਆਲਾ-147001.

ਆਪਣੇ ਸੁਭਾਗਸ਼ਾਲੀ ਪੁੱਤਰ ਦਾ ਨਾਂ 'ਵਰਧਮਾਨ' ਧਰ ਦਿੱਤਾ।

ਪੰਜ-ਛੇ ਵਰ੍ਹੇ ਦੀ ਉਮਰ ਹੋਣ ਤੇ ਮਾਪਿਆਂ ਨੇ ਵਰਧਮਾਨ ਨੂੰ ਪੜ੍ਹਨ ਲਈ ਪਾਠਸ਼ਾਲਾ ਭੇਜਿਆ। ਪਰ ਉਹ ਤਾਂ ਧੁਰੋਂ ਹੀ ਗਿਆਨਵਾਨ ਸਨ। ਇਸ ਲਈ ਉਨ੍ਹਾਂ ਦੇ ਅਧਿਆਪਕਾਂ ਨੇ ਆਖ ਦਿੱਤਾ ਕਿ ਸੋਲ੍ਹਾਂ ਕਲਾ ਸੰਪੂਰਨ ਇਸ ਬਾਲਕ ਦੇ ਸਾਹਮਣੇ ਸਾਡੀ ਕਿਤਾਬੀ ਸਿੱਖਿਆ ਨਿੱਕੇ ਜਿਹੇ ਦੀਵੇ ਦੀ ਲੋਅ ਵਰਗੀ ਹੈ। ਇਸ ਲਈ ਮਾਪਿਆਂ ਨੇ ਵਰਧਮਾਨ ਜੀ ਨੂੰ ਸਕੂਲੋਂ ਉਠਾ ਲਿਆ।

ਵਰਧਮਾਨ ਜੀ ਦੀ ਦੁਨਿਆਵੀ ਕਾਰਜਾਂ ਵਿਚ ਭੋਰਾ-ਜਿਹਾ ਵੀ ਰੁਚੀ ਨਹੀਂ ਸੀ। ਪਰ ਸੰਸਾਰਿਕ ਰੀਤ ਅਨੁਸਾਰ ਜਵਾਨ ਹੋਣ ਤੇ ਮਾਪਿਆਂ ਵੱਲੋਂ ਜ਼ੋਰ ਪਾਉਣ ਤੇ ਕੇਵਲ ਉਨ੍ਹਾਂ ਦਾ ਦਿਲ ਰੱਖਣ ਲਈ ਉਨ੍ਹਾਂ ਨੇ 'ਯਸ਼ੋਦਾ' ਨਾਂ ਦੀ ਇਕ ਰਾਜ ਕੁਮਾਰੀ ਨਾਲ ਵਿਆਹ ਕਰਵਾ ਲਿਆ। ਯਸ਼ੋਦਾ ਨੇ ਇਕ ਬੇਟੀ ਨੂੰ ਜਨਮ ਦਿੱਤਾ, ਜਿਸ ਦਾ ਨਾਂ 'ਪ੍ਰਿਯ ਦਰਸ਼ਨਾ' ਰੱਖਿਆ ਗਿਆ। ਪ੍ਰਿਯਦਰਸ਼ਨਾ ਦੀ ਸ਼ਾਦੀ ਜਮਾਲਿ ਨਾਲ ਹੋਈ, ਜਿਹੜਾ ਕਿ ਯਸ਼ੋਦਾ ਦਾ ਭਣੇਵਾਂ ਅਤੇ ਉਸ ਦੀ ਭੈਣ ਸੁਦਰਸ਼ਨਾ ਦਾ ਪੁੱਤਰ ਸੀ। ਜਮਾਲਿ ਅਤੇ ਪ੍ਰਿਯਦਰਸ਼ਨਾ ਦੀ ਧੀ ਦਾ ਨਾਂ 'ਸ਼ੇਸ਼ਵਤੀ' ਸੀ। ਕੁਝ ਜੈਨ ਗ੍ਰੰਥਾਂ ਵਿਚ 'ਸ਼ੇਸ਼ਵਤੀ' ਦਾ ਇਕ ਹੋਰ ਨਾਂ 'ਯਸ਼ਵਤੀ' ਵੀ ਮਿਲਦਾ ਹੈ।

ਭਗਵਾਨ ਮਹਾਵੀਰ ਦੇ ਵਿਆਹ ਅਤੇ ਸੰਤਾਨ ਬਾਰੇ ਕੇਵਲ ਸ਼ਤਾਂਬਰ ਸੰਪ੍ਰਦਾਇ ਦੇ ਜੈਨ ਗ੍ਰੰਥਾਂ ਵਿਚ ਹੀ ਉਲੇਖ ਹੋਇਆ ਹੈ। ਦਿਗੰਬਰ ਜੈਨ ਸੋਮਿਆਂ ਅਨੁਸਾਰ ਉਹ ਜੀਵਨ ਭਰ ਕੁਆਰੇ ਹੀ ਰਹੇ। ਜਦੋਂ ਉਹ ਅਠਾਈ ਵਰ੍ਹਿਆਂ ਦੇ ਸਨ ਤਾਂ ਉਨ੍ਹਾਂ ਦੀ ਮਾਤਾ ਤ੍ਰਿਸ਼ਲਾ ਜੀ ਅਤੇ ਪਿਤਾ ਸਿੱਧਾਰਥ ਜੀ ਦਾ ਸੁਰਗਵਾਸ ਹੋ ਗਿਆ। ਉਹ ਉਦੋਂ ਹੀ ਘਰ ਬਾਰ ਛੱਡ ਕੇ ਸ੍ਰਮਣ (ਸਾਧੂ) ਬਣਨਾ ਚਾਹੁੰਦੇ ਸਨ। ਪਰ ਵੱਡੇ ਭਰਾ ਨੰਦੀਵਰਧਨ ਵੱਲੋਂ ਜ਼ੋਰ ਪਾਉਣ ਕਾਰਨ ਉਹ ਗ੍ਰਿਹਸਥ ਵਿਚ ਰਹਿੰਦਿਆਂ ਹੋਇਆਂ ਵੀ ਏਕਾਂਤ ਵਿਚ ਜੀਵਨ ਬਤੀਤ ਕਰਦੇ ਰਹੇ। ਦੋ ਵਰ੍ਹਿਆਂ ਦੇ ਇਸ ਵੈਰਾਗੀ ਜੀਵਨ ਦੌਰਾਨ ਉਨ੍ਹਾਂ ਨੇ ਕੱਚਾ ਜਲ ਪੀਣਾ ਅਤੇ ਰਾਤ ਦਾ ਭੋਜਨ ਛੱਡ ਦਿੱਤਾ। ਇਸ ਦੇ ਨਾਲ ਹੀ ਉਹ ਪੂਰਨ ਬ੍ਰਹਮਚਰਜ ਦਾ ਪਾਲਣ ਵੀ ਕਰਦੇ ਰਹੇ।

ਲਗਭਗ ਬੱਤੀ ਸਾਲ ਦੀ ਉਮਰ ਵਿਚ ਉਹ ਘਰ-ਬਾਰ ਛੱਡ ਕੇ ਜੰਗਲਾਂ ਵਿਚ ਤਪੱਸਿਆ ਕਰਨ ਲਈ ਤੁਰ ਪਏ। ਉਨ੍ਹੀਂ ਦਿਨੀਂ ਕੜਾਕੇ ਦੀ ਠੰਡ ਪੈ ਰਹੀ ਸੀ। ਘਰੋਂ ਤੁਰਦਿਆਂ ਵੇਲੇ ਉਨ੍ਹਾਂ ਨੇ ਜਿਹੜੇ ਸੂਤੀ ਕੱਪੜੇ ਧਾਰਨ ਕੀਤੇ ਹੋਏ ਸਨ, ਉਹੀ 13 ਮਹੀਨਿਆਂ ਤਕ ਸਰੀਰ ਉੱਤੇ ਰੱਖੇ। ਇਸ ਪ੍ਰਕਾਰ ਸਰਦੀ-ਗਰਮੀ ਬਰਦਾਸ਼ਤ ਕਰਨ ਦਾ ਉਨ੍ਹਾਂ ਦਾ ਸੁਭਾਅ ਬਣ ਗਿਆ। ਅਜਿਹੀ ਸਾਧਨਾ ਦੌਰਾਨ ਉਹ ਮੌਨ ਰਹਿੰਦੇ ਸਨ। ਭੋਜਨ ਵੀ ਦਿਨ ਭਰ ਵਿਚ ਇਕ ਵਾਰੀ ਛਕਦੇ ਸਨ ਅਤੇ ਉਬਾਲਿਆ ਹੋਇਆ ਪਾਣੀ ਵੀ ਠੰਡਾ ਹੋਣ ਮਗਰੋਂ ਕੇਵਲ ਤਿੰਨ ਵਾਰੀ ਪੀਂਦੇ ਸਨ। ਉਹ ਕਿਸੇ ਨੂੰ ਵੀ ਮਿਲਣ-ਜੁਲਣ ਤੋਂ ਗੁਰੇਜ਼ ਕਰਦੇ ਸਨ। ਜੇ ਲੋਕੀ ਉਨ੍ਹਾਂ ਨੂੰ ਪਹੁੰਚਿਆ ਹੋਇਆ ਸਾਧੂ ਸਮਝ ਕੇ ਭੀੜ-ਭੜੱਕਾ ਕਰਦੇ ਤਾਂ ਉਹ ਉਸ ਜਗ੍ਹਾਂ ਨੂੰ ਛੱਡ ਕੇ, ਫੇਰ ਏਕਾਂਤਵਾਸ ਲਈ ਤੁਰ ਪੈਂਦੇ ਸਨ। ਭਿੱਖਿਆ ਮੰਗਣ ਲਈ ਉਹ ਬਸਤੀਆਂ ਵਿਚ ਜ਼ਰੂਰ ਆਉਂਦੇ ਸਨ। ਪਰ ਸਰੀਰ ਉੱਤੇ ਧਾਰਨ ਕੀਤੇ ਹੋਏ ਬਸਤਰਾਂ ਨੇ ਸਮੇਂ ਨਾਲ ਬੋਦਾ ਤਾਂ ਹੋਣਾ ਹੀ ਸੀ। ਇਸ ਪ੍ਰਕਾਰ ਬਾਰਾਂ-ਤੇਰਾਂ ਮਹੀਨਿਆਂ ਮਗਰੋਂ ਲੀਰੋ-ਲੀਰ ਹੋਏ ਕੱਪੜਿਆਂ ਦੇ ਸਰੀਰੋਂ ਲੱਥ ਜਾਣ ਕਾਰਨ

ਹੁਣ ਦਿਸ਼ਾਵਾਂ (ਦਿਗ) ਹੀ ਉਨ੍ਹਾਂ ਦਾ ਬਾਣਾ (ਅੰਬਰ) ਰਹਿ ਗਈਆਂ। ਉਨ੍ਹਾਂ ਦੀ ਅਜਿਹੀ ਬਸਤਰਹੀਨ ਰਹਿਣੀ-ਬਹਿਣੀ ਕਾਰਨ ਹੀ ਜੈਨ ਧਰਮ ਦੀ ਇਕ ਹੋਰ ਸ਼ਾਖ ਫੁੱਟ ਪਈ, ਜਿਸ ਨੂੰ 'ਦਿਗੰਬਰ ਸੰਪ੍ਰਦਾਇ' ਆਖਿਆ ਜਾਂਦਾ ਹੈ। ਪਹਿਲੋਂ ਤੁਰੇ ਆ ਰਹੇ ਜੈਨ ਧਰਮ ਦੇ ਸਾਧੂ (ਸ੍ਰਮਣ) ਚਿੱਟੇ ਕੱਪੜੇ ਪਹਿਨਣ ਕਾਰਨ ਸ੍ਵੇਤਾਂਬਰ (ਸ੍ਵੇਤ = ਚਿੱਟੇ + ਅੰਬਰ = ਕੱਪੜੇ) ਅਖਵਾਉਂਦੇ ਸਨ। ਪਰ ਭਗਵਾਨ ਮਹਾਂਵੀਰ ਦੇ ਸਮੇਂ ਤੋਂ ਬਿਨਾਂ ਕੱਪੜਿਆਂ ਵਾਲੇ ਜੈਨ ਸਾਧੂਆਂ ਨੂੰ 'ਦਿਗੰਬਰ ਜੈਨ' ਸੱਦਿਆ ਜਾਣ ਲੱਗ ਪਿਆ ?[3] ਦਿਗੰਬਰ ਸੰਪ੍ਰਦਾਇ ਵਿਚ ਦੀਖਿਆ ਲੈਣ ਵਾਲੀਆਂ ਇਸਤਰੀਆਂ ਲਈ ਚਿੱਟੇ ਕੱਪੜਿਆਂ ਨਾਲ ਸ਼ਰੀਰ ਢੱਕਣਾ ਜ਼ਰੂਰੀ ਹੈ।

ਬਾਰ੍ਹਾਂ ਵਰ੍ਹੇ ਅਤੇ ਸਾਢੇ ਛੇ ਮਹੀਨੇ ਦੀ ਘੋਰ ਤਪੱਸਿਆ ਨਾਲ ਮਹਾਂਵੀਰ ਜੀ ਨੇ ਕ੍ਰੋਧ, ਮਾਣ, ਮਾਇਆ ਅਤੇ ਲੋਭ ਨੂੰ ਸਾੜ ਦਿੱਤਾ। ਬ੍ਰਹਮਚਰਜ ਦਾ ਪਾਲਣ ਲੰਮੇ ਸਮੇਂ ਤੋਂ ਘਰ ਵਿਚ ਹੀ ਕਰਨ ਕਾਰਨ ਉਹ ਕਾਮ-ਵਾਸਨਾ ਤੋਂ ਪਹਿਲਾਂ ਹੀ ਮੁਕਤ ਸਨ। ਇਸ ਅਵਸਥਾ ਦੌਰਾਨ ਉਨ੍ਹਾਂ ਨੇ ਮਿੱਟੀ, ਪਾਣੀ, ਅੱਗ, ਹਵਾ, ਸਾਗ-ਸਬਜ਼ੀਆਂ ਅਤੇ ਜੀਊਂਦੇ ਪ੍ਰਾਣੀਆਂ (ਪਸ਼ੂਆਂ, ਪੰਛੀਆਂ ਅਤੇ ਮਨੁੱਖਾਂ) ਵਿਚ ਇੱਕੋ ਜਿਹੇ ਜੀਵਨ (=ਆਤਮਾ) ਦੀ ਹੋਂਦ ਤੱਕੀ। ਇਸ ਪ੍ਰਕਾਰ ਉਹ ਹਰੇਕ ਨੂੰ 'ਸਜੀਵ' (ਜੀਊਂਦਾ-ਜਾਗਦਾ) ਸਮਝ ਕੇ 'ਹਿੰਸਾ' ਤੋਂ ਲਾਂਭੇ ਹੋ ਗਏ। ਅਗਾਂਹ ਚਲ ਕੇ ਕਿਸੇ ਨੂੰ ਬੁਰਾ ਭਲਾ ਆਖਣਾ ਜਾਂ ਮਾਰਨਾ ਤਾਂ ਕੀ, ਕਿਸੇ ਬਾਰੇ ਬੁਰੇ ਵਿਚਾਰ ਮਨ ਵਿੱਚੋਂ ਕੱਢਣਾ ਵੀ ਉਨ੍ਹਾਂ ਦੇ 'ਅਹਿੰਸਾ-ਸਿਧਾਂਤ' ਦਾ ਜ਼ਰੂਰੀ ਹਿੱਸਾ ਬਣ ਗਿਆ। ਅਪਰਿਗ੍ਰਹ (ਤਿਆਗ ਭਾਵਨਾ) ਵੀ ਉਨ੍ਹਾਂ ਦੇ ਜੀਵਨ ਸਿਧਾਂਤ ਦਾ ਅੰਗ ਬਣ ਗਈ।

ਚੰਨ ਵਰ੍ਹੇ (Lunar Year) ਦੇ ਵਿਸਾਖ ਮਹੀਨੇ ਦੇ ਚਾਨਣੇ ਪੱਖ (Light Half) ਦੀ ਦਸ਼ਮੀ ਸੀ। ਸਾਲ ਸੀ ਈਸਵੀ ਸੰਨ ਸ਼ੁਰੂ ਹੋਣ ਤੋਂ 527 ਵਰ੍ਹੇ ਪਹਿਲਾਂ ਅਤੇ ਬਿਕਰਮੀ ਸੰਮਤ ਦੀ ਸ਼ੁਰੂਆਤ ਤੋਂ 584 ਸਾਲ ਪੂਰਬ।[4] ਉਸ ਸਮੇਂ ਭਗਵਾਨ ਮਹਾਂਵੀਰ 'ਜੰਭਿਯਾ ਗ੍ਰਾਮ' (ਬਿਹਾਰ) ਵਿਚ ਵਿਰਾਜਮਾਨ ਸਨ। ਸੂਰਜ ਢਲ ਰਿਹਾ ਸੀ। ਉਹ ਬਸਤੀ ਤੋਂ ਬਾਹਰ ਵਗਦੀ ਹੋਈ 'ਰਿਜੂ ਬਾਲਿਕਾ ਨਦੀ' ਦੇ ਉੱਤਰੀ ਕੰਢੇ ਦੇ ਲਾਗੇ 'ਸ਼ਯਾਮਕ ਗਾਥਾਪਤੀ' ਦੇ ਖੇਤਾਂ ਵਿਚ ਸਾਖੂ (ਸਾਲ) ਰੁੱਖ ਥੱਲੇ 'ਗੋਦੋਹਿਕਾ (ਗਊ ਵਾਂਗ ਲੱਤਾਂ ਧਰ ਕੇ) ਆਸਣ' ਲਾਈ ਬੈਠੇ ਸਨ। ਦੋ ਦਿਨਾਂ ਤੋਂ ਉਨ੍ਹਾਂ ਨੇ ਨਾ ਤਾਂ ਜਲ ਛਕਿਆ ਸੀ ਅਤੇ ਨਾ ਹੀ ਅੰਨ ਦਾ ਦਾਣਾ। ਉੱਤਰਾ-ਫਾਲਗਨੀ ਨਛੱਤਰ ਸੀ ਅਤੇ ਵਿਜੇ ਮਹੂਰਤ। ਇਸ ਸ਼ੁਭ ਮਹੂਰਤ ਵਿਚ ਉਹ 'ਵੀਤਰਾਗ' ਬਣ ਗਏ। ਉਨ੍ਹਾਂ ਦੇ ਗਿਆਨ, ਦਰਸ਼ਨ ਅਤੇ ਸ਼ਕਤੀ ਅਸੀਮ ਹੋ ਗਏ ਸਨ। ਉਹ ਸੱਚਮੁੱਚ 'ਪਰਮਾਨੰਦ' ਅਵਸਥਾ ਵਿਚ ਪਹੁੰਚ ਚੁੱਕੇ ਸਨ। ਜੈਨ ਦਾਰਸ਼ਨਿਕ ਸ਼ਬਦਾਵਲੀ ਵਿਚ ਅਜਿਹੀ ਪਰਮਾਨੰਦ ਭਰਪੂਰ ਪਰਮ-ਗਿਆਨ ਪ੍ਰਾਪਤ ਕਰ ਲੈਣ ਵਾਲੇ ਨੂੰ 'ਕੇਵਲੀ' ਅਤੇ ਉਸ ਦੇ ਜੀਵਨ-ਬੋਧ ਨੂੰ 'ਕੈਵਲਜ ਗਿਆਨ' ਆਖਿਆ ਜਾਂਦਾ ਹੈ। 42 ਵਰ੍ਹੇ ਦੀ ਉਮਰ ਵਿਚ ਅਜਿਹਾ ਸਰੂਪ ਪ੍ਰਾਪਤ ਕਰ ਲੈਣ ਵਾਲੇ ਮਹਾਂਵੀਰ ਜੀ ਦੀਆਂ ਸਿੱਧੀਆਂ (Spiritual Attainments) ਦੀ ਚਰਚਾ ਇਕ 'ਜੈਨ ਸੂਤ੍ਰ' (ਗ੍ਰੰਥ) ਵਿਚ ਇਸ ਪ੍ਰਕਾਰ ਕੀਤੀ ਗਈ ਹੈ :

''ਹਵਾ ਵਾਂਗ ਉਹ (ਕਿਸੇ) ਅੜਿੱਕੇ (Obatacle) ਨੂੰ ਨਹੀਂ ਜਾਣਦੇ ਸਨ। ਉਨ੍ਹਾਂ ਦਾ ਚਿੱਤ ਇੰਨਾ ਸ਼ੁੱਧ ਸੀ, ਜਿੰਨਾ ਪਤਝੜ (Autumn) ਵਿਚ ਪਾਣੀ। ਉਹ ਕਮਲ ਦੇ ਪੱਤੇ ਵਾਂਗ ਅਭਿੱਜ (Unsoiled) ਰਹੇ। ਉਨ੍ਹਾਂ ਦਾ ਬੋਧ ਗਿਆਨ (Senses) ਕੱਛੂ ਵਾਂਗ ਪੂਰੀ

ਤਰ੍ਹਾਂ ਸੁਰੱਖਿਅਤ ਸੀ। ਗੈਂਡੇ ਵਾਂਗ ਉਹ ਇਕੱਲੇ ਹੀ ਏਕਾਂਤ ਵਿਚ ਰਹੇ। ਉਹ ਪੰਛੀ ਵਾਂਗ ਸੁਤੰਤਰ ਸਨ, ਸਦਾ ਭਰੁੰਡ ਪੰਛੀ ਵਾਂਗ ਉਡਾਨਾਂ ਭਰਦੇ ਸਨ। ਹਾਥੀ ਵਾਂਗ ਦਲੇਰ ਸਨ, ਬੈਲ ਵਾਂਗ ਮਜ਼ਬੂਤ ਸਨ ਅਤੇ ਸ਼ੇਰ ਵਾਂਗ ਭਾਰੀ ਹੱਲਾ ਮਚਾ ਸਕਦੇ ਸਨ। (ਉਹ) ਮੰਦਰਾਚਲ ਵਾਂਗ ਅਡੋਲ ਅਤੇ ਦ੍ਰਿੜ੍ਹ ਸਨ। ਸਮੁੰਦਰ ਵਾਂਗ ਡੂੰਘੇ, ਚੰਨ ਵਾਂਗ ਸੀਤਲ, ਸੂਰਜ ਵਾਂਗ ਪ੍ਰਕਾਸ਼ਵਾਨ, ਸੋਨੇ ਵਾਂਗ ਸ਼ੁੱਧ, ਧਰਤੀ ਵਾਂਗ ਸਹਿਨਸ਼ੀਲ ਅਤੇ ਪ੍ਰਚੰਡ ਅਗਨੀ ਵਾਂਗ ਚਮਕਦੇ ਸਨ।''[5]

ਮਹਾਵੀਰ ਜੀ ਵੱਲੋਂ ਧਰਮ ਪ੍ਰਚਾਰ

ਇਸ ਪ੍ਰਕਾਰ 42 ਵਰ੍ਹਿਆਂ ਦੀ ਉਮਰ ਵਿਚ (ਉਪਰੋਕਤ ਗੁਣਾਂ ਵਾਲੇ) ਮਹਾਵੀਰ ਜੀ 'ਜਿਨ' ਜਾਂ 'ਅਰਿਹੰਤ' - 'ਕੇਵਲੀ' ਬਣ ਗਏ ਸਨ - ਸਰਬ ਗਿਆਨੀ (Omniscient)। ਸਭ ਕੁਝ ਵੇਖ ਸਕਣ ਵਾਲੇ (ਸਰਬ-ਦਰਸ਼ੀ), ਸਭ ਕੁਝ ਜਾਣਨ ਵਾਲੇ।[6] ਇਸ ਤੋਂ ਮਗਰੋਂ ਭਗਵਾਨ ਮਹਾਵੀਰ ਨੇ 'ਦਿਗੰਬਰ ਸ਼੍ਰਮਣ' (Naked Saint) ਦੇ ਰੂਪ ਵਿਚ ਥਾਓਂ ਥਾਈਂ ਉਪਦੇਸ਼ ਦੇਣੇ ਸ਼ੁਰੂ ਕਰ ਦਿੱਤੇ। ਪਹਿਲੇ ਉਪਦੇਸ਼ ਮਗਰੋਂ ਹੀ ਉਨ੍ਹਾਂ ਦੇ ਚਾਰ ਹਜ਼ਾਰ ਚਾਰ ਸੌ ਚੇਲੇ ਬਣ ਗਏ। ਉਨ੍ਹਾਂ ਨੇ ਇੰਦਰਭੂਤੀ ਆਦਿ ਗਿਆਰਾਂ ਵਿਦਵਾਨਾਂ ਨੂੰ 'ਗਣਧਰ' (ਟੋਲੀ ਦੇ ਮੁਖੀ) ਦੀ ਪਦਵੀ ਪ੍ਰਦਾਨ ਕੀਤੀ। ਉਨ੍ਹਾਂ ਨੇ ਇਸਤਰੀਆਂ ਨੂੰ ਜੈਨ ਧਰਮ ਵਿਚ ਸ਼ਾਮਿਲ ਕੀਤਾ। ਉਨ੍ਹਾਂ ਦੇ 'ਸਾਧਣੀ ਟੋਲੇ' (ਸਾਧਵੀ ਸੰਘ) ਦੀ ਪ੍ਰਧਾਨ ਚੰਦਨ ਬਾਲਾ ਸੀ। ਅਜਿਹੇ ਪ੍ਰਮਾਣ ਵੀ ਮਿਲਦੇ ਹਨ ਕਿ ਮਹਾਵੀਰ ਜੀ ਦੀ ਪੁੱਤਰੀ ਪ੍ਰਿਯਦਰਸ਼ਨਾ ਵੀ ਜੈਨ ਸਾਧਵੀ ਬਣ ਗਈ ਸੀ।[7] ਉਨਾਂ ਦੇ ਜੀਵਨ ਕਾਲ ਵਿਚ ਹੀ ਜੈਨ ਧਰਮ ਵਿਚ ਦੀਖਿਆ ਲੈਣ ਵਾਲਿਆਂ ਦੀ ਗਿਣਤੀ 14 ਹਜ਼ਾਰ ਅਤੇ ਸਾਧਣੀਆਂ (ਸ਼੍ਰਮਣੀਆਂ) ਦੀ ਗਿਣਤੀ 36 ਹਜ਼ਾਰ ਹੋ ਗਈ ਸੀ। ਮਹਾਵੀਰ ਜੀ ਨੇ ਤੀਹ ਵਰ੍ਹਿਆਂ ਤਕ ਕਾਸ਼ੀ, ਕੌਸ਼ਲ, ਕਲਿੰਗ (ਉੜੀਸਾ), ਵਾਹਲੀਕ (ਬਲਖ ਬੁਖਾਰਾ), ਗਾਂਧਾਰ (ਕੰਧਾਰ), ਸਿੰਧੂ (ਅਜੋਕੇ ਪਾਕਿਸਤਾਨ ਦਾ ਸਿੰਧ ਪ੍ਰਾਂਤ), ਸੌਵੀਰ (ਸਿੰਧ ਦੇ ਨਾਲ ਲੱਗਦਾ ਇਲਾਕਾ) ਵਿਖੇ ਨੰਗੇ ਸਰੀਰ ਪੈਦਲ ਘੁੰਮ ਫਿਰ ਕੇ ਜੈਨ ਮਤ ਦਾ ਪ੍ਰਚਾਰ ਕੀਤਾ।

ਉਨ੍ਹਾਂ ਦੇ ਉਪਦੇਸ਼ ਲੰਮੇ ਸਮੇਂ ਤਕ ਮੌਖਿਕ (Oral) ਹੀ ਰਹੇ ਅਤੇ ਕਈ ਪੀੜ੍ਹੀਆਂ ਤਕ ਗੁਰੂ-ਸ਼ਿਸ਼ ਪਰੰਪਰਾ ਵਿਚ ਇਹੋ ਵਿਰਾਸਤ (Heritage) ਦੇ ਰੂਪ ਵਿਚ ਇਕ ਦੂਜੇ ਨੂੰ ਪ੍ਰਾਪਤ ਹੁੰਦੀ ਰਹੀ। ਕੁਝ ਸਮੇਂ ਮਗਰੋਂ ਉਨ੍ਹਾਂ ਦਾ ਸੰਗ੍ਰਹਿ 'ਸੂਤ੍ਰਾਗਮ' ਸਿਰਲੇਖ ਅਧੀਨ ਕੀਤਾ ਗਿਆ। ਇਨ੍ਹਾਂ ਆਗਮਾਂ ਦੀ ਗਿਣਤੀ 45 ਹੈ ਅਤੇ ਭਾਸ਼ਾ ਹੈ ਅਰਧ-ਮਾਗਧੀ।[8] ਦਿਗੰਬਰ ਜੈਨ ਸਾਹਿੱਤ ਵਿਚ 12 ਹਿੱਸਿਆਂ ਵਿਚ ਵੰਡੇ ਗਏ ਇਨ੍ਹਾਂ ਉਪਦੇਸ਼ਾਂ ਨੂੰ 'ਦ੍ਵਾਦਸਾਂਗੀ' ਵੀ ਕਿਹਾ ਜਾਂਦਾ ਹੈ। ਅਗਾਂਹ ਚਲ ਕੇ ਗਿਆਨ ਦਾ ਇਹ ਭੰਡਾਰ ਆਚਾਰੀਆ (ਗਣਧਰਾ) ਕਾਰਨ 'ਗਣ-ਪਿਟਕ' ਵੀ ਅਖਵਾਉਣ ਲੱਗ ਪਿਆ। ਉਨ੍ਹਾਂ ਨੇ ਆਪਣੇ ਹੱਥੀਂ ਕੋਈ ਗ੍ਰੰਥ ਨਹੀਂ ਲਿਖਿਆ ਸੀ। ਇਸ ਲਈ ਉਨ੍ਹਾਂ ਦਾ ਇਕ ਹੋਰ ਨਾਂ 'ਨ੍ਰਿਗ੍ਰੰਥ' ਵੀ ਕਈ ਥਾਵਾਂ ਤੇ ਲਿਖਿਆ ਹੋਇਆ ਮਿਲਦਾ ਹੈ।

ਭਗਵਾਨ ਮਹਾਵੀਰ ਦਾ ਮਾਪਿਆਂ ਵੱਲੋਂ ਧਰਿਆ ਨਾਂ 'ਵਰਧਮਾਨ' ਸੀ। ਪਰ 'ਕਸ਼ਯਪ' ਕੁਲ ਵਿਚ ਜਨਮ ਲੈਣ ਕਾਰਨ ਉਨ੍ਹਾਂ 'ਕਸ਼ਯਪ ਗੋਤ੍ਰੀ ਪਤ੍ਰੀ' ਵੀ ਸੱਦਿਆ ਜਾਂਦਾ

ਹੈ। ਉਨ੍ਹਾਂ ਦੇ ਪਰਿਵਾਰਾਂ ਦੀ ਅੱਲ (ਉਪ-ਗੋਤਰ, Sub-caste) 'ਨਾਗ' ਸੀ। ਇਸ ਲਈ ਉਨ੍ਹਾਂ ਨੂੰ 'ਨਾਗ-ਪੁਤ੍ਰ' ਦੇ ਨਾਂ ਨਾਲ ਵੀ ਚੇਤੇ ਕੀਤਾ ਜਾਂਦਾ ਹੈ। ਉਨ੍ਹਾਂ ਦਾ 'ਮਹਾਂਵੀਰ' ਨਾਂ ਪੈਣ ਬਾਰੇ ਵੀ ਕੁਝ ਲੋਕ ਕਥਾਵਾਂ ਮਿਲਦੀਆਂ ਹਨ, ਜਿਵੇਂ :

''ਇਕ ਵਾਰੀ ਰਾਜ ਕੁਮਾਰ ਵਰਧਮਾਨ ਆਪਣੇ ਮਿੱਤਰਾਂ ਨਾਲ ਇਕ ਦਰੱਖ਼ਤ ਉੱਤੇ ਚੜ੍ਹ-ਉਤਰ ਅਤੇ ਕੁੱਦ ਰਹੇ ਸਨ ਤਾਂ ਇਕ ਡਰਾਉਣਾ ਕਾਲਾ ਨਾਗ ਰੁੱਖ ਉੱਤੇ ਚੜ੍ਹ ਆਇਆ। ਰਾਜ ਕੁਮਾਰ ਦੇ ਸਾਰੇ ਸਾਥੀ ਛਾਲਾਂ ਮਾਰ ਕੇ ਭੱਜ ਗਏ। ਪਰ ਰਾਜ ਕੁਮਾਰ ਨੇ ਰੁੱਖ ਉੱਤੇ ਹੀ ਉਸ ਦੇ ਫਨ ਉੱਤੇ ਪੈਰ ਧਰ ਕੇ ਉਸ ਨੂੰ ਥੱਲੇ ਸੁੱਟ ਦਿੱਤਾ ਅਤੇ ਉਸ ਨੂੰ ਜ਼ੋਰ-ਜ਼ੋਰ ਨਾਲ ਹਿਲਾਉਣ ਲੱਗ ਪਏ ਅਤੇ ਬਹੁਤ ਦੇਰ ਤਕ ਉਸ ਨਾਲ ਖੇਡਦੇ ਰਹੇ। ਇਸ ਤੋਂ ਮਗਰੋਂ ਉਨ੍ਹਾਂ ਨੂੰ ਸੋਨੇ ਦੇ ਇਕ ਘੜੇ ਵਿਚ ਪਾਣੀ ਭਰ ਕੇ ਇਸ਼ਨਾਨ ਕਰਵਾਇਆ ਗਿਆ ਅਤੇ ਉਸ ਦਾ ਨਾਂ 'ਮਹਾਂਵੀਰ' ਧਰ ਦਿੱਤਾ ਗਿਆ।''[9]

ਸੱਪ ਨੂੰ ਕਾਬੂ ਕਰਨ ਲਈ ਉਸ ਦੇ ਸ਼ਰੀਰ ਉੱਤੇ ਪੈਰ ਧਰਨਾ ਜੈਨ ਧਰਮ ਦੇ 'ਅਹਿੰਸਾ ਸਿਧਾਂਤ' ਦੇ ਵਿਰੁੱਧ ਜਾਂਦਾ ਹੈ। ਇਸ ਦੀ ਬਜਾਏ ਇਹ ਗੱਲ ਜ਼ਿਆਦਾ ਢੁੱਕਦੀ ਹੈ ਕਿ ਵਰਧਮਾਨ ਜੀ ਨੇ ਲੰਮੇ ਸਮੇਂ ਤਕ ਸ਼ਰੀਰਕ ਤਕਲੀਫ਼ਾਂ ਝੱਲਣ ਵਿਚ ਬਹਾਦੁਰੀ ਵਿਖਾਈ, ਜਿਸ ਦੇ ਕਾਰਨ ਉਨ੍ਹਾਂ ਨੂੰ 'ਮਹਾਂਵੀਰ' ਦੀ ਉਪਮਾ ਪ੍ਰਾਪਤ ਹੋਈ।[10] ਮਾਤਾ ਤ੍ਰਿਸ਼ਲਾ ਜੀ ਦੀ ਕੁੱਖੋਂ ਜੰਮੇ 'ਵਰਧਮਾਨ ਜੀ' ਨੂੰ ਜੈਨ ਭਜਨਾਂ ਵਿਚ 'ਤ੍ਰਿਸ਼ਲਾਨੰਦਨ' ਵੀ ਸੱਦਿਆ ਜਾਂਦਾ ਹੈ।[11] ਬਿਕਰਮੀ ਪੂਰਬ 470 (ਈਸਵੀ ਸੰਨ ਤੋਂ 527 ਵਰ੍ਹੇ ਪਹਿਲਾਂ) ਵਿਚ ਕੱਤਕ ਸੁਦੀ ਮੱਸਿਆ ਨੂੰ ਉਨ੍ਹਾਂ ਨੇ 'ਪਾਵਾਪੁਰੀ' ਵਿਚ ਨਿਰਵਾਣ ਪ੍ਰਾਪਤ ਕੀਤਾ। ਉਸ ਵੇਲੇ ਉਹ ਰਾਜਾ ਹਸਤੀਪਾਲ ਦੀ ਲਿਖਾਰੀ ਸਭਾ ਵਿਚ ਵਿਰਾਜਮਾਨ ਸਨ। ਇਕ ਵਿਦਵਾਨ ਦਾ ਮੱਤ ਹੈ ਕਿ 'ਪਾਵਾ' (ਪੁਰੀ) ਉੱਤਰ ਪ੍ਰਦੇਸ਼ ਦੇ ਗੋਰਖਪੁਰ ਜ਼ਿਲ੍ਹੇ ਦੇ ਪੂਰਬ ਵਿਚ ਗੰਡਕ ਨਦੀ ਦੇ ਨੇੜੇ ਵਸਿਆ ਹੋਇਆ 'ਕਸਿਆ' ਨਾਂ ਦਾ ਕਸਬਾ ਹੈ। ਇਸ ਦਾ ਪੁਰਾਣਾ ਨਾਂ 'ਪਾਪਾ' ਜਾਂ 'ਅਪਾਪੁਰੀ' ਸੀ।[12] ਉਨ੍ਹਾਂ ਦੇ ਅਕਾਲ ਚਲਾਣੇ ਦੇ ਦਿਨ 'ਦੀਵਾਲੀ' ਦਾ ਤਿਉਹਾਰ ਸੀ। ਉਸ ਦਿਨ ਤੋਂ ਜੈਨ ਸਮਾਜ ਇਸ ਦਿਹਾੜੇ ਨੂੰ 'ਮਹਾਂਵੀਰ ਨਿਰਵਾਣ ਉਤਸਵ' ਦੇ ਰੂਪ ਵਿਚ ਮਨਾਉਂਦਾ ਆ ਰਿਹਾ ਹੈ।

ਹਵਾਲੇ ਅਤੇ ਟਿੱਪਣੀਆਂ

1. ਡਾ. ਨਵ ਰਤਨ ਕਪੂਰ : *ਜੈਨ ਤੀਰਥੰਕਰ ਭਗਵਾਨ ਮਹਾਂਵੀਰ* (ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ : 6 ਅਪ੍ਰੈਲ, 2001).
2. ਡਾ. ਨਵ ਰਤਨ ਕਪੂਰ : *ਸਤਯ ਏਵੰ ਅਹਿੰਸਾ ਕੇ ਸੰਦੇਸ਼ ਵਾਹਕ - ਭਗਵਾਨ ਮਹਾਂਵੀਰ* (ਦੈਨਿਕ ਭਾਸਕਰ, ਚੰਡੀਗੜ੍ਹ : 3 ਅਪ੍ਰੈਲ, 2001).
3. Historically it has been established, as a result of research that Lord Mahaveera was not the founder of Jainism, but the 24th and the last prophet of Jainism in the current epoch of time (Page 3)...... While Parshva prescribed less rigid path permitting colored clothes for the monks. Mahaveera made the conduct more strict and prescribed nudity for male monks as also with clothes to a limited extent. This with other minor distinction led to the division of Jain Church into two main branches i.e.

Sky-Clad (Digamber) and White-Clad (Swetamber).
— Sancheti, Asoo Lal & Bhandari Manak Lal : First Steps to Jainism, Page 5-6 (Sancheti Trust, Jodhpur; Fourth Edition, 2002).

4. B. C. Law : *Mahavira - His Life & Teachings*, Page 53 (Luzac & Co., London; 1937).

5-6. Ibid, Page 30 (Based on Jaina Sutra, Part I, Page 260-64).

7-8. *ਹਿੰਦੀ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 48 (ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ)

9. ਸੀਮਾ : *ਬੜਾ ਕਠੋਰ ਜੀਵਨ ਜੀਯਾ ਭਗਵਾਨ ਮਹਾਵੀਰ ਨੇ* (ਦੈਨਿਕ ਭਾਸਕਰ, ਚੰਡੀਗੜ੍ਹ; 24 ਅਕਤੂਬਰ, 2000).

10. ਡਾ. ਨਵ ਰਤਨ ਕਪੂਰ : *ਸਤਯ ਏਵੰ ਅਹਿੰਸਾ ਕੇ ਸੰਦੇਸ਼ਵਾਹਕ - ਭਗਵਾਨ ਮਹਾਵੀਰ* (ਉਪਰੋਕਤ) ।

11. ਹੇ ਵੈਸਾਲਿਕ ! ਹੇ ਤ੍ਰਿਸਲਾਨੰਦਨ, ਚਿਰਕਾਲ ਤੁਮਹਾਰੀ ਜਯ ਜਯ ।
- ਆਸੂ ਲਾਲ ਸੰਚੇਤੀ : ਵੀਰ ਪੰਚਾਸ਼ਿਕਾ (ਭਜਨ ਸੰਗ੍ਰਹਿ) (ਸੰਚੇਤੀ ਟ੍ਰਸਟ, ਜੋਧਪੁਰ, ਸੰਨ 2001).

12. B. C. Law : *Mahavira – His Life & Teachings*, Page 33, foot-note.

ਮਹਾਤਮਾ ਬੁੱਧ

ਡਾ. ਰਾਜੇਸ਼ ਰੰਜਨ*

ਵਿਨੋਦ ਕੁਮਾਰ**

ਜਨਮ

ਬੁੱਧ ਪੂਰਵ ਅਤੇ ਬੁੱਧ ਕਾਲੀਨ ਭਾਰਤ ਜੰਬੂਦੀਪ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਜੰਬੂਦੀਪ ਅਨੇਕਾਂ ਹੀ ਛੋਟੇ-ਵੱਡੇ ਰਾਜਾਂ ਅਤੇ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਹਨਾਂ ਰਾਜਾਂ ਵਿੱਚੋਂ ਕੁਝ ਵਿਚ ਰਾਜਤੰਤਰ ਅਤੇ ਕੁਝ ਵਿਚ ਗਣਤੰਤਰ ਸੀ। ਇਨ੍ਹਾਂ ਹੀ ਰਾਜਾਂ-ਰਿਆਸਤਾਂ ਵਿੱਚੋਂ ਇਕ ਰਾਜ ਸੀ ਕਪਿਲਵਸਤੂ, ਜੋ ਨੇਪਾਲ ਦੀ ਕਾਪਤ ਨਦੀ ਦੇ ਕੰਢੇ ਵਸਿਆ ਸੀ। ਇਸ ਰਿਆਸਤ ਤੇ ਸਾਕਯਵੰਸ਼ੀ ਰਾਜਾ ਸ਼ੁਧੋਦਨ ਰਾਜ ਕਰ ਰਹੇ ਸਨ। ਉਨ੍ਹਾਂ ਦੀ ਰਾਣੀ ਦਾ ਨਾਮ ਮਹਾਂਮਾਇਆ ਦੇਵੀ ਸੀ। ਆਨੰਦ ਮਾਣਦੇ ਹੋਏ, ਜੀਵਨ ਬਤੀਤ ਕਰ ਰਹੇ ਸਨ। ਮਹਾਂਮਾਇਆ ਦੇਵੀ ਨੇ ਗਰਭ ਧਾਰਣ ਕਰਨ ਉਪਰੰਤ ਨੌਵੇਂ ਮਹੀਨੇ ਵਿਚ ਬੱਚੇ ਨੂੰ ਜਨਮ ਦੇਣ ਲਈ ਆਪਣੇ ਪੇਕੇ ਜਾਣ ਦੀ ਇੱਛਾ ਸ਼ੁਧੋਦਨ ਪਾਸ ਪ੍ਰਗਟਾਈ। ਸ਼ੁਧੋਦਨ ਨੇ ਉਨ੍ਹਾਂ ਦੀ ਇੱਛਾ ਦਾ ਆਦਰ ਕਰਦੇ ਹੋਏ ਉਨ੍ਹਾਂ ਦੇ ਪੇਕੇ ਜਾਣ ਦਾ ਪ੍ਰਬੰਧ ਕਰਵਾਇਆ। ਪਰੰਤੂ ਰਸਤੇ ਵਿਚ ਹੀ ਮਹਾਂਮਾਇਆ ਦੇਵੀ ਨੂੰ ਤਿੱਖਾ ਦਰਦ ਆਰੰਭ ਹੋ ਗਿਆ ਅਤੇ ਉੱਥੇ ਹੀ ਉਸਨੇ ਲੁੰਬਨੀ[1] ਨਾਮ ਦੇ ਜੰਗਲ ਵਿਚ ਵੈਸਾਖ ਦੀ ਪੂਰਨਮਾਸ਼ੀ ਨੂੰ ਵਿਲੱਖਣ ਬਾਲਕ ਨੂੰ ਜਨਮ ਦਿੱਤਾ।[2] ਕਪਿਲਵਸਤੂ ਵਿਚ ਰਾਜ ਕੁਮਾਰ ਦੇ ਜਨਮ ਦੀਆਂ ਹਾਲੇ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਕਿ ਬੱਚੇ ਦੇ ਜਨਮ ਦੇ ਸੱਤਵੇਂ ਦਿਨ ਹੀ ਮਹਾਂਮਾਇਆ ਦੇਵੀ ਦਾ ਕਿਸੇ ਬਿਮਾਰੀ ਵਸ ਦੇਹਾਂਤ ਹੋ ਗਿਆ। ਮਹਾਂਮਾਇਆ ਦੇਵੀ ਦੀ ਮੌਤ ਉਪਰੰਤ ਉਸਦੀ ਭੈਣ ਮਹਾਂ ਪਰਜਾਪਤੀ ਗੋਤਮੀ ਨੇ ਬੱਚੇ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਲੈ ਲਈ। ਉਸਦਾ ਵਿਆਹ ਵੀ ਸ਼ੁਧੋਦਨ ਨਾਲ ਹੀ ਹੋਇਆ ਸੀ ਤੇ ਉਸਨੇ ਆਪਣੇ ਨਵ-ਜਾਤ ਬਾਲਕ ਨੰਦ ਨੂੰ ਕਿਸੇ ਦਾਈ ਦੀ ਦੇਖ-ਰੇਖ ਹੇਠ ਛੱਡ ਦਿੱਤਾ। ਰਾਜ ਕੁਮਾਰ ਦੇ ਜਨਮ ਦੀ ਖਬਰ ਸੁਣ ਕੇ ਆਸਿਤ ਨਾਮ ਦੇ ਪ੍ਰਸਿੱਧ ਜੋਤਸ਼ੀ ਜਿਸ ਦੇ ਰਾਜਾ ਨਾਲ ਬਹੁਤ ਗੂੜ੍ਹੇ ਸੰਬੰਧ ਸਨ, ਖੁਸ਼ ਹੋ ਕੇ ਰਾਜ ਦਰਬਾਰ ਵਿਚ ਪਹੁੰਚੇ। ਬੱਚੇ ਨੂੰ ਦੇਖਣ ਉਪਰੰਤ ਆਸਿਤ ਜੋਤਸ਼ੀ ਪਹਿਲਾਂ ਤਾਂ ਖੁਸ਼ ਹੋਏ ਪਰੰਤੂ ਫਿਰ ਉਦਾਸ ਹੋ ਗਏ। ਰਾਜਾ ਸ਼ੁਧੋਦਨ ਦੁਆਰਾ ਇਸ ਦਾ ਕਾਰਨ ਪੁੱਛੇ ਜਾਣ ਤੇ ਉਹਨਾਂ ਨੇ ਦੱਸਿਆ ਕਿ ਅੱਗੇ ਚੱਲ ਕੇ ਇਹ ਬੱਚਾ ਬੁੱਧ (ਗਿਆਨੀ) ਬਣੇਗਾ, ਇਸ ਕਾਰਨ ਉਹਨਾਂ ਨੂੰ ਖੁਸ਼ੀ ਹੋਈ ਪਰੰਤੂ ਜਿਸ ਸਮੇਂ ਤਕ ਉਹ ਬੁੱਧ ਬਣੇਗਾ ਅਸੀਂ ਜਿੰਦਾ ਨਹੀਂ ਹੋਵਾਂਗੇ, ਇਹ ਜਾਣ ਕੇ ਦੁੱਖ ਹੋਇਆ।

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

** ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨਾਮਕਰਣ

ਜਨਮ ਦੇ ਪੰਜਵੇਂ ਦਿਨ ਬੱਚੇ ਦਾ ਨਾਮ ਸਿਧਾਰਥ (ਸਿੱਧ + ਅਰਥ = ਮਨੋਕਾਮਨਾਵਾਂ ਦਾ ਪੂਰਾ ਹੋਣਾ) ਰੱਖਿਆ ਗਿਆ। ਉਹਨਾਂ ਦਾ ਗੋਤਰ ਦਾ ਨਾਂ ਗੋਤਮ ਅਤੇ ਕੁਲ ਦਾ ਨਾਂ ਸ਼ਾਕਿਆ ਸੀ। ਪ੍ਰਾਚੀਨ ਭਾਰਤੀ ਪਰੰਪਰਾ ਅਨੁਸਾਰ ਨਾਮਕਰਣ-ਸਮਾਗਮ ਤੇ ਕਈ ਬ੍ਰਾਹਮਣ-ਪੰਡਿਤਾਂ ਨੂੰ ਬੁਲਾਇਆ ਗਿਆ। ਉਹਨਾਂ ਵਿੱਚੋਂ ਅੱਠ ਪੰਡਿਤ ਜੋਤਸ਼ੀ ਸਨ। ਬੱਚੇ ਦੀ ਵਿਲੱਖਣਤਾ ਨੂੰ ਵੇਖ ਕੇ ਉਨ੍ਹਾਂ ਵਿੱਚੋਂ ਸੱਤ ਨੇ ਦੋ-ਦੋ ਭਵਿੱਖਬਾਣੀਆਂ ਕੀਤੀਆਂ ਕਿ ਜੇਕਰ ਉਹ ਗ੍ਰਹਿਸਥ ਰਿਹਾ ਤਾਂ ਇਕ ਚੱਕਰਵਰਤੀ ਰਾਜਾ ਬਣੇਗਾ ਅਤੇ ਜੇਕਰ ਉਸਨੇ ਗ੍ਰਹਿ ਤਿਆਗ ਦਿੱਤਾ ਤਾਂ ਬੁੱਧ ਬਣੇਗਾ। ਪਰੰਤੂ ਉਨ੍ਹਾਂ ਵਿੱਚੋਂ ਕੋਂਡਨਯ ਜੋ ਉਮਰ ਵਿਚ ਉਨ੍ਹਾਂ ਸਭ ਤੋਂ ਛੋਟਾ ਸੀ, ਨੇ ਵਿਸ਼ਵਾਸ ਨਾਲ ਦੱਸਿਆ ਕਿ ਇਹ ਬੱਚਾ ਗ੍ਰਹਿ ਤਿਆਗ ਕਰਕੇ ਬੁੱਧ ਹੀ ਬਣੇਗਾ।

ਬਚਪਨ

ਉਂਝ ਤਾਂ ਬਾਲਕ ਸਿਧਾਰਥ ਜਨਮ ਤੋਂ ਹੀ ਵਿਲੱਖਣ ਸੀ। ਪਰੰਤੂ ਉਹਨਾਂ ਦੇ ਬਚਪਨ ਦੀ ਇਕ ਘਟਨਾ ਜੋ ਹਲ-ਕਰਸ਼ਣ (ਫ਼ਸਲ ਬੀਜਣ ਦੇ ਆਰੰਭ ਸਮੇਂ ਰਾਜਾ ਦੁਆਰਾ ਆਪ ਖੇਤ ਦੀ ਜੁਤਾਈ ਦਾ ਸਮਾਰੋਹ) ਸਮਾਗਮ ਦੇ ਸਮੇਂ ਵਾਪਰੀ, ਜ਼ਿਕਰਯੋਗ ਹੈ। ਪਰੰਪਰਾ ਦੇ ਅਨੁਸਾਰ ਕਪਿਲਵਸਤੂ ਵਿਚ ਹਰ ਸਾਲ ਫ਼ਸਲਾਂ ਦੀ ਬੀਜਾਈ ਰੁੱਤ ਆਰੰਭ ਹੋਣ ਤੇ ਹਲ-ਕਰਸ਼ਣ ਸਮਾਰੋਹ ਕਰਵਾਇਆ ਜਾਂਦਾ ਸੀ, ਜਿਸ ਵਿਚ ਰਾਜਾ ਵੀ ਭਾਗ ਲੈਂਦੇ ਸਨ ਅਤੇ ਖੁਦ ਹਲ ਚਲਾਉਂਦੇ ਸਨ ਤੇ ਇਸ ਸਮੇਂ ਤੇ ਸਾਰੀ ਪਰਜਾ ਇਕੱਠੀ ਹੁੰਦੀ ਸੀ। ਜਦੋਂ ਬਾਲਕ ਸਿਧਾਰਥ ਬਹੁਤ ਛੋਟੇ ਸਨ, ਉਸ ਸਮੇਂ ਇਸ ਸਮਾਰੋਹ ਦਾ ਆਯੋਜਨ ਹੋ ਰਿਹਾ ਸੀ। ਇਸ ਸਮਾਰੋਹ ਤੇ ਸਿਧਾਰਥ ਨੂੰ ਵੀ ਲਿਜਾਇਆ ਗਿਆ। ਜਦੋਂ ਸਮਾਗਮ ਆਪਣੇ ਸਿਖਰ ਤੇ ਸੀ ਉਸ ਸਮੇਂ ਤੋਂ ਸਿਧਾਰਥ ਦੀ ਦੇਖ-ਰੇਖ ਕਰ ਰਹੀਆਂ ਦਾਸੀਆਂ ਵੀ ਸਿਧਾਰਥ ਨੂੰ ਇਕ ਦਰੱਖ਼ਤ ਦੀ ਛਾਂ ਹੇਠਾਂ ਛੱਡ ਸਮਾਗਮ ਵਿਚ ਚਲੀਆਂ ਗਈਆਂ। ਜਦੋਂ ਸ਼ਾਮ ਨੂੰ ਸਮਾਗਮ ਸਮਾਪਤ ਹੋਇਆ ਤਾਂ ਦਾਸੀਆਂ ਤੁਰੰਤ ਹੀ ਸਿਧਾਰਥ ਵੱਲ ਦੌੜੀਆਂ। ਉਨ੍ਹਾਂ ਨੇ ਵੇਖਿਆ ਕਿ ਬਾਲਕ ਸਿਧਾਰਥ ਆਸਣ ਲਗਾ ਕੇ ਧਿਆਨ ਧਰ ਕੇ ਬੈਠੇ ਹਨ ਅਤੇ ਦਰੱਖ਼ਤ ਦੀ ਛਾਂ ਵੀ ਸਥਿਰ ਹੈ। ਰਾਜਾ ਨੂੰ ਜਦੋਂ ਇਸ ਗੱਲ ਦੀ ਸੂਚਨਾ ਮਿਲੀ ਤਾਂ ਉਹ ਵੀ ਉੱਥੇ ਪਹੁੰਚੇ ਅਤੇ ਬਾਲਕ ਨੂੰ ਇਸ੍ ਅਵਸਥਾ ਵਿਚ ਦੇਖ ਕੇ ਸਤਿਕਾਰ ਨਾਲ ਉਨ੍ਹਾਂ ਦਾ ਸਿਰ ਝੁਕ ਗਿਆ।

ਸਿੱਖਿਆ

ਭਾਵੇਂ ਬਾਲਕ ਸਿਧਾਰਥ ਦੀ ਸਿੱਖਿਆ ਦੇ ਵਿਸ਼ੇ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ, ਪਰੰਤੂ ਫਿਰ ਵੀ ਰਾਜਕੁਲ ਵਿਚ ਪੈਦਾ ਹੋਣ ਦੇ ਕਾਰਨ ਇਹ ਸੁਭਾਵਿਕ ਹੈ ਕਿ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸਿੱਖਿਆ ਮਿਲੀ ਹੋਵੇਗੀ। ਕਿਹਾ ਜਾਂਦਾ ਹੈ ਕਿ ਉਹ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਸਨ।

ਗ੍ਰਹਿਸਥ ਜੀਵਨ

ਸ਼ੁਰੂ ਤੋਂ ਹੀ ਰਾਜਾ ਸ਼ੁਧੋਦਨ ਸਿਧਾਰਥ ਦੇ ਭਵਿੱਖ ਪ੍ਰਤੀ ਕਾਫ਼ੀ ਚਿੰਤਤ ਸਨ। ਉਹਨਾਂ

ਨੂੰ ਹਰ ਪਲ ਜੋਤਸ਼ੀਆਂ ਦੀਆਂ ਆਖੀਆਂ ਗੱਲਾਂ ਦੀ ਗੂੰਜ ਸੁਣਾਈ ਦਿੰਦੀ ਸੀ। ਉਹ ਹਰ ਹਾਲਤ ਵਿਚ ਸਿਧਾਰਥ ਨੂੰ ਭਵਿੱਖ ਦੇ ਰਾਜਾ ਦੇ ਰੂਪ ਵਿਚ ਦੇਖਣਾ ਚਾਹੁੰਦੇ ਸਨ। ਇਸ ਲਈ ਮੁੱਢ ਤੋਂ ਹੀ ਉਹਨਾਂ ਦੀ ਸੁਖ-ਸੁਵਿਧਾ ਦਾ ਪੂਰਾ ਖਿਆਲ ਰੱਖਿਆ ਗਿਆ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਲਈ ਮੌਸਮ ਦੇ ਅਨੁਕੂਲ ਤਿੰਨ ਮਹਿਲ ਬਣਵਾਏ ਗਏ ਸਨ। ਇਹਨਾਂ ਮਹਿਲਾਂ ਦੇ ਵਿਚ ਇਸਤਰੀ ਦਾਸੀਆਂ ਹਰ ਸਮੇਂ ਉਨ੍ਹਾਂ ਦੀ ਸੇਵਾ ਲਈ ਤਿਆਰ ਖੜ੍ਹੀਆਂ ਰਹਿੰਦੀਆਂ ਸਨ। ਇਸ ਸਮੇਂ ਹੀ ਉਨ੍ਹਾਂ ਦਾ ਵਿਆਹ 16 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਹਮ ਉਮਰ ਯਸ਼ੋਧਰਾ ਜੋ ਦੰਡਪਾਨੀ ਦੀ ਪੁੱਤਰੀ ਅਤੇ ਰਿਸ਼ਤੇ ਵਿਚ ਸਿਧਾਰਥ ਦੀ ਮਮੇਰੀ ਭੈਣ ਲੱਗਦੀ ਸੀ, ਨਾਲ ਕਰ ਦਿੱਤਾ ਗਿਆ। ਇਸ ਤਰ੍ਹਾਂ ਸੰਸਾਰਕ ਦੁੱਖਾਂ ਤੋਂ ਦੂਰ ਤੇ ਅਣਜਾਣ, ਸਿਧਾਰਥ ਖੁਸ਼ੀ ਨਾਲ ਵਿਵਾਹਿਕ ਜੀਵਨ ਦਾ ਆਨੰਦ ਮਾਣਦੇ ਹੋਏ ਜੀਵਨ ਬਤੀਤ ਕਰਨ ਲੱਗੇ।

ਪੁੱਤਰ ਦਾ ਜਨਮ ਅਤੇ ਗ੍ਰਹਿ ਤਿਆਗ

ਤੇਰਾਂ ਸਾਲ ਦੇ ਵਿਵਾਹਿਕ ਜੀਵਨ ਵਿਚ ਹਾਲਾਂਕਿ ਸਿਧਾਰਥ ਨੂੰ ਕਿਸੇ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਨਹੀਂ ਕਰਨਾ ਪਿਆ, ਪਰੰਤੂ ਫਿਰ ਵੀ ਉਨ੍ਹਾਂ ਦਾ ਮਨ ਇਸ ਸੰਸਾਰਕ ਜੀਵਨ ਵਿਚ ਨਹੀਂ ਲੱਗਿਆ। ਇਕ ਦਿਨ ਉਹਨਾਂ ਨੇ ਆਪਣੇ ਸਾਰਥੀ ਚੰਨ ਨੂੰ ਬਗੀਚੇ ਵਿਚ ਜਾਣ ਦੀ ਇੱਛਾ ਪ੍ਰਗਟ ਕੀਤੀ। ਰਸਤੇ ਵਿਚ ਉਨ੍ਹਾਂ ਨੂੰ ਇਕ-ਇਕ ਕਰਕੇ ਚਾਰ ਦ੍ਰਿਸ਼ ਦਿਖਾਈ ਦਿੱਤੇ। ਇਹ ਸਨ - ਇਕ ਬਹੁਤ ਹੀ ਬੁੱਢਾ ਵਿਅਕਤੀ, ਇਕ ਰੋਗੀ ਵਿਅਕਤੀ, ਇਕ ਮ੍ਰਿਤਕ ਦੇਹ ਨੂੰ ਲੈ ਕੇ ਜਾਂਦੇ ਲੋਕ ਅਤੇ ਇਕ ਸੰਨਿਆਸੀ ਜੋ ਬਹੁਤ ਹੀ ਪ੍ਰਸੰਨ-ਮੁਦਰਾ ਵਿਚ ਤੇਜ਼-ਕਦਮ ਚੱਲ ਰਿਹਾ ਸੀ। ਕਿਉਂਕਿ ਇਹ ਸਾਰਾ ਕੁਝ ਸਿਧਾਰਥ ਨੇ ਪਹਿਲੀ ਵਾਰ ਦੇਖਿਆ ਸੀ ਇਸ ਲਈ ਉਸ ਨੇ ਚੰਨ ਤੋਂ ਇਨ੍ਹਾਂ ਬਾਰੇ ਪੁੱਛਿਆ। ਜੀਵਨ ਦੀ ਵਾਸਤਵਿਕਤਾ ਨੂੰ ਪਹਿਲੇ ਤਿੰਨ ਦ੍ਰਿਸ਼ਾਂ ਦੁਆਰਾ ਅਨੁਭਵ ਕਰਕੇ ਸਿਧਾਰਥ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਇਹ ਸੰਸਾਰਿਕ ਸੁੱਖ ਥੋੜ੍ਹ-ਚਿਰੇ ਹਨ ਅਤੇ ਜੀਵਨ ਦੁੱਖਾਂ ਦਾ ਪੁੰਜ ਹੈ। ਚੌਥੇ ਦ੍ਰਿਸ਼ ਨੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਮੁਕਤੀ ਦਾ ਮਾਰਗ ਗ੍ਰਹਿ ਤਿਆਗ ਕਰਕੇ ਹੀ ਮਿਲ ਸਕਦਾ ਹੈ। ਸਿਧਾਰਥ ਦਾ ਮਨ ਹਾਲੇ ਇਨ੍ਹਾਂ ਸਭ ਗੱਲਾਂ ਵਿਚ ਹੀ ਉਲਝਿਆ ਹੋਇਆ ਸੀ ਕਿ ਉਨ੍ਹਾਂ ਨੂੰ ਪੁੱਤਰ ਦੀ ਪ੍ਰਾਪਤੀ ਦੀ ਸੂਚਨਾ ਮਿਲੀ। ਇਹ ਜਾਣ ਕੇ ਕਿ ਉਹਨਾਂ ਨੂੰ ਪੁੱਤਰ ਰਤਨ ਦੀ ਪ੍ਰਾਪਤੀ ਹੋਈ ਹੈ, ਖੁਸ਼ ਹੋਣ ਦੀ ਬਜਾਇ ਉਹਨਾਂ ਦੇ ਮੂੰਹ ਤੋਂ ਇਹੋ ਵਾਕ ਨਿਕਲਿਆ ਕਿ ਰਾਹੂ (ਬੰਧਨ) ਪੈਦਾ ਹੋਇਆ ਹੈ ਅਤੇ ਇਸ ਅਨੁਸਾਰ ਹੀ ਰਾਜਾ ਸ਼ੁਧੋਦਨ ਨੇ ਬੱਚੇ ਦਾ ਨਾਮ ਰਾਹੁਲ ਰੱਖ ਦਿੱਤਾ। ਸਿਧਾਰਥ ਦਾ ਦੁਖੀ ਮਨ ਇਨ੍ਹਾਂ ਗੱਲਾਂ ਵਿਚ ਰਮਣ ਵਾਲਾ ਨਹੀਂ ਸੀ। ਉਨ੍ਹਾਂ ਨੇ ਨਿਸ਼ਚਾ ਕੀਤਾ ਕਿ ਦੁੱਖਾਂ ਤੋਂ ਮੁਕਤੀ ਦਾ ਉਪਾਅ ਲੱਭਣ ਲਈ ਗ੍ਰਹਿ ਤਿਆਗ ਕਰਨਾ ਹੈ। ਇਕ ਦਿਨ ਅੱਧੀ ਰਾਤ ਨੂੰ ਉਨ੍ਹਾਂ ਆਪਣੇ ਸਾਰਥੀ ਚੰਨ ਨੂੰ ਰਥ ਤਿਆਰ ਕਰਨ ਲਈ ਕਿਹਾ ਅਤੇ ਖੁਦ ਯਸ਼ੋਧਰਾ ਦੇ ਕਮਰੇ ਵੱਲ ਚੱਲ ਪਏ। ਉਨ੍ਹਾਂ ਦਾ ਮਨ ਗ੍ਰਹਿ ਤਿਆਗ ਤੋਂ ਪਹਿਲਾਂ ਪੁੱਤਰ ਨੂੰ ਦੇਖਣ ਵਿਚ ਸੀ। ਪਰੰਤੂ ਯਸ਼ੋਧਰਾ ਜਾਗ ਨਾ ਜਾਵੇ, ਇਸ ਡਰ ਕਾਰਨ ਉਹ ਦਰਵਾਜੇ ਤੋਂ ਹੀ ਦੋਹਾਂ ਨੂੰ ਸੁੱਤੇ ਹੋਇਆਂ ਵੇਖ ਕੇ ਵਾਪਸ ਆ ਗਏ। ਉਹ ਉਸ ਸਮੇਂ ਹੀ ਗ੍ਰਹਿ ਤਿਆਗ ਕਰਕੇ ਗਿਆਨ ਦੀ ਖੋਜ ਲਈ ਚੱਲ ਪਏ।[4]

ਗਿਆਨ ਦੀ ਖੋਜ ਅਤੇ ਪ੍ਰਾਪਤੀ

ਜਿਸ ਸਮੇਂ ਸਿਧਾਰਥ ਨੇ ਗ੍ਰਹਿ ਤਿਆਗ ਕੀਤਾ ਉਸ ਸਮੇਂ ਉਸਦੀ ਉਮਰ 29 ਸਾਲ ਦੀ ਸੀ। ਸਾਰੀਆਂ ਸੰਸਾਰਿਕ ਸੁੱਖ-ਸੁਵਿਧਾਵਾਂ ਦਾ ਆਦੀ ਰਾਜ ਕੁਮਾਰ ਸਿਧਾਰਥ ਹੁਣ ਇਕ ਸੰਨਿਆਸੀ ਬਣ ਚੁੱਕਿਆ ਸੀ। ਉਸਨੇ ਅਨੋਮਾ ਨਦੀ ਤੇ ਪਹੁੰਚ ਕੇ ਆਪਣਾ ਸਾਰਾ ਰਾਜਸੀ ਲਿਬਾਸ ਉਤਾਰ ਕੇ ਚੰਨ ਨੂੰ ਸੌਂਪ ਦਿੱਤਾ ਅਤੇ ਉਸਨੂੰ ਵਾਪਸ ਜਾਣ ਨੂੰ ਕਿਹਾ। ਆਪ ਗਿਆਨ ਦੀ ਖੋਜ ਵਿਚ ਇੱਧਰ-ਉੱਧਰ ਘੁੰਮਦੇ ਰਹੇ। ਸਭ ਤੋਂ ਪਹਿਲਾਂ ਉਨ੍ਹਾਂ ਦੀ ਮੁਲਾਕਾਤ ਰਾਜਗ੍ਰਹਿ ਵਿਚ ਅਲਾਰ ਕਲਾਮ ਨਾਲ ਹੋਈ, ਜੋ ਉਸ ਸਮੇਂ ਦੇ ਪ੍ਰਸਿੱਧ ਆਚਾਰੀਆ ਵਿੱਚੋਂ ਇਕ ਸਨ। ਸਿਧਾਰਥ ਨੇ ਕੁਝ ਦਿਨ ਉਹਨਾਂ ਦੇ ਨਾਲ ਰਹਿ ਕੇ ਸਾਧਨਾ ਕਰਨੀ ਸਿੱਖੀ। ਪਰੰਤੂ ਉਸ ਤੋਂ ਉਹ ਸੰਤੁਸ਼ਟ ਨਾ ਹੋਏ ਅਤੇ ਫਿਰ ਕਿਸੇ ਹੋਰ ਬਿਹਤਰ ਆਚਾਰੀਆ ਦੀ ਖੋਜ ਵਿਚ ਭਟਕਦੇ (ਘੁੰਮਦੇ) ਰਹੇ। ਛੇਤੀ ਹੀ ਉਨ੍ਹਾਂ ਦੀ ਮੁਲਾਕਾਤ ਇਕ ਹੋਰ ਆਚਾਰੀਆ ਉਦੱਕ ਰਾਜ ਪੁੱਤਰ ਨਾਲ ਹੋਈ। ਉਨ੍ਹਾਂ ਤੋਂ ਵੀ ਉਨ੍ਹਾਂ ਨੇ ਉਸ ਅਵਸਥਾ ਤਕ ਪਹੁੰਚਣਾ ਸਿੱਖਿਆ, ਜਿਸ ਨੂੰ ਉਹ ਹੁਣ ਤਕ ਜਾਣ ਨਹੀਂ ਸਕੇ ਸਨ। ਪਰੰਤੂ ਇੱਥੇ ਵੀ ਉਨ੍ਹਾਂ ਨੂੰ ਨਿਰਾਸ਼ਾ ਹੀ ਹੱਥ ਲੱਗੀ ਅਤੇ ਉਹ ਉਨ੍ਹਾਂ ਦਾ ਸਾਥ ਛੱਡ ਕੇ ਉਰੁਵੇਲਾ (ਵਰਤਮਾਨ ਬੋਧਗਯਾ) ਵੱਲ ਚੱਲ ਪਏ। ਤਤਕਾਲੀ ਮਗਧ ਰਾਜ ਵਿਚ ਸਥਿਤ ਉਰੁਵੇਲਾ ਜੋ ਨਿਰੰਜਨਾ (ਵਰਤਮਾਨ ਫਲਗੂ) ਨਦੀ ਦੇ ਕੰਢੇ ਸਥਿਤ ਸੀ, ਧਿਆਨ ਕਰਨ ਲਈ ਉਨ੍ਹਾਂ ਨੂੰ ਢੁਕਵਾਂ ਸਥਾਨ ਲੱਗਿਆ। ਅੰਤ ਉਨ੍ਹਾਂ ਨੇ ਉੱਥੇ ਹੀ ਰਹਿ ਕੇ ਗਿਆਨ ਪ੍ਰਾਪਤੀ ਕਰਨ ਦਾ ਨਿਸ਼ਚਾ ਕੀਤਾ।

ਸਿਧਾਰਥ ਦੇ ਨਾਲ ਹੀ ਮੁਕਤੀ ਦੀ ਭਾਲ ਵਿਚ ਹੋਰ ਪੰਜ ਸੰਨਿਆਸੀ ਵੀ ਉਨ੍ਹਾਂ ਦੇ ਨਾਲ ਰਲ ਗਏ, ਜਿਨ੍ਹਾਂ ਵਿੱਚੋਂ ਇਕ ਕੌਂਡਨਯ ਸੀ, ਜਿਸ ਨੇ ਉਨ੍ਹਾਂ ਦੇ ਬੁੱਧ ਬਣਨ ਦੀ ਭਵਿੱਖਬਾਣੀ ਕੀਤੀ ਸੀ। ਇਹਨਾਂ ਸਭ ਨਾਲ ਮਿਲ ਕੇ ਸਿਧਾਰਥ ਨੇ ਕਠਿਨ ਸਾਧਨਾ ਆਰੰਭ ਕਰ ਦਿੱਤੀ। ਇੱਥੋਂ ਤਕ ਕਿ ਪੂਰਨ ਰੂਪ ਵਿਚ ਅੰਨ-ਤਿਆਗ ਕਰ ਦਿੱਤਾ। ਉਹ ਇੰਨੇ ਕਮਜ਼ੋਰ ਹੋ ਗਏ ਕਿ ਜਿਉਣਾ ਮੁਸ਼ਕਿਲ ਹੋ ਗਿਆ। ਫਿਰ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਸਿਧਾਰਥ ਨੂੰ ਹੁਣ ਤਕ ਦੇ ਅਨੁਭਵਾਂ ਤੋਂ ਇਹ ਵਿਸ਼ਵਾਸ ਹੋ ਗਿਆ ਸੀ ਕਿ ਨਾ ਹੀ ਸੰਸਾਰਿਕ ਸੁੱਖਾਂ ਵਿਚ ਲੀਨ ਹੋ ਕੇ ਅਤੇ ਨਾ ਹੀ ਕਠੋਰ ਤਪੱਸਿਆ ਨਾਲ ਸੰਸਾਰਿਕ ਦੁੱਖਾਂ ਤੋਂ ਮੁਕਤੀ ਪਾਈ ਜਾ ਸਕਦੀ ਹੈ। ਉਨ੍ਹਾਂ ਨੇ ਸਭ ਪ੍ਰਕਾਰ ਦੀਆਂ ਕਠੋਰ ਤਪੱਸਿਆਵਾਂ ਦਾ ਤਿਆਗ ਕਰਕੇ ਮੱਧ-ਮਾਰਗ ਅਪਨਾਉਣ ਦਾ ਨਿਸ਼ਚਾ ਕੀਤਾ। ਉਨ੍ਹਾਂ ਨੇ ਆਪਣੇ ਸਰੀਰ ਨੂੰ ਜੀਵਤ ਰੱਖਣ ਲਈ ਥੋੜ੍ਹਾ-ਥੋੜ੍ਹਾ ਖਾਣਾ ਆਰੰਭ ਕਰ ਦਿੱਤਾ। ਉਨ੍ਹਾਂ ਦੇ ਇਸ ਕਾਰਜ ਨੂੰ ਵੇਖ ਕੇ ਕਿ ਸਿਧਾਰਥ ਹੁਣ ਪੱਥਭ੍ਰਸ਼ਟ ਹੋ ਗਏ ਹਨ, ਉਨ੍ਹਾਂ ਦੇ ਪੰਜ ਸੰਨਿਆਸੀ ਸਾਥੀ ਵੀ ਸਾਥ ਛੱਡ ਕੇ ਉੱਥੋਂ ਚੱਲੇ ਗਏ।

ਇਕ ਦਿਨ ਸਵੇਰੇ ਜਦੋਂ ਸਿਧਾਰਥ ਦਰੱਖ਼ਤ ਦੇ ਹੇਠਾਂ ਬੈਠੇ ਸਨ, ਉਸ ਸਮੇਂ ਸੈਨਾਨੀ ਗ੍ਰਾਮ ਨਿਵਾਸੀ ਸੁਜਾਤਾ ਨਾਮ ਦੀ ਔਰਤ ਨੇ ਉਨ੍ਹਾਂ ਨੂੰ ਸੰਨਿਆਸੀ ਜਾਣ ਕੇ ਖੀਰ ਖਾਣ ਲਈ ਦਿੱਤੀ। ਖੀਰ ਖਾਣ ਤੋਂ ਬਾਅਦ ਸ਼ਾਮ ਤਕ ਉੱਥੇ ਹੀ ਸਾਧਨਾ ਕੀਤੀ। ਸ਼ਾਮ ਹੋਣ ਤੇ ਸਿਧਾਰਥ ਉਸ ਵੱਡੇ ਪਿੱਪਲ ਦੇ ਦਰੱਖਤ ਵੱਲ ਤੁਰ ਪਏ, ਜਿਸ ਦੀ ਛਾਂ ਹੇਠਾਂ ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ। ਰਸਤੇ ਵਿਚ ਉਨ੍ਹਾਂ ਨੂੰ ਸੋਤਥੀਯ ਨਾਮ ਦਾ ਇਕ ਘਸਿਆਰਾ ਮਿਲਿਆ। ਉਸ ਤੋਂ ਘਾਹ ਗ੍ਰਹਿਣ ਕਰਕੇ ਪਿੱਪਲ (ਬੋਧੀ ਬ੍ਰਿਛ) ਦੇ ਹੇਠਾਂ ਆਸਣ ਬਣਾ ਕੇ ਇਸ ਸੰਕਲਪ ਦੇ ਨਾਲ ਬੈਠ

ਗਏ ਕਿ ਹੁਣ ਜਦੋਂ ਤਕ ਗਿਆਨ ਦੀ ਪ੍ਰਾਪਤ ਨਹੀਂ ਹੁੰਦੀ, ਉਦੋਂ ਤਕ ਉਹ ਉਥੋਂ ਉਠਣਗੇ ਨਹੀਂ। ਹੌਲੀ-ਹੌਲੀ ਸਿਧਾਰਥ ਧਿਆਨ ਦੀਆਂ ਭਿੰਨ-ਭਿੰਨ ਅਵਸਥਾਵਾਂ ਪਾਰ ਕਰਕੇ ਉਸ ਅਵਸਥਾ ਵਿਚ ਪਹੁੰਚ ਗਏ, ਜਿਥੋਂ ਉਹ ਹੁਣ ਤਕ ਹੋਏ ਸਾਰੇ ਪੂਰਬ ਜਨਮਾਂ ਨੂੰ ਜਾਣਨ ਲਈ ਸਫ਼ਲ ਹੋਏ। ਉਸ ਸਮੇਂ ਉਨ੍ਹਾਂ ਨੂੰ ਦਿਵ-ਗਿਆਨ ਦੀ ਪ੍ਰਾਪਤੀ ਹੋਈ, ਜਿਸ ਨਾਲ ਉਹਨਾਂ ਨੇ ਸਾਰੇ ਲੋਕਾਂ ਦੇ ਜੀਵਨ ਦੇ ਦੁੱਖਾਂ ਦੇ ਕਾਰਨ ਨੂੰ ਜਾਣਿਆ। ਇਸ ਪ੍ਰਕਾਰ ਉਨ੍ਹਾਂ ਨੂੰ ਵੈਸਾਖ ਦੀ ਪੂਰਨਮਾਸ਼ੀ ਦੇ ਦਿਨ 35 ਸਾਲ ਦੀ ਉਮਰ ਵਿਚ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਅਤੇ ਉਹ ਸਿਧਾਰਥ ਤੋਂ ਬੁੱਧ (ਜਾਣਨ ਵਾਲਾ, ਗਿਆਨੀ) ਬਣ ਗਏ। ਗਿਆਨ ਪ੍ਰਾਪਤੀ ਦੇ ਬਾਅਦ ਸੱਤ ਹਫਤੇ ਉਨ੍ਹਾਂ ਨੇ ਉਸੇ ਬੋਧੀ ਬ੍ਰਿਛ ਦੇ ਨੇੜੇ-ਤੇੜੇ ਹੀ ਧਿਆਨ-ਵਸ ਰਹਿੰਦੇ ਹੋਏ ਵਿਮੁਕਤੀ ਸੁੱਖ ਦਾ ਆਨੰਦ ਮਾਣਿਆ। ਇਸੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਉਥੋਂ ਲੰਘਣ ਵਾਲੇ ਦੋ ਉੜੀਸਾ ਦੇ ਵਪਾਰੀਆਂ (ਤਪੱਸੂ ਤੇ ਭੱਲਿਕ, ਵਪਾਰੀ) ਨਾਲ ਹੋਈ। ਉਨ੍ਹਾਂ ਵਪਾਰੀਆਂ ਤੋਂ ਬੁੱਧ ਨੇ ਦਹੀਂ ਅਤੇ ਗੁੜ ਗ੍ਰਹਿਣ ਕੀਤਾ ਅਤੇ ਉਨ੍ਹਾਂ ਦੋਵੇਂ ਵਪਾਰੀਆਂ ਨੂੰ ਆਪਣੇ ਪਹਿਲੇ ਸ਼ਿਸ਼ ਬਣਾਇਆ।

ਪਹਿਲਾ ਉਪਦੇਸ਼ (ਧਰਮ ਚੱਕਰ ਪ੍ਰਵਰਤਨ)

ਸ਼ੁਰੂ ਵਿਚ ਬੁੱਧ ਨੂੰ ਇਹ ਦੁਵਿਧਾ ਸੀ ਕਿ ਆਪਣੇ ਗਿਆਨ ਦਾ ਉਪਦੇਸ਼ ਲੋਕਾਂ ਨੂੰ ਕਰਾਂ ਜਾਂ ਨਾ ਕਰਾਂ। ਪਰੰਤੂ ਛੇਤੀ ਹੀ ਉਨ੍ਹਾਂ ਉਪਦੇਸ਼ ਕਰਨ ਦਾ ਵਿਚਾਰ ਬਣਾਇਆ। ਇਸ ਉਪਰੰਤ ਉਹਨਾਂ ਨੇ ਮਨ ਵਿਚ ਆਪਣੇ ਪਹਿਲੇ ਆਚਾਰੀਆ ਅਲਾਰ ਕਲਾਮ ਅਤੇ ਉਦੱਕ ਰਾਮਪੁੱਤਰ ਨੂੰ ਉਪਦੇਸ਼ ਕਰਨ ਦਾ ਨਿਸ਼ਚਾ ਕੀਤਾ, ਕਿਉਂਕਿ ਉਹ ਦੋਵੇਂ ਹੀ ਉਹਨਾਂ ਦੇ ਧਰਮ ਨੂੰ ਆਸਾਨੀ ਨਾਲ ਅਪਣਾ ਸਕਦੇ ਸਨ। ਪਰ ਉਹ ਦੋਵੇਂ ਹੁਣ ਜੀਵਿਤ ਨਹੀਂ ਸਨ। ਇਸ ਕਰਕੇ ਉਨ੍ਹਾਂ ਨੇ ਆਪਣੇ ਉਨ੍ਹਾਂ ਪੰਜ ਸਾਥੀਆਂ ਨੂੰ ਉਪਦੇਸ਼ ਦੇਣ ਦਾ ਨਿਰਣਾ ਕੀਤਾ, ਜੋ ਉਨ੍ਹਾਂ ਦਾ ਸਾਥ ਛੱਡ ਕੇ ਚੱਲੇ ਗਏ ਸਨ।

ਬੁੱਧ ਉਰੁਵੇਲਾ ਤੋਂ ਚਲ ਕੇ ਰਿਸ਼ੀਪਤਨ ਮਿਰਗਵਾਦ (ਵਰਤਮਾਨ ਸਾਰਨਾਥ) ਪਹੁੰਚੇ। ਉੱਥੇ ਪਹੁੰਚ ਕੇ ਉਨ੍ਹਾਂ ਨੇ ਪੰਜ ਸੰਨਿਆਸੀਆਂ ਨੂੰ ਆਪਣਾ ਪਹਿਲਾ ਉਪਦੇਸ਼ ਦਿੱਤਾ ਜੋ ਬੁੱਧ ਧਰਮ ਵਿਚ ਧਰਮ ਚੱਕਰ ਪ੍ਰਵਰਤਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਧਰਮ ਉਪਦੇਸ਼ ਦੇ ਬਾਅਦ ਉਨ੍ਹਾਂ ਪੰਜਾਂ ਨੇ ਨਿਰਵਾਣ ਪ੍ਰਾਪਤ ਕੀਤਾ। ਬੁੱਧ ਨੇ ਸਾਰਨਾਥ (ਬਾਰਾਨਸੀ) ਵਿਚ ਰਹਿੰਦੇ ਹੋਏ ਪ੍ਰਸਿੱਧ ਸੇਠ ਪੁੱਤਰ ਯਸ਼ ਅਤੇ ਉਸਦੇ ਚਾਰ ਹੋਰ ਮਿੱਤਰਾਂ ਨੂੰ ਪ੍ਰਭਾਵਿਤ ਕਰਕੇ ਧਰਮ ਵਿਚ ਸ਼ਾਮਿਲ ਕੀਤਾ। ਇਨ੍ਹਾਂ ਸਾਰੇ ਸੱਠ ਅਰਹਤ ਭਿਖਸ਼ੂਆਂ ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਭਿੰਨ-ਭਿੰਨ ਦਿਸ਼ਾਵਾਂ ਵਿਚ ਧਰਮ ਪ੍ਰਚਾਰ ਲਈ ਭੇਜ ਕੇ ਆਪ ਵੀ ਮਗਧ ਰਾਜ ਵੱਲ ਚੱਲ ਪਏ।

ਵਾਪਸ ਉਰਵੇਲਾ ਪਹੁੰਚ ਕੇ ਬੁੱਧ ਨੇ ਅਗਨੀਪੂਜਕ ਕਾਸ਼ਯਪ ਬ੍ਰਾਹਮਣ ਭਰਾਵਾਂ ਨੂੰ ਉਨ੍ਹਾਂ ਦੇ ਇਕ ਹਜ਼ਾਰ ਅਨੁਆਈਆਂ ਸਮੇਤ ਆਪਣੇ ਧਰਮ ਵਿਚ ਸ਼ਾਮਿਲ ਕੀਤਾ। ਉਸ ਸਮੇਂ ਉਹ ਰਾਜਗ੍ਰਹਿ ਆ ਕੇ ਮਗਧ ਦੇ ਰਾਜਾ ਬਿੰਬੀਸਾਰ ਨੂੰ ਮਿਲੇ ਅਤੇ ਉਸ ਨੂੰ ਵੀ ਆਪਣੇ ਧਰਮ ਵਿਚ ਸ਼ਾਮਿਲ ਕਰ ਲਿਆ। ਬਿੰਬੀਸਾਰ ਨੇ ਰਾਜਗ੍ਰਹਿ ਸਥਿਤ ਵੇਣੂਵੰਨ ਬੁੱਧ ਨੂੰ ਦਾਨ ਵਜੋਂ ਦਿੱਤਾ ਤੇ ਉਨ੍ਹਾਂ ਨੇ ਇਸ ਨੂੰ ਸਵੀਕਾਰ ਕੀਤਾ। ਰਾਜ ਗ੍ਰਹਿ ਵਿਚ ਹੀ ਬੁੱਧ ਦੇ ਵਖਿਆਣ ਉਪਤਿਸਯ, ਕੋਲਿਕ, ਸਾਰਿਪੁੱਤਰ ਤੇ ਮੋਦਗਲਯਾਨ ਨਾਲ ਹੋਏ ਜੋ ਅੱਗੇ ਚੱਲ ਕੇ ਬੁੱਧ ਦੇ ਪ੍ਰਧਾਨ ਸ਼ਿਸ਼ਾਂ ਵਜੋਂ ਪ੍ਰਸਿੱਧ ਹੋਏ। ਜਦੋਂ ਰਾਜਾ ਬੁੱਧ ਬਣ ਗਿਆ ਹੈ ਅਤੇ ਰਾਜਗ੍ਰਹਿ ਵਿਚ ਰਹਿ

ਰਿਹਾ ਹੈ ਤਾਂ ਉਨ੍ਹਾਂ ਨੇ ਸਿਧਾਰਥ ਦੇ ਬਚਪਨ ਦੇ ਇਕ ਮਿੱਤਰ ਕਾਲੁਦਾਇਨ ਨੂੰ ਉਨ੍ਹਾਂ ਨੂੰ ਬੁਲਾਉਣ ਲਈ ਭੇਜਿਆ। ਰਾਜਾ ਸ਼ੁਧੋਦਨ ਦੇ ਸੱਦੇ ਤੇ ਬੁੱਧ ਕਪਿਲਵਸਤੂ ਆਏ। ਉੱਥੇ ਆਪਣੇ ਪਿਤਾ ਸਮੇਤ ਬਹੁਤ ਸਾਰੇ ਲੋਕਾਂ ਨੂੰ ਧਰਮ ਉਪਦੇਸ਼ ਦਿੱਤਾ। ਕਈ ਸ਼ਾਕਯਵੰਸ਼ੀ ਰਾਜ ਕੁਮਾਰ ਉਨ੍ਹਾਂ ਦੇ ਸ਼ਿਸ ਬਣੇ। ਉਹ ਯਸ਼ੋਧਰਾ ਨੂੰ ਵੀ ਮਿਲਣ ਉਨ੍ਹਾਂ ਦੇ ਮਹਿਲ ਗਏ। ਯਸ਼ੋਧਰਾ ਨੇ ਆਪਣੇ ਸੱਤ ਸਾਲ ਦੇ ਪੁੱਤਰ ਨੂੰ ਉਨ੍ਹਾਂ ਨੂੰ ਸੌਂਪ ਦਿੱਤਾ। ਬੁੱਧ ਧਰਮ ਦੇ ਇਤਿਹਾਸ ਵਿਚ ਰਾਹੁਲ ਪਹਿਲਾ ਭਿਖਸ਼ੂ ਬਣਿਆ। ਇਸ ਤੋਂ ਬਾਅਦ ਉਨ੍ਹਾਂ ਨੇ ਪੂਰੇ ਜੰਬੂਦੀਪ ਵਿਚ ਘੁੰਮ ਕੇ ਆਪਣਾ ਧਰਮ ਪ੍ਰਚਾਰ ਜ਼ਾਰੀ ਰੱਖਿਆ।

ਕੁਝ ਸਾਲਾਂ ਬਾਅਦ ਆਪਣੇ ਪਿਤਾ ਸ਼ੁਧੋਦਨ ਦੀ ਬਿਮਾਰੀ ਦੀ ਖਬਰ ਸੁਣ ਕੇ ਦੁਬਾਰਾ ਕਪਿਲਵਸਤੂ ਆਏ ਅਤੇ ਪਿਤਾ ਨਾਲ ਮੁਲਾਕਾਤ ਕੀਤੀ। ਇਸ ਤੋਂ ਕੁਝ ਦਿਨ ਬਾਅਦ ਰਾਜਾ ਸ਼ੁਧੋਦਨ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਦੁਖੀ ਹੋ ਕੇ ਮਹਾਪਰਜਾਪਤੀ ਗੋਤਮੀ ਨੇ ਕਈ ਸ਼ਾਕਯ ਇਸਤਰੀਆਂ ਦੇ ਨਾਲ ਸੰਘ ਵਿਚ ਸ਼ਾਮਿਲ ਹੋਣ ਦੀ ਇੱਛਾ ਪ੍ਰਗਟ ਕੀਤੀ। ਪਰੰਤੂ ਬੁੱਧ ਨੇ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਹੋਣ ਤੋਂ ਮਨਾ ਕਰ ਦਿੱਤਾ। ਉਹਨਾਂ ਦਾ ਮੰਨਣਾ ਸੀ ਕਿ ਜੇਕਰ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਕਰ ਲਿਆ ਤਾਂ ਹਜ਼ਾਰਾਂ ਸਾਲਾਂ ਤਕ ਚੱਲਣ ਵਾਲਾ ਧਰਮ ਪੰਜ ਸੌ ਸਾਲ ਤਕ ਵੀ ਨਹੀਂ ਚੱਲ ਸਕੇਗਾ। ਪ੍ਰੰਤੂ ਇਕ ਵਾਰ ਜਦੋਂ ਬੁੱਧ ਵੈਸ਼ਾਲੀ ਸਥਿਤ ਮਹਾਂਵਨ ਮਹਾਂਵਿਚਾਰ ਵਿਚ ਨਿਵਾਸ ਕਰ ਰਹੇ ਸਨ, ਉਸ ਸਮੇਂ ਮਹਾਂਪਰਜਾਪਤੀ ਗੋਤਮੀ ਉੱਥੇ 500 ਸ਼ਾਕਯ ਇਸਤਰੀਆਂ ਦੇ ਨਾਲ ਪਹੁੰਚ ਗਈ ਤੇ ਬੁੱਧ ਅੱਗੇ ਸੰਘ ਵਿਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਬੁੱਧ ਦੇ ਇਕ ਵਾਰ ਹੋਰ ਮਨਾਂ ਕਰਨ ਤੇ ਉਹ ਆਨੰਦ ਕੋਲ ਚਲੀ ਗਈ। ਫਿਰ ਆਨੰਦ ਦੇ ਕਹਿਣ ਤੇ ਬੁੱਧ ਨੇ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਕਰ ਲਿਆ।

ਆਨੰਦ ਬੁੱਧ ਦੇ ਚਚੇਰੇ ਭਰਾ ਸਨ ਅਤੇ ਉਨ੍ਹਾਂ ਦੇ ਸਭ ਤੋਂ ਪਿਆਰੇ ਸ਼ਿਸਾਂ ਵਿੱਚੋਂ ਸਨ ਇਸ ਤੋਂ ਇਲਾਵਾ ਉਨ੍ਹਾਂ ਦਾ ਇਕ ਹੋਰ ਸ਼ਿਸ ਅਤੇ ਰਿਸ਼ਤੇ ਵਿਚ ਭਰਾ, ਦੇਵਦੱਤ ਸੀ। ਉਹ ਬੁੱਧ ਨਾਲ ਈਰਖਾ ਕਰਦਾ ਸੀ। ਪਹਿਲਾਂ ਤਾਂ ਉਸ ਨੇ ਇਕ ਅਲੱਗ ਸੰਘ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਇਸ ਵਿਚ ਸਫ਼ਲ ਨਾ ਹੋਇਆ ਤਾਂ ਅੱਗੇ ਚੱਲ ਕੇ ਉਸ ਨੇ ਬੁੱਧ ਦੀ ਜਾਨ ਲੈਣ ਦੀ ਕੋਸ਼ਿਸ਼ ਵੀ ਕੀਤੀ। ਅੰਤ ਉਹ ਆਪਣੇ ਉਦੇਸ਼ ਵਿਚ ਅਸਫ਼ਲ ਹੋਇਆ ਅਤੇ ਮ੍ਰਿਤਕ-ਲੋਕ ਨੂੰ ਪ੍ਰਾਪਤ ਹੋਇਆ।

ਇਸ ਪ੍ਰਕਾਰ ਬੁੱਧ ਅਨੁਕੂਲ ਅਤੇ ਪ੍ਰਤੀਕੂਲ ਦੋਨੋਂ ਹੀ ਸਥਿਤੀਆਂ ਦੇ ਰੁਬਰੂ ਹੁੰਦੇ ਹੋਏ 45 ਸਾਲਾਂ ਦੇ ਲੰਬੇ ਸਮੇਂ ਤਕ ਵੱਖ-ਵੱਖ ਦਿਸ਼ਾਵਾਂ ਅਤੇ ਵੱਖ-ਵੱਖ ਲੋਕਾਂ ਦੇ ਵਿਚ ਆਪਣਾ ਧਰਮ ਪ੍ਰਚਾਰ ਕਰਦੇ ਰਹੇ। ਜ਼ਿਆਦਾਤਰ ਉਨ੍ਹਾਂ ਦਾ ਕਾਰਜ ਖੇਤਰ ਤਤਕਾਲੀ ਮਗਧਰਾਜ ਦੇ ਆਲੇ-ਦੁਆਲੇ ਹੀ ਰਿਹਾ। ਇਸ ਨਾਲ ਹੀ ਉਨ੍ਹਾਂ ਦੇ ਮਿਸ਼ਨ ਵਿਚ ਉਪਾਸਕ-ਉਪਾਸਕਾਵਾਂ ਅਤੇ ਗ੍ਰਹਿਸਥੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਨ੍ਹਾਂ ਵਿੱਚੋਂ ਪ੍ਰਮੁਖ ਅਨਾਥਪਿੰਡਿਕ ਸਨ, ਜਿਨ੍ਹਾਂ ਨੇ ਬੁੱਧ ਨੂੰ ਸਰਾਵਸਤੀ ਸਥਿਤ ਜੇਤਬਨ ਮਹਾਂਵਿਹਾਰ ਦਾਨ ਵਿਚ ਦਿੱਤਾ। ਬੁੱਧ ਉਸ ਸਮੇਂ ਦੀ ਪ੍ਰਸਿੱਧ ਵੇਸ਼ਵਾ ਅਮਰਪਾਲੀ ਦੇ ਸੱਦੇ ਤੇ ਉਸਦੇ ਘਰ ਗਏ ਅਤੇ ਉਸ ਨੂੰ ਆਪਣੀ ਸ਼ਿਸ਼ ਬਣਾਇਆ। ਇਸੇ ਤਰ੍ਹਾਂ ਅੰਗੁਲੀਮਾਲ ਨਾਮਕ ਪ੍ਰਸਿੱਧ ਅਤੇ ਖੂੰਖਾਰ ਡਾਕੂ ਵੀ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ, ਸਭ ਕੁਝ ਛੱਡ ਕੇ, ਸੰਘ ਵਿਚ ਸ਼ਾਮਿਲ ਹੋ ਨਿਰਵਾਣ ਨੂੰ ਪ੍ਰਾਪਤ ਹੋਇਆ।

ਮਹਾਂਪਰਿਨਿਰਵਾਣ

ਹੁਣ ਬੁੱਧ ਦੀ ਉਮਰ 80 ਸਾਲ ਦੀ ਸੀ ਤੇ ਕਾਫ਼ੀ ਬੁੱਢੇ ਹੋ ਚੁੱਕੇ ਸਨ। ਹੁਣ ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਇਸ ਸੰਸਾਰਿਕ ਸਰੀਰ ਨੂੰ ਛੱਡਣ ਦਾ ਸਮਾਂ ਆ ਗਿਆ ਹੈ। ਉਸ ਸਮੇਂ ਉਨ੍ਹਾਂ ਨੇ ਆਨੰਦ ਨੂੰ ਦੱਸਿਆ ਕਿ ਅੱਜ ਤੋਂ ਤਿੰਨ ਮਹੀਨੇ ਬਾਅਦ ਕੁਸ਼ੀ ਨਗਰ ਵਿਚ ਉਹ ਮਹਾਂਪਰਿ ਨਿਰਵਾਣ ਨੂੰ ਪ੍ਰਾਪਤ ਹੋਣਗੇ। ਇਸ ਲਈ ਸਾਨੂੰ ਕੁਸ਼ੀ ਨਗਰ ਪਹੁੰਚਣਾ ਚਾਹੀਦਾ ਹੈ। ਉਹ ਭਿਖਸ਼ੂ ਸੰਘ ਦੇ ਨਾਲ ਰਾਜ ਗ੍ਰਹਿ ਤੋਂ ਪਾਟਲੀ ਪੁੱਤਰ ਅਤੇ ਵੈਸ਼ਾਲੀ ਹੁੰਦੇ ਹੋਏ ਪਾਵਾ-ਨਗਰ ਪਹੁੰਚੇ। ਰਸਤੇ ਵਿਚ ਉਨ੍ਹਾਂ ਨੇ ਕਈ ਮਹੱਤਵਪੂਰਨ ਉਪਦੇਸ਼ ਵੀ ਦਿੱਤੇ। ਪਾਵਾ ਨਗਰ ਪਹੁੰਚਣ ਤੇ ਚੁੰਦ ਨਾਮੀ ਲੁਹਾਰ ਦੇ ਸੱਦੇ ਤੇ ਉਸ ਦੇ ਘਰ ਗਏ। ਉੱਥੇ ਚੁੰਦ ਨੇ ਉਨ੍ਹਾਂ ਨੂੰ ਜੋ ਭੋਜਨ ਕਰਵਾਇਆ ਉਸ ਨੂੰ ਖਾ ਕੇ ਉਹਨਾਂ ਨੂੰ ਦਸਤ ਦੀ ਬਿਮਾਰੀ ਲੱਗ ਗਈ। ਬਿਮਾਰੀ ਦੇ ਕਾਰਨ ਉਹ ਕਾਫ਼ੀ ਕਮਜ਼ੋਰ ਹੋ ਗਏ ਸਨ, ਪ੍ਰੰਤੂ ਫਿਰ ਵੀ ਉਨ੍ਹਾਂ ਨੇ ਸਫਰ ਜਾਰੀ ਰੱਖਿਆ। ਕੁਸ਼ੀ-ਨਗਰ ਸਥਿਤ ਸ਼ਾਲਵੰਨ ਪਹੁੰਚਣ ਤੇ ਬੁੱਧ ਨੇ ਅਨੰਦ ਨੂੰ ਦੋ ਸੰਘਣੇ ਸਾਲ ਦੇ ਦਰੱਖਤਾਂ ਦੇ ਵਿਚ ਬਿਸਤਰਾ ਵਿਛਾਉਣ ਲਈ ਕਿਹਾ। ਬਿਸਤਰੇ ਤੇ ਲੇਟ ਕੇ ਕੁਝ ਦੇਰ ਆਰਾਮ ਕੀਤਾ। ਬੁੱਧ ਦੇ ਅੰਤ ਨੂੰ ਨੇੜੇ ਆਉਂਦਾ ਜਾਣ ਕੇ ਸਾਰੇ ਭਿਖਸ਼ੂ ਬਹੁਤ ਦੁਖੀ ਸਨ। ਪਰ ਆਨੰਦ ਦੇ ਦੁੱਖ ਦੀ ਕੋਈ ਸੀਮਾ ਨਹੀਂ ਸੀ। ਬੁੱਧ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਭਿਖਸ਼ੂ ਸੰਘ ਨੂੰ ਇਕੱਠਾ ਕਰਕੇ ਧਰਮ ਉਪਦੇਸ਼ ਦਿੱਤਾ ਅਤੇ ਦੱਸਿਆ ਕਿ ਸਾਰੇ ਸੰਸਾਰਿਕ ਧਰਮ ਨਾਸ਼ਵਾਨ ਹਨ। ਇਸ ਲਈ ਸਾਰਿਆਂ ਨੂੰ ਇਨ੍ਹਾਂ ਤੋਂ ਮੁਕਤੀ ਦੇ ਲਈ ਯਤਨ ਕਰਨਾ ਚਾਹੀਦਾ ਹੈ। ਇਹੀ ਬੁੱਧ ਦਾ ਆਖਰੀ ਬਚਨ ਸੀ। ਇਸ ਤੋਂ ਬਾਅਦ ਉਸੇ ਰਾਤ (ਵੈਸਾਖੀ ਦੀ ਪੂਰਨਮਾਸ਼ੀ) ਦੇ ਹੀ ਅੰਤਮ ਪਹਿਰ ਨੂੰ ਬੁੱਧ ਨੇ ਆਪਣਾ ਸਰੀਰ ਤਿਆਗ ਦਿੱਤਾ।

ਗਿਆਨ ਪ੍ਰਾਪਤੀ ਉਪਰੰਤ ਬੁੱਧ ਨੇ ਸੰਗਦਿਆਂ-ਸੰਗਦਿਆਂ ਧਰਮ ਉਪਦੇਸ਼ ਦਾ ਮਨ ਬਣਾਇਆ। ਉਹਨਾਂ ਨੇ ਸਭ ਤੋਂ ਪਹਿਲਾਂ ਸਾਰਨਾਥ ਵਿਖੇ ਪੰਜ ਚੇਲਿਆਂ ਨੂੰ ਜੋ ਉਪਦੇਸ਼ ਦਿੱਤਾ, ਉਹ ਬੁੱਧ ਧਰਮ ਦੇ ਇਤਿਹਾਸ ਵਿਚ 'ਧਰਮ ਚੱਕਰ ਪਰਵਰਤਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਧਰਮ ਚੱਕਰ ਪਰਵਰਤਨ ਦਾ ਅਰਥ ਹੈ ਧਰਮ ਰੂਪੀ ਚੱਕਰ ਨੂੰ ਚਲਾਉਣਾ। ਆਪਣੇ ਪਹਿਲੇ ਉਪਦੇਸ਼ ਦੁਆਰਾ ਹੀ ਬੁੱਧ ਨੇ ਬੁੱਧ ਧਰਮ ਦੀ ਨੀਂਹ ਰੱਖੀ। ਇਸ ਪਹਿਲੇ ਉਪਦੇਸ਼ ਵਿਚ ਬੁੱਧ ਨੇ ਜੋ ਉਪਦੇਸ਼ ਦਿੱਤੇ, ਉਹ ਇਸ ਪ੍ਰਕਾਰ ਹਨ :

ਸਿੱਖਿਆਵਾਂ

ਚਾਰ ਆਰੀਆ ਸੱਚ/ਸਤਿਅ (Four Noble Truths)

ਭਗਵਾਨ ਬੁੱਧ ਨੇ ਆਪਣੇ ਪਹਿਲੇ ਧਰਮ ਉਪਦੇਸ਼, ਜੋ ਬੁੱਧ ਧਰਮ ਦੇ ਇਤਿਹਾਸ ਵਿਚ ਧਰਮ ਚੱਕਰ ਪਰਵਰਤਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਆਪਣੇ ਪੰਜ ਪੂਰਵ ਸਹਿਯੋਗੀਆਂ ਨੂੰ ਇਸੀਪਤਨ ਮਿਰਗਵਾਦ (ਮੌਜੂਦਾ ਸਾਰਨਾਥ) ਵਿਚ ਦਿੱਤਾ ਸੀ। ਚਾਰ ਆਰੀਆ ਸੱਚ ਬੁੱਧ ਦੁਆਰਾ ਉਪਦੇਸ਼ਿਤ ਉਹਨਾਂ ਦੇ ਮੂਲ ਉਪਦੇਸ਼ਾਂ ਵਿੱਚੋਂ ਇਕ ਹੈ। ਇਹਨਾਂ ਆਰੀਆ ਸੱਚਾਈਆਂ ਦੇ ਵਿਸਤ੍ਰਿਤ ਵਿਵੇਚਨ ਤੋਂ ਪਹਿਲਾਂ ਪਾਲੀ ਤ੍ਰਿਪਿਟਕ ਵਿਚ ਉਪਲੱਬਧ ਉਹਨਾਂ ਅੰਸ਼ਾਂ ਨੂੰ ਪੰਜਾਬੀ ਅਨੁਵਾਦ ਦੇ ਨਾਲ ਪੇਸ਼ ਕਰਨਾ ਉਚਿਤ ਹੋਵੇਗਾ, ਜਿਹਨਾਂ ਵਿਚ ਆਰੀਆ ਸੱਚਾਈਆਂ ਦੀ ਵਿਆਖਿਆ ਕੀਤੀ

ਗਈ ਹੈ।

1. **ਦੁਖੰ ਅਰਿਯਸੱਚੰ (ਦੁਖ ਆਰੀਆ ਸੱਚ Noble Truth of Suffering)**

ਇੰਦੰ ਖੋ ਪਨ ਭਿੱਖਵੇ ! ਦੁਖੰ ਅਰਿਯਸੱਚੰ - ਜਾਤਿਪਿ-ਦੁੱਖਾ, ਜਰਾਪਿ ਦੁੱਖਾ, ਵਿਆਧਿਪਿ-ਦੁੱਖੋ, ਮਰਣੰ ਅਪਿ ਦੁਖੰ, ਅੱਪਿਯੇਹਿ ਸਮੱਪਯੋਗੋ ਦੁੱਖੋ, ਪਿਯੇਹਿ ਵਿੱਪਯੋਗੋ ਦੁੱਖੋ, ਯੰ ਅਪਿ ਇੱਛੰ ਨ ਲਭਤਿ ਤੰ ਅਪਿ ਦੁੱਖੰ, ਸੰਖਿੱਤੇਨ ਪੰਚੁਪਾਦਾਨਖੰਧਾਪਿ ਦੁੱਖਾ।

"ਭਿਖਸ਼ੂਓ ! ਇਹ ਦੁੱਖ ਆਰੀਆ ਸੱਚ ਹੈ - ਜਨਮ ਲੈਣਾ ਦੁੱਖ ਹੈ, ਬੁੱਢਾ ਹੋਣਾ ਦੁੱਖ ਹੈ, ਬੀਮਾਰ ਹੋਣਾ ਦੁੱਖ ਹੈ, ਮਰਨਾ ਦੁੱਖ ਹੈ, ਅਪ੍ਰਿਯ ਨਾਲ ਮਿਲਣਾ ਦੁੱਖ ਹੈ, ਪ੍ਰਿਯ ਤੋਂ ਵਿਛੜਨਾ ਦੁੱਖ ਹੈ। ਮਨਚਾਹੀ ਵਸਤੂ ਦਾ ਨਾ ਮਿਲਣਾ ਦੁੱਖ ਹੈ, ਸੰਖੇਪ ਵਿਚ ਆਖਣਾ ਹੋਵੇ ਤਾਂ ਪੰਜ ਉਪਾਦਾਨ ਸਕੰਧ (ਰੂਪ, ਵੇਦਨਾ, ਸੰਗਿਆ, ਸੰਸਕਾਰ ਅਤੇ ਵਿਗਿਆਨ) ਹੀ ਦੁੱਖ ਹੈ।

2. **ਦੁੱਖਸਮੁੰਦਯੰ ਅਰਿਯਸੱਚੰ (ਦੁੱਖ ਸਮੁਦਇ ਆਰੀਆ ਸੱਚ - Noble Truth of the Cause of Suffering)**

ਇਦੰ ਖੋ ਪਨ ਭਿੱਖਵੇ ! ਦੁੱਖਸਮੁਦਯੰ ਅਰਿਯਸੱਚੰ - ਯਾਯੰਤੱਣਹਾ ਪੋਨੋਭੱਵਿਕਾ ਨੰਦਿਰਾਗਸਹਗਤਾ ਤਤ੍ਰ-ਤਤ੍ਰਾਭਿਨੰਦਿਨੀ, ਸੇਯੱਥੀਦੰ-ਕਾਮਤੱਣਹਾ, ਭਵਤੱਣਹਾ, ਵਿਭਵਤੱਣਤਾ।

"ਭਿਖਸ਼ੂਓ ! ਇਹ ਦੁੱਖ ਸਮੁਦਾਇ ਆਰੀਆ ਸੱਚ ਹੈ - ਇਹ ਤ੍ਰਿਸ਼ਨਾ ਜੋ ਵਾਰ-ਵਾਰ ਜਨਮ ਲੈਣ ਦਾ ਕਾਰਕ ਹੈ, ਪ੍ਰੀਤ ਅਤੇ ਰਾਗ ਨਾਲ ਯੁਕਤ ਹੈ, ਇਹ ਜੋ ਜਿਧਰੇ-ਕਿਧਰੇ ਮਜ਼ਾ ਲੈਣ ਵਾਲੀ ਤ੍ਰਿਸ਼ਨਾ ਹੈ, ਜਿਵੇਂ ਕਿ ਕਾਮ ਤ੍ਰਿਸ਼ਨਾ, ਭਵ ਤ੍ਰਿਸ਼ਨਾ ਅਤੇ ਵਿਭਵ ਤ੍ਰਿਸ਼ਨਾ - ਇਹ ਤ੍ਰਿਸ਼ਨਾ ਹੀ ਦੁੱਖ ਸਮੁਦਾਇ ਆਰੀਆ ਸੱਚ ਹੈ।"

3. **ਦੁੱਖਨਿਰੋਧੰ ਅਰਿਯਸੱਚੰ (ਦੁਖ ਨਿਰੋਧ ਆਰੀਆ ਸੱਚ - Noble Truth of the Cessation of Suffering)**

ਇੰਦੰ ਖੋ ਪਨ ਭਿੱਖਵੇ ! ਦੁੱਖਨਿਰੋਧੰ ਅਰਿਯਸੱਚੰ, ਯੋ ਤੱਸਾਯੇਵ ਤੱਣਹਾਯ ਅਸੇਸ ਵਿਰਾਗਨਿਰੋਧੋ, ਚਾਗੋ। ਪਟਿਨਿਸੱਗੋ, ਮੁੱਤਿ, ਅਨਾਲਯੋ।

"ਭਿਖਸ਼ੂਓ ! ਇਹ ਦੁੱਖ ਨਿਰੋਧ ਆਰੀਆ ਸੱਚ ਹੈ - ਉਸੇ ਤ੍ਰਿਸ਼ਨਾ ਦਾ ਬਿਲਕੁਲ ਵਿਰਾਗ, ਨਿਰੋਧ (ਰੁੱਕ ਜਾਣਾ) ਤਿਆਗ, ਪਰਿਤਿਆਗ ਮੁਕਤੀ, ਅਨਾਸੱਕਤੀ ਹੈ।"

4. **ਦੁੱਖ ਨਿਰੋਧਗਾਮਿਨੀ ਪਟਿਪਦਾ ਅਰਿਯਸੱਚੰ (ਦੁੱਖਾਂ ਦੇ ਅੰਤ ਦਾ ਮਾਰਗ - Noble Truth of Path Leading to the Cessation of Suffering)**

ਇਦੰ ਖੋ ਪਨ ਭਿੱਖਵੇ ! ਦੁੱਖ ਨਿਰੋਧਗਾਮਿਨੀ ਪਟਿਪਦਾ ਅਰਿਯਸੱਚੰ - ਅਯਮੇਵ ਅਰਿਓ ਅੱਠੰਗਿਕੋ ਮੱਗੋ, ਸੇਯੱਥੀਦੰ - ਸੱਮਾਦਿੱਠਿ, ਸੰਮਾਸੰਕੱਪੋ, ਸੰਮਾਵਾਚਾ, ਸੰਮਾਕੱਮੰਤੋ, ਸੰਮਾਆਜੀਵੋ, ਸੰਮਾਵਾਯਾਮੋ, ਸੰਮਾਸਤਿ, ਸੰਮਾਸਮਾਧਿ।

"ਭਿਖਸ਼ੂਓ ! ਇਹ ਦੁੱਖ ਨਿਰੋਧ ਗਾਮਿਨੀ ਪ੍ਰਤਿਪਦਾ ਆਰੀਆ - ਸੱਚ ਹੈ - ਇਹੀ ਆਰੀਆ ਅਸ਼ਟਾਂਗਿਕ ਮਾਰਗ ਹੈ, ਜਿਵੇਂ ਸੰਮਿਅਕ (ਸੱਚੀ) ਦ੍ਰਿਸ਼ਟੀ, ਸੰਮਿਅਕ ਸੰਕਲਪ, ਸੰਮਿਅਕ ਵਚਨ, ਸੰਮਿਅਕ ਕਰਮ, ਸੰਮਿਅਕ ਆਜੀਵਿਕਾ, ਸੰਮਿਅਕ

ਵਿਆਯਾਮ, ਸੰਮਿਅਕ ਸਿਮਰਤੀ ਅਤੇ ਸੰਮਿਅਕ ਸਮਾਧੀ।''

ਚਾਰ ਆਰੀਆ ਸੱਚਾਈਆਂ ਦਾ ਪ੍ਰਤਿਪਾਦਨ ਕਰਨ ਉਪਰੰਤ ਭਗਵਾਨ ਬੁੱਧ ਨੇ ਆਪਣੇ ਇਹਨਾਂ ਪੰਜ ਚੇਲਿਆਂ (ਜਿਹਨਾਂ ਨੂੰ ਪੰਜ ਵਰਗੀ ਭਿਖਸ਼ੂ ਕਿਹਾ ਜਾਂਦਾ ਹੈ) ਨੂੰ ਫੇਰ ਦੱਸਿਆ ਕਿ ਜਦੋਂ ਤਕ ਉਹਨਾਂ ਨੂੰ ਆਪ ਇਹਨਾਂ ਚਾਰ ਆਰੀਆ ਸੱਚਾਈਆਂ ਦਾ ਯਥਾਰਥ ਗਿਆਨ-ਦਰਸ਼ਨ ਨਹੀਂ ਹੋਇਆ, ਉਦੋਂ ਤਕ ਉਹਨਾਂ ਨੇ ਇਹ ਘੋਸ਼ਣਾ ਨਹੀਂ ਕੀਤੀ ਕਿ ''ਦੇਵਤਿਆਂ ਸਹਿਤ, ਮਾਰ ਸਹਿਤ, ਬ੍ਰਹਮ ਸਹਿਤ, ਸਾਰੇ ਲੋਕਾਂ ਵਿਚ, ਦੇਵ-ਮਨੁੱਖ ਸਹਿਤ, ਸ਼੍ਰਮਣ-ਬ੍ਰਾਹਮਣ ਸਹਿਤ ਸਾਰੀ ਪਰਜਾ (ਪ੍ਰਾਣੀ) ਵਿਚ ਸਰਵ ਉੱਤਮ ਸੰਮਿਅਕ-ਸੰਬੋਧੀ ਨੂੰ ਮੈਂ ਜਾਣ ਲਿਆ ਹੈ।'' ਇੱਥੇ ਤਿੰਨ ਤਰੀਕਿਆਂ ਨਾਲ ਜੋ ਕੁੱਲ ਬਾਰਾਂ ਹੁੰਦੇ ਹਨ, ਨਾਲ (ਤਿਪਰਿਵੱਟੰਦ੍ਵਾਦਸਾਕਾਰੰ) ਆਰੀਆ ਸੱਚਾਈਆਂ ਨੂੰ ਜਾਣਨਾ ਇਸ ਪ੍ਰਕਾਰ ਹੈ :

(i) ਦੁੱਖ ਆਰੀਆ ਸੱਚ - ਦੁੱਖ ਆਰੀਆ ਸੱਚ ਹੈ, ਪਰਿੱਞੇਯੰ (ਅਨੁਭਵ ਕਰਨਾ ਚਾਹੀਦਾ ਹੈ - should be perceived) ਪਰਿੱਞਾਤ (ਅਨੁਭਵ ਕਰ ਲਿਆ ਗਿਆ ਹੈ - has been perceived)।

(ii) ਦੁੱਖ ਸਮੁਦਇ ਆਰੀਆ ਸੱਚ - ਦੁੱਖ ਸਮੁਦਇ ਆਰੀਆ ਸੱਚ ਹੈ, ਪਹਾਤੱਬੰ (ਅੰਤ ਕਰਨਾ ਚਾਹੀਦਾ ਹੈ - should be eradicated) ਪਹਿਣੰ (ਅੰਤ ਕਰ ਦਿੱਤਾ ਗਿਆ ਹੈ - has been eradicated)।

(iii) ਦੁੱਖ ਨਿਰੋਧ ਆਰੀਆ ਸੱਚ - ਦੁੱਖ ਨਿਰੋਧ ਆਰੀਆ ਸੱਚ ਹੈ, ਸੱਛਿਕਾਤੱਬੰ (ਸਾਖਿਆਕਾਰ ਕਰਨਾ ਚਾਹੀਦਾ ਹੈ - should be realized) ਸੱਛਿਕਤੰ (ਸਾਖਿਆਕਾਰ ਕਰ ਲਿਆ ਗਿਆ ਹੈ - has been realized)।

(iv) ਦੁੱਖ ਨਿਰੋਧ ਗਾਮਿਨੀ ਪ੍ਰਤਿਪਦਾ ਆਰੀਆ ਸੱਚ - ਭਾਵੇਤਬੰ (ਭਾਵਨਾ ਕਰਨੀ ਚਾਹੀਦੀ ਹੈ - should be developed) ਭਾਵਿਤੰ (ਭਾਵਨਾ ਕੀਤੀ ਗਈ ਹੈ - has been developed)।

ਉਪਰੋਕਤ ਵਰਣਨ ਕੀਤੇ ਚਾਰ ਆਰੀਆ ਸੱਚਾਂ ਦੇ ਵਿਸਤ੍ਰਿਤ ਵਿਵੇਚਨ ਤੋਂ ਪਹਿਲਾਂ ਇਹਨਾਂ ਆਰੀਆ ਸੱਚਾਂ ਵਿਚ ਮੌਜੂਦ ਆਧਾਰ ਸੂਤਰ ਤੇ ਪ੍ਰਕਾਸ਼ ਪਾਉਣਾ ਉਚਿਤ ਹੋਵੇਗਾ। ਆਰੀਆ-ਸਤਿਆ ਦੀ ਪ੍ਰਕਾਸ਼ਨਾ ਦੇ ਸੂਤਰ ਤੇ ਧਿਆਨ ਦੇਣ ਨਾਲ ਪਤਾ ਲੱਗਦਾ ਹੈ ਕਿ ਬੁੱਧ ਨੇ ਤਤਕਾਲੀ ਸਮੇਂ ਵਿਚ ਪ੍ਰਚਲਿਤ ਔਖਧ ਵਿਗਿਆਨ ਸੂਤਰਾਂ - ਰੋਗ (disease), ਰੋਗ ਦਾ ਪਤਾ ਲਗਾਉਣਾ (diagnosis), ਰੋਗ ਦੇ ਉਪਚਾਰ (cure of disease) ਅਤੇ ਉਪਚਾਰ ਦੇ ਉਪਾਅ (treatment) ਦੇ ਤਰਜ਼ ਤੇ ਭਗਵਾਨ ਬੁੱਧ ਨੇ ਇਹ ਆਰੀਆ ਸਤਿਆਂ ਦਾ ਉਪਦੇਸ਼ ਕੀਤਾ ਸੀ। ਸਭ ਤੋਂ ਪਹਿਲਾਂ ਬੁੱਧ ਨੇ ਦੁੱਖ ਦੀ ਸਰਵ-ਵਿਆਪਕਤਾ ਦਾ ਉਪਦੇਸ਼ ਦੁੱਖ ਆਰੀਆ-ਸਤਿਆ ਵਿਚ ਦਿੱਤਾ ਹੈ। ਦੂਜੇ ਆਰੀਆ-ਸਤਿਆ ਵਿਚ ਦੁੱਖ ਦੇ ਕਾਰਨਾਂ ਦੀ ਜਾਣਕਾਰੀ ਠੀਕ ਉਸੇ ਪ੍ਰਕਾਰ ਦਿੱਤੀ ਹੈ, ਜਿਵੇਂ ਇਕ ਵੈਦ ਬੀਮਾਰ ਵਿਅਕਤੀ ਨੂੰ ਜਾਂਚ-ਪੜਤਾਲ ਕਰਨ ਉਪਰੰਤ ਦੱਸਦਾ ਹੈ ਕਿ ਉਸਨੂੰ ਫਲਾਣਾ ਰੋਗ ਹੈ। ਬੀਮਾਰੀ ਦੇ ਕਾਰਣ ਦਾ ਪਤਾ ਲੱਗ ਜਾਣ ਤੇ ਰੋਗ ਦੇ ਠੀਕ ਹੋਣ ਦੀ ਦਵਾਈ ਦੱਸਦਾ ਹੈ। ਇਸੇ ਤਰ੍ਹਾਂ ਹੀ ਬੁੱਧ ਨੇ ਵੀ ਦੁੱਖ ਦੀ ਉਤਪੱਤੀ ਦੇ ਕਾਰਨ, ਤ੍ਰਿਸ਼ਨਾ ਨੂੰ ਦੂਰ ਕਰਨ ਤੇ ਦੁੱਖਾਂ ਤੋਂ ਮੁਕਤੀ ਦੀ ਗੱਲ ਦਸੀ ਹੈ। ਅਖੀਰ ਵਿਚ ਵੈਦ ਦੁਆਰਾ ਰੋਗੀ ਦੀ ਬਿਮਾਰੀ

ਨੂੰ ਠੀਕ ਕਰਨ ਲਈ ਦਵਾਈ ਲੈਣ ਦਾ ਤਰੀਕਾ ਦੱਸਿਆ ਜਾਂਦਾ ਹੈ। ਬੁੱਧ ਨੇ ਵੀ ਚੌਥਾ ਅਤੇ ਅੰਤਮ ਆਰੀਆ ਸਤਿਆ ਮਾਰਗ ਦਾ ਉਪਦੇਸ਼ ਦੁੱਖਾਂ ਤੋਂ ਛੁਟਕਾਰੇ ਲਈ ਅੱਠ-ਕੜੀਆਂ ਵਿਚ ਜੁੜੇ ਮਾਰਗ ਆਰੀਆ - ਅਸ਼ਟਾਂਗ ਮਾਰਗ ਦਾ ਉਪਦੇਸ਼ ਕੀਤਾ, ਜਿਸਦੀ ਪਾਲਨਾ ਕਰਨ ਨਾਲ ਮਨੁੱਖ ਦੁੱਖਾਂ ਦਾ ਅੰਤ ਕਰਕੇ ਨਿਰਵਾਣ ਪ੍ਰਾਪਤ ਕਰ ਸਕਦਾ ਹੈ। ਇਹਨਾਂ ਕਾਰਣਾਂ ਕਰਕੇ ਹੀ ਬੁਧ ਨੂੰ ਵੈਦ-ਗੁਰੂ ਦੀ ਸੰਗਿਆ ਦਿੱਤੀ ਗਈ ਹੈ।

ਚਾਰ ਆਰੀਆ ਸਤਿਆ ਨੂੰ ਚੰਗੀ ਤਰ੍ਹਾਂ ਨਾਲ ਸਮਝਣ ਲਈ ਪਾਲੀ ਗ੍ਰੰਥ ਮਹਾਵੱਗ ਵਿਚ ਦੱਸੇ ਗਏ ਸਾਰਿਪੁੱਤਰ ਮੋਗੱਲਾਨ ਦੀ ਪ੍ਰਵਰਜਿਆ ਦੇ ਪ੍ਰਸੰਗ ਦਾ ਉਲੇਖ ਕਰਨਾ ਪ੍ਰਸੰਗਿਕ ਹੋਵੇਗਾ। ਸਾਰਿਪੁੱਤਰ ਅਤੇ ਮੋਗੱਲਾਨ ਜਦੋਂ ਯੋਗ ਗੁਰੂ ਦੀ ਤਲਾਸ਼ ਵਿਚ ਵੱਖ-ਵੱਖ ਦਿਸ਼ਾਵਾਂ ਵਿਚ ਭਟਕ ਰਹੇ ਸਨ ਤਾਂ ਉਹਨਾਂ ਵਿੱਚੋਂ ਸਾਰਿਪੁੱਤਰ ਦੀ ਮੁਲਾਕਾਤ ਆਯੁਸ਼ਮਾਨ ਅੱਸਜੀ ਨਾਲ ਹੋਈ। ਅੱਸਜੀ ਤੋਂ ਪ੍ਰਭਾਵਿਤ ਹੋ ਕੇ ਜਦੋਂ ਸਾਰਿਪੁੱਤਰ ਤੇ ਉਹਨਾਂ ਤੋਂ ਉਹਨਾਂ ਦੇ ਗੁਰੂ ਅਤੇ ਉਹਨਾਂ ਦੀਆਂ ਸਿੱਖਿਆਵਾਂ ਬਾਰੇ ਪੁੱਛਿਆ ਤਾਂ ਅੱਸਜੀ ਨੇ ਬੁੱਧ ਨੂੰ ਆਪਣਾ ਗੁਰੂ ਦੱਸਿਆ ਅਤੇ ਉਹਨਾਂ ਦੀਆਂ ਸਿੱਖਿਆਵਾਂ ਦਾ ਵਰਣਨ ਕਰਨ ਵਿਚ ਆਪਣੇ ਆਪ ਨੂੰ ਅਸਮਰੱਥ ਦਸਦਿਆਂ, ਕਿਉਂਕਿ ਉਹ ਧਰਮ ਵਿਚ ਅਜੇ ਹਾਲ ਦੀ ਘੜੀ ਹੀ ਪ੍ਰਵਰਜਿਤ ਹੋਏ ਸਨ, ਉਹਨਾਂ ਦੁਆਰਾ (ਬੁੱਧ) ਉਪਦੇਸ਼ਿਤ ਉਪਦੇਸ਼ਾਂ ਦਾ ਸਾਰ ਦਸਦਿਆਂ ਕਿਹਾ ਕਿ, ''ਕਾਰਣ ਤੋਂ ਉਤਪੰਨ ਵਸਤੂਆਂ ਦੀ ਉਤਪਤੀ ਦੇ ਕਾਰਣ ਅਤੇ ਉਸਦੇ ਨਿਰੋਧ ਦਾ ਉਪਦੇਸ਼'' ਤਥਾਗਤਾ ਨੇ ਕੀਤਾ ਹੈ। ਇਸ ਉੱਤਰ ਨਾਲ ਸਾਰਿਪੁੱਤਰ ਇੰਨ੍ਹੇ ਪ੍ਰਭਾਵਿਤ ਹੋਏ ਕਿ ਉਹ ਆਪਣੇ ਮਿੱਤਰ ਮੋਗੱਲਾਨ ਦੇ ਨਾਲ ਬੁੱਧ ਦੇ ਨੇੜੇ ਜਾ ਉਹਨਾਂ ਦੇ ਧਰਮ ਵਿਚ ਪ੍ਰਵਰਜਿਤ ਹੋ ਗਏ।

ਅੱਸਜੀ ਦੇ ਇਸ ਸੰਖੇਪ ਉੱਤਰ ਵਿਚ ਚਾਰ ਆਰੀਆ ਸਤਿਆਂ ਵਿਚ ਛਿਪੇ ਮੂਲ ਭਾਵ ਨੂੰ ਦੇਖਿਆ ਜਾ ਸਕਦਾ ਹੈ, ਜੋ ਕਾਰਣ ਅਤੇ ਪਰਿਣਾਮ (Cause & Effect) ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਚਾਰ ਆਰੀਆ-ਸਤਿਆਂ ਵਿੱਚੋਂ ਪਹਿਲਾਂ ਆਰੀਆ ਸਤਿਅ ਦੁੱਖ ਆਰੀਆ ਸਤਿਅ ਹੈ। ਦੁੱਖ ਦੀ ਉੱਤਪਤੀ ਕਾਰਣ ਤੋਂ ਹੁੰਦੀ ਹੈ। ਇਸ ਦੁੱਖ ਦੀ ਉਤਪਤੀ ਦੇ ਕਾਰਣ ਨੂੰ ਦੂਜਾ ਆਰੀਆ ਸਤਿਅ, ਦੁੱਖ ਸਮੁਦਾਇ ਆਰੀਆ ਸਤਿਅ ਵਿਚ ਦਰਸਾਇਆ ਗਿਆ ਹੈ। ਇਸੇ ਪ੍ਰਕਾਰ ਦੁੱਖ ਦੇ ਕਾਰਣ ਦਾ ਨਿਰੋਧ ਸੰਭਵ ਹੈ, ਜਿਸਦਾ ਉਲੇਖ ਤੀਜੇ ਆਰੀਆ ਸਤਿਅ ਵਿਚ ਕੀਤਾ ਗਿਆ ਹੈ। ਅੰਤਮ ਆਰੀਆ-ਸਤਿਅ ਕਾਰਨ ਦੇ ਨਿਰੋਧ ਦਾ ਮਾਰਗ ਜਾਂ ਉਪਾਅ ਦੱਸਦਾ ਹੈ। ਇਸ ਤਰ੍ਹਾਂ 'ਕਾਰਣ' ਤੋਂ ਉਤਪੰਨ 'ਦੁੱਖ ਦੇ ਕਾਰਣ' ਦੇ ਨਾਲ-ਨਾਲ ਇਸਦੇ ਨਿਰੋਧ ਦੀ ਗੱਲ ਚਾਰ ਆਰੀਆ-ਸਤਿਆਂ ਵਿਚ ਦੱਸੀ ਗਈ ਹੈ। ਇਹੀ ਅੱਸਜੀ ਦੇ ਉੱਤਰ ਦਾ ਮੂਲਭਾਵ ਵੀ ਹੈ।

ਮੁੜ ਆਰੀਆ-ਸਤਿਆਂ ਦੇ ਇਸ ਸਮੂਹ ਤੇ ਗਹਿਰਾਈ ਨਾਲ ਵਿਚਾਰ ਕੀਤਾ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਦੂਜਾ ਆਰੀਆ-ਸਤਿਅ ਪਹਿਲੇ ਆਰੀਆ ਸਤਿਅ ਦਾ ਕਾਰਣ ਹੈ ਤਾਂ ਪਹਿਲਾ ਦੂਜੇ ਦਾ ਪਰਿਣਾਮ! ਇਸੇ ਤਰ੍ਹਾਂ ਚੌਥਾ ਆਰੀਆ-ਸਤਿਅ ਤੀਜੇ ਦਾ ਕਾਰਣ ਹੈ ਤਾਂ ਤੀਜਾ ਚੌਥੇ ਦਾ ਪਰਿਣਾਮ।

ਬੁੱਧ ਨੇ ਆਪਣੇ ਉਪਦੇਸ਼ਾਂ ਵਿਚ ਇਸ 'ਕਾਰਣ ਅਤੇ ਪਰਿਣਾਮ' ਨੂੰ ਇੰਨਾ ਜ਼ਿਆਦਾ ਮਹੱਤਵ ਦਿੱਤਾ ਕਿ ਚਾਹੇ ਉਹ ਆਰੀਆ-ਸਤਿਆ ਦੇ ਸਿਧਾਂਤ ਹੋਣ ਜਾਂ ਕਰਮ-ਪੁਨਰ-ਜਨਮ ਸਿਧਾਂਤ

ਜਾਂ ਪ੍ਰਤੀਤਜਸਮੁਤਪਾਦ ਦਾ ਸਿਧਾਂਤ ਸਭ ਦੇ ਮੂਲ ਵਿਚ 'ਕਾਰਨ ਅਤੇ ਪਰਿਣਾਮ' ਮੌਜੂਦ ਹੈ।

ਚਾਰ ਆਰੀਆ-ਸਤਿਆਂ ਦੀ ਵਿਆਖਿਆ ਦੇ ਕ੍ਰਮ ਵਿਚ ਉਪਰੋਕਤ ਭੂਮਿਕਾ ਦੇ ਉਪਰੰਤ ਇਹਨਾਂ ਆਰੀਆ-ਸਤਿਆਂ ਦਾ ਇਕ-ਇਕ ਕਰਕੇ ਵਿਸਤ੍ਰਿਤ ਵਿਵੇਚਨ ਇਸ ਪ੍ਰਕਾਰ ਹੈ :

ਦੁਖ ਆਰੀਆ ਸਤਿਅ : ਬੁੱਧ ਦੁਆਰਾ ਉਪਦੇਸ਼ਿਤ ਵਿਸ਼ੇ ਪਹਿਲੇ ਆਰੀਆ-ਸਤਿਅ ਨੂੰ ਹੀ ਕੁਝ ਪ੍ਰਸਿੱਧ ਵਿਦਵਾਨਾਂ ਦੁਆਰਾ ਅੰਗਰੇਜ਼ੀ ਵਿਚ Noble Truth of Suffering ਪ੍ਰਭਾਸ਼ਿਤ ਕਰਕੇ ਸਮੁੱਚੇ ਬੋਧ-ਧਰਮ ਨੂੰ ਹੀ ਨਿਰਾਸ਼ਾਵਾਦੀ ਕਰਾਰ (Pessimistic) ਕਰ ਦਿੱਤਾ ਹੈ। ਬੁੱਧ ਧਰਮ ਵਿਚ ਮਨੁੱਖ ਦਾ ਇਸ ਧਰਤੀ ਤੇ ਜਨਮ ਲੈਣਾ ਹੀ ਸਾਰੇ ਦੁੱਖਾਂ ਅਤੇ ਕਸ਼ਟਾਂ ਦੀ ਉਤਪੱਤੀ ਦਾ ਕਾਰਨ ਦਸਦਿਆਂ, ਮਨੁੱਖੀ ਜੀਵਨ ਨੂੰ ਦੁੱਖਾਂ ਦਾ ਪੁੰਜ ਦੱਸਿਆ ਗਿਆ ਹੈ। ਇਸ ਲਈ ਜੋ ਧਰਮ ਦੁੱਖਾਂ ਦੀ ਸਰਵ ਵਿਆਪਕਤਾ ਦੀ ਪ੍ਰਕਾਸ਼ਨਾ ਇੰਨੇ ਖੁੱਲ੍ਹੇ ਸ਼ਬਦਾਂ ਵਿਚ ਕਰਦਾ ਹੋਵੇ, ਉਹ ਧਰਮ ਨਿਰਾਸ਼ਾਵਾਦੀ ਧਰਮ ਨਹੀਂ ਹੈ ਤਾਂ ਕੀ ਹੈ ? ਉਂਝ ਤਾਂ ਇਸ ਪ੍ਰਸ਼ਨ ਦੇ ਉੱਤਰ ਵਿਚ ਅਨੇਕ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ, ਪਰੰਤੂ ਉਹਨਾਂ ਵਿੱਚੋਂ ਭਦੰਤ ਵਾਲਪੋਲ ਰਾਹੁਲ ਦਾ ਵਿਚਾਰ ਦਸਣਯੋਗ ਹੈ : ਉਹਨਾਂ ਨੇ ਆਪਣੀ ਪੁਸਤਕ What the Budha Taught ਵਿਚ ਇਸ ਦਾ ਉਲੇਖ ਕਰਦਿਆਂ ਦੱਸਿਆ ਹੈ ਕਿ 'ਬੁੱਧ ਧਰਮ ਨਾ ਤਾਂ ਨਿਰਾਸ਼ਾਵਾਦੀ (Pessimistic) ਹੈ ਅਤੇ ਨਾ ਹੀ ਆਸ਼ਾਵਾਦੀ (Optimistic) ਹੈ। ਜੇਕਰ ਬੁੱਧ ਧਰਮ ਨੂੰ ਕਿਸੇ ਸ਼੍ਰੇਣੀ ਵਿਚ ਰੱਖਣਾ ਵੀ ਹੋਵੇ ਤਾਂ ਇਸ ਨੂੰ ਯਥਾਰਥਵਾਦੀ (Realistic) ਕਿਹਾ ਜਾਣਾ ਚਾਹੀਦਾ ਹੈ। ਕਿਉਂਕਿ ਇਹ ਸੰਸਾਰਿਕ ਜਗਤ ਦੀ ਯਥਾ-ਭੂਤੰ (ਜਿਵੇਂ ਹੈ) ਨੂੰ ਦੇਖਦਾ ਹੈ।'' ਬੁੱਧ ਧਰਮ ਨਾ ਤਾਂ ਮਾਇਆਵੀ ਸਵਰਗ ਲੋਕ ਵਿਚ ਨਿਵਾਸ ਕਰਨ ਦੀ ਪਰਿਕਲਪਨਾ ਕਰਵਾਉਂਦਾ ਹੈ ਅਤੇ ਨਾ ਹੀ ਇਹ ਕਿਸੇ ਤਰ੍ਹਾਂ ਦੇ ਭੈਅ ਅਤੇ ਪਾਪ ਦੀ ਦੁਹਾਈ ਦੇ ਕੇ ਭੈਅਭੀਤ ਜਾਂ ਦੁਖੀ (Agonize) ਕਰਦਾ ਹੈ, ਬਲਕਿ ਇਹ ਵਿਅਕਤੀ ਅਤੇ ਸੰਸਾਰਿਕ ਜਗਤ ਦੇ ਯਥਾਰਥ ਨੂੰ ਦੱਸਦਿਆਂ ਸ਼ਾਂਤੀ, ਸੁੱਖ ਅਤੇ ਮੁਕਤੀ ਦੀ ਗੱਲ ਕਰਦਾ ਹੈ। ਵਾਲਪੋਲ ਰਾਹੁਲ ਨੇ ਨਿਰਾਸ਼ਾਵਾਦ, ਆਸ਼ਾਵਾਦ ਅਤੇ ਯਥਾਰਥਵਾਦ ਦੀ ਵਿਆਖਿਆ ਵਿਚ ਵੈਦ ਜਾਂ ਚਿਕਿਤਸਕ ਦੇ ਉਦਾਹਰਣ ਦੁਆਰਾ ਦੱਸਿਆ ਹੈ ਕਿ ਜੇਕਰ ਕੋਈ ਵੈਦ ਕਿਸੇ ਰੋਗੀ ਦੇ ਰੋਗ ਨੂੰ ਬਹੁਤਾ ਵੱਧਾ-ਚੜ੍ਹਾ ਕੇ ਦੱਸੇ ਅਤੇ ਉਸਦਾ ਕੋਈ ਨਿਦਾਨ ਜਾਂ ਇਲਾਜ ਨਾ ਦਿਸੇ ਤਾਂ ਉਸਨੂੰ ਨਿਰਾਸ਼ਾਵਾਦੀ ਕਿਹਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਇਕ ਹੋਰ ਵੈਦ - ਕਿਸੇ ਰੋਗੀ ਦੇ ਰੋਗ ਨੂੰ ਅਣਜਾਣੇ ਹੀ ਨਾ ਸਮਝਣ ਦੇ ਕਾਰਨ ਉਸਨੂੰ 'ਭਲਾ ਚੰਗਾ' ਕਰਾਰ ਦੇ ਕੇ ਕਿਸੇ ਤਰ੍ਹਾਂ ਦਾ ਇਲਾਜ ਨਾ ਕਰੇ ਤਾਂ ਉਸਨੂੰ ਆਸ਼ਾਵਾਦੀ ਕਿਹਾ ਜਾਣਾ ਚਾਹੀਦਾ ਹੈ। ਤੀਜਾ ਵੈਦ ਰੋਗੀ ਦੇ ਰੋਗ ਦੇ ਲੱਛਣਾਂ ਨੂੰ ਚੰਗੀ ਤਰ੍ਹਾਂ ਪੜਤਾਲ ਕਰਕੇ ਬੀਮਾਰੀ ਦੇ ਕਾਰਨ ਅਤੇ ਪ੍ਰਕਿਰਤੀ ਨੂੰ ਜਾਣ ਕੇ ਰੋਗੀ ਨੂੰ ਇਹ ਦੱਸੇ ਕਿ ਉਸਦੇ ਰੋਗ ਦਾ ਫਲਾਣਾ ਕਾਰਣ ਹੈ ਅਤੇ ਇਸਦਾ ਇਲਾਜ ਸੰਭਵ ਹੈ ਅਤੇ ਉਸਦੇ ਰੋਗ ਨਿਵਾਰਣ ਲਈ ਇਲਾਜ ਕਰਕੇ ਰੋਗੀ ਦੇ ਪ੍ਰਾਣਾਂ ਦੀ ਰੱਖਿਆ ਕਰੇ, ਤਾਂ ਉਸਨੂੰ ਯਥਾਰਥਵਾਦੀ (Realistic) ਕਿਹਾ ਜਾਣਾ ਚਾਹੀਦਾ ਹੈ। ਇਹਨਾਂ ਵਿੱਚੋਂ ਪਹਿਲੇ ਦੋਵੇਂ ਹੀ ਵੈਦ ਨਾ ਕੇਵਲ ਮੂਰਖ ਹਨ, ਬਲਕਿ ਖਤਰਨਾਕ ਵੀ। ਬੁੱਧ ਨੇ ਆਪਣੇ ਧਰਮ ਦਾ ਉਪਦੇਸ਼ ਤੀਜੇ ਵੈਦ ਦੀ ਤਰ੍ਹਾਂ ਦੁਖੀ ਮਨੁੱਖਤਾ ਨੂੰ ਦੁੱਖਾਂ ਤੋਂ ਛੁਟਕਾਰਾ ਪ੍ਰਦਾਨ ਕਰਨ ਲਈ ਕੀਤਾ। ਇਸ ਲਈ ਬੁੱਧ ਨੂੰ ਨਿਰਾਸ਼ਾਵਾਦੀ ਕਿਹਾ ਜਾਣਾ ਠੀਕ ਨਹੀਂ ਬਲਕਿ ਗਲਤ ਹੀ ਹੋਵੇਗਾ।

ਇਸ ਵਿਚ ਕੋਈ ਸ਼ੰਕਾ ਨਹੀਂ ਕਿ ਜੇਕਰ ਸੁੱਖ ਦੇ ਉਲਟ ਦੁੱਖ ਨੂੰ ਦੇਖਿਆ ਜਾਵੇ ਤਾਂ ਇਸਦਾ ਅਰਥ ਹੋਵੇਗਾ ਕਾਇਕ/ਸਰੀਰਕ ਦੁੱਖ ਜੋ ਸੰਸਾਰਕ ਸੁੱਖਾਂ ਐਸ਼ੋ-ਆਰਾਮ, ਖੁਸ਼ੀ-ਪ੍ਰਸੰਨਤਾ ਆਦਿ ਦੇ ਵਿਪਰੀਤ ਹਨ। ਪਰੰਤੂ ਦੁੱਖ ਦਾ ਇਸ ਸਾਧਾਰਨ ਅਰਥ ਤੋਂ ਇਲਾਵਾ ਇਸਦੇ ਗੂੜ ਦਾਰਸ਼ਨਿਕ ਅਰਥ ਵੀ ਹਨ। ਉਹ ਹਨ - ਅਪੂਰਨਤਾ (Imperfection), ਅਨਿੱਤਤਾ (Impermanance), ਸ਼ੂਨਤਾ (Emptiness) ਅਤੇ ਅਵਾਸਤਵਿਕਤਾ (Insubstantiality) ਆਦਿ। ਅਜਿਹਾ ਨਹੀਂ ਹੈ ਕਿ ਬੁੱਧ ਜਦੋਂ ਦੁਖਵਾਦ ਉਪਦੇਸ਼ ਕਰਦੇ ਹਨ ਤਾਂ ਉਹ ਸੰਸਾਰਿਕ ਸੁੱਖਾਂ ਦਾ ਉਲੇਖ ਤਕ ਨਹੀਂ ਕਰਦੇ। ਅੰਗੁਤੱਰ ਨਿਕਾਇ ਵਿਚ ਬੁੱਧ ਦੁਆਰਾ ਦੱਸੇ ਗਏ ਸੁੱਖਾਂ ਦੀ ਇਕ ਸੂਚੀ ਵੀ ਦਰਜ ਹੈ। ਉਨ੍ਹਾਂ ਵਿਚ ਪਰਿਵਾਰਿਕ ਜੀਵਨ ਦਾ ਸੁੱਖ ਅਤੇ ਸੰਨਿਆਸੀ ਜੀਵਨ ਦਾ ਸੁੱਖ, ਇੰਦ੍ਰੀ ਸੁੱਖ ਅਤੇ ਇੰਦਰੀ-ਸੁੱਖਾਂ ਦੇ ਤਿਆਗ ਦਾ ਸੁੱਖ, ਰਾਗ ਦਾ ਸੁੱਖ ਅਤੇ ਵਿਰਾਗ ਦਾ ਸੁੱਖ, ਸਰੀਰਕ ਸੁੱਖ ਅਤੇ ਮਾਨਸਿਕ ਸੁੱਖ ਆਦਿ ਵਰਣਨਯੋਗ ਹੈ। ਪਰੰਤੂ ਇਹਨਾਂ ਸਾਰੇ ਸੁੱਖਾਂ ਨੂੰ ਬੁੱਧ ਨੇ ਦੁੱਖ ਦੇ ਅੰਤਰਗਤ ਹੀ ਰੱਖਿਆ ਹੈ, ਇਥੋਂ ਤਕ ਕਿ ਧਿਆਨ ਦੀਆਂ ਵੱਖ-ਵੱਖ ਅਧਿਆਤਮਿਕ ਅਵਸਥਾਵਾਂ, ਜੋ ਸਮਾਧਿ ਦੀ ਭਾਵਨਾ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਜੋ ਸੁੱਖ ਅਤੇ ਦੁੱਖ ਅਨੁਭਵਾਂ ਤੋਂ ਪਰੇ, ਸਮ ਜਾਂ ਉਪੇਖਿਆ ਦੀ ਸਥਿਤੀ ਹੁੰਦੀ ਹੈ, ਨੂੰ ਵੀ ਦੁੱਖ ਵਿਚ ਹੀ ਸ਼ਾਮਿਲ ਕਰਦਿਆਂ ਉਸਨੂੰ ਅਨਿੱਤ (Impermanent) ਅਤੇ ਪਰਿਵਰਤਨਸ਼ੀਲ (Subject to Change) ਧਰਮ ਦੱਸਿਆ ਹੈ। ਇੱਥੇ ਧਿਆਨ ਦੇਣ ਯੋਗ ਇਹ ਗੱਲ ਹੈ ਕਿ ਇੱਥੇ ਦੁੱਖ ਸਾਧਾਰਨ ਅਰਥਾਂ ਵਿਚ ਨਾ ਵਿਅਕਤ ਕਰਕੇ ਇਸ ਅਰਥ ਵਿਚ ਵਿਕਸਿਤ ਹੋਇਆ ਹੈ ਕਿ ਜੋ ਕੁਝ ਵੀ 'ਅਨਿੱਤ ਹੈ ਉਹ ਦੁੱਖ ਹੈ' (ਯਦ ਅਨਿੱਚਂ ਤੰ ਦੁੱਖੰ)।

ਬੁੱਧ ਦੀ ਯਥਾਰਥਵਾਦਿਤਾ ਦਾ ਪਰਿਚੈ ਇਸ ਗੱਲ ਤੋਂ ਵੀ ਪਤਾ ਲੱਗਦਾ ਹੈ ਕਿ ਉਹਨਾਂ ਨੇ ਆਪਣੇ ਗ੍ਰਿਹਸਥ ਅਨੁਯਾਈਆਂ ਨੂੰ ਉਪਦੇਸ਼ ਕੀਤਾ ਕਿ ਜੀਵਨ ਵਿਚ ਇੰਦਰੀ-ਸੁੱਖਾਂ ਦੀ ਅਨੁਭੂਤੀ ਕਰਦੇ ਹੋਇਆਂ ਸਦਾ ਤਿੰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।[7]

(1) ਅੱਸਾਦ - ਆਕਰਸ਼ਣ (ਖਿੱਚ) ਅਤੇ ਪ੍ਰਸੰਨਤਾ (Attraction & Enjoyment)

(2) ਆਦਿਨਵ - ਅਸੰਤੋਖ ਜਾਂ ਮਾੜੇ ਸਿੱਟਿਆਂ ਦਾ ਖਤਰਾ (Evil Consequences or Danger or Unsatisfactriness) ਅਤੇ

(3) ਨਿੱਸਰਣ - ਸੁਤੰਤਰਤਾ ਜਾਂ ਮੁਕਤੀ (Freedom or Liberation)

ਅੱਸਾਦ, ਆਦਿਨਵ ਅਤੇ ਨਿੱਸਰਣ ਨੂੰ ਇਕ ਉਦਾਹਰਣ ਦੁਆਰਾ ਸਮਝਿਆ ਜਾ ਸਕਦਾ ਹੈ। ਜਦੋਂ ਅਸੀਂ ਕਿਸੇ ਮਨਮੋਹਕ, ਸੁੰਦਰ ਅਤੇ ਆਕਰਸ਼ਕ ਵਿਅਕਤੀ ਨੂੰ ਦੇਖਦੇ ਹਾਂ ਤਾਂ ਅਸੀਂ ਉਸਨੂੰ ਪਸੰਦ ਕਰਦੇ ਹਾਂ, ਉਸਦੇ ਵੱਲ ਵੇਖ ਕੇ ਆਕਰਸ਼ਿਤ ਹੁੰਦੇ ਹਾਂ, ਉਸਨੂੰ ਵਾਰ-ਵਾਰ ਦੇਖਣਾ ਚੰਗਾ ਲੱਗਦਾ ਹੈ, ਉਸਨੂੰ ਵੇਖਣ ਵਿਚ ਆਨੰਦ ਅਤੇ ਸੰਤੋਖ ਦਾ ਅਨੁਭਵ ਹੁੰਦਾ ਹੈ। ਇਹ ਅੱਸਾਦ ਹੈ। ਇਹੀ ਅਨੁਭਵ ਦੀ ਸੱਚਾਈ ਹੈ। ਪਰੰਤੂ ਉਸਨੂੰ ਵੇਖਣ ਦਾ ਆਨੰਦ ਅਤੇ ਸੰਤੋਖ ਉਸੇ ਤਰ੍ਹਾਂ ਨਿੱਤ ਨਹੀਂ, ਜਿਵੇਂ ਉਸ ਵਿਅਕਤੀ ਦਾ ਆਪਣਾ ਆਕਰਸ਼ਣ। ਜਦੋਂ ਸਥਿਤੀ ਬਦਲਦੀ ਹੈ, ਜਦੋਂ ਅਸੀਂ ਉਸਨੂੰ ਨਹੀਂ ਦੇਖ ਪਾਉਂਦੇ ਜਾਂ ਉਹ ਵਿਅਕਤੀ ਦਿਸਣਾ ਬੰਦ ਹੋ ਜਾਂਦਾ ਹੈ, ਅਸੀਂ ਉਸ ਆਨੰਦ ਅਤੇ ਸੰਤੋਖ ਦੀ ਸਥਿਤੀ ਤੋਂ ਵਾਂਝੇ ਹੋ ਜਾਂਦੇ ਹਾਂ, ਦੁੱਖੀ ਹੁੰਦੇ ਹਾਂ, ਰੋਂਦੇ-ਪਿਟਦੇ ਹਾਂ।

ਇਹੀ ਆਦਿਨਵ ਹੈ। ਇਹ ਵੀ ਅਨੁਭਵ ਦੀ ਸੱਚਾਈ ਹੈ। ਜਦੋਂ ਅਸੀਂ ਉਸ ਵਿਅਕਤੀ ਦੇ ਪ੍ਰਤੀ ਪੂਰੀ ਤਰ੍ਹਾਂ ਅਨਾਸਕਤ (ਰਾਗ ਮੁਕਤ) ਹੋ ਜਾਂਦੇ ਹਾਂ ਉਹ ਮੁਕਤੀ ਦੀ ਸਥਿਤੀ ਹੈ, ਜਿਸਨੂੰ ਨਿੱਸਰਣ ਕਿਹਾ ਗਿਆ ਹੈ। ਜੀਵਨ ਦੀ ਹਰੇਕ ਸੁੱਖ ਪੂਰਨ ਅਨੁਭੂਤੀ ਦੇ ਇਹੀ ਤਿੰਨ ਪਰਿਣਾਮ ਹਨ।

ਉਪਰੋਕਤ ਵਿਵੇਚਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਬੁੱਧ ਧਰਮ ਵਿਚ ਨਿਰਾਸ਼ਾਵਾਦਿਤਾ ਅਤੇ ਆਸ਼ਾਵਾਦਿਤਾ ਦਾ ਕੋਈ ਸੁਆਲ ਹੀ ਨਹੀਂ ਸਗੋਂ ਸਾਨੂੰ ਜੀਵਨ ਦੀਆਂ ਸਾਰੀਆਂ ਸੱਚਾਈਆਂ ਭਾਵੇਂ ਉਹ ਸੁਖਮਈ ਅਨੁਭੂਤੀ ਹੋਵੇ ਜਾਂ ਦੁਖਮਈ ਜਾਂ ਇਹਨਾਂ ਦੋਹਾਂ ਤੋਂ ਮੁਕਤੀ ਦੀ ਗੱਲ, ਇਹਨਾਂ ਤੇ ਚੰਗੀ ਤਰ੍ਹਾਂ ਧਿਆਨ ਦੇਣਾ ਜੀਵਨ ਨੂੰ ਪੂਰੇ ਅਤੇ ਸਹੀ ਤਰੀਕੇ ਨਾਲ ਜਾਨਣਾ ਜ਼ਰੂਰੀ ਹੈ। ਇਸਨੂੰ ਬਿਨ੍ਹਾਂ ਚੰਗੀ ਤਰ੍ਹਾਂ ਸਮਝੇ ਮੁਕਤੀ ਸੰਭਵ ਨਹੀਂ ਹੈ।

ਬੁੱਧ ਦੁਆਰਾ ਉਪਦੇਸ਼ਿਤ ਦੁੱਖ ਆਰੀਆ-ਸਤਿਅ ਵਿਚ ਦੁੱਖ ਦਾ ਜੋ ਵਿਸ਼ਲੇਸ਼ਣ ਕੀਤਾ ਗਿਆ ਹੈ, ਉਸਦਾ ਵਰਣਨ ਕਈ ਵਿਦਵਾਨਾਂ ਦੁਆਰਾ ਵੱਖ-ਵੱਖ ਤਰੀਕਿਆਂ ਨਾਲ ਕੀਤਾ ਗਿਆ ਹੈ। ਪੀਟਰ ਹਾਰਵੀ ਇਸਨੂੰ ਚਾਰ ਭਾਗਾਂ ਵਿਚ ਵੰਡ ਕੇ ਇਸ ਦਾ ਵਰਣਨ ਇਸ ਪ੍ਰਕਾਰ ਪੇਸ਼ ਕਰਦੇ ਹਨ :

(1) ਜਨਮ ਲੈਣਾ ਦੁੱਖ ਹੈ, ਬੁਢਾਪਾ ਦੁੱਖ ਹੈ, ਬੀਮਾਰ ਹੋਣਾ ਦੁੱਖ ਹੈ, ਮੌਤ ਦੁੱਖ ਹੈ;
(2) ਦੁੱਖ, ਰੋਣਾ-ਪਿਟਣਾ, ਨਿਰਾਸ਼ਾ ਦੁੱਖ ਹੈ;
(3) ਅਪ੍ਰਿਯ ਨਾਲ ਸੰਜੋਗ, ਪ੍ਰਿਅ ਤੋਂ ਵਿਯੋਗ ਦੁੱਖ ਹੈ, ਇੱਛਤ ਵਸਤੂ ਦਾ ਨਾ ਮਿਲਣਾ ਦੁੱਖ ਹੈ;
(4) ਸੰਖੇਪ ਵਿਚ ਪੰਜ ਉਪਾਦਾਨ ਸਕੰਧ ਦੁੱਖ ਹਨ।

ਇਹਨਾਂ ਵਿਚ ਦੁੱਖਾਂ ਦਾ ਪਹਿਲਾ ਸਮੂਹ ਉਹਨਾਂ ਮੁੱਢਲੇ ਦੁੱਖਾਂ ਦਾ ਵਰਣਨ ਕਰਦਾ ਹੈ, ਜੋ ਜੀਵਨ ਦੇ ਨਾਲ ਜੁੜੇ ਹਨ ਜੋ ਬਹੁਤ ਹੀ ਦੁਖਦਾਈ ਅਤੇ ਭਿਆਨਕ ਹਨ। ਦੁੱਖਾਂ ਦੇ ਇਸ ਸਮੂਹ ਨੂੰ ਬੁੱਧ ਧਰਮ ਵਿਚ ਪੁਨਰ ਜਨਮ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਜਿਵੇਂ ਪੁਨਰ-ਜਨਮ, ਮੁੜ ਬੁਢਾਪਾ, ਮੁੜ ਬੀਮਾਰ ਹੋਣਾ ਅਤੇ ਮੁੜ ਮਰਨਾ। ਦੁੱਖਾਂ ਦਾ ਦੂਜਾ ਸਮੂਹ ਜੀਵਨ ਦੀਆਂ ਪਰਿਸਥਿਤੀਆਂ ਨਾਲ ਜੁੜਿਆ ਹੈ, ਜੋ ਕਦੇ ਵੀ ਸਮਾਨ ਨਹੀਂ ਰਹਿੰਦੀਆਂ, ਸਰੀਰਕ ਅਤੇ ਮਾਨਸਿਕ ਦੁੱਖਾਂ ਨੂੰ ਜਗਾਉਂਦੀਆਂ ਹਨ। ਦੁੱਖਾਂ ਦਾ ਤੀਜਾ ਸਮੂਹ ਦੁੱਖ ਦਾ ਵਰਣਨ ਇਸ ਸੱਚਾਈ ਨੂੰ ਧਿਆਨ ਵਿਚ ਰੱਖ ਕੇ ਕਰਦਾ ਹੈ ਕਿ ਕਦੇ ਵੀ ਅਸੀਂ ਉਹਨਾਂ ਵਸਤੂਆਂ, ਲੋਕਾਂ ਅਤੇ ਪਰਿਸਥਿਤੀਆਂ ਨੂੰ ਜਿਹਨਾਂ ਨੂੰ ਅਸੀਂ ਨਾਪਸੰਦ ਕਰਦੇ ਹਾਂ। ਹਮੇਸ਼ਾਂ ਦੇ ਲਈ ਦੂਰ ਨਹੀਂ ਰੱਖ ਸਕਦੇ ਅਤੇ ਨਾ ਹੀ ਉਹਨਾਂ ਨੂੰ ਜਿਹਨਾਂ ਨੂੰ ਅਸੀਂ ਪਸੰਦ ਕਰਦੇ ਹਾਂ, ਨੂੰ ਰੋਕ ਕੇ ਰੱਖ ਸਕਦੇ ਹਾਂ। ਇਸੇ ਤਰ੍ਹਾਂ ਸਾਨੂੰ ਸਦਾ ਸਾਡੀਆਂ ਮਨਚਾਹੀਆਂ ਵਸਤੂਆਂ ਨਹੀਂ ਮਿਲਦੀਆਂ। ਜੀਵਨ ਦਾ ਪਰਿਵਰਤਨਸ਼ੀਲ ਅਤੇ ਅਸਥਿਰ ਸੁਭਾਅ ਅਜਿਹਾ ਹੈ ਕਿ ਇਹ ਸਾਨੂੰ ਅਸੰਤੋਖ, ਨਿਰਾਸ਼ਾ, ਹਾਰ ਦਾ ਅਨੁਭਵ ਕਰਵਾਉਂਦਾ ਹੀ ਰਹਿੰਦਾ ਹੈ।

ਬੁੱਧ ਦੁਆਰਾ ਉਪਦੇਸ਼ਿਤ ਇਸ ਦੁੱਖ ਦੀ ਸੰਕਲਪਨਾ (Conception of Dukha) ਨੂੰ ਮੁੜ ਤਿੰਨ ਤਰ੍ਹਾਂ ਨਾਲ ਦੇਖਿਆ ਜਾ ਸਕਦਾ ਹੈ।[8]

1. ਦੁੱਖ ਦੁਖਤਾ : ਸਾਧਾਰਨ ਤੌਰ ਤੇ ਅਨੁਭਵ ਕੀਤਾ ਜਾਣ ਵਾਲਾ ਦੁੱਖ
2. ਵਿਪਰਿਣਾਮ ਦੁਖਤਾ : ਪਰਿਵਰਤਨ ਕਰਕੇ, ਉਤਪੰਨ ਦੁੱਖ
3. ਸੰਖਾਰ (ਸੰਸਕਾਰ) ਦੁਖਤਾ : ਸੰਸਕਾਰਾਂ ਦੀ ਅਨਿੱਤਤਾ ਕਰਕੇ ਹੋਏ ਦੁੱਖ

1. **ਦੁੱਖ ਦੁਖਤਾ :** ਸਭ ਪ੍ਰਕਾਰ ਦੇ ਮਾਨਸਿਕ ਅਤੇ ਸਰੀਰਕ ਦੁੱਖ ਦੁੱਖ-ਦੁਖਤਾ ਦੇ ਅਧੀਨ ਆਉਂਦੇ ਹਨ। ਸਭ ਪ੍ਰਕਾਰ ਦੇ ਦੁੱਖ-ਜਨਮ, ਬੁਢਾਪਾ, ਬੀਮਾਰੀ, ਮੌਤ, ਅਪ੍ਰਿਯ ਨਾਲ ਸੰਜੋਗ ਅਤੇ ਪ੍ਰਿਯ ਨਾਲ ਵਿਯੋਗ, ਮਨਚਾਹੀ ਵਸਤੂ ਦਾ ਨਾ ਮਿਲਣਾ, ਸ਼ੋਕ, ਰੋਣਾ-ਪਿਟਣਾ, ਸਭ ਸਰੀਰਕ ਅਤੇ ਮਾਨਸਿਕ ਦੁੱਖ ਜੋ ਇਕ ਸਮਾਨ ਰੂਪ ਨਾਲ ਦੁੱਖ ਸਵੀਕਾਰ ਕੀਤੇ ਗਏ ਹਨ। ਸਭ ਦੁੱਖ ਦੁਖਤਾ ਦੇ ਅੰਤਰਗਤ ਸਮਾਹਿਤ ਹਨ।

2. **ਵਿਪਰਿਣਾਮ ਦੁਖਤਾ :** ਜੀਵਨ ਦੀਆਂ ਸਾਰੀਆਂ ਸੁੱਖ-ਅਨੁਭਵ ਸਥਿਤੀਆਂ ਹਮੇਸ਼ਾਂ ਰਹਿਣ ਵਾਲੀਆਂ ਨਹੀਂ ਹਨ। ਕਦੇ ਨਾ ਕਦੇ ਇਹਨਾਂ ਦਾ ਬਦਲਣਾ ਪੱਕਾ ਹੈ। ਜਦੋਂ ਸੁੱਖ ਪਰਿਸਥਿਤੀ ਪਰਵਰਤਿਤ ਹੁੰਦੀ ਹੈ ਤਾਂ ਉਹ ਦੁੱਖ, ਅਪ੍ਰਸੰਨਤਾ ਅਤੇ ਦਰਦ ਪੈਦਾ ਕਰਦੀ ਹੈ। ਜੀਵਨ ਦਾ ਇਹ ਉਤਾਰ-ਚੜ੍ਹਾਅ ਵੀ ਦੁੱਖ ਹੀ ਹੈ, ਜੋ ਪਰਿਵਰਤਨ ਕਰਕੇ ਉਤਪੰਨ ਹੁੰਦਾ ਹੈ।

3. **ਸੰਸਕਾਰ ਦੁਖਤਾ :** ਉਪਰੋਕਤ ਦੋ ਪ੍ਰਕਾਰ ਦੇ ਦੁੱਖਾਂ ਨੂੰ ਜੋ ਸਾਧਾਰਨ ਜੀਵਨ ਦੇ ਦੁੱਖ ਹਨ, ਨੂੰ ਸਮਝਣਾ ਆਸਾਨ ਹੈ, ਕਿਉਂਕਿ ਹਰ ਕੋਈ ਇਸ ਤੋਂ ਜਾਣੂ ਹੁੰਦਾ ਹੈ। ਦੁੱਖ ਦੀ ਇਹ ਤੀਜੀ ਵੰਡ ਪਹਿਲੇ ਆਰੀਆ-ਸਤਿਅ ਦੇ ਦਾਰਸ਼ਨਿਕ ਪੱਖ ਨੂੰ ਆਪਣੇ ਵਿਚ ਸਮੋਏ ਹੋਏ ਹਨ। ਇਸ ਨੂੰ ਸਮਝਣ ਲਈ 'ਜੀਵ' ਜਾਂ 'ਵਿਅਕਤੀ' ਨੂੰ ਸਮਝਣਾ ਜ਼ਰੂਰੀ ਹੈ। ਬੁੱਧ ਨੇ ਵਾਰ-ਵਾਰ ਇਹ ਦੁਹਰਾਇਆ ਹੈ ਕਿ ਜਿਸਨੂੰ ਅਸੀਂ 'ਜੀਵ' ਦੀ ਸੰਗਿਆ ਦਿੰਦੇ ਹਾਂ, ਉਹ ਪੂਰੀ ਤਰ੍ਹਾਂ ਪਰਿਵਰਤਨਸ਼ੀਲ ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦਾ ਸਮੂਹ ਹੈ, ਜਿਸਨੂੰ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਜਿਹਨਾਂ ਨੂੰ ਪੰਜ-ਸਕੰਧ (Five Agreegates) ਕਿਹਾ ਜਾਂਦਾ ਹੈ। ਸੰਸਕਾਰ ਦੁਖਤਾ ਬੀਮਾਰੀ, ਪਰੇਸ਼ਾਨੀ ਅਤੇ ਅਸਥਿਰਤਾ, ਜੋ ਉਤਪੱਤੀ ਅਤੇ ਵਿਨਾਸ਼ ਨਾਲ ਯੁਕਤ ਸਥਿਤੀ ਹੈ, ਜਿਸਨੂੰ 'ਭਵ' ਕਿਹਾ ਜਾਂਦਾ ਹੈ ਅਤੇ ਪੰਜ ਸੰਕਧਾ ਨਾਲ ਬਣੀ ਹੈ, ਦੀ ਥੋੜ੍ਹਚਿਰੀ ਅਵਸਥਾਵਾਂ ਵਿਚ ਸਮਾਹਿਤ ਹੁੰਦਾ ਹੈ, ਜਿਸ ਨਾਲ ਆਮ ਤੌਰ ਤੇ ਅਸੀਂ ਜਾਣੂ ਨਹੀਂ ਹੁੰਦੇ, ਸੰਸਕਾਰ ਦੁੱਖਾਂ ਨੂੰ ਸਮਝਣ ਲਈ ਇੱਥੇ ਪੰਜ-ਸਕੰਧਾਂ ਦਾ ਇਕ-ਇਕ ਕਰਕੇ ਵਿਸ਼ਲੇਸ਼ਣ ਜ਼ਰੂਰੀ ਹੈ। ਪੰਜ ਉਪਾਦਾਨ ਸਕੰਧ ਹਨ :

* ਰੂਪ ਉਪਾਦਾਨ ਸਕੰਧ
* ਵੇਦਨਾ ਉਪਾਦਾਨ ਸਕੰਧ
* ਸੰਗਿਆ ਉਪਾਦਾਨ ਸਕੰਧ
* ਸੰਸਕਾਰ ਉਪਾਦਾਨ ਸਕੰਧ
* ਵਿਗਿਆਨ ਉਪਾਦਾਨ ਸਕੰਧ

1. ਰੂਪ ਉਪਾਦਾਨ ਸਕੰਧ

ਰੂਪ ਉਪਾਦਾਨ ਸਕੰਧ ਦੇ ਤਹਿਤ ਚਾਰ ਮਹਾਭੂਤ ਪ੍ਰਿਥਵੀ (Solidity), ਜਲ (Fludity), ਤੇਜ (Heat) ਅਤੇ ਹਵਾ (Motion) ਅਤੇ ਇਹਨਾਂ ਤੋਂ ਉਤਪੰਨ ਰੂਪ ਸਮਾਹਿਤ ਹਨ। ਚਾਰ ਮਹਾਭੂਤਾਂ ਤੋਂ ਉਤਪੰਨ ਰੂਪ ਦੇ ਤਹਿਤ ਸਾਡੀਆਂ ਪੰਜ ਇੰਦ੍ਰੀਆਂ - ਅੱਖ, ਨੱਕ, ਕੰਨ,

ਜੀਭ ਅਤੇ ਚਮੜੀ ਅਤੇ ਉਹਨਾਂ ਨਾਲ ਸੰਬੰਧਿਤ ਵਸਤੂਆਂ ਕ੍ਰਮਵਾਰ - ਦ੍ਰਿਸ਼ਟ ਵਸਤੂ, ਸ੍ਰਵਣਯੋਗ ਧੁਨੀ, ਗੰਧਯੁਕਤ ਵਸਤੂ, ਸੁਆਦਯੁਕਤ ਵਸਤੂ, ਸਪਰਸ਼ਯੋਗ ਵਸਤੂ ਦੇ ਨਾਲ-ਨਾਲ ਮਨ ਦੇ ਦੁਆਰਾ ਕੁਝ ਗ੍ਰਹਿਣ ਕੀਤੇ ਵਿਚਾਰ, ਸੋਚ ਜਾਂ ਪਰਿਕਲਪਨਾ, ਜੋ ਮਾਨਸਿਕ ਵਸਤੂ (Mind Object) ਦੇ ਅੰਤਰਗਤ ਆਉਂਦੇ ਹਨ, ਵੀ ਸਮੋਏ ਹਨ। ਇਸ ਤਰ੍ਹਾਂ ਸਾਰੇ ਪਦਾਰਥ (Matter) ਅੰਦਰੂਨੀ ਅਤੇ ਬਾਹਰੀ ਸਾਰੇ ਰੂਪ ਉਪਾਦਾਨ ਵਿਚ ਸਮੋਏ ਹਨ।

2. ਵੇਦਨਾ ਉਪਾਦਾਨ ਸਕੰਧ

ਦੂਜਾ ਉਪਾਦਾਨ ਸਕੰਧ ਵੇਦਨਾ ਹੈ। ਵੇਦਨਾ ਦੇ ਤਹਿਤ ਹਰ ਪ੍ਰਕਾਰ ਦੀਆਂ ਵੇਦਨਾਵਾਂ - ਸੁੱਖ ਵੇਦਨਾ, ਦੁੱਖ ਵੇਦਨਾ ਅਤੇ ਉਪੇਖਿਆ ਵੇਦਨਾ ਜੋ ਸਾਡੀਆਂ ਇੰਦ੍ਰੀਆਂ (ਛੇ) ਦੁਆਰਾ ਅਨੁਭਵ ਕੀਤੀ ਜਾਂਦੀ ਹੈ, ਸਮੋਏ ਹਨ। ਇਸ ਪ੍ਰਕਾਰ ਨੇਤਰਾਂ ਦੁਆਰਾ ਰੂਪੀ ਵਸਤੂ (ਦ੍ਰਿਸ਼ਟ ਵਸਤੂ) ਨੂੰ ਦੇਖਣ ਤੇ ਉਤਪੰਨ ਵੇਦਨਾ, ਕੰਨਾਂ ਦੁਆਰਾ ਸੁਣੀ ਗਈ ਧੁਨੀ ਤੋਂ ਉਤਪੰਨ ਵੇਦਨਾ, ਨੱਕ ਦੁਆਰਾ ਗੰਧ ਯੁਕਤ ਵਸਤੂ ਦੇ ਸੰਪਰਕ ਵਿਚ ਆਉਣ ਤੋਂ ਉਤਪੰਨ ਹੋਈ ਵੇਦਨਾ, ਜੀਭ ਦੁਆਰਾ ਸੁਆਦਯੁਕਤ ਵਸਤੂ ਦੇ ਸੰਪਰਕ ਵਿਚ ਆਉਣ ਨਾਲ ਉਤਪੰਨ ਵੇਦਨਾ, ਸਰੀਰ ਦੁਆਰਾ ਸਪਰਸ਼ਯੋਗ ਵਸਤੂ ਦੇ ਸੰਪਰਕ ਵਿਚ ਆਉਣ ਤੇ ਉਤਪੰਨ ਵੇਦਨਾ ਅਤੇ ਮਨ ਵਿਚ ਉਤਪੰਨ ਜਾਂ ਗ੍ਰਹਿਣ ਕੀਤੇ ਵਿਚਾਰ, ਸੋਚ ਜਾਂ ਪਰਿਕਲਪਨਾ ਤੋਂ ਉਤਪੰਨ ਵੇਦਨਾ - ਉਪਾਦਾਨ ਦੇ ਤਹਿਤ ਆਉਂਦੀਆਂ ਹਨ। ਪ੍ਰਸਤੁਤ ਪ੍ਰਸੰਗ ਵਿਚ ਇਹ ਸਪਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਬਾਕੀ ਧਰਮ ਦਰਸ਼ਨਾਂ ਤੋਂ ਵਿਪਰੀਤ ਬੁੱਧ ਦਰਸ਼ਨ ਮਨ ਨੂੰ ਪਦਾਰਥ (Matter) ਤੋਂ ਅਲੱਗ ਪੁਦਗਲ ਜਾਂ ਆਤਮਾ (Spirit) ਨਹੀਂ ਮੰਨਦਾ, ਬਲਕਿ ਮਨ ਨੂੰ ਹੀ ਇਕ ਇੰਦਰੀ ਹੀ ਮੰਨਦਾ ਹੈ। ਪੰਜ ਇੰਦਰੀਆਂ ਦੁਆਰਾ ਸੰਸਾਰ ਤੋਂ ਜਾਣੂ ਹੁੰਦਾ ਹੈ। ਇਸ ਨੂੰ ਜਾਨਣ ਲਈ ਮਨ ਰੂਪੀ ਇੰਦ੍ਰੀ ਦੀ ਲੋੜ ਪੈਂਦੀ ਹੈ। ਹਾਲਾਂ ਕਿ ਨਵੇਂ ਵਿਚਾਰ, ਸੋਚ ਜਾਂ ਪਰਿਕਲਪਨਾ ਇਹਨਾਂ ਪੰਜ ਇੰਦਰੀਆਂ ਦੁਆਰਾ ਪ੍ਰਾਪਤ ਸੰਸਾਰਕ ਅਨੁਭੂਤੀਆਂ ਤੋਂ ਵੱਖ ਨਹੀਂ ਹੁੰਦੇ ਸਗੋਂ ਇਹ ਇਹਨਾਂ ਪੰਜਾਂ ਇੰਦਰੀਆਂ ਦੁਆਰਾ ਗ੍ਰਹਿਣ ਕੀਤੀਆਂ ਵਸਤੂ ਜਗਤ ਦੀ ਅਨੁਭੂਤੀਆਂ 'ਤੇ ਨਿਰਭਰ ਤਾਂ ਹੁੰਦੇ ਹੀ ਹਨ, ਪ੍ਰਭਾਵਿਤ ਵੀ ਹੁੰਦੇ ਹਨ। ਉਦਾਹਰਣ ਲਈ ਇਕ ਜਨਮ-ਅੰਧ ਵਿਅਕਤੀ ਕਿਸੇ ਰੰਗ ਦੀ ਅਨੁਭੂਤੀ ਨਹੀਂ ਕਰ ਸਕਦਾ। ਬਲਕਿ ਸ਼ਬਦਾਂ ਜਾਂ ਹੋਰ ਵਸਤੂਆਂ ਦੀ ਸਮਾਨਤਾ ਆਦਿ ਜੋ ਉਸ ਦੀਆਂ ਬਾਕੀ ਇੰਦਰੀਆਂ ਦੁਆਰਾ ਗ੍ਰਹਿਣਯੋਗ ਹੋਵੇ, ਦੇ ਮਾਧਿਅਮ ਦੁਆਰਾ ਰੰਗ ਬਾਰੇ ਆਪਣੇ ਵਿਚਾਰ ਬਣਾ ਸਕਦਾ ਹੈ। ਇਸ ਲਈ ਵਿਚਾਰ, ਸੋਚ ਅਤੇ ਪਰਿਕਲਪਨਾ ਜੋ ਮਨ ਦਾ ਵਿਸ਼ਾ ਹੈ ਬਾਕੀ ਪੰਜ ਇੰਦਰੀਆਂ ਦੁਆਰਾ ਗ੍ਰਹਿਣ ਕੀਤੇ ਗਏ ਸੰਸਾਰਕ ਅਨੁਭਵਾਂ ਨੂੰ ਉਤਪੰਨ ਕਰਦੇ ਹਨ ਅਤੇ ਪ੍ਰਭਾਵਿਤ ਵੀ।

3. ਸੰਗਿਆ-ਉਪਾਦਾਨ ਸਕੰਧ

ਵੇਦਨਾ ਦੀ ਤਰ੍ਹਾਂ ਸੰਗਿਆ (Perception) ਵੀ ਛੇ ਪ੍ਰਕਾਰ ਦੀ ਹੈ। ਜਦੋਂ ਸਾਡੀਆਂ ਛੇ ਇੰਦਰੀਆਂ ਅੱਖ, ਕੰਨ, ਨੱਕ, ਜੀਭ, ਚਮੜੀ ਅਤੇ ਮਨ ਕ੍ਰਮਵਾਰ ਰੂਪ, ਸ਼ਬਦ, ਗੰਧ, ਰਸ, ਸਪਰਸ਼ ਅਤੇ ਵਿਚਾਰ (ਧਰਮ) ਦੇ ਸੰਪਰਕ ਵਿਚ ਆਉਂਦੇ ਹਨ ਤਾਂ ਇਹ ਸੰਗਿਆ ਹੀ ਹੈ ਜੋ ਇਹਨਾਂ ਵਸਤੂਆਂ ਨੂੰ ਪਛਾਣਦੀ ਹੈ।

4. ਸੰਸਕਾਰ ਉਪਾਦਾਨ-ਸਕੰਧ

ਇਸਦੇ ਤਹਿਤ ਹਰ ਤਰ੍ਹਾਂ ਦੇ ਚੇਤਨਾਯੁਕਤ ਕਰਮ (Volitional Activities) ਚੰਗੇ ਅਤੇ ਮਾੜੇ ਸਮੋਏ ਹਨ, ਜਿਹਨਾਂ ਨੂੰ ਆਮ ਤੌਰ ਤੇ ਕਰਮ ਕਿਹਾ ਗਿਆ ਹੈ। ਬੁੱਧ ਨੇ ਕਰਮ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਹਾ, "ਚੇਤਨਾਹੰ ਭਿੱਖਵੇ ! ਕਮੌਂ ਵਦਾਮਿ, ਚੇਤਯਿਤਵਾ ਕੰਮ ਕਰੋਤਿੰ ਕਾਯੇਨ ਵਾਚਾ।।" ਭਾਵ ਚੇਤਨਾ ਨੂੰ ਹੀ ਭਿਖਸ਼ੂ ਮੈਂ ਕਰਮ ਕਹਿੰਦਾ ਹਾਂ। ਚੇਤਨਾ ਨਾਲ ਹੀ ਵਿਅਕਤੀ ਕਾਇਕ (ਸਰੀਰਕ) ਅਤੇ ਵਾਚਕ ਕਰਮ ਕਰਦੇ ਹਨ। ਇਸ ਲਈ ਸੰਸਾਰਿਕ ਸਕੰਧ ਮਾਨਸਿਕ ਚੇਤਨਾ (Mental Formations) ਹੈ। ਵੇਦਨਾ ਅਤੇ ਸੰਗਿਆ ਦੀ ਹੀ ਤਰ੍ਹਾਂ ਸੰਸਕਾਰ ਸਕੰਧ ਵੀ ਛੇ ਪ੍ਰਕਾਰ ਦੇ ਹਨ, ਜੋ ਛੇ ਇੰਦਰੀਆਂ ਨਾਲ ਸੰਬੰਧਤ ਛੇ ਵਸਤੂਆਂ ਹਨ। ਇੱਥੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਵੇਦਨਾ ਅਤੇ ਸੰਗਿਆ ਚੇਤਨਾਯੁਕਤ ਕਰਮ (ਇੱਛਿਤ ਕਰਮ) ਨਹੀਂ ਹਨ, ਕਿਉਂਕਿ ਇਹ ਵਿਪਾਕ (ਫ਼ਲ) ਨਹੀਂ ਉਤਪੰਨ ਕਰਦੇ। ਚੇਤਨਾਯੁਕਤ ਕਰਮ ਜਿਵੇਂ ਮਨਸਿਕਾਰ (Attention), ਛੰਦ (Will), ਅਧਿਮੋਖ (Determination), ਸੱਧਾ (Confidence), ਸਮਾਧੀ (Concentration), ਪ੍ਰਗਿਆ (Wisdom), ਵਿਰਿਯ (Energy), ਰਾਗ (Desire), ਪਟਿਘ (Repugnance or Hate), ਅਵਿੱਛਾ (Ignorance), ਮਾਨ (Conceit), ਸਕਾਇ ਦਿੱਠਿ (Idea of Self) ਆਦਿ ਵੀ ਵਿਪਾਕ (ਫ਼ਲ) ਉਤਪੰਨ ਕਰਦੇ ਹਨ। ਇਸ ਤਰ੍ਹਾਂ 52 ਅਜਿਹੇ ਮਾਨਸਿਕ ਕਰਮ (Mental Activities) ਹਨ, ਜੋ ਸੰਸਕਾਰ ਸਕੰਧ ਦੇ ਅੰਤਰਗਤ ਆਉਂਦੇ ਹਨ।

5. ਵਿਗਿਆਨ-ਸਕੰਧ

ਪੰਜਵਾਂ ਅਤੇ ਅੰਤਮ ਸਕੰਧ ਹੈ ਵਿਗਿਆਨ ਸਕੰਧ। ਵਿਗਿਆਨ ਇਕ ਪ੍ਰਤਿਕ੍ਰਿਆ ਹੈ, ਉਹਨਾਂ ਛੇ ਇੰਦਰੀਆਂ (ਨੇਤ੍ਰ, ਕੰਨ, ਨੱਕ, ਜੀਭ, ਚਮੜੀ ਅਤੇ ਮਨ) ਅਤੇ ਉਹਨਾਂ ਨਾਲ ਸੰਬੰਧਤ ਵਸਤੂਆਂ - ਦ੍ਰਿਸ਼ਟ ਵਸਤੂ, ਸ੍ਰਵਣਯੋਗ ਧੁੰਨੀ, ਗੰਧਯੁਕਤ ਵਸਤੂ, ਸੁਆਦਯੁਕਤ ਵਸਤੂ, ਸਪਰਸ਼ਯੁਕਤ ਵਸਤੂ ਅਤੇ ਮਾਨਸਿਕ ਸੋਚ। ਵਿਚਾਰ ਵਿੱਚੋਂ ਹਰੇਕ ਇੰਦ੍ਰੀ ਦਾ ਉਸ ਨਾਲ ਸੰਬੰਧਤ ਵਸਤੂ ਦੇ ਸੰਪਰਕ ਵਿਚ ਆਉਣਾ। ਜਿਵੇਂ ਨੇਤ੍ਰ ਵਿਗਿਆਨ ਦਾ ਆਧਾਰ ਹੈ ਨੇਤ੍ਰ ਅਤੇ ਇਕ ਦ੍ਰਿਸ਼ਟ ਰੂਪੀ ਵਸਤੂ ਉਸਦਾ ਵਿਸ਼ਾ (Object)। ਇਸੇ ਤਰ੍ਹਾਂ ਮਨ ਵਿਗਿਆਨ ਦਾ ਆਧਾਰ ਹੈ, ਮਨ ਅਤੇ ਮਨ ਦੇ ਵਿਚਾਰ ਹਨ ਉਸਦਾ ਵਿਸ਼ਾ। ਇਸ ਤਰ੍ਹਾਂ ਵੇਦਨਾ, ਸੰਗਿਆ, ਸੰਸਕਾਰ ਦੀ ਤਰ੍ਹਾਂ ਹੀ ਵਿਗਿਆਨ ਦੇ ਵੀ ਛੇ ਇੰਦਰੀਆਂ ਅਤੇ ਉਹਨਾਂ ਨਾਲ ਸੰਬੰਧਿਤ ਵਿਸ਼ਿਆਂ ਦੇ ਆਧਾਰ ਤੇ ਛੇ ਪ੍ਰਕਾਰ ਹਨ।

ਇੱਥੇ ਇਹ ਸਪੱਸ਼ਟ ਕਰ ਦਿੱਤਾ ਜਾਣਾ ਚਾਹੀਦਾ ਹੈ ਕਿ ਵਿਗਿਆਨ ਦੁਆਰਾ ਵਸਤੂ ਨੂੰ ਪਛਾਣਿਆ ਨਹੀਂ ਜਾਂਦਾ ਬਲਕਿ ਵਸਤੂ ਦੇ ਬਾਰੇ ਵਿਚ ਸਾਧਾਰਨ ਜਾਣਕਾਰੀ ਜਾਂ ਉਸਦੀ ਮੌਜੂਦਗੀ ਦਾ ਹੀ ਅਹਿਸਾਸ ਹੁੰਦਾ ਹੈ। ਜਿਵੇਂ ਜਦੋਂ ਨੀਲਾ ਰੰਗ ਅੱਖ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਨੇਤਰ ਵਿਗਿਆਨ ਪੈਦਾ ਹੁੰਦਾ ਹੈ ਅਤੇ ਇਸ ਦੁਆਰਾ ਕੇਵਲ ਕਿਸੇ ਰੰਗ ਦੇ ਹੋਣ ਦਾ ਅਹਿਸਾਸ ਹੁੰਦਾ ਹੈ। ਉਸਦੇ ਨੀਲਾ ਜਾਂ ਲਾਲ ਹੋਣ ਦਾ ਅਹਿਸਾਸ ਤੀਜੇ ਸਕੰਧ ਸੰਗਿਆ ਦੁਆਰਾ ਹੁੰਦਾ ਹੈ।

ਸੰਖੇਪ ਵਿਚ ਇਹੀ ਪੰਜ ਸਕੰਧ ਮਿਲ ਕੇ ਜੀਵ ਦਾ ਨਿਰਮਾਣ ਕਰਦੇ ਹਨ ਇਸ ਲਈ

ਮੈਂ ਜਾਂ ਕੋਈ ਪੁਦਗਲ ਜਾਂ ਆਤਮਾ ਨਹੀ ਹੈ। ਕਿਉਂਕਿ ਇਹ ਪੰਜ ਸਕੰਧ ਹਰ ਵੇਲੇ ਪਰਿਵਰਤਨਸ਼ੀਲ ਹਨ, ਇਸ ਲਈ ਇਹਨਾਂ ਤੋਂ ਬਣਿਆ ਜੀਵ ਨਿੱਤ, ਧਰੁਵ ਜਾਂ ਸ਼ਾਸਵਤ (ਹਮੇਸ਼ਾਂ ਰਹਿਣ ਵਾਲਾ) ਨਹੀਂ ਹੋ ਸਕਦਾ ਅਤੇ ਪਰਿਵਰਤਨਸ਼ੀਲ ਹਰੇਕ ਪਦਾਰਥ ਦੁਖਦਾਈ ਹੀ ਹੋਵੇਗਾ। ਇਸ ਲਈ ਬੁੱਧ ਨੇ ਠੀਕ ਹੀ ਕਿਹਾ ਹੈ। ਪੰਜ ਉਪਾਦਾਨ ਸਕੰਧ ਹੀ ਦੁੱਖ ਹੈ, ਇਹੀ ਸੰਸਕਾਰ ਦੁਖਤਾ ਹੈ।

ਦੁਖ ਸਮੁਦਾਇ ਆਰੀਆ ਸਤਿਅ

ਜਿਵੇਂ ਕਿ ਸ਼ੁਰੂ ਵਿਚ ਇਸ ਆਰੀਆ ਸਤਿਅ ਨੂੰ ਪਰਿਭਾਸ਼ਿਤ ਕਰਦਿਆਂ ਦੱਸਿਆ ਗਿਆ ਹੈ ਕਿ ਤ੍ਰਿਸ਼ਨਾ ਹੀ ਪੁਨਰ ਜਨਮ ਦਾ ਕਾਰਣ ਹੈ, ਜੋ ਪ੍ਰੀਤ ਅਤੇ ਰਾਗ ਨਾਲ ਯੁਕਤ ਹੈ ਅਤੇ ਹਰ ਪਾਸੇ ਅਨੰਦ ਲੈਂਦੀ ਹੈ। ਇਸ ਨੂੰ ਤਿੰਨ ਪ੍ਰਕਾਰ ਨਾਲ ਦੱਸਿਆ ਗਿਆ ਹੈ :

1. ਕਾਮ ਤ੍ਰਿਸ਼ਨਾ - ਇੰਦਰੀ ਸੁੱਖ ਦੀ ਤ੍ਰਿਸਨਾ/ਇੱਛਾ।
2. ਭਵ ਤ੍ਰਿਸ਼ਨਾ - ਵਾਰ-ਵਾਰ ਜਨਮ ਲੈਣ ਦੀ ਤ੍ਰਿਸਨਾ ਅਤੇ
3. ਵਿਭਵ ਤ੍ਰਿਸ਼ਨਾ - ਆਤਮ-ਉਛੇਦ (ਨਸ਼ਟ/ਖਾਤਮੇ) ਦੀ ਤ੍ਰਿਸ਼ਨਾ।

ਇਹ ਤ੍ਰਿਸ਼ਨਾਵਾਂ ਹੀ ਵੱਖ-ਵੱਖ ਰੂਪਾਂ ਵਿਚ ਪੈਦਾ ਹੋ ਕੇ ਸਾਰੇ ਦੁੱਖਾਂ ਦੀ ਉਤਪੱਤੀ ਦਾ ਕਾਰਨ ਬਣਦੀਆਂ ਹਨ ਅਤੇ ਪੁਨਰ-ਜਨਮ ਵਿਚ ਸਹਾਈ ਹੁੰਦੀਆਂ ਹਨ। ਪਰੰਤੂ ਇਸਨੂੰ ਪਹਿਲਾ ਕਾਰਨ ਨਹੀਂ ਮੰਨਿਆ ਜਾਂਣਾ ਚਾਹੀਦਾ ਕਿਉਂਕਿ ਬੁੱਧ ਧਰਮ ਦੇ ਅਨੁਸਾਰ ਸਾਰੀਆਂ ਚੀਜ਼ਾਂ ਸਾਪੇਖਿਕ ਅਤੇ ਇਕ ਦੂਜੇ 'ਤੇ ਆਧਾਰਿਤ ਹਨ। ਇਸ ਲਈ ਇਹ ਤ੍ਰਿਸ਼ਨਾ ਜਿਸਨੂੰ ਦੁੱਖਾਂ ਦੀ ਉਤਪੱਤੀ ਦਾ ਕਾਰਨ ਦੱਸਿਆ ਗਿਆ ਹੈ, ਵੀ ਆਪਣੀ ਉਤਪੱਤੀ ਲਈ ਦੂਜੇ ਕਾਰਕ 'ਤੇ ਨਿਰਭਰ ਕਰਦੀ ਹੈ ਅਤੇ ਉਹ ਕਾਰਕ ਹੈ ਵੇਦਨਾ, ਫੇਰ ਵੇਦਨਾ ਦੀ ਉਤਪੱਤੀ ਦਾ ਕਾਰਕ ਹੈ ਸਪਰਸ਼.... ਜੋ ਗੋਲਾਕਾਰ ਰੂਪ ਨਾਲ ਚੱਲਦਾ ਰਹਿੰਦਾ ਹੈ ਅਤੇ ਬੋਧ ਦਰਸ਼ਨ ਵਿਚ ਪ੍ਰਤੀਤਯਸਮੁਤੱਪਾਦ (ਕਾਰਣ-ਕਾਰਜ ਸਿਧਾਂਤ) ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਲਈ 'ਤ੍ਰਿਸ਼ਨਾ' ਦੁੱਖਾਂ ਦੀ ਉਤਪੱਤੀ ਦਾ ਪਹਿਲਾ ਅਤੇ ਇਕ ਮਾਤਰ ਕਾਰਕ ਨਾ ਹੋ ਕੇ ਸਭ ਤੋਂ ਸੰਭਾਵਿਤ ਅਤੇ ਤਤਕਾਲੀ ਕਾਰਕ ਹੈ।

ਇਹ ਤ੍ਰਿਸ਼ਨਾ ਨਾ ਕੇਵਲ ਇੰਦਰੀ ਸੁੱਖ, ਧਨ-ਦੌਲਤ ਅਤੇ ਅਧਿਕਾਰ ਦੀ ਇੱਛਾ ਨੂੰ ਵਧਾਉਂਦੀ ਹੈ, ਬਲਕਿ ਇਹ ਵਿਚਾਰਾਂ (Ideas) ਅਤੇ ਆਦਰਸ਼ (Ideals), ਦ੍ਰਿਸ਼ਟੀਕੋਣ (Views), ਮਤ (Opinions), ਸਿਧਾਂਤ, ਵਿਸ਼ਵਾਸ ਅਤੇ ਪਰਿਕਲਪਨਾ (Conceptions) ਦੀ ਕਾਮਨਾ, ਜਿਸਨੂੰ 'ਧੱਮਤ੍ਰਿਸ਼ਨਾ' ਕਿਹਾ ਗਿਆ ਹੈ, ਨੂੰ ਵੀ ਉਜਾਗਰ ਕਰਦਾ ਹੈ। ਬੁੱਧ ਅਨੁਸਾਰ ਸੰਸਾਰ ਦੀਆਂ ਸਾਰੀਆਂ ਔਕੜਾਂ, ਬੁਰਾਈਆਂ, ਝਗੜਿਆਂ ਆਦਿ ਦੀ ਜੜ੍ਹ ਇਸੇ ਤ੍ਰਿਸ਼ਨਾ ਵਿਚ ਹੀ ਮੌਜੂਦ ਹੈ।

ਇਸ ਗੱਲ ਨਾਲ ਸਾਰੇ ਸਹਿਮਤ ਹੋਣਗੇ ਕਿ ਤ੍ਰਿਸ਼ਨਾ ਹਰ ਪ੍ਰਕਾਰ ਦੀ ਬੁਰਾਈ ਨੂੰ ਪੈਦਾ ਕਰਦੀ ਹੈ। ਪਰ ਤ੍ਰਿਸ਼ਨਾ ਹੀ ਸਾਡੇ ਪੁਨਰਜਨਮ ਦੀ ਕਾਰਕ ਹੈ, ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਨਹੀਂ ਤਾਂ ਆਸਾਨ ਵੀ ਨਹੀਂ ਹੈ। ਇਹੀ ਸੁਆਲ ਦੂਜੇ ਆਰੀਆ-ਸਤਿਅ ਦਾ ਦਾਰਸ਼ਨਿਕ ਪੱਖ ਹੈ, ਜੋ ਪਹਿਲੇ ਆਰੀਆ-ਸਤਿਅ ਦੇ ਦਾਰਸ਼ਨਿਕ ਪੱਖ ਦਾ ਪੂਰਕ ਹੈ। ਇਸਨੂੰ ਸਮਝਣ ਵਾਸਤੇ ਬੁੱਧ ਦੁਆਰਾ ਦਸੇ ਕਰਮ-ਪੁਨਰਜਨਮ ਦੇ ਸਿਧਾਂਤ ਦੀ ਥੋੜ੍ਹੀ ਬਹੁਤ ਸਮਝ ਜ਼ਰੂਰੀ ਹੈ।

ਜੀਵ ਦੀ ਨਿਰੰਤਰਤਾ ਅਤੇ ਉਸਦੀ ਸਥਿਤੀ ਨੂੰ ਬਣਾਈ ਰੱਖਣ ਲਈ ਚਾਰ ਪ੍ਰਕਾਰ ਦੇ

ਅਹਾਰ (Nutriments) ਜੋ 'ਕਾਰਣ' (Cause or Condition) ਦੇ ਰੂਪ ਵਿਚ ਜ਼ਰੂਰੀ ਹਨ :

(1) ਕਬੀਲਦਾਰ-ਆਹਾਰ - ਸਧਾਰਨ ਭੋਜਨ ਪਦਾਰਥ।
(2) ਫੱਸ-ਆਹਾਰ - ਸਾਰੀ ਇੰਦਰੀਆਂ (ਮਨ ਸਹਿਤ) ਨਾਲ ਬਾਹਰੀ ਸੰਸਾਰਕ ਵਸਤੂਆਂ ਦਾ ਸਪਰਸ਼।
(3) ਵਿਗਿਆਨ-ਆਹਾਰ - ਚਿੱਤ ਆਹਾਰ (Consciousness)
(4) ਮਨੋ-ਸੰਮਚੇਤਨਾ-ਆਹਾਰ - ਮਾਨਸਿਕ ਇੱਛਾ ਦੀ ਪੂਰਤੀ ਸੰਬੰਧੀ ਆਹਾਰ (Mental Volition or Will)

ਉਪਰੋਕਤ ਚਾਰ ਆਹਾਰਾਂ ਵਿੱਚੋਂ ਅੰਤਮ ਮਨੋ-ਸੰਮਚੇਤਨਾ ਜਾਂ ਮਾਨਸਿਕ ਚੇਤਨਾ ਜਾਂ ਜੀਉਣ ਦੀ ਇੱਛਾ, ਸਦਾ ਬਣੇ ਰਹਿਣ ਦੀ ਇੱਛਾ, ਜਨਮ ਗ੍ਰਹਿਣ ਕਰਨ ਦੀ ਇੱਛਾ, ਪੁਨਰਜਨਮ ਗ੍ਰਹਿਣ ਦੀ ਇੱਛਾ ਆਦਿ ਹਨ। ਇਹੀ ਭਵ-ਸਾਗਰ ਵਿਚ ਬਣੇ ਰਹਿਣ ਦਾ ਮੂਲ ਕਾਰਨ ਹੈ, ਜੋ ਕੁਸ਼ਲ ਅਤੇ ਅਕੁਸ਼ਲ ਕਰਮਾਂ ਦੇ ਮਾਧਿਅਮ ਦੁਆਰਾ ਲਗਾਤਾਰ ਗਤੀਮਾਨ ਰਹਿੰਦੇ ਹਨ। ਇਹ ਉਹੀ ਚੇਤਨਾ ਹੈ, ਜਿਸਨੂੰ ਬੁੱਧ ਨੇ ਕਰਮ ਦੱਸਿਆ ਹੈ। ਮਾਨਸਿਕ ਚੇਤਨਾ ਦਾ ਵਰਣਨ ਕਰਦਿਆਂ ਬੁੱਧ ਨੇ ਕਿਹਾ ਹੈ ਕਿ ਜੋ ਇਸ ਮਾਨਸਿਕ ਚੇਤਨਾ ਆਹਾਰ ਨੂੰ ਜਾਣਦਾ ਹੈ, ਉਹ ਤਿੰਨੇ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ - ਕਾਮ ਤ੍ਰਿਸ਼ਨਾ (ਇੰਦਰੀ ਸੁੱਖ ਦੀ ਇੱਛਾ), ਭਵ ਤ੍ਰਿਸ਼ਨਾ (ਭਵ ਚੱਕਰ ਵਿਚ ਬਣੇ ਰਹਿਣ ਦੀ ਇੱਛਾ) ਅਤੇ ਵਿਭਵ ਤ੍ਰਿਸ਼ਨਾ (ਭਵ ਚੱਕਰ ਤੋਂ ਮੁਕਤੀ ਦੀ ਇੱਛਾ) ਨੂੰ ਚੰਗੀ ਤਰ੍ਹਾਂ ਜਾਣਦਾ ਹੈ।[9] ਇਸ ਤਰ੍ਹਾਂ ਤ੍ਰਿਸ਼ਨਾ, ਚੇਤਨਾ, ਮਨੋਸੰਮਚੇਤਨਾ ਅਤੇ ਕਰਮ ਸ਼ਬਦ ਇਕੋ ਹੀ ਅਰਥ ਨੂੰ ਉਜਾਗਰ ਕਰਦੇ ਹਨ। ਉਹ ਹੈ ਭਵਚੱਕਰ ਵਿਚ ਬਣੇ ਰਹਿਣ ਦੀ ਇੱਛਾ, ਜਨਮ ਲੈਣ ਦੀ ਇੱਛਾ, ਪੁਨਰਜਨਮ ਦੀ ਇੱਛਾ, ਵਾਰ-ਵਾਰ ਹੋਣ ਦੀ ਇੱਛਾ, ਵਧੇਰੇ ਤਰੱਕੀ ਦੀ ਇੱਛਾ, ਵਧੇਰੇ ਸੰਗ੍ਰਹਿ ਦੀ ਇੱਛਾ ਆਦਿ। ਇਸ ਤਰ੍ਹਾਂ ਇਹ ਤ੍ਰਿਸ਼ਨਾ ਹੀ ਹੈ, ਜੋ ਦੁੱਖ ਦੀ ਉਤਪੱਤੀ ਦਾ ਕਾਰਕ ਹੈ, ਜੋ ਸੰਸਕਾਰ-ਸਕੰਧ ਵਿਚ ਸਮੋਈ ਹੈ।

ਇੱਥੇ ਇਹ ਧਿਆਨ ਰੱਖਣਯੋਗ ਹੈ ਕਿ ਦੁੱਖ ਦੀ ਉਤਪੱਤੀ ਦਾ ਮੂਲ ਕਾਰਕ ਦੁੱਖ ਵਿਚ ਹੀ ਨਿਹਿਤ ਹੈ, ਇਸ ਤੋਂ ਬਾਹਰ ਨਹੀਂ ਹੈ। ਇਸੇ ਤਰ੍ਹਾਂ ਦੁੱਖ ਦੇ ਅੰਤ ਦਾ, ਵਿਨਾਸ਼ ਦਾ ਕਾਰਕ ਵੀ ਦੁੱਖ ਵਿਚ ਹੀ ਸਮੋਇਆ ਹੈ, ਬਾਹਰ ਨਹੀਂ। ਇਸ ਤੱਥ ਦੀ ਪੁਸ਼ਟੀ ਬੁੱਧ ਦੇ ਇਸ ਕਥਨ ਤੋਂ ਸਪੱਸ਼ਟ ਹੋ ਜਾਂਦੀ ਹੈ :

"ਯੰ ਕਿੰਚਿ ਸਮੁਦਯੰ ਧੰਮੰ ਸੱਬੰ ਤੰ ਨਿਰੋਧੰਮੰ।"

ਭਾਵ ਜੋ ਕੁਝ ਵੀ ਉਤਪੱਤੀ ਦੀ ਪ੍ਰਕ੍ਰਿਤੀ ਹੈ, ਉਹੀ ਨਿਰੋਧ ਦੀ ਵੀ ਪ੍ਰਕ੍ਰਿਤੀ ਹੈ।[10] ਕਿਸੇ ਵਿਅਕਤੀ, ਵਸਤੂ ਜਾਂ ਪ੍ਰਣਾਲੀ (System) ਵਿਚ ਜੇਕਰ ਉਤਪੱਤੀ ਦੀ ਪ੍ਰਕ੍ਰਿਤੀ, ਸਕਾਰ ਰੂਪ ਵਿਚ ਗ੍ਰਹਿਣ ਕਰਨ ਦੀ ਪ੍ਰਕ੍ਰਿਤੀ ਮੌਜੂਦ ਹੈ ਤਾਂ ਉਸ ਵਿਚ ਵਿਨਾਸ਼ ਦੀ ਪ੍ਰਵਿਰਤੀ ਦਾ ਬੀਜ ਮੌਜੂਦ ਹੋਵੇਗਾ। ਇਸ ਲਈ ਦੁੱਖ ਜੋ ਦੂਜੇ ਸ਼ਬਦਾਂ ਵਿਚ ਪੰਜ ਉਪਾਦਾਨ ਸਕੰਧ ਹਨ, ਦੇ ਵਿਚ ਵੀ ਉਤਪੱਤੀ ਅਤੇ ਵਿਨਾਸ਼ ਦੋਹਾਂ ਦੀ ਹੀ ਪ੍ਰਕ੍ਰਿਤੀ (ਸੁਭਾਅ) ਮੌਜੂਦ ਹੈ।

ਦੁੱਖ ਨਿਰੋਧ ਆਰੀਆ-ਸਤਿਅ

ਦੁੱਖ ਦੀ ਉਤਪੱਤੀ ਦਾ ਮੂਲ ਕਾਰਕ ਤ੍ਰਿਸ਼ਨਾ ਦਾ ਅੰਤ ਹੀ ਦੁੱਖ ਨਿਰੋਧ ਆਰੀਆ-ਸਤਿਅ ਕਿਹਾ ਗਿਆ ਹੈ ਅਤੇ ਦੁੱਖਾਂ ਦੇ ਅੰਤ ਨੂੰ ਹੀ ਨਿਰਵਾਣ (ਪਾਲੀ-ਨਿਬਾਨ) ਕਿਹਾ ਗਿਆ

ਹੈ। ਜੋ ਬੁੱਧ ਧਰਮ ਵਿਚ ਧਰਮ ਉਦੇਸ (ਸੱਚ) ਦੀ ਪ੍ਰਾਪਤੀ ਹੈ। ਇਸੇ ਕਰਕੇ ਨਿਰਵਾਣ ਨੂੰ 'ਤਨਹਖੇਹ' (ਤ੍ਰਿਸ਼ਨਾ ਦਾ ਨਾਸ਼) ਵੀ ਕਿਹਾ ਗਿਆ ਹੈ।

ਹੁਣ ਸੁਆਲ ਇਹ ਉਠਦਾ ਹੈ ਕਿ ਨਿਰਵਾਣ ਹੈ ਕੀ? ਵੈਸੇ ਤਾਂ ਨਿਰਵਾਣ ਦੇ ਸਰੂਪ ਤੇ ਲੋਕਾਂ ਨੇ ਵੱਡੀਆਂ-ਵੱਡੀਆਂ ਪੁਸਤਕਾਂ ਤਕ ਲਿਖੀਆਂ ਹਨ, ਪਰੰਤੂ ਨਿਰਵਾਣ ਨੂੰ ਮਾਨਵ ਕ੍ਰਿਤ ਭਾਸ਼ਾ ਦੇ ਸ਼ਬਦਾਂ ਵਿਚ ਬਿਆਨ ਕਰਨਾ ਸੰਭਵ ਨਹੀਂ ਹੈ। ਕਿਉਂਕਿ 'ਸ਼ਬਦ' ਉਹਨਾਂ ਵਸਤੂਆਂ ਅਤੇ ਵਿਚਾਰਾਂ ਦੀ ਅਭਿਵਿਅਕਤੀ ਹੈ, ਜਿਸਨੂੰ ਅਸੀਂ ਅਨੁਭਵ ਕਰਦੇ ਹਾਂ। ਸ਼ਬਦ ਦੇ ਮਾਧਿਅਮ ਦੁਆਰਾ ਸਾਧਾਰਨ ਵਸਤੂਆਂ ਅਤੇ ਵਿਚਾਰਾਂ ਦੇ ਅਸਲ ਸਰੂਪ ਦੀ ਪੂਰੀ ਤਰ੍ਹਾਂ ਅਭਿਵਿਅਕਤੀ ਸੰਭਵ ਨਹੀਂ ਹੈ, ਤਾਂ ਫੇਰ ਇਹਨਾਂ ਸ਼ਬਦਾਂ ਦੇ ਮਾਧਿਅਮ ਦੁਆਰਾ ਪਰਮ ਸੱਚ ਦੀ ਅਸਲ ਅਭਿਵਿਅਕਤੀ ਤਾਂ ਬਹੁਤ ਦੂਰ ਦੀ ਗੱਲ ਹੈ। ਸੱਚ ਨੂੰ ਸਮਝਣ ਵਿਚ ਭਾਸ਼ਾ ਨੂੰ ਛਲਾਵਾ ਅਤੇ ਭ੍ਰਮਕਾਰੀ ਹੀ ਦੱਸਿਆ ਗਿਆ ਹੈ। ਲੰਕਾਵਤਾਰ ਸੂਤਰ ਵਿਚ ਵੀ ਕਿਹਾ ਗਿਆ ਹੈ ਕਿ ਅਗਿਆਨੀ ਪੁਰਸ਼ ਸ਼ਬਦਾਂ ਵਿਚ ਉਸੇ ਤਰ੍ਹਾਂ ਫੱਸ ਜਾਂਦੇ ਹਨ, ਜਿਵੇਂ ਚਿੱਕੜ ਵਿਚ ਹਾਥੀ।[11]

ਇਸ ਦੇ ਬਾਵਜੂਦ ਭਾਸ਼ਾ ਤੋਂ ਬਗੈਰ ਵੀ ਸਾਡਾ ਕੰਮ ਨਹੀਂ ਚੱਲ ਸਕਦਾ। ਜਿਥੋਂ ਤਕ ਨਿਰਵਾਣ ਦੀ ਗੱਲ ਹੈ ਇਸਨੂੰ ਸਮਝਣ ਲਈ ਨਕਾਰਾਤਮਕ ਸ਼ਬਦਾਂ ਜਿਵੇਂ ਤਣਹੱਖੇਹ (ਤ੍ਰਿਸ਼ਨਾ ਦਾ ਅੰਤ), ਅਸੰਖਤ (ਅਸੰਸਕ੍ਰਿਤ), ਵਿਰਾਗ (ਰਾਗ/ਇੱਛਾ ਰਹਿਤ), ਨਿਰੋਧ (ਅੰਤ), ਨਿੱਬਾਣ (ਬੁੱਝ ਜਾਣਾ) ਆਦਿ ਦੀ ਵਰਤੋਂ ਤਰਕਪੂਰਨ ਮੰਨੀ ਜਾ ਸਕਦੀ ਹੈ। ਹਾਲਾਂਕਿ ਸੰਯੁਕਤ ਨਿਕਾਇ ਦੇ ਅਸੰਖਤ ਸੰਯੁਕਤ ਵਿਚ ਨਿਰਵਾਣ ਦੇ ਲਈ 32 ਸਕਾਰਾਤਮਕ ਸਮਾਨਾਰਥੀ ਸ਼ਬਦਾਂ ਜੋ ਵਧੇਰੇ ਤੌਰ ਤੇ ਉਪਮਾਨਾ (Metaphorical) ਦੇ ਰੂਪ ਵਿਚ ਹਨ, ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਹਨ - ਸਿਵ (Auspicious/Good), ਖੇਮ (Safety), ਸੁਧੀ (Purity), ਦੀਪ (Island), ਸਰਣ (Refuse), ਤਾਣ (Protection), ਪਾਰ (Opposite Shore/Other Side), ਸੰਤਿ (Peace/Tranquility) ਆਦਿ।

ਨਿਰਵਾਣ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਪਾਲੀ ਗ੍ਰੰਥ ਵਿਚ ਦਿੱਤੀਆਂ ਕੁਝ ਪਰਿਭਾਸ਼ਾਵਾਂ ਬਾਰੇ ਜਾਣਨਾ ਚੰਗਾ ਹੋਵੇਗਾ :

ਇਹ ਉਸ ਤ੍ਰਿਸ਼ਨਾ ਦਾ ਪੂਰੀ ਤਰ੍ਹਾਂ ਨਿਰੋਧ ਹੈ, ਤਿਆਗ ਹੈ, ਉਸ ਤੋਂ ਮੁਕਤ ਹੈ।[12]

ਹੇ ਭਿਖਸ਼ੂਓ! ਅਸੰਖਤ (ਅਸੰਸਕ੍ਰਿਤ) ਕੀ ਹੈ? ਰਾਗ ਦਾ ਅੰਤ, ਦ੍ਵੇਖ ਦਾ ਅੰਤ ਅਤੇ ਮੋਹ (Illusion) ਦਾ ਨਾਸ਼ ਹੀ ਅਸੰਸਕ੍ਰਿਤ (Absolute) ਹੈ। ਹੇ ਰਾਧਾ! ਤ੍ਰਿਸ਼ਨਾ ਦਾ ਰੁੱਕ ਜਾਣਾ (ਬੁੱਝ) ਜਾਣਾ ਹੀ ਨਿਰਵਾਣ ਹੈ।[13] ਇਹਨਾਂ ਪੰਜ ਸਕੰਧਾਂ ਨਾਲ ਲਗਾਓ ਦੀ ਇੱਛਾ ਅਤੇ ਤ੍ਰਿਸ਼ਨਾ ਦਾ ਤਿਆਗ ਅਤੇ ਵਿਨਾਸ਼ ਹੀ ਦੁੱਖ ਦਾ ਅੰਤ ਹੈ।[14] ਹੇ ਭਿਖਸ਼ੂਓ! ਅਜਨਮਾ, ਬੁਢਾਪਾ ਰਹਿਤ ਅਤੇ ਅਸੰਸਕ੍ਰਿਤ ਹੈ। ਜਿੱਥੇ ਅਜਨਮਾ ਬੁਢਾਪਾ ਰਹਿਤ ਅਤੇ ਅਸੰਸਕ੍ਰਿਤ ਨਹੀਂ ਹੈ, ਉੱਥੇ ਜਨਮ, ਜਰਾ (Grow) ਅਤੇ ਸੰਸਕ੍ਰਿਤ ਤੋਂ ਬਚਾਅ ਦਾ ਕੋਈ ਉਪਾਅ ਨਹੀਂ ਹੈ। ਕਿਉਂਕਿ ਅਜਨਮਾ, ਜਰਾ-ਮਰਾ ਰਹਿਤ ਅਤੇ ਅਸੰਸਕ੍ਰਿਤ ਹੈ। ਇਸ ਲਈ ਜਨਮ, ਜਰ ਅਤੇ ਸੰਸਕ੍ਰਿਤ ਧਰਮਾਂ ਤੋਂ ਬਚਾਅ ਵੀ ਹੈ।[15]

ਇੱਥੇ ਚਾਰ ਭੌਤਿਕ ਪਦਾਰਥ ਪ੍ਰਿਥਵੀ (Solidity), ਜਲ (Fluidity), ਤੇਜ (Heat) ਅਤੇ ਹਵਾ (Motion) ਲਈ ਕੋਈ ਥਾਂ ਨਹੀਂ ਹੈ; ਲੰਬਾਈ-ਚੌੜਾਈ, ਸੂਖਮ ਅਤੇ ਸਥੂਲ, ਚੰਗਾ

ਅਤੇ ਮਾਤ੍ਰਾ, ਨਾਮ ਅਤੇ ਰੂਪ ਦਾ ਭਾਵ (Notion) ਨਹੀਂ ਹੈ ਅਤੇ ਨਾ ਹੀ ਜਨਮ ਦਾ ਮੌਤ ਅਤੇ ਨਾ ਹੀ ਇੰਦਰੀਆਂ ਅਤੇ ਉਹਨਾਂ ਨਾਲ ਸੰਬੰਧਿਤ ਵਿਸ਼ੇ ਹੀ ਪਾਏ ਜਾਂਦੇ ਹਨ।[16]

ਨਿਰਵਾਣ ਦੀ ਇਸ ਤਰ੍ਹਾਂ ਦੀ ਨਕਾਰਾਤਮਕ ਅਭਿਵਿਅਕਤੀ ਦੇ ਕਾਰਣ ਹੀ ਲੋਕਾਂ ਦੁਆਰਾ ਗਲਤ ਮਤਲਬ ਕੱਢਿਆ ਜਾਂਦਾ ਰਿਹਾ ਹੈ ਅਤੇ ਇਨ੍ਹਾਂ ਨੂੰ ਨਕਾਰਾਤਮਕ ਕਰਾਰ ਦਿੰਦੇ ਹੋਏ ਇਸਨੂੰ ਆਤਮ-ਉਛੇਦ ਦੱਸਿਆ ਗਿਆ ਹੈ, ਪਰੰਤੂ ਇੱਥੇ ਆਤਮਾ ਦੀ ਹੋਂਦ ਨੂੰ ਨਕਾਰਿਆ ਗਿਆ ਹੈ। ਇਸ ਲਈ ਇੱਥੇ ਨਾਸ਼ ਦੀ ਗੱਲ ਨਹੀਂ ਹੈ। ਹਾਂ ਜੇਕਰ ਕਿਸੇ ਦੇ ਨਾਸ਼ ਦੀ ਗੱਲ ਹੈ ਤਾਂ ਉਹ ਹੈ ਆਤਮਾ ਦੀ ਧਾਰਨਾ ਦੇ ਭ੍ਰਮ ਦਾ ਨਾਸ਼। ਨਿਰਵਾਣ ਨੂੰ ਨਕਾਰਾਤਮਕ ਜਾਂ ਸਕਾਰਾਤਮਕ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਦੋਵੇਂ ਹੀ ਸਾਪੇਖਿਕ ਅਤੇ ਦ੍ਵੈਤ ਦੇ ਘੇਰੇ ਵਿਚ ਆਉਂਦੇ ਹਨ। ਨਿਰਵਾਣ ਤਾਂ ਪਰਮ ਸੱਚ (Absolute Truth) ਹੈ।

ਨਿਰਵਾਣ ਬੁਰਾਈ ਤੋਂ ਮੁਕਤੀ, ਤ੍ਰਿਸ਼ਨਾ, ਘ੍ਰਿਣਾ ਅਤੇ ਅਗਿਆਨਤਾ ਤੋਂ ਮੁਕਤੀ ਹੈ ਹੀ, ਸਭ ਪ੍ਰਕਾਰ ਦੇ ਦ੍ਵੈਤਵਾਦੀ, ਸਾਪੇਖਵਾਦੀ, ਸਮੇਂ ਅਤੇ ਸਥਾਨ ਦੀ ਸੀਮਾ ਤੋਂ ਵੀ ਪਰੇ ਹੈ।

ਬੁੱਧ ਨੇ ਕਈ ਥਾਵਾਂ ਤੇ ਨਿਰਵਾਣ ਨੂੰ ਹੀ ਪਰਮ ਸੱਚ ਕਿਹਾ ਹੈ। ਇਸ ਸੰਸਾਰ ਵਿਚ ਪਰਮ ਸੱਚ ਇਹੀ ਹੈ ਕਿ ਕੁਝ ਵੀ ਸਦੀਵੀ (Absolute) ਨਹੀਂ ਹੈ, ਹਰੇਕ ਵਸਤੂ ਸਾਪੇਖਿਕ, ਸੰਸਕ੍ਰਿਤ ਅਤੇ ਖਿਣਭੰਗੁਰ (ਅਸਥਾਈ) ਹੈ ਅਤੇ ਅੰਦਰ ਜਾਂ ਬਾਹਰ ਆਤਮਾ ਨਾਮ ਦੀ ਕੋਈ ਸ਼ਾਸਵਤ, ਨਿੱਤ, ਵਸਤੂ ਜਾਂ ਜੀਵ ਨਹੀਂ ਹੈ। ਇਹ ਪਰਮ ਸੱਚ ਹੈ। ਇਸ ਸੱਚ ਦੀ ਪ੍ਰਾਪਤੀ ਵਸਤੂਆਂ ਦੀ ਸੱਚਾਈ ਨੂੰ ਜਾਣਨਾ ਅਤੇ ਮੋਹ ਅਤੇ ਅਵਿਦਿਆ ਤੋਂ ਰਹਿਤ ਹੋਣਾ ਹੈ। ਇਹੀ ਤ੍ਰਿਸ਼ਨਾ ਦਾ ਅੰਤ (ਨਿਰੋਧ) ਹੈ, ਜੋ ਸਾਰੇ ਦੁੱਖਾਂ ਦਾ ਕਾਰਕ ਹੈ, ਇਹੀ ਨਿਰਵਾਣ ਹੈ।

ਦੁੱਖ ਨਿਰੋਧ ਮਾਰਗ ਆਰੀਆ ਸਤਿਅ

ਬੁੱਧ ਦੁਆਰਾ ਉਪਦੇਸ਼ਿਤ ਚੌਥਾ ਅਤੇ ਅੰਤਿਮ ਆਰੀਆ ਸਤਿਅ ਹੈ ਦੁੱਖ ਨਿਰੋਧ ਮਾਰਗ ਆਰੀਆ ਸਤਿਅ। ਇਸ ਨੂੰ ਮੱਧ ਮਾਰਗ ਵੀ ਕਿਹਾ ਗਿਆ ਹੈ। ਕਿਉਂਕਿ ਇਹ ਦੋ ਅਤੀਆ (Extremes) ਪਹਿਲਾ ਆਤਮ ਦਮਨ (ਅੱਤਕਿਲਮਥਾਨੁਯੋਗ), ਤਪੱਸਿਆ ਆਦਿ ਦੁਆਰਾ ਸਰੀਰ ਨੂੰ ਬਹੁਤ ਹੀ ਕਸ਼ਟ ਦੇਣਾ ਅਤੇ ਦੂਜਾ ਜ਼ਿਆਦਾ ਇੰਦਰੀ ਸੁੱਖ (ਕਾਮਸੁਖਲਿਕਾਨੁਯੋਗ) ਦੇ ਤਿਆਗ, ਇਹਨਾਂ ਦੋਹਾਂ ਦੇ ਵਿਚਕਾਰ ਦਾ ਮਾਰਗ ਹੈ। ਇਸ ਲਈ ਬੁੱਧ ਨੇ ਇਸਨੂੰ ਮੱਧ ਮਾਰਗ ਕਿਹਾ ਹੈ। ਇਹਨਾਂ ਦੋਹਾਂ ਅਤੀਆਂ ਵਿੱਚੋਂ ਪਹਿਲੀ ਨੂੰ ਬੁੱਧ ਨੇ ਦੁਖਦਾਈ, ਅਨਾਰੀਆ ਅਤੇ ਅਨਰਥਕਾਰੀ ਦੱਸਿਆ ਹੈ, ਜਦੋਂਕਿ ਦੂਜੇ ਨੂੰ ਹੀਣ/ਤੁੱਛ, ਪੇਂਡੂ ਅਤੇ ਆਮੋਲਕਾਂ ਦਾ ਮਾਰਗ ਦੱਸਿਆ ਹੈ। ਬੁੱਧ ਨੇ ਖੁਦ ਇਹਨਾਂ ਦੋਹਾਂ ਅਤੀਆਂ ਨੂੰ ਭੋਗਿਆ ਸੀ ਅਤੇ ਦੋਹਾਂ ਨੂੰ ਅਨਰਥਕਾਰੀ ਅਤੇ ਗਿਆਨ ਪ੍ਰਾਪਤੀ ਵਿਚ ਰੁਕਾਵਟ ਹੀ ਮਹਿਸੂਸ ਕੀਤਾ। ਇਸ ਲਈ ਬੁੱਧ ਨੇ ਪਹਿਲੇ ਉਪਦੇਸ਼ ਵਿਚ ਸਭ ਤੋਂ ਪਹਿਲਾਂ ਮੱਧ ਮਾਰਗ ਦਾ ਉਪਦੇਸ਼ ਪੰਜ-ਵਰਗੀ ਭਿਖਸ਼ੂਆਂ ਨੂੰ ਦਿੱਤਾ। ਇਸੇ ਮੱਧ-ਮਾਰਗ ਨੂੰ ਅੱਠ-ਅੰਗਾਂ ਨਾਲ ਯੁਕਤ ਹੋਣ ਕਰਕੇ ਆਰੀਆ-ਅੰਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ। ਬੁੱਧ ਦੁਆਰਾ ਮੱਧ ਮਾਰਗ ਦਾ ਉਪਦੇਸ਼ ਇਹਨਾਂ ਸ਼ਬਦਾਂ ਵਿਚ ਕੀਤਾ ਗਿਆ ਹੈ।

ਦ੍ਵੇਮੇ ਭਿੱਖਵੇ, ਅੰਤਾ ਪਬੱਜਿਤੇਨ ਨ ਸੇਵਿਤਬਾ। ਕਤਮੇ ਦ੍ਵੇ? ਯੋ ਚਾਯੰ ਕਾਮੇਸੁ ਕਾਮਸੁਖੱਲਿਕਾਨੁਯੋਗੋ ਹੀਨੋ ਗਮੋ ਪੋਥੁੱਜਨਿਕੋ ਅਨਰਿਯੋ ਅਨੱਥਸੰਹਿਤੋ, ਯੋ ਚਾਯੰ ਅੱਤਕਿਲਮਥਾਨੁਯੋਗੋ ਦੁਖੋ ਅਨਾਰਿਯੋ ਅਨੱਥਸੰਹਿਤੋ। ਯੋ ਚਾਯੰ ਅਤੱਕਿਲਮਥਾਨੁਯੋਗੋ ਦੁਖੋ ਅਨਰਿਯੋ ਅਨੱਥਸੰਹਿਤੋ।

ਏਤੇ ਖੋ, ਭਿੱਖਵੇ, ਉਭੋ ਅੰਤੇ ਅਨੁਪਗੱਮ, ਮਝਿਮਾ ਪਟਿਪਦਾ ਤਥਾਗਤੇਨ ਅਭਿਸੰਬੁੱਧਾ, ਚੱਖੁਕਰਣੀ ਞਾਣਕਰਣੀ, ਉਪਸਮਾਯ ਅਭਿੱਞਾਯ ਸੰਬੋਧਾਯ ਨਿੱਬਾਨਾਯ ਸੰਵੱਤਤਿ।

ਕਤਮਾ ਚਸਾ, ਭਿੱਖਵੇ, ਮਝਿੱਮਾ ਪਟਿਪਦਾ ਤਥਾਗਤੇਨ ਅਭਿਸੰਬੁੱਧਾ.... ਸੰਵਤੱਤਿ? ਅਯਮੇਵ ਅਰਿਓ ਅੱਠੰਗਿਕੋ ਮੱਗੋ ਸੇਯਥੀਦੰ - ਸੰਮਾਦਿੱਠਿ, ਸੰਮਾਸੰਕੱਪੋ, ਸੰਮਾਵਾਚਾ, ਸੰਮਾਕਮੰਤੇ, ਸੰਮਾਆਜੀਵੋ, ਸੰਮਾਵਾਯਾਮੋ, ਸੰਮਾਸਤਿ, ਸੰਮਾਸਮਾਧਿ।

ਹੇ ਭਿਖਸ਼ੂਓ ! ਕਿਸੇ ਵੀ ਪ੍ਰਵਰਜਿਤ (ਸੰਨਿਆਸੀ) ਨੂੰ ਦੋ ਅੰਤਾਂ (ਸੀਮਾਵਾਂ) ਦਾ ਬਹੁਤ ਜ਼ਿਆਦਾ ਭੋਗ ਨਹੀਂ ਕਰਨਾ ਚਾਹੀਦਾ। ਕਿਹੜੇ ਦੋ ? ਪਹਿਲਾ ਇਹ ਜੋ ਹੀਣ (ਮਾੜਾ) ਪੇਂਡੂ, ਮੂਰਖਾਂ ਦੁਆਰਾ ਕਰਨਯੋਗ ਅਤੇ ਅਨਾਰੀਆਂ ਲੋਕਾਂ ਦੁਆਰਾ ਭੋਗੀਆਂ ਜਾਣ ਵਾਲੀਆਂ ਕਾਮ ਵਾਸਨਾਵਾਂ ਵਿਚ ਬਹੁਤਾ ਨਾ ਖਚਿਤ ਹੋਣਾ (ਕਾਮਸੁਖੱਲਿਕ ਅਨੁਯੋਗ) ਦੂਜਾ ਇਹ ਕਿ ਜੋ ਦੁਖਮਈ, ਆਪਣੇ ਲਈ ਕਸ਼ਟਮਈ, ਮੂਰਖਾਂ ਦੁਆਰਾ ਹੀ ਕਰਨਯੋਗ, ਅਨਾਰੀਆਂ ਲੋਕਾਂ ਦੁਆਰਾ ਭੋਗੇ ਜਾਣ ਵਾਲੇ ਅਤੇ ਅਨਰਥਕਾਰੀ ਕਠਿਨ ਤਪੱਸਿਆਵਾਂ ਵਿਚ ਲੱਗੇ ਰਹਿਣਾ (ਅੰਤਕਿਲਮਥਾਨੁਯੋਗ) ਇਹਨਾਂ ਦੋਹਾਂ ਹੀ ਪ੍ਰਕਾਰ ਦੀਆਂ ਅਤੀਆਂ ਦੀ ਉਪੇਖਿਆ ਕਰਕੇ ਤਥਾਗਤ ਨੇ ਮੱਧ-ਮਾਰਗ ਦੀ ਖੋਜ ਕੀਤੀ ਹੈ ਜੋ ਕਿ ਅੱਖਾਂ ਖੋਲਣ ਵਾਲਾ ਅਤੇ ਵਿਸ਼ੇਸ਼ ਗਿਆਨ ਪ੍ਰਦਾਨ ਕਰਨ ਵਾਲਾ ਹੈ; ਸ਼ਾਂਤੀ, ਗਿਆਨ, ਬੁੱਧਤਵ ਅਤੇ ਨਿਰਵਾਣ ਵੱਲ ਲੈ ਜਾਣ ਵਾਲਾ ਹੈ।

ਉਹ ਮੱਧ-ਮਾਰਗ.... ਕਿਹੜਾ ਹੈ? ਇਹ ਆਰੀਆ ਅਸ਼ਟਾਂਗਿਕ ਮਾਰਗ; ਜਿਵੇਂ ਸੰਮਿਅਕ ਦ੍ਰਿਸ਼ਟੀ, ਸੰਮਿਅਕ ਸੰਕਲਪ, ਸੰਮਿਅਕ ਵਚਨ, ਸੰਮਿਅਕ ਕਰਮਾਂਤ, ਸੰਮਿਅਕ ਅਜੀਵੀਕਾ, ਸੰਮਿਅਕ ਵਿਆਯਾਮ, ਸੰਮਿਅਕ ਸਿਮਰਤੀ ਅਤੇ ਸੰਮਿਅਕ ਸਮਾਧੀ।

ਆਰੀਆ ਅਸ਼ਟਾਂਗ ਮਾਰਗ (ਅਰਿਯੋ ਅੱਠੰਗਿਕੋ ਮੱਗੋ)

ਬੁੱਧ ਦੁਆਰਾ ਉਪਦੇਸ਼ਿਤ ਆਰੀਆ ਅਸ਼ਟਾਂਗ ਮਾਰਗ ਹੈ :

1. ਸੰਮਿਅਕ ਦ੍ਰਿਸ਼ਟੀ (ਸੰਮਾਦਿੱਠਿ) **(Right Understanding)**
2. ਸੰਮਿਅਕ ਸੰਕਲਪ (ਸੰਮਾਸੰਕਲਪੋ) **(Right Thought)**
3. ਸੰਮਿਅਕ ਵਚਨ (ਸੰਮਾਵਾਚਾ) **(Right Speech)**
4. ਸੰਮਿਅਕ ਕਰਮਾਂਤ (ਸੰਮਾਕੰਮੰਤੋ) **(Right Action)**
5. ਸੰਮਿਅਕ ਆਜੀਵਿਕਾ (ਸੰਮਾਆਜੀਵੋ) **(Right Livelihood)**
6. ਸੰਮਿਅਕ ਵਿਆਯਾਮ (ਸੰਮਾਵਾਯਾਮੋ) **(Right Effort)**
7. ਸੰਮਿਅਕ ਸਿਮਰਤੀ (ਸੰਮਾਸਤਿ) **(Right Mindfulness)**
8. ਸੰਮਿਅਕ ਸਮਾਧੀ (ਸੰਮਾਸਮਾਧਿ) **(Right Concentration)**

ਇਹਨਾਂ ਵਿੱਚੋਂ ਪਹਿਲੇ ਦੋ ਨੂੰ ਪ੍ਰਗਿਆ (ਪਾਲਿ ਪੱਞਾ, ਅੰਗਰੇਜ਼ੀ Wisdom), ਅਗਲੇ ਤਿੰਨ ਨੂੰ (ਪਾਲਿ ਸ਼ੀਲ, ਅੰਗਰੇਜ਼ੀ Morality) ਅਤੇ ਆਖਰੀ ਤਿੰਨਾਂ ਨੂੰ ਸਮਾਧੀ (ਪਾਲਿ ਸਮਾਧਿ, ਅੰਗਰੇਜ਼ੀ Concentration) ਦੇ ਅੰਤਰਗਤ ਰਖਿਆ ਗਿਆ ਹੈ। ਭਾਵਨਾ ਜਾਂ ਵਿਕਾਸ ਦੀ ਦ੍ਰਿਸ਼ਟੀ ਤੋਂ ਇਹਨਾਂ ਨੂੰ ਸ਼ੀਲ, ਸਮਾਧੀ ਅਤੇ ਪ੍ਰਗਿਆ ਦੇ ਕ੍ਰਮ ਵਿਚ ਰਖਿਆ ਗਿਆ ਹੈ, ਕਿਉਂਕਿ ਨਿਰਵਾਣ ਦਾ ਇੱਛੁਕ ਵਿਅਕਤੀ ਸਭ ਤੋਂ ਪਹਿਲਾਂ ਸ਼ੀਲ ਦਾ ਅਭਿਆਸ ਅਤੇ ਪਾਲਣ ਕਰਦਾ ਹੈ। ਸ਼ੀਲ ਵਿਚ ਪੂਰੀ ਤਰ੍ਹਾਂ ਪੱਕਾ ਹੋਣ ਤੇ ਉਸਦਾ ਚਿਤ/ਮਨ ਸਮਾਧੀ

ਵੱਲ ਵਧਦਾ ਹੈ ਅਤੇ ਸਮਾਧੀ ਦੀ ਚਰਮ ਅਵਸਥਾ ਵਿਚ ਉਸਨੂੰ ਪ੍ਰਗਿਆ ਰੂਪੀ ਨੇਤਰਾਂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਲ ਉਸ ਨੂੰ ਸੰਸਾਰਿਕ ਵਸਤੂਆਂ/ਜੀਵਾਂ ਦੇ ਵਾਸਤਵਿਕ ਸਰੂਪ ਦਾ ਗਿਆਨ ਹੁੰਦਾ ਹੈ ਅਤੇ ਉਹ ਨਿਰਵਾਣ ਨੂੰ ਪ੍ਰਾਪਤ ਹੁੰਦਾ ਹੈ।

1. ਸੰਮਿਅਕ ਦ੍ਰਿਸ਼ਟੀ (Right Understanding) : ਆਪਣੇ ਆਪ ਨੂੰ ਯਥਾਰਥ ਰੂਪ ਵਿਚ ਜਾਣਨਾ ਹੀ ਸੰਮਿਅਕ ਦ੍ਰਿਸ਼ਟੀ ਹੈ। ਠੀਕ ਦ੍ਰਿਸ਼ਟੀ ਤੋਂ ਭਾਵ ਵਸਤੂ ਜਗਤ ਦੀ ਯਥਾਰਥ (ਠੀਕ) ਸਥਿਤੀ ਦਾ ਬੋਧ ਹੋ ਜਾਣਾ ਅਤੇ ਉਹ ਹੈ ਚਾਰ ਆਰੀਆ ਸਤਿਆਂ ਦਾ ਗਿਆਨ। ਕਿਉਂਕਿ ਆਰੀਆ ਸਤਿਆ ਹੀ ਵਸਤੂ ਜਗਤ ਦੀ ਸੱਚਾਈ ਦਾ ਬੋਧ ਕਰਦਾ ਹੈ। ਇਸ ਲਈ ਸੰਖੇਪ ਵਿਚ ਚਾਰ ਆਰੀਆ ਸਤਿਆਂ ਦਾ ਗਿਆਨ ਹੀ ਸੰਮਿਅਕ ਦ੍ਰਿਸ਼ਟੀ ਹੈ।

2. ਸੰਮਿਅਕ ਸੰਕਲਪ (Right Thought) :ਨਾਰਦ ਮਹਾਥੇਰ ਨੇ ਸੰਮਿਅਕ ਸੰਕਲਪ ਨੂੰ 'Right Resolutions' ਜਾਂ 'Right Aspiration' ਦੇ ਰੂਪ ਵਿਚ ਵਿਦਵਾਨਾਂ ਦੁਆਰਾ ਅਨੁਵਾਦ ਕੀਤਾ ਜਾਣਾ ਠੀਕ ਨਹੀਂ ਮੰਨਿਆ ਕਿਉਂਕਿ ਇਹ ਦੋਵੇਂ ਹੀ ਅਨੁਵਾਦ ਸੰਮਿਅਕ ਸੰਕਲਪ ਦੇ ਅਸਲੀ ਅਰਥਾਂ ਨੂੰ ਉਜਾਗਰ ਨਹੀਂ ਕਰ ਪਾਉਂਦੇ। ਉਹਨਾਂ ਨੇ Right Thought ਨੂੰ ਇਸਦਾ ਸਭ ਤੋਂ ਨੇੜਲਾ ਅਤੇ ਸਹੀ ਅਨੁਵਾਦ ਦੱਸਿਆ ਹੈ।

ਸੰਮਿਅਕ ਸੰਕਲਪ ਦੁਆਰਾ ਦੋ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ : (1) ਇਹ ਬੁਰੇ ਵਿਚਾਰਾਂ ਨੂੰ ਖਤਮ ਕਰਦਾ ਹੈ ਅਤੇ (2) ਚੰਗੇ ਵਿਚਾਰਾਂ ਨੂੰ ਪੈਦਾ ਕਰਦਾ ਹੈ। ਇਸ ਸੰਦਰਭ ਵਿਚ ਸੰਮਿਅਕ ਸੰਕਲਪ ਤੋਂ ਤਿੰਨ ਅਰਥ ਹਨ :

(*i*) **ਨੇਖੱਮ** : ਸੰਸਾਰਕ ਸੁੱਖਾਂ ਦਾ ਤਿਆਗ, ਜੋ ਆਸਕਤੀ, ਸਵਾਰਥ ਅਤੇ ਲਾਲਚ ਤੋਂ ਵਿਪਰੀਤ ਹੈ।

(*ii*) **ਅਵਯਾਪਾਦ** (ਮਿਤਰਤਾ Loving Kindness) : ਚੰਗੇ ਵਿਚਾਰ ਜਾਂ ਪਰਉਪਕਾਰ ਜੋ ਘਿਰਣਾ, ਦੁਰਵਿਚਾਰ ਜਾਂ ਘ੍ਰਿਣਾ ਦੇ ਵਿਪਰੀਤ ਹਨ।

(*iii*) **ਅਵਿਹਿੰਸਾ** : ਹਿੰਸਾ ਨਾ ਕਰਨਾ, ਕਰੁਣਾ ਦਾ ਭਾਵ ਰਖਣਾ, ਜੋ ਕਰੂਰਤਾ ਅਤੇ ਕਠੋਰਤਾ ਦੇ ਵਿਪਰੀਤ ਹੈ।

ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਨੈਸ਼ਕਰਮ (ਨੇਖੱਮ), ਅਵਯਾਪਾਦ ਅਤੇ ਅਵਿਹਿੰਸਾ ਨੂੰ ਪ੍ਰਗਿਆ ਦੇ ਤਹਿਤ ਸਮਾਹਿਤ ਕੀਤਾ, ਜੋ ਇਹ ਦੱਸਦਾ ਹੈ ਕਿ ਹਰ ਪ੍ਰਕਾਰ ਦੀਆਂ ਸੁਆਰਥ ਭਰਪੂਰ ਇੱਛਾਵਾਂ ਦੁਖ, ਹਿੰਸਾ ਅਤੇ ਅਗਿਆਨਤਾ ਦਾ ਹੀ ਨਤੀਜਾ ਹਨ।

3. ਸੰਮਿਅਕ ਵਚਨ (Right Speech) : ਸੰਮਿਅਕ ਵਚਨ ਦੇ ਤਹਿਤ ਚਾਰ ਪ੍ਰਕਾਰ ਦੇ ਦੁਰਵਚਨਾਂ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਇਹ ਹਨ : ਝੂਠ ਬੋਲਣਾ, ਚੁਗਲੀ ਕਰਨਾ, ਕਠੋਰ ਸ਼ਬਦ ਬੋਲਣਾ ਅਤੇ ਬਕਵਾਸ ਜਾਂ ਫਜ਼ੂਲ ਦੀਆਂ ਗੱਲਾਂ ਕਰਨਾ। ਇਸ ਪ੍ਰਕਾਰ ਜੇਕਰ ਮਨੁੱਖ ਇਹਨਾਂ ਚਾਰ ਪ੍ਰਕਾਰ ਦੀਆਂ ਗਲਤ ਅਤੇ ਹਾਨੀਕਾਰਕ ਗੱਲਾਂ ਤੋਂ ਬਚਦਾ ਹੈ ਤਾਂ ਇਹਨਾਂ ਤੋਂ ਬਿਨ੍ਹਾਂ ਜੋ ਕੁਝ ਵੀ ਬੋਲੇਗਾ ਉਹ ਸੱਚ ਅਤੇ ਮਿੱਠਾ ਹੀ ਬੋਲੇਗਾ।

4. ਸੰਮਿਅਕ ਕਰਮ (Right Action) : ਹੱਤਿਆ, ਚੋਰੀ ਅਤੇ ਵਿਭਚਾਰ ਵਰਗੇ ਮਾੜੇ ਕਰਮਾਂ ਨੂੰ ਨਾ ਕਰਨਾ ਹੀ ਸੰਮਿਅਕ ਕਰਮ ਹੈ। ਇਹ ਸਭ ਮਾੜੇ ਕਰਮ ਤ੍ਰਿਸ਼ਨਾ (ਲੋਭ),

ਕ੍ਰੋਧ ਅਤੇ ਮੋਹ ਅਗਿਆਨਤਾਵਸ ਹੀ ਉਤਪੰਨ ਹੁੰਦੇ ਹਨ। ਸੰਮਿਅਕ ਕਰਮ ਦਾ ਉਦੇਸ਼ ਨੈਤਿਕ, ਆਦਰ ਪੂਰਨ ਅਤੇ ਸ਼ਾਂਤੀਪੂਰਨ ਅਚਾਰ-ਵਿਹਾਰ ਨੂੰ ਉਤਸ਼ਾਹਿਤ ਕਰਨਾ ਹੈ।

5. **ਸੰਮਿਅਕ ਆਜੀਵਿਕਾ** (Right Livelihood) : ਗ੍ਰਹਿਸਥ, ਉਪਾਸਕਾਂ ਨੂੰ ਹੇਠਾਂ ਦਿੱਤੇ ਪੰਜ ਪ੍ਰਕਾਰ ਦੇ ਆਜੀਵਿਕਾ ਦੇ ਗਲਤ ਸਾਧਨਾਂ ਤੋਂ ਬਚਣ ਨੂੰ ਸੰਮਿਅਕ ਆਜੀਵਿਕਾ ਕਿਹਾ ਗਿਆ ਹੈ। ਇਹ ਹਨ :

(*i*) ਸੱਥਵਣਿੱਜਾ (Trading in Arms)

(*ii*) ਸੱਤਵਣਿੱਜਾ (Trading in Human Beings)

(*iii*) ਮਸੱਵਣਿੱਜਾ (Trading in Flesh), breeding animals for slaughter.

(*iv*) ਮੱਜਵਣਿੱਜਾ (Trading in Intoxicating Drinks)

(*v*) ਵਿਸਵਣਿੱਜਾ (Trading in Poison)

ਇਸ ਪ੍ਰਕਾਰ ਸੰਮਿਅਕ ਆਜੀਵਿਕਾ ਦੇ ਤਹਿਤ ਵਿਅਕਤੀ ਦੀ ਆਪਣੀ ਜੀਵਿਕਾ ਦਾ ਸਾਧਨ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਹੋਰ ਨੂੰ ਨੁਕਸਾਨ ਨਾ ਪਹੁਚਾਵੇ ਅਤੇ ਉਹ ਸਾਧਨ ਆਦਰਪੂਰਨ, ਨਿਰਦੋਸ਼ ਅਤੇ ਦੂਜੇ ਦਾ ਖਿਆਲ ਰੱਖਣ ਵਾਲਾ ਹੋਣਾ ਚਾਹੀਦਾ ਹੈ।

6. **ਸੰਮਿਅਕ ਵਿਆਯਾਮ (ਯਤਨ)** (Right Effort) : ਇਸਦੇ ਤਹਿਤ ਚਾਰ ਪ੍ਰਕਾਰ ਦੇ ਮਾਨਸਿਕ ਵਿਆਯਾਮ ਦੱਸੇ ਗਏ ਹਨ :

(*i*) ਉਹਨਾਂ ਬੁਰਾਈਆਂ ਨੂੰ ਦੂਰ ਕਰਨ ਦਾ ਯਤਨ ਕਰਨਾ, ਜੋ ਮਨੁੱਖ ਦੇ ਅੰਦਰ ਪੈਦਾ ਹੋ ਚੁੱਕੀਆਂ ਹਨ।

(*ii*) ਉਹਨਾਂ ਬੁਰਾਈਆਂ ਨੂੰ ਪੈਦਾ ਨਾ ਹੋਣ ਦੇਣ ਦਾ ਯਤਨ ਕਰਨਾ ਜੋ ਮਨੁੱਖ ਵਿਚ ਪੈਦਾ ਨਹੀਂ ਹੋਈਆਂ।

(*iii*) ਉਹਨਾਂ ਚੰਗਿਆਈਆਂ ਨੂੰ ਪੈਦਾ ਕਰਨ ਦਾ ਯਤਨ ਕਰਨਾ, ਜਿਹੜੀਆਂ ਅਜੇ ਪੈਦਾ ਨਹੀਂ ਹੋਈਆਂ ਅਤੇ

(*iv*) ਉਹਨਾਂ ਚੰਗਿਆਈਆਂ ਨੂੰ ਹੋਰ ਜਿਆਦਾ ਵਧਾਉਣ ਦਾ ਯਤਨ ਕਰਨਾ ਜੋ ਮਨੁੱਖ ਦੇ ਅੰਦਰ ਪਹਿਲਾਂ ਤੋਂ ਹੀ ਮੌਜੂਦ ਹਨ।

ਇਸ ਤਰ੍ਹਾਂ ਪੈਦਾ ਹੋਈਆਂ ਮਾੜੀਆਂ ਭਾਵਨਾਵਾਂ/ਵਿਚਾਰਾਂ ਦਾ ਪ੍ਰਤਿਕਾਰ, ਅਨਉਤਪੰਨ ਮਾੜੀਆਂ ਭਾਵਨਾਵਾਂ/ਵਿਚਾਰਾਂ ਨੂੰ ਪੈਦਾ ਨਾ ਹੋਣ ਦਾ ਯਤਨ, ਚੰਗੀਆਂ ਭਾਵਨਾਵਾਂ ਦਾ ਉਤਪਾਦਨ ਅਤੇ ਪੈਦਾ ਹੋਈਆਂ ਚੰਗੀਆਂ ਭਾਵਨਾਵਾਂ ਨੂੰ ਕਾਇਮ ਰੱਖਣਾ ਹੀ ਸੰਮਿਅਕ ਵਿਆਯਾਮ ਹੈ।

7. **ਸੰਮਿਅਕ ਸਿਮਰਤੀ** (Right Mindfulness) : ਇਸ ਦੇ ਤਹਿਤ ਚਾਰ ਪ੍ਰਕਾਰ ਦੀ ਸਿਮਰਤੀ ਬਣਾਈ ਰਖਣ ਦੀ ਗੱਲ ਕਹੀ ਗਈ ਹੈ : (1) ਸਰੀਰ ਦੇ ਪ੍ਰਤਿ ਜਾਗਰੂਕ ਰਹਿਣਾ (ਕਾਇਆਨੁਪੱਸੰਨਾ), (2) ਹਰ ਪ੍ਰਕਾਰ ਦੀਆਂ ਅਨੁਭੂਤੀਆਂ ਦੇ ਪ੍ਰਤੀ ਜਾਗਰੂਕ ਰਹਿਣਾ (ਵੇਦਨਾਨੁਪੱਸੰਨਾ), (3) ਸਭ ਪ੍ਰਕਾਰ ਦੇ ਵਿਚਾਰਾਂ ਦੇ ਪ੍ਰਤਿ ਜਾਗਰੂਕ ਬਣੇ ਰਹਿਣਾ (ਚਿੱਤਾਨੁਪੱਸੰਨਾ) ਅਤੇ (4) ਮਨ ਨਾਲ ਸੰਬੰਧਤ ਧਰਮਾਂ ਦੇ ਪ੍ਰਤੀ ਜਾਗਰੂਕ ਰਹਿਣਾ

(ਧੱਮਾਨੁਪੱਸੰਨਾ)

ਵੇਦਨਾਵਾਂ ਦੇ ਪ੍ਰਤਿ ਜਾਗਰੂਕ ਰਹਿਣ ਤੋਂ ਅਰਥ ਹੈ ਕਿ ਵਿਅਕਤੀ ਨੂੰ ਸਭ ਪ੍ਰਕਾਰ ਦੀਆਂ ਵੇਦਾਵਾਂ ਅਤੇ ਅਨੁਭੂਤੀਆਂ - ਸੁਖਵੇਦਨਾ, ਦੁਖਵੇਦਨਾ ਅਤੇ ਉਪੇਖਿਆ ਵੇਦਨਾ ਦੇ ਪ੍ਰਤਿ ਜਾਗਰੂਕ ਰਹਿਣਾ ਹੈ। ਨਾਲ ਹੀ ਇਸ ਗੱਲ ਦਾ ਵੀ ਧਿਆਨ ਬਣਾਈ ਰਖਣਾ ਹੈ ਕਿ ਇਹ ਸਾਰੀਆਂ ਵੇਦਨਾਵਾਂ ਵਿਅਕਤੀ ਵਿਚ ਕਿਵੇਂ ਪੈਦਾ ਅਤੇ ਕਿਵੇਂ ਅਲੋਪ ਹੁੰਦੀਆਂ ਹਨ। ਹਰ ਪ੍ਰਕਾਰ ਦੇ ਵਿਚਾਰਾਂ ਲੋਭ, ਮੋਹ ਅਤੇ ਦ੍ਵੇਖ ਯੁਕਤ ਜਾਂ ਮੁਕਤ ਵਿਚਾਰ ਜਾਂ ਚਿੱਤ ਦੀ ਅਨੁਭੂਤੀ ਅਤੇ ਭਾਵਨਾਯੁਕਤ ਜਾਂ ਭਾਵਨਾਰਹਿਤ ਚਿੱਤ ਦੀ ਅਨੁਭੂਤੀ ਦੇ ਨਾਲ-ਨਾਲ ਇਹ ਮਨ (ਚਿੱਤ) ਵਿਚ ਕਿਵੇਂ ਪੈਦਾ ਜਾਂ ਨਸ਼ਟ ਹੁੰਦੇ ਹਨ, ਦਾ ਵੀ ਧਿਆਨ ਰੱਖਣਾ ਚਿੱਤਾਨੁਪੱਸੰਨਾ ਹੈ। ਕਹਿਣ ਦਾ ਭਾਵ ਹੈ ਕਿ ਚਿੱਤ ਦੀ ਹਰੇਕ ਚਾਲ ਦਾ ਧਿਆਨ ਰੱਖਣਾ ਚਿੱਤਾਨੁਪੱਸੰਨਾ ਹੈ।

ਮਨ ਦੇ ਵਿਚਾਰ, ਸੋਚ, ਕਲਪਨਾਵਾਂ ਅਤੇ ਵਸਤਾਂ ਦੇ ਸੁਭਾਅ ਨੂੰ ਜਾਣਨਾ, ਉਹ ਕਿਵੇਂ ਪੈਦਾ ਅਤੇ ਕਿਵੇਂ ਨਸ਼ਟ ਹੁੰਦੀਆਂ ਹਨ, ਉਹ ਕਿਵੇਂ ਵਿਕਸਿਤ ਹੁੰਦੀਆਂ ਹਨ, ਕਿਵੇਂ ਉਹਨਾਂ ਨੂੰ ਦਬਾਇਆ ਅਤੇ ਨਸ਼ਟ ਕੀਤਾ ਜਾ ਸਕਦਾ ਹੈ, ਆਦਿ ਨੂੰ ਜਾਣਨਾ ਧੱਮਾਨੁਪੱਸੰਨਾ ਹੈ।

8. **ਸੰਮਿਅਕ ਸਮਾਧੀ** (Right Concentration) : ਕੁਸ਼ਲ ਚਿੱਤ ਦੀ ਇਕਾਗਰਤਾ ਸੰਮਿਅਕ ਸਮਾਧੀ ਅਖਵਾਉਂਦੀ ਹੈ। ਇਸ ਦੇ ਤਹਿਤ ਚਾਰ ਪ੍ਰਕਾਰ ਦੇ ਧਿਆਨ ਸਮੋਏ ਹਨ। ਧਿਆਨ ਦੀ ਪਹਿਲੀ ਅਵਸਥਾ ਵਿਚ ਤ੍ਰਿਸ਼ਨਾ ਅਤੇ ਕੁਝ ਬੁਰੇ ਵਿਚਾਰ, ਜਿਵੇਂ - ਕਾਮ ਵਾਸਨਾ, ਦ੍ਵੇਖ, ਚਿੰਤਾ, ਮਾਨਸਿਕ ਅਸ਼ਾਂਤੀ ਅਤੇ ਸ਼ੱਕ ਹੁੰਦੇ ਹਨ ਅਤੇ ਪ੍ਰਸੰਨਤਾ ਅਤੇ ਸੁੱਖ ਦੀ ਸਥਿਤੀ ਦੇ ਨਾਲ-ਨਾਲ ਕੁਝ ਮਾਨਸਿਕ ਕ੍ਰਿਆਵਾਂ ਵੀ ਬਰਕਰਾਰ ਰਹਿੰਦੀਆਂ ਹਨ। ਧਿਆਨ ਦੀ ਦੂਜੀ ਅਵਸਥਾ ਵਿਚ ਸਾਰੀਆਂ ਬੋਧਿਕ (Intellectual) ਕ੍ਰਿਆਵਾਂ ਸ਼ਾਂਤ ਹੋ ਜਾਂਦੀਆਂ ਹਨ, ਮਾਨਸਿਕ ਸ਼ਾਂਤੀ ਅਤੇ ਮਨ ਦੀ ਇਕਾਗਰਤਾ ਵਿਕਸਿਤ ਹੁੰਦੀ ਹੈ ਅਤੇ ਪ੍ਰਸੰਨਤਾ ਅਤੇ ਸੁੱਖ ਦੀ ਸਥਿਤੀ ਬਰਕਰਾਰ ਰਹਿੰਦੀ ਹੈ। ਧਿਆਨ ਦੀ ਤੀਜੀ ਅਵਸਥਾ ਵਿਚ ਪ੍ਰਸੰਨਤਾ ਦੀ ਅਨੁਭੂਤੀ ਵੀ ਅਲੋਪ ਹੋ ਜਾਂਦੀ ਹੈ, ਜਦਕਿ ਅਨੰਦ ਦੀ ਸਥਿਤੀ (disposition of happiness) ਅਜੇ ਵੀ ਬਰਕਰਾਰ ਰਹਿੰਦੀ ਹੈ। ਇਸ ਤੋਂ ਇਲਾਵਾ ਚੇਤਨਾਯੁਕਤ ਸਮਭਾਵ (mindful equanimity) ਵੀ ਮੌਜੂਦ ਰਹਿੰਦੀ ਹੈ। ਧਿਆਨ ਦੀ ਚੋਥੀ ਅਤੇ ਅੰਤਮ ਅਵਸਥਾ ਵਿਚ ਸਭ ਪ੍ਰਕਾਰ ਦੀਆਂ ਅਨੁਭੂਤੀਆਂ ਇੱਥੋਂ ਤਕ ਕਿ ਸੁੱਖ ਅਤੇ ਦੁੱਖ, ਖ਼ੁਸ਼ੀ ਅਤੇ ਗ਼ਮੀ, ਸਭ ਅਲੋਪ ਹੋ ਜਾਂਦੇ ਹਨ, ਕੇਵਲ ਪੂਰਨ ਸ਼ਾਂਤੀ (equanimity) ਅਤੇ ਜਾਗਰੂਕਤਾ ਦੀ ਸਥਿਤੀ ਮੌਜੂਦ ਹੁੰਦੀ ਹੈ।

ਆਰੀਆ ਅਸ਼ਟਾਂਗ ਮਾਰਗ ਦੇ ਉਪਰੋਕਤ ਵਿਵੇਚਨ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਮਹਿਜ ਇਕ ਸਤਿ ਮਾਰਗ ਹੈ, ਜਿਸ ਤੇ ਹਰੇਕ ਵਿਅਕਤੀ ਚਲ ਸਕਦਾ ਹੈ। ਇਹ ਇਕ ਆਤਮ ਸੰਜਮ ਦਾ ਮਾਰਗ ਹੈ, ਜੋ ਮਨੁੱਖ ਦੀ ਸਰੀਰਕ, ਵਾਚਸਿਕ (ਵਿਚਾਰਕ) ਅਤੇ ਮਾਨਸਿਕ ਕ੍ਰਿਆਵਾਂ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਆਤਮ ਵਿਕਾਸ ਅਤੇ ਆਤਮ ਸ਼ੁੱਧੀ ਦਾ ਮਾਰਗ ਪੱਕਾ ਕਰਦਾ ਹੈ ਅਤੇ ਅੰਤ ਨਿਰਵਾਣ ਨੂੰ ਪ੍ਰਾਪਤ ਹੁੰਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਹਾਲਾਂਕਿ ਬੁੱਧ ਦੇ ਜਨਮ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਪਾਏ ਜਾਂਦੇ ਹਨ, ਫੇਰ ਵੀ ਵਧੇਰੇ ਪ੍ਰਚਲਿਤ ਸਾਲ ਹੈ 632 ਈ. ਪੂਰਵ ਵਿਸਾਖ ਦੀ ਪੂਰਨਮਾਸੀ। ਇਸਾਈ ਕੈਲੰਡਰ ਦੇ ਵਾਂਗ ਹੀ ਬੁੱਧ ਕੈਲੰਡਰ ਦੀ ਗਿਣਤੀ ਵੀ ਬੁੱਧ ਦੇ ਮਹਾਪਰਿਨਿਰਵਾਣ (ਮੌਤ) ਸਾਲ 543 ਈ. ਪੂਰਵ ਤੋਂ ਕੀਤੀ ਜਾਂਦੀ ਹੈ ਨਾ ਕਿ ਜਨਮ ਦੇ ਵਰ੍ਹੇ ਤੋਂ।
2. ਇੱਥੇ ਮੋਰੀਆ ਸਮਰਾਟ ਅਸ਼ੋਕ ਦੁਆਰਾ ਤੀਜੀ ਸਦੀ ਈ. ਪੂਰਵ ਵਿਚ ਬੁੱਧ ਦੇ ਜਨਮ ਦੀ ਯਾਦਗਾਰ ਵਿਚ ਇਕ ਸਤੰਭ (ਖੰਭਾ) ਬਣਵਾਇਆ, ਜਿਸ ਤੇ 'ਹਿਦ ਬੁੱਧੇ ਜਾਤੇ' (ਬੁੱਧ ਇੱਥੇ ਪੈਦਾ ਹੋਏ) ਉਕਰਿਆ ਹੈ।
3. ਸਿਧਾਰਥ, ਗੌਤਮ ਗੋਤਰ ਅਤੇ ਸ਼ਾਕਯ ਕੁਲ ਵਿਚ ਪੈਦਾ ਹੋਏ ਸਨ; ਸ਼ਾਕਯਾਂ ਵੀ ਉਤਪਤੀ ਦੇ ਸੰਬੰਧ ਵਿਚ ਪਾਲੀ ਗ੍ਰੰਥਾਂ ਵਿਚ ਇਕ ਬੜੀ ਰੋਚਕ ਕਹਾਣੀ ਹੈ। ਇਸ ਅਨੁਸਾਰ ਮਹਾਸੰਮਤ ਕੁਲ ਦੇ ਰਾਜਾ ਔਕਾਕ ਦੇ ਪੁੱਤਰਾਂ ਨੂੰ ਮਤਰੇਈ ਮਾਂ ਦੀ ਸਾਜਿਸ਼ ਕਰਕੇ ਦੇਸ਼ ਨਿਕਾਲੇ ਦੀ ਸਜਾ ਮਿਲੀ। ਦੇਸ਼ ਤੋਂ ਕੱਢੇ ਇਹ ਰਾਜ ਕੁਮਾਰ ਘੁੰਮਦੇ-ਫਿਰਦੇ ਹਿਮਾਲਯ ਦੀ ਤਰਾਈ ਵਿਚ ਪਹੁੰਚੇ। ਇੱਥੇ ਇਹਨਾਂ ਦੀ ਮੁਲਾਕਾਤ ਕਪਿਲ ਨਾਮੀ ਰਿਸ਼ੀ ਨਾਲ ਹੋਈ, ਜਿਸ ਦੀ ਸਲਾਹ ਅਤੇ ਨਾਂ ਤੇ ਉਹਨਾਂ ਦੇ ਨਿਵਾਸ ਸਥਾਨ ਤੇ ਹੀ ਕਪਿਲਵਸਤੂ ਨਾਮੀ ਨਗਰ ਦੀ ਸਥਾਪਨਾ ਕੀਤੀ। ਰਾਜਾ ਔਕਾਕ ਨੂੰ ਜਦੋਂ ਰਾਜ ਕੁਮਾਰਾਂ ਦੁਆਰਾ ਕੀਤੇ ਗਏ ਕੰਮ ਦਾ ਪਤਾ ਲੱਗਾ ਤਾਂ ਉਹਨਾਂ ਦੇ ਮੂੰਹੋਂ ਇਹ ਉਦਾਨ ਨਿਕਲਿਆ - 'ਸਕਯਾਵਤ ਭੀ ਰਾਜਕੁਮਾਰਾਂ ਅਰਥਾਤ ਇਹ ਰਾਜਕੁਮਾਰ ਸਚਮੁਚ ਹੀ ਸਮਰਥਾਵਾਨ ਹਨ। ਉਦੋਂ ਤੋਂ ਉਸ ਕੁਲ ਅਤੇ ਰਾਜ, ਜਿਸਨੂੰ ਉਹਨਾਂ ਨੇ ਸਥਾਪਿਤ ਕੀਤਾ ਸੀ, ਸ਼ਾਕਯ ਨਾਂ ਨਾਲ ਜਾਣਿਆ ਜਾਣ ਲੱਗਾ।
4. ਗ੍ਰਹਿ ਤਿਆਗ ਦੀ ਘਟਨਾ ਦਾ ਅਜਿਹਾ ਵਰਣਨ ਜਾਤਕ ਅੱਟਕਥਾ (ਨਿਦਾਨ ਵਿਚ ਦਿੱਤੇ ਵਰਣਨ ਤੇ ਆਧਾਰਿਤ ਹੈ। ਪਰੰਤੂ ਮੱਝਿਮ ਨਿਕਾਇ ਦੇ ਬੋਧਿਰਾਜਕੁਮਾਰ ਸੁੱਤ (ਮੱਝਿਮਨਿਕਾਯੋ, ਭਾਗ-II, ਨਾਲੰਦਾ ਸੰਸਕਰਣ, ਪੰਨਾ 319) ਵਿਚ ਕੀਤੇ ਵਰਣਨ ਤੋਂ ਸਪਸ਼ਟ ਹੁੰਦਾ ਹੈ ਕਿ ਸਿਧਾਰਥ ਨੇ ਰਾਤ ਦੀ ਬਜਾਇ ਦਿਨੇ ਹੀ ਮਾਤਾ-ਪਿਤਾ ਦੇ ਸਾਹਮਣੇ ਗ੍ਰਹਿ ਤਿਆਗ ਕੀਤਾ ਸੀ। ਉੱਥੇ ਗ੍ਰਹਿ ਤਿਆਗ ਦੀ ਘਟਨਾ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਹੋਇਆ ਹੈ : ''ਇਸ ਲਈ ਰਾਜਕੁਮਾਰ ! ਮੈਂ ਉਸ ਸਮੇਂ ਨੌਜੁਆਨ ਹੀ ਬਹੁਤ ਕਾਲੇ ਕਾਲੇ ਕੇਸ਼ਾਂ ਵਾਲਾ, ਸੋਹਣਾ ਜੁਆਨੀ ਦੀ ਪਹਿਲੀ ਦਹਿਲੀਜ਼ ਵਿਚ ਮਾਤਾ-ਪਿਤਾ ਦੀ ਇੱਛਾ ਦੇ ਖਿਲਾਫ਼ ਉਹਨਾਂ ਦੀਆਂ ਅਥਰੂ ਭਰੀਆਂ ਅੱਖਾਂ ਨਾਲ ਰੋਂਦਿਆਂ ਛੱਡ ਘਰੋਂ ਬੇਘਰ ਹੋ ਕੇ ਪ੍ਰਵਰਜਿਤ ਹੋਇਆ।''
5. ਬੁੱਧ ਨੂੰ ਤਥਾਗਤ ਵੀ ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ - ਜਿਸਨੇ ਆਪਣੇ ਉਦੇਸ਼ (ਨਿਰਵਾਣ) ਨੂੰ ਪ੍ਰਾਪਤ ਕਰ ਲਿਆ ਹੈ। (Gone Unto That)
6. ਮੱਝਿਮ ਨਿਕਾਇ, ਮਹਾਦੁੱਖਖੰਸੁੱਤ PTS p-90
7. ਮੱਝਿਮ ਨਿਕਾਇ, Vol.I, p.85 ff.
8. Vism, PTS p. 499.
9. S-II, PTS, p. 100.
10. M-III, PTS, p. 280.
11. ਲੰਕਾਵਤਾਰ ਸੂਤਰ, 10.113
12. ਮਹਾਵੱਗ

13. S-III, p. 190.
14. M-I, p. 191.
15. ਉਦਾਨ, ਪੰਨਾ 129.
16. ਉਦਾਨ, ਪੰਨਾ 128, ਦੀਘ 1, ਪੰਨਾ 172.

ਸਹਾਇਕ ਪੁਸਤਕ ਸੂਚੀ

1. ਨਾਰਦ ਮਹਾਂਥੇਰ, '*ਬੁੱਧ ਐਂਡ ਹਿਜ਼ ਟੀਚਿੰਗਜ਼*', ਵਜੀਗਰਾਮ, ਸੀਲੋਨ, 1973.
2. E. J. Thomas, "*The Life of the Buddha : A Legend and History*", Kegan Paul, London 1927, IInd Edition, 1931.
3. Hermann Oldeberg, *Budha : His Life, His Order*, D. K. Publishers, New Delhi, 2003.
4. ਅਚਾਰੀਆ ਨਰੇਂਦ੍ਰ ਦੇਵ, '*ਬੋਧ ਧਰਮ ਦਰਸ਼ਨ*', ਮੋਤੀ ਲਾਲ ਬਨਾਰਸੀ ਦਾਸ ਪਬਲੀਕੇਸ਼ਨ, ਦਿੱਲੀ, 2001.

ਮਹਾਤਮਾ ਬੁੱਧ

ਡਾ. ਬਾਲਮੀਕੀ ਪ੍ਰਸਾਦਿ*
ਕਿਰਨਦੀਪ ਕੌਰ*

ਛੇਵੀਂ ਸ਼ਤਾਬਦੀ ਈਸਵੀ ਪੂਰਵ ਦੇ ਧਰਮ ਕਈ ਤਰ੍ਹਾਂ ਦੀ ਅਨੈਤਿਕਤਾ ਦਾ ਸ਼ਿਕਾਰ ਹੋ ਚੁੱਕੇ ਸਨ। ਉਸ ਸਮੇਂ ਦਾਰਸ਼ਨਿਕ ਜਗਤ ਵਿਚ ਬਹੁਤ ਜਿਆਦਾ ਹਲਚਲ ਸੀ ਅਤੇ ਨਵੇਂ ਨਵੇਂ ਵਿਚਾਰਾਂ ਦਾ ਹੜ੍ਹ ਜਿਹਾ ਆ ਗਿਆ ਸੀ। ਆਪਣੇ ਆਪ ਨੂੰ ਵਿਦਵਾਨ ਸਮਝਣ ਵਾਲੇ ਲੋਕ ਨਿਰੋਲ ਬੁੱਧੀਵਾਦ ਦੇ ਬਲ ਤੇ ਨਵੇਂ ਮਾਰਗ ਦੀ ਵਿਉਂਤ ਕਰਨ ਵਿਚ ਲੱਗੇ ਹੋਏ ਸਨ। ਧਰਮ ਪ੍ਰਤੀ ਕਈ ਲੋਕ ਸ਼ੰਕਾ ਵਿਚ ਪਏ ਹੋਏ ਸਨ ਅਤੇ ਕਈ ਅੰਧਵਿਸ਼ਵਾਸਾਂ ਵਿਚ। ਲੋਕਾਂ ਦਾ ਵੈਦਿਕ ਧਰਮ ਗ੍ਰੰਥਾਂ ਪ੍ਰਤੀ ਆਦਰ ਬੁਹਤ ਘੱਟ ਗਿਆ ਸੀ। ਨਿਯਮਾਂ ਤੋਂ ਬਿਨਾਂ ਜਿਸ ਤਰ੍ਹਾਂ ਦੇਸ਼ ਵਿਚ ਅਰਾਜਕਤਾ ਫੈਲ ਜਾਂਦੀ ਹੈ ਉਸ ਤਰ੍ਹਾਂ ਹੀ ਉਸ ਸਮੇਂ ਸ਼ਾਸਤਰੀ ਨਿਯਮਾਂ ਤੋਂ ਬਿਨਾਂ ਦਾਰਸ਼ਨਿਕ ਜਗਤ ਵਿਚ ਅਰਾਜਕਤਾ ਦਾ ਬੋਲ ਬਾਲਾ ਸੀ। ਸਮਾਜਿਕ ਸਥਿਤੀ ਵੀ ਡਾਵਾਂ ਡੋਲ ਸੀ। ਅਨੇਕਾਂ ਜਾਤਾਂ ਤੇ ਵਰਨਾਂ ਦੇ ਕਾਰਣ ਅਸਮਾਨਤਾਵਾਂ ਆ ਗਈਆਂ ਸਨ। ਉਸ ਸਮੇਂ ਦੇ ਧਾਰਮਿਕ ਆਗੂ ਲੋਕਾਂ ਤੇ ਆਪਣਾ ਪ੍ਰਭਾਵ ਵਧਾਉਣ ਵਿਚ ਲੱਗੇ ਹੋਏ ਸਨ। ਲੋਕਾਂ ਉਪਰ ਕਾਲਪਨਿਕ ਦ੍ਰਿਸ਼ਟੀਆਂ ਥੋਪੀਆਂ ਜਾ ਰਹੀਆਂ ਸਨ। ਜਿਸਨੂੰ ਲੋਕਾਂ ਦੁਆਰਾ ਸਹਿਣ ਕਰਨਾ ਜਾਂ ਸਮਝਣਾ ਮੁਸ਼ਕਲ ਹੋ ਗਿਆ ਸੀ। ਇਨ੍ਹਾਂ ਪ੍ਰਤੀਕੂਲ ਸਥਿਤੀਆਂ ਵਿਚ ਭਗਵਾਨ ਬੁੱਧ ਨੇ ਵਾਰਾਨਸੀ ਦੇ ਨੇੜੇ ਸਾਰਨਾਥ ਵਿਚ ਪੰਜਵਰਗੀ ਭਿਖਸ਼ੂਆਂ ਦੇ ਸਮੇਂ ਧਰਮ ਚੱਕਰ ਪਰਿਵਰਤਨ ਕੀਤਾ ਅਤੇ ਬੁੱਧ ਧਰਮ ਦੇ ਰੂਪ ਵਿਚ ਇਕ ਨਵਾਂ ਤੇ ਸੱਚਾ ਧਰਮ ਲੋਕਾਂ ਦੇ ਸਾਹਮਣੇ ਆਇਆ।

ਸਿਧਾਰਥ ਜਾਂ ਗੌਤਮ (ਬਚਪਨ ਦਾ ਨਾਂ) ਦਾ ਜਨਮ 563 ਈ: ਪੂ: ਦੇ ਲਗਭਗ ਸਾਕਯ ਕਬੀਲੇ ਦੀ ਰਾਜਧਾਨੀ ਕਪਿਲਵਸਤੂ ਦੇ ਨੇੜੇ ਲੁੰਬਿਨੀ ਬਾਗ ਵਿਚ ਹੋਇਆ।[1] ਇਸ ਥਾਂ ਤੇ ਭਾਰਤ ਦੇ ਮਹਾਨ ਮੋਰਯਾਕਾਲੀਨ ਸਮਰਾਟ ਦਾ ਇਕ ਸ਼ਿਲਾਲੇਖ ਸੰਨ 1895 ਈ: ਵਿਚ ਮਿਲਿਆ, ਜਿਸ ਤੇ ਲਿਖਿਆ ਹੋਇਆ ਸੀ "ਹਿਦ ਬੁਧੇ ਜਾਤ ਤਿ।" ਭਾਵ ਬੁਧ ਇਥੇ ਪੈਦਾ ਹੋਏ। ਬੁੱਧ ਦੀ ਉਸ ਥਾਂ ਤੇ ਜਨਮ ਲੈਣ ਦੀ ਪੁਸ਼ਟੀ ਇਸੇ ਸ਼ਿਲਾਲੇਖ ਤੋਂ ਹੁੰਦੀ ਹੈ। ਉਹਨਾਂ ਦੇ ਪਿਤਾ ਸ਼ੁਦੋਧਨ ਸ਼ਾਕਯ ਕਬੀਲੇ ਦੇ ਮੁਖੀ ਸਨ। ਇਹਨਾਂ ਦੀ ਮਾਤਾ ਦੇਵੀ ਮਹਾਮਾਇਆ ਸੀ। ਪ੍ਰਾਚੀਨ ਗ੍ਰੰਥਾਂ ਵਿਚ ਹਵਾਲਾ ਮਿਲਦਾ ਹੈ ਕਿ ਇਕ ਰਾਤ ਮਹਾਤਮਾ ਬੁੱਧ ਦੀ ਆਤਮਾ ਨੇ ਇਕ ਦੁੱਧ-ਚਿੱਟੇ ਹਾਥੀ ਦੇ ਰੂਪ ਵਿਚ, ਸੁੰਢ ਵਿਚ ਰਜਤ ਕਮਲ ਲਏ ਹੋਏ, ਦੇਵੀ ਮਹਾਮਾਇਆ ਦੇ ਗਰਭ ਵਿਚ ਪ੍ਰਵੇਸ਼ ਕੀਤਾ। ਆਪ ਜੀ ਦੇ ਜਨਮ ਉਪਰੰਤ ਬ੍ਰਾਹਮਣਾ ਦੁਆਰਾ ਭਵਿੱਖਬਾਣੀ ਕੀਤੀ ਗਈ ਕਿ ਜੇਕਰ ਪੈਦਾ ਹੋਣ ਵਾਲਾ ਪੁੱਤਰ ਗ੍ਰਹਿਸਥ ਜੀਵਨ ਬਤੀਤ ਕਰੂੰਗਾ ਤਾਂ ਚੱਕਰਵਰਤੀ

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਾਜਾ ਹੋਵੇਗਾ ਨਹੀਂ ਤਾਂ ਕੋਈ ਮਹਾਨ ਪੁਰਖ।

ਸਿਧਾਰਥ ਦੇ ਜਨਮ ਤੋਂ ਸੱਤ ਦਿਨ ਪਿਛੋਂ ਮਾਂ ਮਹਾਮਾਇਆ ਸਵਰਗ ਸਿਧਾਰ ਗਈ। ਇਸ ਲਈ ਗੌਤਮ ਬੁੱਧ ਦਾ ਪਾਲਣ-ਪੋਸ਼ਣ ਉਸ ਦੀ ਮਾਸੀ ਤੇ ਮਤਰੇਈ ਮਾਂ ਪਰਜਾਪਤੀ ਗੌਤਮੀ[2] ਨੇ ਕੀਤਾ। ਮਾਤਾਵਿਹੀਨ ਗੌਤਮ ਸਭ ਦੇ ਪਿਆਰੇ ਸਨ। ਖੱਤਰੀ ਕੁਲ ਵਿਚ ਪੈਦਾ ਹੋਣ ਕਾਰਨ ਸੋਲਾਂ ਸਾਲ ਦੀ ਉਮਰ ਤੱਕ ਰਾਜਕੁਮਾਰ ਸਿਧਾਰਥ ਨੇ ਸਿੱਖਿਆ ਗ੍ਰਹਿਣ ਕੀਤੀ। ਸੋਹਲਵੇਂ ਸਾਲ ਤਕ ਸ਼ਾਸਤਰ ਅਤੇ ਸ਼ਸਤਰ ਦੀ ਪਰਿਖਿਆ ਵਿਚ ਪ੍ਰਬੀਨਤਾ ਹਾਸਲ ਕਰਨ ਤੋਂ ਬਾਅਦ ਉਹਨਾਂ ਦਾ ਵਿਆਹ ਰਾਜਕੁਮਾਰੀ ਯਸ਼ੋਧਰਾ ਨਾਲ ਕਰ ਦਿੱਤਾ ਗਿਆ।

ਰਾਜਕੁਮਾਰ ਸਿਧਾਰਥ ਬਚਪਨ ਤੋਂ ਹੀ ਬੜੇ ਸ਼ਾਂਤ ਤੇ ਗੰਭੀਰ ਸੁਭਾ ਦੇ ਸਨ। ਉਹਨਾਂ ਨੂੰ ਇਕਾਂਤ ਚੰਗਾ ਲੱਗਦਾ ਸੀ। ਸੰਸਾਰਿਕ ਤੇ ਰਾਜਸੀ ਕਾਰ-ਵਿਹਾਰ ਇਹਨਾਂ ਨੂੰ ਰੋਗ ਦੀ ਤਰ੍ਹਾਂ ਪ੍ਰਤੀਤ ਹੁੰਦੇ ਸਨ। ਬਚਪਨ ਵਿਚ ਬ੍ਰਾਹਮਣਾਂ ਦੁਆਰਾ ਕੀਤੀਆਂ ਭਵਿੱਖਬਾਣੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਰਾਜਕੁਮਾਰ ਲਈ ਹਰ ਤਰ੍ਹਾਂ ਦੇ ਮੰਨੋਰੰਜਨ ਦੇ ਸਾਧਨ ਮੁਹੱਈਆ ਕੀਤੇ ਗਏ। ਉਹਨਾਂ ਲਈ ਖਾਸ ਕਿਸਮ ਦੇ ਮਹਿਲ ਬਣਵਾਏ ਗਏ, ਪਰ ਇਹ ਸਾਰੇ ਮਨ ਬਹਿਲਾਵੇ ਗੌਤਮ ਬੁੱਧ ਦੇ ਮਨ ਨੂੰ ਸੰਤੁਸ਼ਟ ਨਾ ਕਰ ਸਕੇ ਅਤੇ 29 ਸਾਲ ਦੀ ਉਮਰ ਵਿਚ ਉਹ ਨਾਸ਼ਵਾਨ ਸੰਸਾਰ ਤੋਂ ਵਿਦਾਈ ਲੈ ਕੇ ਸੱਚ ਦੀ ਖੋਜ ਤੇ ਜ਼ਰਾ-ਮਰਨ ਦੀ ਅਸਲ ਬੁਝਾਰਤ ਦੀ ਖੋਜ ਵਿਚ ਪਤਨੀ ਤੇ ਪੁੱਤਰ ਦਾ ਪਿਆਰ ਤੇ ਵਿਸ਼ਾਲ ਰਾਜਭਾਗ ਤਿਆਗ ਕੇ ਚੱਲ ਪਏ।

ਰਾਜਕੁਮਾਰ ਸਿਧਾਰਥ ਦੁਆਰਾ ਕੀਤੇ ਗਏ ਗ੍ਰਹਿ-ਤਿਆਗ ਦੀ ਇਹ ਘਟਨਾ ਮਹਾਂਭਿਨਿਸ਼ਕ੍ਰਮਣ ਜਾਂ ਮਹਾਂਯਾਤਰਾ ਕਹਾਉਂਦੀ ਹੈ। ਮਨੁੱਖ ਉਮਰ ਭਰ ਯਾਤਰਾ ਤਾਂ ਕਰਦਾ ਹੈ ਪਰ ਜਿਸ ਯਾਤਰਾ ਤੋਂ ਬਾਅਦ ਮਨੁੱਖ ਘਰ ਵਾਪਸ ਨਹੀਂ ਆਉਂਦਾ ਉਸਨੂੰ ਮਹਾਯਾਤਰਾ ਕਿਹਾ ਜਾਂਦਾ ਹੈ। ਗੌਤਮ ਬੁੱਧ ਨੇ ਘਰ ਦਾ ਤਿਆਗ ਕਿਸ ਤਰ੍ਹਾਂ ਕੀਤਾ ਇਹ ਵਿਵਾਦ ਦਾ ਵਿਸ਼ਾ ਹੈ, ਕਿਉਂਕਿ ਬੁੱਧ ਧਰਮ ਨਾਲ ਸਬੰਧਿਤ ਗ੍ਰੰਥਾਂ ਤੋਂ ਪਤਾ ਲਗਦਾ ਹੈ ਕਿ ਸਿਧਾਰਥ ਬੁੱਢੇ ਵਿਅਕਤੀ, ਰੋਗੀ, ਮ੍ਰਿਤਕ ਤੇ ਸੰਨਿਆਸੀ ਨੂੰ ਦੇਖਣ ਤੋਂ ਬਾਅਦ ਰਾਤ ਨੂੰ ਆਪਣੀ ਪਤਨੀ ਤੇ ਪੁੱਤਰ ਨੂੰ ਸੁੱਤਿਆਂ ਛੱਡ ਕੇ ਘਰੋਂ ਚਲੇ ਗਏ। "ਦੇਵਦੂਤਾਂ ਦੁਆਰਾ ਦਿਖਾਏ ਗਏ ਜ਼ਰਾ, ਰੋਗ, ਮੌਤ ਅਤੇ ਸੰਨਿਆਸੀ ਦੇ ਦਰਸ਼ਨ ਨਾਲ ਉਹਨਾਂ ਦੇ ਮਨ ਵਿਚ ਅਚਾਨਕ ਉਪਰਾਮਤਾ ਉਤਪੰਨ ਹੋਈ ਅਤੇ ਉਹਨਾਂ ਨੇ ਸੰਸਾਰ ਤਿਆਗ ਕੇ ਸਾਧੂ ਦੇ ਭਗਵੇਂ ਕੱਪੜੇ ਧਾਰਨ ਕਰ ਲਏ"।[3]

ਅਧਿਆਤਮਿਕ ਸੰਵੇਗ ਦਾ ਇਸ ਤਰ੍ਹਾਂ ਅਚਾਨਕ ਜਾਗਰਣ ਕਿਸੇ ਹੋਰ ਜਗ੍ਹਾ ਵਰਣਿਤ ਨਹੀਂ ਹੈ, ਪਰ ਜਿਸ ਤਰ੍ਹਾਂ ਦੀ ਕਥਾ ਭਗਵਾਨ ਬੁੱਧ ਦੇ ਸਬੰਧ ਵਿਚ ਕਹੀ ਗਈ ਹੈ, ਉਸ ਉਤੇ ਪੂਰੀ ਤਰ੍ਹਾਂ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। 29 ਸਾਲ ਦੀ ਉਮਰ ਤਕ ਕੋਈ ਮਨੁੱਖ ਜ਼ਰਾ, ਰੋਗ, ਮੌਤ ਆਦਿ ਤੋਂ ਅਨਜਾਣ ਨਹੀਂ ਰਹਿ ਸਕਦਾ। ਇਸ ਲਈ ਭਗਵਾਨ ਬੁੱਧ ਦੇ ਸੰਬੰਧ ਵਿਚ ਅਜਿਹੀ ਧਾਰਨਾ ਨੂੰ ਮੰਨਣਾ ਤਰਕ ਸੰਗਤ ਨਹੀਂ ਜਾਪਦਾ। ਭਗਵਾਨ ਬੁੱਧ ਖੁਦ ਉਪਰੋਕਤ ਦੀ ਪੁਸ਼ਟੀ ਤ੍ਰਿਪਿਟਕ ਵਿਚ ਕੀਤੀ

"ਮਯਹੰ ਪਿ ਖੋ, ਰਾਜਕੁਮਾਰ ਪੁਬਬੇਵ ਸਮਬੋਧਾ ਅਨਭਿਸਮ ਬੁੱਧਸ
ਬੋਧੀ ਸਤਸੇਨ ਸਤੋ ਏਤਦਹੋਸਿ-ਨ ਖੋ ਸੁਖੇਨ ਸੁਖੰ ਅਧਿਗਨਤਬਬੰ,
ਦੁਖੇਨ ਖੋਂ ਸੁਖੰ ਅਧਿਗਨਤਬਬੰ 'ਤਿ ਸੋ ਖੋ ਅਹੰ, ਰਾਜਕੁਮਾਰ,

ਅਪਰੇਨ ਸਮਯੇਨ ਦਹਰੋ ਵ ਸਮਾਨੋ ਮੁਸਕੁਲਾਕੇਸੋ ਭ੍ਰਦੇਨ
ਯੋਬਬਨੇਨ ਸਮਨਨਾਗਤੋ ਪਠਮੇਨ ਵਯਸਾ ਅਕਾਨਕਾਨੰ
ਮਾਤਾ ਪਿਤ੍ਰਨ ਅੱਸੁਮੁਖਾਨ ਰੂਦਨਤਾਨ ਕੇਸਮਸਮੁੰ ਓਹਾਰੇਤਾਵਾ
ਕਾਸਾਯਾਨੀ ਵਤਖਾਨਿ ਅੱਛਾਦੇਵਾ ਅਗਾਰਸਮਾ ਅਨਗਾਰਿਯੰ ਪਬਬਜਿੰ[4]

ਘਰ ਤਿਆਗ ਤੋਂ ਬਾਅਦ ਸਿਧਾਰਥ ਨੇ ਅਧਿਆਤਮਿਕ ਸਿੱਖਿਆ ਦੀ ਪ੍ਰਾਪਤੀ ਦੇ ਲਈ ਜਿਨ੍ਹਾਂ ਆਚਾਰੀਆਂ ਦੀ ਸ਼ਰਨ ਲਈ ਪਾਲੀ ਤ੍ਰਿਪਿਟਕ ਵਿਚ ਉਹਨਾਂ ਦੇ ਨਾਮ ਆਲਾਰ-ਕਲਾਮ ਅਤੇ ਉਦਰਕ ਰਾਮ ਪੁੱਤਰ ਦੱਸੇ ਗਏ ਹਨ, ਪਰੰਤੂ ਲਲਿਤਵਿਸਤਾਰ ਵਿਚ ਇਹਨਾਂ ਦੋ ਆਚਾਰੀਆ ਤੋਂ ਇਲਾਵਾ ਬ੍ਰਾਹਮਣੀ, ਪਦਮਾ ਅਤੇ ਬਹਰਸ਼ਿ ਰਵੈਤ ਦੀ ਸ਼ਰਣ ਵਿਚ ਵੀ ਉਹਨਾਂ ਦੇ ਜਾਣ ਦਾ ਵਰਨਣ ਮਿਲਦਾ ਹੈ।[5]

ਆਲਾਰ-ਕਾਲਾਮ ਦੀ ਸ਼ਰਨ ਵਿਚ ਰਾਜਕੁਮਾਰ ਸਿਧਾਰਥ ਨੇ ਇਕਾਂਤ ਅਵਸਥਾ ਪਾਉਣ ਲਈ ਇਕ ਕਿਸਮ ਦੇ ਧਿਆਨ ਯੋਗ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਨਾਲ ਉਹਨਾਂ ਨੂੰ ਲੱਗਿਆ ਕਿ ਧਿਆਨ ਯੋਗ ਨਾਲ ਚਿੱਤ ਤੰਦਰੁਸਤ ਹੋ ਸਕਦਾ ਹੈ, ਜਨਮ ਸੁੱਖ ਪ੍ਰਾਪਤ ਹੋ ਸਕਦਾ ਹੈ, ਪਰ ਜ਼ਰਾਮਰਨ ਦਾ ਅੰਤ ਨਹੀਂ ਹੋ ਸਕਦਾ। ਅਜਿਹਾ ਸੋਚ ਕੇ ਉਹਨਾਂ ਆਲਾਰ-ਕਾਲਾਮ ਦਾ ਤਿਆਗ ਕਰ ਦਿੱਤਾ।

ਫਿਰ ਇਹ ਰਾਜਗ੍ਰਹਿ ਗਏ ਤੇ ਉੱਥੇ ਇਹਨਾਂ ਦਾ ਸਾਹਮਣਾ ਉਸ ਸਮੇਂ ਦੇ ਮਗਧ ਸਮਰਾਟ ਬਿੰਬੀਸਾਰ ਨਾਲ ਹੋਇਆ।[6] ਮਗਧ ਸਮਰਾਟ ਬਿੰਬੀਸਾਰ ਨੇ ਉਹਨਾਂ ਨੂੰ ਆਕਰਸ਼ਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਰਾਜਕੁਮਾਰ ਆਪਣੇ ਪੱਕੇ ਇਰਾਦੇ ਨੂੰ ਨਾ ਛੱਡਦੇ ਹੋਏ ਦੂਜੇ ਗੁਰੂ ਆਚਾਰੀਆ ਉਦਰਕ ਰਾਮਪੁੱਤਰ, ਦੀ ਸ਼ਰਨ ਵਿਚ ਚਲੇ ਗਏ। ਆਚਾਰੀਆ ਉਦਰਕ ਨੇ ਸਿਧਾਰਥ ਨੂੰ ਨੈਣ ਸੰਗਿਯਾ ਨਾਂ ਸੰਗਯਾ ਦੀ ਸਾਧਨਾ ਸਿਖਾਈ। ਇਸ ਨਾਲ ਵੀ ਸਿਧਾਰਥ ਨੂੰ ਸੰਤੁਸ਼ਟੀ ਨਾ ਮਿਲੀ ਤੇ ਰਾਜਕੁਮਾਰ ਨੇ ਉਸ ਦਾ ਆਸ਼ਰਮ ਵੀ ਤਿਆਗ ਦਿੱਤਾ। ਰਾਜਗ੍ਰਹਿ ਵਿਚ ਉਹਨਾਂ ਦੀ ਪੰਜ ਬ੍ਰਾਹਮਣ ਮਿੱਤਰਾਂ ਜਿਨ੍ਹਾਂ ਨੂੰ ਪਾਲੀ ਤ੍ਰਿਪਿਟਕ ਵਿਚ 'ਪੰਚਵਰਗੀ ਭਿਖਸ਼ੂ" ਕਿਹਾ ਗਿਆ ਹੈ। ਨਾਲ ਮੁਲਾਕਾਤ ਹੋਈ, ਅਤੇ ਉਹ ਸਾਰੇ ਸਿਧਾਰਥ ਨਾਲ ਬੋਧ ਗਯਾ ਵੱਲ ਚੱਲ ਪਏ।

ਪਵਿੱਤਰ ਧਰਮ ਦੀ ਖੋਜ ਵਿਚ ਜਨ ਸ਼ਾਂਤੀ ਦੀ ਪ੍ਰਾਪਤੀ ਵਾਸਤੇ ਸਿਧਾਰਥ ਬੋਧ ਗਯਾ ਦੇ ਨੇੜੇ 'ਉਰੂਵੇਲਾ' ਨਾਮਕ ਸੁੰਦਰ ਥਾਂ ਤੇ ਗਏ। ਉਹਨਾਂ ਨੂੰ ਤਿੰਨ ਹੈਰਾਨੀਜਨਕ ਉਪਮਾਵਾਂ ਯਾਦ ਆਈਆਂ। ਉਹਨਾਂ ਨੇ ਮਹਿਸੂਸ ਕੀਤਾ ਕਿ ਜਿਵੇਂ ਗਿੱਲੀਆਂ ਲੱਕੜਾਂ ਦੇ ਸਹਿਯੋਗ ਨਾਲ ਅੱਗ ਨੂੰ ਪੈਦਾ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਹੀ ਭੋਗਾਂ ਵਿਚ ਆਕਰਸ਼ਣ ਤੇ ਤ੍ਰਿਸ਼ਨਾ ਰਹਿੰਦੇ ਹੋਏ ਤਪਾਂ ਦੇ ਦੁਆਰਾ ਆਰੀਆ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਕੇਵਲ ਵੈਰਾਗ ਵਿਚ ਰਹਿਣ ਨਾਲ ਤਪ ਤੋਂ ਗਿਆਨ ਦੀ ਆਸ਼ਾ ਕੀਤੀ ਜਾ ਸਕਦੀ ਹੈ।[7]

ਇਹ ਅਨੁਭਵ ਕਰਨ ਤੋਂ ਬਾਅਦ ਸਿਧਾਰਥ ਨੇ ਉਰੂਵੇਲਾ ਦੇ ਨੇੜੇ ਸੈਨਾਪੱਤ ਪਿੰਡ ਵਿਚ ਨਿਰੰਜਨਾ ਨਦੀ ਦੇ ਕੰਡੇ ਕਠੋਰ ਤਪ ਕੀਤਾ, ਕਾਫੀ ਠੰਡ ਹੋਣ ਦੇ ਬਾਵਜੂਦ ਵੀ ਉਹਨਾਂ ਦੇ ਸਰੀਰ ਵਿਚੋਂ ਪਸੀਨਾ ਨਿਕਲਦਾ ਰਹਿੰਦਾ ਸੀ। ਅਜਿਹਾ ਹੋਣ ਨਾਲ ਉਹਨਾਂ ਦਾ ਉਤਸਾਹ ਅਤੇ ਜਾਗਰੂਕਤਾ ਵਧੀ, ਪਰ ਸਰੀਰ ਅਸ਼ਾਂਤ ਹੋ ਗਿਆ। ਫਿਰ ਧਿਆਨ ਲਾ ਕੇ ਬੈਠ ਗਏ, ਜਿਸ ਕਾਰਣ ਕਾਫੀ ਕਮਜ਼ੋਰ ਹੋ ਗਏ। ਸਰੀਰਕ ਦੁਰਲਬਤਾ ਨੂੰ ਦੇਖਦੇ ਹੋਏ ਜਦ ਉਹਨਾਂ ਨੇ ਥੋੜ੍ਹਾ ਖਾਣਾ ਖਾ ਲਿਆ

ਤਾਂ ਉਹਨਾਂ ਦੇ ਪੰਜ ਸੰਨਿਆਸੀ ਸਾਥੀ ਉਹਨਾਂ ਨੂੰ ਛੱਡ ਕੇ ਭਜ ਗਏ।

ਮਿੱਤਰਾਂ ਦੁਆਰਾ ਤਿਆਗ ਦੇ ਕਾਰਣ ਉਹਨਾਂ ਦਾ ਮਨ ਬੇਚੈਨ ਹੋ ਗਿਆ। ਕਠੋਰ ਤਪੱਸਿਆ ਤੇ ਵਰਤਾਂ ਨੂੰ ਵਿਅਰਥ ਜਾਣ ਕੇ ਗੌਤਮ ਬੁੱਧ ਪਿੱਪਲ ਦੇ ਰੁੱਖ ਹੇਠਾਂ ਮਹਾਗਿਆਨ ਦੀ ਪ੍ਰਾਪਤੀ ਦਾ ਪੱਕਾ ਇਰਾਦਾ ਕਰ ਕੇ ਬੈਠ ਗਏ। ਇਸ ਥਾਂ ਤੇ ਸੁਜਾਤਾ ਨਾਂ ਦੀ ਲੜਕੀ ਦੁਆਰਾ ਦਿੱਤੀ ਖੀਰ੍ਹ ਅਤੇ ਘਸਿਆਰੇ ਦੁਆਰਾ ਦਿੱਤੇ ਸੁੱਕੇ ਘਾਹ ਨੂੰ ਸ਼ੁਭ ਸ਼ਗਨ ਮੰਨਦੇ ਹੋਏ, ਇਹ ਦ੍ਰਿੜ ਨਿਸ਼ਚਾ ਕੀਤਾ ਕਿ ਭਾਵੇਂ ਮੇਰੀ ਚਮੜੀ, ਮੇਰੀਆਂ ਨਾੜੀਆਂ ਅਤੇ ਹੱਡੀਆਂ ਨਸ਼ਟ ਕਿਉਂ ਨਾ ਹੋ ਜਾਣ ਅਤੇ ਮੇਰੇ ਸਰੀਰ ਵਿਚਾਲਾ ਖੂਨ ਸੁੱਕ ਕਿਉਂ ਨਾ ਜਾਵੇ ਮੈਂ ਇਸ ਥਾਂ ਨੂੰ ਉਦੋਂ ਤਕ ਨਹੀਂ ਛੱਡਾਗਾਂ ਜਦੋਂ ਤਕ ਕਿ ਮੈਨੂੰ ਪੂਰਨ ਗਿਆਨ ਪ੍ਰਾਪਤ ਨਹੀਂ ਹੋ ਜਾਂਦਾ।[9] ਕਈ ਔਕੜਾਂ ਦਾ ਸਾਹਮਣਾ ਕਰਦਿਆਂ, ਆਖਿਰ ਵੈਸਾਖ ਦੀ ਪੂਰਨਮਾਸ਼ੀ ਨੂੰ ਇਹਨਾਂ ਨੇ ਮਹਾਨ ਗਿਆਨ ਦੀ ਪ੍ਰਾਪਤੀ ਕੀਤੀ। ਇਸ ਮਹਾਨ ਗਿਆਨ ਦੀ ਪ੍ਰਾਪਤੀ ਮਗਰੋਂ ਗੌਤਮ, ਬੁੱਧ ਬਣ ਗਏ ਤੇ ਉਹਨਾਂ ਨੂੰ ਤਥਾਗਤ (ਜਿਸ ਨੇ ਸੱਚ ਨੂੰ ਪਾ ਲਿਆ ਹੋਵੇ) ਕਿਹਾ ਜਾਣ ਲੱਗਾ। ਗਿਆਨ ਪ੍ਰਾਪਤੀ ਤੋਂ ਸੰਤੁਸ਼ਟ ਹੋ ਕੇ ਇਕ ਹਫਤਾ ਉਸੇ ਹੀ ਰੁੱਖ ਦੇ ਹੇਠਾਂ ਬੈਠ ਕੇ ਪਰਮ ਸੁੱਖ ਦਾ ਆਨੰਦ ਲੈਂਦੇ ਰਹੇ। ਉਹਨਾਂ ਨੇ ਰਾਤ ਦੇ ਪਹਿਲੇ ਪਹਿਰ ਵਿਚ ਆਪਣੇ ਪੁਰਾਣੇ ਜਨਮਾਂ ਦੇ ਇਤਿਹਾਸ ਨੂੰ ਦੇਖਿਆ, ਵਿਚ ਵਾਲੇ ਪਹਿਰ ਵਿਚ ਸਾਰੇ ਸੰਸਾਰ ਨੂੰ ਆਪਣੇ ਕਰਮਾਂ ਦਾ ਫਲ ਅਨੁਭਵ ਕਰਦੇ ਦੇਖਿਆ, ਤੇ ਤੀਜੇ ਪਹਿਰ ਵਿਚ ਬਾਰਾਂ ਕਾਰਨ ਦੀ ਲੜੀ (ਪ੍ਰਤੀਤਯਸਮੁਤਪਾਦ) ਦਾ ਗਿਆਨ ਪ੍ਰਾਪਤ ਕੀਤਾ।[10] ਦ੍ਵਾਦਸ਼ ਨਿਦਾਨ ਅਰਥਾਤ ਜ਼ਰਾਮਰਨ ਅਤੇ ਦੁੱਖ ਦੇ ਕਾਰਣ ਦੇ ਨਾਲ-ਨਾਲ ਇਸ ਦੇ ਨਿਵਾਰਣ ਦਾ ਵੀ ਗਿਆਨ ਪ੍ਰਾਪਤ ਕੀਤਾ, ਪਰ ਪਾਲੀ ਵਿਨਯਪਿਟਕ ਦੇ ਅਨੁਸਾਰ (ਮਹਾਖੰਧਕ ਬੋਧੀਕਥਾ) ਭਗਵਾਨ ਬੁੱਧ ਨੂੰ ਰਾਤ ਦੇ ਤਿਨ੍ਹਾਂ ਪਹਿਰਾਂ ਵਿਚ ਪ੍ਰਤੀਤਯਸਮੁਤਪਾਦ ਦੇ ਅਨੁਕੂਲ ਅਤੇ ਪ੍ਰਤਿਕੂਲ ਭਾਵਾਂ ਦਾ ਗਿਆਨ ਪ੍ਰਾਪਤ ਹੋਇਆ। ਪਹਿਲੇ ਪਹਿਰ ਵਿਚ ਦ੍ਵਾਦਸ਼ ਨਿਦਾਨ ਨੂੰ ਜਾਣਕੇ ਭਗਵਾਨ ਬੁੱਧ ਨੇ ਸੰਸਾਰ ਦੇ ਕਲਿਆਨ ਹਿਤ ਪਹਿਲਾ ਪ੍ਰਵਚਨ ਸਾਰਨਾਥ ਦੇ ਨੇੜੇ ਆਪਣੇ ਪੰਜ ਪੁਰਾਣੇ ਮਿੱਤਰਾਂ ਨੂੰ ਦਿੱਤਾ। ਬੋਧ ਧਰਮ ਵਿਚ ਭਗਵਾਨ ਬੁੱਧ ਦੁਆਰਾ ਦਿੱਤਾ ਗਿਆ ਪਹਿਲਾ ਧਰਮ ਉਪਦੇਸ 'ਧਰਮ ਚੱਕਰ ਪਰਿਵਰਤਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

'ਧਰਮ ਚੱਕਰ ਪਰਿਵਰਤਨ' ਤੋਂ ਬਾਅਦ ਭਗਵਾਨ ਬੁੱਧ 45 ਸਾਲ ਤਕ ਆਪਣੇ ਧਰਮ ਦਾ ਪ੍ਰਚਾਰ ਕਰਦੇ ਰਹੇ ਅਤੇ ਅੰਤ 487 ਈ: ਪੂ: ਦੇ ਲਗਭਗ ਉਹਨਾਂ ਦਾ ਦੇਹਾਂਤ ਹੋ ਗਿਆ। ਉਹਨਾਂ ਦੇ ਦੁਆਰਾ ਸ਼ੁਰੂ ਕੀਤਾ ਹੋਇਆ ਧਰਮ 2550 ਸਾਲ ਬੀਤ ਜਾਣ ਦੇ ਬਾਵਜੂਦ ਵੀ ਦੁਨੀਆਂ ਦੇ ਅਨੇਕਾਂ ਦੇਸ਼ਾਂ ਦੇ ਲੋਕਾਂ ਦੀਆਂ ਨੈਤਿਕ ਕੀਮਤਾਂ ਵਿਚ ਲਗਾਤਾਰ ਵਾਧਾ ਕਰ ਰਿਹਾ ਹੈ।

ਬੋਧੀ ਸਾਹਿਤ

ਭਗਵਾਨ ਬੁੱਧ ਨੇ ਆਪਣੇ ਜੀਵਨ ਕਾਲ ਵਿਚ ਨਾ ਤਾਂ ਕਿਸੇ ਗ੍ਰੰਥ ਦੀ ਰਚਨਾ ਕੀਤੀ ਅਤੇ ਨਾ ਹੀ ਕਿਸੇ ਤੋਂ ਕਰਵਾਈ। ਓਹਨਾਂ ਦੇ ਉਪਦੇਸ਼ਾਂ ਨੂੰ ਉਹਨਾਂ ਦੇ ਸ਼ਿਸ਼ ਯਾਦ ਕਰ ਲੈਂਦੇ ਸਨ ਅਤੇ ਉਹਨਾਂ ਦਾ ਪਾਠ ਕਰਦੇ ਸਨ। ਉਹ ਉਸ ਸਮੇਂ ਦੀ ਆਮ ਪ੍ਰਚੱਲਿਤ ਪਾਲੀ ਭਾਸ਼ਾ ਵਿਚ ਆਪਣੇ ਸਿੱਧੇ-ਸਾਦੇ ਉਪਦੇਸ਼ ਸੁਣਾਉਂਦੇ ਸਨ। ਭਗਵਾਨ ਬੁੱਧ ਦੇ ਮਹਾਂਪਰਿਨਿਰਵਾਣ ਤੋਂ ਬਾਅਦ

ਹੋਈਆਂ ਸਭਾਵਾਂ ਦੇ ਦੌਰਾਨ, ਪਹਿਲੀ ਸਦੀ ਈ: ਪੂ: ਜਾਂ ਈ: ਵਿਚ ਪਾਲੀ ਤ੍ਰਿਪਿਟਕ ਸਾਹਿਤ ਦਾ ਲੇਖਣ ਹੋਇਆ ਜੋ ਇਸ ਤਰ੍ਹਾਂ ਹੈ :

ਪਾਲੀ ਤ੍ਰਿਪਿਟਕ

ਵਿਨਯਪਿਟਕ			ਸੁੱਤਪਿਟਕ	ਅਭਿਧੰਮਪਿਟਕ
1. ਸੁੱਤਵਿਭੰਗ	2. ਖੰਧਕ	3.ਪਰਿਵਾਰ	1. ਦੀਘ ਨਿਕਾਯ	1. ਧੰਮ ਸੰਗਣੀ
(i) ਭਿਖੂ ਵਿਭੰਗ ਤੇ	(i) ਮਹਾਵੱਗ ਤੇ		2. ਮੱਝਿਮ ਨਿਕਾਯ	2. ਵਿਭੰਗ
(ii) ਭਿਖੁਣੀ ਵਿਭੰਗ	(ii) ਚੁੱਲ ਵੱਗ		3. ਸੰਯੁਤ ਨਿਕਾਯ	3. ਧਾਤੂ ਕਥਾ
			4. ਅੰਗੁਤਰ ਨਿਕਾਯ	4. ਪੁੱਗਲਪਵਾਤਿ
			5. ਖੁੱਦਕ ਨਿਕਾਯ	5. ਕਥਾ ਵਥੂ
			i) ਖੁੱਦਕ ਪਾਠ	6. ਯਮਕ
			ii) ਧੰਮਪਦ	7. ਪਠਾਨ
			iii) ਉਦਾਨ	
			iv) ਇਤੀਵੁੱਤਕ	
			v) ਸੁੱਤਨਿਪਾਤ	
			vi) ਵਿਮਾਨਵਥੂ	
			vii) ਪੇਤਵਥੂ	
			viii) ਥੇਰਗਾਥਾ	
			ix) ਥੇਰੀਗਾਥਾ	
			x) ਜਾਤਕ.	
			xi) ਨਿਦੇਸ	
			xii) ਪਨਿਸੰਭਿਦਾਮੱਗ	
			xiii) ਅਪਦਾਨ	
			xiv) ਬੁੱਧਵੰਸ	
			xv) ਚਰਿਯਾਪਿਟਕ	

ਇਸ ਤੋਂ ਸਪਸ਼ਟ ਹੈ ਕਿ ਪਾਲੀ ਤ੍ਰਿਪਿਟਕ ਸਾਹਿਤ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਵਿਨਯਪਿਟਕ ਦੇ ਤਿੰਨ ਭਾਗਾਂ ਵਿਚ ਕੁਲ ਪੰਜ ਗ੍ਰੰਥ ਹਨ। ਸੁਤੱਪਿਟਕ ਪੰਜ ਨਿਕਾਯਾ ਵਿਚ ਵੰਡਿਆ ਗਿਆ ਹੈ, ਜਿਸਦੇ ਅੰਤਿਮ ਨਿਕਾਯ ਖੁੱਦਕ ਨਿਕਾਯ ਦੇ 15 ਗ੍ਰੰਥ ਹਨ ਅਤੇ ਅਭਿਧੰਮਪਿਟਕ ਵਿਚ ਕੁਲ ਸੱਤ ਗ੍ਰੰਥ ਹਨ।

ਭਗਵਾਨ ਬੁੱਧ ਦੇ ਪ੍ਰਸਿੱਧ ਉਪਦੇਸ਼

ਭਗਵਾਨ ਬੁੱਧ ਦੁਆਰਾ ਦਿਤੇ ਗਏ ਸਾਰੇ ਉਪਦੇਸ਼ਾਂ ਦਾ ਸਾਰ ਚਾਰ ਆਰੀਆ ਸੱਚਾਈਆਂ ਵਿਚ ਸਮਾਇਆ ਹੋਇਆ ਹੈ। ਇਹ ਹੀ ਉਹਨਾਂ ਦੇ ਧਰਮ ਅਤੇ ਦਰਸ਼ਨ ਦਾ ਮੂਲ ਆਧਾਰ ਹਨ। ਇਹ ਚਾਰ ਆਰੀਆ ਸੱਚਾਈਆਂ ਦਾ ਉਪਦੇਸ਼ ਭਗਵਾਨ ਬੁੱਧ ਨੇ ਧਰਮਚੱਕਰ ਪਰਿਵਰਤਨ ਦੇ ਸਮੇਂ ਦਿੱਤਾ ਸੀ, ਜਿਸਨੂੰ ਬੁੱਧ ਧਰਮ ਦੀ ਆਧਾਰਸ਼ਿਲਾ ਮੰਨਿਆ ਗਿਆ ਹੈ। ਭਗਵਾਨ ਬੁੱਧ ਨੇ

ਚਾਰ ਆਰੀਆ ਸੱਚਾਈਆਂ ਦਾ ਮਹੱਤਵ ਦੱਸਦੇ ਹੋਏ ਸੁੱਤਪਿਟਕ ਵਿਚ ਕਿਹਾ ਹੈ:

"ਭਿਖਸ਼ੂ ! ਇਹ ਚਾਰ ਆਰੀਆ ਸੱਚਾਈਆਂ ਨੂੰ ਚੰਗੀ ਤਰ੍ਹਾਂ ਨਾ ਜਾਨਣ ਦੇ ਕਾਰਣ ਹੀ ਮੇਰਾ ਅਤੇ ਤੁਹਾਡਾ ਸੰਸਾਰ ਵਿਚ ਜਨਮ ਲੰਮੇ ਸਮੇਂ ਤੋਂ ਜਾਰੀ ਰਿਹਾ। ਇਸ ਆਵਾਗਵਨ ਦੇ ਚੱਕਰ ਵਿਚ ਅਸੀਂ ਸਾਰੇ ਦੁੱਖ ਭੋਗਦੇ ਰਹੇ, ਕਈ ਜੂਨਾਂ ਵਿਚ ਭਟਕਦੇ ਰਹੇ, ਹੁਣ ਇਸਦਾ ਗਿਆਨ ਹੋ ਗਿਆ। ਦੁੱਖ ਦਾ ਪੂਰੀ ਤਰ੍ਹਾਂ ਵਿਨਾਸ਼ ਹੋ ਗਿਆ, ਹੁਣ ਆਵਾਗਵਨ ਨਹੀਂ ਹੋਣਾ।[11]

ਚਾਰ ਆਰੀਆ ਸੱਤਯ ਇਸ ਤਰ੍ਹਾਂ ਹਨ:

1. ਦੁੱਖ ਹਨ (ਦੁੱਖ ਆਰੀਆ ਸਤਯ)
2. ਦੁੱਖਾਂ ਦਾ ਕਾਰਣ ਹੈ (ਦੁੱਖ ਸਮੁਦਾਯ ਆਰੀਆ ਸਤਯ)
3. ਦੁੱਖ ਦੀ ਨਿਵਿਰਤੀ ਸੰਭਵ ਹੈ। (ਦੁੱਖ ਨਿਰੋਧ ਆਰੀਆ ਸਤਯ)
4. ਦੁੱਖ ਦੀ ਨਿਵਿਰਤੀ ਦਾ ਮਾਰਗ ਹੈ (ਦੁੱਖ ਨਿਰੋਧ ਦੀ ਤਰਫ ਜਾਣ ਦਾ ਰਸਤਾ ਜਾਂ ਅਸ਼ਟਮਾਰਗ)

1. ਦੁੱਖ ਹਨ : ਪਹਿਲੇ ਆਰੀਆ ਸੱਤਯ ਅਰਥਾਤ ਦੁੱਖ ਆਰੀਆ ਸਤਯ ਨੂੰ ਪਰਿਭਾਸ਼ਿਤ ਕਰਦੇ ਹੋਏ ਭਗਵਾਨ ਬੁੱਧ ਨੇ ਕਿਹਾ ਹੈ:-

'ਮਨੁੱਖ ਦਾ ਜਨਮ ਲੈਣਾ, ਬੁਢਾਪਾ, ਰੋਗ, ਮੌਤ, ਪ੍ਰੀਤਮ ਦਾ ਵਿਛੋੜਾ, ਨਾ ਚੰਗੇ ਲਗਣ ਵਾਲੇ ਲੋਕਾਂ ਨਾਲ ਮੇਲ, ਤੇ ਇਛਾਵਾਂ ਦੀ ਪੂਰਤੀ ਨਾ ਹੋਣਾ ਸਭ ਦੁਖਦਾਈ ਹੈ। ਸੰਖੇਪ ਵਿਚ ਪੰਜ ਉਪਾਦਾਨ ਸਕੰਧ ਹੀ ਦੁੱਖ ਹੈ।[12]

ਭਗਵਾਨ ਬੁੱਧ ਨੇ ਦੁੱਖ ਦਾ ਉਪਦੇਸ਼ ਦਿੰਦੇ ਅਤੇ ਇਸਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਹੇ ਭਿਖਸ਼ੂ ! ਲੰਮੇ ਸਮੇਂ ਤਕ ਮਾਂ, ਪਿਤਾ, ਪੁੱਤਰ, ਪੁੱਤਰੀ ਤੇ ਰਿਸ਼ਤੇਦਾਰਾਂ ਦੇ ਮਰਨ ਦਾ ਦੁੱਖ ਸਹਾਰਿਆ ਧਨ-ਦੌਲਤ ਦੇ ਵਿਨਾਸ਼ ਦਾ ਦੁੱਖ ਸਹਾਰਿਆ। ਇਸ ਤਰ੍ਹਾਂ ਲੰਮੇ ਸਮੇਂ ਤਕ ਦੁੱਖ ਨੂੰ ਮਹਿਸੂਸ ਕੀਤਾ। ਪਾਲੀ ਤ੍ਰਿਪਿਟਕ ਵਿਚ ਇਸ ਆਰੀਆ ਸਤਯ ਦਾ ਜਿਕਰ ਕਈ ਵਾਰ ਆਇਆ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਭਗਵਾਨ ਬੁੱਧ ਦੁਆਰਾ ਦਿੱਤੇ ਗਏ ਉਪਦੇਸ਼ਾਂ ਦਾ ਪਹਿਲਾ ਪਾਠ ਦੁੱਖ ਆਰੀਆ ਸਤਯ ਹੈ ਅਤੇ ਇਸਦੇ ਸੰਪੂਰਨ ਗਿਆਨ ਤੋਂ ਬਿਨਾਂ ਆਰੀਆ ਸੱਚਾਈਆਂ ਨੂੰ ਚੰਗੀ ਤਰ੍ਹਾਂ ਸਮਝਣਾ ਅਸੰਭਵ ਹੈ।

2. ਦੁੱਖਾਂ ਦਾ ਕਾਰਣ ਹੈ : ਭਗਵਾਨ ਬੁੱਧ ਨੇ ਜਿਥੇ ਪਹਿਲੇ ਆਰੀਆ ਸਤਯ ਵਿਚ ਦੁੱਖ ਦੇ ਬਾਰੇ ਦੱਸਿਆ। ਉਸੇ ਤਰ੍ਹਾਂ ਦੂਸਰੇ ਆਰੀਆ ਸਤਯ ਵਿਚ ਉਸਦੇ ਕਾਰਣ ਦਾ ਜਿਕਰ ਕੀਤਾ।

ਭਗਵਾਨ ਬੁੱਧ ਨੇ ਕਿਹਾ ਕਿ, "ਭਿਖਸ਼ੂ ! ਦੁੱਖ ਸਮੁਦਾਯ ਆਰੀਆ ਸਤਯ ਹੈ। ਇਹ ਤ੍ਰਿਸ਼ਣਾ ਹੈ, ਫਿਰ ਜਨਮ ਲੈਣ ਦੀ, ਖੁਸ਼ ਹੋਣ ਦੀ ਜਿਵੇਂ ਕਿ ਕਾਮ ਤ੍ਰਿਸ਼ਣਾ, ਭਵ ਤ੍ਰਿਸ਼ਣਾ, ਵਿਭਵ ਤ੍ਰਿਸ਼ਣਾ"।[13]

ਦੂਸਰੇ ਆਰੀਆ ਸੱਤਯ ਅਨੁਸਾਰ ਦੁੱਖ ਦੀ ਉਤਪਤੀ ਕਿਸੇ ਕਾਰਣ ਹੁੰਦੀ ਹੈ, ਅਰਥਾਤ ਸੰਸਾਰ ਦੀਆਂ ਸਾਰੀਆਂ ਘਟਨਾਵਾਂ ਕਾਰਣ ਨਾਲ ਜੁੜੀਆਂ ਹੋਈਆਂ ਹਨ। ਹਰ ਇਕ ਕਾਰਜ ਦਾ ਕੋਈ ਕਾਰਣ ਅਤੇ ਹਰ ਇਕ ਕਾਰਣ ਦਾ ਕੋਈ ਕਾਰਜ ਹੈ। ਇਸ ਕਾਰਜ-ਕਾਰਣ ਦੇ ਸੂਤਰ ਵਿਚ ਸਾਰਾ ਸੰਸਾਰ ਬੱਝਿਆ ਹੋਇਆ ਹੈ ਅਤੇ ਇਸ ਕਾਰਣ ਨਾਲ ਹੀ ਮਨੁੱਖ ਦਾ ਜਨਮ-ਮਰਨ ਹੁੰਦਾ ਹੈ

ਇਸਨੂੰ ਜਨਮ-ਮਰਨ ਚੱਕਰ ਜਾਂ ਭਵ ਚੱਕਰ ਕਿਹਾ ਜਾਂਦਾ ਹੈ। ਦੁੱਖ ਦਾ ਪ੍ਰਮੁਖ ਕਾਰਣ ਤ੍ਰਿਸ਼ਣਾ ਹੈ ਪਰੰਤੂ ਤ੍ਰਿਸ਼ਣਾ ਦਾ ਵੀ ਕਾਰਨ ਹੈ। ਇਸ ਤਰ੍ਹਾਂ ਇਹ ਬਾਰਾਂ ਕਾਰਨਾਂ ਦੀ ਲੜੀ ਹੈ ਜਿਸ ਨੂੰ ਦ੍ਵਾਦਸ਼ ਨਿਦਾਨ ਜਾਂ ਪ੍ਰਤੀਤਯਸਮੁਤਪਾਦ ਕਿਹਾ ਜਾਂਦਾ ਹੈ, ਪ੍ਰਤੀਤਯਸਮੁਤਪਾਦ ਦੇ ਬਾਰੇ ਭਗਵਾਨ ਬੁੱਧ ਨੇ ਕਿਹਾ ਹੈ ਕਿ ਇਹ ਸਭ ਤੋਂ ਗੰਭੀਰ ਸਿਧਾਂਤ ਹੈ। ਉਹਨਾਂ ਨੇ ਧਰਮ ਅਤੇ ਪ੍ਰਤੀਤਯਸਮੁਤਪਾਦ ਨੂੰ ਇਕ ਦੱਸਿਆ ਹੈ। ਉਹਨਾਂ ਕਿਹਾ ਕਿ ਜੋ ਧਰਮ ਨੂੰ ਦੇਖਦਾ ਹੈ, ਉਹੀ ਪ੍ਰਤੀਤਯਸਮੁਤਪਾਦ ਨੂੰ ਦੇਖਦਾ ਹੈ ਅਤੇ ਜੋ ਪ੍ਰਤੀਤਯਸਮੁਤਪਾਦ ਨੂੰ ਦੇਖਦਾ ਹੈ, ਉਹੀ ਧਰਮ ਨੂੰ ਦੇਖਦਾ ਹੈ।

ਇਸ ਭਵ ਚੱਕਰ ਲੜੀ ਨੂੰ ਅਸੀਂ ਇਸ ਤਰ੍ਹਾਂ ਦਰਸਾ ਸਕਦੇ ਹਾਂ:

ਭੂਤਕਾਲ ਨਾਲ ਸੰਬੰਧਿਤ

1. ਅਵਿੱਦਿਆ   2. ਸੰਸਕਾਰ

ਵਰਤਮਾਨ ਕਾਲ ਨਾਲ ਸੰਬੰਧਿਤ

3. ਵਿਗਿਆਨ   4. ਨਾਮ-ਰੂਪ

5. ਸ਼ੜਾਯਤਨ   6. ਸਪਰਸ਼

7. ਵੇਦਨਾ   8. ਤ੍ਰਿਸ਼ਨਾ

9. ਉਪਾਦਾਨ

ਭਵਿੱਖ ਕਾਲ ਨਾਲ ਸੰਬੰਧਿਤ

10. ਭਵ   11. ਜਾਤੀ

12. ਜਰਾ ਮਰਨ

ਇਸ ਤੋਂ ਸਪਸ਼ਟ ਹੈ ਕਿ ਪ੍ਰਤੀਤਯਸਮੁਤਪਾਦ ਦੇ 12 ਅੰਗ ਤਿੰਨ ਨਿਦਾਨਾਂ ਵਿਚ ਵੰਡੇ ਗਏ ਹਨ ਭੂਤਕਾਲ ਨਿਦਾਨ ਵਰਤਮਾਨ ਕਾਲ ਨਿਦਾਨ ਅਤੇ ਭਵਿੱਖ ਕਾਲ ਨਿਦਾਨ। ਅਰਥਾਤ ਵਰਤਮਾਨ ਜੀਵਨ ਦਾ ਕਾਰਣ ਅਤੀਤ ਜੀਵਨ ਹੈ ਅਤੇ ਭਵਿੱਖ ਕਾਲ ਦਾ ਕਾਰਣ ਵਰਤਮਾਨ ਜੀਵਨ ਦਾ ਕਾਰਜ ਹੈ। ਇਹ ਸਾਰੇ ਇਕ ਚੱਕਰ ਵਿਚ ਘੁੰਮ ਰਹੇ ਹਨ, ਇਹੀ ਸੰਸਾਰ ਚੱਕਰ ਜਾਂ ਜਨਮ-ਮਰਨ ਚੱਕਰ ਹੈ। ਇਨ੍ਹਾਂ ਬਾਰਾਂ ਅੰਗਾਂ ਦਾ ਸੰਖੇਪ ਵਰਨਣ ਇਸ ਤਰ੍ਹਾਂ ਹੈ :-

1. ਅਵਿੱਦਿਆ : ਅਵਿੱਦਿਆ ਦਾ ਸਧਾਰਨ ਅਰਥ ਵਿਦਿਆ ਜਾਂ ਗਿਆਨ ਦਾ ਅਭਾਵ ਹੈ। ਇਥੇ ਗਿਆਨ ਤੋਂ ਭਾਵ ਚਾਰ ਆਰੀਆ ਸਤਯ ਤੋਂ ਹੈ। ਆਰੀਆ ਸਤਯ ਦੇ ਅਗਿਆਨ ਦੇ ਕਾਰਣ ਵਿਅਕਤੀ ਦੁੱਖ ਨੂੰ ਸੁੱਖ ਅਤੇ ਅਨਾਤਮ ਨੂੰ ਆਤਮ ਸਮਝ ਲੈਂਦਾ ਹੈ।

2. ਸੰਸਕਾਰ : ਇਹ ਕਰਮ ਹੈ ਜਿਸਨੂੰ ਮਨੁੱਖ ਅਗਿਆਨਤਾ ਦੇ ਕਾਰਣ ਕਰਦਾ ਹੈ ਅਤੇ ਉਸਦਾ ਫਲ ਭੋਗਦਾ ਹੈ। ਇਹ ਕਿਰਿਆ ਹਮੇਸ਼ਾ ਚਲਦੀ ਰਹਿੰਦੀ ਹੈ। ਮਨੁੱਖ ਨੇ ਪਿਛਲੇ ਜਨਮ ਵਿਚ ਜੋ ਕਰਮ ਕੀਤਾ ਹੈ ਉਸਦਾ ਫਲ ਭੋਗਣ ਲਈ ਵਰਤਮਾਨ ਜੀਵਨ ਮਿਲਿਆ ਹੈ।ਕਰਮ ਸਰੀਰ, ਮਨ ਅਤੇ ਬੋਲ-ਚਾਲ ਤਿੰਨ੍ਹਾਂ ਦੇ ਦੁਆਰਾ ਹੁੰਦਾ ਹੈ। ਇਸ ਲਈ ਸੰਸਕਾਰ ਦੇ ਵੀ ਤਿੰਨ ਪ੍ਰਕਾਰ ਹਨ:- ਕਾਯ ਸੰਸਕਾਰ, ਮਨ ਸੰਸਕਾਰ ਅਤੇ ਵਾਕ ਸੰਸਕਾਰ।

3. ਵਿਗਿਆਨ : ਇਹ ਗਰਭ ਦਾ ਪਲ ਹੈ। ਮਨੁੱਖ ਆਪਣੇ ਪਹਿਲੇ ਜਨਮ ਦੇ ਕਰਮ ਦੇ ਕਾਰਣ ਮਾਤਾ ਦੇ ਗਰਭ ਵਿਚ ਆ ਕੇ ਸਭ ਤੋਂ ਪਹਿਲਾਂ ਚੇਤਨਾ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਇਸ ਚੇਤਨਾ ਦੀ ਅਵਸਥਾ ਤੋਂ ਉਸਨੂੰ ਇੰਦ੍ਰੀਆਂ ਅਤੇ ਵਿਸ਼ਿਆਂ ਦੀ ਜਾਣਕਾਰੀ ਸ਼ੁਰੂ ਹੁੰਦੀ

ਹੈ। ਇਹ ਹੀ ਪਹਿਲੀ ਚੇਤਨਾ ਹੈ।

4. ਨਾਮ-ਰੂਪ : ਇਹ ਦੋ ਸ਼ਬਦਾਂ ਨਾਮ ਅਤੇ ਰੂਪ ਦੇ ਜੋੜ ਨਾਲ ਬਣਿਆ ਹੈ। ਨਾਮ ਦੇ ਅੰਤਰਗਤ ਸੰਗਿਆ, ਵੇਦਨਾ, ਸੰਸਕਾਰ ਅਤੇ ਗਿਆਨ ਆਉਂਦਾ ਹੈ। ਦੋਨੋਂ ਮਿਲਾ ਕੇ ਇਹ ਪੰਜ ਸੰਕਧ ਕਹਾਉਂਦਾ ਹੈ। ਬੋਧ ਗ੍ਰੰਥਾਂ ਦੇ ਅਨੁਸਾਰ ਗਰਭ ਦੇ ਸ਼ਣ ਤੋਂ ਲੈ ਕੇ ਸਰੀਰਿਕ ਤੇ ਮਾਨਸਿਕ ਅਵਸਥਾਵਾਂ ਦੀ ਰਚਨਾ ਹੀ ਨਾਮ-ਰੂਪ ਹੈ। ਇਸਨੂੰ ਮਾਂ ਦੇ ਗਰਭ ਵਿਚ ਪ੍ਰਸਿੱਧੀ ਦੀ ਸਥਿਤੀ ਕਿਹਾ ਜਾਂਦਾ ਹੈ।

5. ਸ਼ਡਾਯਤਨ : ਅਰਥਾਤ ਛੇ ਆਯਤਨ। ਪੰਜ ਗਿਆਨ ਇੰਦ੍ਰੀਆਂ ਤੇ ਮਨ ਨੂੰ ਮਿਲਾ ਕੇ ਸ਼ਡਾਯਤਨ ਕਿਹਾ ਜਾਂਦਾ ਹੈ। ਅੱਖ ਵਿਚ ਰੂਪ, ਕੰਨ ਵਿਚ ਸ਼ਬਦ, ਨੱਕ ਵਿਚ ਗੰਧ, ਜੀਭ ਵਿਚ ਸਵਾਦ, ਚਮੜੀ ਵਿਚ ਸਪਰਸ਼ ਅਤੇ ਮਨ ਵਿਚ ਦੁੱਖ ਸੁੱਖ ਦਾ ਗਿਆਨ ਹੁੰਦਾ ਹੈ।

6. ਸਪਰਸ਼ : ਇਹ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ ਦੀ ਅਵਸਥਾ ਹੈ। ਜਦੋਂ ਇੰਦ੍ਰੀਆਂ ਤੇ ਵਿਸ਼ਿਆਂ ਦਾ ਸੰਜੋਗ ਹੁੰਦਾ ਹੈ ਉਦੋਂ ਵਿਸ਼ਿਆਂ ਦਾ ਗਿਆਨ ਹੁੰਦਾ ਹੈ।

7. ਵੇਦਨਾ : ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਯੋਗ ਨਾਲ ਜੋ ਅਨੁਭਵ ਹੁੰਦਾ ਹੈ। ਉਹੀ ਵੇਦਨਾ ਹੈ। ਵੇਦਨਾ ਤਿੰਨ ਤਰ੍ਹਾਂ ਦੀ ਹੁੰਦੀ ਹੈ : ਸੁੱਖ ਵੇਦਨਾ, ਦੁੱਖ ਵੇਦਨਾ, ਅਸੁੱਖ ਦੁੱਖ ਵੇਦਨਾ।

8. ਤ੍ਰਿਸ਼ਨਾ : ਵਿਸ਼ਿਆਂ ਪ੍ਰਤੀ ਆਸਕਤੀ ਨੂੰ ਤ੍ਰਿਸ਼ਣਾ ਕਹਿੰਦੇ ਹਨ। ਸੁੱਖਕਰ ਵਿਸ਼ਿਆਂ ਦੇ ਪ੍ਰਤੀ ਸਾਡੀ ਆਸਕਤੀ ਜਾਂ ਲਗਾਵ ਹੀ ਤ੍ਰਿਸ਼ਣਾ ਹੈ। ਤ੍ਰਿਸ਼ਣਾ ਤਿੰਨ ਤਰ੍ਹਾਂ ਦੀ ਹੁੰਦੀ ਹੈ - ਕਾਮ ਤ੍ਰਿਸ਼ਣਾ, ਭਵ-ਤ੍ਰਿਸ਼ਣਾ ਅਤੇ ਵਿਭਣ ਤ੍ਰਿਸ਼ਣਾ।

9. ਉਪਾਦਾਨ : ਉਪਾਦਾਨ ਦਾ ਸਾਧਾਰਨ ਅਰਥ ਸਾਮਗਰੀ ਹੈ। ਬੋਧ ਦਰਸ਼ਨ ਅਨੁਸਾਰ ਉਪਾਦਾਨ ਦਾ ਅਰਥ ਵਿਸ਼ਿਆਂ ਨੂੰ ਗ੍ਰਹਿਣ ਕਰਨਾ ਹੈ। ਮਨੁੱਖ ਚਾਰ ਤਰ੍ਹਾਂ ਦੇ ਉਪਾਦਾਨਾਂ ਨੂੰ ਗ੍ਰਹਿਣ ਕਰਦਾ ਹੈ- ਕਾਮ ਉਪਾਦਾਨ ਅਰਥਾਤ ਕਾਮ ਸੁੱਖ ਲਈ ਵਿਸ਼ਿਆਂ ਨੂੰ ਗ੍ਰਹਿਣ ਕਰਨਾ, ਦਰਿਸ਼ਟੀਮੁਪਾਦਾਨ ਅਰਥਾਤ ਕਾਲਪਨਿਕ ਸਿਧਾਂਤਾਂ ਨੂੰ ਗ੍ਰਹਿਣ ਕਰਨਾ, ਸ਼ੋਲੋਪਾਦਾਨ ਅਰਥਾਤ ਕਾਲਪਨਿਕ ਸ਼ੀਲਾਂ ਨੂੰ ਗ੍ਰਹਿਣ ਕਰਨਾ ਅਤੇ ਆਤਮੋਪਾਦਾਨ ਅਰਥਾਤ ਸਨਾਤਨ ਆਤਮਾ ਗ੍ਰਹਿਣ ਕਰਨਾ।

10. ਭਵ : ਇਹ ਪੁਨਰਜਨਮ ਹੈ। ਵਸੁਵੰਧੂ ਦੇ ਅਨੁਸਾਰ ਇਸਦਾ ਅਰਥ ਹੈ ਭਵਿੱਖ ਜਨਮ ਨੂੰ ਉਤਪੰਨ ਕਰਨ ਵਾਲਾ ਕਰਮ।

11. ਜਾਤੀ : ਜਨਮ ਗ੍ਰਹਿਣ ਕਰਨਾ ਜਾਤੀ ਹੈ।[14] ਜਨਮ ਗ੍ਰਹਿਣ ਕਰਨ ਨਾਲ ਵਿਅਕਤੀ ਦੇ ਸਰੀਰਿਕ ਅਤੇ ਮਾਨਸਿਕ ਅੰਗਾਂ ਦਾ ਨਿਰਮਾਣ ਹੋਣ ਲੱਗਦਾ ਹੈ।

12. ਜ਼ਰਾਮਰਨ : ਜ਼ਰਾ ਦਾ ਅਰਥ ਹੈ ਬੁੱਢਾਪਾ ਅਤੇ ਮਰਨ ਦਾ ਅਰਥ ਹੈ ਮੌਤ। ਅਰਥਾਤ ਜੋ ਜਨਮ ਲੈਂਦਾ ਹੈ ਉਸਦੀ ਮੌਤ ਹੁੰਦੀ ਹੈ ਉਹ ਨਵੇਂ ਜਨਮ ਨੂੰ ਪ੍ਰਾਪਤ ਕਰਦਾ ਹੈ।

ਭਗਵਾਨ ਬੁੱਧ ਨੇ ਇਨ੍ਹਾਂ 12 ਅੰਗਾਂ ਨੂੰ ਦੁੱਖ ਦਾ ਕਾਰਣ ਕਿਹਾ ਹੈ। ਬਿਨਾ ਕਾਰਣ ਦੇ ਕਾਰਜ ਉਤਪੰਨ ਨਹੀਂ ਹੁੰਦਾ, ਇਹੀ ਕਾਰਣ-ਕਾਰਜ ਨਿਯਮ ਹੈ। ਜੇਕਰ ਦੁੱਖ ਕਾਰਜ ਹੈ ਤਾਂ ਇਸਦਾ ਕਾਰਣ ਵੀ ਜ਼ਰੂਰ ਹੋਵੇਗਾ। ਭਗਵਾਨ ਬੁੱਧ ਨੇ ਕਿਹਾ ਕਿ ਦੁੱਖ ਦਾ ਵਾਸਤਵਿਕ ਕਾਰਣ ਤ੍ਰਿਸ਼ਣਾ ਹੈ। ਮਨੁੱਖ ਵਿਸ਼ੇ-ਭੋਗਾਂ ਦਾ ਦਾਸ ਹੈ, ਵਿਸ਼ੇ ਭੋਗਾਂ ਦੀ ਆਸਕਤੀ ਹੀ ਉਸਨੂੰ ਵਾਰ-ਵਾਰ ਜਨਮ ਲੈਣ ਦੇ ਲਈ ਮਜਬੂਰ ਕਰਦੀ ਹੈ। ਇਸ ਲਈ ਸੰਸਾਰ ਦਾ ਮੂਲ ਕਾਰਣ ਤ੍ਰਿਸ਼ਣਾ ਹੈ।

3. ਦੁੱਖ ਦੀ ਨਿਵਿਰਤੀ ਸੰਭਵ ਹੈ - ਨਿਰੋਧ ਦਾ ਸਾਧਾਰਨ ਅਰਥ ਹੈ ਬੁਝ ਜਾਣਾ ਅਰਥਾਤ ਦੁੱਖ ਦੇ ਮੁੱਖ ਕਾਰਣ ਤ੍ਰਿਸ਼ਣਾ ਦਾ ਬੁਝ ਜਾਣਾ ਜਾਂ ਸਮਾਪਤ ਹੋ ਜਾਣਾ ਹੈ। ਭਗਵਾਨ ਬੁੱਧ ਨੇ ਕਿਹਾ ਕਿ ਭਿਕਸ਼ੂ ! ਇਹ ਹੈ ਦੁੱਖ ਨਿਰੋਧ ਆਰਯ ਸਤਯ, ਜੋ ਕਿ ਤ੍ਰਿਸ਼ਣਾਂ ਦਾ ਪੂਰੀ ਤਰ੍ਹਾਂ ਨਾਲ ਤਿਆਗ ਹੈ। ਨਿਰੋਧ=ਤਿਆਗ=ਪ੍ਰਤੀਨਿਰਸਰਗ=ਮੁਕਤੀ=ਵਿਲੀਨ ਹੋਣਾ।[15]

ਇਹ ਅਧਿਆਤਮਿਕ ਅਨੁਭਵ ਦੀ ਅੰਤਿਮ ਅਵਸਥਾ ਹੈ। ਜ਼ਰਾਮਰਨ ਤੋਂ ਮੁਕਤੀ ਨੂੰ ਨਿਰਵਾਣ ਕਿਹਾ ਗਿਆ ਹੈ। ਨਿਰਵਾਣ ਭਵ-ਬੰਧਨ ਦਾ ਪੂਰੀ ਤਰ੍ਹਾਂ ਵਿਨਾਸ਼ ਹੈ। ਨਿਰਵਾਣ ਪ੍ਰਾਪਤੀ ਨਾਲ ਜਨਮ-ਮਰਨ ਦੇ ਬੰਧਨ ਤੋਂ ਛੁਟਕਾਰਾ ਹੋ ਜਾਂਦਾ ਹੈ, ਜਨਮ-ਬੰਧਨ ਦੇ ਵਿਨਾਸ਼ ਦੇ ਨਾਲ ਨਾਲ ਦੁੱਖਾਂ ਦਾ ਵੀ ਅੰਤ ਹੋ ਜਾਂਦਾ ਹੈ। ਸਰੀਰ ਧਾਰਨ ਕਰਨ ਨਾਲ ਹੀ ਦੁੱਖ ਦੀ ਅਨੁਭੂਤੀ ਹੁੰਦੀ ਹੈ। ਨਿਰਵਾਣ ਪ੍ਰਾਪਤ ਕਰਕੇ ਵਿਅਕਤੀ ਜਨਮ ਗ੍ਰਹਿਣ ਨਹੀਂ ਕਰਦਾ ਅਰਥਾਤ ਅਮਰ ਹੋ ਜਾਂਦਾ ਹੈ। ਭਗਵਾਨ ਬੁੱਧ ਨੇ ਕਿਹਾ- "ਭਿਖਸ਼ੂ ! ਧਿਆਨ ਦਿਓ, ਮੈਂ ਅੰਮ੍ਰਿਤ ਨੂੰ ਪਾਇਆ ਹੈ। ਮੈਂ ਉਸਦਾ ਉਪਦੇਸ਼ ਕਰਦਾ ਹਾਂ ਹੁਣ ਮੈਂ ਅੰਮ੍ਰਿਤ ਦੀ ਧੁਨ ਬਜਾਊਂਗਾ। ਹੁਣ ਅੰਮ੍ਰਿਤ ਦੇ ਦੁਆਰ ਖੁਲ ਗਏ।[16]

4. ਦੁੱਖ ਦੀ ਨਿਵਿਰਤੀ ਦਾ ਮਾਰਗ (ਅਸ਼ਟ-ਮਾਰਗ)- ਸਭ ਤੋਂ ਪਹਿਲਾਂ ਭਗਵਾਨ ਨੇ ਦੁੱਖ ਦੱਸਿਆ, ਫਿਰ ਦੁੱਖ ਦਾ ਕਾਰਣ ਉਸਤੋਂ ਬਾਅਦ ਨਿਵਾਰਣ ਅਤੇ ਅੰਤ ਨਿਵਿਰਤੀ ਦੇ ਲਈ ਕਿਹੜਾ ਮਾਰਗ ਹੈ ਉਸਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ "ਹੇ ਭਿਖਸ਼ੂ ! ਇਹ ਹੈ ਦੁੱਖ ਨਿਰੋਧ ਵੱਲ ਲੈ ਜਾਣ ਵਾਲਾ ਮਾਰਗ। ਇਹ ਹੀ ਆਰੀਆ ਅਸਟਾਂਗ ਮਾਰਗ ਹੈ, ਜਿਵੇਂ ਕਿ ਠੀਕ ਵਿਚਾਰ, ਠੀਕ ਸੰਕਲਪ, ਠੀਕ ਬਾਣੀ, ਠੀਕ ਵਿਵਹਾਰ, ਠੀਕ ਜੀਵਨ, ਠੀਕ ਉਪਾਅ, ਠੀਕ ਧਿਆਨ, ਠੀਕ ਸਮਾਧੀ"।[17]

ਭਗਵਾਨ ਬੁੱਧ ਦੇ ਇਸ ਕਥਨ ਤੋਂ ਸਪਸ਼ਟ ਹੈ ਕਿ ਦੁੱਖ ਨਿਰੋਧ ਵੱਲ ਜਾਣ ਵਾਲਾ ਮਾਰਗ ਅੱਠ ਅੰਗਾਂ ਨਾਲ ਜੁੜਿਆ ਹੈ। ਇਸ ਲਈ ਇਸਨੂੰ ਅਸ਼ਟਾਂਗ ਮਾਰਗ ਕਹਿੰਦੇ ਹਨ। ਇਸ ਮਾਰਗ ਦੇ ਅੰਗਾਂ ਦੀ ਵਿਉਂਤ ਇਸ ਤਰ੍ਹਾਂ ਹੈ :-

1. ਸੱਚੇ ਵਿਚਾਰ (ਸਮਯਕ ਦ੍ਰਿਸ਼ਟੀ)
2. ਸੱਚੀ ਨਿਯਤ (ਸਮਯਕ ਸੰਕਲਪ)
3. ਸੱਚੇ ਬੋਲ (ਸਮਯਕ ਵਾਕ)
4. ਸੱਚਾ ਵਿਹਾਰ (ਸਮਯਕ ਕਰਮ)
5. ਸੱਚੀ ਰੋਜ਼ੀ (ਸਮਯਕ ਆਜੀਵਿਕਾ)
6. ਸੱਚਾ ਯਤਨ (ਸਮਯਕ ਵਿਆਯਾਮ)
7. ਸੱਚਾ ਮਨੋਯੋਗ (ਸਮਯਕ ਸਮ੍ਰਿਤੀ)
8. ਸੱਚਾ ਧਿਆਨ (ਸਮਯਕ ਸਮਾਧੀ)

ਧੰਮਪਦ ਜਿਸਨੂੰ ਬੋਧਾਂ ਦੀ ਭਗਵਤ ਗੀਤਾ ਕਿਹਾ ਜਾਂਦਾ ਹੈ, ਵਿਚ ਕਿਹਾ ਗਿਆ ਹੈ ਕਿ ਇਹੀ ਸਰੇਸ਼ਠ ਮਾਰਗ ਹੈ ਜਿਸ ਉਤੇ ਚੱਲਕੇ ਮਨੁੱਖ ਆਪਣੇ ਦੁੱਖਾਂ ਦਾ ਅੰਤ ਕਰ ਸਕਦਾ ਹੈ।[18]

ਹਵਾਲੇ ਅਤੇ ਟਿੱਪਣੀਆਂ

1. ਭਗਵਾਨ ਬੁੱਧ ਦੀ ਜਨਮ ਤਰੀਕ ਦੇ ਬਾਰੇ ਵਿਦਵਾਨਾਂ ਵਿਚ ਮਤਭੇਦ ਰਿਹਾ ਹੈ। ਦੇਖੋ-ਵਿੰਟਰਨਿਤਸ ਹਿਸਟਰੀ ਆਫ ਇੰਡੀਅਨ ਲਿਟਰੇਚਰ, ਭਾਗ-2, ਪੰ. 597, ਟਾਮਸ, ਦਿ ਲਾਈਫ ਆਫ ਬੁੱਧ, ਪੰ. 27.
2. ਦੇਵੀ ਮਹਾਮਾਇਆ ਦੀ ਭੈਣ ਅਤੇ ਸਿਧਾਰਥ ਦੀ ਮਾਸੀ। ਸ਼ੁਦੋਧਨ ਨੇ ਦੇਵੀ ਮਹਾਂਮਾਇਆ ਦੀ ਮੌਤ ਤੋਂ ਪਿਛੋਂ ਮਹਾਪ੍ਰਜਾਪਤੀ ਗੌਤਮੀ ਨਾਲ ਵਿਆਹ ਕੀਤਾ ਸੀ।
3. ਲਲਿਤ ਵਿਸਤਾਰ, 14ਵਾਂ ਪਰਿਵਰਤਨ, ਬੁੱਧ ਚਰਿਤ, ਸਰਗ - 3
4. ਮੱਝਿਮ ਨਿਕਾਯ, ਸੁੱਤਪਿਟਕ, ਸੰਪਾ. ਦ੍ਵਾਰੀਕਾ ਦਾਸ ਸ਼ਾਸਤਰੀ, ਪੰ. 1118
5. ਲਲਿਤ ਵਿਸਤਾਰ, ਸੰਪਾ. ਵੈਧਯ, ਪੰ. 174
6. ਸੁੱਤਨਿਪਾਤ (ਪੱਬਜ ਸੁੱਤ), ਸੰਪਾ. ਧਰਮ ਰਕਸ਼ਿਤ, ਪੰ. 103-105
7. ਮੱਝਿਮ ਨਿਕਾਯ (ਬੁਧੀਰਾਜਕੁਮਾਰ ਸੁੱਤ), ਸੰਪਾ. ਦ੍ਵਾਰੀਕਾ ਦਾਸ ਸ਼ਾਸਤਰੀ, ਪੰ. 1123
8. ਮਹਾਤਮਾ ਬੁੱਧ ਦੇ ਜੀਵਨ ਵਿਚ ਦੋ ਭੋਜਨ ਮਹੱਤਵਪੂਰਨ ਹਨ 1) ਸੁਜਾਤਾ ਦੀ ਖੀਰ, ਜਿਸਨੂੰ ਖਾ ਕੇ ਉਹਨਾਂ ਨੇ ਸੰਮਬੁਧੀ ਪ੍ਰਾਪਤ ਕੀਤੀ 2) ਚੰਦ ਦਾ ਭੋਜਨ, ਜਿਸਨੂੰ ਖਾ ਕੇ ਉਹਨਾਂ ਨੇ ਮਹਾਂਪਰਿਨਿਰਵਾਣ ਪ੍ਰਾਪਤ ਕੀਤਾ।
9. ਮਹਾਨਿਪੇਸ, ਪੰ. 476
10. ਬੋਧ ਧਰਮ ਏਵਮ ਦਰਸ਼ਨ, ਬੀ. ਟੇਨ. ਸਿੰਘ, ਪੰ. 4
11. ਮਹਾਂਪਰਿਨਿਰਵਾਣ ਸੂਤਰ, ਸੰਪਾ. ਅਤੇ ਅਨੁਵਾਦਕ ਸਥਵਿਰ ਗ. ਪ੍ਰਗਿਆਨੰਦ ਪੰ. 39-40
12. ਮਹਾਂਵੱਗ, ਵਿਨਯਪਿਟਕ, ਧੱਮਚੱਕਪਥਤਨ ਸੁੱਤ, ਅਨੁਵਾਦਕ-ਰਾਹੁਲ ਸਾਂਕ੍ਰਤਯਾਯਨ, ਪੰ. 8
13. ਮੱਝਿਮ ਨਿਕਾਯ, 1-3-8
14. ਭਵ ਅਤੇ ਜਾਤੀ ਬਹੁਤ ਥੋੜ੍ਹਾ ਫਰਕ ਹੈ। ਭਵ ਪੁਨਰਜਨਮ ਗ੍ਰਹਿਣ ਕਰਨਾ ਹੈ ਅਤੇ ਜਾਤੀ ਸਰੀਰ ਧਾਰਣ ਕਰਨਾ ਹੈ।
15. ਮਹਾਂਵੱਗ, ਵਿਨਯਪਿਟਕ, ਧੱਮਚੱਕਪਥਤਨ ਸੁੱਤ, ਅਨੁਵਾਦਕ-ਰਾਹੁਲ ਸਾਂਕ੍ਰਤਯਾਯਨ ਪੰ.8।
16. ਮੱਝਿਮ ਨਿਕਾਯ, 1/3/6
17. ਮਹਾਂਵੱਗ, ਵਿਨਯਪਿਟਕ, ਧੱਮਚੱਕਪਥਤਨ ਸੁੱਤ, ਅਨੁਵਾਦਕ-ਰਾਹੁਲ ਸਾਂਕ੍ਰਤਯਾਯਨ ਪੰ.8।
18. ਧੱਮਪਦ, ਗਾਥਾ

ਸ੍ਰੀ ਗੁਰੂ ਨਾਨਕ ਦੇਵ

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ*

ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ॥
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ ॥ (1/27)

(1) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਉਸ ਸਮੇਂ ਹੋਇਆ ਜਦੋਂ ਦੇਸ਼ ਦੀ ਵਿਵਸਥਾ ਅਸਤ-ਵਿਅਸਤ ਸੀ। ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਤੌਰ ਤੇ ਨਿਘਰ ਚੁੱਕੀ ਸੀ। ਜਨ ਸਾਧਾਰਨ ਲੋਕ ਸਾਹਸਹੀਣ, ਨਿਰਾਸ਼ਾਵਾਦੀ, ਕਾਇਰ ਬਣ ਚੁੱਕੇ ਸਨ। ਆਤਮ ਵਿਸ਼ਵਾਸ, ਸਵੈਮਾਨ ਛੱਡ ਬੈਠੇ ਸਨ। ਆਪਣੀ ਰਹਿਣੀ ਬਹਿਣੀ, ਸਭਿਆਚਾਰ, ਸੰਸਕ੍ਰਿਤੀ ਤਿਆਗ ਚੁੱਕੇ ਸਨ। ਭਾਸ਼ਾ ਇਸ਼ਟ, ਉਪਾਸ਼ਨਾ, ਭੁੱਲ ਚੁੱਕੇ ਸਨ। ਦੇਵਤਿਆਂ, ਦੇਵਾਲਿਆਂ, ਮੰਦਿਰਾਂ, ਤੀਰਥਾਂ ਤੇ 'ਕਰ' (ਜਜੀਆ, ਕੇਵਲ ਹਿੰਦੂਆਂ ਤੇ) ਲੱਗਾ ਹੋਇਆ ਸੀ। ਧਰਮ ਪਰਿਵਰਤਨ, ਗਊਆਂ ਦਾ ਕਤਲ ਅਤੇ ਮੰਦਿਰ ਤੋੜ ਕੇ ਮਸੀਤਾਂ ਉਸਾਰੀਆਂ ਜਾ ਰਹੀਆਂ ਸਨ। ਭਾਈ ਗੁਰਦਾਸ ਜੀ ਲਿਖਦੇ ਹਨ-

ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ ॥
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ ॥
ਪਾਪੇ ਦਾ ਵਰਤਿਆ ਵਰਤਾਰਾ ॥ (1/20)

ਹਿੰਦੂ ਵਿਚਾਰੇ ਇਥੋਂ ਤਕ ਪਤਨ ਨੂੰ ਚਲੇ ਗਏ, ਆਪਣੇ ਘਰਾਂ ਅੰਦਰ ਚੋਰੀ-ਚੋਰੀ ਆਪਣੀ ਇਸ਼ਟ ਉਪਾਸ਼ਨਾ, ਪੂਜਾ ਕਰਦੇ ਸਨ। ਮੁਸਲਮਾਨਾਂ ਨੂੰ ਪ੍ਰਸੰਨ ਕਰਨ ਵਾਸਤੇ ਘਰ ਦੇ ਦਰਵਾਜ਼ੇ ਵਿਚ ਬੈਠਕੇ ਇਸਲਾਮੀ ਕਿਤਾਬਾਂ ਪੜ੍ਹਦੇ ਸਨ। ਮਾਤ-ਭਾਸ਼ਾ ਤਿਆਗ ਕੇ ਫਾਰਸੀ ਬੋਲਦੇ ਸਨ। 'ਮੀਆ' ਅਖਵਾਉਣ ਵਿਚ ਮਾਣ ਸਮਝਦੇ ਸਨ। ਵਸਤਰ-ਭੂਸ਼ਨ, ਰਹਿਣ-ਬਹਿਣ, ਇਸਲਾਮੀ (ਤਹਿਜ਼ੀਬ ਅਨੁਸਾਰ) ਰੱਖਣ ਵਿਚ ਗੌਰਵ ਮੰਨਦੇ ਸਨ। ਹਿੰਦੂਆਂ ਦੀ ਇਸ ਕਾਇਰਤਾ ਦਾ ਗੁਰੂ ਜੀ ਕਸ਼ੋਭ ਮੰਨਦੇ ਹੋਏ, ਖੋਲ ਕੇ ਵਰਨਣ ਕਰਦੇ ਹਨ।

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ (ਪੰਨਾ 1191)
ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ ॥

---

* ਪਿੰਡ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ

(2) *ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥* (ਪੰਨਾ 470)

ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ (ਪੰਨਾ 903)

ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ (ਪੰਨਾ 472)

ਇਸ ਸਮੇਂ ਵਿਚ ਰਾਜੇ (ਨਵਾਬ) ਪ੍ਰਜਾ ਨੂੰ ਸ਼ੇਰ ਦੀ ਤਰ੍ਹਾਂ ਖਾਂਦੇ/ਲੁੱਟਦੇ ਸਨ। ਮੁਕਦਮ (ਮਾਮਲਾ ਉਗਰਾਉਣ ਵਾਲੇ) ਅਤੇ ਪਿੰਡਾਂ ਦੇ ਚੌਧਰੀ ਪ੍ਰਜਾ ਨਾਲ ਇਸ ਤਰ੍ਹਾਂ ਵਰਤਾਉ ਕਰਦੇ ਸਨ ਜਿਵੇਂ ਸ਼ੇਰ ਤੋਂ ਬਚੀਆਂ ਹੱਡੀਆਂ ਕੁੱਤੇ ਖਾਂਦੇ/ਚੂੰਡਦੇ ਹਨ। ਇਸੀ ਤਰ੍ਹਾਂ ਹੋਰ ਛੋਟੇ ਕਰਮਚਾਰੀ ਵੀ ਕੋਈ ਕਸਰ ਨਹੀਂ ਛੱਡਦੇ ਸਨ। ਰਾਜਕੀਯ ਵਿਵਸਥਾ ਨੂੰ ਗੁਰੂ ਜੀ ਨੇ ਖੋਲ ਕੇ ਦਸਿਆ ਹੈ –

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ (ਪੰਨਾ 145)
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (ਪੰਨਾ 1288)

ਦੁੱਖਾਂ ਦੀ ਨਿਵ੍ਰਿਤੀ ਵਾਸਤੇ ਧਰਮ ਸੰਕਟ ਤੋਂ ਪੀੜਤ ਜੰਤਾ ਹਰ ਸਮੇਂ ਅਰਦਾਸ ਕਰਦੀ ਸੀ।

ਹੇ ਦੇਵ ਹੇ ਦੇਵ ਸੁਪਾਲ ਕੋਸਿ ਦੁਸ਼ਟਾ ਹਜਨੰਨਾਭ: ਖਲੁ ਪਾਪ ਯੁਕਤਾ:
ਪਾਪੰ-ਚਰਿੰਤਿ ਸ੍ਰਗੁਣਾ ਨੁਰਕਤਾ: ਸਰਵ ਪ੍ਰਪੰਚਸਜ ਸੁਰਕਸ਼ਕ ਸਤ੍ਰਮ ॥ 1 ॥
ਹਾ ਦੇਵ ਹਾ ਦੇਵ ਨ ਕੋਪਿਰਾਜਨ ਸਾਧਵੋ ਸਿਧ ਕਲੌ ਪ੍ਰਥਿਵਯਾਮੁ।
ਅਸੰਖਜ ਦੁਸ਼ਟਾ ਬਹੁਪਾਪ ਕਾਰਕਾ ਨਰਾਧ ਮਾਸਤੇ ਮਲੇਛ ਸਰੀਰ ਧਾਰਿਣ: ॥ 2 ॥

ਭਵਿਸ਼ਜਤ ਪੁਰਾਣ ਦੇ ੩੩ ਵੇਂ ਅਧਿਆਏ ਅਨੁਸਾਰ ਪ੍ਰਿਥਵੀ ਦੀ ਪੁਕਾਰ ਸੁਣ ਕੇ ਈਸ੍ਵਰ ਨੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ।

ਕਲੌ ਪ੍ਰਾਪਤੇ ਤਦਾ ਲੋਕੇ ਦੁਰਾਚਾਰ ਰਤੇ ਭਵੇਤ।
ਤਦਾ ਨਾਮਾ ਵਤਾਰੋ ਮੇ ਧਾਂ ਚਾਲੇਹਿ ਭਵਿਸਜਤਿ ॥ 9 ॥
ਕਲਿ ਦੂਖਿਤ ਪ੍ਰਾਤਿਗਜਾ ਲੋਕ ਸਜੋ ਧਾਰ ਹੇਤਵੇ।
ਕ਼ਜਤ੍ਰਿਜਾਣਾ ਕੁਲੇ ਸ਼ੁਪੇ ਨਾਨਕੇਤਿ ਸ੍ਰ ਨਾਮਤ : ॥ 10 ॥
ਗੁਰੁਰ ਭੂਤ੍ਰਾ ਵਖਜੇ ਸਿਧਿ ਸ੍ਰਜੰ ਨ੍ਰਿਨਾਮ
ਸ਼ਿਖਜ: ਪ੍ਰਾਹੋਤਿ ਪਦਮੀ ਮਮ ਧਜਾਨ ਪਰਾਯਣ: ॥ 11 ॥

ਇਸ ਕਥਨ ਦੀ ਭਾਈ ਗੁਰਦਾਸ ਜੀ ਵੀ ਪ੍ਰੋੜਤਾ ਕਰਦੇ ਹਨ।

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਿਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ ॥
ਚਾਰੇ ਪੈਰ ਧਰੰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ ॥
ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ ॥

ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ ॥
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕੁ ਆਇਆ ॥ (1/23)

(3) ਇਸ ਤਰ੍ਹਾਂ ਪੁਰਾਤਨ ਗ੍ਰੰਥਾਂ ਦੇ ਕਥਨ ਅਨੁਸਾਰ ਜਗਤ ਜਲੰਦੇ ਨੂੰ ਤਾਰਨ ਵਾਸਤੇ ਪਿਤਾ ਕਾਲੂ ਮਹਿਤਾ, ਮਾਤਾ ਤ੍ਰਿਪਤਾ ਦੇ ਘਰ ਪਿੰਡ ਤਲਵੰਡੀ ਰਾਇ ਭੋਇ ਦੀ ਹੁਣ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਵੈਸਾਖ ਸੁਦੀ ਤ੍ਰਿਤੀਯ 20 ਵੈਸਾਖ ਸੰਮਤ 1520 ਬਿ: (15 ਅਪ੍ਰੈਲ 1469 ਈ:) ਨੂੰ ਹੋਇਆ।

ਕੁਝ ਲਿਖਤਾਂ ਵਿਚ ਗੁਰੂ ਜੀ ਦਾ ਅਵਤਾਰ ਨਾਨਕੇ ਘਰ ਪਿੰਡ ਚਾਹਲਾਂ ਵਾਲੇ ਹੋਇਆ ਲਿਖਿਆ ਮਿਲਦਾ ਹੈ ਜੋ ਤਲਵੰਡੀ ਤੋਂ 6-7 ਕੋਹ ਦੇ ਫਾਸਲੇ ਤੇ ਹੈ, ਪਰ ਪ੍ਰਸਿੱਧ ਤਲਵੰਡੀ ਵਿਚ ਹੋਣਾ ਮੰਨਿਆ ਜਾਂਦਾ ਹੈ, ਜਿਥੇ ਹੁਣ ਗੁਰਦੁਆਰਾ ਜਨਮ ਸਥਾਨ ਹੈ। ਇਸੀ ਤਰ੍ਹਾਂ ਗੁਰੂ ਜੀ ਦੀ ਜਨਮ ਤਿਥਿ ਬਾਰੇ ਵੀ ਦੋ ਤਰ੍ਹਾਂ ਦੇ ਵਿਚਾਰ ਚਲ ਰਹੇ ਹਨ। ਇਕ ਵਿਚਾਰ ਅਨੁਸਾਰ ਕਤਕ ਪੂਰਨਮਾਸੀ ਦਾ ਅਵਤਾਰ ਮੰਨਿਆ ਜਾਂਦਾ ਹੈ। ਜਿਸਦੀ ਪ੍ਰਸਿੱਧੀ ਦਾ ਕਾਰਣ 'ਬਾਲੇ ਵਾਲੀ ਜਨਮ ਸਾਖੀ' ਹੈ, ਕਿੰਤੂ ਇਸ ਜਨਮ ਸਾਖੀ ਤੋਂ ਪਹਿਲਾਂ ਦੀਆਂ ਲਿਖੀਆਂ ਜਨਮ ਸਾਖੀਆਂ ਵਿਚ ਗੁਰੂ ਜੀ ਦਾ ਅਵਤਾਰ ਵੈਸਾਖ ਸੁਦੀ ਤ੍ਰਿਤੀਯ 20 ਵੈਸਾਖ ਸੰਮਤ 1526 ਬਿ: (15 ਅਪ੍ਰੈਲ 1469 ਈ:) ਹੀ ਲਿਖਿਆ ਮਿਲਦਾ ਹੈ। ਜਨਮ ਤਿਥਿ ਬਾਰੇ ਹੇਠ ਲਿਖੇ ਗ੍ਰੰਥ ਧਿਆਨ ਦੇਣ ਯੋਗ ਹਨ –

ਪੁਰਾਤਨ ਜਨਮ ਸਾਖੀ ਰਚਨਾ ਕਾਲ 1635 ਈ:
ਗੋਸਟ ਗੁਰੂ ਨਾਨਕ ਦੇਵ ਜੀ ਕੀ ਰਚਨਾ 1640 ਈ:
ਮਹਿਮਾ ਪ੍ਰਕਾਸ਼ (ਵਾਰਤਕ) ਰਚਨਾ 1641 ਈ:
ਮਹਿਮਾ ਪ੍ਰਕਾਸ਼ (ਛੰਦ ਵਧ) ਰਚਨਾ 1776 ਈ:
ਜਨਮ ਸਾਖੀ ਭਾਈ ਮਨੀ ਸਿੰਘ ਜੀ ਵਾਲੀ ਰਚਨਾ 1790 ਈ:
ਵੈਰੋਵਾਲ ਵਾਲੀ ਜਨਮ ਸਾਖੀ'

(4) ਗੁਰੂ ਨਾਨਕ ਬੰਸ ਪ੍ਰਕਾਸ਼ (ਸੁਖਵਾਸੀ ਰਾਮ) ਰਚਨਾ 1815 ਈ:

ਇਸ ਤਰ੍ਹਾਂ ਸਾਰੇ ਹੱਥ ਲਿਖਤ ਖਰੜਿਆਂ ਵਿਚ ਵੈਸਾਖ ਸੁਦੀ ਤ੍ਰਿਤੀਯ ਜਨਮ ਤਿਥਿ ਦਿੱਤੀ ਗਈ ਹੈ। ਡਾ. ਪਿਆਰ ਸਿੰਘ ਜੀ ਨੇ 'ਆਦਿ ਸਾਖੀਆਂ' ਦੀ ਸੰਪਾਦਨਾ ਕਰਕੇ ਭੂਮਿਕਾ ਵਿਚ ਇਸ ਤਰ੍ਹਾਂ ਵੇਰਵਾ ਅੰਕਿਤ ਕੀਤਾ ਹੈ।

ਹਥ ਲਿਖਤ	ਜਨਮ ਤਿਥਿ	ਜੋਤੀ ਜੋਤਿ
(1) ਕੋਲ ਬ੍ਰੁਕ ਵਾਲੀ	ਵੈਸਾਖ ਸੁਦੀ 3,1526	1595 ਅਸੂ ਸੁਦੀ 10
(2) ਪ੍ਰੋ: ਪ੍ਰੀਤਮ ਸਿੰਘ	ਵੈਸਾਖ ਸੁਦੀ 3,1526	1595 ਅਸੂ ਸੁਦੀ 10
(3) ਹਾਫਜਾ ਬਾਦ ਵਾਲੀ	ਵੈਸਾਖ ਸੁਦੀ 3,1526	(ਪਨ੍ਹੇ ਗੁਮ ਹਨ)
(4) ਖਾਲਸਾ ਕਾਲਜ ਵਾਲੀ	ਵੈਸਾਖ ਸੁਦੀ 3,1536	1595 ਅਸੂ ਸੁਦੀ 10
(5) ਸਿੱਖ ਰੈਫ੍ਰੈਂਸ ਲਾਇਬਰੇਰੀ	ਵੈਸਾਖ ਸੁਦੀ 3,1526	1596 ਅਸੂ ਸੁਦੀ 10
(6) ਸੈਂਟ੍ਰਲ ਪਬਲਿਕ ਲਾਇਬਰੇਰੀ	ਵੈਸਾਖ ਸੁਦੀ 3,1526	1596 ਅਸੂ ਸੁਦੀ 10

ਇਤਿਹਾਸਿਕ ਦ੍ਰਿਸ਼ਟੀ ਨਾਲ ਪੁਰਾਤਨ ਲਿਖਤਾਂ (ਅਤੇ ਖੋਜੀ ਵਿਦਵਾਨ) ਗੁਰੂ ਨਾਨਕ ਦੇਵ ਜੀ ਦਾ ਅਵਤਾਰ ਤ੍ਰਿਤੀਜ ਵੈਸਾਖ ਅਤੇ ਅਸੂ ਸੁਦੀ 10ਵੀਂ ਜੋਤੀ ਜੋਤਿ ਸਮਾਉਣ ਦਾ ਦਿਨ ਮੰਨਦੇ ਹਨ। ਕਤਕ ਪੂਰਨਮਾਸੀ ਵਾਲੀ ਤਿਥਿ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਪ੍ਰਚਲਤ ਹੋਈ ਹੈ। ਇਸ ਜਨਮ ਸਾਖੀ ਨੂੰ ਹਿੰਦਾਲੀਆਂ ਨੇ ਲਿਖਕੇ ਪ੍ਰਸਿੱਧ ਕੀਤਾ ਹੈ। ਜਿਸ ਵਿਚ ਜਨਮ ਤਿਥਿ ਬਦਲ ਕੇ, ਗੁਰੂ ਜੀ ਦੇ ਅਪਮਾਨ ਵਿਚ ਹੋਰ ਵੀ ਬਹੁਤ ਘਟੀਆ ਸ਼ਬਦਾਵਲੀ ਵਰਤੀ ਹੈ। ਪੁਰਾਤਨ ਮਹਾਂ ਪੁਰਖਾਂ ਤੋਂ ਸੁੰਣਿਆ ਹੈ ਕਿ ਕਤਕ ਪੂਰਨਮਾਸੀ ਨੂੰ ਅੰਮ੍ਰਿਤਸਰ ਦੇ ਲੋਕ ਅਤੇ ਇਲਾਕਾ ਨਿਵਾਸੀ ਸਿੱਖ ਰਾਮ ਤੀਰਥ ਦੇ ਮੇਲੇ ਤੇ ਚਲੇ ਜਾਂਦੇ ਸਨ। ਅਜੇਹੇ ਵਿਅਕਤੀਆਂ ਨੂੰ ਗੁਰੂ ਘਰ ਨਾਲ ਜੋੜਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਬੰਧਕ ਗਿਆਨੀ ਸੰਤ ਸਿੰਘ ਜੀ ਨੇ ਕਤਕ ਪੂਰਨਮਾਸੀ ਦਾ ਗੁਰਪੁਰਬ ਪ੍ਰਸਿਧ ਕੀਤਾ ਅਤੇ ਪ੍ਰੇਰਨਾ ਦਿਤੀ ਕਿ ਗੁਰੂ ਘਰ ਨੂੰ ਛਡਕੇ ਹੋਰ ਕਿਤੇ ਜਾਣ ਦੀ ਲੋੜ ਨਹੀਂ ਹੈ। ਅਗੇ ਲਈ ਗੁਰੂ ਜੀ ਦਾ ਇਹੀ ਗੁਰਪੁਰਬ ਦਿਹਾੜਾ ਪ੍ਰਸਿੱਧ ਹੋ ਗਿਆ।

ਬਾਲੇ ਵਾਲੀ ਜਨਮ ਸਾਖੀ ਦੇ ਅਧਾਰ ਤੇ ਹੀ ਭਾਈ ਸੰਤੋਖ ਸਿੰਘ ਜੀ ਨੇ 'ਨਾਨਕ ਪ੍ਰਕਾਸ਼' ਵਿਚ ਅਤੇ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ/ ਤਵਾਰੀਖ ਗੁਰੂ ਖਾਲਸਾ ਆਦਿਕ ਗ੍ਰੰਥਾਂ ਵਿਚ ਕਤਕ ਪੂਰਨਮਾਸੀ ਦਾ ਦਿਹਾੜਾ ਲਿਖ ਦਿਤਾ।

ਕੁਝ ਵਿਅਕਤੀ ਪੂਰਨਮਾਸੀ ਦੇ ਪੂਰਬ ਬਾਰੇ ਭਾਈ ਗੁਰਦਾਸ ਜੀ ਦੇ ਇਸ ਕਬਿੱਤ ਦਾ ਪ੍ਰਮਾਣ ਦਿੰਦੇ ਹਨ।

ਕਾਰਤਕ ਮਾਸ ਰੁਤਿ ਸਰਦ ਪੂਰਨ ਮਾਸੀ,
ਆਠਜਾਮ ਸਾਰਿ ਘਰੀ ਆਜ ਤੇਰੀ ਬਾਰੀ ਹੈ।
ਅਉਸਰ ਅਭੀਚ ਬ੍ਰਹ ਨਾਇਕ ਕੀ ਨਾਇਕਾ ਹੁਇ,
ਰੂਪ ਮੁਨ ਜੋਬਨ ਸਿੰਗਾਰ ਅਧਿਕਾਰੀ ਹੈ।
ਚਾਤਰ-ਚਤੁਰ ਪਾਠ ਸੇਵਕ ਸਹੇਲੀ ਸਾਰਿ,
ਸੰਪਦਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ।
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ,
ਜੀਵਨ ਜਨਮ ਧੰਨਿ ਪ੍ਰਿਤਮ ਪਿਆਰੀ ਹੈ ॥

(5) ਬ੍ਰਜ ਭਾਸ਼ਾ ਸਾਹਿੱਤ ਦੇ ਜਾਣੂ ਵਿਦਵਾਨ ਚੰਗੀ ਤਰ੍ਹਾਂ ਜਾਣਦੇ ਹਨ, ਬ੍ਰਜ ਭਾਸ਼ਾ ਸਾਹਿੱਤ ਵਿਚ ਰਿਤੂ ਵਰਣਨ ਕਵੀਆਂ ਦਾ ਮਨ ਭਉਂਦਾ ਵਿਸ਼ਾ ਸੀ, ਹਰ ਇਕ ਕਵੀ ਨੇ ਖਟ ਰਿਤੂ ਵਰਣਨ ਕਰਕੇ ਆਪਣੀ ਪ੍ਰਤਿਭਾ ਬੁਧੀ ਦੇ ਚਮਤਕਾਰ ਵਿਖਾਏ ਹਨ। ਖਟ ਰਿਤੂ ਸਰਦ ਰੁਤ (ਅਸੂ-ਕਤਕ) ਦੀ ਉਪਮਾ ਵਿਚ ਕਵੀ ਸੁੰਦਰ ਸੁੰਦਰ ਮਨੋਹਰ ਅਲਕਾਰ ਵਰਤਦੇ ਰਹੇ ਹਨ। ਭਾਈ ਗੁਰਦਾਸ ਜੀ ਵੀ ਬ੍ਰਜ ਭਾਸ਼ਾ, ਸਾਹਿੱਤ ਕਾਵਿ ਦੇ ਅਦੁੱਤੀ ਵਿਦਵਾਨ ਅਤੇ ਕਵੀ ਸਨ। ਆਪ ਜੀ ਨੇ ਕਬਿੱਤ ਸਵੈਯਾ ਵਿਚ ਚਾਰ ਪੰਜ ਕਬਿੱਤਾਂ ਵਿਚ ਕੇਵਲ ਸ਼ਰਦ ਰਿਤੂ ਦਾ ਵਰਣਨ ਕੀਤਾ ਹੈ। ਇਨ੍ਹਾਂ ਕਬਿਤਾਂ ਦਾ ਗੁਰੂ ਨਾਨਕ ਦੇਵ ਜੀ ਦੀ ਜਨਮ ਤਿਥਿ ਨਾਲ ਕੋਈ ਸੰਬੰਧ ਨਹੀਂ ਹੈ।

ਇਸੀ ਤਰ੍ਹਾਂ ਗੁਰੂ ਜੀ ਦੇ ਜਨਮ ਦੀ ਵੈਸਾਖ ਤਿਥਿ ਸਿੱਧ ਕਰਨ ਵਾਲੇ ਭਾਈ ਗੁਰਦਾਸ ਜੀ ਦੀ ਇਸ ਪੰਕਤੀ ਦਾ ਪ੍ਰਮਾਣ ਦਿੰਦੇ ਹਨ।

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ॥ (1/27)

ਇਥੇ 'ਵਿਸੋਆ' ਦਾ ਅਰਥ 'ਵੈਸਾਖੀ' ਹੈ। ਵੈਸਾਖੀ ਵੈਸਾਖ ਸੰਕ੍ਰਾਂਤ ਨੂੰ ਹੁੰਦੀ ਹੈ ਜਦੋਂ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਤਿਥਿ 20 ਵੈਸਾਖ ਨੂੰ ਹੈ। ਇਸ ਪੰਕਤੀ ਨਾਲ ਵੀ ਗੁਰੂ ਜੀ ਦੀ ਜਨਮ ਤਿਥਿ ਦਾ ਕੋਈ ਸੰਬੰਧ ਨਹੀਂ ਹੈ। ਇਸ ਦਾ ਅਰਥ ਤਾਂ ਕੇਵਲ ਇਤਨਾ ਹੀ ਹੈ, ਕਿ ਗੁਰੂ ਜੀ ਦੀ ਕ੍ਰਿਪਾ ਨਾਲ ਥਾਂ-ਥਾਂ ਧਰਮਸ਼ਾਲਾਂ ਕਾਇਮ ਹੋ ਗਈਆਂ। ਥਾਂ-ਥਾਂ ਸਤਿ ਸੰਗ, ਕਥਾ-ਕੀਰਤਨ ਹੋ ਰਿਹਾ ਹੈ। ਹਰ ਸਮੇਂ ਵੈਸਾਖੀ ਦਾ ਪਰਵ ਬਣਿਆ ਰਹਿੰਦਾ ਹੈ। ਹਰ ਸਮੇਂ ਸ਼ਾਂਤੀ, ਆਨੰਦ ਬਣਿਆ ਰਹਿੰਦਾ ਹੈ।

ਇਸੀ ਤਰ੍ਹਾਂ ਜੋਤੀ ਜੋਤਿ ਸਮਾਉਣ ਦੀ ਤਿਥਿ ਅਸੂ ਵਦੀ 10ਵੀਂ ਗਲਤ ਪ੍ਰਚਲਤ ਹੋ ਗਈ ਜਦੋਂ ਕਿ ਪੁਰਾਤਨ ਗ੍ਰੰਥਾਂ ਵਿਚ ਅਸੂ ਸੁਦੀ 10ਵੀਂ ਲਿਖੀ ਹੋਈ ਹੈ। ਗੁਰੂ ਜੀ ਦੀ ਕੁਲ ਆਯੂ 70 ਵਰਸ 5 ਮਹੀਨੇ 7 ਦਿਨ ਲਿਖੀ ਮਿਲਦੀ ਹੈ। ਜਿਵੇਂ ਕਵੀ ਸੋਧਾ ਸਿੰਘ ਲਿਖਦਾ ਹੈ :-

ਸਤਰ ਵਰਸ ਅਰੁ ਸਾਤ ਦਿਨ ਮਾਸ ਪਾਂਚ ਹੈ ਜੋਇ।
ਕੀਯੋ ਰਾਜ ਨਾਨਕ ਗੁਰੂ ਭਗਤਿ ਗਜਾਨ ਯੁਤ ਹੋਇ।

ਜੇਕਰ ਗੁਰੂ ਜੀ ਦਾ ਅਵਤਾਰ ਪੂਰਨਮਾਸੀ ਨੂੰ ਮੰਨੀਏ ਤਾਂ 6 ਮਹੀਨੇ ਹੋਰ ਘੱਟ ਬਣਦੇ ਹਨ। ਇਸੀ ਤਰ੍ਹਾਂ ਜੋਤੀ ਜੋਤਿ ਸਮਾਉਣ ਦਾ ਸਮਾਂ ਅਸੂ ਵਦੀ 10ਵੀਂ ਮੰਨੀਏ ਤਾਂ 15 ਦਿਨ ਹੋਰ ਘੱਟ ਜਾਂਦੇ ਹਨ। ਵੈਸਾਖ ਤ੍ਰਿਤੀਯ, 20 ਵੈਸਾਖ ਦਾ ਅਵਤਾਰ ਦਿਹਾੜਾ ਮੰਨਣ ਨਾਲ ਅਤੇ ਜੋਤੀ ਜੋਤਿ ਸਮਾਉਣ ਦਾ ਦਿਨ ਅਸੂ ਸੁਦੀ 10ਵੀਂ ਮੰਨਕੇ ਗੁਰੂ ਜੀ ਦੀ ਆਯੂ ਦਾ ਸਮਾਂ ਪੂਰਾ ਬਣਦਾ ਹੈ।

(6) ਗੁਰੂ ਜੀ ਦੇ ਨਾਮ ਕਰਨ ਬਾਰੇ ਵੀ ਕਈ ਤਰ੍ਹਾਂ ਦੇ ਵਿਚਾਰ ਹਨ। ਕੁਝ ਗ੍ਰੰਥਾਂ ਵਿਚ ਲਿਖਿਆ ਹੈ ਕਿ ਗੁਰੂ ਜੀ ਦਾ ਅਵਤਾਰ ਪਿੰਡ ਚਾਹਲਾਂ ਵਾਲੇ ਨਾਨਕੇ ਘਰ ਹੋਇਆ ਸੀ, ਇਸ ਕਰਕੇ ਨਾਮ 'ਨਾਨਕ' ਰਖਿਆ ਗਿਆ। ਕੁਝ ਲੇਖਕਾਂ ਦਾ ਮੱਤ ਹੈ ਕਿ ਗੁਰੂ ਜੀ ਦੀ ਭੈਣ ਦਾ ਨਾਮ 'ਨਾਨਕੀ' ਸੀ ਜੋ ਗੁਰੂ ਜੀ ਨਾਲੋਂ ਪੰਜ ਸਾਲ ਵੱਡੇ ਸਨ, ਬੇਟੀ ਦਾ ਨਾਮ ਨਾਨਕੀ ਹੋਣ ਕਰਕੇ ਬੇਟੇ ਦਾ ਨਾਮ 'ਨਾਨਕ' ਪ੍ਰਸਿੱਧ ਹੋਇਆ। ਇਕ ਮੱਤ ਇਹ ਵੀ ਹੈ ਕਿ ਜੋਤਿਸ਼ ਅਨੁਸਾਰ ਗੁਰੂ ਜੀ ਦੇ ਨਾਮ ਨਾਲ 'ਨ' ਨਿਕਲਨ ਕਰਕੇ 'ਨਾਨਕ' ਨਾਮਕਰਨ ਹੋਇਆ ਹੈ।

ਕਿੰਤੂ ਸੰਸਕ੍ਰਿਤ, ਬ੍ਰਜ ਭਾਸ਼ਾ, ਵਿਆਕਰਣ, ਕਾਵਿ, ਸਾਹਿੱਤ, ਇਤਿਹਾਸ ਦੇ ਧੁਰੰਧਰ ਵਿਦਵਾਨ ਗੁਰੂ ਘਰ ਦੇ ਅਨਨਜ ਸਿਖ, ਅਨੇਕ ਮਹਾਂ ਪੁਰਖ ਆਪਣੇ ਅਨੁਭਵ ਤ੍ਰਿਕਾਲ ਦਰਸੀ ਵਿਵੇਕ ਬੁਧੀ,ਵਿਦਿਆ ਦ੍ਵਾਰਾ 'ਨਾਨਕ' ਸ਼ਬਦ ਦੀ ਵਿਉਤਪਤੀ ਇਸਤਰ੍ਹਾਂ ਦਸਦੇ ਹਨ।

ਸੰਸਕ੍ਰਿਤ ਦੇ ਗ੍ਰੰਥ ਸ੍ਰੀ ਗੁਰੂ ਨਾਨਕ ਸਤੋਤ੍ਰ ਰਤਨਾਕਰ ਵਿਚ ਗੁਰੂ ਜੀ ਦੇ ਨਾਮ ਦੀ ਵਿਉਤਪਤੀ ਇਸ ਤਰ੍ਹਾਂ ਵਰਣਨ ਕੀਤੀ ਹੈ।

ਨਾ=ਪੁਰਖ; ਕ=ਸੁੱਖ ਨੂੰ ਕਹਿੰਦੇ ਹਨ; ਅ+ਕ, ਅਕ ਨਾਮ ਦੁੱਖ ਦਾ ਹੈ। ਨ + ਅਕ = ਅਨਕ (ਅਨਸੂਰੇ ਸੂਤ੍ਰ ਨਾਲ) ਸੁੱਖ, ਨਾ+ਅਨਕ=ਨਾਨਕ (ਸੁਰਣੇ ਦੀਰਘਾ ਸਾਹ)=ਸੁਖ ਰੂਪ ਪੁਰਖ। ਸਦਾ ਆਨੰਦ (ਕਰਮ ਧਾਰੇ ਸਮਾਸ ਹੈ) ਸਦਾ ਆਨੰਦ ਸੁੱਖ ਰੂਪ

(7) ਵਿਦਵਾਨ ਇਸ ਤਰ੍ਹਾਂ ਵੀ ਅਰਥ ਕਰਦੇ ਹਨ।

ਨਾਂ + ਅਨਕੰ ਵਿਦਜਤੇ ਯਸਮਿਨ ਸ: ਨਾਨਕ; ਭਾਵ = ਨਾ ਹੋਵੇ ਅਨੇਕਤਾ ਜਿਸ ਵਿਚ

ਸੋ ਨਾਨਕ, (ਸ੍ਰੀ ਗੁਰੂ ਗ੍ਰੰਥ ਕੋਸ਼ ਪੰਨਾ 690)

ਇਸ ਅਰਥ ਦੀ ਵਿਜਾਏ ਪਹਿਲਾਂ ਅਰਥ ਯਥਾਰਥ ਅਤੇ ਭਾਵ ਪੂਰਤ ਹੈ।

ਭਾਈ ਸੰਤੋਖ ਸਿੰਘ ਜੀ ਨਾਨਕ ਪ੍ਰਕਾਸ਼ (ਅਧਿ4) ਵਿਚ ਨਾਨਕ ਸ਼ਬਦ ਦੀ ਵਿਉਂਤਪਤੀ ਇਸ ਤਰ੍ਹਾਂ ਕਢਦੇ ਹਨ

ਪ੍ਰਾਕ ਜੁ ਨਕਾਰ ਨ ਪ੍ਰਮਾਨ ਅਭਿਧਾਨ ਜਾਨ,
ਤਾਹੂੰ ਤੇ ਅਕਾਰ ਲੇ 'ਅਨਕ' ਪ੍ਰਨਤੀਨ ਹੈ।
ਦੂਸਰੋ ਨਕਾਰ ਤੇ ਨਕਾਰ ਕੈ ਆਕਾਰ ਕਰਿ,
ਭਯੋ 'ਅਨ ਅਕ' ਚਾਰ ਵਰਨ ਸੁ ਕੀਨ ਹੈ।
'ਅਕ' ਨਾਮ 'ਦੁਖ' ਕੋ ਵਿਦਤ ਹੈ ਜਗਤ ਮੱਧ,
ਜਾ ਨਰ ਕੋ ਨਹੀ ਦੁਖ ਸਦਾ ਸੁਖ ਲੀਨ ਹੈ
ਐਸੇ ਇਹ 'ਨਾਨਕ' ਕੇ ਨਾਮ ਕੋ ਅਰਥ ਚੀਨ,
ਸਤਿ ਚਿਦਾ ਨੰਦ ਨਿਤ ਭਗਤਿ ਅਧੀਨ ਹੈ।

ਭਾਈ ਨੰਦ ਲਾਲ ਜੀ ਤੌਸੀਫੋ ਸਨਾ ਵਿਚ ਅੰਕਿਤ ਕਰਦੇ ਹਨ।

ਹਰ ਦੂ ਨੂਨਿ ਨਾਮਿ ਪਾਕਸ਼ ਨਈਮ ਵ ਨਸੀਰ ॥
ਵ ਅਲਫਿ ਮਿਆਂ ਅਹਦਵ ਕਾਫ਼ਿ ਆਖਰੀਂ ਰਾ ਆਖਰੀਂ ਕਬੀਰ ॥

ਉਸ (ਗੁਰੂ ਨਾਨਕ ਦੇਵ ਜੀ) ਦੇ ਦੋ ਨੂਨ ('ਨ' ਅਖਰ ਭਾਵ ਨਨੇ) ਨਈਮ ਦਾਤਾ ਤੇ ਨਸੀਰ ਸਹਾਇਕ ਹੋਣ ਦੇ ਸੂਚਕ ਹਨ। ਵਿਚਕਾਰਲਾ ਅਲਫ ('ਅ' ਕੰਨਾ) (ਅਹਦ) ਏਕੰਕਾਰ ਦਾ ਲਖਾਇਕ ਹੈ। ਅੰਤਲਾ ਕਾਫ ('ਕਕਾ' ਅਖਰ) ਵਡੇ ਹੋਣ ਦਾ ਵਾਚਕ ਹੈ। ਉਹ ਪੂਰਨ ਮਹਾਂ ਪੁਰਖ (ਗੁਰੂ ਨਾਨਕ ਦੇਵ ਜੀ) ਦੋ ਜਹਾਨਾਂ ਦਾ ਸੁਆਮੀ ਹੈ।

ਗੁਰੂ ਜੀ ਦਾ ਜੀਵਨ ਖਿਉਰਾ ਇਕ ਦ੍ਰਿਸਟੀ ਵਿਚ

ਗੁਰੂ ਜੀ – ਵੈਸਾਖ ਸੁਦੀ ਤ੍ਰਿਤੀਯ, 20 ਵੈਸਾਖ ਦਿਨ ਸ਼ਨੀਵਾਰ ਸੰਮਤ 1526 ਬਿ: (15 ਅਪ੍ਰੈਲ 1469 ਈ:) ਨੂੰ ਪ੍ਰਗਟ ਹੋਏ।
ਵਿਵਾਹ 21 ਮਈ 1487 ਨੂੰ ਹੋਇਆ।
ਬਾਬਾ ਸ੍ਰੀ ਚੰਦ੍ਰ ਜੀ ਦਾ ਜਨਮ 1494 ਨੂੰ ਹੋਇਆ।
ਬਾਬਾ ਲਖਮੀ ਦਾਸ ਜੀ ਦਾ ਜਨਮ 1497 ਨੂੰ ਹੋਇਆ
(8) ਸੁਲਤਾਨ ਪੁਰ ਲੋਧੀ ਆਏ ਮੋਦੀ ਖਾਨਾ ਸੰਭਾਲਿਆ 1504
ਮੋਦੀ ਖਾਨਾ ਅਤੇ ਸੁਲਤਾਨਪੁਰ ਛੱਡਿਆ 30 ਅਗਸਤ 1507
ਪਹਿਲੀ ਉਦਾਸੀ 1508 ਤੋਂ 1515 ਤਕ
ਕਰਤਾਰਪੁਰ ਆਬਾਦ ਕੀਤਾ 1516 ਵਿਚ (ਇਥੇ 18 ਸਾਲ ਰਹੇ)
ਦੂਸਰੀ ਉਦਾਸੀ 1517 ਤੋਂ 1518 ਵਿਚ
ਤੀਸਰੀ ਉਦਾਸੀ 1518 ਤੋਂ 1521 ਤਕ
ਜੋਤੀ ਜੋਤਿ 23 ਅਸੂ (ਵਦੀ 10ਵੀਂ) ਸੰਮਤ 1596 (22 ਸਤੰਬਰ 1539 ਈ:) ਕੁਲ ਆਯੂ 70 ਸਾਲ, 5 ਮਹੀਨੇ, 3 ਦਿਨ।

ਗੁਰੂ ਜੀ ਬਚਪਨ ਤੋਂ ਯੁਵਾ ਅਵਸਥਾ ਤਕ ਤਲਵੰਡੀ ਵਿਚ ਰਹੇ। ਸੰਨ 1504 ਵਿਚ ਸੁਲਤਾਨ ਪੁਰ ਆਉਣ ਸਮੇਂ ਗੁਰੂ ਜੀ ਦੀ ਆਯੂ 35 ਵਰਸ 6 ਮਹੀਨੇ 15 ਦਿਨ ਦੀ ਸੀ। ਲੋਕਾਂ ਦੀ ਦ੍ਰਿਸਟੀ ਵਿਚ ਗੁਰੂ ਜੀ ਮੋਦੀ ਖਾਨੇ ਵਿਚ ਕੰਮ ਕਰ ਰਹੇ ਸਨ। ਪਰ ਗੁਰੂ ਜੀ ਲੋਕਾਂ ਦੀ ਵਿਵਸਥਾ ਤੇ ਚਿੰਤਤ ਸਨ। ਸੰਸਾਰ ਅਧਜਾਤਮਕ ਅਧਿਭੌਤਕ, ਅਧਿ ਦੈਵਕ ਤਿੰਨ ਤਾਪਾਂ ਵਿਚ ਗਰਸਿਆ ਹੋਇਆ ਸੀ। ਨਤਾਣੀ ਪ੍ਰਜਾ ਵਾਸਤੇ ਨਾ ਹਾਕਮ ਜਮਾਤ ਹਮਦਰਦੀ ਸੀ, ਨਾ ਆਗੂਆਂ (ਬ੍ਰਾਹਮਣਾ ਜੋਗੀਆਂ) ਵਿਚ ਸਹਾਨਭੂਤੀ ਸੀ। ਲੋਕੀ ਰਾਜ ਸਤਾ ਅਤੇ ਦੰਭ ਦੇ ਦੋ ਪੁੜਾਂ ਵਿਚ ਪਿਸ ਰਹੇ ਸਨ। ਇਸ ਸਮੇਂ ਦੀ ਵਿਵਸਥਾ ਦਾ ਵਰਣਨ ਭਾਈ ਗੁਰਦਾਸ ਜੀ ਨੇ ਵੇਰਵੇ ਨਾਲ ਕੀਤਾ ਹੈ।

ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ ॥ (1/21)
ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ ॥
ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ ॥
ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌ ਰਸਾਤਲਿ ਟੋਆ ॥ (1/22)

ਇਤਿਹਾਸ ਵਿਚ ਗੁਰੂ ਜੀ ਦੀ ਕਾਲੀ ਵੇਈਂ ਨਦੀ ਦੇ ਪ੍ਰਵੇਸ਼ ਵਾਲੀ ਸਾਖੀ ਬਹੁਤ ਪ੍ਰਸਿੱਧ ਹੈ। ਇਹ ਇਸੇ ਸਮੇਂ ਵਾਪਰੀ ਹੈ, ਜਦ ਗੁਰੂ ਮਾਨਵ-ਕਲਿਆਣ ਲਈ ਸੋਚ ਰਹੇ ਸਨ। ਗੁਰੂ ਜੀ ਨੇ ਕਾਲੀ ਵੇਈਂ ਨਦੀ ਵਿਚ ਪ੍ਰਵੇਸ਼ ਭਾਦੋਂ ਸੁਦੀ 13ਵੀਂ ਸੰਮਤ 1564 ਬਿ: (23 ਅਗਸਤ 1507) ਨੂੰ ਕੀਤਾ ਸੀ। ਬਾਬਾ ਮਿਹਰਵਾਨ ਜੀ ਨੇ 'ਸੱਚ ਖੰਡ (ਪੋਥੀ) ਵਿਚ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ।

'ਜਿਉ ਕਪੜੇ ਉਤਾਰਿ ਨਫਰ ਕਉ ਪਕੜਾਏ ਜੂੜਾ ਕਰਿ ਕਰਿ ਜਿਉ ਦਰਿਆਵ ਵਿਚਿ ਜਿਉ ਟੁਬਕੀ ਮਾਰੀ ਤਿਉ ਫਿਰਿ ਨ ਨਿਕਲਿਆ।'

(9) ਗੁਰੂ ਜੀ ਵੇਈਂ ਵਿਚ ਪ੍ਰਵੇਸ਼ ਕਰਕੇ ਤਿੰਨ ਦਿਨ ਅਲੋਪ ਰਹੇ। ਭਾਈ ਗੁਰਦਾਸ ਜੀ ਦੇ ਕਥਨ ਤੋਂ ਪਤਾ ਲੱਗਦਾ ਹੈ ਕਿ ਪਾਰਬ੍ਰਹਮ ਪਰਮੇਸ੍ਰਰ ਨਾਲ ਜੁੜਕੇ ਤਿੰਨ ਦਿਨ ਨਿਰਣੈ ਪੂਰਬਕ ਚਿੰਤਨ ਕਰਦੇ ਰਹੇ। ਨਾਲ ਹੀ ਗੁਰੂ ਜੀ ਨੇ ਧਿਆਨ ਪੂਰਬਕ ਦ੍ਰਿਸਟੀ ਨਾਲ ਵੇਖਿਆ ਤਾਂ, ਸ੍ਰਿਸਟੀ ਜਲ ਰਹੀ ਸੀ। ਆਧਿ, ਬਿਆਧਿ, ਉਪਾਧਿ, ਨਾਲ ਪੀੜਤ ਸੀ। ਅਤਿਆਚਾਰ ਦੀ ਮਾਰੀ, ਅਵਿਦਿਆ ਦੇ ਅੰਧਕਾਰ ਵਿਚ ਭੜਕ ਰਹੀ ਸੀ। ਇਸ ਰਹਸਜ ਦੇ ਸਮੇਂ ਨੂੰ ਭਾਈ ਗੁਰਦਾਸ ਜੀ ਅੰਕਿਤ ਕਰਦੇ ਹਨ।

ਬਾਬਾ ਪੈਧਾ ਸਚਿ ਖੰਡਿ ਨਿਉ ਨਿਧਿ ਨਾਮੁ ਗਰੀਬੀ ਪਾਈ ॥
ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜ੍ਹਿਆ ਸੋਧਣਿ ਧਰਤਿ ਲੁਕਾਈ ॥ (1/24)

ਗੁਰੂ ਜੀ ਦੀਰਘੁ ਵਿਚਾਰ ਕਰਕੇ , ਧਰਤਿ ਨੂੰ ਸੋਧਨ ਵਾਸਤੇ, 'ਹੈ ਹੈ' ਕਰਦੀ ਲੋਕਾਈ ਨੂੰ ਗੂੜੀ ਨਿੰਦ੍ਰਾ ਤੋਂ ਜਗਮਾਉਣ ਵਾਸਤੇ, ਖੰਡੇ ਧਾਰ ਕੰਡਿਆਲੇ ਵਿਖਮ ਮਾਰਗ ਤੇ ਤੁਰਨਾ ਪੈਣਾ ਸੀ। ਰਾਜ ਮੱਦ ਨਾਲ ਭਰੇ ਅਹੰਕਾਰੀ ਹਾਕਮਾਂ ਨਾਲ ਲੋਹਾ ਲੈਣਾ ਪੈਣਾ ਸੀ। ਬ੍ਰਾਹਮਣਾਂ ਜੋਗੀਆਂ

ਅਤੇ ਅਨਜ ਭੇਖਾਂ ਨਾਲ ਮੱਥਾ ਆਉਣਾ ਪੈਣਾ ਸੀ। ਚੋਰਾਂ, ਠੱਗਾਂ, ਧਾਮਰਾ, ਕਾਤਲਾਂ ਅਤੇ ਜੰਗਲੀ ਅਸਭਜ ਲੋਕਾਂ ਨਾਲ ਵਾਹ ਪੈਣਾ ਸੀ। ਹਜਾਰਾਂ ਮੀਲਾਂ ਦੀ ਯਾਤ੍ਰਾ, ਓਪਰੇ ਵਿਅਕਤੀ, ਸੈਂਕੜੇ ਕੋਹ ਲੰਮੇ ਭਿਆਨਕ ਜੰਗਲ, ਮੱਛਰ, ਬਿਛੂ, ਸਰਪ, ਸ਼ੇਰ, ਬਘਿਆੜ ਆਦਿਕ ਹਿੰਸਕ ਜੀਵਾਂ ਦੇ ਖਤਰੇ ਮਨੁੱਖ ਨੂੰ ਖਾ ਜਾਣ ਵਾਲੇ ਅਸਭਜ ਜੰਗਲੀ ਕਬੀਲੇ, ਓਪਰੇ ਲੋਕ, ਓਪਰੇ ਮਜ਼ਹਬ, ਓਪਰੇ ਰਸਮ ਰਿਵਾਜ, ਰਹੁ-ਰੀਤਾਂ ਓਪਰੀਆਂ ਬੋਲੀਆਂ, ਕਈ ਕਈ ਦਿਨ ਦੀ ਭੁੱਖ ਪਿਆਸ, ਅਨੇਕ ਤਰ੍ਹਾਂ ਦੀ ਉਬੜ ਖਾਬੜ ਧਰਤੀ ਤਪਦੇ ਰੇਗਸਤਾਨ, ਠੰਡੀਆਂ ਬਰਫਾਂ ਦੇ ਪਹਾੜ, ਇਹ ਸਭ ਨਿਰਨੇ ਕਰਕੇ ਗੁਰੂ ਜੀ ਜਗਤ ਜਲੰਦੇ ਨੂੰ ਸਦ-ਮਾਰਗ ਪਉਣ ਵਾਸਤੇ ਤਿਆਰ ਹੋ ਪਏ। ਇਸ ਮਹਾਨ ਕਾਰਜ ਦੀ ਸਹਾਇਤਾ ਲਈ ਨਾ ਕੋਈ ਰਾਜਕੀਯ ਸ਼ਕਤੀ ਸੀ, ਨਾ ਕੋਈ ਸਮਾਜਿਕ ਸੰਸਥਾ ਸੀ। ਨਾ ਧਨ-ਪਦਾਰਥ ਸੀ। ਬਸ

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ॥ (1/35)

ਪਰ ਗੁਰੂ ਜੀ ਦਾ ਅਕਾਲ ਪੁਰਖ ਤੇ ਪੂਰਨ ਵਿਸ਼੍ਵਾਸ ਸੀ, ਕਿ ਸਭ ਥਾਵਾਂ ਤੇ ਉਹ ਅੰਗ-ਸੰਗ ਹੈ।

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥
ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥ (ਪੰਨਾ 438)

ਦਸ ਵਰਸ ਦੀ ਆਯੂ ਵਿਚ ਗੁਰੂ ਜੀ ਨੂੰ ਜਨੇਊ ਪਉਣ ਦਾ ਦਿਨ ਨਿਯਤ ਕੀਤਾ ਗਿਆ। ਮਾਤਾ ਪਿਤਾ ਪੰਚਾਇਤ ਅਤੇ ਸਕੇ ਸਬੰਧੀਆਂ ਦੀ ਹਾਜ਼ਿਰੀ ਵਿਚ ਜਦ ਪ੍ਰੋਹਤ ਜਨੇਊ ਪਉਣ ਲਗਾ, ਗੁਰੂ ਜੀ ਨੇ ਭਰੀ ਸਭਾ ਵਿਚ ਅੱਗੋਂ ਹੱਥ ਕਰਕੇ ਰੋਕ ਦਿਤਾ ਅਤੇ ਕਿਹਾ, ਤੁਸੀਂ ਜਨੇਊ ਪਉਣ ਨੂੰ ਦੂਸਰਾ ਆਤਮਿਕ ਜਨਮ ਕਹਿੰਦੇ ਹੋ ਕੇਵਲ ਕਪਾਹ ਦੀ ਰੂੰ ਦੇ ਦੋ ਤਾਗੇ ਗਲ ਵਿਚ ਪਉਣ ਨਾਲ ਦੂਸਰਾ ਜਨਮ ਕਿਵੇਂ ਹੋਇਆ। ਇਹ ਕਪਾਹ ਦੀ ਰੂੰ ਦਾ ਜਨੇਊ ਤੁਸੀ ਆਪ ਹੀ ਵਟਿਆ ਹੈ, ਇਹ ਪਰਾਣਾ ਹੋ ਕੇ ਮੈਲਾ ਵੀ ਹੋ ਜਾਵੇਗਾ, ਫਿਰ ਟੁੱਟ ਜਾਵੇਗਾ, ਫਿਰ ਹੋਰ ਪਉਣਾ ਪਵੇਗਾ। ਮ੍ਰਿਤੂ ਸਮੇਂ ਚਿਤਾ ਵਿਚ ਜਲ ਜਾਏਗਾ। ਜੋ ਸਦੈਵ ਅਮਰ ਨਹੀ, ਅਜੇਹਾ ਜਨੇਊ ਮੈਂ ਨਹੀਂ ਪਉਣਾ। ਮੈਂ ਇਸ ਤਰ੍ਹਾਂ ਦਾ ਜਨੇਊ ਚਾਹੁੰਦਾ ਹਾਂ।

(10) *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ (ਪੰਨਾ 471)

ਪਿੰਡ ਦੀ ਪੰਚਾਇਤ, ਸਕੇ ਸੰਬੰਧੀ, ਮਾਤਾ ਪਿਤਾ, ਪ੍ਰੋਹਤ, ਇਲਾਕਾ ਨਿਵਾਸੀਆਂ ਦੀ ਭਰੀ ਸਭਾ 'ਚ ਦਸ ਵਰਸ ਦੀ ਆਯੂ ਵਿਚ ਆਪਣੇ ਦ੍ਰਿੜ ਵਿਚਾਰਾਂ ਨਾਲ ਸਭ ਨੂੰ ਨਿਰੁਤਰ ਕਰ ਦਿਤਾ।

ਗੁਰੂ ਜੀ ਕਾਲੀ ਵੇਈਂ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਤੀਸਰੇ ਦਿਨ ਕਬਰਸਤਾਨ ਵਿਚ ਪ੍ਰਗਟ ਹੋ ਗਏ ਅਤੇ ਪਹਿਲੀ ਘੋਸ਼ਨਾ ਕੀਤੀ

'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ'

ਗੁਰੂ ਜੀ ਦਾ ਪ੍ਰਗਟ ਹੋਣਾ ਸੁਣ ਕੇ, ਸੁਲਤਾਨਪੁਰ ਨਿਵਾਸੀਆਂ ਦਾ ਕਬਰਸਤਾਨ ਵਿਚ ਤਾਂਤਾ ਲਗ ਗਿਆ। ਆਪਣੇ ਪਿਆਰੇ ਮੋਦੀ ਦਾ ਜੀਵਤ ਹੋਣਾ ਸੁਣ ਕੇ ਨਵਾਬ ਦੌਲਤ ਖਾਂ ਵੀ

ਕਾਜੀ ਸਮੇਤ ਕਬਰਾਂ ਵਿਚ ਪਹੁੰਚਿਆ । ਗੁਰੂ ਜੀ ਦੀ ਸਮਦ੍ਰਿਸਟੀ ਘੋਸ਼ਨਾ ਸੁਣਕੇ ਕਾਜੀ ਨੇ ਨਵਾਬ ਦੌਲਤ ਖਾਂ ਨੂੰ ਗੁਰੂ ਜੀ ਦੀ ਕੁਸ਼ਲਤਾ ਪੁਛਣ ਦਾ ਵੀ ਸਮਾਂ ਨਾ ਦਿਤਾ ਅਤੇ ਕਿਹਾ ਜੇ ਕਰ ਤੁਸੀ ਹਿੰਦੂ ਮੁਸਲਮਾਨਾਂ ਨੂੰ ਇਕ ਦ੍ਰਿਸ਼ਟੀ ਨਾਲ ਦੇਖਦੇ ਹੋ ਤਾਂ ਆਓ ! ਹੁਣ ਪੇਸ਼ੀ ਦੀ ਨਮਾਜ ਦਾ ਵਕਤ ਹੈ, ਸਾਡੇ ਨਾਲ ਨਮਾਜ ਪੜੋ । ਗੁਰੂ ਜੀ ਮਸੀਤ ਵਿਚ ਚਲੇ ਗਏ, ਕਾਜੀ ਨਮਾਜ ਪੜਾ ਰਿਹਾ ਸੀ । ਗੁਰੂ ਜੀ ਕਾਜੀ ਵਲ ਵੇਖ ਕੇ ਹੱਸ ਪਏ । ਮੁਸਲਮਾਨੀ ਰਾਜ, ਨਵਾਬ ਦੌਲਤ ਖਾਂ ਅਤੇ ਕਾਜੀ ਦੇ ਕੋਲ ਇਸਲਾਮ ਦੇ ਧਾਰਮਿਕ ਕਾਰਜ ਨਮਾਜ ਸਮੇਂ ਹੱਸਣਾ ਕਿਤਨਾ ਖਤਰਨਾਕ ਸੀ । ਇਸਲਾਮੀ ਸਰਾਹ ਨੂੰ ਗੁਰੂ ਜੀ ਚੰਗੀ ਤਰ੍ਹਾਂ ਜਾਣਦੇ ਸਨ । ਨਮਾਜ ਪੂਰੀ ਹੋਣ ਤੇ ਕਾਜੀ ਨੇ ਨਵਾਬ ਅਗੇ ਸ਼ਕਾਇਤ ਕੀਤੀ ਅਤੇ ਕਿਹਾ ਹੱਸਣ ਦਾ ਕਾਰਣ ਪੁੱਛਿਆ ਜਾਵੇ । ਨਮਾਜ ਸਮੇਂ ਗੁਰੂ ਜੀ ਕਾਜੀ ਦੇ ਚੇਹਰੇ ਨੂੰ ਵੇਖ ਰਹੇ ਸਨ । ਇਸ ਅਧਾਰ ਤੇ ਕਿਹਾ ਨਮਾਜ ਸਮੇਂ ਕਾਜੀ ਗੈਰ ਹਾਜ਼ਿਰ ਸੀ ਕੀ ਇਸ ਦਾ ਮਨ ਘਰ ਤੋਂ ਕਾਬਲ ਤਕ ਤਾਂ ਨਹੀਂ ਫਿਰ ਰਿਹਾ ਸੀ । ਕਾਜੀ ਨੂੰ ਪੁਛਿਆ ਗਿਆ, ਕਾਜੀ ਨੂੰ ਗੁਰੂ ਜੀ ਦੀ ਪ੍ਰੋੜਤਾ ਕਰਨੀ ਪਈ । ਕਾਜੀ ਦਾ ਮਨ ਇਕਾਗਰ ਨਹੀ ਸੀ ।

(11) ਗੁਰੂ ਜੀ ਨੇ ਮਸੀਤ ਵਿਚੋਂ ਆਕੇ ਨਵਾਬ ਦੌਲਤ ਖਾਂ ਨਾਲ ਹਿਸਾਬ ਕਰਕੇ ਮੋਦੀ ਖਾਨਾ ਛੱਡ ਦਿੱਤਾ । ਘਰ ਆ ਕੇ ਭਗਵੇਂ ਵਸਤਰ ਪਹਿਨ ਕੇ ਅਤੇ ਭਾਈ ਮਰਦਾਨੇ ਨੂੰ ਵੀ ਪਹਿਨਾ ਕੇ ਜਗਤ ਕਲਿਆਣ ਵਾਸਤੇ 1507 ਈ: ਨੂੰ ਯਾਤ੍ਰਾ ਆਰੰਭ ਕਰ ਦਿਤੀ । ਇਹ ਭਾਦੋਂ ਸੁਦੀ 15 ਦਾ ਦਿਨ ਸੀ ਇਸ ਦਿਨ ਸਰਾਧ ਸ਼ੁਰੂ ਹੋਏ ਸਨ । ਪਰਿਵਾਰ ਲਈ ਗੁਰੂ ਜੀ ਦਾ ਵਿਛੋੜਾ ਬਹੁਤ ਦੁਖਦਾਈ ਸੀ, ਪਰ ਗੁਰੂ ਜੀ ਨੇ ਜਗਤ ਦੇ ਉਧਾਰ ਵਾਸਤੇ ਪਰਿਵਾਰ ਦੀ ਪੀੜਾ ਨੂੰ ਅਣਡਿੱਠ ਕਰ ਦਿਤਾ ਅਤੇ ਸੈਦਪੁਰ (ਐਮਨਾਬਾਦ-ਹੁਣ ਪਾਕਿਸਤਾਨ) ਪਹੁੰਚ ਗਏ । ਸ਼ਹਿਰ ਤੋਂ ਬਾਹਰ ਜਾ ਡੇਰਾ ਕੀਤਾ । ਸਾਧੂਆਂ ਦਾ ਸਤਿਸੰਗੀ ਭਾਈ ਲਾਲੋਂ ਸੇਵਾ ਵਿਚ ਉਪਸਿਥਿਤ ਹੋ ਗਿਆ । ਗੁਰੂ ਜੀ ਸੈਦਪੁਰ ਵਿਚ ਸਨ ਸਰਕਾਰੀ ਕਰਮਚਾਰੀ ਮਲਿਕ ਭਾਗੋ ਦੇ ਪਿਤਾ ਦਾ ਸਰਾਧ ਆ ਗਿਆ । ਇਹ ਅਤਿਅੰਤ ਅਤਿਆਚਾਰੀ, ਅਹੰਕਾਰੀ, ਰਿਸ਼ਵਤ ਖੋਰ ਆਦਮੀ ਸੀ । ਹਰ ਵਰਸ ਬ੍ਰਹਮ ਭੋਜ ਦਾ ਢੌਂਗ ਰਚ ਕੇ ਧਾਰਮਿਕ ਹੋਣ ਦਾ ਵਿਖਾਵਾ ਕਰਦਾ ਸੀ । ਸ਼ਹਿਰ ਵਿਚ ਆਏ ਸਭ ਸਾਧਾਂ, ਬ੍ਰਾਹਮਣਾਂ ਨੂੰ ਬ੍ਰਹਮ ਭੋਜ ਦਾ ਨਿਮੰਤ੍ਰਣ ਹੁੰਦਾ ਸੀ । ਗੁਰੂ ਜੀ ਨੂੰ ਵੀ ਸੱਦਾ ਦਿੱਤਾ ਗਿਆ । ਪਹਿਲੀ ਵਾਰ ਸੱਦੇ ਤੇ ਗੁਰੂ ਜੀ ਨਾ ਗਏ ਤਾਂ ਰਾਜਕੀਯ ਕਰਮਚਾਰੀਆਂ ਰਾਹੀਂ ਜ਼ਬਰੀ ਬੁਲਾਇਆ ਗਿਆ ।

ਗੁੱਸੇ ਅਤੇ ਕ੍ਰੋਧ ਵਿਚ ਮਲਿਕ ਭਾਗੋ ਨੇ ਗੁਰੂ ਜੀ ਨੂੰ ਆਖਿਆ 'ਤੂੰ ਬ੍ਰਹਮ ਭੋਜ ਦਾ ਤਿਆਗ ਕਰਕੇ ਮੇਰਾ ਅਤੇ ਬ੍ਰਹਮ ਭੋਜ ਦਾ ਅਪਮਾਨ ਕੀਤਾ ਹੈ । ਤੂੰ ਖਤ੍ਰੀ ਹੋ ਕੇ ਸੂਦ੍ਰ ਤਰਖਾਣ (ਲਾਲੋ) ਦੇ ਘਰ ਰੋਟੀ ਖਾਂਦਾ ਹੈਂ ।

ਗੁਰੂ ਜੀ ਨੇ ਗੰਭੀਰਤਾ ਅਤੇ ਧੀਰਜ ਨਾਲ ਆਖਿਆ ਗਰੀਬਾਂ ਉੱਤੇ ਅਤਿਆਚਾਰ ਕਰਕੇ ਜ਼ਬਰੀ ਦੁੱਧ, ਘਿਉ, ਅਨਾਜ ਇੱਕਠਾ ਕਰਕੇ ਰਿਸ਼ਵਤ ਦੇ ਧਨ ਨਾਲ ਬਣਾਇਆ ਭੋਜਨ 'ਬ੍ਰਹਮ ਭੋਜ' ਨਹੀ ਹੋ ਸਕਦਾ । ਲਾਲੋ ਦੀ ਕਮਾਈ ਸੱਚੀ-ਸੁੱਚੀ ਕ੍ਰਿਤ ਹੈ । ਦੁੱਧ ਅਤੇ ਅੰਮ੍ਰਿਤ ਦੇ ਸਮਾਨ ਹੈ । ਇਸ ਦੇ ਵਿਪ੍ਰੀਤ ਤੇਰਾ ਬ੍ਰਹਮ ਭੋਜ ਖੂਨ ਦੇ ਸਮਾਨ ਹੈ । ਤੇਰਾ ਪਾਪ ਨਾਲ ਬਣਾਇਆ ਭੋਜਨ ਭਾਈ ਲਾਲੋ ਦੀ ਧਰਮਕ੍ਰਿਤ ਦੇ ਬਰਾਬਰ ਨਹੀ ਪਹੁੰਚ ਸਕਦਾ । ਪਾਪਾਂ ਨਾਲ ਇੱਕਠੀ ਕੀਤੀ ਸੰਪਤੀ ਅਤੇ ਧਰਮਕ੍ਰਿਤ ਦਾ ਸਭ ਨੂੰ ਗਿਆਨ ਹੋ ਗਿਆ ।

ਗੁਰੂ ਜੀ ਨਾਲ ਸਬੰਧਤ ਸੈਦਪੁਰ (ਐਮਨਾ ਬਾਦ) ਦੀ ਦੂਸਰੀ ਘਟਨਾ 1521 ਦੀ ਹੈ ।

ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ। ਪਿੰਡਾਂ/ਸ਼ਹਿਰਾਂ ਨੂੰ ਲੁੱਟਦਾ, ਅੱਗਾਂ ਲਾਉਂਦਾ, ਕਤਲ ਕਰਦਾ, ਲੜਕੇ ਲੜਕੀਆਂ ਨੂੰ ਗੁਲਾਮ ਬਣਾਉਂਦਾ, ਔਰਤਾਂ ਦੀ ਬੇ-ਪਤੀ, ਅਕਹਿ, ਅਸਹਿ, ਅਸ਼ਿਆਚਾਰ ਕਰਦਾ ਹੋਇਆ ਐਮਨਾਬਾਦ ਤੇ ਟੁੱਟਿਆ। ਬਾਬਰ ਦੇ ਹਮਲੇ ਸਮੇਂ ਗੁਰੂ ਜੀ ਐਮਨਾਬਾਦ ਸਨ। ਜੇ ਉਹ ਚਾਹੁੰਦੇ ਹਮਲੇ ਤੋਂ ਕਈ ਦਿਨ ਪਹਿਲਾਂ ਕਿਸੇ ਹੋਰ ਸੁਰਖਜਤ ਥਾਂ ਤੇ ਖਾਸੇ ਆਰਾਮ ਨਾਲ ਚਲੇ ਜਾਂਦੇ, ਪਰ ਇਹ ਸਰਬ ਲੋਹ ਦਾ ਪੁਰਖ ਬਾਬਰ ਨੂੰ ਮਿਲ ਕੇ ਉਸ ਦੇ ਪਾਪਾਂ/ਕੁਕਰਮਾ/ਗੁਨਾਹਾਂ ਤੋਂ ਜਾਣੂੰ ਕਰਾਉਣਾ ਚਾਹੁੰਦਾ ਸੀ। ਬਾਬਰ ਦੇ ਹਮਲੇ ਸਮੇਂ ਹਿੰਦੁਸਤਾਨ ਵਿਚ ਲੋਧੀ ਪਠਾਣਾਂ ਦਾ ਰਾਜ ਸੀ। ਦਿੱਲੀ ਦੇ ਤਖਤ ਤੇ ਸਿਕੰਦਰ ਲੋਧੀ ਬੈਠਾ ਸੀ। ਪਠਾਣ ਵੀ ਪਾਪ, ਦੁਰਾਚਾਰ ਵਿਸ਼ੇ ਵਾਸਨਾ ਵਿਚ ਗਰਕ ਹੋਏ ਹੋਏ ਸਨ। ਯੁੱਧ ਕਰਨ ਤੋਂ ਕੰਨੀ ਕਤਰਾ ਰਹੇ ਸਨ। ਬਾਬਰ ਦਾ ਆਉਂਦਾ ਸੁਣ ਕੇ, ਯੁੱਧ ਦੀ ਤਿਆਰੀ ਕਰਨ ਦੀ ਬਜਾਏ ਪਠਾਣਾਂ ਅਨੇਕ ਮੁਲਾਂ ਮੁਲਾਣੇ ਪੀਰ ਫਕੀਰ (ਤਾਂਤ੍ਰਿਕ) ਜੰਤ੍ਰ-ਮੰਤ੍ਰ ਕਰਨ, ਚਲੀਹੇ (ਕਟਣ) ਬਿਠਾ ਦਿਤੇ। ਇਹ ਤਾਂਤ੍ਰਿਕ ਕਰਾਮਾਤ ਨਾਲ ਬਾਬਰ ਦੀ ਫੌਜ ਨੂੰ ਅੰਨ੍ਹੀ ਕਰਕੇ ਪੁੱਠੀ ਮੋੜਨ ਦਾ ਭ੍ਰਮ ਪਾਲੀ ਬੈਠੇ ਸਨ। ਇਸ ਤਰ੍ਹਾਂ ਕਦੇ ਸ਼ਤ੍ਰੂ ਦੇ ਜਿੱਤ ਹੋਈ ਹੈ। ਇਹ ਪਠਾਣਾਂ ਦੇ ਅਗਿਆਨ ਦੀ ਸੀਮਾ ਸੀ। ਸਮਾਂ ਆਉਣ ਤੇ ਚਲੀਹੇ ਬੈਠੇ ਪੀਰਾਂ ਫਕੀਰਾਂ ਨੇ ਕੋਈ ਚਮਤਕਾਰ ਨ ਵਿਖਾਇਆ। ਗੁਰੂ ਜੀ ਨੇ ਪਠਾਣਾਂ ਦੇ ਇਸ ਅੰਧ ਵਿਸ਼ਵਾਸ ਤੇ ਤਰਕ ਪੂਰਨ ਕਟਾਕਸ਼ ਕਸਿਆ ਹੈ।

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ (ਪੰਨਾ 417)

(12) ਬਾਬਰ ਬਾਜ ਦੀ ਤਰ੍ਹਾਂ ਐਮਨਾਬਾਦ ਤੇ ਝਪਟਿਆ, ਪਠਾਣ ਯੁੱਧ ਦੀ ਕੋਈ ਤਿਆਰੀ ਨ ਕਰ ਸਕੇ। ਕੇਵਲ ਸੁਰੱਖਿਆ ਵਾਸਤੇ ਅਪਣੀ ਫੌਜ ਅੱਗੇ ਹਾਥੀਆਂ ਦੀ ਦੀਵਾਰ (ਕੰਧ) ਬਣਾ ਕੇ ਖੜੀ ਕਰ ਦਿੱਤੀ। ਬਾਬਰ ਦੀ ਫੌਜ ਹਿੰਦੁਸਤਾਨ ਵਿੱਚ ਪਹਿਲੀ ਵਾਰ ਤੋੜੇਦਾਰ ਬੰਦੂਕਾਂ ਲੈ ਕੇ ਆਈ ਸੀ, ਜਿਸ ਤੋਂ ਪਠਾਣ ਅਗਿਆਤ ਸਨ। ਬੰਦੂਕਾਂ ਦੀ ਪਹਿਲੀ ਛਲਕ ਨਾਲ ਹਾਥੀ ਪਿੱਛੇ ਨੂੰ ਭੱਜ ਉੱਠੇ ਅਤੇ ਆਪਣੀ ਫੌਜ ਨੂੰ ਮਿੱਧ/ ਲਤਾੜ ਕੇ ਦੌੜ ਗਏ। ਗੁਰੂ ਜੀ ਨੇ ਪਠਾਣਾਂ ਦੀ ਇਸ ਅਗਿਆਨਤਾ ਤੇ ਵੀ ਸਖਤ ਵਿਅੰਗ ਕਸਿਆ ਹੈ।

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ ॥ (ਪੰਨਾ 418)

ਬਾਬਰ ਦੀ ਵਿਜੈ ਹੋਈ। ਵਿਜੈ ਦੇ ਮੱਦ ਵਿਚ ਅੰਨ੍ਹਾਂ ਹੋਕੇ ਬਾਬਰ ਨੇ ਸੈਦਪੁਰ (ਐਮਨਾਬਾਦ) ਨੂੰ ਖੂਬ ਲੁਟਿਆ। ਕਤਲੇਆਮ ਕੀਤਾ, ਲੋਥਾਂ ਦੇ ਢੇਰ ਲਗ ਗਏ। ਐਮਨਾਬਾਦ 'ਮਾਸ ਪੁਰੀ' ਬਣ ਗਿਆ। ਔਰਤਾਂ ਦੀ ਬੇਪਤੀ ਹੋਈ, ਹਜਾਰਾਂ ਲੜਕੇ ਲੜਕੀਆਂ ਗੁਲਾਮ ਬਣਾਏ ਗਏ। ਇਸ ਸਮੇਂ ਕੋਈ ਹਿੰਦੂ ਮੁਸਲਮਾਨ ਨਹੀਂ ਵੇਖਿਆ, ਸਭ ਨਾਲ ਇਕੋ ਜੇਹਾ ਅਤਿਆਚਾਰ, ਦੁਰ ਵਿਵਹਾਰ ਕੀਤਾ ਗਿਆ। ਐਮਨਾਬਾਦ ਵਾਪਰੀ ਦੁੱਖ ਭਰੀ ਹਾਲਤ ਨੂੰ ਗੁਰੂ ਜੀ ਨੇ ਵੇਰਵੇ ਨਾਲ ਲਿਖਿਆ ਹੈ।

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ (ਪੰਨਾ 417)

ਗੁਰੂ ਜੀ ਨੇ ਜਿਥੇ ਬਾਬਰ ਅੱਗੇ ਸੱਚ ਦਾ ਬਿਆਨ ਕੀਤਾ ਹੈ, ਉਸ ਨੂੰ ਸੰਬੋਧਨ ਕਰਕੇ 'ਯਮ' ਕਹਿ ਕੇ ਤ੍ਰਿਸਕਾਰਿਆ ਹੈ। ਉਸ ਦੀ ਫੌਜ ਨੂੰ 'ਪਾਪ ਦੀ ਜੰਞ' ਆਖਿਆ ਹੈ। ਬਾਬਰ ਦੇ ਸਤਾਏ ਦੁਖੀਆਂ ਦੇ ਵੈਣਾਂ ਨੂੰ 'ਖੂਨ ਦੇ ਸੋਹਲੇ' ਕਿਹਾ ਹੈ। ਬਾਬਰ ਦੇ ਵਹਾਏ ਖੂਨ ਨੂੰ 'ਰਤ ਦਾ ਕੁੰਗੂ' ਦਾ ਨਾਮ ਦਿੱਤਾ ਹੈ ਇਹ ਵੀ ਵਿਸ਼੍ਵਾਸ ਅਤੇ ਨਿਰਭੈ ਨਾਲ ਆਖਿਆ ਹੈ ਕਿ ਇਹ ਪਾਪ ਦਾ ਰਾਜ 1597 ਬਿ: ਵਿਚ ਖਤਮ ਹੋ ਜਾਵੇਗਾ। ਐਮਨਾਬਾਦ ਵਿਚ ਹੋਏ ਕਤਲੇਆਮ ਨੂੰ 'ਮਾਸ ਪੁਰੀ' ਆਖਿਆ ਹੈ। ਐਮਨਾਬਾਦ ਦੇ ਹਮਲੇ ਦਾ ਗੁਰੂ ਜੀ ਨੇ ਗੁਰਬਾਣੀ ਵਿਚ ਬਾ-ਤਾਰੀਖ ਸੰਨ ਸਹਿਤ ਕਥਨ ਕੀਤਾ ਹੈ। ਨਾਲ ਹੀ ਮੁਗਲਾਂ ਪਠਾਣਾਂ ਦੀਆਂ ਗਲਤੀਆਂ, ਪਾਪਾਂ, ਕੁਕਰਮਾਂ ਨੂੰ ਵਿਸਤਾਰ ਨਾਲ ਵਰਣਨ ਕੀਤਾ ਹੈ। ਇਸ ਤਰ੍ਹਾਂ 'ਸੱਚ' ਦੀ ਬਾਣੀ ਸਚ ਦੇ ਸਮੇਂ ਬੋਲਣ ਵਾਲੇ ਭਾਰਤ ਵਿਚ ਇੱਕੋ ਇੱਕ ਸ਼ੇਰ ਮਰਦ, ਲੋਹ ਪੁਰਖ ਗੁਰੂ ਨਾਨਕ ਦੇਵ ਜੀ ਹੋਏ ਹਨ।

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ ॥ (ਪੰਨਾ 723)

ਈਸ਼੍ਵਰ ਦੇ ਭਾਣੇ ਨੂੰ ਸੱਤਿ ਸੱਤਿ ਮੰਨਣ ਵਾਲੇ ਗੁਰੂ ਜੀ ਨੇ ਐਮਨਾਬਾਦ ਦੇ ਅਤਿਆਚਾਰ ਵੇਖ ਕੇ ਈਸ਼੍ਵਰ ਅੱਗੇ ਵੀ ਰੋਸ ਪ੍ਰਗਟ ਕਰਦੇ ਹੋਏ ਫਰਮਾਇਆ 'ਹੇ ਨਿਰੰਕਾਰ! ਤੂੰ ਸਾਰੇ ਵਿਸ਼੍ਵ ਦਾ ਸੁਆਮੀ/ਮਾਲਿਕ ਹੈ, ਫਿਰ ਖੁਰਾਸਾਨ ਦਾ ਹਮਦਰਦ ਕਿਉਂ ਬਣ ਬੈਠਾ ? ਅਤੇ ਹਿੰਦੁਸਤਾਨ ਦਾ ਵਿਪਕਸ਼ੀ ਕਿਉਂ ਬਣ ਗਿਆ ? ਤੂੰ ਯਮ ਬਾਬਰ ਨੂੰ ਹਿੰਦੁਸਤਾਨ ਨੂੰ ਕਾਬੂ ਕਰਨ ਦੀ ਕਿਉਂ ਪ੍ਰੇਰਨਾ ਦਿੱਤੀ। ਉਹ ਪਾਪ ਦੀ ਜੰਞ (ਫੌਜ) ਲੈ ਕੇ ਹਿੰਦੁਸਤਾਨ ਦੇ ਆ ਧਮਕਿਆ। ਹਿੰਦੁਸਤਾਨੀ ਪ੍ਰਜਾ ਤਾਂ ਗਊਆਂ ਵਰਗੀ ਹੈ। ਤੂੰ ਬਾਬਰ ਵਰਗੇ ਸ਼ੇਰ ਨੂੰ ਗਊਆਂ ਦੇ ਬੱਗ ਉੱਤੇ ਕਿਉਂ ਚਾੜ੍ਹ ਦਿਤਾ ? ਜੇਕਰ ਗਊਆਂ ਦੇ ਬੱਗ ਦਾ ਨੁਕਸਾਨ ਹੋ ਜਾਵੇ ਤਾਂ ਗਊਆਂ ਦੇ ਰਾਖੇ ਨੂੰ ਹੀ ਪੁੱਛਿਆ ਜਾਵੇਗਾ ? ਤੂੰ ਸਰਬ ਦਾ ਰਖਜਕ ਹੈਂ ਇਸ ਵਾਸਤੇ ਐਮਨਾਬਾਦ ਦੇ ਅਕਹਿ ਅਤਿਆਚਾਰਾਂ ਦਾ ਉਲਾਭਾਂ ਵੀ ਤੈਨੂੰ ਹੀ ਹੈ; ਜੇ ਮੁਗਲਾਂ ਦਾ ਖੁਦਾ ਹੈ ਤਾਂ ਹਿੰਦੁਸਤਾਨੀਆਂ ਦਾ ਵੀ ਸੁਆਮੀ ਹੈਂ। ਤੈਨੂੰ ਸਭ ਇਕੋ ਜੇਹੇ ਹਨ। ਪਰ ਕੀ ਗੱਲ ਤੂੰ ਹਿੰਦੁਸਤਾਨ ਨੂੰ ਆਪਣਾ ਨਾ ਸਮਝਿਆ ? ਕੀ ਕਾਰਣ ਦੋਨਾਂ ਨੂੰ ਸਮਦ੍ਰਿਸ਼ਟੀ ਨਾਲ ਨਾ ਵੇਖਿਆ। ਗੁਰੂ ਜੀ ਨੇ ਸਾਰੇ ਵਰਤਾਰੇ ਨੂੰ ਦੁੱਖ ਨਾਲ ਕਥਨ ਕੀਤਾ ਹੈ।

(13) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ (ਪੰਨਾ 360)

ਬਾਬਰ ਸ਼ਹਿਰੀਆਂ ਨੂੰ ਬੰਦੀ ਬਣਾ ਕੇ ਅਗੇ ਨੂੰ ਲੈ ਤੁਰਿਆ। ਪਹਿਲੇ ਪੜਾ ਤੇ ਪੁੱਜ ਕੇ, ਸਭ ਬੰਦੀ ਅਮੀਰ ਗਰੀਬ ਫੌਜ ਦੇ ਆਟੇ, ਡੰਗਰਾਂ ਦੇ ਦਾਣੇ ਲਈ ਚੱਕੀਆਂ ਪੀਹਣ ਲਾ ਦਿੱਤੇ। ਅਕਹਿ ਦੁੱਖ/ਕਸ਼ੋਭ ਦੇ ਮਾਰੇ ਟੁੱਟੇ ਦਿਲਾਂ ਨਾਲ ਚੱਕੀਆਂ ਫੇਰ ਰਹੇ ਸਨ। ਅਕਹਿ ਸ਼ੋਕ ਵਿਚ ਚੱਕੀਆਂ ਚਲ ਨਹੀ ਰਹੀਆਂ ਸਨ।

ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਵੀ ਚੱਕੀ ਦਿਤੀ ਗਈ ਜੋ ਸੁਭਾਵਿਕ ਸ਼ਾਂਤੀ ਪੂਰਵਕ

ਚਲ ਰਹੀ ਸੀ। ਬਾਬਰ ਨੂੰ ਪਤਾ ਲੱਗਾ ਦੋ ਵਿਅਕਤੀ ਬੜੇ ਤੇਜਸ੍ਵੀ ਹਨ, ਪਰਮਸ਼ਾਂਤ ਹਨ, ਜਿਨ੍ਹਾਂ ਦੇ ਮਸਤਕ ਉਪਰ ਕੋਈ ਕਸ਼ੋਭ ਨਹੀਂ ਹੈ, ਕੋਈ ਚਿੰਤਾ ਨਹੀ ਹੈ ਬਾਬਰ ਦੇ ਅਤਿਆਚਾਰਾਂ/ਕੁਕਰਮਾਂ ਦਾ ਵਰਣਨ ਕਰਕੇ ਨੇਕ ਬਣਨ ਦਾ ਉਪਦੇਸ਼ ਦਿਤਾ। ਬਾਬਰ ਨੇ ਗੁਰੂ ਜੀ ਤੋਂ ਖਿਮਾ ਮੰਗੀ, ਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਸਭ ਬੰਦੀ ਰਿਹਾ ਕਰ ਦਿਤੇ। ਬਾਬਰ ਇਥੋਂ ਹੀ ਵਾਪਸ ਮੁੜ ਗਿਆ। ਗੁਰੂ ਜੀ ਸਭ ਦੁਖੀਆਂ ਨੂੰ ਨਾਲ ਲੈ ਕੇ ਵਾਪਸ ਐਮਨਾਬਾਦ ਆਏ।

ਲੋਕਾਂ ਦਾ ਸ਼ਹਿਰ ਵਲ ਮੁੜਨ ਨੂੰ ਜੀਅ ਨਹੀ ਕਰਦਾ ਸੀ। ਗੁਰੂ ਜੀ ਦੇ ਨਾਲ ਟੁੱਟੇ ਦਿਲ ਨਾਲ ਤੁਰ ਪਏ। ਸ਼ਹਿਰ ਨਾਲੋਂ ਬੀਤੀ ਭਿਆਨਕ ਹਾਲਤ ਬਾਰੇ, ਉਠਾ ਰਿਹਾ ਧੂੰਆਂ ਦੂਰੋ ਦਿਸ ਰਿਹਾ ਸੀ। ਸ਼ਹਿਰ ਦਾ ਦ੍ਰਿਸ਼ਜ ਡਰਾਉਣਾ / ਵੀਭਤਸ ਭਰਿਆ ਸੀ। ਘਰ ਢਹਿ-ਢੇਰੀ ਹੋ ਚੁੱਕੇ ਸਨ। ਥਾਂ-ਥਾਂ ਅੱਗ ਲਗੀ ਹੋਈ ਸੀ। ਧੀਆਂ, ਪੁੱਤਾਂ ਦੀਆਂ ਲੋਥਾਂ ਕੁੱਤੇ, ਗਿੱਦੜ, ਬਘਿਆੜ ਖਿੱਚੀਂ ਫਿਰਦੇ ਸਨ। ਇਹ ਅਸਹਿ ਦ੍ਰਿਸ਼ਜ ਵੇਖਕੇ ਦੁਖੀਆਂ ਦੇ ਦਿਲ ਚੀਰਵੇਂ ਵੈਣ ਹੋਰ ਉਚੀ ਆਵਾਜ ਵਿਚ ਹੋ ਗਏ। ਹਜ਼ਾਰਾਂ ਵਿਅਕਤੀ ਨਰ-ਨਾਰੀ ਵ੍ਰਿਧ-ਬਾਲਕ ਵਿਸੁੱਧ ਹੋਏ ਰੋ ਰਹੇ ਸਨ। ਰੋ ਰੋ ਕੇ ਹਿੰਝੂ ਬੰਦ ਹੋ ਗਏ ਸਨ ਅਤੇ ਹਟਕੋਰੇ ਭਰ ਰਹੇ ਸਨ। ਅਨੇਕ ਮੂਰਛਤ ਪਏ ਸਨ। ਸਭ ਨੂੰ ਧੀਰਜ ਦੇਣ ਵਾਲੇ ਦਇਆ ਦੇ ਸਾਗਰ ਗੁਰੂ ਜੀ ਸਨ। ਕਿਸੇ ਨੂੰ ਸਾਂਤਵਨਾ ਦੇ ਰਹੇ ਸਨ। ਕਿਸੇ ਦੇ ਜ਼ਖਮਾਂ ਤੇ ਮਲ੍ਹਮ ਲਾ ਰਹੇ ਸਨ। ਕਿਸੇ ਦੇ ਮੂੰਹ ਨੂੰ ਪਾਣੀ ਲਾ ਰਹੇ ਸਨ। ਕਿਸੇ ਵਾਸਤੇ ਛੰਨ-ਛਪਰ ਪਾ ਰਹੇ ਸਨ। ਭਾਈ ਲਾਲੋ ਤੇ ਭਾਈ ਮਰਦਾਨਾ ਗੁਰੂ ਜੀ ਦੇ ਹੁਕਮ ਨਾਲ ਸੇਵਾ ਵਿਚ ਲੱਗੇ ਹੋਏ ਸਨ। ਹਿੰਦੂ ਮੁਸਲਮਾਨਾਂ ਦਾ ਬਰਾਬਰ ਦੁੱਖ ਵੰਡਾ ਰਹੇ ਸਨ। ਨਵੀਂ ਜ਼ਿੰਦਗੀ ਜਿਉਣ ਵਾਸਤੇ, ਉਤਸ਼ਾਹ ਅਤੇ ਹੌਸਲਾ ਦੇ ਰਹੇ ਸਨ।

(14) ਗੁਰੂ ਜੀ ਦੇ ਜੀਵਨ ਨਾਲ ਸਬੰਧਤ ਸੈਦਪੁਰ (ਐਮਨਾਬਾਦ) ਦੀਆਂ ਦੋ ਘਟਨਾਵਾਂ ਮਲਿਕ ਭਾਗੋ ਦੀ ਸਾਖੀ ਅਤੇ ਬਾਬਰ ਦਾ ਹਮਲਾ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਬਾਬਰ ਦੇ ਹਮਲੇ ਨੂੰ ਗੁਰੂ ਜੀ ਨੇ ਗੁਰਬਾਣੀ ਦੇ ਚਾਰ ਸ਼ਬਦਾਂ ਵਿਚ ਵਿਆਖਿਆ ਨਾਲ ਵਰਣਨ ਕੀਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਕ੍ਰਮ ਵਾਰ ਪੰਨਾ 360, 417, 418, 722 ਤੇ ਅੰਕਿਤ ਹਨ। ਜਿਨ੍ਹਾਂ ਤੋਂ ਗੁਰੂ ਜੀ ਦਾ ਦੇਸ਼ ਪਿਆਰ, ਮਾਨਵ ਸਹਾਨਭੂਤੀ ਪ੍ਰਗਟ ਹੁੰਦੀ ਹੈ ਅਤੇ ਇਹ ਵੀ ਪ੍ਰਗਟ ਹੁੰਦਾ ਕਿ ਗੁਰੂ ਜੀ ਦੁਖੀਆਂ ਦੀ ਖਾਤ੍ਰ ਵੱਡੇ ਤੋਂ ਵੱਡਾ ਰਿਸਕ ਲੈਣ ਤੋਂ ਸੰਕੋਚ ਨਹੀਂ ਕਰਦੇ ਸਨ।

ਗੁਰੂ ਜੀ ਨੇ ਕੁਰੂਕਸ਼ੇਤ੍ਰ ਵਿਖੇ ਗ੍ਰਹਿਣ ਦੇ ਮੌਕੇ ਮੇਲੇ ਵਿਚ ਅੱਗ ਮਚਾ ਕੇ ਅਪਣਾ ਲੰਗਰ ਤਿਆਰ ਕੀਤਾ। ਜਦੋਂ ਕਿ ਪੁਰਾਤਨ ਵਾਦੀ ਬ੍ਰਾਹਮਣ ਅਤੇ ਅਨਜ ਸਾਧੂ ਗ੍ਰਹਿਣ ਸਮੇਂ ਅੱਗ ਦਾ ਮਚਾਉਣਾ ਪਾਪ ਮੰਨਦੇ ਹਨ। ਗੁਰੂ ਜੀ ਨੇ ਨਿਰਭੈ ਘੋਸ਼ਨਾ ਨਾਲ ਇਸ ਭ੍ਰਮ ਦੀ ਨਿਵ੍ਰਿਤੀ ਕੀਤੀ ਹਜ਼ਾਰਾਂ ਲੋਕ ਗੁਰੂ ਜੀ ਦੇ ਸਿੱਖ ਬਣਕੇ ਭ੍ਰਮ-ਜਾਲ ਵਿਚੋਂ ਨਿਕਲੇ।

ਗੁਰੂ ਜੀ ਹਰਿਦਵਾਰ ਪਹੁੰਚੇ ਇਸ਼ਨਾਨ ਸਮੇਂ ਹਜ਼ਾਰਾਂ ਲੋਕ ਸੂਰਜ ਨੂੰ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਲੋਕਾਂ ਦੀ ਭੇਡ-ਚਾਲ ਦੇ ਵਿਪ੍ਰੀਤ ਪੱਛਮ ਵਲ ਪਾਣੀ ਦੇਣਾ ਆਰੰਭ ਕੀਤਾ ਅਤੇ ਦਸਿਆ ਕਿ ਪੱਛਮ ਵਲ ਮੇਰੇ ਪਿੰਡ ਖੇਤੀ ਸੁੱਕ ਰਹੀ ਹੈ, ਉਸਨੂੰ ਪਾਣੀ ਦੇ ਰਿਹਾ ਹਾਂ। ਪੁਰਾਤਨ ਵਾਦੀਆਂ ਨੇ ਸ਼ੰਕਾ ਕੀਤੀ ਕਿ ਖੇਤੀ ਵਿਚ ਪਾਣੀ ਕਿਵੇਂ ਪਹੁੰਚੇਗਾ। ਗੁਰੂ ਜੀ ਦਾ ਉੱਤਰ ਸੀ ਜਿਵੇਂ ਤੁਹਾਡਾ ਪਾਣੀ ਸੂਰਜ ਨੂੰ ਪਹੁੰਚੇਗਾ। ਲੋਕ ਅਪਣੀ ਗਲਤੀ ਨੂੰ ਅਨੁਭਵ ਕਰਕੇ ਨਿਰੁਤਰ ਹੋ ਗਏ, ਬਹੁਤ

ਲੋਕ ਗੁਰੂ ਜੀ ਦਾ ਉਪਦੇਸ਼ ਪ੍ਰਾਪਤ ਕਰਕੇ ਸਦਮਾਰਗ ਪਏ।

ਪਿੰਡ ਤੁਲੰਬੇ ਵਿਚ ਸੇਖਸਜਨ ਨਾਂ ਦਾ ਕਪਟੀ (ਕਾਤਲ) ਧੂਰਤ ਰਹਿੰਦਾ ਸੀ। ਜਿਸ ਨੇ ਯਾਤ੍ਰੀਆਂ ਦੇ ਆਰਾਮ ਲਈ ਮੰਦਿਰ ਅਤੇ ਮਸੀਤ ਬਣਾਏ ਹੋਏ ਸਨ। ਇਹ ਵਿਅਕਤੀ ਆਏ ਯਾਤ੍ਰੀਆਂ ਨੂੰ ਰਾਤ ਨੂੰ ਮਾਰਕੇ, ਉਨ੍ਹਾਂ ਦੀ ਸੰਪਤੀ ਸੰਭਾਲ ਕੇ, ਦਿਨ ਚੜੇ ਨਵੇਂ ਵਸਤਰ ਪਹਿਨਕੇ, ਮਾਲਾ ਲੈਕੇ ਬੰਦਗੀ ਕਰਨ ਦਾ ਅਭਿਨਯ (ਢੌਂਗ) ਕਰਦਾ ਸੀ। ਗੁਰੂ ਜੀ ਨੇ ਇਸ ਦੇ ਘ੍ਰਿਣਤ ਪਾਪਾਂ ਨੂੰ ਪ੍ਰਗਟ ਕਰਕੇ ਕਿਹਾ 'ਸਜਨਾ, ਸਜਨਾ ਵਾਲੇ ਕੰਮ ਕਰ ਤੂੰ ਬਗਲਾ ਹੋ ਕੇ ਹੰਸ ਬਣਨ ਦਾ ਦੰਭ ਕਰਦਾ ਹੈ। ਇਨ੍ਹਾਂ ਅਸੰਖ ਪਾਪਾਂ ਦਾ ਕਿਵੇਂ ਹਿਸਾਬ ਦੇਵੇਂਗਾ। ਸਜਨ ਕੌਣ ਹੁੰਦੇ ਹਨ ਆ ਤੈਨੂੰ ਦਸੀਏ

ਸਜਨ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ (ਪੰਨਾ 729)

ਸਜਨ ਪਾਪ ਕਰਮਾਂ ਤੋਂ ਕੰਬ ਉਠਿਆ, ਖਿਮਾ ਮੰਗੀ ਅਤੇ ਗੁਰੂ ਕਾ ਸਿੱਖ ਬਣ ਕੇ ਸੱਚੀ ਸੇਵਾ ਕਰਨ ਲੱਗਾ।

ਹਸਨ ਅਬਦਾਲ ਵਿਚ ਵਲੀ ਕੰਧਾਰੀ ਨਾਮ ਦਾ ਤੁਅਸਬੀ, ਅਹੰਕਾਰੀ ਫਕੀਰ ਰਹਿੰਦਾ ਸੀ। ਉਸ ਦੇ ਕ੍ਰੋਧ ਨਾਲ ਮਾਰੇ ਪੱਥਰਾਂ (ਪਹਾੜ) ਦੀ ਮਾਰ ਸਹਿ ਕੇ ਵੀ ਉਸ ਦਾ ਅਹੰਕਾਰ ਤੋੜਿਆ। ਸੱਚਾ ਫਕੀਰ ਬਣਨ ਦੀ ਸਿਖਿਆ ਦਿੱਤੀ।

ਮਨੁੱਖਤਾ ਤੋਂ ਗਿਰੇ ਪਸ਼ੂ ਵਰਗੀ ਬ੍ਰਿਤੀ ਦੇ ਆਦਮੀ ਕੌਡੇ ਨੂੰ ਜਿਸ ਨੂੰ ਰਾਖਸ ਸਮਝ ਕੇ ਲੋਕ ਸਹਿਮ ਜਾਂਦੇ ਸਨ। ਰਾਖਸ਼ਾਂ ਵਾਲੇ ਕਰਮ ਛਡਾ ਕੇ ਗੁਰਮੁਖ ਬਣਾ ਦਿੱਤਾ। ਭੂਮੀਆਂ ਚੋਰ ਸੱਤਿਵਾਦੀ ਬਣ ਗਿਆ।

ਜਗਨ ਨਾਥ ਪੁਰੀ

ਸੰਨ 1510 ਵਿਖੇ ਗੁਰੂ ਜੀ ਜਗਨ ਨਾਥ ਪੁਰੀ ਵਿਚ ਪੁੱਜੇ। ਇਸ ਦਿਨ ਜਗਨ ਨਾਥ ਦੀ ਮੂਰਤੀ ਦਾ ਵਾਰਸ਼ਕ ਪਰਵ ਸੀ। ਲੋਕ ਦੂਰ ਦੂਰ ਤੋਂ ਇੱਕਤ੍ਰ ਹੋਏ ਸਨ। ਸੰਧਿਆ ਦੀ ਆਰਤੀ ਦਾ ਸਮਾਂ ਹੋਇਆ, ਸਭ ਲੋਕ ਉਤਸ਼ਾਹ ਨਾਲ ਆਰਤੀ ਵਿਚ ਹਾਜ਼ਰੀ ਲਾਉਣ ਲੱਗੇ। ਆਰਤੀ ਸਮੇਂ ਖੜੇ ਹੋਣਾ ਜ਼ਰੂਰੀ ਹੈ; ਇਸੇ ਨਾਲ ਹਾਜਿਰੀ ਪਰਵਾਨ ਹੁੰਦੀ ਹੈ। ਪਰ ਗੁਰੂ ਜੀ ਆਰਾਮ ਨਾਲ ਬੈਠੇ ਰਹੇ। ਆਰਤੀ ਦੀ ਸਮਾਪਤੀ ਤੋਂ ਬਾਅਦ ਪੰਡਿਆਂ/ਪੁਜਾਰੀਆਂ ਨੇ ਪੁੱਛਿਆ। ਤੁਸੀਂ ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ ? ਗੁਰੂ ਜੀ ਨੇ ਕਿਹਾ, 'ਸਰਬ ਵਿਆਪਕ ਨਿਰਾਕਾਰ ਪਾਰਬ੍ਰਹਮ ਦੀ ਆਰਤੀ ਸ੍ਵਯੰ ਸਦੈਵ ਹੋ ਰਹੀ ਹੈ। ਜਗਨ ਨਾਥ/ਜਗਤ ਨਾਥ ਵੀ ਆਪ ਪਾਰਬ੍ਰਹਮ ਹੈ, ਜਿਸ ਨੇ ਸਰਬ ਜਗਤ ਦੀ ਰਚਨਾ ਕੀਤੀ ਹੈ। ਇਹ ਪੱਥਰ, ਕਾਠ ਦੀਆਂ ਮੂਰਤੀਆਂ ਅਗੇ ਮੱਥੇ ਟੇਕਣ ਦਾ ਆਰਤੀਆਂ ਕਰਨ ਦਾ ਕੋਈ ਲਾਭ ਨਹੀਂ ਹੈ। ਜਿਸ ਤਰ੍ਹਾਂ ਪਰਮੇਸ੍ਰ ਸਰਬੱਗ ਹੈ। ਉਸੀ ਤਰ੍ਹਾਂ ਉਸ ਦੀ ਆਰਤੀ ਵੀ ਸਦੈਵ ਅਖੰਡ ਹੋ ਰਹੀ ਹੈ। 'ਉਹ ਕਿਸ ਤਰ੍ਹਾਂ ਦੀ ਆਰਤੀ ਹੈ' ਪੰਡਿਆਂ ਦਾ ਪ੍ਰਸ਼ਨ ਸੀ। ਗੁਰੂ ਜੀ ਨੇ ਆਰਤੀ ਦਾ ਉਚਾਰਨ ਕੀਤਾ।

(15) *ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥*
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥

ਅਨਹਤਾ ਸਬਦ ਵਾਜੰਤ ਭੇਰੀ॥ ੧ ॥ (ਪੰਨਾ 13)

ਬਿਮਨ ਬਿਹਾਰੀ ਮਜੁਮਦਾਰ ਅਨੁਸਾਰ ਗੁਰੂ ਜੀ ਵੈਸ਼ਨਵ ਭਗਤ ਚੈਤੰਨ ਨੂੰ ਮਿਲੇ ਸਨ। ਚੈਤੰਨ 16 ਵਰਸ ਮਸਤਾਨੀ ਦਸਾ ਵਿਚ ਜਗਨਨਾਥ ਪੁਰੀ 'ਚ ਰਹੇ ਹਨ।

ਮੱਕੇ ਦੀ ਯਾਤਰਾ

ਸੰਨ 1518 ਨੂੰ ਗੁਰੂ ਜੀ ਹਿੰਗਲਾਜ ਤੋਂ ਸਮੁੰਦ੍ਰੀ ਜਹਾਜ ਤੇ ਬੈਠ ਕੇ ਅਰਬ ਸਾਗਰ ਪਾਰ ਕਰਕੇ ਜੱਦੇ ਦੀ ਬੰਦਰਗਾਹ ਤੇ ਜਾ ਕੇ ਉਤਰੇ। ਇਥੋਂ ਹਾਜੀਆਂ ਨਾਲ ਪੈਦਲ ਮੱਕੇ (ਸ਼ਹਿਰ) ਪਹੁੰਚੇ। ਕਿਤਨੇ ਨਿਰਭੈ ਸਨ, ਮੱਕੇ ਦੀ ਪੂਜਯ ਮਸੀਤ (ਕਾਅਬੇ) ਵਲ ਪੈਰ ਕਰਕੇ ਪੈ ਗਏ। ਕਾਜੀ ਜੀਵਨ ਆਇਆ, ਉਸਨੇ ਗੁਰੂ ਜੀ ਨੂੰ ਵੇਖਿਆ, ਕ੍ਰੋਧ ਨਾਲ ਬੋਲਿਆ, 'ਤੂੰ ਕਿਥੋਂ ਦਾ ਕਾਫਰ ਹੈਂ, ਖੁਦਾ ਦੇ ਘਰ ਵਲ ਪੈਰ ਕਰਕੇ ਪੈ ਰਿਹਾਂ ਹੈਂ?' ਗੁਰੂ ਜੀ ਨੇ ਕਿਹਾ, "ਜਿਸ ਪਾਸੇ ਖੁਦਾ ਨਹੀਂ ਹੈ, ਮੇਰੇ ਪੈਰ ਉਸ ਪਾਸੇ ਕਰਦੇ।" ਗੁਰੂ ਜੀ ਨੇ ਇਹ ਸ਼ਬਦ ਇਸ ਢੰਗ ਨਾਲ ਬੋਲੇ, ਜੀਵਨ ਦੇ ਕਪਾਟ ਖੁੱਲ੍ਹ ਗਏ। ਕਿਧਰ ਨਹੀਂ ਖੁਦਾ ਦਾ ਘਰ, ਖੁਦਾ ਤਾਂ ਸਰਬ ਵਿਆਪਕ ਹੈ। ਖੁਦਾ ਕਣ ਕਣ ਵਿਚ ਰਮਿਆ ਹੋਇਆ ਹੈ। ਜੀਵਨ ਨੂੰ ਹਰ ਪਾਸੇ ਖੁਦਾ ਦਾ ਘਰ, ਹਰ ਇਕ ਦੇ ਮੂੰਹ ਤੇ ਇਹੀ ਸ਼ਬਦ ਸੀ। ਮੱਕੇ ਦੀ ਯਾਤ੍ਰਾ ਤੇ ਪੁੱਜੇ ਸਰਬਤ ਪ੍ਰਾਣੀਆਂ ਨੂੰ ਇਹ ਗਿਆਨ ਹੋ ਗਿਆ ਕਿ ਖੁਦਾ ਸਰਬ ਵਿਆਪਕ ਹੈ। ਮੁਸਲਮਾਨਾਂ ਨੂੰ ਕਬਰਾਂ, ਖਣਕਾਹਾਂ ਪੂਜਨ ਤੋਂ ਹਟਾ ਕੇ ਇਕ ਖੁਦਾ (ਨਿਰਾਕਾਰ) ਦੀ ਬੰਦਗੀ ਕਰਨ ਲਾਇਆ। ਮੱਕੇ ਦੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਵਿਸਤਾਰ ਨਾਲ ਲਿਖਿਆ ਹੈ।

ਧਰੀ ਨਿਸਾਣੀ ਕਉਸਿ ਦੀ ਮਕੇ ਅੰਦਰਿ ਪੂਜ ਕਰਾਈ ॥
ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ ॥
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ ॥
ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ ॥
ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ ॥ (1/34)

ਬਗਦਾਦ

ਮੱਕੇ ਤੋਂ ਬਾਅਦ ਮਦੀਨੇ ਦੀ ਯਾਤ੍ਰਾ ਕਰਕੇ, ਅਰਬ ਦਾ ਰੇਗਸਤਾਨ ਪਾਰ ਕਰਕੇ, ਦਰਿਆ ਦਜਲਾ ਅਤੇ ਫਰਾਤ ਦੇ ਸੰਗਮ ਤੇ ਵਸੇ ਨਗਰ ਬਗਦਾਦ ਵਿਚ ਸ਼ਹਿਰ ਤੋਂ ਬਾਹਰ ਇਕ ਮਕਬਰੇ ਕੋਲ ਬੈਠ ਕੇ, ਕੀਰਤਨ ਕਰਨ ਲੱਗ ਪਏ। ਇਸ ਸ਼ਹਿਰ ਦੇ ਪੀਰ ਅਬਦੁਲ ਕਾਦਿਰ ਪ੍ਰਸਿੱਧ ਨਾਮ ਦਸਤਗੀਰ ਨੇ ਰਾਗ ਨੂੰ ਸਰ੍ਹਾ ਦੇ ਵਿਪ੍ਰੀਤ ਸਮਝ ਕੇ ਰਾਗ ਦਾ ਗਾਉਣਾ ਬੰਦ ਕੀਤਾ ਹੋਇਆ ਸੀ। ਗੁਰੂ ਜੀ ਪੀਰ ਅਬਦੁਲ ਕਾਦਰ ਦਸਤਗਾਰਦ ਜਾਨਸ਼ੀਨ ਦੇ ਦਸਮ ਬਗਦਾਦ ਗੱਦੀ ਦੇ ਹਰ ਪੀਰ ਨੂੰ ਦਸਤਗੀਰ ਕਿਹਾ ਜਾਂਦਾ ਹੈ। ਉਸ ਨੂੰ ਭ੍ਰਮ ਸੀ ਕਿ ਰਾਗ ਦੇ ਗਾਉਣ ਅਤੇ ਸੁਣਨ ਨਾਲ ਮਨ ਉਤੇ ਸੈਤਾਨ ਦਾ ਨਿਵਾਸ ਹੁੰਦਾ ਹੈ। ਉਸਨੇ ਮਰੀਦਾਂ ਸਮੇਤ ਆ ਕੇ ਗੁਰੂ ਜੀ ਨੂੰ ਕੀਰਤਨ ਕਰਨ ਤੋਂ ਰੋਕਿਆ। ਗੁਰੂ ਜੀ ਨੇ ਕਿਹਾ ਰਾਗ ਗਾਉਣਾ ਮਾੜਾ ਨਹੀਂ। ਰਾਗ ਵਿਚ ਅਸਭਯ ਸਿੰਗਾਰ ਰਸ ਦੇ ਗੀਤ ਗਾਉਣ ਨਾਲ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ, ਨਾ ਹੀ ਮਨ ਇਕਾਗਰ ਰਹਿੰਦਾ ਹੈ। ਪਰ ਖੁਦਾ ਦੀ ਸਿਫਤ ਸਲਾਹ (ਉਸਤਤਿ) ਕਰਨ ਨਾਲ ਜੀਵਨ ਸਫਲ ਹੁੰਦਾ ਹੈ।

ਮਨ ਖੁਦਾ ਦੇ ਨਾਲ ਜੁੜਦਾ ਹੈ। ਕੀਰਤਨ ਖੁਦਾ ਦੀ ਉੱਤਮ ਦਾਤ ਹੈ।

(16) ਕੀਰਤਨ ਮੁੜ ਆਰੰਭ ਹੋ ਗਿਆ, ਜਿਸਨੇ ਵੀ ਕੀਰਤਨ ਸ਼ਰਵਨ ਕੀਤਾ ਆਨੰਦ ਵਿਭੋਰ ਹੋ ਗਿਆ। ਸਭ ਸੁਣਨ ਵਾਲੇ ਸੁੰਨ ਮੁੰਨ ਹੋ ਗਏ। ਗੁਰੂ ਜੀ ਨਾਲ ਵਾਦ ਵਿਵਾਦ ਕਰਨ ਦੀ ਕਿਸੇ ਨੂੰ ਜੁਰਅਤ ਨਹੀਂ ਪਈ। ਪੀਰ ਦਸਤਗੀਰ ਕੀਰਤਨ ਸੁਣ ਕੇ ਪ੍ਰਸੰਨ ਹੋ ਗਿਆ। ਉਸ ਨੂੰ ਵਿਸ਼ਵਾਸ ਹੋ ਗਿਆ ਕਿ ਰਾਗ ਹਰਾਮ ਨਹੀਂ ਹੈ, ਰਾਗ ਵਿਚ ਗਾਏ ਗੰਦੇ ਗੀਤ ਹਰਾਮ ਹਨ। ਇਸ ਤਰ੍ਹਾਂ ਇਹ ਲੋਹ ਪੁਰਸ਼ (ਸਤਿਗੁਰੂ) ਨਿਰਭੈਤਾ ਨਾਲ ਭ੍ਰਮ ਜਾਲ ਕਟ ਕੇ ਸਦ-ਮਾਰਗ ਪਾਉਂਦਾ ਰਿਹਾ। ਸਤਿ ਦਾ ਚਾਨਣ ਹੋਣ ਕਰਕੇ ਪੀਰ ਦਸਤ ਗੀਰ ਸਮੇਤ ਬਗਦਾਦ ਨਿਵਾਸੀਆਂ ਦੇ ਸਿਰ ਗੁਰੂ ਦੇ ਚਰਨਾ ਵਿਚ ਝੁਕ ਗਏ ਅਤੇ ਸ਼ਰਧਾਲੂ ਬਣ ਗਏ।

ਗੁਰੂ ਜੀ ਦੇ ਵਾਸਤੇ ਬਗਦਾਦ ਦੇ ਪੀਰਾਂ ਵਿਚ ਇਤਨਾ ਸਤਿਕਾਰ ਪ੍ਰੇਮ ਹੋ ਗਿਆ ਗੁਰੂ ਜੀ ਦੀ ਯਾਦ ਨੂੰ ਸਦਾ ਲਈ ਕਾਇਮ ਰੱਖਣ ਵਾਸਤੇ ਜਿਥੇ ਗੁਰੂ ਜੀ ਨੇ ਨਿਵਾਸ ਰੱਖਿਆ ਸੀ, ਉਥੇ ਇਮਾਰਤ ਬਣਾ ਕੇ, ਤੁਰਕੀ ਭਾਸ਼ਾ ਵਿਚ ਗੁਰੂ ਜੀ ਦੇ ਨਾਮ ਦਾ ਸ਼ਿਲਾ ਲੇਖ ਲਾਇਆ।

ਇਸ ਸ਼ਿਲਾ ਲੇਖ ਦਾ ਪਤਾ ਸਭ ਤੋਂ ਪਹਿਲਾਂ 1917 ਈ: ਵਿਚ ਸਿੱਖ ਫੌਜੀਆਂ ਨੂੰ ਲੱਗਾ ਸੀ। ਉਪ੍ਰੰਤ ਇਸ ਲੇਖ ਦਾ ਸਾਰੇ ਵਿਦਵਾਨਾਂ ਨੇ ਜਿਕਰ ਕੀਤਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਦੇ ਪੰਨਾ 622 ਭਾਸ਼ਾ ਵਿਭਾਗ 1960 ਈ: ਦੀ ਛਾਪ ਵਿਚ ਬਗਦਾਦ ਦਾ ਨਕਸ਼ਾ ਦੇ ਕੇ, ਸ਼ਿਲਾ ਲੇਖ ਦਾ ਵੀ ਚਿਤ੍ਰ ਦਿੱਤਾ ਹੈ। ਸ੍ਰ: ਹਰਬੰਸ ਸਿੰਘ ਜੀ ਐਨਸਾਈਕਲੋਪੀਡੀਆ ਆਫ ਸਿਖਇਜ਼ਮ, ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲਿਆਂ ਨੇ 1969 ਵਿਚ ਆਪ ਬਗਦਾਦ ਜਾ ਕੇ ਸ਼ਿਲਾ ਲੇਖ ਦਾ ਫੋਟੋ ਲੈ ਕੇ ਹਾਰਵਰਡ ਯੂਨੀਵਰਸਿਟੀ ਕੈਂਬ੍ਰਿਜ ਸੰਯੁਕਤ ਰਾਜ ਅਮਰੀਕਾ ਵਿਚ ਤੁਰਕੀ ਭਾਸ਼ਾ ਦੇ ਵਿਦਵਾਨ **Dr. Jhinasi Tekin** ਤੋਂ ਅਨੁਵਾਦ ਕਰਾਇਆ ਸੀ। ਇਸ ਵਿਦਵਾਨ ਨੇ ਅਨੁਵਾਦ ਵਿਚ ਬੜੇ ਵਿਸ਼ਵਾਸ ਨਾਲ ਲਿਖਿਆ ਹੈ ਇਹ ਸ਼ਿਲਾ ਲੇਖ ਗੁਰੂ ਨਾਨਕ ਦੇਵ ਜੀ ਬਾਰੇ ਹੀ ਹੈ।

ਅਸੀਂ ਪਾਠਕਾਂ ਦੇ ਲਾਭ ਵਾਸਤੇ ਪੰਜਾਬੀ ਅਨੁਵਾਦ ਅੰਕਿਤ ਕਰਦੇ ਹਾਂ।

ਪਰਿਪੂਰਨ ਈਸ਼੍ਵਰ ਦੇ ਮਨ ਵਿਚ ਜੋ ਇੱਛਾ ਉਤਪੰਨ ਹੋਈ ਉਸ ਵਲ ਧਿਆਨ ਦਿਉ (ਇਹ ਇੱਛਾ) ਕਿ ਬਾਬਾ ਨਾਨਕ ਦੇ ਵਾਸਤੇ ਨਵੀਨ ਇਮਾਰਤ ਦਾ ਨਿਰਮਾਣ ਕੀਤਾ ਜਾਵੇ। ਸੰਤਾਂ (ਦਰਵੇਸ਼ਾਂ) ਨੇ ਸਹਾਇਤਾ ਕੀਤੀ ਅਤੇ ਇਹ ਅਭਿਲੇਖ ਹੋਂਦ ਵਿਚ ਆਇਆ। ਵਰੋਸਾਏ ਸ਼ਿਸ਼ ਨੇ ਇਕ ਪੁੰਨ ਦਾ ਕਾਰਜ ਕੀਤਾ। ਈਸ਼੍ਵਰ ਉਸ ਦੇ ਕਾਰਜ ਦਾ (ਉਸਨੂੰ) ਫਲ ਬਖਸ਼ੇ।

1919 ਈ: ਵਿਚ ਬਗਦਾਦ ਦੀ ਯਾਤ੍ਰਾ ਸਮੇਂ ਇਕ ਭਾਰਤੀ ਸਾਧੂ ਸ੍ਵਾਮੀ ਆਨੰਦਾਚਾਰਯ ਬਗਦਾਦ ਵਿਚ ਗੁਰੂ ਜੀ ਦਾ ਲੇਖ ਅਤੇ ਸਮਾਰਕ ਵੇਖ ਕੇ ਵਿਸ਼ਮਾਦ ਹੋ ਗਿਆ, ਕਿ ਅਸਚਰਜ ਹੈ 16 ਸਤਾਬਦੀ ਵਿਚ ਭਾਰਤੀ ਮਹਾਂ ਪੁਰਖ ਗੁਰੂ ਨਾਨਕ ਦੇਵ ਜੀ ਬਗਦਾਦ ਵਿਚ ਆਏ ਸਨ ਅਤੇ ਆਪਣੇ ਨਾਮ ਦਾ ਸਿੱਕਾ ਬੈਠਾ ਕੇ ਗਏ ਹਨ। ਸ਼ਰਧਾ ਅਤੇ ਪ੍ਰੇਮ ਨਾਲ ਸ੍ਵਾਮੀ ਆਨੰਦਾਚਾਰਯ ਦੇ ਹਿਰਦੇ ਵਿਚੋਂ ਕਾਵਿ ਦੀ ਧਾਰਾ ਵਹਿ ਤੁਰਿ, ਗੁਰੂ ਜੀ ਦੀ ਉਸਤਤੀ ਵਿਚ ਅੰਗ੍ਰੇਜ਼ੀ ਦੀ ਮਨੋਹਰ ਕਵਿਤਾ ਦਾ ਉਚਾਰਨ ਕੀਤਾ ਜੋ ਉਨ੍ਹਾਂ ਦੀ ਪੁਸਤਕ ਸਨੋਵਰਡ ਵਿਚ ਅੰਕਿਤ ਹੈ। ਪਰ ਉਪਰਲੇ ਤੁਰਕੀ ਭਾਸ਼ਾ ਦੇ ਲੇਖ ਨਾਲੋਂ ਸ੍ਵਾਮੀ ਦਾ ਕਥਨ ਵੱਖਰਾ ਹੈ। ਉਹ ਲਿਖਦੇ ਹਨ ਕਿ ਹਿੰਦੂ ਗੁਰੂ

ਨਾਨਕ ਨੇ (ਬਗਦਾਦ ਵਿਚ) ਫਕੀਰ ਬਹਿਲੋਲ ਨਾਲ ਭੇਂਟ ਕੀਤੀ ਸ਼ਾਹ ਬਹਿਲੋਲ ਪੌਣੇ ਚਾਰ ਮਹੀਨੇ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ (ਆਤਮ ਗਿਆਨ) ਸ਼ਰਵਨ ਕਰਦਾ ਰਿਹਾ ਅਤੇ ਗੁਰੂ ਜੀ ਦੇ ਈਰਾਨ ਵਿਚੋਂ ਜਾਣ ਦੇ ਬਾਅਦ ਸੱਠ ਸਾਲ ਤਕ ਬਹਿਲੋਲ ਦੀ ਆਤਮਾ ਗੁਰੂ ਜੀ ਦੇ ਚਰਨਾਂ ਦੁਆਲੇ ਇਸ ਤਰ੍ਹਾਂ ਘੁੰਮਦੀ ਰਹੀ ਜਿਸ ਤਰ੍ਹਾਂ ਸ਼ਹਿਦ ਦੀ ਮੱਖੀ ਫੁੱਲ੍ਹਾਂ ਉਤੇ ਘੁੰਮਦੀ ਰਹਿੰਦੀ ਹੈ।

(17) (ਉਹ 60 ਵਰਸ ਗੁਰੂ ਜੀ ਦੇ ਉਪਦੇਸ਼ ਦਾ ਮਨ ਬਾਣੀ ਕਰਕੇ ਇਕਾਗਰ ਚਿੱਤ ਚਿੰਤਨ (ਸਿਮਰਨ) ਕਰਦਾ ਰਿਹਾ। ਸੰਸਾਰ ਦੇ ਸਰਬ ਸੰਕਲਪ-ਵਿਕਲਪ ਤਿਆਗ ਕੇ ਇਕ ਥਾਂ ਬੈਠਾ ਰਿਹਾ।)

ਗੁਰੂ ਜੀ ਦੇ ਬਗਦਾਦ ਪਹੁੰਚਣ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ।

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਿਰ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥ (1/35)

ਗੁਰੂ ਜੀ ਦਾ ਬਗਦਾਦ ਤੋਂ ਭਾਰਤ ਆਉਣ ਦਾ ਸਫਰ

ਬਗਦਾਦ ਤੋਂ ਇਸਫਹਾਤ	450 ਮੀਲ ਪੂਰਵ ਵਲ
ਇਸਫਹਾਤ ਤੋਂ ਤਿਹਰਾਨ	200 ਮੀਲ ਉਤਰ ਵਲ
ਤਿਹਰਾਨ ਤੋਂ ਅਸ਼ਹਦ	450 ਮੀਲ ਪੂਰਵ (ਇਹ 3 ਸ਼ਹਿਰ ਈਰਾਨ ਵਿਚ ਹਨ)
ਅਸ਼ਹਦ ਤੋਂ ਬੁਖਾਰਾ	400 ਮੀਲ ਉਤਰ ਪੂਰਵ
ਬੁਖਾਰਾ ਤੋਂ ਸਮਰਕੰਦ	150 ਮੀਲ ਪੂਰਵ (ਇਹ ਦੋਨੋ ਸ਼ਹਿਰ ਤੁਰਕਸਤਾਨ ਵਿਚ ਹਨ)
ਸਮਰਕੰਦ ਤੋਂ ਮਜਾਰੇ ਸ਼ਰੀਫ	200 ਮੀਲ ਦੱਖਣ
ਮਜਾਰੇ ਸ਼ਰੀਫ ਤੋਂ ਕਾਬਲ	200 ਮੀਲ ਦੱਖਣ ਪੂਰਵ
ਕਾਬਲ ਤੋਂ ਜਲਾਲਾਬਾਦ	80 ਮੀਲ ਦੱਖਣ ਪੂਰਵ (ਇਹ 3 ਸ਼ਹਿਰ ਅਫਗਾਨਿਸਤਾਨ ਵਿਚ ਹਨ)

ਜੀਵਨ ਗੁਰੂ ਨਾਨਕ ਦੇਵ, ਪ੍ਰੋ. ਸਾਹਿਬ ਸਿੰਘ ਪੰਨਾ 173

ਜਲਾਲਾਬਾਦ ਤੋਂ ਬਾਅਦ ਹਿੰਦੁਸਤਾਨ (ਵਰਤਮਾਨ ਪਾਕਿਸਤਾਨ) ਵਿਚ ਆ ਗਏ। ਇੰਨ੍ਹਾਂ ਇਸਲਾਮੀ ਦੇਸਾਂ ਵਿਚ ਮੁਸਲਮਾਨਾਂ ਨੂੰ ਦਸਿਆ ਖੁਦਾ ਇਕ ਹੈ ਜੋ ਸਰਬ ਵਿਆਪਕ ਹੈ, ਰਾਗ ਹਰਾਮ ਨਹੀਂ, ਗੰਦੇ ਗੀਤ ਗਾਉਣੇ ਹਰਾਮ ਹਨ, ਖੁਦਾ ਦੀ ਰਚਨਾ ਬੇਅੰਤ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਸ੍ਰ: ਹਰਬੰਸ ਸਿੰਘ ਜੀ (ਐਨਸਾਈਕਲੋਪੀਡੀਆ ਆਫ ਸਿਖਇਜ਼ਮ) ਦੇ ਕਥਨ ਅਨੁਸਾਰ ਗੁਰੂ ਜੀ ਨੇ ਸਾਮ ਦੇਸ, ਸੀਧੀਆ, ਟਰਕੀ ਦੀ ਯਾਤ੍ਰਾ ਵੀ ਕੀਤੀ ਹੈ, ਮੁਹੰਮਦ ਲਤੀਫ ਅਨੁਸਾਰ ਟਰਕੀ ਦੀ ਰਾਜਧਾਨੀ ਅਸਤੰਬੋਲ ਵਿਚ ਗੁਰੂ ਜੀ ਗਏ ਸਨ ਉਥੇ ਦੇ ਸੁਲਤਾਨ ਨੂੰ ਮਿਲ ਕੇ ਧਰਮ ਉਪਦੇਸ਼ ਦਿਤਾ ਸੀ।

ਭਾਈ ਗੁਰਦਾਸ ਜੀ ਲਿਖਦੇ ਹਨ :

> *ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ॥*
> *ਜਿਤੇ ਨਵ ਖੰਡ ਮੇਦਨੀ ਸਤਿ ਨਾਮੁ ਦਾ ਚੱਕ੍ਰ ਫਿਰਾਇਆ॥*
> *ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕੁ ਆਇਆ॥* (1/37)

ਸ੍ਰੀ ਲੰਕਾ

ਮੱਕੇ ਮਦੀਨੇ ਬਗਦਾਦ ਦੀ ਤਰ੍ਹਾਂ ਗੁਰੂ ਜੀ ਦਾ ਸ੍ਰੀ ਲੰਕਾ ਵਿਚ ਜਾਣਾ ਵੀ ਪ੍ਰਸਿੱਧ ਹੈ। ਸ੍ਰੀ ਲੰਕਾ ਦੇ ਪ੍ਰਸਿੱਧ ਵਿਦਵਾਨ ਡਾ. ਰਾਧਾ ਮੰਗਲ ਕਰਨਰਤਨ ਨੇ ਲਿਖਿਆ ਹੈ, ਲੰਕਾ ਦੇ ਪੁਰਾਤਤ੍ਰ ਸੰਮ੍ਰਲਯ ਅਨੁਰਾਧ ਪੁਰ ਵਿਚ ਇਕ ਸ਼ਿਲਾ ਲੇਖ ਹੈ। ਜਿਸ ਵਿਚ ਰਾਜਾ ਧਰਮ ਪ੍ਰਾਕ੍ਰਮ ਬਾਹੂ (1506-1528) ਦੇ ਸਮੇਂ ਇਕ ਸੰਤ ਨਾਨਕਾਚਾਰਯ ਨੇ ਜੈ ਵਰਧਨ ਪੁਰ ਦੇ ਰਾਜ ਦਰਬਾਰ ਵਿਚ ਅਨਾਤਮ ਵਾਦੀ ਬੋਧੀ ਪੰਡਿਤ ਧਰਮ ਕੀਰਤੀ ਸਥਵ੍ਰਿ ਨੂੰ ਸ਼ਾਸਤ੍ਰਾਰਥ (ਗਿਆਨ ਗੋਸਟਿ) ਵਿਚ ਹਾਰ ਦਿਤੀ ਸੀ। ਇਸੀ ਤਰ੍ਹਾਂ ਬਾਟੀ ਕੋਲਾ ਤੋਂ 20 ਕਿਲੋਮੀਟਰ ਦੂਰ ਕੁਰਕਲ ਮੰਡਲ ਵਿਚ ਗੁਰੂ ਜੀ ਦਾ ਸਥਾਨ ਹੈ। ਇਸ ਗੱਲ ਨੂੰ ਵੀ ਸਿੰਹਲੀ ਵਿਦਵਾਨ ਡਾ. ਸਿਵਰਤਨਮ ਨੇ ਆਪਣੇ ਗ੍ਰੰਥ ਵਿਚ ਲਿਖਿਆ ਹੈ।

(18) ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚ ਰਾਜਾ ਸ਼ਿਵ ਨਾਭ ਦੇ ਕੋਲ ਜਾਣ ਦਾ ਵਰਣਨ ਮਿਲਦਾ ਹੈ। ਭਾਈ ਬੰਨੋ ਵਾਲੀ ਬੀੜ ਵਿਚ ਵੀ ਰਾਜਾ ਸ਼ਿਵ ਨਾਭ ਦੇ ਨਾਲ ਸਬੰਧਤ ਇਕ ਬਾਣੀ ਅੰਕਿਤ ਹੈ। ਗੁਰੂ ਅਰਜਨ ਦੇਵ ਜੀ ਨੇ ਇਕ ਸਿੱਖ ਨੂੰ 'ਪ੍ਰਾਣ ਸੰਗਲੀ ਪੋਥੀ' ਲਿਉਣ ਵਾਸਤੇ ਲੰਕਾ ਵਿਚ ਭੇਜਿਆ ਸੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੰਕਾ ਨਾਲ ਗੁਰੂ ਘਰ ਦਾ ਸੰਪਰਕ ਬਣ ਗਿਆ ਸੀ।

ਉਤਰ (ਸੁਮੇਰ-ਹਿਮਾਲੀਏ) ਦੀ ਯਾਤ੍ਰਾ ਸਮੇਂ ਰਸਤਿਆਂ ਤੋਂ ਰਹਿਤ ਨਿਰਜਨ ਪ੍ਰਦੇਸ਼ ਦੁਰਗਮ ਨਦੀ ਨਾਲਿਆਂ ਨੂੰ ਪਾਰ ਕਰਦੇ ਹੋਏ, ਹਿੰਸਕ ਜੀਵਾਂ ਦੇ ਵਿਚ ਦੀ ਲੰਘਦੇ ਹੋਏ, ਉਤਰ-ਪੂਰਵ ਦਿਸ਼ਾ ਨੂੰ ਚਲਦੇ ਹੋਏ, ਜੋਜੀਲਾ ਪਾਰ ਕਰਕੇ ਲਦਾਖ ਵਿਚ ਪਹੁੰਚੇ। ਇਥੇ ਬੋਧ ਭਿਖਸ਼ੂਆਂ ਨਾਲ ਗਿਆਨ ਗੋਸ਼ਟੀ ਹੋਈ, ਬਹੁਤ ਇਨੀਸ਼੍ਵਰਵਾਦੀ ਬੋਧੀ ਲੋਕ ਅਤੇ ਭਿਖਸ਼ੂ ਈਸ਼੍ਵਰਵਾਦੀ ਬਣ ਕੇ ਸਤਿਨਾਮੁ ਦੇ ਉਪਦੇਸ਼ੀ ਬਣੇ। ਹੁਣ ਵੀ ਇਹ ਲੋਕ ਗੁਰੂ ਜੀ ਨੂੰ ਸ਼ਰਧਾ ਨਾਲ ਨਾਨਕ ਲਾਮਾਂ ਕਹਿੰਦੇ ਹਨ। ਲਦਾਖ ਵਿਚ ਗੁਰੂ ਜੀ ਦੇ ਪਹੁੰਚਣ ਦੀਆਂ ਮੌਖਿਕ ਕਥਾਵਾਂ ਪ੍ਰਚਲਤ ਹਨ। ਇਕ ਬ੍ਰਿਛ ਹੁਣ ਤਕ ਖੜਾ ਹੈ, ਜਿਸ ਹੇਠ ਗੁਰੂ ਜੀ ਬੈਠੇ ਸਨ। ਲੇਹ ਤੋਂ ਬਾਹਰ ਕਾਰਗਿਲ ਸੜਕ ਦੇ ਕਿਨਾਰੇ ਤੇ ਇਕ ਸਿਲ ਪਈ ਹੈ। ਇਹ ਇਕ ਰਾਖਸ਼ ਦੀ ਹੈ ਜਿਸ ਦਾ ਗੁਰੂ ਜੀ ਨੇ ਉਧਾਰ ਕੀਤਾ ਸੀ। ਗੁਰੂ ਜੀ ਅਨੇਕ ਲੋਕਾਂ ਨੂੰ ਤਾਰਦੇ ਮਾਨ ਸਰੋਵਰ ਦੇ ਦਰਸ਼ਨ ਕਰਕੇ, ਸਿਧ ਮੰਡਲੀ ਨੂੰ ਜਾ ਮਿਲੇ। ਭਾਈ ਗੁਰਦਾਸ ਜੀ ਲਿਖਦੇ ਹਨ :

> *ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ ॥*
> *ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ ॥*
> *ਸਿਧਿ ਪੁਛਣਿ ਸੁਣਿ ਬਾਲਿਆ ਕਉਣੁ ਸਕਤਿ ਤੁਹਿ ਏਥੇ ਲਿਆਈ ॥*
> *ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ ॥*

(ਵਾਰ 1 ਪਉੜੀ 28)

ਸਿਧ ਨਿਰਜਨ ਪਹਾੜ ਵਿਚ ਵਿਧਮ ਰਸਤੇ ਪਾਰ ਕਰਕੇ ਹਿੰਸਕ ਜੀਵਾਂ ਵਿਚ ਦੀ ਭੌਤਿਕ ਜਗਤ ਤੋਂ ਆਏ ਦੋ ਵਿਅਕਤੀ (ਗੁਰੂ ਜੀ ਅਤੇ ਮਰਦਾਨੇ) ਨੂੰ ਵੇਖ ਕੇ ਅਸਚਰਜ/ਚਕ੍ਰਿਤ ਹੋ ਗਏ। ਵਿਸ਼ਮਯ ਹੋਏ ਜੋਗੀਆਂ ਨੇ ਗੁਰੂ ਜੀ ਤੇ ਪਹਿਲਾ ਪ੍ਰਸ਼ਨ ਏਹੀ ਕੀਤਾ

ਹੇ ਬਾਲਕ! ਤੂੰ ਕੇਹੜੀ ਸ਼ਕਤੀ ਦੇ ਕਾਰਣ ਇਥੋਂ ਤਕ ਪਹੁੰਚਿਆ ਹੈਂ?

ਉਤਰ ਵਿਚ ਗੁਰੂ ਜੀ ਨੇ ਆਖਿਆ 'ਮੈ ਸਰਬ ਪਰਿਪੂਰਨ ਪਾਰਬ੍ਰਹਮ ਪਰਮੇਸ੍ਰਰ ਦੀ ਕ੍ਰਿਪਾ ਨਾਲ ਆਇਆ ਹਾਂ। ਮੈਂ ਨਿਰਾਕਾਰ ਦਾ ਉਪਾਸ਼ਕ ਹਾਂ, ਉਹ ਸਰਬ ਵਿਆਪਕ ਸਰਵਗਯ ਹੈ।

ਸਿਧਾਂ ਨੇ ਪੁੱਛਿਆ 'ਸੁਣਾਓ ਮਾਤ ਲੋਕ (ਭਾਰਤ) ਦੀ ਕੀ ਹਾਲਤ ਹੈ?

ਗੁਰੂ ਜੀ ਬੋਲੇ 'ਨਾਥ ਗਣ! ਜਗਤ ਵਿਚ ਅੰਧਕਾਰ ਛਾਇਆ ਹੋਇਆ ਹੈ। ਸੱਚ ਦਾ ਚੰਦ੍ਰਮਾ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ। ਪ੍ਰਿਥਵੀ ਨੂੰ ਪਾਪਾਂ ਨੇ ਗਰਸ ਲਿਆ ਹੈ। ਅਤਿਆਚਾਰ ਅਤੇ ਪਾਪਾਂ ਦੇ ਭਾਰ ਹੇਠ ਦੱਬੀ ਪ੍ਰਿਥਵੀ ਅਤੇ ਮਨੁੱਖਤਾ 'ਹਾਏ ਹਾਏ' ਕਰ ਰਹੀ ਹੈ। ਸਿਧ ਗਣ! ਕਾਇਰ ਹੋ ਕੇ ਪਹਾੜਾਂ ਦੀਆਂ ਕੰਦਰਾਂ ਵਿਚ ਆਣ ਬੈਠੇ ਹਨ। ਇਸ ਅਸਹਿ ਦੁਖ ਦੇ ਸਮੇਂ ਜਗਤ ਦੀ ਸਹਾਇਤਾ ਕਰਨ ਵਾਲਾ ਕੋਈ ਨਹੀਂ ਹੈ। ਲੋਕ ਅਗਿਆਨ ਦੇ ਅਨ੍ਹੇਰੇ ਵਿਚ ਭਟਕ ਰਹੇ ਹਨ।

90-90, 100-100 ਵਰਸ ਦੇ ਸਿਧ ਹਿਮਾਲੀਏ (ਪਹਾੜ) ਦੀਆਂ ਕੰਦਰਾਂ ਵਿਚ ਬੈਠੇ, ਦੇਸ਼ ਨਾਲੋਂ ਕਟੇ ਹੋਏ ਸਨ। ਸਿਧਾਂ ਨੂੰ ਕੋਈ ਪਤਾ ਨਹੀਂ ਸੀ ਕਿ ਦੇਸ਼ ਦੀ ਕੀ ਅਵਸਥਾ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ :

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ ॥
ਸਭ ਸਿਧੀ ਇਹ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ ॥
ਬਾਬੇ ਆਖਿਆ, ਨਾਥ ਜੀ! ਸਚੁ ਚੰਦ੍ਰਮਾ ਕੂੜੁ ਅੰਧਾਰਾ ॥
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ ॥
ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ॥
ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ ॥
ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ ॥
ਬਾਝੁ ਗੁਰੂ ਡੁਬਾ ਜਗੁ ਸਾਰਾ ॥ (1/29)

ਲੋਹ ਪੁਰਖ ਦਾ ਨਿਰਭੈ ਉਤਰ ਸੁਣ ਕੇ ਸਿਧ ਨਿਰੁਤਰ ਹੋ ਗਏ। ਸ਼ਬਦ ਨਾਲ ਸਿਧ ਮੰਡਲੀ ਨੂੰ ਜਿਤਿਆ। ਸਿਧਾਂ ਨੇ ਆਪਣੀ ਕਾਇਰਤਾ ਅਤੇ ਲੋੜ ਵੇਲੇ ਦੇਸ਼ ਦੀ ਅਗਵਾਈ ਨਾ ਕਰਨ ਦੀ ਖਿਮਾ ਮੰਗੀ।

ਭਾਈ ਗੁਰਦਾਸ ਜੀ ਲਿਖਦੇ ਹਨ :-

ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਕੀ ਝਾਲਾ ॥
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ ॥
ਕਲਿਜੁਗਿ ਨਾਨਕ ਨਾਮੁ ਸੁਖਾਲਾ॥ (1/31)

ਸਿਧ ਮੰਡਲੀ ਨਾਲ ਗੋਸ਼ਟਿ ਕਰਨ ਤੋਂ ਬਾਅਦ ਮੌਖਿਕ ਅਨੁਸ੍ਰਤੀ ਅਨੁਸਾਰ ਗੁਰੂ ਜੀ

ਧਰਮ ਪ੍ਰਚਾਰ ਵਾਸਤੇ ਤਿੱਬਤ ਵਿਚ ਪਹੁੰਚੇ। ਗੁਰੂ ਜੀ ਦਾ ਤਿੱਬਤ ਜਾਣਾ ਤਿੱਬਤੀ ਲੋਕਾਂ ਵਿਚ ਪ੍ਰਸਿੱਧ ਹੈ। "Guru Nanak in Tibet"। ਸਿਰਲੇਖ ਹੇਠ (Indian Times, March 6, 1966.) ਤੁਰਗੰਧਾ ਤੁਸਕੁ ਦਾ ਕਥਨ ਹੈ ਤਿੱਬਤ ਵਿਚ ਗੁਰੂ ਜੀ ਦਾ ਸਤਿਕਾਰ 'ਪਦਮ ਸੰਭਵ' ਦੇ ਪ੍ਰਭਾਵ ਦੀ ਤਰ੍ਹਾਂ ਕੀਤਾ ਜਾਂਦਾ ਹੈ। ਤਿੱਬਤ ਦੇ ਕੁਝ ਮੱਠਾਂ ਵਿਚ ਗੁਰੂ ਜੀ ਦੀਆਂ ਮੂਰਤੀਆਂ ਵੀ ਸਥਾਪਤ ਹਨ। 'ਭਦਰ ਗੁਰੂ' ਦੇ ਨਾਮ ਨਾਲ ਗੁਰੂ ਜੀ ਦਾ ਪੂਜਨ ਕਰਦੇ ਹਨ।

ਤਿੱਬਤ ਵਿਚ 'ਕਰਮਾਪਾ' ਅਤੇ 'ਮੋਲੁਪਾ' ਦੋ ਸੰਪਰਦਾਵਾਂ ਹਨ। ਕਰਮਾਪਾ ਸੰਪਰਦਾਇ ਦੇ ਲੋਕ ਗੁਰੂ ਜੀ ਨੂੰ ਸ਼ਰਧਾ ਨਾਲ ਮੰਨਦੇ, ਪੂਜਦੇ ਹਨ।

ਨੇਪਾਲ ਅਤੇ ਸਿਕਮ ਨੂੰ ਵੀ ਸਤਿਗੁਰੂ ਜੀ ਨੇ ਆਪਣੇ ਪਾਵਨ ਚਰਨਾਂ ਨਾਲ ਪਵਿੱਤਰ ਕੀਤਾ। ਉਤਰੀ ਸਿਕਮ ਵਿਚ 'ਚੁਨਥਾਂਗ' ਨਾਮ ਦਾ ਛੋਟਾ ਜਿਹਾ ਪਿੰਡ ਹੈ। ਜਿਥੇ ਗੁਰੂ ਜੀ ਦੀ ਇਕ ਟਿਲੇ ਤੇ ਯਾਦਗਾਰ ਕਾਇਮ ਹੈ। ਅਨੁਸ਼ਰੁਤੀ ਹੈ ਕਿ ਗੁਰੂ ਜੀ ਕੇਲੇ ਦੇ ਪੱਤਿਆਂ ਵਿਚ ਚਾਵਲ ਬੰਨ ਕੇ ਲਿਆਏ ਸਨ ਜੋ ਇਨ੍ਹਾਂ ਲੋਕਾਂ ਨੂੰ ਦੇ ਦਿਤੇ। ਪਿੰਡ ਨਿਵਾਸੀਆਂ ਨੇ ਚਾਵਲ ਬੀਜ ਦਿੱਤੇ ਅਤੇ ਕੇਲੇ ਲਾ ਦਿੱਤੇ। ਹੁਣ ਪ੍ਰਦੇਸ ਚਾਵਲਾਂ ਅਤੇ ਕੇਲਿਆਂ ਦਾ ਪ੍ਰਾਂਤ ਬਣ ਗਿਆ।

ਗੁਰੂ ਜੀ ਨੇ ਭ੍ਰਮਣ ਦੁਆਰਾ ਤਿੰਨ ਉਦਾਸੀਆਂ ਕਰਨ ਤੋਂ ਬਾਅਦ 61 ਵਰਸ ਦੀ ਆਯੂ ਵਿਚ ਮਾਰਚ 1530 ਨੂੰ ਸ਼ਿਵਰਾਤ੍ਰੀ ਦੇ ਮੇਲੇ ਤੇ ਅਚੱਲ ਬਟਾਲੇ ਦੀ ਯਾਤ੍ਰਾ ਕੀਤੀ। ਇਸ ਮੇਲੇ ਤੇ ਦੇਸ ਦੇ ਸਾਰੇ ਜੋਗੀ ਆਏ ਹੋਏ ਸਨ। ਗੁਰੂ ਜੀ ਦੀ ਪ੍ਰਸਿੱਧੀ ਦੇ ਕਾਰਣ ਦੇਸ ਦੀ ਜੰਤਾ ਵੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁ ਸੰਖਿਆ ਵਿਚ ਪੁੱਜੀ ਹੋਈ ਸੀ। ਅਚੱਲ-ਬਟਾਲੇ ਵਿਚ ਗੁਰੂ ਜੀ ਦੀ ਅਤੇ ਸਿਧਾਂ ਦੀ ਨਿਰਣਾਇਕ ਅੰਤਿਮ ਗੋਸ਼ਟੀ ਹੋਈ ਜਿਸ ਵਿਚ ਸਿਧਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਜੀ ਦੇ ਸਿਧਾਂਤ ਅਗੇ ਨਿਰੁਤਰ ਹੋਣਾ ਪਿਆ।

ਗੁਰੂ ਜੀ ਦਾ ਆਗਮਨ ਸੁਣ ਕੇ ਸਿਧ ਗੋਸ਼ਟ ਕਰਨ ਆ ਗਏ। ਗੁਰੂ ਨੇ ਸਿਧਾਂ ਨੂੰ ਕਿਹਾ ਅਗੇ ਕਈ ਵਾਰ ਵਿਚਾਰਾਂ ਹੋਈਆਂ ਹਨ। ਪਰ ਸਿਧ ਹਠ ਕਰ ਰਹੇ ਸਨ। ਗੁਰੂ ਨਾਲ ਪਹਿਲੀਆਂ ਹੋਈਆਂ ਗੋਸ਼ਟਾਂ ਦੇ ਕਾਰਣ ਲੋਕਾਂ ਦੇ ਮਨਾਂ ਤੋਂ ਸਿਧਾਂ ਦੇ ਚਮਤਕਾਰਾਂ ਦਾ ਭੈ/ਸਹਿਮ ਲਹਿ ਗਿਆ ਸੀ। ਸਿਧ ਗੁਰੂ ਜੀ ਨੂੰ ਚਰਚਾ ਨਾਲ ਹਰਾ ਕੇ ਆਪਣਾ ਪ੍ਰਭਾਵ ਕਾਇਮ ਕਰਨਾ ਚਾਹੁੰਦੇ ਸਨ। ਗੁਰੂ ਜੀ ਨੇ ਕਿਹਾ ਜੇ ਕਰ ਤੁਸੀਂ ਗੋਸ਼ਟ ਕਰਨੀ ਚਾਹੁੰਦੇ ਹੋ ਤਾਂ ਪਹਿਲੀ ਸ਼ਰਤ ਇਹ ਹੋਵੇਗੀ 'ਰੋਸੁ ਨ ਕੀਜੈ ਉਤਰੁ ਦੀਜੈ', 'ਵਾਦ' ਅਤੇ 'ਹੇਤ' ਚਰਚਾ ਕਰਨੀ ਹੋਵੇਗੀ 'ਜਲਪ' ਅਤੇ 'ਵਿਤੰਡਾ' ਨਹੀਂ। ਆਤਮਿਕ ਗਿਆਨ, ਸੱਤਿ ਅਸੱਤਿ ਦੇ ਨਿਰਣੇ ਵਾਸਤੇ ਵਿਚਾਰ ਕਰਨੀ ਹੈ। ਨਿਰੰਕਾਰ, ਪਾਰਬ੍ਰਹਮ ਦਾ ਯਥਾਰਥ ਸ਼ਾਸ਼ਵਤ ਗਿਆਨ ਸਮਝਣਾ ਸਮਝਾਉਣਾ ਹੈ। ਸੈਂਕੜੇ ਸਿਧ ਆਪਣੇ ਆਪਣੇ ਆਸਨਾ ਤੇ ਬੈਠ ਗਏ।

(20) *ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥* (ਪੰਨਾ 938)

ਇਸ ਗੋਸਟਿ ਵਿਚ ਗੁਰੂ ਜੀ ਨੇ ਆਪਣਾ ਸਿਧਾਂਤ ਦਸਿਆ।

ਨਾਮਿ ਰਤੇ ਸਿਧ ਗੋਸਟਿ ਹੋਇ॥ ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥

(ਪੰਨਾ 941)

ਸਿਧਾਂ ਵਲੋਂ ਗੋਸ਼ਟਿ ਕਰਨ ਵਾਲਿਆਂ ਵਿਚ ਲੋਹਾਰੀਪਾ ਅਤੇ ਚਰਪਟ ਨਾਥ ਦਾ ਨਾਮ ਮਿਲਦਾ ਹੈ। ਭਾਈ ਗੁਰਦਾਸ ਜੀ ਨੇ 'ਭੰਗ੍ਰ ਨਾਥ (1/40) ਦਾ ਨਾਮ ਵੀ ਦਸਿਆ ਹੈ। ਚਰਪਟ ਨਾਥ ਦੇ ਪ੍ਰਸ਼ਨ ਤੋਂ ਬਾਅਦ ਗੋਸ਼ਟਿ ਸਮਾਪਤ ਹੋ ਗਈ। ਚਰਪਟ ਨਾਥ ਦਾ ਪ੍ਰਸ਼ਨ ਸੀ।

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥

ਗੁਰੂ ਜੀ ਦਾ ਉਤਰ

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥

(ਪੰਨਾ 938)

ਇਸ ਗੋਸਟੀ ਵਿਚ ਸਿਧ ਨਿਰਾਸ਼ਾਵਾਦੀ, ਤਿਆਗਵਾਦੀ, ਸੂੰਨਯਵਾਦੀ, ਅਨੀਸ੍ਵਰਵਾਦੀ ਹੋਣ ਕਰਕੇ ਇਸ ਗਿਆਨ ਗੋਸਟਿ ਵਿਚ ਨਿਰੁਤਰ ਹੋ ਗਏ। ਨਿਰੁਤਰ ਹੋ ਕੇ ਵੀ ਬਹੁਤ ਕੁਝ ਪ੍ਰਾਪਤ ਕਰਕੇ ਗਏ। ਨਿਰੰਕਾਰ ਪਾਰ ਬ੍ਰਹਮ ਵਿਚ ਵਿਸ਼੍ਵਾਸ, ਨਾਮ, ਸੇਵਾ, ਸਿਮਰਨ ਦੇ ਧਾਰਨੀ ਬਣ ਕੇ, ਸ਼ਾਂਤੀ ਪ੍ਰਾਪਤ ਕਰਕੇ, ਗੁਰੂ ਜੀ ਦਾ ਉਪਦੇਸ਼ ਸ਼ਰਵਨ ਕਰਕੇ, ਨਮਸਕਾਰ ਕਰਕੇ ਈਸ੍ਵਰ ਵਾਦੀ ਬਣ ਕੇ ਗਏ। ਭਾਈ ਗੁਰਦਾਸ ਜੀ ਲਿਖਦੇ ਹਨ :-

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ ॥
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ ॥
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ ॥
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ ॥

(ਪੰਨਾ 1/44)

ਅਚੱਲ ਬਟਾਲੇ ਸਿਵਰਾਤ੍ਰੀ ਦੇ ਮੇਲੇ ਵਿਚ ਸਿਧਾਂ ਅਤੇ ਗੁਰੂ ਜੀ ਦੀ ਹੋਈ ਗੋਸ਼ਟੀ ਇਤਿਹਾਸ ਅਤੇ ਸਾਹਿਤਯ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਹ ਗੋਸ਼ਟੀ ਇਤਨੀ ਪ੍ਰਭਾਵਸ਼ਾਲੀ ਸੀ। ਇਸ ਗੋਸਟਿ ਨੂੰ ਗੁਰੂ ਜੀ ਨੇ 'ਸਿਧ ਗੋਸਟ' ਬਾਣੀ ਵਿਚ ਮੁੰਥਨ ਕਰਕੇ ਸੁਰਖਯਤ ਕਰ ਦਿੱਤਾ। ਇਹ ਬਾਣੀ ਰਾਗ ਰਾਮ ਕਲੀ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 938 ਤੇ ਦਰਜ ਹੈ। ਇਸ ਬਾਣੀ ਦੀਆਂ 73 ਪਉੜੀਆਂ ਜਾਂ ਪਦੇ ਹਨ। ਸਿਧ ਗੋਸਟ ਬਾਣੀ ਗੁਰੂ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ੈਲੀ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਦੀ ਹੈ। ਗੁਰੂ ਜੀ ਕਿਵੇਂ ਗੋਸ਼ਟਿ ਕਰਦੇ ਸਨ, ਕਿਵੇਂ ਪ੍ਰਸਨ ਕਰਦੇ ਸਨ, ਕਿਵੇਂ ਵਿਪਕਸ਼ੀ ਦੇ ਪ੍ਰਸਨ ਦਾ ਉਤਰ ਦਿੰਦੇ ਸਨ। ਆਪਣੇ ਸਿਧਾਂਤ ਨੂੰ ਕਿਵੇਂ ਸਿਧ ਕਰਦੇ ਸਨ। ਸਿਧ ਗੋਸਟ ਤੋਂ ਇਹ ਸਾਰੀ ਸੇਧ ਮਿਲਦੀ ਹੈ।

ਸਿਧ ਗੋਸਟਿ ਦੇ ਕੁਝ ਪ੍ਰਸ਼ਨ ਉਤਰ

ਪ੍ਰਸ਼ਨ (ਸਵਾਲ)	ਉਤਰ (ਜਵਾਬ)
1. ਕਵਨ ਤੁਮੇ ਕਿਆ ਨਾਮ ਤੁਮਾਰਾ ਕਉਨ ਮਾਰਗ ਕਉਨ ਸੁਆਉ	1. ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ।

2. ਕਹ ਬੈਸਹੁ ਕਹ ਰਹੀਐ ਬਾਲੇ ਕਹਾ ਆਵਹੁ ਕਹ ਜਾਹੋ	2. ਸਹਜੇ ਆਏ ਹੁਕਮ ਸਿਧਾਏ ਨਾਨਕ ਸਦਾ ਰਜਾਏ
3. ਹਾਟੀ ਬਾਟੀ ਰਹਿਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ਕੰਦ ਮੂਲ ਅਹਾਰੋ ਖਾਈਐ ਅਉਧੂ ਬੋਲੇ ਗਿਆਨੇ ਦਰਸਨ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿਥਾ ਬਾਰਹ ਅੰਤਰਿ ਏਕ ਸਰੇਵਹੁ ਖਟੁ ਦਰਸਨ ਇਕ ਪੰਥਾ	3. ਹਾਟੂ ਪਟਣੂ ਘਰੁ ਗੁਰੂ ਦਿਖਾਇਆ ਸਹਜੇ ਸਾਚ ਵਾਪਾਰੋ ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਹੁ ਬੀਚਾਰੋ॥ ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ਕਾਮ ਕ੍ਰੋਧ ਅਹੰਕਾਰੁ ਨਿਵਾਰੇ ਗੁਰ ਕੈ ਸਬਦਿ ਸੁ ਸਮਝ ਪਰੀ ਖਿਥਾ ਝੋਲੀ ਭਰਿਪੁਰਿ ਰਹਿਆ ਨਾਨਕ ਭਾਰੇ ਏਕੁ ਹਰੀ
4. ਕਵਨ ਸੁ ਗੁਪਤਾ	4. ਘਟਿ ਘਟਿ ਗੁਪਤਾ
5. ਕਵਨ ਸੁ ਮੁਕਤਾ	5. ਗੁਰਮੁਖਿ ਮੁਕਤਾ
6. ਕਵਨ ਸੁ ਅੰਤਰਿ ਬਾਹਿਰ ਜੁਗਤਾ	6. ਅੰਤਰਿ ਬਾਹਰਿ ਸਬਦਿ ਸੁ ਜੁਗਤਾ
7. ਕਵਨ ਸੁ ਆਵੈ ਕਵਨ ਸੁ ਜਾਇ	7. ਮਨਮੁਖਿ ਬਿਨਸੈ ਆਵੈ ਜਾਇ
8. ਕਵਨ ਸੁ ਤ੍ਰਿਭਵਨ ਰਹਿਆ ਸਮਾਇ	8. ਨਾਨਕ ਗੁਰਮੁਖਿ ਸਾਚਿ ਸਮਾਇ
9. ਕਿਉਕਰਿ ਬਾਧ ਸਰਪਨਿ ਖਾਧਾ	9. ਦੁਰਮਤਿ ਬਾਧਾ ਸਰਪਨਿ ਖਾਧਾ
10. ਕਿਉਕਰਿ ਖੋਇਆ ਕਿਉਕਰਿ ਲਾਧਾ	10. ਮਨਮੁਖਿ ਖੋਇਆ ਗੁਰਮੁਖਿ ਲਾਧਾ
11. ਕਿਸੁ ਕਾਰਨਿ ਗ੍ਰਿਹ ਤਜਿਓ ਉਦਾਸੀ	11. ਗੁਰਮੁਖਿ ਖੋਜਤ ਭਏ ਉਦਾਸੀ
12. ਕਿਸ ਕਾਰਣਿ ਇਹੁ ਭੇਖੁ ਨਿਵਾਸੀ	12. ਦਰਸਨ ਕੈ ਤਾਈ ਭੇਖ ਨਿਵਾਸੀ
13. ਕਿਸੁ ਵਖਰ ਕ ਤੁਮ ਵਣਜਾਰੇ	13. ਸਾਚ ਵਖਰ ਕੇ ਹਮ ਵਣਜਾਰੇ
14. ਕਿਉਕਰਿ ਸਾਥੁ ਲੰਘਾਵਹੁ ਪਾਰ	14. ਨਾਨਕ ਗੁਰਮੁਖਿ ਉਤਰਸਿ ਪਾਰੇ
15. ਕਿਤੁ ਬਿਧਿ ਪੁਰਖਾ ਜਨਮ ਵਟਾਇਆ	15. ਸਤਿਗੁਰ ਕੇ ਜਨਮੇ ਗਵਨ ਮਿਟਾਇਆ
16. ਕਾਹੇ ਕਉ ਤੁਝ ਇਹੁ ਮਨੁ ਲਾਇਆ	16. ਅਨਹਤ ਰਾਤੇ ਇਹੁ ਮਨ ਲਾਇਆ

(22)

17. ਕਿਤੁ ਬਿਧਿ ਆਸਾ ਮਨਸਾ ਖਾਈ	17. ਮਨਸਾ ਆਸਾ ਸਬਦਿ ਜਲਾਈ
18. ਕਿਤੁ ਬਿਧਿ ਜੋਤਿ ਨਿਰੰਤਰਿ ਪਾਈ	18. ਗੁਰਮੁਖਿ ਜੋਤਿ ਨਿਰੰਤਰਿ ਪਾਈ
19. ਬਿਨ ਦੰਤਾ ਕਿਉ ਖਾਈਐ ਸਾਰੁ	19. ਤ੍ਰੈ ਗੁਣ ਮੇਟੇ ਖਾਈਐ ਸਾਰੁ
20. ਆਦਿ ਕਉ ਕਵਨੁ ਬੀਚਾਰ ਕਥੀਅਲੇ	20. ਆਦਿ ਕਉ ਬਿਸਮਾਦੁ ਬੀਚਾਰ ਕਥੀਅਲੇ
21. ਸੁੰਨ ਕਹਾ ਘਰ ਵਾਸੋ	21. ਸੁੰਨ ਨਿਰੰਤਰਿ ਵਾਸੁ ਲੀਆ
22. ਗਿਆਨ ਕੀ ਮੁਦ੍ਰਾ ਕਵਨ	22. ਅਕਲਪਤ ਮੁਦ੍ਰਾ ਗੁਰ ਗਿਆਨ
23. ਘਟਿ ਘਟਿ ਕਵਨ ਨਿਵਾਸੋ	23. ਘਟਿ ਘਟਿ ਸਾਚਾ ਸਰਬ ਜੀਆ

25 ਵਰਸ ਸੰਸਾਰ ਨੂੰ ਤਾਰ ਕੇ ਗੁਰੂ ਜੀ ਆਪਣੇ ਆਬਾਦ ਕੀਤੇ ਨਵੇਂ ਪਿੰਡ ਕਰਤਾਰਪੁਰ ਨੂੰ ਕੇਂਦਰ ਬਣਾ ਕੇ ਸੰਸਾਰ ਨੂੰ ਤਾਰਨ ਲੱਗੇ। ਉਦਾਸੀ ਭੇਖ ਦੇ ਭਗਵੇਂ ਵਸਤਰ ਉਤਾਰ ਕੇ ਸੰਸਾਰੀ ਵਸਤਰ ਪਹਿਨ ਕੇ ਮੰਜੀ ਤੇ ਬੈਠ ਕੇ, ਉਪਦੇਸ਼ ਦੇਣ ਲੱਗੇ। ਸੰਸਾਰ ਭ੍ਰਮਣ ਨਾਲ ਗੁਰੂ ਜੀ ਦੀ ਸਾਰੇ ਦੇਸ਼ ਵਿਚ ਪ੍ਰਸਿੱਧੀ ਹੋ ਚੁੱਕੀ ਸੀ। ਨਿਤਾ ਪ੍ਰਤੀ ਦੂਰ ਦੂਰ ਦੀ ਸੰਗਤ ਦਰਸ਼ਨ ਵਾਸਤੇ ਆਉਣ ਲੱਗੀ। ਹਰ ਸਮੇਂ ਗਿਆਨ ਚਰਚਾ ਚਲਦੀ ਰਹਿੰਦੀ। ਅਤੁੱਟ ਲੰਗਰ ਚੱਲਣ ਲੱਗਾ। ਗੁਰੂ ਜੀ ਨੇ ਗੁਰ ਸਿਖਾਂ ਵਾਸਤੇ ਸੁੱਬਹ ਸ਼ਾਮ ਦੀ ਮਰਯਾਦਾ ਸਥਾਪਨ ਕੀਤੀ। ਅੰਮ੍ਰਿਤ ਵੇਲੇ ਕੀਰਤਨ ਅਤੇ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਸੀ। ਸ਼ਾਮ ਦੇ ਸਮੇਂ ਆਰਤੀ ਅਤੇ ਸੋਦਰ ਦਾ ਪਾਠ ਹੁੰਦਾ ਸੀ। ਸੁਬਹ-ਸ਼ਾਮ ਆਪਾਰ ਸੰਗਤ ਹਾਜਿਰੀ ਭਰਕੇ ਜਨਮ ਸਫਲੇ ਕਰਦੀ ਸੀ।

(23) ਕਰਤਾਰਪੁਰ ਵਿਚ ਗੁਰੂ ਜੀ ਨੇ 18 ਵਰਸ ਨਿਵਾਸ ਰੱਖਿਆ। ਜੀਵਨ ਵਿਚ ਸਿਰਜੇ ਸਿੱਖੀ ਦੇ ਸਿਧਾਂਤ ਨਿਯਮ ਅਤੇ ਮਰਯਾਦਾ ਨੂੰ ਕ੍ਰਿਆਤਮਿਕ ਰੂਪ ਦੇ ਕੇ ਲਾਗੂ ਕੀਤਾ। ਸਿੱਖੀ ਨੂੰ ਸੰਗਠਤ ਸੰਸਥਾ ਦਾ ਰੂਪ ਦੇ ਦਿੱਤਾ। ਇਸ ਇਕਾਗਰਤਾ ਦੇ ਸਮੇਂ ਬਹੁਤੀ ਬਾਣੀ ਦਾ ਉਚਾਰਨ ਗੁਰੂ ਜੀ ਨੇ ਇਥੇ ਹੀ ਕੀਤਾ। ਗੁਰੂ ਜੀ 19 ਰਾਗਾਂ ਵਿਚ ਕੀਰਤਨ ਕਰਦੇ ਸਨ। ਇਸ ਕਰਕੇ ਬਾਣੀ 19 ਰਾਗਾਂ ਵਿਚ ਉਚਾਰਨ ਕੀਤੀ ਹੈ।

1) ਸਿਰੀ ਰਾਗ 2) ਮਾਝ ਰਾਗ 3) ਗਉੜੀ 4) ਆਸਾ 5) ਗੁਜਰੀ 6) ਬਿਹਾਗੜਾ 7) ਵਡਹੰਸ 8) ਸੋਰਠ 9) ਧਨਾਸਰੀ 10) ਤਿਲੰਗ 11) ਸੂਹੀ 12) ਬਿਲਾਵਲ 13) ਰਾਮ ਕਲੀ 14) ਮਾਰੂ 15) ਤੁਖਾਰੀ 16) ਭੈਰਉ 17) ਬਸੰਤ 18) ਸਾਰੰਗ 19) ਮਲਾਰ

ਸੁਤੰਤ੍ਰ ਵਡੀਆਂ ਬਾਣੀਆਂ

ਜਪੁਜੀ, ਦਖਨੀ ਓਂਕਾਰ, ਸਿਧ ਗੋਸਟ, ਬਾਰਹ ਮਾਹ, ਪਟੀ, ਵਾਰ ਆਸਾ, ਵਾਰ ਮਾਝ, ਵਾਰ ਮਲਾਰ, ਥਿਤੀ, ਪਹਿਰੇ, ਅਲਾਹਣੀਆਂ, ਕੁਚਜੀ, ਸੁਚਜੀ

ਇਸ ਸਮੇਂ ਦਾ ਵਰਣਨ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ –

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ ॥
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ ॥
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ ॥
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ ॥
ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ (1/38)

ਗੁਰੂ ਨਾਨਕ ਦੇਵ ਜੀ ਦੀ ਦਿਗ ਵਿਜੈ ਦਾ ਦਿਗ੍ਰ ਦਰਸ਼ਨ ਕਰ ਚੁੱਕੇ ਹਾਂ। ਗੁਰੂ ਜੀ ਨੇ ਉਨ੍ਹਾਂ ਸਰਬ ਸਥਾਨਾਂ ਦੀ ਯਾਤ੍ਰਾ ਕੀਤੀ, ਜੋ ਹਿੰਦੂਆਂ ਦੇ ਤੀਰਥ ਸਨ। ਬੋਧੀਆਂ ਦੇ ਵਿਹਾਰ ਸਨ। ਜੋਗੀਆਂ ਦੇ ਟਿਲੇ ਸਨ, ਇਸਲਾਮ ਦੇ ਤਕੀਏ ਸਨ। ਸੰਨਿਆਸੀਆਂ, ਵੈਰਾਗੀਆਂ ਦੀਆਂ ਅਤੇ ਭਗਤੀ ਲਹਿਰ ਦੀਆਂ ਮੰਡਲੀਆਂ ਸਨ। ਇਨ੍ਹਾਂ ਸਭ ਨੂੰ ਸੱਚੇ ਰਾਹ ਪਾਇਆ।

ਇਹ ਮਹਾਨ ਯੁਗ ਪੁਰਸ਼ ਹਿਮਾਲੀਏ ਦੀਆਂ ਪਹਾੜੀਆਂ ਨੂੰ ਮਿੱਧਦਾ ਰਿਹਾ। ਅਸਾਮ, ਨਾਗਾਲੈਂਡ ਅਤੇ ਮੱਧ ਪ੍ਰਦੇਸ਼ ਦੇ ਜੰਗਲ ਲਤਾੜਦਾ ਰਿਹਾ। ਸਮੁੰਦਰ ਦੇ ਪਾਣੀਆਂ ਉੱਤੋਂ ਦੀ ਪਾਰ ਜਾਂਦਾ ਰਿਹਾ। ਅਰਬ, ਈਰਾਨ ਆਦਿਕ ਇਸਲਾਮੀ ਦੇਸ਼ਾਂ ਵਿਚ ਵੀ ਆਪਣਾ ਸਿੱਕਾ ਬਿਠਾਉਂਦਾ ਰਿਹਾ। ਜਿਥੇ ਵੀ ਗਿਆ ਸੱਚ ਦਾ ਹੋਕਾ ਦਿੰਦਾ ਰਿਹਾ।

ਇਨ੍ਹਾਂ ਧਾਰਮਿਕ ਸਥਾਨਾਂ, ਦੇਸ਼ਾਂ, ਵਿਅਕਤੀਆਂ ਨਾਲੋਂ ਵੀ ਵਿਸ਼ੇਸ਼ ਰੂਪ ਵਿਚ ਉਨ੍ਹਾਂ ਵਿਅਕਤੀਆਂ ਨੂੰ ਉਚੇਚੇ ਮਿਲਦਾ ਰਿਹਾ ਜੋ ਆਤਮਿਕ ਰੋਗੀ ਸਨ। ਮਾਨਵ ਵ੍ਰਿਤੀ ਤੋਂ ਗਿਰੇ ਹੋਏ ਸਨ। ਅਸਭਯ ਜੀਵਨ ਜੀਅ ਰਹੇ ਸਨ। ਜਿਨ੍ਹਾਂ ਦਾ ਅੰਤਹ ਕਰਣ ਮਲ (ਦੋਸ਼) ਨਾਲ ਧੁੰਧਲਾ ਹੋਇਆ ਸੀ। ਜਿਨ੍ਹਾਂ ਦਾ ਲਕਸ਼ ਪਾਪ ਕਰਨੇ, ਕਤਲ ਕਰਨੇ, ਜ਼ੁਲਮ ਕਰਨੇ ਰਹਿ ਗਿਆ ਸੀ। ਨਿਰਭੈ ਸਤਿਗੁਰੂ ਮਨੁੱਖਤਾ ਤੋਂ ਗਿਰੇ ਰਾਖਸ਼ ਵ੍ਰਿਤੀ ਦੇ ਵਿਅਕਤੀਆਂ ਨਾਲ ਵਿਸ਼ੇਸ਼ ਸਹਾਨਭੂਤੀ ਰੱਖਦੇ ਸਨ। ਇਨ੍ਹਾਂ ਦੀ ਕਰਨੀ ਤੇ ਅਕਹਿ ਤਰਸ ਕਰਦੇ ਸਨ। ਇਨ੍ਹਾਂ ਦੇ ਅਵਗੁਣ ਵੇਖਣ ਦੀ ਬਿਜਾਏ ਸਦਗੁਣਾਂ ਵਿਚ ਭਰਪੂਰ ਵੇਖਣਾ ਲੋਚਦੇ ਸਨ। ਇਸੇ ਕਰਕੇ ਮਧ ਪ੍ਰਦੇਸ਼, ਆਸਾਮ, ਨਾਗਾਲੈਂਡ ਦੇ ਜੰਗਲਾਂ ਵਿਚ ਆਦਿ ਵਾਸੀਆਂ, ਦੇਵਲੂਤ, ਕੌਡੇ ਵਰਗੇ ਰਾਖਸ਼ਾਂ ਦੇ ਕੜਾਹੇ ਠੰਡੇ ਕਰਦੇ ਰਹੇ। ਕਾਮ ਰੂਪ ਦੀਆਂ ਜਾਦੂਗਰਨੀਆਂ ਨੂੰ ਸਤੀਤ੍ਰ ਧਰਮ ਨਾਲ ਜੋੜਦੇ ਰਹੇ। ਵਲੀ ਕੰਧਾਰੀ ਦੇ ਪੱਥਰ ਖਾ ਕੇ ਵੀ ਉਸ ਦਾ ਹਉਮੈ ਰੋਗ ਕਢਦੇ ਰਹੇ। ਸਾਜਨ ਨੂੰ ਸਜਨ ਬਣਨ ਦਾ ਰਾਹ ਦਸਦੇ ਰਹੇ। ਬਾਬਰ ਦੀਆਂ ਚੱਕੀਆਂ ਪੀਹ ਕੇ ਸੈਦਪੁਰ ਦੇ ਕੈਦੀਆਂ ਨੂੰ ਛਡਾਉਂਦੇ ਰਹੇ। ਉਜੜਿਆਂ ਦੇ ਘਰ ਉਸਾਰਦੇ ਰਹੇ, ਜ਼ਖਮੀਆਂ ਦੇ ਜਖਮਾਂ ਤੇ ਮਲ੍ਹਮ ਲਾਉਂਦੇ ਰਹੇ। ਸਿਆਲ ਕੋਨ ਵਿਚ ਕ੍ਰੋਧ ਨਾਲ ਤਪ ਰਹੇ ਹਮਜ਼ਾ ਗੋਸ ਫਕੀਰ ਨੂੰ ਸ਼ਾਂਤੀ ਅਤੇ ਸਮਦ੍ਰਿਸਟੀ ਬਖਸ਼ਦੇ ਰਹੇ।

(24) ਗੁਰੂ ਜੀ ਦੇ ਸਮੇਂ ਵਿਚ ਸਾਧਾ, ਸੰਤ, ਤਪਸ੍ਵੀ, ਆਚਾਰਜ, ਮੰਡਲੇਸ੍ਵਰ, ਅਧਿਸ੍ਰਾਤਾ, ਵੇਦਾਂਤੀ, ਸੰਸਾਰ ਅਤੇ ਸਰੀਰ ਨੂੰ ਮਿਥਿਆ ਕਹਿਣ ਵਾਲੇ ਆਤਮਾ ਨੂੰ ਅਮਰ ਮੰਨਣ ਵਾਲੇ ਬਹੁ ਗਿਣਤੀ ਵਿਚ ਸਨ। ਪਰ ਕਿਸੇ ਨੇ ਵੀ ਸੱਤਿ ਤੇ ਪਹਿਰਾ ਨਹੀਂ ਦਿੱਤਾ। ਪਠਾਨ੍ਹਾਂ, ਮੁਗਲਾਂ ਦੇ ਜ਼ੁਲਮ ਦਾ ਸ਼ਿਕਾਰ ਹੁੰਦੇ ਰਹੇ। ਮਿਥਿਆ ਸੰਸਾਰ ਵਿਚ ਮੋਹ ਪਾਕੇ, ਮਿਥਿਆ ਸਰੀਰ ਨੂੰ ਬਚਾਉਣ ਲਈ ਜ਼ਾਲਮਾਂ ਅਗੇ ਗਿੜਗੜਾਉਂਦੇ ਰਹੇ। ਸੰਸਾਰ ਵਿਚੋਂ ਅਗਿਆਨ, ਦੰਭ ਅਵਿਦਿਆ ਨੂੰ ਮਿਟਾਉਣ ਦੀ ਵਿਜਾਏ ਅੱਖਾਂ ਮੀਟ ਕੇ ਬੈਠੇ ਰਹੇ। ਜਰਜਰੇ, ਨਿਪੁੰਸਕ, ਕਾਇਰ ਦੇਸ਼ ਨੂੰ ਸੁਧਾਰਨ ਵਾਸਤੇ ਗੁਰੂ ਜੀ ਨੇ ਲੋਕਾਈ ਨੂੰ ਸ਼ਾਂਤਵਨਾਂ ਦਿੱਤੀ ਇਸੇ ਵਾਸਤੇ ਸਰ ਇਕਬਾਲ ਨੇ ਕਿਹਾ ਹੈ।

'ਫਿਰ ਉਠੀ ਆਖਿਰ ਸਦਾਅ ਤੌਈਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਯਾ ਖਵਾਬ ਸੇ।'

ਇਸੀ ਵਾਸਤੇ ਪੂਰਬ ਤੋਂ ਪੱਛਮ ਤਕ ਹਿੰਦੂ, ਮੁਸਲਮਾਨ, ਬੋਧੀ, ਜੈਨੀ, ਈਸਾਈ, ਸੰਨਿਆਸੀ, ਵੈਰਾਗੀ, ਨਾਥ-ਜੋਗੀ, ਸਭੈ ਇਕ ਮਤ ਗੁਰੂ ਜੀ ਉਸਤਤੀ ਕੀਤੀ ਹੈ। ਜਿਸ ਨੇ ਵੀ ਭਾਰਤ ਅਤੇ ਪੰਜਾਬ ਦਾ ਇਤਿਹਾਸ ਲਿਖਿਆ ਹੈ ਉਸ ਨੇ ਸ਼ਰਧਾ ਨਾਲ ਗੁਰੂ ਜੀ ਦੇ ਉਪਕਾਰਾਂ ਦਾ ਅਵਸ਼ਯ ਜ਼ਿਕਰ ਕੀਤਾ ਹੈ। ਇਸ ਤੋਂ ਵੀ ਅੱਗੇ ਸਭ ਨੇ ਇਸ ਗੱਲ ਤੇ ਬਲ ਦਿੱਤਾ ਹੈ ਕਿ ਗੁਰੂ ਸਾਡੇ ਸਨ। ਇਹ ਮਹਾਨ ਸਤਿਕਾਰ ਗੁਰੂ ਨਾਨਕ ਦੇਵ ਜੀ ਤੋਂ ਬਿਨ੍ਹਾਂ ਹੋਰ ਕਿਸੀ ਮਹਾਂ ਪੁਰਖ ਨੂੰ ਪ੍ਰਾਪਤ ਨਹੀਂ ਹੋਇਆ। ਇਸ ਦੇ ਵਿਪ੍ਰੀਤ ਮੁਸਲਮਾਨਾਂ ਦੇ ਪੈਗੰਬਰਾਂ, ਨਬੀਆਂ, ਪੀਰਾਂ, ਫਕੀਰਾਂ, ਦਾ ਅਦਬ ਸਤਿਕਾਰ ਨਹੀਂ ਕਰਦੇ। ਕਾਫਰਾਂ ਦੇ ਇਸ਼ਟ ਆਪਣੇ ਹਨ। ਮਲੇਛਾਂ ਦੇ ਅਪਣੇ, ਕਿੰਤੂ ਗੁਰੂ ਜੀ ਸਭ ਦੇ ਸਾਂਝੇ ਹਨ। ਮੁਸਲਮਾਨ ਫਖਰ ਨਾਲ ਆਪਣਾ ਪੀਰ ਮੰਨਦੇ ਹਨ। ਹਿੰਦੂ ਸਰਧਾ ਭਗਤੀ ਨਾਲ ਆਪਣਾ ਗੁਰੂ ਮੰਨਦੇ ਹਨ। ਇਸੀ ਵਾਸਤੇ ਪੁਰਾਤਨ ਕਾਲ ਤੋਂ ਇਕ ਵਾਕ ਚਲਿਆ ਰਿਹਾ ਹੈ।

'ਬਾਬਾ ਨਾਨਕ ਸ਼ਾਹ ਫਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।'

(25) ਇਸ ਤੋਂ ਅੱਗੇ ਗੁਰੂ ਜੀ ਦੀ ਵਿਸ਼ਵ ਪ੍ਰਿਯਤਾ ਦੀ ਇਕ ਹੋਰ ਵਾਰਤਾ ਹੈ। ਸੰਨ 1870 ਈ: ਦੇ ਗੇੜ ਇਕ ਈਸਾਈ ਪ੍ਰਚਾਰਕ ਨੇ ਇਥੋਂ ਤਕ ਲਿਖ ਦਿਤਾ ਕਿ ਗੁਰੂ ਨਾਨਕ ਦੇਵ ਜੀ ਈਸਾਈ ਪਾਦਰੀ ਸਨ ਅਤੇ ਉਨ੍ਹਾਂ ਦਾ ਨਾਮ 'ਨਨਸ਼ਯੂ' ਸੀ। ਇਹ ਰੋਮਨ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ'ਪੂਜਨੀਯ ਸੰਤ' ਈਸਾਈ ਪ੍ਰਚਾਰਕ ਦੇ ਕਹਿਣ ਅਨੁਸਾਰ 'ਨਨਸ਼ਯੂ' ਤੋਂ ਹੀ 'ਨਾਨਕ' ਸ਼ਬਦ ਬਣਿਆ ਹੈ। ਇਹ ਪ੍ਰਚਾਰਕ ਹੋਰ ਵੀ ਅੱਗੇ ਲੰਘ ਗਿਆ। ਇਸ ਨੇ ਇਸ ਵਿਸ਼ੇ ਤੇ 'ਹਰਿ ਚਰਿਤ੍ਰ' ਨਾਮ ਦਾ ਗ੍ਰੰਥ ਲਿਖ ਦਿੱਤਾ। ਇਹ ਪ੍ਰਚਾਰਕ ਕਹਿੰਦਾ ਇਹ ਈਸਾਈ ਸੰਤ ਬਲਾਇਤ ਤੋਂ ਪੰਜਾਬ ਵਿਚ ਆ ਗਿਆ ਅਤੇ ਪ੍ਰਮਾਣ ਦਿੰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਲਿਖਿਆ ਹੈ 'ਛੋਡਿ ਬਲਾਇਤ ਦੇਸ ਗਏ'। ਭਾਵੇਂ ਇਹ ਕਪੋਲ ਕਲਪਨਾ ਹੈ ਪਰ ਗੁਰੂ ਜੀ ਦੀ ਸਰਬ ਪ੍ਰਿਯਤਾ ਪ੍ਰਗਟ ਹੁੰਦੀ ਹੈ।

(ਗੁਰੂ ਨਾਨਕ ਸਾਗਰ ਪ੍ਰੋ: ਪਿਆਰਾ ਸਿੰਘ ਪਦਮ ਪੰਨਾ 181)

ਉਪ ਸੰਹਾਰ

ਗੁਰੂ ਜੀ ਨੇ ਅਗਿਆਨ ਦੰਭ ਨਿਰਾਸ਼ਾਵਾਦ, ਮਿਥਿਆਵਾਦ, ਅਤਿਆਚਾਰ, ਅਨਿਆਏ ਵਿਰੁਧ ਆਵਾਜ ਉਠਾਈ। ਸ੍ਵੈਮਾਨ ਆਤਮ ਵਿਸ਼੍ਵਾਸ, ਅਣਖ ਗੈਰਤ ਨਾਲ ਜੀਵਨ ਜਿਉਣ ਦਾ ਉਪਦੇਸ਼ ਦਿੱਤਾ। ਦੇਵੀ, ਦੇਵਤੇ, ਪੱਥਰਾਂ ਦੀ ਪੂਜਾ, ਤੀਰਥਾਂ ਦੇ ਸ਼ਨਾਨ ਦਾ ਖੰਡਨ ਕਰਕੇ ਕੇਵਲ ਇਕ ਈਸ੍ਵਰ (ਵਾਹਿਗੁਰੂ) ਦਾ ਸਿਮਰਨ, ਸੇਵਾ ਉਪਕਾਰ, ਕ੍ਰਿਤ ਕਰਨ ਦੀ, ਵੰਡ ਕੇ ਛਕਣ ਦੀ ਪ੍ਰੇਰਨਾ ਦਿੱਤੀ, ਇਹ ਉਪਦੇਸ਼ ਇਕਲੇ ਭਾਰਤ ਵਿਚ ਨਹੀਂ ਪੂਰਬ ਪੱਛਮ (ਏਸ਼ੀਆ) ਦੇ ਸਾਰੇ ਦੇਸ਼ਾਂ ਵਿਚ ਦਿੱਤਾ। ਗੁਰੂ ਜੀ ਕਿਸੇ ਇਕ ਧਰਮ ਨੂੰ ਵਿਸ਼ੇਸ਼ਤਾ ਨਹੀਂ ਦਿੰਦੇ ਸਨ। ਉਹ ਵਿਸ਼ਵ ਵਿਚ ਸਰਬਤ ਦਾ ਭਲਾ ਸੋਚਦੇ ਸਨ। ਗੁਰੂ ਜੀ ਅਨੇਕ ਦੇਸ਼ਾਂ ਨੂੰ ਗਿਆਨ ਦਾ ਚਾਨਣ ਬਖਸ਼ਣ ਵਾਲੇ ਪਹਿਲੇ ਮਹਾਂ ਪੁਰਖ ਹਨ।

ਗੁਰੂ ਜੀ ਨੇ ਸਾਰੇ ਦੇਸ਼ ਵਿਚ ਪਿੰਡ ਪਿੰਡ ਧਰਮਸ਼ਾਲਾ, ਸੰਗਤ ਪੰਗਤ (ਲੰਗਰ) ਅਤੇ ਸ਼ਬਦ ਦੀ ਸਥਾਪਨਾ ਕੀਤੀ। ਸੰਗਤ ਦਾ ਇਕ ਮੁਖੀਆ ਨਿਯਤ ਕੀਤਾ। ਇਸ ਤਰ੍ਹਾਂ ਗੁਰੂ ਜੀ ਨੇ ਸਿੱਖੀ ਨੂੰ ਸੰਗਠਤ ਕੀਤਾ। ਸੰਗਤ ਅਤੇ ਪੰਗਤ ਵਿਚ ਸਮ ਦ੍ਰਿਸਟੀ ਵਰਤਾਉ ਕੀਤਾ ਜਾਂਦਾ ਸੀ। 'ਜੋ ਜੀ ਆਵੇ ਸੁ ਰਾਜੀ ਜਾਵੇ' ਦੇ ਸੂਤ੍ਰ ਤੇ ਅਮਲ ਕੀਤਾ ਜਾਂਦਾ ਸੀ। ਸੰਗਤ ਵਿਚ ਨਾਮ ਜਪਣ, ਵੰਡ ਛਕਣ, ਕ੍ਰਿਤ ਕਰਨ ਨੂੰ ਮੁਖ ਸਥਾਨ ਦਿੱਤਾ ਜਾਂਦਾ ਸੀ। ਗੁਰੂ ਜੀ ਆਪ ਹੱਥੀ ਖੇਤੀ ਕਰਦੇ ਸਨ। ਹਲ ਚਲਾਉਂਦੇ ਸਨ। ਰੋਗ ਰਹਿਤ ਸਮਾਜ ਸਿਰਜਣਾ ਚਾਹੁੰਦੇ ਸਨ। ਸਿੱਖੀ ਨੂੰ ਮੰਗਤਿਆਂ ਦਾ ਟੋਲਾ ਨਹੀਂ ਵੇਖਣਾ ਚਾਹੁੰਦੇ ਸਨ। ਸਿੱਖੀ ਨੂੰ ਦੇਸ਼ ਦੀ ਅਗਵਾਈ ਕਰਨ ਵਾਲੀ ਕੌਮ ਦੇ ਰੂਪ ਵਿਚ ਵੇਖਣਾ ਚਾਹੁੰਦੇ ਸਨ। ਇਹ ਸੰਗਤ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ (ਗੁਰੂ ਗੋਬਿੰਦ ਸਿੰਘ ਜੀ) ਦੇ ਸਮੇਂ ਵਿਚ 'ਖਾਲਸਾ' ਬਣ ਗਈ ਜੋ ਅੱਜ ਦੇਸ਼ ਦੀ ਮਾਰਸ਼ਲ ਕੌਮ ਦੇ ਰੂਪ ਵਿਚ ਵਿਸ਼ਵ ਵਿਆਖਿਆਤ ਹੈ।

ਅਗਮ ਅਪਾਰ ਅਨੰਤ ਗੁਰ ਅਬਿਗਤਿ ਅਲਖ ਅਭੇਵ॥
ਪਾਰ ਬ੍ਰਹਮ ਪੂਰਨ ਸਤਿਗੁਰ ਨਾਨਕ ਦੇਵ॥

ਸ੍ਰੀ ਗੁਰੂ ਅੰਗਦ ਦੇਵ

ਮਲਕਿੰਦਰ ਕੌਰ (ਡਾ.)*

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ।
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥

ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਧਰਮ ਨੂੰ ਸਥਿਰਤਾ ਦੇਣ ਤੇ ਸਿੱਖੀ ਮਹਿਲ ਦੀ ਉਸਾਰੀ ਨੂੰ ਅੱਗੇ ਤੋਰਨ ਲਈ ਗੁਰੂ ਅੰਗਦ ਦੇਵ ਜੀ ਨੇ ਅਹਿਮ ਭੂਮਿਕਾ ਨਿਭਾਈ। ਟਰੰਪ ਦੇ ਸ਼ਬਦਾਂ ਵਿਚ ਸਭ ਕੁਝ ਖਿਲਰ-ਪੁਲਰ ਤੇ ਉੱਡ-ਪੁੱਡ ਜਾਂਦਾ, ਜੇ ਗੁਰੂ ਨਾਨਕ ਸਾਹਿਬ ਆਪਣੇ ਥਾਂ ਗੁਰੂ ਅੰਗਦ ਸਾਹਿਬ ਨੂੰ ਨਾ ਬਿਠਾਲਦੇ। ਸਿੱਖ ਧਰਮ ਦੀ ਸਦੀਵੀ ਹੋਂਦ ਬਰਕਰਾਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਰ-ਦ੍ਰਿਸ਼ਟੀ ਤੇ ਦਾਨਸ਼ਮੰਦੀ ਨਾਲ ਗੁਰੂ ਚੇਲੇ ਦੀ ਰੀਤ ਚਲਾ ਕੇ ਭਾਈ ਲਹਿਣੇ ਨੂੰ ਦੂਜੇ ਗੁਰੂ ਦੇ ਰੂਪ ਵਿਚ ਸਥਾਪਤ ਕੀਤਾ।

ਗੁਰੂ ਅੰਗਦ ਦੇਵ ਜੀ ਦਾ ਜਨਮ 31 ਮਾਰਚ, 1504 ਈ. ਨੂੰ ਭਾਈ ਫੇਰੂ ਮੱਲ (ਤ੍ਰੇਹਣ) ਖੱਤਰੀ ਅਤੇ ਮਾਤਾ ਦਇਆ ਕੌਰ (ਸਭਰਾਈ) ਦੀ ਕੁੱਖੋਂ ਮੱਤੇ ਦੀ ਸਰਾਂ (ਸਰਾਏ ਨਾਂਗਾ) ਅਜੋਕੇ ਜ਼ਿਲ੍ਹਾ ਮੁਕਤਸਰ ਵਿਚ ਹੋਇਆ। ਇਸ ਵਿਚਾਰ ਦੀ ਪੁਸ਼ਟੀ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਹੁੰਦੀ ਹੈ :

ਪੰਦ੍ਰਾਂ ਸੌ ਏਕ ਸਾਠ ਸੰਮਤ ਨਿਹਾਰ ਪਾਠ, ਗਯਾਰਾ ਦਿਨ ਗਯੋ-ਥਾ ਬੈਸਾਖ ਪ੍ਰਮਾਨੀਏ।
ਪ੍ਰਗਨੇ ਮੁਕਤਿਸਰ ਮੱਤੇ ਕੀ ਸਰਾਂਇ ਵਰ, ਨਾਂਗੇ ਕੀ ਸਰਾਂ ਤਹੁ ਆਬਿ ਜੋਊ ਭਾਨੀਏ।
ਫੇਰੂ ਚੰਦ ਤੇਹਣ ਸੁ ਖੱਤ੍ਰੀ ਕੇ ਘਰ ਤਹਾਂ, ਮਾਈ ਸਭਰਾਈ ਤੈ ਖਿਦਿਤ ਪਏ ਜਾਨੀਏ।

ਭਾਈ ਫੇਰੂ ਮੱਲ ਦੇ ਵੱਡੇ ਵਡੇਰੇ ਜ਼ਿਲ੍ਹਾ ਗੁਜਰਾਤ ਦੇ ਪਿੰਡ ਮੰਘੋਵਾਲ ਦੇ ਰਹਿਣ ਵਾਲੇ ਵਪਾਰੀ ਸਨ। ਗੁਜਰਾਤ ਦਾ ਇਲਾਕਾ ਹਮੇਸ਼ਾਂ ਗੜਬੜ ਵਾਲਾ ਹੋਣ ਕਰਕੇ ਲੁੱਟ ਮਾਰ ਇਥੋਂ ਦਾ ਮੁੱਖ ਧੰਦਾ ਸੀ। ਇਸ ਤੋਂ ਦੁੱਖੀ ਹੋ ਕੇ ਭਾਈ ਫੇਰੂ ਮੱਲ ਆਪਣੇ ਸਹੁਰੇ ਪਿੰਡ ਮੱਤੇ ਦੀ ਸਰਾਂ ਆ ਗਏ ਅਤੇ ਚੌਧਰੀ ਤਖਤ ਮੱਲ ਕੋਲ ਮੁਨਸ਼ੀ ਦੀ ਨੌਕਰੀ ਕਰਨ ਲੱਗ ਪਏ। ਚੌਧਰੀ ਤਖਤ ਮੱਲ ਦੇ ਸੱਤ ਪੁੱਤਰ ਅਤੇ ਇਕ ਧੀ ਸੀ, ਜਿਸ ਨੂੰ ਸਿੱਖ ਇਤਿਹਾਸ ਵਿਚ ਬੀਬੀ ਵਿਰਾਈ (ਸੱਤ ਭਰਾਈ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਈ ਫੇਰੂ ਮੱਲ ਮਿਲਾਪੜੇ ਸੁਭਾਅ ਕਰਕੇ ਪਰਿਵਾਰ ਵਿਚ ਇਤਨੇ ਰਚ-ਮਿਚ ਗਏ ਕਿ ਉਨ੍ਹਾਂ ਦੇ ਸੁਭਾਅ ਤੋਂ ਪ੍ਰਭਾਵਿਤ ਹੋ ਕੇ ਬੀਬੀ ਵਿਰਾਈ ਭਾਈ ਫੇਰੂ ਮੱਲ ਦੀ ਧਰਮ ਭੈਣ ਬਣ ਗਈ ਤੇ ਵਿਆਹ ਉਪਰੰਤ ਆਪਣੇ ਸਹੁਰੇ ਪਿੰਡ ਖਡੂਰ ਜਾ ਕੇ ਵੀ ਉਸ ਦਾ ਸੰਪਰਕ ਬਣਿਆ ਰਿਹਾ। ਉਸ ਨੇ ਭਾਈ ਫੇਰੂ ਮੱਲ ਦੇ ਪੁੱਤਰ ਭਾਈ ਲਹਿਣਾ ਦਾ ਵਿਆਹ 1519

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਈ. ਵਿਚ ਖਡੂਰ ਦੇ ਨੇੜਲੇ ਪਿੰਡ ਸੰਘਰ ਦੇ ਇਕ ਧਨਾਢ ਚੌਧਰੀ ਦੇਵੀ ਚੰਦ ਦੀ ਲੜਕੀ (ਬੀਬੀ) ਖੀਵੀ ਨਾਲ ਕਰਵਾ ਦਿੱਤਾ। ਬਾਬਰ ਦੇ ਹਮਲੇ ਸਮੇਂ ਮੱਤੇ ਦੀ ਸਰਾਇ ਤਬਾਹ ਹੋ ਗਿਆ, ਜਿਸ ਕਰਕੇ ਭਾਈ ਫੇਰੂ ਮੱਲ ਨੂੰ ਮੱਤੇ ਦੀ ਸਰਾਇ ਛੱਡਣਾ ਪਿਆ ਅਤੇ ਹਰੀਕੇ ਆ ਕੇ ਦੁਕਾਨਦਾਰੀ ਦਾ ਕੰਮ ਅਰੰਭਿਆ। ਉੱਥੇ ਕਾਰੋਬਾਰ ਠੀਕ ਤਰ੍ਹਾਂ ਨਾ ਚੱਲ ਸਕਿਆ, ਕਿਉਂਕਿ ਹਰੀਕੇ ਪੱਤਣ ਧਾੜਵੀਆਂ ਦਾ ਸ਼ਿਕਾਰ ਹੋ ਗਿਆ ਤੇ ਫਿਰ ਖਡੂਰ ਆ ਕੇ ਹੱਟੀ ਪਾ ਲਈ। ਭਾਈ ਲਹਿਣਾ ਜੀ ਆਪਣੇ ਪਿਤਾ ਨਾਲ ਕਾਰੋਬਾਰ ਵਿਚ ਹੱਥ ਵਟਾਉਂਦੇ ਸਨ। ਮਿੱਠ ਬੋਲੜੇ ਸੁਭਾਅ ਸਦਕਾ ਇਨ੍ਹਾਂ ਦਾ ਕਾਰੋਬਾਰ ਚੰਗਾ ਚੱਲ ਪਿਆ। ਇੱਥੇ ਹੀ ਆਪ ਜੀ ਦੇ ਘਰ ਦੋ ਪੁੱਤਰ ਦਾਸੂ ਤੇ ਦਾਤੂ ਅਤੇ ਦੋ ਬੇਟੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਪੈਦਾ ਹੋਈਆਂ। ਭਾਈ ਫੇਰੂ ਮੱਲ ਹਰ ਸਾਲ ਜਥੇ ਦੇ ਰੂਪ ਵਿਚ ਆਗੂ ਬਣ ਕੇ ਦੇਵੀ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ। ਇਸ ਲਈ ਮੁਮਕਿਨ ਹੈ ਕਿ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਦੇ ਨਾਲ ਜਾਂਦੇ ਹੋਣਗੇ ਤੇ ਘਰੇਲੂ ਮਾਹੌਲ ਸਦਕਾ ਬਚਪਨ ਤੋਂ ਹੀ ਧਾਰਮਿਕ ਬਿਰਤੀ ਵਾਲੇ ਬਣ ਗਏ। ਜਦੋਂ ਸੰਨ 1526 ਈ. ਵਿਚ ਭਾਈ ਫੇਰੂ ਮੱਲ ਜੀ ਅਕਾਲ ਚਲਾਣਾ ਕਰ ਗਏ ਤਾਂ ਪਰਿਵਾਰਕ ਜ਼ਿੰਮੇਵਾਰੀ ਭਾਈ ਲਹਿਣਾ ਜੀ ਦੇ ਸਿਰ ਆ ਪਈ। ਉਨ੍ਹਾਂ ਨੇ ਆਪਣੇ ਪਿਤਾ ਵਾਂਗ ਜਥੇ ਦੇ ਆਗੂ ਦੇ ਰੂਪ ਵਿਚ ਇਹ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ, ਪਰੰਤੂ ਮਨ ਅਸ਼ਾਂਤ ਸੀ। ਉਨ੍ਹਾਂ ਦੀ ਇਸ ਅਵਸਥਾ ਨੂੰ ਬੰਸਾਵਲੀ ਨਾਮੇ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਹੈ :

ਜਗਿਆਸਾ ਬਡੀ ਪਰੁ ਸਾਂਤਿ ਨਾ ਆਵੈ।
ਸਾਧ ਅਤੀਤ ਸੁਨੈ ਤਿਥੈ ਜਾਵੈ॥
ਜੋਗੀ ਬੈਰਾਗੀ ਸੰਨਿਆਸੀ ਹੋਈ।
ਸਾਧੂ ਭਗਤ ਜੋ ਸੁਣਿਆ ਕੋਈ॥
ਭੇਟਾ ਲੈ ਕੇ ਜਾਏ ਸਭ ਪਾਸ।
ਮਤੁ ਕਿਧਰੋਂ ਪੂਰਨ ਹੋਵੇ ਆਸ॥

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ"[2] ਦੇ ਮਹਾਂਵਾਕ ਅਨੁਸਾਰ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਇਕ ਸਿੱਖ ਜੋਧਾ ਜੀ ਦੀ ਰਸਨਾ ਤੋਂ ਆਸਾ ਦੀ ਵਾਰ ਦੀਆਂ ਇਹ ਤੁਕਾਂ ਆਪਣੇ ਕੰਨੀ ਸੁਣੀਆਂ :

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨਾ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥[3]

ਇਲਾਹੀ ਬਾਣੀ ਦੇ ਇਨ੍ਹਾਂ ਅਣਿਆਲੇ ਤੀਰਾਂ ਨੇ ਭਾਈ ਲਹਿਣਾ ਜੀ ਨੂੰ ਅਜਿਹਾ ਵਿੰਨ੍ਹਿਆ ਕਿ ਉਨ੍ਹਾਂ ਦੀ ਸੋਚ ਹੀ ਬਦਲ ਗਈ। ਉਨ੍ਹਾਂ ਦੇ ਮਨ ਵਿਚ ਬਾਣੀ ਦੇ ਰਚਨਹਾਰੇ ਦੇ ਦਰਸ਼ਨਾਂ ਦੀ ਤਾਂਘ ਪ੍ਰਬਲ ਹੋ ਗਈ। ਉਨ੍ਹਾਂ ਨੇ ਆਪਣੇ ਸਾਥੀਆਂ ਦੀ ਨਰਾਜ਼ਗੀ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਦੀ ਪਰਵਾਹ ਕੀਤੇ ਬਗ਼ੈਰ ਆਪਣਾ ਘੋੜਾ ਕਰਤਾਰਪੁਰ ਨੂੰ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ

ਲਈ ਮੋੜ ਲਿਆ। ਜਦੋਂ ਕਰਤਾਰਪੁਰ ਪਹੁੰਚੇ ਤਾਂ ਗੁਰੂ ਜੀ ਨੇ ਉਨ੍ਹਾਂ ਕੋਲੋ ਉਨ੍ਹਾਂ ਦਾ ਨਾਮ ਪੁੱਛਿਆ ਤੇ ਜਦੋਂ ਉਨ੍ਹਾਂ 'ਲਹਿਣਾ' ਦੱਸਿਆ ਤਾਂ ਗੁਰੂ ਜੀ ਨੇ ਬਚਨ ਕੀਤਾ, "ਜੀ ਆਇਆ ਨੂੰ ਲਹਿਣਾ ਜੀ! ਆਖਿਰ ਤੁਸੀਂ ਆ ਹੀ ਗਏ, ਅਸੀਂ ਤੁਹਾਡਾ 'ਲਹਿਣਾ' ਦੇਣਾ ਹੈ। ਉਸ ਤੋਂ ਬਾਅਦ ਭਾਈ ਲਹਿਣਾ ਜੀ ਗੁਰੂ ਚਰਨਾਂ ਵਿਚ ਹੀ ਰਹੇ।

ਇੱਥੇ ਹੀ ਇਨ੍ਹਾਂ ਨੂੰ ਅਨੇਕਾਂ ਕਠਿਨ ਪ੍ਰੀਖਿਆਵਾਂ ਵਿੱਚੋਂ ਗੁਜ਼ਰਨਾ ਪਿਆ, ਜਿਵੇਂ ਚਿੱਕੜ ਦੀ ਭਰੀ ਪੰਡ ਚੁੱਕਣੀ, ਗੰਦਗੀ ਦੇ ਢੇਰ ਵਿੱਚੋਂ ਕਟੋਰਾ ਕੱਢਣਾ, ਕਕਰੀਲੀ ਠੰਢੀ ਰਾਤ ਵਿਚ ਵਰ੍ਹਦੇ ਮੀਂਹ ਵਿਚ ਧਰਮਸ਼ਾਲ ਦੀ ਕੰਧ ਉਸਾਰਨੀ, ਰਾਤ ਨੂੰ ਕੱਪੜੇ ਧੋਣ ਤੇ ਸੁਕਾਉਣ ਦੀ, ਕਿੱਕਰ ਤੋਂ ਮਠਿਆਈ ਝਾੜਨੀ, ਮੋਈ ਚੂਹੀ ਬਾਹਰ ਸੁੱਟਣਾ ਅਤੇ ਧਾਣਕ ਦਾ ਰੂਪ ਧਾਰਨ ਕਰਨਾ ਜਾਂ ਮੁਰਦਾ ਖਾਣ ਦੀ ਆਦਿ[4] ਪ੍ਰੀਖਿਆਵਾਂ ਵਿੱਚੋਂ ਭਾਈ ਲਹਿਣਾ ਜੀ ਪੂਰੇ ਉਤਰੇ ਤੇ ਕੁਠਾਲੀ ਵਿੱਚੋਂ ਸੋਨੇ ਵਾਂਗ ਪ੍ਰਪੱਕ ਹੋ ਬਾਹਰ ਨਿਕਲੇ।

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ।[5]

ਗੁਰੂ ਨਾਨਕ ਦੇਵ ਸਿੱਖ ਧਰਮ ਦੀ ਵਾਂਗਡੋਰ ਕਿਸੇ ਅਜਿਹੇ ਵਿਅਕਤੀ ਨੂੰ ਫੜਾਉਣਾ ਚਾਹੁੰਦੇ ਸਨ ਜੋ ਸਰੀਰਕ ਤੇ ਆਤਮਿਕ ਤੌਰ ਤੇ ਬਲਵਾਨ ਹੋਵੇ। ਕਿਰਤ ਸੇਵਾ, ਸਿਮਰਨ, ਅਗਿਆਕਾਰਤਾ ਤੇ ਗੁਰੂ ਬਖਸ਼ਿਸ਼ ਸਦਕਾ ਗੁਰੂ ਨਾਨਕ ਪਾਤਸ਼ਾਹ ਦੇ ਅੰਗ ਰੂਪ ਹੋ ਗਏ ਤੇ ਅੰਗਦ ਬਣ ਕੇ ਗੁਰੂ ਰੂਪ ਵਿਚ ਸਾਹਮਣੇ ਆਏ :

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ ।[6]
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ।[7]

ਗੁਰੂ ਅੰਗਦ ਦੇਵ ਜੀ ਨੂੰ ਕਰਤਾਰਪੁਰ ਤੋਂ ਖਡੂਰ ਸਾਹਿਬ ਭੇਜ ਦਿੱਤਾ ਗਿਆ ਇਹ ਤਾਂ ਕੁਦਰਤੀ ਸੀ ਕਿ ਗੁਰੂ ਪੁੱਤਰ ਗੁਰਗੱਦੀ ਖਾਤਰ ਗੁਰੂ ਸਾਹਿਬ ਦਾ ਵਿਰੋਧ ਕਰਦੇ ਤੇ ਦੂਸਰਾ ਸਿੱਖੀ ਪ੍ਰਚਾਰ ਦਾ ਨਵਾਂ ਕੇਂਦਰ ਸਥਾਪਤ ਕਰਨ ਲਈ ਗੁਰੂ ਅੰਗਦ ਦੇਵ ਨੂੰ ਖਡੂਰ ਟਿਕਾਣਾ ਬਣਾਉਣ ਲਈ ਆਗਿਆ ਹੋਈ :

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰ।[8]

ਗੁਰੂ ਅੰਗਦ ਦੇਵ ਨੇ ਲਗਭਗ 12 ਸਾਲ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਅਤੇ ਗੁਰੂ ਅੰਗਦ ਦੇਵ 29 ਮਾਰਚ, 1552 ਈ. ਨੂੰ ਗੁਰੂ ਅਮਰਦਾਸ ਜੀ ਨੂੰ ਗੁਰਤਾ ਸੌਂਪ ਕੇ ਜੋਤੀ ਜੋਤਿ ਸਮਾ ਗਏ।

ਗੁਰੂ ਅੰਗਦ ਦੇਵ ਦਾ ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ

ਗੁਰੂ ਅੰਗਦ ਦੇਵ 1539 ਈ. ਤੋਂ 1552 ਈ. ਤਕ ਗੁਰਗੱਦੀ ਉਪਰ ਬਿਰਾਜਮਾਨ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਗੁਰੂ ਨਾਨਕ ਦੇਵ ਦੇ ਮਿਸ਼ਨ ਨੂੰ ਅਗਾਂਹ ਤੋਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਗੁਰਬਾਣੀ ਸਾਂਭ-ਸੰਭਾਲ ਤੇ ਉਚਾਰਣ

ਗੁਰੂ ਅੰਗਦ ਦੇਵ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਸਿੱਖ ਧਰਮ

ਦੇ ਵਿਕਾਸ ਲਈ ਉਸਾਰੂ ਯਤਨ ਆਰੰਭ ਕਰ ਦਿੱਤੇ। ਸਭ ਤੋਂ ਪਹਿਲਾਂ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਮਰਿਯਾਦਾ ਵਿਚ ਕੀਤਾ, ਜੋ ਉਨ੍ਹਾਂ ਨੂੰ ਗੁਰਗੱਦੀ ਸਮੇਂ ਸੌਂਪੀ ਗਈ।[9]

ਦੂਸਰਾ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਥਾਂ ਪਰ ਥਾਂ ਭੇਜ ਕੇ ਬਾਣੀ ਇਕੱਤਰ ਕਰਵਾਈ। ਨਿਰਸੰਦੇਹ ਭਵਿੱਖ ਵਿਚ ਹੋਣ ਵਾਲੀ ਬਾਣੀ ਸੰਪਾਦਨ ਅਤੇ ਵਿਚਾਰਧਰਾਈ ਸ਼ੁਧਤਾ ਦੇ ਮਾਮਲੇ ਵਿਚ ਗੁਰੂ ਸਾਹਿਬ ਦਾ ਇਹ ਮਹਾਨ ਤੇ ਨਿੱਗਰ ਯੋਗਦਾਨ ਸੀ। ਗੁਰੂ ਅੰਗਦ ਦੇਵ ਨੇ ਜਿੱਥੇ ਗੁਰੂ ਨਾਨਕ ਬਾਣੀ ਦੀ ਸਾਂਭ-ਸੰਭਾਲ ਕੀਤੀ, ਉੱਥੇ ਉਨ੍ਹਾਂ ਗੁਰੂ ਨਾਨਕ ਵਿਚਾਰਧਾਰਾ ਨੂੰ ਅੱਗੇ ਤੋਰਨ ਲਈ ਆਪਣੀ ਬਾਣੀ ਦੀ ਰਚਨਾ ਵੀ ਕੀਤੀ। ਨਿਰਸੰਦੇਹ ਇਹ ਬਾਣੀ ਆਕਾਰ ਪੱਖੋਂ ਬਹੁਤ ਥੋੜ੍ਹੀ ਭਾਵ 63 ਸਲੋਕ ਹਨ, ਪਰੰਤੂ ਵਿਚਾਰ ਪੱਖੋਂ ਗਾਗਰ ਵਿਚ ਸਾਗਰ ਦੀ ਨਿਆਈ ਹੈ। ਇਨ੍ਹਾਂ ਸਲੋਕਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਹਰੇਕ ਸਲੋਕ ਸੁਤੰਤਰ ਪਰਿਪੇਖ ਦੀ ਉਸਾਰੀ ਕਰਦਾ ਹੈ।

2. ਗੁਰਮੁਖੀ ਲਿਪੀ ਨੂੰ ਹਰਮਨ ਪਿਆਰਾ ਕਰਨਾ

ਗੁਰੂ ਨਾਨਕ ਦੇਵ ਜੀ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਕੋਈ ਵੀ ਵਿਚਾਰਧਾਰਾ ਉਤਨਾ ਚਿਰ ਪ੍ਰਫੁਲਤ ਨਹੀਂ ਹੋ ਸਕਦੀ ਜਦੋਂ ਤਕ ਉਸ ਦਾ ਪ੍ਰਚਾਰ ਲੋਕ ਬੋਲੀ (ਲੋਕ ਭਾਸ਼ਾ) ਵਿਚ ਨਾ ਹੋਵੇ। ਸ਼ਾਇਦ ਇਸੇ ਕਰਕੇ ਉਨ੍ਹਾਂ ਨੇ ਦੂਜਿਆਂ ਦੀ ਬੋਲੀ ਬੋਲਣ ਵਾਲਿਆਂ ਤੇ ਵਿਅੰਗ ਕਸਦਿਆਂ ਆਖਿਆ - 'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।'[10] ਉਸ ਵੇਲੇ ਸੰਸਕ੍ਰਿਤ ਭਾਸ਼ਾ ਕੇਵਲ ਬ੍ਰਾਹਮਣ (ਪ੍ਰੋਹਿਤ) ਵਰਗ ਤਕ ਹੀ ਸੀਮਤ ਸੀ ਤੇ ਆਮ ਜਨਤਾ ਸਮਝਣ ਤੋਂ ਅਸਮਰੱਥ ਸੀ। ਇਸੇ ਕਰਕੇ ਉਨ੍ਹਾਂ ਨੇ ਲੋਕ ਭਾਸ਼ਾ ਦੀ ਲਿਪੀ ਦੀ ਸਥਾਪਨਾ ਕੀਤੀ। ਪ੍ਰਚਲਤ ਧਾਰਨਾ ਅਨੁਸਾਰ ਗੁਰਮੁਖੀ ਲਿਪੀ ਦੀ ਕਾਢ ਗੁਰੂ ਅੰਗਦ ਸਾਹਿਬ ਨੇ ਕੀਤੀ, ਪਰੰਤੂ ਗੁਰਮੁਖੀ ਲਿਪੀ ਤੇ ਤੇਰ੍ਹਵੀਂ ਸਦੀ ਤੋਂ ਮਿਲਦੇ ਵਿਭਿੰਨ ਰੂਪ ਇਸ ਧਾਰਨਾ ਦੀ ਪੁਸ਼ਟੀ ਨਹੀਂ ਕਰਦੇ। ਦਰਅਸਲ ਗੁਰੂ ਅੰਗਦ ਦੇਵ ਨੇ ਪਹਿਲਾਂ ਮੌਜੂਦ ਲਿਪੀ ਨੂੰ ਇਕ ਖ਼ਾਸ ਪ੍ਰਬੰਧ ਵਿਚ ਲਿਆ ਕੇ ਗੁਰਮੁਖੀ ਲਿਪੀ ਦਾ ਪ੍ਰਚਲਨ ਕੀਤਾ।

ਗੁਰੂ ਸਾਹਿਬ ਦੁਆਰਾ ਚੁੱਕੇ ਇਸ ਕਦਮ ਨਾਲ ਬ੍ਰਾਹਮਣ ਸਮਾਜ ਨੂੰ ਬੜਾ ਧੱਕਾ ਲੱਗਾ। ਲੋਕ ਬ੍ਰਾਹਮਣਾਂ ਦੇ ਚੁੰਗਲ 'ਚੋਂ ਨਿਕਲ ਗਏ। ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ ਨਵੀਂ ਲਿਪੀ ਗੁਰਮੁਖੀ ਦਾ ਨਾਮ ਹੀ ਇਸ ਦੇ ਲਿਖਣ ਪੜ੍ਹਨ ਵਾਲਿਆਂ ਨੂੰ ਗੁਰੂ ਵਲ ਉਨ੍ਹਾਂ ਦੇ ਫਰਜ਼ਾਂ ਦੀ ਯਾਦ ਦਿਵਾਉਂਦਾ ਹੈ ਅਤੇ ਚੇਤੰਨ ਵੀ ਕਰਦਾ ਹੈ ਕਿ ਸਿੱਖ ਆਮ ਹਿੰਦੂ ਜਨਤਾ ਨਾਲੋਂ ਅੱਡਰੀ ਤੇ ਨਿਰਾਲੀ ਹੋਂਦ ਰੱਖਦੇ ਹਨ।

ਡਾ. ਲਾਇਟਨਰ ਅਨੁਸਾਰ ਗੁਰੂ ਅੰਗਦ ਸਾਹਿਬ ਨੇ ਪ੍ਰੋਫੈਸਰ ਹਕਸਲੇ ਵਾਂਗ ਬੱਚਿਆਂ ਲਈ ਕਾਇਦੇ (ਬੋਲ ਬੋਧ) ਲਿਖੇ ਤੇ ਵੰਡੇ। ਇਸੇ ਤਰ੍ਹਾਂ ਉਨ੍ਹਾਂ ਨੇ (ਗੁਰਮੁਖੀ) ਵਰਣਮਾਲਾ ਅਨੁਸਾਰ ਗੁਰੂ ਨਾਨਕ ਬਾਣੀ ਵਿੱਚੋਂ ਨੀਤੀ ਵਚਨ ਸੁਣ ਕੇ ਮਾਟੋ ਤਿਆਰ ਕੀਤੇ। ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਕੇਵਲ ਨਵੀਂ ਲਿਪੀ ਦੇ ਘਾੜੇ ਵਜੋਂ ਹੀ ਸਾਹਮਣੇ ਨਹੀਂ ਆਏ, ਸਗੋਂ ਇਸ ਦੇ ਪ੍ਰਚਾਰਨ ਤੇ ਪ੍ਰਸਾਰਨ ਦੇ ਪਹਿਲੇ ਅਧਿਆਪਕ ਵੀ ਬਣੇ।

3. ਜਨਮ ਸਾਖੀ ਦਾ ਸੰਕਲਨ

ਗੁਰਮੁਖੀ ਲਿਪੀ ਦੇ ਪ੍ਰਚਲਨ ਤੋਂ ਬਾਅਦ ਵਾਰਤਕ ਰੂਪ ਵਿਚ ਇਤਿਹਾਸ ਦੀ ਸਿਰਜਣਾ ਦੀ ਪਰੰਪਰਾ ਗੁਰੂ ਅੰਗਦ ਦੇਵ ਦੁਆਰਾ ਆਰੰਭ ਹੋਈ। ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਦੇ ਜੀਵਨ ਬਿਓਰੇ ਨੂੰ ਇਕੱਤਰ ਕਰਨ ਲਈ ਭਾਈ ਬਾਲੇ ਦੀ ਸਹਾਇਤਾ ਨਾਲ ਜਨਮ ਸਾਖੀ ਦਾ ਸੰਕਲਨ ਕੀਤਾ, ਜਿਸ ਨੂੰ ਭਾਈ ਬਾਲੇ ਵਾਲੀ ਜਨਮ ਸਾਖੀ ਕਿਹਾ ਜਾਂਦਾ ਹੈ। ਇਸ ਦੀ ਪ੍ਰੋੜਤਾ ਨਿਮਨਲਿਖਤ ਪੰਕਤੀਆਂ ਤੋਂ ਹੋ ਜਾਂਦੀ ਹੈ :

ਭਾਈ ਬਾਲੇ ਤੇ ਪੁਨ ਸੁਨਹੀ ਚਲਿਤ ਆਦਿ ਗੁਰ ਕੇਰੇ।
ਜਹਿ ਜਹਿ ਗਏ ਕੀਨ ਜੋ ਜੋ ਕ੍ਰਮ ਸੋਊ ਸੁਨਾਵਤਿ ਟੇਰੇ॥
ਸੁਨਿ ਗੁਰਿ ਮਗਨ ਹੋਹਿ ਗੁਨ ਅਚਰਜ ਭਾਈ ਪੈੜਾ ਲਿਖ ਹੀ।
ਭਾਈ ਜਨਮ ਸਾਖੀ ਸੋ ਪੋਥੀ ਜੋ ਅਬਿ ਸਖਿ ਸਿਖ ਪਿਖਹੀ॥[11]

ਕਵੀ ਪ੍ਰੇਮ ਸਿੰਘ (ਸੰਤ ਰੇਣਿ) ਅਨੁਸਾਰ ਅਸਲ ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰੂ ਕੀ ਜਨਮ ਸਾਖੀ ਲਿਖ ਕੇ ਗੁਰ ਇਤਿਹਾਸ ਦੀ ਨੀਂਹ ਰੱਖ ਦਿੱਤੀ ਸੀ।

ਆਦ ਗੁਰ ਕੀ ਜਨਮ ਜੁ ਸਾਖੀ।
ਗੁਰੂ ਇਤਿਹਾਸ ਨੀਂਵ ਇਨ ਰਾਖੀ।[12]

ਗੁਰੂ ਜੀ ਦੀ ਇਸ ਜਨਮ ਸਾਖੀ ਤੋਂ ਜਨਮ ਸਾਖੀਆਂ ਲਿਖਣ ਦੀ ਪ੍ਰੇਰਣਾ ਮਿਲੀ ਤੇ ਬਾਅਦ ਵਿਚ ਅਨੇਕਾਂ ਜਨਮ ਸਾਖੀਆਂ ਲਿਖੀਆਂ ਗਈਆਂ। ਪਰੰਤੂ ਅੱਜਕਲ੍ਹ ਇਹ ਜਨਮ ਸਾਖੀ ਵਿਗੜੇ ਰੂਪ ਵਿਚ ਮਿਲਦੀ ਹੈ।

4. ਲੰਗਰ ਦੀ ਸੰਸਥਾ

ਗੁਰੂ ਨਾਨਕ ਦੇਵ ਦੁਆਰਾ ਸਥਾਪਤ ਕੀਤੀ ਲੰਗਰ ਸੰਸਥਾ ਨੂੰ ਗੁਰੂ ਅੰਗਦ ਦੇਵ ਨੇ ਨਾ ਕੇਵਲ ਅਗਾਂਹ ਤੋਰਿਆ, ਸਗੋਂ ਇਸ ਦੇ ਪ੍ਰਬੰਧ ਵੱਲ ਖਾਸ ਧਿਆਨ ਦੇ ਕੇ ਮਹੱਤਵਪੂਰਨ ਤੇ ਸਥਾਈ ਸੰਸਥਾ ਦਾ ਰੂਪ ਪ੍ਰਦਾਨ ਕੀਤਾ। ਲੰਗਰ ਦੀ ਸਾਂਭ-ਸੰਭਾਲ ਦਾ ਕੰਮ ਉਨ੍ਹਾਂ ਆਪਣੀ ਸੁਪਤਨੀ ਬੀਬੀ ਖੀਵੀ ਨੂੰ ਸੌਂਪਿਆ, ਜਿਸ ਦਾ ਸੰਕੇਤ ਰਾਮਕਲੀ ਕੀ ਵਾਰ ਤੋਂ ਮਿਲ ਜਾਂਦਾ ਹੈ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥[13]

ਲੰਗਰ ਦੀ ਸੰਸਥਾ ਨੇ ਸਿੱਖ ਧਰਮ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ। ਇਸ ਨਾਲ ਹਿੰਦੂ ਜਾਤੀ ਨੂੰ ਬੜੀ ਭਾਰੀ ਸੱਟ ਲੱਗੀ। ਇਸ ਨਾਲ ਸਮਾਜਕ ਏਕਤਾ ਤੇ ਭਾਈਚਾਰੇ ਦੀ ਭਾਵਨਾ ਪ੍ਰਪੱਕ ਹੋਈ। ਡਾ. ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ ਲੰਗਰ ਸੰਸਥਾ ਨੇ ਸਿੱਖਾਂ ਨੂੰ ਸੰਪਰਦਾ ਲਈ ਦਾਨ ਦੇਣ ਦਾ ਪਹਿਲਾ ਸਬਕ ਸਿਖਾਇਆ। ਗੁਰੂ ਸਾਹਿਬ ਦਾ ਲੰਗਰ ਸਿੱਖਾਂ ਦੀ ਪਹਿਲੀ ਸੰਸਥਾ ਸੀ, ਜਿਸ ਦਾ ਖਰਚਾ ਸੰਪਰਦਾ ਦੇ ਮੈਂਬਰਾਂ ਦੁਆਰਾ ਦਿੱਤੇ ਗਏ ਸਾਂਝੇ ਦਾਨ ਨਾਲ ਚੱਲਦਾ ਸੀ।

5. ਉਦਾਸੀ ਸੰਪਰਦਾ ਦੇ ਪ੍ਰਭਾਵ ਤੋਂ ਬਚਾਉਣਾ

ਗੁਰੂ ਨਾਨਕ ਦੇਵ ਨੇ ਗ੍ਰਹਿਸਥ ਮਾਰਗ ਨੂੰ ਅਪਨਾਉਣ ਤੇ ਨਾਮ ਜਪਣ ਦਾ ਮਾਰਗ

ਦੱਸਿਆ, ਪਰੰਤੂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਦੇ ਬੇਟੇ ਸ੍ਰੀ ਚੰਦ ਨੇ ਗੁਰਗੱਦੀ ਨਾ ਮਿਲਣ ਕਰਕੇ ਇਕ ਵੱਖਰਾ ਮੱਤ ਸਥਾਪਤ ਕਰ ਲਿਆ, ਜਿਸ ਨੂੰ ਉਦਾਸੀ ਮੱਤ ਕਹਿੰਦੇ ਸਨ। ਇਸ ਮੱਤ ਵਿਚ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦੇ ਵਿਪਰੀਤ ਬ੍ਰਹਮਚਰੀਆ ਤੇ ਤਿਆਗ ਵਾਲਾ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਗੁਰੂ ਨਾਨਕ ਦੇਵ ਦੇ ਪੁੱਤਰ ਹੋਣ ਕਰਕੇ ਲੋਕ ਉਸ ਪਾਸੇ ਆਕਰਸ਼ਿਤ ਹੋਣ ਲੱਗੇ। ਗੁਰੂ ਅੰਗਦ ਦੇਵ ਨੇ ਇਸ ਸਮੇਂ ਬੜੇ ਹੌਸਲੇ ਤੇ ਦਲੇਰੀ ਤੋਂ ਕੰਮ ਲਿਆ। ਉਨ੍ਹਾਂ ਨੇ ਲੋਕਾਂ ਨੂੰ ਸਪਸ਼ਟ ਸ਼ਬਦਾਂ ਵਿਚ ਦੱਸ ਦਿੱਤਾ ਕਿ ਉਦਾਸੀ ਮੱਤ ਗੁਰੂ ਨਾਨਕ ਦੇਵ ਦੇ ਉਪਦੇਸ਼ਾਂ ਤੇ ਅਸੂਲਾਂ ਦੇ ਪ੍ਰਤੀਕੂਲ ਹੈ। ਜੇ ਗੁਰੂ ਸਾਹਿਬ ਇਸ ਸਮੇਂ ਉਚਿਤ ਕਾਰਵਾਈ ਨਾ ਕਰਦੇ ਤਾਂ ਹੋ ਸਕਦਾ ਸਿੱਖ ਧਰਮ ਬਾਲ ਅਵਸਥਾ ਵਿਚ ਹੀ ਉਦਾਸੀ ਮੱਤ ਵਿਚ ਘੁਲ ਮਿਲ ਜਾਂਦਾ ਤੇ ਹਿੰਦੂ ਧਰਮ ਦੀ ਇਕ ਸੰਪਰਦਾ ਬਣ ਕੇ ਰਹਿ ਜਾਂਦਾ।

6. ਮੱਲ ਅਖਾੜਿਆਂ ਦੀ ਸਥਾਪਨਾ

ਗੁਰੂ ਅੰਗਦ ਦੇਵ ਨੇ ਸਿੱਖਾਂ ਦੇ ਅਧਿਆਤਮਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੇ ਸਰੀਰਕ ਵਿਕਾਸ ਵੱਲ ਵੀ ਧਿਆਨ ਦਿੱਤਾ ਤੇ ਖਡੂਰ ਸਾਹਿਬ ਵਿਚ ਅਖਾੜੇ ਦੀ ਸਥਾਪਨਾ ਕੀਤੀ, ਜਿੱਥੇ ਉਨ੍ਹਾਂ ਦੇ ਸਿੱਖ ਕਸਰਤ ਤੇ ਘੋਲ ਕਰਿਆ ਕਰਦੇ ਸਨ। ਇਸ ਤੱਥ ਦੀ ਪ੍ਰੋੜ੍ਹਤਾ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਕੀਤੀ ਹੈ :

ਗ੍ਰਾਮ ਬਾਲਕੇ ਲੇਹਿ ਬੁਲਾਇ।
ਹਰਖ ਸ਼ੋਕ ਜਨ ਹੋਇ ਨ ਕਾਇ।
ਤਿਨ ਸੋ ਮਿਲਿ ਕਰਿ ਖੇਲਹਿ ਖੇਲ।
ਹੋਹਿ ਪ੍ਰਸੰਨ ਮਿਲਹਿ ਜਿਸ ਮੇਲ।
ਪਹਿਰ ਤੀਸਰੋ ਏਵ ਬਿਤਾਵਹਿ।
ਪਹਿਲਵਾਨ ਤਬਿ ਗੁਰੂ ਬੁਲਾਵਹਿ।
ਮਿਲਹਿ ਤਬਿ ਬਹੁ ਪਰਹਿ ਅਖਾਰਾ।
ਭਰਿਹਿ ਆਪ ਮਹਿ ਬਲ ਧਰਿ ਭਾਰਾ।

ਗੁਰੂ ਸਾਹਿਬ ਦੁਆਰਾ ਆਰੰਭ ਕੀਤੀ, ਇਸ ਰਵਾਇਤ ਦੁਆਰਾ ਅੱਗੇ ਜਾ ਕੇ ਸਿੱਖਾਂ ਵਿੱਚੋਂ ਮਜ਼ਬੂਤ ਸਰੀਰਾਂ ਵਾਲੇ ਸੈਨਿਕਾਂ ਦਾ ਵਿਕਾਸ ਹੋਇਆ, ਜਿਨ੍ਹਾਂ ਨੇ ਸਿੱਖ ਧਰਮ ਦੀ ਸਥਾਪਤੀ ਲਈ ਅਹਿਮ ਭੂਮਿਕਾ ਨਿਭਾਈ।

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੁਆਰਾ ਚਲਾਏ ਮਿਸ਼ਨ ਦੀ ਸਥਾਪਤੀ ਲਈ ਨਿੱਗਰ ਯੋਗਦਾਨ ਪਾਇਆ। ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ ਦੂਜੇ ਗੁਰੂ ਸਾਹਿਬ ਦੁਆਰਾ ਕੀਤੇ ਗਏ ਕਾਰਜਾਂ ਦੇ ਫਲਸਰੂਪ ਹੀ ਮੁੱਖ ਰੂਪ ਵਿਚ ਇਕ ਨਵੀਂ ਸੰਪਰਦਾ ਦਾ ਜਨਮ ਹੋਇਆ ਅਤੇ ਸਿੱਖ ਮੱਤ ਵਿਚ ਇਕ ਖਾਸ ਕਿਸਮ ਦੇ ਸੰਗਠਨ ਦੇ ਬੀਜ ਬੀਜੇ ਗਏ। ਅੰਤ ਵਿਚ ਭਾਈ ਨੰਦ ਲਾਲ ਦੇ ਇਨ੍ਹਾਂ ਸ਼ਬਦਾਂ ਰਾਹੀਂ ਗੁਰੂ ਸਾਹਿਬ ਨੂੰ ਨਤਮਸਤਕ ਹੁੰਦੇ ਹਾਂ :

ਸਰਿ ਬਫਾਇਸ਼ ਬਵਦ ਬਰ ਦਵਾਮ।
ਨਿਸਾਰਸ਼ ਦਿਲੋ ਜਾਨਿ ਮਾ ਮੁਸਤਦਾਮ।

ਹਵਾਲੇ ਅਤੇ ਟਿੱਪਣੀਆਂ

1. ਗੁਰੂ ਗ੍ਰੰਥ ਸਾਹਿਬ, ਪੰਨਾ 1408.
2. - ਉਹੀ - ਪੰਨਾ 204
3. - ਉਹੀ - ਪੰਨਾ 474
4. ਗੁਰਮੇਲ ਸਿੰਘ (ਸੰਪਾ.) *ਗੁਰੂ ਅੰਗਦ ਦੇਵ ਸ੍ਰੋਤ-ਪੁਸਤਕ*, ਪੰਨੇ 384-85.
5. ਗੁਰੂ ਗ੍ਰੰਥ ਸਾਹਿਬ, ਪੰਨਾ 967.
6. ਭਾਈ ਗੁਰਦਾਸ, *ਵਾਰਾਂ ਗਿਆਨ ਰਤਨਾਵਲੀ*, ਵਾਰ 1, ਪਉੜੀ 45.
7. ਗੁਰੂ ਗ੍ਰੰਥ ਸਾਹਿਬ, ਪੰਨਾ 966.
8. - ਉਹੀ - ਪੰਨਾ 967.
9. ਮਹਿਮਾ ਪ੍ਰਕਾਸ਼, ਵਾਰਤਕ, ਸਾਖੀ 22, ਪੰਨਾ 57.
10. ਗੁਰੂ ਗ੍ਰੰਥ ਸਾਹਿਬ, ਪੰਨਾ 1191.
11. ਗੁਰਮੇਲ ਸਿੰਘ (ਸੰਪਾ.), *ਗੁਰੂ ਅੰਗਦ ਦੇਵ ਸ੍ਰੋਤ-ਪੁਸਤਕ*, ਪੰਨਾ 367.
12. ਕਵੀ ਪ੍ਰੇਮ ਸਿੰਘ ਸੰਤ ਰੇਣ, *ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ*, ਪੰਨਾ 405.
13. ਗੁਰੂ ਗ੍ਰੰਥ ਸਾਹਿਬ, ਪੰਨਾ 967.
14. ਡਾ. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਬੰਦ 62, ਪੰਨਾ 172.

ਸ੍ਰੀ ਗੁਰੂ ਅਮਰਦਾਸ

ਡਾ. ਪਰਮਵੀਰ ਸਿੰਘ*

ਗੁਰੂ ਅਮਰਦਾਸ ਜੀ ਨੂੰ ਬਿਰਧ ਅਵਸਥਾ ਵਿਚ ਸੇਵਾ ਕਰਦੇ ਹੋਏ ਗੁਰਗੱਦੀ ਹਾਸਲ ਕਰਨ ਦਾ ਮਾਣ ਪ੍ਰਾਪਤ ਹੈ, ਜੋ ਸਮੁੱਚੇ ਮਨੁੱਖੀ ਜਗਤ ਲਈ ਪ੍ਰੇਰਨਾ ਸ੍ਰੋਤ ਹੈ। ਉਹਨਾਂ ਦੁਆਰਾ ਕੀਤੀ ਸੇਵਾ ਨੇ ਪੁਰਾਤਨ ਪਰੰਪਰਾਵਾਂ ਵਿਚ ਨਵੀਆਂ ਪੈੜਾਂ ਪਾਉਣ ਦਾ ਕਾਰਜ ਕੀਤਾ। ਆਸ਼ਰਮ ਵਿਵਸਥਾ ਅਨੁਸਾਰ ਪਿਛਲੀ ਉਮਰ ਵਿਚ ਵਿਅਕਤੀ ਜੰਗਲਾਂ ਵਿਚ ਇਕਾਂਤਵਸ ਹੋ ਕੇ ਤਪ ਕਰਦੇ ਹੋਏ ਮੁਕਤੀ ਹਾਸਲ ਕਰਨ ਦਾ ਮਾਰਗ ਧਾਰਨ ਕਰਦਾ ਸੀ ਤਾਂ ਇਸ ਦੇ ਉਲਟ ਸਿੱਖ ਧਰਮ ਵਿਚ ਇਹ ਪੈੜਾਂ ਪਾਉਣ ਦਾ ਯਤਨ ਤੇਜ਼ੀ ਨਾਲ ਕੀਤਾ ਗਿਆ ਕਿ ਦੁਨਿਆਵੀ ਜਗਤ ਵਿਚ ਰਹਿੰਦੇ ਹੋਏ ਵੀ ਮਨ ਨੂੰ ਕਾਬੂ ਕਰਕੇ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ। ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਬਾਣੀ ਇਸੇ ਮਾਰਗ ਦਾ ਧਾਰਨੀ ਹੋਣ 'ਤੇ ਜ਼ੋਰ ਦਿੰਦੀ ਹੈ।

ਪ੍ਰਕਾਸ਼ ਅਤੇ ਪਰਿਵਾਰ

ਬਾਬਾ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬਾਸਰਕੇ[1] ਵਿਖੇ 1479 ਈਸਵੀ ਨੂੰ ਹੋਇਆ। ਇਸ ਤਰ੍ਹਾਂ ਇਹ ਗੁਰੂ ਨਾਨਕ ਦੇਵ ਜੀ ਤੋਂ ਵੀ ਉਮਰ ਵਿਚ ਦਸ ਸਾਲ ਵੱਡੇ ਸਨ। ਉਹ ਭੱਲਾ ਜਾਤਿ ਨਾਲ ਸੰਬੰਧਿਤ ਸਨ ਅਤੇ ਉਹਨਾਂ ਦੇ ਪਿਤਾ ਦਾ ਨਾਮ ਭਾਈ ਤੇਜ ਭਾਨ ਸੀ।[2] ਆਪ ਜੀ ਦੀ ਮਾਤਾ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ - ਲੱਖੋ[3], ਬਖਤ ਕੌਰ, ਲੱਛਮੀ, ਭੂਪ ਕੌਰ ਅਤੇ ਰੂਪ ਕੌਰ।[4] ਆਪ ਜੀ ਦੇ ਤਿੰਨ ਭਰਾ ਹੋਰ ਸਨ : ਭਾਈ ਈਸ਼ਰਦਾਸ - ਭਾਈ ਗੁਰਦਾਸ ਜੀ ਦੇ ਪਿਤਾ, ਬਾਬਾ ਖੇਮ ਰਾਇ - ਗੁਰੂ ਅਮਰਦਾਸ ਜੀ ਦੇ ਮੰਜੀਦਾਰ ਸਾਵਣ ਮੱਲ ਦੇ ਪਿਤਾ ਅਤੇ ਭਾਈ ਮਾਣਕ ਚੰਦ - ਇਨ੍ਹਾਂ ਦੀ ਨੂੰਹ ਬੀਬੀ ਅਮਰੋ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ। ਗੁਰੂ ਅਮਰਦਾਸ ਜੀ ਦਾ ਵਿਆਹ ਦੇਵੀ ਚੰਦ ਦੀ ਸਪੁੱਤਰੀ ਮਨਸਾ ਦੇਵੀ[5] ਨਾਲ ਹੋਇਆ ਅਤੇ ਆਪ ਜੀ ਦੇ ਘਰ ਦੋ ਪੁੱਤਰਾਂ ਭਾਈ ਮੋਹਨ ਅਤੇ ਮੋਹਰੀ ਅਤੇ ਦੋ ਬੱਚੀਆਂ ਬੀਬੀ ਦਾਨੀ ਅਤੇ ਭਾਨੀ ਜੀ ਦਾ ਜਨਮ ਹੋਇਆ।

ਤੀਰਥ ਯਾਤਰਾ

ਬਾਬਾ (ਗੁਰੂ) ਅਮਰਦਾਸ ਜੀ ਬਾਰੇ ਮੁਢਲੇ ਤੌਰ ਤੇ ਜੋ ਜਾਣਕਾਰੀ ਮਿਲਦੀ ਹੈ, ਉਸ ਤੋਂ ਗਿਆਤ ਹੁੰਦਾ ਹੈ ਕਿ ਆਪ ਸ਼ੁਰੂ ਤੋਂ ਹੀ ਧਾਰਮਕ ਵਿਚਾਰਾਂ ਦੇ ਮਾਲਕ ਸਨ। ਹਿੰਦੂ ਪਰਿਵਾਰ ਵਿਚ ਜਨਮ ਹੋਣ ਕਾਰਨ ਬਹੁਤਾ ਪ੍ਰਭਾਵ ਬ੍ਰਾਹਮਣੀ ਕਰਮਕਾਂਡ ਵਾਲਾ ਸੀ। ਏਸੇ ਪ੍ਰਭਾਵ ਅਧੀਨ ਹੀ ਜਦੋਂ ਆਪ ਦੁਨੀਆਦਾਰੀ ਦੇ ਪ੍ਰਭਾਵ ਤੋਂ ਜ਼ਰਾ ਮੁਕਤ ਹੋਏ ਤਾਂ ਤੀਰਥਾਂ ਦੀ ਯਾਤਰਾ ਆਰੰਭ

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਰ ਦਿੱਤੀ।[6] ਹਿੰਦੂ ਧਰਮ ਵਿਚ ਤੀਰਥ ਯਾਤਰਾ ਨੂੰ ਮਨ ਦੀ ਸ਼ਾਂਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਵਿੱਤਰ ਨਦੀਆਂ ਵਿਅਕਤੀ ਦੇ ਪਾਪ ਧੋ ਕੇ ਮਨ ਵਿਚ ਟਿਕਾਊ ਦੀ ਸਥਿਤੀ ਪੈਦਾ ਕਰਦੀਆਂ ਹਨ। ਏਸੇ ਮਨਸ਼ਾ ਅਧੀਨ ਆਪ ਜੀ ਨੇ ਵੀ ਗੰਗਾ ਦੀ ਯਾਤਰਾ ਆਰੰਭ ਕਰ ਦਿੱਤੀ ਅਤੇ ਸਾਲ ਵਿਚ ਦੋ ਵਾਰ ਪੈਦਲ ਯਾਤਰਾ ਕਰਨ ਲੱਗੇ।[7]

ਗੁਰੂ ਅੰਗਦ ਮਿਲਾਪ

ਬਾਬਾ (ਗੁਰੂ) ਅਮਰਦਾਸ ਜੀ ਆਪਣੇ ਗੰਗਾ ਇਸ਼ਨਾਨ ਦੇ ਕਰਮ ਵੱਲ ਦ੍ਰਿੜਤਾ ਪੂਰਵਕ ਰੁਚਿਤ ਸਨ ਕਿ ਜੀਵਨ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਕਿ ਮਨ ਬਦਲ ਗਿਆ। ਹਰ ਵਾਰ ਦੇ ਨੇਮ ਅਨੁਸਾਰ ਆਪ ਰਸਤੇ ਵਿਚ ਪੈਂਦੇ ਪਿੰਡ ਮਿਹੜਾ ਦੇ ਇਕ ਵਿਦਵਾਨ ਬ੍ਰਾਹਮਣ ਦੁਰਗਾ ਦੱਤ ਦੇ ਨਿਵਾਸ ਵਿਖੇ ਟਿਕਾਣਾ ਕੀਤਾ ਅਤੇ ਦੁਪਹਿਰ ਦਾ ਭੋਜਨ ਕਰਨ ਤੋਂ ਬਾਅਦ ਆਰਾਮ ਕਰਨ ਲੱਗੇ। ਬ੍ਰਾਹਮਣ ਨੇ ਆਪ ਦੇ ਚਰਨਾਂ ਵਿਚ ਪਦਮ ਦਾ ਨਿਸ਼ਾਨ ਵੇਖ ਕੇ ਭਵਿੱਖਬਾਣੀ ਕੀਤੀ :

ਇਹ ਕੋਊ ਅਵਤਾਰ ਅਥਵਾ ਹੋਵੇ ਰਾਜਾ ਚਕ੍ਰਵਤ।[8]

ਜਦੋਂ ਆਪ ਉਥੋਂ ਜਾਣ ਤੋਂ ਪਹਿਲਾਂ ਬ੍ਰਾਹਮਣ ਨੂੰ ਕੁਝ ਦੇਣ ਲੱਗੇ ਤਾਂ ਬ੍ਰਾਹਮਣ ਨੇ ਉਹਨਾਂ ਤੋਂ ਦੱਛਣਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਇਹ ਵਚਨ ਵੀ ਲੈ ਲਿਆ ਕਿ ਜਦੋਂ ਤੁਹਾਡੇ ਤੋਂ ਕੁਝ ਮੰਗਾਂਗਾ ਤਾਂ ਉਸ ਸਮੇਂ ਜ਼ਰੂਰ ਦੇਣਾ। ਆਪ ਜੀ ਉਸਨੂੰ ਵਚਨ ਦੇ ਕੇ ਅੱਗੇ ਚਲੇ ਗਏ।

ਬਾਬਾ (ਗੁਰੂ) ਅਮਰਦਾਸ ਜੀ ਗੰਗਾ ਦੀ ਯਾਤਰਾ ਤੋਂ ਵਾਪਸ ਮੁੜ ਰਹੇ ਸਨ ਤਾਂ ਰਾਹ ਵਿਚ ਇਕ ਬ੍ਰਹਮਚਾਰੀ ਨਾਲ ਮੇਲ ਹੋ ਗਿਆ। ਅਧਿਆਤਮਕ ਵਿਚਾਰ ਕਰਦੇ ਹੋਏ ਉਸ ਨਾਲ ਨੇੜਤਾ ਹੋਈ ਤਾਂ ਆਪਣੇ ਘਰ ਲੈ ਗਏ। ਖਾਣ-ਪੀਣ ਤੋਂ ਬਾਅਦ ਚਰਚਾ ਆਰੰਭ ਹੋਈ ਤਾਂ ਉਸਨੇ ਆਪ ਜੀ ਨੂੰ ਪੁੱਛਿਆ ਕਿ 'ਤੁਮ ਕਿਸੁ ਗੁਰ-ਗ੍ਰਿਹ ਕੇ ਸੇਵਕ ਅਹੋ?'[9] ਤਾਂ ਆਪ ਜੀ ਨੇ ਜੁਆਬ ਦਿੱਤਾ ਕਿ ਮੈਂ ਤਾਂ ਅਜੇ ਗੁਰੂ ਦੀ ਖੋਜ ਕਰ ਰਿਹਾ ਹਾਂ। ਇਸ ਗੱਲ ਤੇ ਉਹ ਬ੍ਰਹਮਚਾਰੀ ਗੁੱਸੇ ਵਿਚ ਆ ਕੇ ਕਹਿਣ ਲੱਗਾ ਕਿ ਤੁਹਾਡੇ ਨਾਲ ਕੀਤਾ ਤੀਰਥ ਅਤੇ ਭੋਜਨ ਬਿਰਥਾ ਹੋ ਗਏ ਹਨ। ਇਹ ਗੱਲ ਕਹਿ ਕੇ ਬ੍ਰਹਮਚਾਰੀ ਤਾਂ ਚਲਾ ਗਿਆ ਪਰ ਆਪ ਜੀ ਦਾ ਮਨ ਅਸ਼ਾਂਤ ਹੋ ਗਿਆ।

ਇਹਨਾਂ ਦੋਵੇਂ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਘਟਨਾਵਾਂ ਨੇ ਬਾਬਾ ਅਮਰਦਾਸ ਜੀ ਦੇ ਮਨ ਵਿਚ ਗੁਰੂ ਪ੍ਰਤੀ ਤੀਬਰ ਉਤਸੁਕਤਾ ਪੈਦਾ ਕੀਤੀ। ਪਹਿਲੀ ਸਾਖੀ ਭਵਿੱਖਮੁਖੀ ਵਾਕ ਨਾਲ ਸੰਬੰਧਿਤ ਹੈ ਅਤੇ ਦੂਜੀ ਸਾਖੀ ਵਿਚ ਆਪ ਜੀ ਨੂੰ ਤੀਖਣ ਸ਼ਬਦਾਵਲੀ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਮਨ ਤੇ ਗਹਿਰਾ ਅਸਰ ਹੋਇਆ ਅਤੇ ਆਪ ਗੁਰੂ ਜੀ ਦੀ ਭਾਲ ਵਿਚ ਲੱਗ ਗਏ। ਸਾਖੀਕਾਰ ਇਕ ਘਟਨਾ ਨੂੰ ਦੂਜੀ ਨਾਲ ਜੋੜ ਕੇ ਪੇਸ਼ ਕਰਨ ਦਾ ਕਾਰਜ ਕਰਦੇ ਹਨ। ਉਹਨਾਂ ਦਾ ਮਨੋਰਥ ਭਾਵੇਂ ਕੁਝ ਵੀ ਹੋਵੇ, ਇਕ ਗੱਲ ਜੋ ਸਾਹਮਣੇ ਆਉਂਦੀ ਹੈ, ਉਸ ਵਿਚੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਗੰਗਾ ਇਸ਼ਨਾਨ ਨਾਲ ਭਟਕਣ ਕਾਇਮ ਰਹੀ। ਮਨ ਨੂੰ ਸ਼ਾਂਤੀ ਦੂਰ-ਦੁਰਾਡੇ ਤੀਰਥਾਂ ਤੇ ਜਾ ਕੇ ਹਾਸਲ ਨਹੀਂ ਹੋਈ, ਬਲਕਿ ਘਰ ਵਿੱਚੋਂ ਇਹ ਦਾਤ ਪ੍ਰਾਪਤ ਹੋ ਗਈ, ਜਦੋਂ ਆਪ ਨੇ ਆਪਣੀ ਭਤੀਜ ਨੂੰਹ ਬੀਬੀ ਅਮਰੋ ਦੇ ਮੂੰਹੋਂ ਅੰਮ੍ਰਿਤ ਬਾਣੀ ਦਾ ਪ੍ਰਵਾਹ ਸ੍ਰਵਣ ਕੀਤਾ। ਬਾਣੀ ਦਾ ਸ਼ਬਦ ਸੁਣਦੇ ਹੀ ਆਪ ਜੀ ਦਾ ਮਨ ਖੁਸ਼ੀ ਅਤੇ ਖੇੜੇ ਨਾਲ ਭਰ

ਗਿਆ। ਚਾਤ੍ਰਿਕ ਨੂੰ ਸੁਆਂਤ ਬੂੰਦ ਵਾਂਗ ਹਾਸਲ ਹੋਈ, ਇਸ ਅਵਸਥਾ ਵਿਚ ਮਨ ਦੇ ਸਭ ਸੰਸੇ ਦੂਰ ਹੋ ਗਏ ਅਤੇ ਧਿਆਨ ਗੁਰੂ ਜੀ ਦੇ ਦਰਸ਼ਨ ਕਰਨ ਲਈ ਬਿਹਬਲ ਹੋ ਉਠਿਆ।[10]

ਬਾਬਾ ਅਮਰਦਾਸ ਜੀ ਨੇ ਬੀਬੀ ਜੀ ਕੋਲ ਆ ਕੇ ਫੇਰ ਉਹੀ ਬਾਣੀ ਪੜ੍ਹਨ ਲਈ ਕਿਹਾ। ਜਦੋਂ ਬੀਬੀ ਜੀ ਨੇ ਇਹ ਸ਼ਬਦ ਦੁਬਾਰਾ ਪੜ੍ਹਿਆ ਤਾਂ ਮਨ ਤੇ ਗਹਿਰਾ ਅਸਰ ਹੋਇਆ। ਬਾਣੀ ਮਨ ਨੂੰ ਬਦਲ ਗਈ। ਬਾਬਾ ਅਮਰਦਾਸ ਜੀ ਨੇ ਪੁੱਛਿਆ ਕਿ ਇਹ ਕਿਸਦੀ ਬਾਣੀ ਹੈ? ਬੀਬੀ ਜੀ ਨੇ ਦੱਸਿਆ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ, ਉਹ ਹੁਣ ਇਸ ਦੁਨੀਆਂ ਵਿਚ ਨਹੀਂ ਹਨ। ਹੁਣ ਉਹਨਾਂ ਦੀ ਗੱਦੀ ਤੇ ਪਿਤਾ-ਗੁਰੂ ਅੰਗਦ ਦੇਵ ਜੀ ਸ਼ਸ਼ੋਭਿਤ ਹਨ। ਆਪ ਜੀ ਨੇ ਬੀਬੀ ਨੂੰ ਗੁਰੂ ਅੰਗਦ ਦੇਵ ਜੀ ਕੋਲ ਲੈ ਜਾਣ ਲਈ ਕਿਹਾ।[11]

ਬੀਬੀ ਅਮਰੋ ਜੀ ਬਾਬਾ ਅਮਰਦਾਸ ਜੀ ਨੂੰ ਖਡੂਰ ਸਾਹਿਬ ਲੈ ਗਈ, ਜਿੱਥੇ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਜੀ ਦੀ ਗੱਦੀ ਤੇ ਬਿਰਾਜਮਾਨ ਸਨ। ਪਹਿਲਾਂ ਬੀਬੀ ਆਪ ਗੁਰੂ ਸਾਹਿਬ ਨੂੰ ਮਿਲਣ ਗਈ ਅਤੇ ਆਪ ਬਾਹਰ ਹੀ ਰੁੱਕ ਗਏ। ਫਿਰ ਗੁਰੂ ਜੀ ਦੀ ਆਗਿਆ ਨਾਲ ਬਾਬਾ ਅਮਰਦਾਸ ਜੀ ਨੂੰ ਵੀ ਗੁਰੂ-ਦਰਸ਼ਨਾਂ ਲਈ ਅੰਦਰ ਲੈ ਗਈ। ਗੁਰੂ ਅੰਗਦ ਦੇਵ ਜੀ ਰਿਸ਼ਤੇਦਾਰੀ ਵਿਚੋਂ ਕੁੜਮ ਲੱਗਦੇ ਹੋਣ ਕਰਕੇ ਬਾਬਾ ਅਮਰਦਾਸ ਜੀ ਦੇ ਸਤਿਕਾਰ ਵਜੋਂ ਖੜੇ ਹੋਏ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਪੈਰ ਫੜ ਲਏ। ਗੁਰੂ ਦਰਸ਼ਨਾਂ ਨਾਲ ਬਾਬਾ ਜੀ ਦਾ ਮਨ ਸ਼ਾਂਤ ਹੋ ਗਿਆ :

ਸਤਿਗੁਰ ਸਿਖ ਕਾ ਤਹਾ ਮਿਲਾਪ।
ਜਹਾ ਸੁਖ ਦੁਖ ਨਾਹ ਪੁੰਨ ਅਰ ਪਾਪੁ।[12]

ਬਾਬਾ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਨਾਲ ਹੀ ਲੰਗਰ ਛਕਿਆ ਅਤੇ ਮਨ ਵਿਚੋਂ ਸਮੂਹ ਕਰਮਕਾਂਡਾਂ ਦਾ ਨਿਵਾਰਨ ਹੋ ਗਿਆ।

ਗੁਰੂ ਸੇਵਾ

ਗੁਰੂ ਦਰਸ਼ਨ ਨਾਲ ਮਨ ਸ਼ਾਂਤੀ ਅਤੇ ਟਿਕਾਉ ਦੀ ਅਜਿਹੀ ਅਵਸਥਾ ਉਜਾਗਰ ਹੋਈ ਕਿ ਵਾਪਸ ਆਉਣ ਦੀ ਬਜਾਏ ਉੱਥੇ ਹੀ ਟਿਕ ਗਏ ਅਤੇ ਸੇਵਾ ਆਰੰਭ ਕਰ ਦਿੱਤੀ। ਡਾ. ਤਾਰਨ ਸਿੰਘ ਕਹਿੰਦੇ ਹਨ ਕਿ "ਆਪ ਤੇ ਪ੍ਰਭੂ-ਕ੍ਰਿਪਾ ਹੋਈ ਅਤੇ ਆਪ ਗੁਰੂ-ਸੇਵਾ ਅਤੇ ਪ੍ਰਭੂ ਸਿਮਰਨ ਦੇ ਮਾਰਗ ਵਿਚ ਆ ਗਏ।"[13] ਸੇਵਾ ਦਾ ਇਹ ਕਾਰਜ ਕਰਦੇ ਸਮੇਂ ਉਹਨਾਂ ਨੇ ਨਾ ਤਾਂ ਰਿਸ਼ਤੇਦਾਰੀ ਦੀ ਕੋਈ ਪ੍ਰਵਾਹ ਕੀਤੀ ਅਤੇ ਨਾ ਹੀ ਵੱਡੀ ਉਮਰ ਦਾ ਕੋਈ ਹੇਜ ਕੀਤਾ। ਸਭ ਤੋਂ ਪਹਿਲਾਂ ਬਾਬਾ ਅਮਰਦਾਸ ਜੀ ਨੇ ਲੰਗਰ ਲਈ ਜਲ ਅਤੇ ਲੱਕੜੀ ਲਿਆਉਣ, ਸੰਗਤ ਨੂੰ ਪੱਖਾ ਝੱਲਣ ਅਤੇ ਪ੍ਰਭੂ-ਬੰਦਗੀ ਦਾ ਕਾਰਜ ਆਰੰਭ ਕਰ ਦਿੱਤਾ। ਫਿਰ ਜਦੋਂ ਸਮਾਂ ਮਿਲਦਾ ਤਾਂ ਗੁਰੂ ਜੀ ਦੀ ਸੇਵਾ ਕਰਦੇ, ਲੰਗਰ ਪਕਾਉਂਦੇ ਅਤੇ ਸਤਿਸੰਗਤ ਕਰਕੇ ਗੁਰਮਤਿ ਮਾਰਗ ਵਿਚ ਪਰਪੱਕ ਹੋਣ ਦਾ ਅਭਿਆਸ ਕਰਦੇ।[14]

ਸੰਗਤ ਦੀ ਸੇਵਾ ਦੇ ਕਾਰਜ ਦੇ ਨਾਲ-ਨਾਲ ਜੋ ਮਹੱਤਵਪੂਰਨ ਕਾਰਜ ਬਾਬਾ ਅਮਰਦਾਸ ਜੀ ਨੇ ਕਰਨਾ ਆਰੰਭ ਕੀਤਾ, ਉਹ ਸੀ ਬਿਆਸ ਦਰਿਆ ਤੋਂ ਪਾਣੀ ਲਿਆ ਕੇ ਗੁਰੂ ਅੰਗਦ ਜੀ ਦੇ ਇਸ਼ਨਾਨ ਦੀ ਸੇਵਾ। ਸਿੱਖ ਪਰੰਪਰਾ ਅਤੇ ਇਤਿਹਾਸ ਵਿਚ ਆਪ ਜੀ ਦੁਆਰਾ ਕੀਤੀ ਜਾਂਦੀ ਇਸ ਸੇਵਾ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਬਾਬਾ ਅਮਰਦਾਸ ਜੀ ਇਹ ਸੇਵਾ ਲਗਾਤਾਰ ਬਾਰਾਂ ਸਾਲ ਕਰਦੇ ਰਹੇ। ਗੁਰੂ ਅੰਗਦ ਦੇਵ ਜੀ ਉਹਨਾਂ ਦੀ ਸੇਵਾ ਤੋਂ ਖੁਸ਼ ਹੋ ਕੇ ਹਰ ਸਾਲ

ਸਰੋਪੇ ਦੀ ਬਖਸ਼ਿਸ਼ ਕਰਦੇ, ਜਿਸ ਨੂੰ ਆਪ ਸਿਰ ਉਪਰ ਬੰਨ ਕੇ ਸੇਵਾ ਵਿਚ ਜੁਟੇ ਰਹਿੰਦੇ :

ਬਰਖ ਇਕਾਦਸ਼ ਸੇਵਾ ਕੀਨਿਸ ਦਿਏ ਰੁਮਾਲ ਇਕਾਦਸ਼ ਪਾਨਿ ।[15]

ਗੁਰਗੱਦੀ

ਗੁਰੂ ਦੀ ਸੇਵਾ ਕਰਦੇ ਹੋਏ ਇਕ ਦਿਨ ਨਿਤ ਦੇ ਕਰਮ ਅਨੁਸਾਰ ਬਿਆਸ ਦਰਿਆ ਤੋਂ ਜਲ ਲੈ ਕੇ ਵਾਪਸ ਆ ਰਹੇ ਸਨ ਕਿ ਰਾਹ ਵਿਚ ਇਕ ਜੁਲਾਹੀ ਨੇ ਤਾਅਨਾ ਮਾਰਿਆ। ਬਾਬਾ ਅਮਰਦਾਸ ਜੀ ਆਪ ਤਾਂ ਕੁਝ ਨਾ ਬੋਲੇ, ਪਰ ਇਹ ਗੱਲ ਗੁਰੂ ਅੰਗਦ ਦੇਵ ਜੀ ਤਕ ਪੁੱਜ ਗਈ। ਗੁਰੂ ਜੀ ਨੇ ਬਾਬਾ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਅਸ਼ੀਰਵਾਦ ਪ੍ਰਦਾਨ ਕੀਤੇ।[16]

ਇਹਨਾਂ ਅਸ਼ੀਰਵਾਦ ਰੂਪੀ ਵਚਨਾਂ ਨੂੰ ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ - ਨਿਥਾਵਿਆਂ ਦਾ ਥਾਉਂ, ਨਿਮਾਣਿਆਂ ਦਾ ਮਾਨ, ਨਿਤਾਣਿਆਂ ਦਾ ਤਾਣ, ਨਿਉਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਧਰਿਆਂ ਦੀ ਧਰ, ਨਿਪੀਰਨ ਦੀ ਧੀਰ, ਪੀਰਾਂ ਦੇ ਪੀਰ, ਦਿਆਲ ਗਈ ਬਹੋੜ, ਜਗਤ ਬੰਦੀ ਛੋੜ, ਭੰਨਨ ਘੜ੍ਹਨ ਸਮਰੱਥ, ਜੀਵਕਾ ਜਿਸ ਹੱਥ।[17] ਬਾਬਾ ਅਮਰਦਾਸ ਜੀ ਨੂੰ ਦਿੱਤੇ ਜਾ ਰਹੇ ਇਹ ਅਸ਼ੀਰਵਾਦ ਇਸ ਗੱਲ ਦਾ ਪ੍ਰਤੀਕ ਸਨ ਕਿ ਆਉਣ ਵਾਲੇ ਸਮੇਂ ਵਿਚ ਉਹ ਕਿਸੇ ਉੱਚ ਪਦਵੀ ਤੇ ਪ੍ਰਕਾਸ਼ਮਾਨ ਹੋਣ ਵਾਲੇ ਹਨ। ਸੇਵਾ ਅਤੇ ਨਿਮਰਤਾ ਜਿਹੇ ਗੁਣਾਂ ਦੇ ਵਿਕਾਸ ਨੇ ਬਾਬਾ ਜੀ ਨੂੰ ਉਸ ਪਦ ਤਕ ਪਹੁੰਚਣ ਵਿਚ ਸਹਾਇਤਾ ਕੀਤੀ, ਜਿਹੜੀ ਸਿੱਖ ਧਰਮ ਵਿਚ ਅਧਿਆਤਮਕ ਆਗੂ ਦੇ ਰੂਪ ਵਿਚ ਗੁਰੂ ਅੰਗਦ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ। ਸਿੱਖ ਸੇਵਕਾਂ ਵਿਚ ਬਾਬਾ ਜੀ ਨੇ ਸਰਵੋਤਮ ਸਥਾਨ ਹਾਸਲ ਕੀਤਾ ਅਤੇ ਮਨ ਵਿਚ ਕਿਸੇ ਸਮੇਂ ਪ੍ਰਗਟ ਹੋਏ ਵੈਸ਼ਣਵ ਕਰਮਕਾਂਡਾਂ ਦਾ ਨਾਸ਼ ਹੋ ਗਿਆ। ਗੁਰੂ ਸੇਵਾ ਅਤੇ ਪ੍ਰਭੂ ਸਿਮਰਨ ਰਾਹੀਂ ਮਨ ਨੂੰ ਗੁਰਮਤਿ ਨਾਲ ਪ੍ਰਕਾਸ਼ਵਾਨ ਕਰਨ ਦਾ ਨਤੀਜਾ ਇਹ ਹੋਇਆ ਕਿ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਵਾਰਸ ਥਾਪ ਦਿੱਤਾ।[18]

ਜਦੋਂ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਬਾਬਾ ਅਮਰਦਾਸ ਜੀ ਨੂੰ ਦੇਣ ਦਾ ਮਨ ਬਣਾਇਆ ਤਾਂ ਇਸ ਗੱਲ ਦਾ ਪਤਾ ਗੁਰੂ ਜੀ ਦੇ ਪੁੱਤਰਾਂ ਮੋਹਨ ਅਤੇ ਮੋਹਰੀ ਨੂੰ ਵੀ ਲੱਗ ਗਿਆ। ਉਹਨਾਂ ਨੇ ਬਾਬਾ ਅਮਰਦਾਸ ਜੀ ਨੂੰ ਗੁਰਗੱਦੀ ਦੇਣ ਦਾ ਵਿਰੋਧ ਕੀਤਾ ਤਾਂ ਗੁਰੂ ਅੰਗਦ ਦੇਵ ਜੀ ਨੇ ਸਾਫ਼ ਕਹਿ ਦਿੱਤਾ ਕਿ ਗੁਰਿਆਈ ਦਾ ਭਾਰ ਚੁੱਕਣ ਦੀ ਸਮਰੱਥਾ ਤੁਹਾਡੇ ਵਿਚ ਨਹੀਂ ਬਲਕਿ ਬਾਬਾ ਅਮਰਦਾਸ ਵਿਚ ਦਿਖਾਈ ਦੇ ਰਹੀ ਹੈ। ਗੁਰੂ ਜੀ ਨੇ ਸਮੂਹ ਸੰਗਤ ਦੇ ਸਾਹਮਣੇ ਬਾਬਾ ਜੀ ਨੂੰ ਗੁਰਗੱਦੀ 'ਤੇ ਬਿਠਾਇਆ ਅਤੇ ਅੱਗੇ ਤੋਂ ਇਹਨਾਂ ਨੂੰ ਹੀ ਗੁਰੂ ਮੰਨਣ ਦਾ ਹੁਕਮ ਕਰਦੇ ਹੋਏ ਕਿਹਾ ਕਿ ਜਿਵੇਂ ਗੁਰੂ ਨਾਨਕ ਅਤੇ ਅੰਗਦ ਵਿਚ ਕੋਈ ਭੇਦ ਨਹੀਂ ਉਸੇ ਤਰ੍ਹਾਂ ਅਮਰਦਾਸ ਜੀ ਨੂੰ ਮੇਰਾ ਹੀ ਰੂਪ ਮੰਨਣਾ :

– *ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।*
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।[19]

– *ਮੋ ਮਹਿ ਇਸ ਮਹਿ ਭੇਦ ਨ ਜਾਨਹੁ। ਏਕ ਸਰੂਪ ਦੁਹੁਨ ਕੋ ਮਾਨਹੁ।*[20]

ਗੋਇੰਦਵਾਲ ਪ੍ਰਚਾਰ ਕੇਂਦਰ

ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਬਖਸ਼ਿਸ਼ ਹੋਣ ਉਪਰੰਤ ਆਪਣਾ ਟਿਕਾਣਾ

ਗੋਇੰਦਵਾਲ[21] ਵਿਖੇ ਕਰ ਲਿਆ। ਗੋਇੰਦਵਾਲ ਅਜਿਹਾ ਸਥਾਨ ਸੀ, ਜੋ ਕਿ ਦਿੱਲੀ ਤੋਂ ਲਾਹੌਰ ਜਾਂਦੀ ਮੁੱਖ ਸੜਕ ਤੇ ਸੀ। ਸ਼ਾਹ ਮਾਰਗ ਹੋਣ ਕਾਰਨ ਹਰ ਆਉਣ-ਜਾਣ ਵਾਲਾ ਵਿਅਕਤੀ ਗੋਇੰਦਵਾਲ ਵਿਖੇ ਰੁਕ ਕੇ ਆਰਾਮ ਕਰਦਾ। ਸਿੱਖ ਲਹਿਰ ਦੇ ਪ੍ਰਚਾਰ ਵਿਚ ਇਸ ਸਥਾਨ ਦਾ ਮਹੱਤਵਪੂਰਨ ਯੋਗਦਾਨ ਰਿਹਾ। ਇਹ ਸਥਾਨ ਜਿੱਥੇ ਯਾਤਰੂਆਂ ਨੂੰ ਲੰਗਰ ਅਤੇ ਨਿਵਾਸ ਪ੍ਰਦਾਨ ਕਰਦਾ, ਉੱਥੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਦੇ ਲੋਕਾਂ ਤਕ ਪਹੁੰਚਾਉਣ ਦਾ ਕਾਰਜ ਕਰਦਾ। ਸਰੀਰਕ ਅਤੇ ਮਾਨਸਿਕ ਭੁੱਖ ਮਿਟਣ ਨਾਲ ਆਮ ਲੋਕਾਈ ਦਾ ਇਸ ਸਥਾਨ ਨਾਲ ਗਹਿਰਾ ਸੰਬੰਧ ਬਣਦਾ ਗਿਆ ਅਤੇ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਅਮਰਦਾਸ ਜੀ ਪ੍ਰਤੀ ਲੋਕ-ਭਾਵਨਾਵਾਂ ਮਜ਼ਬੂਤ ਹੁੰਦੀਆਂ ਗਈਆਂ। ਗੁਰੂ ਅਮਰਦਾਸ ਜੀ ਦੀ ਸ਼ਖਸੀਅਤ ਵਿਚ ਮੌਜੂਦ ਨਿਮਰਤਾ, ਹਲੀਮੀ ਅਤੇ ਸੇਵਾ-ਭਾਵਨਾ ਨੇ ਗੁਰੂ-ਸਿੱਖ ਦੇ ਸੰਬੰਧ ਨੂੰ ਦ੍ਰਿੜਤਾ ਪ੍ਰਦਾਨ ਕਰਨ ਵਿਚ ਯੋਗਦਾਨ ਪਾਇਆ। ਇਤਿਹਾਸ ਗਵਾਹ ਹੈ ਕਿ ਜੋ ਕਾਰਜ ਤਲਵਾਰ ਨਹੀਂ ਕਰ ਸਕਦੀ, ਉਸ ਨੂੰ ਨਿਮਰਤਾ ਨਾਲ ਸਹਿਜੇ ਹੀ ਸਿਰੇ ਚੜ੍ਹਾਇਆ ਜਾ ਸਕਦਾ ਹੈ। ਏਸੇ ਕਰਕੇ ਭਾਰਤ ਵਿਚ ਇਸਲਾਮ ਦਾ ਪ੍ਰਭਾਵ ਬਾਦਸ਼ਾਹਾਂ ਕਰਕੇ ਘੱਟ ਅਤੇ ਸੂਫ਼ੀ ਫ਼ਕੀਰਾਂ ਰਾਹੀਂ ਵਧੇਰੇ ਨਜ਼ਰ ਆਉਂਦਾ ਹੈ। ਸੰਗਤ, ਲੰਗਰ ਅਤੇ ਬਾਣੀ ਦੇ ਦ੍ਰਿੜਤਾਪੂਰਵਕ ਪ੍ਰਵਾਹ ਨੇ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਦੇ ਮਨ ਵਿਚ ਸਿੱਖੀ ਦਾ ਬੂਟਾ ਲਾਇਆ। ਹੌਲੀ-ਹੌਲੀ ਸਮੂਹ ਸਿੱਖ ਸੰਗਤ ਵੀ ਗੋਇੰਦਵਾਲ ਆਉਣ ਲੱਗੀ ਅਤੇ ਗੁਰ-ਉਪਦੇਸ਼ ਨੂੰ ਦੂਰ-ਦੁਰਾਡੇ ਪਹੁੰਚਾਉਣ ਦਾ ਕਾਰਜ ਕਰਨ ਲੱਗੀ। ਸੰਗਤ ਵਿਚ ਪੈਦਾ ਹੋਏ ਉਤਸ਼ਾਹ ਨੂੰ ਗੁਰੂ ਅਮਰਦਾਸ ਜੀ ਨੇ ਯੋਜਨਾਬੱਧ ਤਰੀਕੇ ਨਾਲ ਪ੍ਰਫੁੱਲਤ ਕਰਕੇ ਸਿੱਖੀ ਦੀਆਂ ਜੜ੍ਹਾਂ ਉਹਨਾਂ ਸਥਾਨਾਂ ਤੇ ਮਜ਼ਬੂਤ ਕਰ ਦਿੱਤੀਆਂ, ਜਿੱਥੇ ਕਿਸੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਚਰਨ ਪਾਏ ਸਨ। ਗੋਇੰਦਵਾਲ ਵਿਖੇ ਸਿੱਖੀ ਪ੍ਰਚਾਰ ਦੇ ਪ੍ਰਮੁੱਖ ਕਾਰਜਾਂ ਬਾਰੇ ਸੰਖੇਪ ਜਾਣਕਾਰੀ ਇੱਥੇ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨਿਤ ਦੀ ਕਾਰ

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਿਵਾਸ ਸਮੇਂ ਸਿੱਖ ਜੀਵਨ-ਜਾਂਚ ਵਿਚ ਜੋ ਨਿਤਨੇਮ ਦਾ ਕਾਰਜ ਆਰੰਭਿਆ ਸੀ, ਭਾਈ ਗੁਰਦਾਸ ਜੀ ਉਸਦਾ ਵਿਸਤਾਰ ਕਰਦੇ ਹੋਏ ਦੱਸਦੇ ਹਨ :

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।[22]

ਨਿਤਨੇਮ ਦੀ ਇਹ ਕ੍ਰਿਆ ਗੁਰੂ ਅੰਗਦ ਦੇਵ ਜੀ ਦੇ ਸਮੇਂ ਵੀ ਜਾਰੀ ਰਹੀ ਅਤੇ ਗੁਰੂ ਅਮਰਦਾਸ ਜੀ ਨੇ ਏਸੇ ਨੂੰ ਅੱਗੇ ਤੋਰਿਆ। ਗੋਇੰਦਵਾਲ ਵਿਖੇ ਕੀਤੀ ਜਾਂਦੀ ਅੰਮ੍ਰਿਤ ਵੇਲੇ ਦੀ ਕ੍ਰਿਆ ਦਾ ਵਰਣਨ ਕਰਦੇ ਹੋਏ ਭਾਈ ਵੀਰ ਸਿੰਘ ਕਹਿੰਦੇ ਹਨ, ''ਪਹਿਰ ਰਾਤ ਰਹਿੰਦੀ ਅੰਮ੍ਰਿਤ ਵੇਲੇ ਆਪਣੇ ਨਿਤ ਬਿਵਹਾਰ ਮੂਜਬ ਆਪ ਜੀ ਜਾਗ ਉਠਦੇ। ਦਹੀਂ ਕੇਸਾਂ ਵਿਚ ਪਾ ਕੇ ਬੱਲੂ ਇਸ਼ਨਾਨ ਕਰਵਾਉਂਦਾ। ਚਿੱਟੇ ਬਸਤ੍ਰ ਪਹਿਨ ਕੇ ਚੁਬਾਰੇ ਵਿਚ ਬੈਠ ਜਾਂਦੇ ਤੇ ਅਗਾਧ ਸਮਾਧ ਵਿਚ ਲਿਵਲੀਨ ਹੋ ਜਾਂਦੇ। ਜਦ ਪ੍ਰਭਾਤ ਹੁੰਦੀ ਸੱਤਾ ਤੇ ਬਲਵੰਡ ਰਬਾਬੀ ਆ ਕੇ ਕੀਰਤਨ ਕਰਦੇ।''[23] ਗੋਇੰਦਵਾਲ ਵਿਖੇ ਕੀਰਤਨ ਕਰਨ ਵਾਲਿਆਂ ਵਿਚ ਸੱਤਾ ਤੇ ਬਲਵੰਡ ਅਤੇ ਸਾਦੂ

ਤੇ ਬਾਦੂ ਦੇ ਨਾਮ ਪ੍ਰਮੁੱਖਤਾ ਨਾਲ ਲਏ ਜਾਂਦੇ ਹਨ। ਪ੍ਰਭਾਤ ਵੇਲੇ ਜਦੋਂ ਸੰਗਤ ਜੁੜਦੀ ਤਾਂ ਇਹ ਗੁਰਸਿਖ ਕੀਰਤਨ ਦੀ ਸੇਵਾ ਕਰਕੇ ਉਹਨਾਂ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਕਾਰਜ ਕਰਦੇ :

ਪੁਨ ਹੋਇ ਦਿਨ ਪਰਕਾਸ। ਹੋਇ ਮਹਾਂ ਅਨੰਦ ਬਿਲਾਸ।
ਸੰਗਤ ਜੁਰੈ ਸਭ ਆਇ। ਦਰਸਨ ਪੁਨੀਤਮ ਪਾਇ।[24]

ਕੀਰਤਨ ਦੀ ਸਮਾਪਤੀ ਹੋਣ ਉਪਰੰਤ ਸੰਗਤ ਗੁਰੂ ਜੀ ਤੋਂ ਅਸ਼ੀਰਵਾਦ ਹਾਸਲ ਕਰਕੇ ਮਨੋਕਾਮਨਾਵਾਂ ਪੂਰੀਆਂ ਕਰਦੀ। ਕਿਸੇ ਨੂੰ ਨਾਮ ਦਾਨ ਬਖਸ਼ਦੇ, ਕਿਸੇ ਦੀ ਦੁਨਿਆਵੀ ਥੁੜ ਦੂਰ ਕਰਦੇ ਅਤੇ ਕਿਸੇ ਨੂੰ ਪ੍ਰਭੂ ਭਗਤੀ ਦੇ ਮਾਰਗ ਪਾਉਂਦੇ। ਕਿਸੇ ਅਟਕੇ ਹੋਏ ਨੂੰ ਅਗਾਂਹ ਤੋਰਦੇ, ਕਿਸੇ ਮਾਇਆ ਵਿਚ ਗ੍ਰਸੇ ਹੋਏ ਨੂੰ ਬਾਹਰ ਕੱਢਦੇ। ਕਿਸੇ ਨੂੰ ਜੀਅ ਦਾਨ ਅਤੇ ਕਿਸੇ ਨੂੰ ਅਨੰਤ ਸ਼ਾਂਤੀ ਬਖਸ਼ਦੇ।[25]

ਗੁਰੂ ਅਮਰਦਾਸ ਜੀ ਆਪ ਬਹੁਤ ਹੀ ਸਾਦਾ ਅਤੇ ਹਲਕਾ-ਫੁਲਕਾ ਭੋਜਨ ਕਰਦੇ ਪਰ ਸੰਗਤ ਲਈ ਲੰਗਰ ਦਾ ਪ੍ਰਬੰਧ ਉਸੇ ਤਰ੍ਹਾਂ ਹੀ ਜਾਰੀ ਰੱਖਿਆ ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਸਾਹਿਬ ਵਿਖੇ ਮਾਤਾ ਖੀਵੀ ਜੀ ਕਰਿਆ ਕਰਦੇ ਸਨ।[26] ਗੁਰੂ ਅਮਰਦਾਸ ਜੀ ਦੇ ਸਮੇਂ ਲੰਗਰ ਦੇ ਵਿਕਾਸ ਦਾ ਵਿਸਤਾਰ ਕਰਦੇ ਹੋਏ ਸੱਤਾ ਤੇ ਬਲਵੰਡ ਦੱਸਦੇ ਹਨ :

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥[27]

ਗੁਰੂ-ਘਰ ਵਿਚ ਲੰਗਰ ਦਾ ਪ੍ਰਵਾਹ ਕੇਵਲ ਲੰਗਰ ਛਕਣ ਤਕ ਹੀ ਸੀਮਿਤ ਨਹੀਂ, ਇਸ ਪ੍ਰਥਾ ਰਾਹੀਂ ਅਜਿਹੇ ਕੀਰਤੀਮਾਨ ਸਥਾਪਤ ਕੀਤੇ ਗਏ, ਜਿਨ੍ਹਾਂ ਦੀ ਅਣਹੋਂਦ ਨੇ ਸਮਾਜ ਦੇ ਇਕ ਵੱਡੇ ਵਰਗ ਨੂੰ ਸਰੀਰਕ ਅਤੇ ਮਾਨਸਿਕ ਗੁਲਾਮੀ ਵਿਚ ਬੰਨੀ ਰਖਿਆ। ਗੁਰੂ-ਘਰ ਵਿਚ ਲੰਗਰ ਸੇਵਾ, ਨਿਮਰਤਾ, ਵੰਡ-ਛਕਣ ਅਤੇ ਬਰਾਬਰੀ ਦੀ ਭਾਵਨਾ ਦਾ ਪ੍ਰਤੀਕ ਹੈ। ਇਕ ਪੰਗਤ ਵਿਚ ਬੈਠੇ ਹੋਏ ਮਨੁੱਖ ਦੇ ਮਨ ਵਿੱਚੋਂ ਇਹ ਪ੍ਰਥਾ ਊਚ-ਨੀਚ, ਨਸਲ, ਰੰਗ, ਜਾਤ ਆਦਿ ਦੀ ਭਾਵਨਾ ਖਤਮ ਕਰਨ ਦੀ ਪ੍ਰੇਰਣਾ ਪੈਦਾ ਕਰਦੀ ਹੈ। ਪੰਗਤ ਦੇ ਰੂਪ ਵਿਚ ਛਕਾਇਆ ਜਾ ਰਿਹਾ ਲੰਗਰ ਗੁਰੂ ਅਮਰਦਾਸ ਜੀ ਦੇ ਸਮੇਂ ਗਤੀ ਧਾਰਨ ਕਰ ਗਿਆ। ਗੁਰਮਤਿ ਸਿਧਾਂਤ ਨੂੰ ਪਰੰਪਰਾ ਦਾ ਦ੍ਰਿੜ ਸਰੂਪ ਪ੍ਰਦਾਨ ਕਰਨ ਹਿਤ ਗੁਰੂ ਜੀ ਨੇ ਸਮੂਹ ਸੰਗਤ ਨੂੰ ਆਦੇਸ਼ ਕਰ ਦਿੱਤਾ ਕਿ ਗੁਰੂ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਲੰਗਰ ਛਕ ਕੇ ਆਉਣ। ਪੰਗਤ ਵਿਚ ਜੇਕਰ ਕੋਈ ਮਨ ਵਿਚ ਊਚ-ਨੀਚ ਦਾ ਭੇਦਭਾਵ ਰੱਖਦਾ ਹੈ ਤਾਂ ਗੁਰੂ-ਦਰਸ਼ਨ ਹਾਸਲ ਨਹੀਂ ਕਰ ਸਕਦਾ।[28]

ਪੁਰਾਤਨ ਲਿਖਤਾਂ ਵਿਚ ਉਜਾਗਰ ਹੋਇਆ ਇਹ ਗੁਰ-ਸੰਦੇਸ਼ 'ਪਹਿਲੇ ਲੰਗਰ ਪਾਛੈ ਸੰਗਤ' ਰਾਹੀਂ ਪ੍ਰਚਲਿਤ ਹੋ ਗਿਆ। ਏਸੇ ਪ੍ਰਥਾ ਅਨੁਸਾਰ, ਬਾਦਸ਼ਾਹ ਅਕਬਰ ਵੀ ਜਦੋਂ ਗੋਇੰਦਵਾਲ ਆਏ ਤਾਂ ਗੁਰੂ-ਦਰਸ਼ਨਾਂ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ।[29] ਕਿਹਾ ਜਾਂਦਾ ਹੈ ਕਿ ਰਾਤ ਦੇ ਲੰਗਰ ਉਪਰੰਤ ਕੋਈ ਵੀ ਵਸਤੂ ਅਗਲੇ ਦਿਨ ਤਕ ਬਚਾ ਕੇ ਨਹੀਂ ਸੀ ਰੱਖੀ ਜਾਂਦੀ। ਬਚਿਆ ਹੋਇਆ ਲੰਗਰ ਜਾਂ ਤਾਂ ਪਸ਼ੂਆਂ ਨੂੰ ਖੁਆ ਦਿੱਤਾ ਜਾਂਦਾ ਜਾਂ ਦਰਿਆ ਬਿਆਸ ਵਿਚ ਸੁੱਟ ਕੇ ਮੱਛੀਆਂ ਅਤੇ ਹੋਰ ਜਲਧਾਰੀ ਜੀਵਾਂ ਦੇ ਸਪੁਰਦ ਕਰ ਦਿੱਤਾ ਜਾਂਦਾ। ਅਜਿਹਾ ਸ਼ਾਇਦ ਇਸ ਲਈ ਕੀਤਾ ਜਾਂਦਾ ਰਿਹਾ ਹੋਵੇਗਾ ਕਿ ਕਿਸੇ ਪ੍ਰਾਣੀ ਦੀ ਝਾਕ ਲੰਗਰ ਵੱਲ ਹੀ ਨਾ ਰਹੇ ਅਤੇ ਸੰਜਮ ਜਿਹਾ ਗੁਣ ਧਾਰਨ ਕਰਨ ਦਾ ਬਲ ਮਿਲੇ। ਹਰ ਰੋਜ਼ ਸ਼ਾਮ ਨੂੰ ਸੋਦਰ ਅਤੇ ਆਰਤੀ ਤੋਂ ਬਾਅਦ ਸਮਾਪਤੀ ਹੋ ਜਾਂਦੀ ਅਤੇ ਸਮੂਹ ਸੰਗਤ ਆਰਾਮ ਕਰਦੀ।

ਮੰਜੀ ਪ੍ਰਥਾ

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਜਗਤ ਦੇ ਵੱਖ-ਵੱਖ ਕੋਨਿਆਂ ਵਿਚ ਗਏ। ਜਿੱਥੇ ਵੀ ਗੁਰੂ ਸਾਹਿਬ ਯੋਗ ਸਮਝਦੇ ਉੱਥੇ ਸੰਗਤ ਦੀ ਸਥਾਪਨਾ ਕਰਕੇ ਇਕ ਪ੍ਰਚਾਰਕ ਨਿਯੁਕਤ ਕਰਦੇ। ਇਥੋਂ ਤਕ ਕਿ ਗੁਰੂ ਜੀ ਨੇ ਉਸ ਸਮੇਂ ਦੇ ਮੰਨੇ-ਪ੍ਰਮੰਨੇ ਠੱਗਾਂ ਨੂੰ ਪ੍ਰੇਰਿਤ ਕਰਕੇ ਇਕ ਪਰਮਾਤਮਾ ਦੇ ਮਾਰਗ ਪਾਇਆ ਅਤੇ ਉਹਨਾਂ ਉੱਤੇ ਵਿਸ਼ਵਾਸ ਕਰਦੇ ਹੋਏ ਉਹਨਾਂ ਨੂੰ (ਸੰਗਤ ਨੂੰ) ਨਾਮ-ਬਾਣੀ ਨਾਲੋਂ ਜੋੜੀ ਰੱਖਣ ਦਾ ਸੋਮਾ ਵੀ ਬਣਾ ਦਿੱਤਾ। ਸੱਜਣ ਠੱਗ ਅਤੇ ਕੌਡਾ ਵਰਗੇ ਵਿਅਕਤੀਆਂ ਦੇ ਨਾਮ ਏਸੇ ਲੜੀ ਵਿਚ ਲਏ ਜਾ ਸਕਦੇ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਦੂਰ-ਦੁਰਾਡੇ ਦੇਸ਼ਾਂ ਵਿਚ ਸਥਾਪਤ ਸੰਗਤ ਨੂੰ ਕੇਂਦਰੀ ਗੁਰਮਤਿ ਸੰਸਥਾ ਨਾਲ ਜੋੜੀ ਰੱਖਣਾ ਅਤੀ ਜ਼ਰੂਰੀ ਸੀ, ਨਹੀਂ ਤਾਂ ਇਹਨਾਂ ਦੇ ਦੁਬਾਰਾ ਗੁਰਮਤਿ ਮਾਰਗ ਤੋਂ ਭਟਕ ਜਾਣ ਦਾ ਖਤਰਾ ਸੀ। ਇਸ ਸੰਬੰਧ ਵਿਚ ਗੁਰੂ ਅਮਰਦਾਸ ਜੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ, ਬਾਈ ਮੰਜੀਆਂ ਦੀ ਸਥਾਪਨਾ ਕੀਤੀ ਅਤੇ ਅੱਗੇ ਹੋਰ ਬਵੰਜਾ ਪੀੜੇ ਇਸ ਕਾਰਜ ਵਿਚ ਜੁਟ ਗਏ। ਬਾਈ ਮੰਜੀਆਂ ਜਿਨ੍ਹਾਂ ਪ੍ਰਮੁਖ ਸਿੱਖਾਂ ਦੇ ਹਵਾਲੇ ਕੀਤੀਆਂ ਗਈਆਂ, ਉਨ੍ਹਾਂ ਨੂੰ ਮੰਜੀਦਾਰ ਕਿਹਾ ਗਿਆ। ਮਹਾਨ ਕੋਸ਼ ਵਿਚ ਦਿੱਤੇ ਵੇਰਵੇ ਅਨੁਸਾਰ ਬਾਈ ਮੰਜੀਆਂ ਦੇ ਉਤਰਾਧਿਕਾਰੀ ਗੁਰਸਿੱਖਾਂ ਦੇ ਨਾਮ ਇਸ ਪ੍ਰਕਾਰ ਸਨ - ਅੱਲਾਯਾਰ, ਸੱਚਨਸੱਚ, ਸਾਧਾਰਣ, ਸਾਵਣਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸਾ, ਮਾਈਦਾਸ, ਮਾਣਕਚੰਦ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ।[30] ਇਹਨਾਂ ਮੰਜੀਆਂ ਦੀ ਸਥਾਪਨਾ ਨਾਲ ਜਿੱਥੇ ਦੂਰ-ਦੁਰਾਡੇ ਦੇ ਸਿੱਖ ਕੇਂਦਰੀ ਸੰਸਥਾ ਨਾਲ ਜੁੜੇ ਉੱਥੇ ਨਵੇਂ ਬਣੇ ਸਿੱਖਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧਣ ਲੱਗੀ। ਸਿੱਖ ਲਹਿਰ ਨੂੰ ਗਤੀ ਪ੍ਰਦਾਨ ਕਰਨ ਵਿਚ ਮੰਜੀਆਂ ਦੀ ਸਥਾਪਨਾ ਨੂੰ ਵਿਸ਼ੇਸ਼ ਤੌਰ ਤੇ ਵੇਖਿਆ ਜਾਂਦਾ ਹੈ।

ਬਾਉਲੀ ਦੀ ਸਥਾਪਨਾ

ਬਾਉਲੀ ਪੌੜੀਦਾਰ ਖੂਹ ਨੂੰ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਇਸ ਨੂੰ ਪਵਿੱਤਰ ਦਰਜਾ ਹਾਸਲ ਹੈ। ਸਭ ਤੋਂ ਪਹਿਲਾਂ ਇਸ ਦੀ ਸਥਾਪਨਾ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਅਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਖੇ ਕੀਤੀ। ਗੋਇੰਦਵਾਲ ਦੀ ਬਾਉਲੀ ਨੂੰ ਇਸ ਹੱਦ ਤਕ ਧਾਰਮਿਕ ਦਰਜਾ ਹਾਸਲ ਹੋ ਗਿਆ ਕਿ ਇਹ ਸਿੱਖਾਂ ਦੇ ਪਹਿਲੇ ਤੀਰਥ ਵਜੋਂ ਪ੍ਰਚਲਿਤ ਹੋ ਗਈ। ਬਾਉਲੀ ਦੀ ਧਾਰਮਿਕ ਸਥਾਪਨਾ ਦਾ ਜ਼ਿਕਰ ਲੇਖਕਾਂ ਨੇ ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਿਤ ਕਰਦੇ ਹੋਏ ਕਿਹਾ ਕਿ "ਮੈ ਸਰਬ ਤੀਰਥ ਬਉਲੀ ਜੀ ਮੋ ਲਿਆਇਆ ਹਉ।"[31]

ਬਾਉਲੀ ਦਾ ਪ੍ਰਮੁਖ ਉਦੇਸ਼ ਗੁਰੂ-ਘਰ ਵਿਖੇ ਪਾਣੀ ਦੀ ਥੁੜ ਨੂੰ ਪੂਰਾ ਕਰਨ ਅਤੇ ਵਰਣ-ਵਿਵਸਥਾ ਦੀ ਪ੍ਰਥਾ ਨੂੰ ਰੱਦ ਕਰਨ ਦੇ ਰੂਪ ਵਜੋਂ ਵੀ ਵੇਖਿਆ ਜਾਂਦਾ ਹੈ। ਬਾਉਲੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਦੀਆਂ 84 ਪਉੜੀਆਂ ਰੱਖੀਆਂ ਗਈਆਂ, ਜੋ ਸਿੱਖ ਵਿਸ਼ਵਾਸ ਵਿਚ ਜਨਮ-ਮਰਨ ਦੀ ਚੌਰਾਸੀ ਕੱਟੀ ਜਾਣ ਦਾ ਪ੍ਰਤੀਕ ਬਣ ਗਈਆਂ। ਬਾਉਲੀ ਦੀ ਸਥਾਪਨਾ ਸਮੇਂ ਸਿੱਖੀ ਸੇਵਕੀ ਦੀ ਪਰਖ ਵੀ ਸਾਹਮਣੇ ਆਈ। ਜਦੋਂ ਸਮੂਹ ਸਿੱਖਾਂ ਨੇ ਰਲ ਕੇ ਬਾਉਲੀ ਦੀ ਖੁਦਾਈ ਕੀਤੀ ਤਾਂ ਹੇਠਾਂ ਇਕ ਪੱਥਰ ਦਾ ਭਾਰੀ ਕੜ ਆ ਗਿਆ, ਜਿਸਨੂੰ ਤੋੜਨ ਵਿਚ ਭਾਰੀ ਮੁਸ਼ਕਲ ਆ

ਰਹੀ ਸੀ। ਇਹ ਕੜ ਭਾਈ ਮਾਨਕ ਚੰਦ ਨੇ ਤੋੜਿਆ।[32] ਗੁਰੂ ਜੀ ਨੇ ਉਸਨੂੰ 'ਜੀਵੜਾ' ਦਾ ਆਸ਼ੀਰਵਾਦ ਦੇ ਕੇ ਸਿੱਖ ਇਤਿਹਾਸ ਵਿਚ ਸਦੀਵੀ ਤੌਰ ਤੇ ਸਿੱਖੀ ਸੇਵਕੀ ਵਿਚ ਸਤਿਕਾਰ ਦਾ ਪਾਤਰ ਬਣਾ ਦਿੱਤਾ। ਇਸ ਦੇ ਵੰਸ਼ਜਾਂ ਨੂੰ ਹੁਣ ਵੀ ਏਸੇ ਉਪਾਧੀ ਨਾਲ ਜਾਣਿਆ ਜਾਂਦਾ ਹੈ।

ਪ੍ਰਚਾਰ

ਗੋਇੰਦਵਾਲ ਵਿਖੇ ਜੋ ਵੀ ਮਨੁੱਖ ਆ ਰਹੇ ਸਨ, ਉਹ ਗੁਰਮਤਿ ਸਿਧਾਂਤ ਅਤੇ ਵਿਹਾਰ ਤੋਂ ਪ੍ਰਭਾਵਤ ਹੋ ਕੇ ਸਿੱਖੀ ਵਿਚ ਪ੍ਰਵੇਸ਼ ਕਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਦਾ ਇਹ ਕਾਰਜ ਗੋਇੰਦਵਾਲ ਤੋਂ ਬਾਹਰ ਵੀ ਜਾਰੀ ਰੱਖਿਆ ਅਤੇ ਇਹ ਵਿਸ਼ੇਸ਼ ਤੌਰ ਤੇ ਗੁਰੂ ਜੀ ਦੁਆਰਾ ਹਿੰਦੂ ਤੀਰਥ ਸਥਾਨਾਂ ਦੀ ਕੀਤੀ ਯਾਤਰਾ ਸਮੇਂ ਹੋਰ ਪ੍ਰਚੰਡ ਰੂਪ ਵਿਚ ਸਾਹਮਣੇ ਆਇਆ। ਗੁਰੂ ਅਮਰਦਾਸ ਜੀ ਨੇ ਹਿੰਦੂ ਤੀਰਥਾਂ ਦੀ ਯਾਤਰਾ ਸਮੇਂ ਵਿਦਵਾਨ ਪੰਡਤਾਂ ਦੁਆਰਾ ਗੁਰਮਤਿ ਸਿਧਾਂਤਾਂ ਪ੍ਰਤੀ ਕੀਤੇ ਗੁੰਝਲਦਾਰ ਪ੍ਰਸ਼ਨਾਂ ਦਾ ਸਰਲ ਢੰਗ ਨਾਲ ਦ੍ਰਿੜਤਾਪੂਰਵਕ ਵਿਖਿਆਨ ਕੀਤੇ, ਜਿਸ ਤੋਂ ਪ੍ਰੇਰਿਤ ਹੋ ਕੇ ਲੋਕ ਸਿੱਖੀ ਵੱਲ ਰੁਚਿਤ ਹੋਏ।[33]

ਗੁਰੂ ਅਮਰਦਾਸ ਜੀ ਦੁਆਰਾ ਗੁਰਮਤਿ ਸਿਧਾਂਤਾਂ ਦੀ ਕੀਤੀ ਪ੍ਰਭਾਵਸ਼ਾਲੀ ਵਿਆਖਿਆ ਨੇ ਉੱਥੇ ਹਾਜ਼ਰ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਤ ਕੀਤਾ ਅਤੇ ਉਹ ਗੁਰੂ ਜੀ ਦੀ ਉਸਤਤ ਦੇ ਗੁਣਗਾਨ ਕਰਨ ਲੱਗੇ :

ਸਰਬ ਲੋਕ ਚਰਨਨ ਪਰ ਪਰੇ। ਖਿਧਵਟ ਪੂਜ ਪਰਸੰਸਤ ਕਰੇ।
ਜੈ ਜੈ ਕਾਰ ਸਗਲ ਜਗ ਭਇਆ। ਪਾਰ-ਬ੍ਰਹਮ ਸਤਿਗੁਰ ਨਿਰਮਇਆ।[34]

ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਦ੍ਰਿੜ ਕਰਵਾਇਆ ਕਿ ਤੀਰਥ ਇਸ਼ਨਾਨ ਮਨ ਦੀ ਮੈਲ ਦੂਰ ਨਹੀਂ ਕਰ ਸਕਦੇ। ਕੇਵਲ ਗੁਰ-ਸ਼ਬਦ ਦਾ ਗਿਆਨ ਹੀ ਇਸ ਮੈਲ ਨੂੰ ਧੋ ਸਕਦਾ ਹੈ। ਗੁਰੂ ਅਮਰਦਾਸ ਜੀ ਦੁਆਰਾ ਲੋਕਾਈ ਦੇ ਉਧਾਰ ਵਾਸਤੇ ਕੁਰਖੇਤਰ, ਹਰਿਦੁਆਰ ਆਦਿ ਤੀਰਥਾਂ ਤੇ ਜਾ ਕੇ ਕੀਤੇ ਪ੍ਰਚਾਰ ਅਤੇ ਦ੍ਰਿੜਾਏ ਗੁਰਮਤਿ ਮਾਰਗ ਬਾਰੇ ਵਿਸਤਾਰ ਨਾਲ ਵਰਨਣ ਚੌਥੇ ਗੁਰੂ ਰਾਮਦਾਸ ਜੀ ਨੇ ਕੀਤਾ ਹੈ।[35]

ਇਹਨਾਂ ਪ੍ਰਚਾਰ ਯਾਤਰਾਵਾਂ ਵਿਚ ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਤੀਰਥ ਇਸ਼ਨਾਨ ਨਾਲ ਨਾ ਤਾਂ ਮੁਕਤੀ ਹਾਸਲ ਹੋ ਸਕਦੀ ਹੈ ਅਤੇ ਨਾ ਹੀ ਮਨ ਦੀ ਮੈਲ ਦੂਰ ਹੋ ਸਕਦੀ ਹੈ। ਤੀਰਥ ਇਸ਼ਨਾਨ ਨਾਲ ਮਨ ਦੀ ਸੁਚਮਤਾ ਨੂੰ ਜੋੜਨਾ ਕੇਵਲ ਇਕ ਭੁਲੇਖਾ ਹੈ। ਮਨ ਦੀ ਮੈਲ ਦੂਰ ਕਰਨ ਅਤੇ ਮੁਕਤੀ ਹਾਸਲ ਕਰਨ ਦਾ ਯੋਗ ਮਾਰਗ ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਅਮਲੀ ਜੀਵਨ ਰਾਹੀਂ ਲੱਭਿਆ ਜਾ ਸਕਦਾ ਹੈ।

ਜੋਤੀ ਜੋਤ ਜਗਾਉਣਾ

ਗੁਰੂ ਨਾਨਕ ਦੇਵ ਜੀ ਨੇ ਸਿੱਖ ਲਹਿਰ ਨੂੰ ਪ੍ਰਫੁਲਤ ਕਰਨ ਅਤੇ ਦ੍ਰਿੜਤਾਪੂਰਵਕ ਅੱਗੇ ਤੋਰਨ ਲਈ ਜੋਤ ਤੋਂ ਜੋਤ ਜਗਾਉਣ ਦਾ ਕਾਰਜ ਆਰੰਭਿਆ। ਏਸੇ ਪਰੰਪਰਾ ਅਧੀਨ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦਾ ਜਾਨਸ਼ੀਨ ਬਣਾਇਆ ਗਿਆ। ਸਿੱਖ ਪਰੰਪਰਾ ਵਿਚ ਸਰੀਰ ਨੂੰ ਨਾਸ਼ਵਾਨ ਅਤੇ ਆਤਮਾ ਨੂੰ ਅਮਰ ਮੰਨਿਆ ਗਿਆ ਹੈ। ਗੁਰੂ ਅਕਾਲ ਪੁਰਖ ਦੀ ਸ਼ੁਧ ਆਤਮਕ ਜੋਤ ਦਾ ਪ੍ਰਗਟਾਵਾ ਹੈ ਅਤੇ ਇਹ ਜੋਤ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਸ਼ਬਦ ਰਾਹੀਂ ਪ੍ਰਕਾਸ਼ਵਾਨ

ਹੁੰਦੀ ਹੈ। ਗੁਰੂ ਜਿਸ ਦੀ ਸੇਵਕ ਜਾਂ ਸ਼ਖਸੀਅਤ ਨੂੰ ਪ੍ਰਕਾਸ਼ਵਾਨ ਕਰਦਾ ਹੈ, ਉਹ 'ਗੁਰੂ' ਪਦ ਦਾ ਅਧਿਕਾਰੀ ਹੋ ਜਾਂਦਾ ਹੈ। ਇਹ ਪਰੰਪਰਾ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਹਮਣੇ ਆਈ। ਏਸੇ ਪਰੰਪਰਾ ਅਨੁਸਾਰ ਜਦੋਂ ਗੁਰੂ ਅਮਰਦਾਸ ਜੀ ਦੁਆਰਾ ਉਤਰਾਧਿਕਾਰੀ ਚੁਣਨ ਦਾ ਸਮਾਂ ਆਇਆ ਤਾਂ ਗੁਰੂ ਜੀ ਨੇ ਇਸ ਕਾਰਜ ਲਈ ਸਭ ਤੋਂ ਵਧੇਰੇ ਯੋਗ ਭਾਈ ਜੇਠਾ[36] ਜੀ ਨੂੰ ਜਾਣਿਆ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਗੁਰਗੱਦੀ ਦੇ ਕੇ ਨਾਮ ਰਾਮਦਾਸ[37] ਰੱਖਿਆ :

> *ਜੇਠਾ ਜੀ ਇਸਨਾਨ ਕਰ ਪਹਰੇ ਬਸਤ੍ਰ ਨਵੀਨ।*
> *ਸਤਿਗੁਰ ਕੇ ਚਰਨੀ ਲਗੇ ਭਈ ਜੋਤ ਜੋਤ ਮੇ ਲੀਨ।*
>
> ....
>
> *ਗੁਰੂ ਨਾਨਕ ਅੰਗਦ ਅਮਰ ਸਰੂਪ।*
> *ਗੁਰੂ ਰਾਮਦਾਸ ਭਾਸਤ ਇਕ ਰੂਪ।*[38]

ਗੁਰਗੱਦੀ ਤੇ ਨਵੇਂ ਵਾਰਸ ਦੀ ਸਥਾਪਨਾ ਸਮੇਂ ਜੋ ਮੁਸ਼ਕਲ ਗੁਰੂ ਅੰਗਦ ਦੇਵ ਜੀ ਨੂੰ ਆਈ, ਉਸ ਨੂੰ ਵੇਖਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਖਡੂਰ ਸਾਹਿਬ ਨਿਵਾਸ ਕਰਨ ਲਈ ਕਿਹਾ। ਗੁਰੂ ਅੰਗਦ ਦੇਵ ਜੀ ਦੁਆਰਾ ਆਪਣਾ ਉਤਰਾਧਿਕਾਰੀ ਚੁਣੇ ਜਾਣ ਤੇ ਉਸੇ ਸਮੱਸਿਆ ਦਾ ਹਲ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਵਿਖੇ ਭੇਜ ਕੇ ਕੀਤਾ ਗਿਆ। ਗੁਰੂ ਰਾਮਦਾਸ ਨੂੰ ਉਤਰਾਧਿਕਾਰੀ ਥਾਪਦੇ ਸਮੇਂ ਵੀ ਏਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਗੁਰੂ ਅਮਰਦਾਸ ਜੀ ਨੂੰ ਵੀ ਕਰਨਾ ਪਿਆ। ਇਸ ਕਰਕੇ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਚੱਕ ਰਾਮਦਾਸਪੁਰ ਦੀ ਨੀਂਹ ਰੱਖੀ ਗਈ ਅਤੇ ਗੁਰੂ ਰਾਮਦਾਸ ਜੀ ਨੇ ਉਤਰਾਧਿਕਾਰੀ ਬਣਨ ਉਪਰੰਤ ਆਪਣਾ ਨਿਵਾਸ ਉੱਥੇ ਹੀ ਕਰ ਲਿਆ।

ਜੋਤੀ ਜੋਤ ਸਮਾਉਣਾ

ਗੁਰੂ ਅਮਰਦਾਸ ਜੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦਾ ਉਤਰਾਧਿਕਾਰੀ ਸੌਂਪਣ ਉਪਰੰਤ ਪ੍ਰਭੂ-ਬੰਦਗੀ ਵਿਚ ਲੀਨ ਰਹਿੰਦੇ, ਕੀਰਤਨ ਸੁਣਦੇ, ਉਪਦੇਸ਼ ਕਰਦੇ। ਉਪਦੇਸ਼ ਕਰਦੇ ਹੋਏ ਉਨ੍ਹਾਂ ਇਕ ਦਿਨ ਅਜਿਹੇ ਵਾਕ ਉਚਾਰਨ ਕੀਤੇ ਕਿ ਸੰਗਤ ਇਹ ਮਹਿਸੂਸ ਕਰਨ ਲੱਗੀ ਕਿ ਅਕਾਲ ਪੁਰਖ ਅਤੇ ਗੁਰੂ ਅਮਰਦਾਸ ਜੀ ਦੀ ਜੋਤ ਵਿਚ ਦਵੈਤ ਖਤਮ ਹੋਣ ਵਾਲਾ ਹੈ। ਗੁਰੂ ਜੀ ਦੀ ਅੰਤਮ ਸਿੱਖਿਆ ਦੇ ਵਚਨ ਸਨ :

> *- ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।*[39]
> *- ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।*[40]

ਅਖੀਰ ਲਗਭਗ 95 ਸਾਲ ਦੀ ਉਮਰ ਵਿਚ 1574 ਈ. ਨੂੰ ਅਕਾਲ ਪੁਰਖ ਦੇ ਭਾਣੇ ਅਨੁਸਾਰ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ। ਸੰਗਤ ਨੇ ਪਵਿੱਤਰ ਗੁਰਬਾਣੀ ਦਾ ਸ਼ਬਦ-ਗਾਇਨ ਕੀਤਾ ਅਤੇ ਬਿਆਸਾ ਦਰਿਆ ਦੇ ਕੰਢੇ ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਰਚਨਾ

ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ

ਬਾਣੀ ਸਿੱਖ ਜੀਵਨ-ਜਾਚ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਕੱਚੀ ਅਤੇ ਸੱਚੀ ਬਾਣੀ ਦਾ ਨਿਖੇੜਾ ਕੀਤਾ ਮਿਲਦਾ ਹੈ। ਸਿਧਾਂਤਕ ਤੌਰ ਤੇ ਗੁਰੂ ਜੀ ਦੁਆਰਾ ਰਚਿਤ ਬਾਣੀ ਗੁਰੂ ਨਾਨਕ ਵਿਚਾਰਧਾਰਾ ਨੂੰ ਅੱਗੇ ਤੋਰਨ ਅਤੇ ਦ੍ਰਿੜ ਕਰਾਉਣ ਦਾ ਕਾਰਜ ਕਰਦੀ ਹੈ। ਗੁਰੂ ਅਮਰਦਾਸ ਜੀ ਦੁਆਰਾ ਰਚਿਤ ਬਾਣੀਆਂ ਵਿਚ ਪ੍ਰਮੁਖ ਤੌਰ ਤੇ ਪਟੀ, ਅਲਾਹਣੀਆਂ, ਸਤਵਾਰ, ਅਨੰਦ, ਸੋਲਹੇ ਅਤੇ ਚਾਰ ਵਾਰਾਂ ਦਾ ਜ਼ਿਕਰ ਕੀਤਾ ਮਿਲਦਾ ਹੈ। ਇਹਨਾਂ ਬਾਣੀਆਂ ਤੋਂ ਇਲਾਵਾ ਗੁਰੂ ਜੀ ਦੁਆਰਾ ਰਚਿਤ ਹੋਰ ਸਲੋਕ ਅਤੇ ਸ਼ਬਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ, ਪਰ ਇੱਥੇ ਕੇਵਲ ਕੁਝ ਪ੍ਰਮੁਖ ਬਾਣੀਆਂ ਬਾਰੇ ਸੰਖੇਪ ਰੂਪ ਵਿਚ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਟੀ

ਗੁਰੂ ਗ੍ਰੰਥ ਸਾਹਿਬ ਵਿਚ ਇਸ ਸਿਰਲੇਖ ਅਧੀਨ ਗੁਰੂ ਨਾਨਕ ਦੇਵ ਅਤੇ ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਗੁਰੂ ਅਮਰਦਾਸ ਜੀ ਦੁਆਰਾ ਰਚਿਤ ਪਟੀ ਬਾਣੀ ਵਿਚ ਨਾ ਤਾਂ ਪੈਂਤੀ ਅੱਖਰ ਹਨ ਅਤੇ ਨਾ ਹੀ ਅਜੋਕਾ ਅੱਖਰ-ਕ੍ਰਮ ਵੇਖਣ ਨੂੰ ਮਿਲਦਾ ਹੈ। ਇਸ ਬਾਣੀ ਵਿਚ ਰਹਾਉ ਦੀਆਂ ਦੋ ਤੁਕਾਂ ਤੋਂ ਇਲਾਵਾ ਦੋ-ਦੋ ਤੁਕਾਂ ਦੇ ਅਠਾਰਾਂ ਪਦੇ ਹਨ, ਜੋ ਮਨੁੱਖ ਨੂੰ ਪਰਮਾਰਥ ਨਾਲ ਜੁੜਨ ਦੀ ਪ੍ਰੇਰਣਾ ਕਰਦੇ ਹਨ। ਇਸ ਬਾਣੀ ਵਿਚ ਧਰਮ ਪੁਸਤਕਾਂ ਪੜ੍ਹਨ ਵਾਲਿਆਂ ਨੂੰ ਵੀ ਉਪਦੇਸ਼ ਕੀਤਾ ਗਿਆ ਹੈ ਕਿ ਕੇਵਲ ਧਰਮ ਪੁਸਤਕਾਂ ਪੜ੍ਹਨ ਨਾਲ, ਵਿਚਾਰਨ ਨਾਲ, ਦੂਜਿਆਂ ਨੂੰ ਸਮਝਾਉਣ ਨਾਲ ਨਾ ਤਾਂ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਨਾ ਹੀ ਪ੍ਰਭੂ-ਪ੍ਰੀਤ ਉਜਾਗਰ ਹੋ ਸਕਦੀ ਹੈ, ਜਦੋਂ ਤਕ ਇਹਨਾਂ ਵਿਚਲੇ ਤੱਤ ਨੂੰ ਅਮਲੀ ਜੀਵਨ ਦਾ ਹਿੱਸਾ ਨਹੀਂ ਬਣਾਇਆ ਜਾਂਦਾ :

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ।[4]

ਅਖੀਰ ਵਿਚ ਗੁਰਬਾਣੀ ਸਿਧਾਂਤ ਦ੍ਰਿੜ ਕਰਾਇਆ ਗਿਆ ਹੈ ਕਿ ਸਤਿਗੁਰੂ ਤੋਂ ਬਗੈਰ ਪਰਮਪਦਿ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਜਿਨ੍ਹਾਂ ਨੇ ਸਤਿਗੁਰੂ ਨੂੰ ਧਾਰਨ ਕਰ ਲਿਆ, ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਗਏ।

ਅਲਾਹਣੀਆਂ

ਇਹ ਪੰਜਾਬੀ ਦਾ ਇਕ ਕਾਵਿ ਰੂਪ ਹੈ, ਜਿਸ ਦੀ ਵਰਤੋਂ ਸੋਗ ਜਾਂ ਮਾਤਮ ਦੇ ਸਮੇਂ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਨੇ ਇਸ ਕਾਵਿ ਰੂਪ ਰਾਹੀਂ ਵੈਰਾਗਮਈ ਬਾਣੀ ਦਾ ਉਚਾਰਨ ਕੀਤਾ ਹੈ। ਦੁਨਿਆਵੀ ਮੌਤ ਤੋਂ ਪਰੇ ਵਿਅਕਤੀ ਦੇ ਮਨ ਨੂੰ ਪ੍ਰਭੂ-ਪ੍ਰੀਤ ਵਿਚ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ ਅਤੇ ਏਸੇ ਨੂੰ ਸੱਚੀ ਮੌਤ ਵੀ ਕਿਹਾ ਗਿਆ ਹੈ। ਵਡਹੰਸ ਰਾਗ ਦੇ ਇਸ ਕਾਵਿ ਰੂਪ ਅਧੀਨ ਗੁਰੂ ਨਾਨਕ ਦੇਵ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਦਰਜ ਹੈ। ਗੁਰੂ ਅਮਰਦਾਸ ਜੀ ਦੁਆਰਾ ਰਚਿਤ ਇਸ ਬਾਣੀ ਦੇ ਛੇ-ਛੇ ਤੁਕਾਂ ਵਾਲੇ ਚਾਰ ਪਦੇ ਦਰਜ ਕੀਤੇ ਮਿਲਦੇ ਹਨ। ਗੁਰੂ ਜੀ ਦੁਆਰਾ ਰਚਿਤ ਇਸ ਬਾਣੀ ਦਾ ਮਨੋਰਥ ਸਹਿਜ ਅਵਸਥਾ ਰਾਹੀਂ ਪ੍ਰਭੂ ਪ੍ਰਾਪਤੀ ਦਾ ਮਾਰਗ ਧਾਰਨ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਪਰਮਾਤਮਾ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ ਅਤੇ ਇਸ ਵਿਚ ਵਿਦਮਾਨ ਮਨੁੱਖੀ ਜੀਵ ਗੁਰੂ ਤੋਂ ਬਗੈਰ ਗਿਆਨ ਹਾਸਲ ਨਹੀਂ ਕਰ ਸਕਦਾ, ਭਾਵ ਦੁਨਿਆਵੀ ਪਦਾਰਥਾਂ ਵਿਚ ਖਚਿਤ ਰਹਿੰਦਾ ਹੈ ਅਤੇ ਮਨ ਭਟਕਦਾ ਰਹਿੰਦਾ ਹੈ। ਪਰ ਜਦੋਂ

ਗੁਰੂ ਰਾਹੀਂ ਸਹਿਜ ਮਾਰਗ ਧਾਰਨ ਕਰਦਾ ਹੈ ਤਾਂ ਜੀਵਨ ਅਧਿਆਤਮਕ ਵਿਕਾਸ ਦੀ ਦਿਸ਼ਾ ਵੱਲ ਜਾਂਦਾ ਹੈ :

ਆਪੇ ਦੇਇ ਪਿਆਰੋ ਸਹਿਜ ਵਾਪਾਰੋ ਗੁਰਮੁਖਿ ਜਨਮੁ ਸਵਾਰੇ ।[42]

ਅਨੰਦ ਬਾਣੀ

ਰਾਮਕਲੀ ਰਾਗ ਵਿਚ ਇਹ ਗੁਰੂ ਅਮਰਦਾਸ ਜੀ ਦੀ ਇਕ ਮਹੱਤਵਪੂਰਨ ਰਚਨਾ ਹੈ, ਜਿਸ ਦੀਆਂ ਚਾਲੀ ਪਉੜੀਆਂ ਹਨ। ਪਹਿਲੀਆਂ ਪੰਜ ਅਤੇ ਇਕ ਆਖਰੀ ਪਉੜੀ ਜੋੜ ਕੇ ਸੰਖਿਪਤ ਅਨੰਦ ਸਾਹਿਬ ਸਮੂਹ ਖੁਸ਼ੀ-ਗ਼ਮੀ ਦੇ ਮੌਕਿਆਂ ਤੇ ਅਰਦਾਸ ਤੋਂ ਪਹਿਲਾਂ ਪੜ੍ਹਿਆ ਜਾਂਦਾ ਹੈ। ਇਹ ਬਾਣੀ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦੀਆਂ ਬਾਣੀਆਂ ਵਿਚ ਨਿਰੰਤਰ ਪੜ੍ਹੀ ਜਾਂਦੀ ਹੈ। ਅੰਮ੍ਰਿਤ ਸੰਚਾਰ ਵੇਲੇ ਇਸਦਾ ਪੂਰਨ ਪਾਠ ਹੁੰਦਾ ਹੈ, ਪਰ ਨਿਤਨੇਮ ਵਿਚ ਆਮ ਤੌਰ ਤੇ ਇਸ ਦਾ ਸੰਖਿਪਤ ਰੂਪ ਪੜ੍ਹਿਆ ਜਾਂਦਾ ਹੈ। ਸਿੱਖ ਪਰੰਪਰਾ ਅਨੁਸਾਰ ਇਸ ਬਾਣੀ ਦੀ ਰਚਨਾ ਗੁਰੂ ਜੀ ਨੇ ਆਪਣੇ ਪੋਤੇ (ਮੋਹਰੀ ਦੇ ਪੁੱਤਰ) ਦੇ ਜਨਮ ਸਮੇਂ ਕੀਤੀ ਸੀ। ਇਸ ਬਾਣੀ ਵਿਚ ਸਰੀਰ ਅਤੇ ਮਨ ਦੀਆਂ ਸਮੂਹ ਕ੍ਰਿਆਵਾਂ ਨੂੰ ਪਰਮਾਤਮਾ ਦੇ ਨਾਮ-ਸਿਮਰਨ ਤੇ ਕੇਂਦਰਤ ਕਰਨ ਦੀ ਤਾਕੀਦ ਕੀਤੀ ਗਈ ਹੈ। ਅਖੀਰ ਵਿਚ ਪ੍ਰਭੂ-ਪ੍ਰਾਪਤੀ ਹੋ ਜਾਣ ਤੇ ਸਮੂਹ ਇੱਛਾਵਾਂ ਦੀ ਪ੍ਰਾਪਤੀ ਅਤੇ ਸਮੂਹ ਦੁੱਖਾਂ ਤੋਂ ਮੁਕਤੀ ਦੀ ਗੱਲ ਕਹੀ ਗਈ ਹੈ :

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ।
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ।[43]

ਸਤਵਾਰ

ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ 'ਬਿਲਾਵਲ ਮਹਲਾ 3 ਵਾਰ 7' ਆਇਆ ਹੈ, ਜੋ ਕਿ ਹਫ਼ਤੇ ਦੇ ਸੱਤ ਦਿਨਾਂ ਨੂੰ ਆਧਾਰ ਬਣਾ ਕੇ ਪੇਸ਼ ਕੀਤੀ ਰਚਨਾ ਵੱਲ ਸੰਕੇਤ ਕਰਦਾ ਹੈ। ਇਸ ਸਿਰਲੇਖ ਅਧੀਨ ਆਈ ਸਮੁਚੀ ਬਾਣੀ ਦਸ-ਦਸ ਪਦਿਆਂ ਦੇ ਦੋ ਜੁੱਟਾਂ ਵਿਚ ਆਈ ਹੈ। ਦੋਵਾਂ ਦਾ ਸੰਬੰਧ ਹਫ਼ਤੇ ਦੇ ਸੱਤ ਦਿਨਾਂ ਨਾਲ ਹੈ। ਫਰਕ ਕੇਵਲ ਇਤਨਾ ਕੁ ਹੈ ਕਿ ਪਹਿਲੇ ਜੁੱਟ ਵਿਚ ਦਰਜ ਬਾਣੀ ਦੇ ਪਦੇ ਹਫ਼ਤੇ ਦੇ ਨਾਮ ਨਾਲ ਆਰੰਭ ਹੁੰਦੇ ਹਨ। ਸਮੁਚੀ ਰਚਨਾ ਵਿਚ ਇਸ ਗੱਲ ਵੱਲ ਸੰਕੇਤ ਕੀਤਾ ਗਿਆ ਹੈ ਕਿ ਸੁਭ ਜਾਂ ਅਸ਼ੁਭ ਕਾਰਜ ਦਾ ਹਫ਼ਤੇ ਦੇ ਕਿਸੇ ਦਿਨ ਨਾਲ ਕੋਈ ਵਿਸ਼ੇਸ਼ ਸੰਬੰਧ ਨਹੀਂ ਅਤੇ ਵਿਅਕਤੀ ਦਾ ਆਵਾਗਉਣ ਕਰਮ ਨਾਲ ਜੁੜਿਆ ਹੋਇਆ ਹੈ। ਹਫ਼ਤੇ, ਮਹੀਨੇ, ਸਾਲ ਵਿਚ ਆਉਣ ਵਾਲੇ ਦਿਨ, ਥਿਤਾਂ, ਰੁਤਾਂ ਆਦਿ ਬਦਲਦੀਆਂ ਰਹਿੰਦੀਆਂ ਹਨ, ਇਹ ਵਿਅਕਤੀ ਦੇ ਕਰਮ ਅਤੇ ਅਧਿਆਤਮਕ ਜੀਵਨ ਨੂੰ ਨਹੀਂ ਬਦਲ ਸਕਦੀਆਂ, ਕੇਵਲ ਪਰਮਾਤਮਾ ਦਾ ਨਾਮ ਅਤੇ ਗੁਰੂ ਦੇ ਸਬਦ ਦੀ ਸੋਝੀ ਮਨੁੱਖੀ ਜੀਵਨ ਵਿਚ ਤਬਦੀਲੀ ਲਿਆ ਸਕਦੀ ਹੈ :

ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ ਵਾਰ ਵਾਰ॥
ਦਿਨਸੁ ਰੈਣਿ ਤਿਵੈ ਸੰਸਾਰੁ॥ ਆਵਾ ਗਉਣੁ ਕੀਆ ਕਰਤਾਰਿ॥
ਨਿਹਚਲੁ ਸਾਚੁ ਰਹਿਆ ਕਲ ਧਾਰਿ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥[44]

ਵਾਰ ਸੂਹੀ

ਗੁਰੂ ਗ੍ਰੰਥ ਸਾਹਿਬ ਵਿਚਲੀ ਇਹ ਰਚਨਾ 'ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩' ਸਿਰਲੇਖ ਅਧੀਨ ਦਰਜ ਹੈ। ਸਿਰਲੇਖ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਰਚਨਾ ਦਾ ਸੰਬੰਧ ਕੇਵਲ ਗੁਰੂ ਅਮਰਦਾਸ ਜੀ ਨਾਲ ਹੈ, ਪਰ ਅਜਿਹਾ ਨਹੀਂ। ਇਸ ਵਾਰ ਵਿਚ ਪੰਜ-ਪੰਜ ਤੁਕਾਂ ਦੀਆਂ ਵੀਹ ਪਉੜੀਆਂ ਦਰਜ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਵੀ ਦਰਜ ਹੈ। ਸਿਰਲੇਖ ਤੋਂ ਇਹ ਵੀ ਗਿਆਤ ਹੁੰਦਾ ਹੈ ਕਿ ਇਸ ਵਾਰ ਵਿਚ ਪਉੜੀਆਂ ਨਾਲ ਸਲੋਕ ਵੀ ਦਰਜ ਕੀਤੇ ਹੋਏ ਹਨ, ਜਿਨ੍ਹਾਂ ਵਿਚ ਵਧੇਰੇ ਗਿਣਤੀ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ ਦੀ ਹੈ।

ਇਸ ਬਾਣੀ ਵਿਚ ਗੁਰੂ ਅਮਰਦਾਸ ਜੀ ਦੱਸਦੇ ਹਨ ਕਿ ਪਰਮਾਤਮਾ ਦੁਆਰਾ ਸਿਰਜੀ ਗਈ ਧਰਤੀ ਧਰਮ ਕਮਾਉਣ ਦਾ ਸਥਾਨ ਭਾਵ ਧਰਮਸਾਲ ਹੈ। ਇੱਥੇ ਵਿਅਕਤੀ ਨੂੰ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋਣ ਦੀ ਬਜਾਏ ਪਰਮਪਦਿ ਦੀ ਪ੍ਰਾਪਤੀ ਦਾ ਯਤਨ ਕਰਨਾ ਚਾਹੀਦਾ ਹੈ। ਭਾਵੇਂ ਕਿ ਗੁਰਬਾਣੀ ਵਿਚ ਸਭ ਰੰਗ ਪਰਮਾਤਮਾ ਦੀ ਸਿਰਜਣਾ ਮੰਨੇ ਗਏ ਹਨ, ਪਰ ਗੁਰੂ ਅਮਰਦਾਸ ਜੀ ਸੂਹੇ ਰੰਗ ਨੂੰ ਦੁਨਿਆਵੀ ਪਦਾਰਥਾਂ ਦੇ ਪ੍ਰਤੀਕ ਵਜੋਂ ਪੇਸ਼ ਕਰਦੇ ਹੋਏ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਇਹ ਵੇਸ, ਭਾਵ ਦੁਨਿਆਵੀ ਪਦਾਰਥਾਂ ਦਾ ਸੰਗ੍ਰਹਿ, ਹਉਮੈ ਦਾ ਪ੍ਰਤੀਕ ਹੈ ਅਤੇ ਇਸ ਵੇਸ ਨੂੰ ਉਤਾਰ ਕੇ ਪ੍ਰਭੂ-ਗੁਣ ਰੂਪੀ ਰਤਨਾਂ ਨਾਲ ਮਨ ਨੂੰ ਸ਼ਿੰਗਾਰਨਾ ਅਤੇ ਸਾਧਣਾ ਚਾਹੀਦਾ ਹੈ ਤਾਂ ਹੀ ਵਿਅਕਤੀ ਹਲਤ ਅਤੇ ਪਲਤ ਵਿਚ ਪ੍ਰਵਾਨ ਚੜ੍ਹਦਾ ਹੈ :

– *ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥*
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥[45]

– *ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ।*
ਮਨ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ॥[46]

ਗੂਜਰੀ ਕੀ ਵਾਰ

22 ਪਉੜੀਆਂ ਸੰਯੁਕਤ ਇਹ ਵਾਰ 'ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ' ਤੇ ਗਾਉਣ ਦਾ ਆਦੇਸ਼ ਹੈ। ਇਕੋ ਭਾਈਚਾਰੇ ਨਾਲ ਸੰਬੰਧਿਤ ਸਿਕੰਦਰ ਅਤੇ ਇਬਰਾਹੀਮ ਨੇਕੀ ਅਤੇ ਬਦੀ ਦੇ ਗੁਣਾਂ ਦਾ ਪ੍ਰਤੀਕ ਹਨ। ਇਬਰਾਹੀਮ ਇਕ ਬ੍ਰਾਹਮਣ ਦੀ ਸੁੰਦਰ ਸਜ-ਵਿਆਹੀ ਇਸਤ੍ਰੀ ਨੂੰ ਬੁਰੀ ਨਜ਼ਰ ਨਾਲ ਵੇਖਦਾ ਹੈ। ਬ੍ਰਾਹਮਣ ਡਰ ਕੇ ਸਿਕੰਦਰ ਦੀ ਸ਼ਰਣ ਚਲਾ ਜਾਂਦਾ ਹੈ ਅਤੇ ਸਹਾਇਤਾ ਲਈ ਬੇਨਤੀ ਕਰਦਾ ਹੈ। ਸਿਕੰਦਰ ਇਬਰਾਹੀਮ ਤੇ ਹਮਲਾ ਕਰਕੇ ਉਸਨੂੰ ਫੜ੍ਹ ਲੈਂਦਾ ਹੈ ਅਤੇ ਪਛਤਾਵਾ ਕਰਨ ਤੇ ਛੱਡ ਦਿੰਦਾ ਹੈ। ਸਿਕੰਦਰ ਨੇਕੀ ਦਾ ਪ੍ਰਤੀਕ ਹੈ ਅਤੇ ਇਬਰਾਹੀਮ ਬਦ-ਰੁਚੀਆਂ ਛੱਡ ਕੇ ਨੇਕੀ ਦੀ ਸ਼ਰਣ ਆ ਕੇ ਬਚ ਜਾਂਦਾ ਹੈ। ਢਾਡੀ ਇਸ ਵਾਰ ਨੂੰ ਗਾਉਂਦੇ ਹਨ। ਇਸ ਵਾਰ ਦੀ ਧੁਨੀ ਗੁਰਬਾਣੀ ਵਿਚ ਗੁਰਮੁਖ ਤੇ ਮਨਮੁਖ ਦੇ ਦਵੰਦ ਨੂੰ ਪੇਸ਼ ਕਰਦੀ ਹੈ ਕਿ ਜੇਕਰ ਮਨਮੁਖ ਗੁਰੂ ਦੇ ਦਰਸਾਏ ਮਾਰਗ ਅਨੁਸਾਰ ਗੁਰਮੁਖ ਬਣਨ ਦਾ ਉਪਰਾਲਾ ਕਰਦਾ ਹੈ ਤਾਂ ਬਚ ਸਕਦਾ ਹੈ ਨਹੀਂ ਤਾਂ ਦੁਨਿਆਵੀ ਭਵਸਾਗਰ ਵਿਚ ਗੋਤੇ ਲਾਉਂਦਾ ਰਹਿੰਦਾ ਹੈ।

ਪੰਜ-ਪੰਜ ਤੁਕਾਂ ਵਾਲੀਆਂ 22 ਪਉੜੀਆਂ ਵਿੱਚੋਂ ਹਰ ਪਉੜੀ ਨਾਲ ਦੋ-ਦੋ ਸਲੋਕ ਹਨ। ਇਸ ਵਾਰ ਵਿਚ ਪਰਮਾਤਮਾ ਦੀ ਏਕਤਾ, ਗੁਰੂ, ਸ਼ਬਦ, ਨਾਮ ਸਿਮਰਨ, ਨਿਮਰਤਾ, ਮੁਕਤੀ ਆਦਿ ਦਾ ਵਰਣਨ ਕਰਨ ਦੇ ਨਾਲ-ਨਾਲ ਮਾਇਆ, ਮਮਤਾ, ਪਾਪ ਅਤੇ ਹਉਮੈ ਦਾ ਜ਼ਿਕਰ ਮਿਲਦਾ ਹੈ। ਗੁਰਬਾਣੀ ਨੂੰ ਮਨੁੱਖ ਜਾਤੀ ਦੇ ਉਧਾਰ ਲਈ ਸਰਵੋਤਮ ਪ੍ਰੇਰਨਾ ਸਰੋਤ ਮੰਨਿਆ ਗਿਆ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਨੂੰ ਨਿਰੰਕਾਰ ਦਾ ਸਰੂਪ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਤੋਂ ਉਪਰ ਹੋਰ ਕੁਝ ਵੀ ਨਹੀਂ ਹੈ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥[17]

ਮਨੁੱਖੀ ਜੀਵਨ ਵਿਚ ਰਹਿੰਦੇ ਹੋਏ ਸ਼ਬਦ-ਪ੍ਰੀਤ ਅਤੇ ਭਾਣਾ, ਨੀਚ ਨੂੰ ਉਚਤਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੇ ਹਨ। ਇਸ ਵਾਰ ਦਾ ਮੁੱਖ ਵਿਸ਼ਾ ਮਨਮੁਖ ਨੂੰ ਗੁਰਮੁਖ ਮਾਰਗ ਤੇ ਤੋਰਨਾ ਹੈ।

ਰਾਮਕਲੀ ਕੀ ਵਾਰ

ਇਹ ਵਾਰ 'ਜੋਧੈ ਵੀਰੈ ਪੂਰਬਾਣੀ ਕੀ ਧੁਨੀ' ਉਪਰ ਗਾਉਣ ਦਾ ਆਦੇਸ਼ ਹੈ। ਇਹਨਾਂ ਯੋਧਿਆਂ ਦਾ ਜੀਵਨ ਆਜ਼ਾਦੀ ਅਤੇ ਸੰਜਮ ਵਾਲਾ ਸੀ। ਪੂਰਵਾਣ ਰਾਜਪੂਤ ਦੇ ਦੋ ਬਹਾਦਰ ਪੁੱਤਰਾਂ ਜੋਧਾ ਅਤੇ ਵੀਰਾ ਨੇ ਬਾਦਸ਼ਾਹ ਅਕਬਰ ਦੀ ਈਨ ਨਹੀਂ ਮੰਨੀ ਅਤੇ ਬਹਾਦਰਾਂ ਵਾਂਗ ਲੜਦੇ ਹੋਏ ਸ਼ਹੀਦ ਹੋ ਗਏ। ਢਾਡੀ ਇਹਨਾਂ ਬਹਾਦਰਾਂ ਦੀ ਵਾਰ ਗਾਉਂਦੇ ਹਨ, ਜਿਨ੍ਹਾਂ ਨੇ ਦੁਨਿਆਵੀ ਬਾਦਸ਼ਾਹ ਦੀ ਅਧੀਨਗੀ ਮੰਨਣ ਨਾਲੋਂ ਲੜ-ਮਰਨ ਨੂੰ ਤਰਜੀਹ ਦਿੱਤੀ।

ਇਸ ਵਾਰ ਦੀਆਂ ਪੰਜ-ਪੰਜ ਤੁਕਾਂ ਵਾਲੀਆਂ ਇੱਕੀ ਪਉੜੀਆਂ ਹਨ, ਜਿਨ੍ਹਾਂ ਨਾਲ ਸਲੋਕ ਦਰਜ ਕੀਤੇ ਮਿਲਦੇ ਹਨ। ਇਸ ਵਾਰ ਵਿਚ ਗੁਰੂ ਅਮਰਦਾਸ ਜੀ ਨੇ 'ਸੰਸਾ ਅਤੇ ਸਹਿਜ' ਸ਼ਬਦਾਂ ਦਾ ਵਿਸਤਾਰ ਕਰਦੇ ਹੋਏ ਦੱਸਿਆ ਹੈ ਕਿ ਸੰਸਾ ਵਿਅਕਤੀ ਦੇ ਬੰਧਨ ਅਤੇ ਭਟਕਣ ਦਾ ਕਾਰਜ ਕਰਦਾ ਹੈ, ਜਦੋਂ ਕਿ ਸਹਿਜ ਟਿਕਾਊ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਸਹਿਜ ਵਿਚ ਵਿਅਕਤੀ ਨੂੰ ਪਰਮਾਤਮਾ ਦੀ ਰਚਨਾ ਅਤੇ ਹਸਤੀ ਦਾ ਗਿਆਨ ਹੁੰਦਾ ਹੈ, ਜੋ ਉਸਦੇ ਮਨ ਵਿਚ ਪ੍ਰੇਮ, ਸੰਤੋਖ, ਦਇਆ ਅਤੇ ਨਿਮਰਤਾ ਜਿਹੇ ਗੁਣਾਂ ਦਾ ਸੰਚਾਰ ਕਰਦਾ ਹੈ। ਗੁਰਬਾਣੀ ਵਿਚ ਸਹਿਜ ਵਿਚ ਰਹਿਣ ਵਾਲੇ ਮਨੁੱਖ ਨੂੰ ਗੁਰਮੁਖ ਕਿਹਾ ਗਿਆ ਹੈ, ਜੋ ਪ੍ਰਭੂ-ਬਖ਼ਸ਼ਿਸ਼ ਦਾ ਪਾਤਰ ਬਣਦਾ ਹੈ। ਅਗਿਆਨਤਾ ਅਤੇ ਅੰਧਕਾਰ ਦਾ ਪ੍ਰਤੀਕ ਸੰਸਾਯੁਕਤ ਮਨੁੱਖ ਨੂੰ ਮਨਮੁਖ ਕਿਹਾ ਗਿਆ ਹੈ ਜੋ ਆਪਣਾ ਮਾਰਗ ਚੁਣਦਾ ਹੈ ਅਤੇ ਪ੍ਰਭੂ-ਵਿਛੋੜੇ ਵਿਚ ਦੁਨਿਆਵੀ ਭਟਕਣ ਵਿਚ ਪਿਆ ਰਹਿੰਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਤਿਗੁਰ ਦੀ ਸ਼ਰਣ ਗ੍ਰਹਿਣ ਕਰਨ ਨਾਲ ਸੰਸਾ ਨਵਿਰਤ ਹੋ ਜਾਂਦਾ ਹੈ ਅਤੇ ਪ੍ਰਭੂ-ਕਿਰਪਾ ਸਦਕਾ ਪਰਮਪਦਿ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ :

ਭਰਮਿ ਭੁਲਾਈ ਸਭੁ ਜਗੁ ਫਿਰੀ ਹਾਵੀ ਹੋਈ ਭਾਲਿ॥
ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ॥
ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ॥
ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ॥[18]

ਮਾਰੂ ਕੀ ਵਾਰ

'ਮਾਰੂ ਵਾਰ ਮਹਲਾ ੩' ਸਿਰਲੇਖ ਅਧੀਨ ਇਸ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਵਾਰ ਵਿਚ ਵੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਬਾਣੀ ਹੀ ਦਰਜ ਹੋਵੇਗੀ, ਪਰ ਅਜਿਹਾ ਨਹੀਂ। ਇਸ ਬਾਣੀ ਦਾ ਆਰੰਭ ਹੀ ਗੁਰੂ ਨਾਨਕ ਦੇਵ ਜੀ ਦੇ ਸਲੋਕ ਨਾਲ ਹੁੰਦਾ ਹੈ। ਇਸ ਰਚਨਾ ਵਿਚ ਦਰਜ 47 ਸਲੋਕਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੇ 18, ਗੁਰੂ ਅੰਗਦ ਦੇਵ ਜੀ ਦਾ ਇਕ, ਗੁਰੂ ਅਮਰਦਾਸ ਜੀ ਦੇ 23, ਗੁਰੂ ਰਾਮਦਾਸ ਜੀ ਦੇ 3 ਅਤੇ ਗੁਰੂ ਅਰਜਨ ਦੇਵ ਜੀ ਦੇ 2 ਸਲੋਕ ਸ਼ਾਮਲ ਹਨ। ਇਸ ਵਾਰ ਦੀਆਂ 22 ਪਉੜੀਆਂ ਹਨ ਅਤੇ ਹਰ ਪਉੜੀ ਦੀਆਂ ਪੰਜ-ਪੰਜ ਤੁਕਾਂ ਹਨ, ਅਖੀਰਲੀ ਪਉੜੀ ਛੇ ਤੁਕਾਂ ਦੀ ਹੈ। ਜਿਵੇਂ ਪਉੜੀਆਂ ਵਿਚ ਤੁਕਾਂ ਦੀ ਗਿਣਤੀ ਲਗਭਗ ਇਕ ਸਮਾਨ ਹੈ, ਉਸ ਤਰ੍ਹਾਂ ਦਾ ਨਿਯਮ ਸਲੋਕਾਂ ਤੇ ਲਾਗੂ ਨਹੀਂ ਹੈ। ਸਲੋਕਾਂ ਵਿਚ ਤੁਕਾਂ ਦੀ ਗਿਣਤੀ ਵੱਧ-ਘੱਟ ਹੈ।

ਇਹ ਰਚਨਾ ਅਧਿਆਤਮਕ ਉੱਚਤਾ ਗ੍ਰਹਿਣ ਕਰਨ ਤੇ ਜ਼ੋਰ ਦਿੰਦੀ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਗੁਣਾਂ ਨੂੰ ਗ੍ਰਹਿਣ ਕਰਕੇ ਅਤੇ ਔਗੁਣਾਂ ਨੂੰ ਦੂਰ ਕਰਦੇ ਹੋਏ ਅਧਿਆਤਮਕ ਉੱਚਤਾ ਦਾ ਮਾਰਗ ਧਾਰਨ ਕੀਤਾ ਜਾ ਸਕਦਾ ਹੈ। ਔਗੁਣ ਗਲੇ ਦੀਆਂ ਜੰਜੀਰਾਂ ਵਾਂਗ ਹਨ, ਜੋ ਮਨ ਨੂੰ ਬੁਰਾਈਆਂ ਤੋਂ ਆਜ਼ਾਦ ਨਹੀਂ ਹੋਣ ਦਿੰਦੇ। ਪ੍ਰਭੂ-ਸਿਮਰਨ ਅਤੇ ਸੰਤੋਖ ਦਾ ਮਾਰਗ ਧਾਰਨ ਕਰਕੇ ਸੱਚ ਨਾਲ ਜੁੜਿਆ ਜਾ ਸਕਦਾ ਹੈ। ਇਸ ਰਚਨਾ ਵਿਚ ਗੁਰੂ ਅਮਰਦਾਸ ਜੀ ਖਰੇ-ਖੋਟੇ ਦੀ ਪਛਾਣ ਦਾ ਸਰੋਤ ਹਿਰਦੇ ਵਿਚ ਵਿਦਮਾਨ ਪਰਮਾਤਮਾ ਦੇ ਸਰੂਪ ਨੂੰ ਮੰਨਦੇ ਹਨ, ਜਿਸ ਤਕ ਗੁਰੂ ਦੇ ਸਬਦ ਰਾਹੀਂ ਪਹੁੰਚਿਆ ਜਾ ਸਕਦਾ ਹੈ :

ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ।
ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ।
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ।
ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ।[47]

ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਬਾਣੀ ਮਨੁੱਖੀ ਭਵਸਾਗਰ ਵਿੱਚੋਂ ਹੰਸ ਵਾਂਗ ਮੋਤੀ ਚੁਗਣ ਦੀ ਪ੍ਰੇਰਣਾ ਕਰਦੇ ਹਨ, ਜੋ ਕਿ ਅਕਾਲ ਪੁਰਖ, ਗੁਰੂ, ਸ਼ਬਦ ਦੀ ਵੀਚਾਰ, ਨਾਮ ਸਿਮਰਨ ਆਦਿ ਤੇ ਆਧਾਰਿਤ ਸੇਵਾ, ਸਬਰ, ਸੰਤੋਖ, ਦਯਾ, ਧਰਮ, ਧੀਰਜ ਵਰਗੇ ਗੁਣਾਂ ਰਾਹੀਂ ਪ੍ਰਗਟ ਹੁੰਦੇ ਹਨ।

ਹਵਾਲੇ ਅਤੇ ਟਿੱਪਣੀਆਂ

1. *ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ*, ਭਾਗ ਪਹਿਲਾ, ਪੰਨਾ 296.
   - ਬਾਸਰਕੇ ਗਿੱਲਾਂ ਅੰਮ੍ਰਿਤਸਰ ਤੋਂ 12 ਕਿਲੋਮੀਟਰ ਦੱਖਣ-ਪੱਛਮ ਵੱਲ ਛੇਹਰਟਾ-ਝਬਾਲ ਲਿੰਕ ਸੜਕ ਤੇ ਵਸਿਆ ਇਕ ਪਿੰਡ ਹੈ।
2. ਗੁਰੂ ਗ੍ਰੰਥ ਸਾਹਿਬ
   - *ਭਲਉ ਪ੍ਰਸਿਧੁ ਤੇਜੋ ਤਨੌ ਕਲ੍ਹ ਜੋੜਿ ਕਰ ਧ੍ਯਾਇਅਓ ।* (ਪੰਨਾ 1393)
   - *ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ।* (ਪੰਨਾ 1396)
3. ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਪਿਆਰਾ ਸਿੰਘ ਪਦਮ ਦੁਆਰਾ ਸੰਪਾਦਿਤ,

ਪੰਨਾ 62.

ਮਾਤਾ ਲਖੋ ਦੇ ਉਦਰੋਂ ਚਾਨਣੇ ਪੱਖ। ਜਨਮੇ ਸ੍ਰੀ ਅਮਰਦਾਸ ਪੂਰਨ ਪ੍ਰਤੱਖ। 3.9

4. *ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ*, ਭਾਗ ਪਹਿਲਾ, ਪੰਨਾ 87.
5. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 335.

ਗੁਰੂ ਜੀ "ਸਣਖੱਤ੍ਰੇ ਪਿੰਡ ਦੇਵੀ ਚੰਦ ਬਹਿਲ ਖਤ੍ਰੀ ਦੀ ਬੇਟੀ ਰਾਮ ਕੌਰ ਨਾਲ ਬਿਆਹੇ ਗਏ, ਜਿਨ੍ਹਾਂ ਦਾ ਸੁਹਰਾ ਨਾਮ ਮਨਸਾ ਦੇਈ ਰੱਖਿਆ ਗਿਆ।"

- ਸੰਮਤ ਪੰਦ੍ਰਾਂ ਸੈ ਇਕ ਘਟਿ ਨੱਬੇ। ਬਿਆਹ ਕੀਤਾ ਅਮਰਦਾਸ ਜੀ ਤਬੇ।
  ਮਾਤਾ ਮਨਸਾ ਦੇਵੀ ਜੀ ਧਾਮ ਆਏ। (ਬੰਸਾਵਲੀ ਨਾਮਾ, 3.11)

6. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਪੰਜਵੀਂ, ਰਾਸਿ 1, ਅੰਸੂ 14, ਪੰਨਾ 1367.
   - ਤੀਰਥ ਕੈ ਤਪਸਾ ਕਰਹਿ ਅਬ ਸਮੇ ਹਮਾਰਾ।
7. ਉਹੀ, ਪੰਨਾ 1367-68.
   - ਇਤਯਾਦਿਕ ਤਰਕਤਿ ਰਿਦੇ ਪੁਨ ਨਿਸ਼ਚੈ ਕੀਨਾ।
     ਸੇਵਨਿ ਗੰਗਾ ਕੋ ਕਰਹਿ ਕਲਿ ਮਹਿੰ ਅਘ ਛੀਨਾ।
     ਖਸ਼ਟ ਮਾਸ ਕੋ ਪੁਨ ਕਰਯੋ ਬਾਹਨ ਬਿਨੁ ਚਾਲੇ।
     ਸੁਰਸਰਿ ਨੀਰ ਸ਼ਨਾਨਹੀ ਧਰਿ ਹਰਖ ਬਿਸਾਲੇ।
   - ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.5, ਪੰਨਾ 106.
   - ਗੰਗਾ ਸੇਵਨ ਬ੍ਰਤ ਮਨ ਕਰਾ।
     ਬਰਖ ਮਾਹ ਜਾਤ੍ਰਾ ਦੁਇਧਰਾ।
8. ਉਹੀ, ਪੰਨਾ 107.
9. ਉਹੀ
10. ਉਹੀ, ਪੰਨਾ 109.

    ਬੀਬੀ ਅਮਰੋ ਜੀ ਤਬ ਜਾਗੀ। ਮੁਖ ਕਰ ਪਦ ਧੋਇ ਭਜਨ ਅਨਰਾਗੀ।
    ਯਹ ਜੁਗਤ ਅਮਰ ਸਾਹਿਬ ਜਦ ਦੇਖੀ। ਜਾਨੀ ਬੀਬੀ ਭਗਤ ਬਿਸੇਖੀ।
    ਗੁਰਬਾਨੀ ਬੀਬੀ ਪਾਠ ਮੁਖ ਕਰੀ। ਸੁਨੀ ਸਾਹਿਬ ਹਿਰਦੇ ਸਭ ਧਰੀ।
    ਪੁਲਕਿਓ ਤਨ ਗਦ ਗਦ ਮਨ ਭਇਆ। ਜਿਸ ਲਛਮਨ ਮੁਖ ਅੰਮ੍ਰਿਤ ਪਇਆ।
    ਚਿਤਵਨ ਮਿਟੀ ਭਈ ਮਨ ਆਸਾ। ਲੇ ਸੁਆਂਤ-ਬੰਦੂ ਚਾਤ੍ਰਕ ਗਈ ਪਿਆਸਾ।
    ਇਹ ਸਬਦੁ ਸੰਪੂਰਨ ਬੀਬੀ ਪੜਾ। ਸਾਹਿਬ ਸੁਨੇ ਓਲੇ ਹੋਇ ਖੜਾ।

11. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 15, ਪੰਨਾ 1374.

    ਸੁਨਤਿ ਅਮਰ ਬੋਲੇ ਬਹੁਰ 'ਦੁਹਿਤਾ'! ਸੁਨਿ ਲੀਜੈ।
    ਮੇਰੇ ਪਰ ਉਪਕਾਰ ਇਹੁ ਕਰੁਨਾ ਕਰਿ ਦੀਜੈ।
    ਲੇਹੁ ਸੰਗ ਤਹਿੰ ਕੋ ਚਲਹੁ ਦਿਹੁ ਮੋਹਿ ਮਿਲਾਈ।
    ਦਰਸ਼ਨ ਕੀ ਪਯਾਸਾ ਲਗੀ ਅਬ ਰਹਯੋ ਨ ਜਾਈ।

12. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.53, ਪੰਨਾ 110.
13. ਡਾ. ਤਾਰਨ ਸਿੰਘ, ਗੁਰੂ ਅਮਰਦਾਸ : *ਜੀਵਨ ਰਚਨਾ ਤੇ ਸਿੱਖਿਆ*, ਪੰਨਾ 6.

14. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 16, ਪੰਨਾ 1377.
    ਸੋ ਤਪ ਫਲ ਅਬ ਕਲੀ ਕਾਲ ਮਹਿ ਸਤਿ ਸੰਗਤਿ ਸੇਵਨ ਕਰਿਜੀਤਿ।
    ਜਲ ਢੋਵਨਿ ਅਰ ਲਕਰੀ ਲਯਾਵਨਿ ਕਰਨ ਬੀਜਨੋ ਪ੍ਰਭੂ ਸਿਮਰੰਤਿ।
    ਚਰਨ ਪਖਾਰਨਿ ਅੰਨਿ ਪਕਾਵਨਿ ਇੱਤਯਾਦਿ ਜੇਤਿਕ ਹੈਂ ਆਨਿ।
    ਮਿਲਿ ਸਤਿਸੰਗ ਕਰਨ ਜੋ ਸੇਵਾ ਅਧਿਕ ਤਪਨ ਫਲ ਹੋਹਿ ਮਹਾਨ।
15. ਉਹੀ, ਪੰਨਾ 1382.
16. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.88-90, ਪੰਨਾ 114.
    ਤੁਮ ਹੋ ਨਿਥਾਵੇ ਥਾਓ। ਦੇਹੋ ਨਿਮਾਨੇ ਮਾਨ।
    ਨਿਹ-ਓਟ ਓਟ ਤੁਮਾਰ। ਨਿਧਰਿਆ ਧਿਰ ਸੁਖ-ਸਾਰ।
    ਤੁਮ ਦਿਆਲ ਗਈ ਬਹੋੜ। ਸਭ ਜਗਤ ਬੰਦੀ ਛੋੜ।
    ਭੰਨਨ ਘੜਨ ਸਮਰਥ। ਜਗ ਰਿਜਕ ਤੁਮਰੇ ਹਥ।
    ਬਰ ਅਸਟ ਦੀਏ ਦਿਆਲ।
17. ਬਲਬੀਰ ਸਿੰਘ ਦਿਲ, ਅਮਰ ਕਵੀ ਗੁਰੂ ਅਮਰਦਾਸ, ਪੰਨਾ 39.
18. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 27, ਪੰਨਾ 1427.
    ਸੁਨਿ ਪੁਰਖਾ ਸ੍ਰੀ ਅਮਰ ਸੁ ਪਯਾਰੇ। ਅਬਿ ਤੁਮ ਬੈਠਹੁ ਥਾਨ ਹਮਾਰੇ।
    ਰਾਜ ਜੋਗ ਕੋ ਮਹਦ ਸਿੰਘਾਸਨ। ਤਿਸ ਪਰ ਸ਼ੋਭਹ ਕਰਿਹੁ ਪ੍ਰਕਾਸ਼ਨ।
    ਕਹਿ ਪਹਿਰਾਏ ਬਸਤ੍ਰ ਨਵੀਨ। ਤਿਲਕ ਭਾਲ ਨਿਜ ਕਰ ਸੋਂ ਕੀਨਿ।
19. ਵਾਰਾਂ ਭਾਈ ਗੁਰਦਾਸ, ਵਾਰ 1.46.
20. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 27, ਪੰਨਾ 1428.
21. "ਇਹ ਨਗਰ ਸਿੱਖ ਧਰਮ ਦਾ ਇਕ ਪ੍ਰਸਿੱਧ ਤੀਰਥ ਸਥਾਨ ਹੈ। ਗੋਂਦਾ (ਗੋਇੰਦਾ) ਨਾਂ ਦੇ ਇਕ ਮਰਵਾਹੇ ਖਤ੍ਰੀ ਸਿੱਖ ਨੇ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਸ ਪੁਰਾਤਨ ਨਗਰ ਦੇ ਨੇੜੇ ਉਸ ਦੀ ਜ਼ਮੀਨ ਵਿਚ ਫਿਰ ਤੋਂ ਇਕ ਨਗਰ ਵਸਾਇਆ ਜਾਵੇ। ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਦੀ ਪਾਲਣਾ ਕਰਦੇ ਹੋਇਆਂ ਗੁਰੂ ਅਮਰਦਾਸ ਜੀ ਨੇ ਇੱਥੇ ਇਕ ਨਵਾਂ ਨਗਰ ਵਸਾਇਆ ਅਤੇ ਇੱਥੇ ਹੀ ਆਪਣਾ ਨਿਵਾਸ ਬਣਾਇਆ। ਇਸ ਨਵੇਂ ਨਗਰ ਦਾ ਨਾਂ 'ਗੋਇੰਦਾ' ਸਿੱਖ ਦੇ ਨਾਂ ਤੇ 'ਗੋਇੰਦਵਾਲ' ਪ੍ਰਚਲਿਤ ਹੋਇਆ। ਆਪਣੇ ਗੁਰਿਆਈ-ਕਾਲ ਦਾ ਜ਼ਿਆਦਾ ਸਮਾਂ ਗੁਰੂ ਅਮਰਦਾਸ ਜੀ ਨੇ ਇੱਥੇ ਹੀ ਬਿਤਾਇਆ।" ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ-ਪਹਿਲਾ, ਪੰਨਾ 693.
22. ਵਾਰਾਂ ਭਾਈ ਗੁਰਦਾਸ, ਵਾਰ 1.38.
23. ਭਾਈ ਵੀਰ ਸਿੰਘ, ਸ੍ਰੀ ਅਸ ਗੁਰ ਚਮਤਕਾਰ, ਭਾਗ 2, ਪੰਨਾ 144.
24. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 3.2.8, ਪੰਨਾ 153.
25. ਸਤਿਬੀਰ ਸਿੰਘ, ਪਰਬਤ ਮੇਰਾਣੁ, ਪੰਨਾ 50.
26. ਗੁਰੂ ਗ੍ਰੰਥ ਸਾਹਿਬ, ਪੰਨਾ 967.
    ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ-ਖੀਰਿ ਘਿਆਲੀ॥

27. ਉਹੀ, ਪੰਨਾ 968.
28. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ 1, ਸਾਖੀ 3.2.15, ਪੰਨਾ 153.
    — ਜੌ ਬਰਨ ਖਿਭੇਦ ਪ੍ਰਸਾਦਿ ਨ ਖਾਇ। ਸਤਿਗੁਰ ਕੇ ਦਰਸਨ ਨਹੀਂ ਪਾਇ।
    — ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 2, ਅੰਸੂ 30, ਪੰਨਾ 1442.
    — ਪ੍ਰਥਮ ਦੇਗ ਮਹਿ ਜਾਇਕੇ ਭੋਜਨ ਕੋ ਖਾਵੈ।
    ਪੁਨ ਦਰਸ਼ਨ ਗੁਰ ਕੇ ਕਰਹਿ ਚਲਿ ਕਰਿ ਢਿਗ ਜਾਵੈ।
29. ਉਹੀ, ਰਾਸਿ 2, ਅੰਸੂ 54, ਪੰਨਾ 1556-57.
    ਦ੍ਰਿੜ ਪ੍ਰਤੀਤ ਧਰਿ ਦਰਸ਼ਨ ਆਯੋ॥ ਪ੍ਰਿਥਮ ਦੇਗ ਤੇ ਭੋਜਨ ਖਾਯੋ॥
30. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼*, ਪੰਨਾ 846-47.
31. ਕੁਲਵਿੰਦਰ ਸਿੰਘ ਬਾਜਵਾ (ਸੰਪਾ.), *ਮਹਿਮਾ ਪ੍ਰਕਾਸ਼ ਵਾਰਤਕ*, ਸਾਖੀ 41, ਪੰਨਾ 86.
    — ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 51, ਪੰਨਾ 1542.
    ਸਤਿਗੁਰੁ ਤੀਰਥ ਰਚਹਿੰ ਸੁ ਥਾਪੀ। ਫਲਦਾਯਕ ਜਹਿ ਉਧਰਹਿੰ ਪਾਪੀ।
32. ਕੁਲਵਿੰਦਰ ਸਿੰਘ ਬਾਜਵਾ (ਸੰਪਾ.), *ਮਹਿਮਾ ਪ੍ਰਕਾਸ਼ ਵਾਰਤਕ*, ਸਾਖੀ 36, ਪੰਨਾ 86.
    "ਤਬ ਬਾਉਲੀ ਕੇ ਪਥਰ ਕੋ ਤੋੜਨੇ ਕੇ ਵਾਸਤੇ ਮਾਨਕ ਚੰਦ ਖਤ੍ਰੀ ਜਾਤ ਪਥਰੀਆ ਥਾ, ਸਿਖ ਥਾ। ਉਸ ਕੋ ਬਚਨ ਹੋਆ। ਮਾਨਕ ਚੰਦ ਤੂੰ ਜਾ ਕਰ ਤੋੜ, ਤੇਰੇ ਸੇ ਟੂਟੈਗਾ। ਤਬ ਮਾਨਕ ਚੰਦ ਬਚਨ ਮਾਨ ਕਰ ਜਾਇ ਕਰ ਕੁੰਦਾਲਾ ਪਥਰ ਪਰ ਮਾਰਾ ਤਬ ਜਲ ਅਮੋਘ ਨਿਕਸਿਆ।"
33. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ 1, ਸਾਖੀ 3.8.39-40, ਪੰਨਾ 191.
    ਚਾਰ ਵਰਨ ਕੋ ਪੂਜ ਪੁਜਾਵੇ। ਕਾਹੂ ਕੋ ਮਸਤਕ ਨਹੀਂ ਨਿਵਾਵੇ।
    ਸੰਕਾ ਇਹ ਹਮਰੇ ਮਨ ਆਈ। ਕਰ ਦਇਆ ਬੁਝਾਵੇ ਸੰਕ ਮਿਟਾਈ।
    ਸੁਨੀ ਦਇਆਲ ਯਹ ਯਹ ਬਚਨ ਉਚਾਰਾ। ਤੁਮ ਪੰਡਤ ਬਿਦਿਆ ਕੇ ਆਧਾਰਾ।
    ਗੁਰ-ਮਹਮਾ ਤੁਮ ਜਾਨੋ ਨਾਹੀ। ਸੋ ਜਾਨੈ ਜੋ ਗੁਰ ਭਗਤ ਕਮਾਹੀ।
34. ਉਹੀ, ਸਾਖੀ 3.8.48, ਪੰਨਾ 192.
35. ਗੁਰੂ ਗ੍ਰੰਥ ਸਾਹਿਬ, ਪੰਨਾ 1116.
    ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥
    ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥
    ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥
    ....
    ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥
    ਮਾਰਗਿ ਪੰਥ ਚਲੇ ਗੁਰ ਸਤਿਗੁਰ ਸੰਗਿ ਸਿਖਾ॥
36. ਆਪ ਦਾ ਪਹਿਲਾ ਨਾਮ ਭਾਈ ਜੇਠਾ ਸੀ। ਆਪ ਦਾ ਜਨਮ ਪਿਤਾ ਹਰਿਦਾਸ ਅਤੇ ਮਾਤਾ ਦਯਾ ਕੌਰ ਦੇ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਛੋਟੀ ਉਮਰ ਵਿਚ ਮਾਤਾ-ਪਿਤਾ ਦੇ ਦੇਹਾਂਤ ਉਪਰੰਤ ਯਤੀਮ ਹੋਣ ਤੇ ਨਾਨੀ ਕੋਲ ਬਾਸਰਕੇ ਪਿੰਡ ਆ ਗਏ ਜੋ ਉਹਨਾਂ ਨੂੰ ਗੋਇੰਦਵਾਲ ਲੈ ਆਈ, ਜਿੱਥੇ ਉਹ ਗੁਰਮਤਿ ਅਨੁਸਾਰੀ ਜੀਵਨ-ਜਾਚ ਧਾਰਨ ਕਰਕੇ ਗੁਰੂ ਅਮਰਦਾਸ ਜੀ ਦੇ ਪਿਆਰ ਅਤੇ ਸਤਿਕਾਰ

ਦੇ ਪਾਤਰ ਬਣੇ। ਆਪ ਜੀ ਦੀ ਸੇਵਾ, ਮਿਹਨਤ ਅਤੇ ਲਗਨ ਨੂੰ ਧਿਆਨ ਵਿਚ ਰੱਖਦੇ ਹੋਏ ਪਹਿਲਾਂ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਅਨੰਦ ਕਾਰਜ ਇਹਨਾਂ ਨਾਲ ਕਰ ਦਿੱਤਾ, ਫਿਰ ਗੁਰਗੱਦੀ ਦਾ ਉਤਰਾਧਿਕਾਰੀ ਥਾਪ ਕੇ ਸਿੱਖ ਲਹਿਰ ਨੂੰ ਅੱਗੇ ਤੋਰਨ ਦਾ ਕਾਰਜ ਸੌਂਪਿਆ।

37. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ 1, ਸਾਖੀ 3.32.13, ਪੰਨਾ 273.
    ਰਾਮਦਾਸ ਨਾਮ ਪ੍ਰਭ ਧਰਾ। ਤੀਨ ਲੋਕ ਕਾ ਸੁਆਮੀ ਕਰਾ।
38. ਉਹੀ, ਸਾਖੀ 3.32, 11, ਪੰਨਾ 273.
39. ਗੁਰੂ ਗ੍ਰੰਥ ਸਾਹਿਬ, ਪੰਨਾ 923.
40. ਉਹੀ
41. ਉਹੀ, ਪੰਨਾ 435.
42. ਉਹੀ, ਪੰਨਾ 584.
43. ਉਹੀ ਪੰਨਾ 922.
44. ਉਹੀ, ਪੰਨਾ 842.
45. ਉਹੀ, ਪੰਨਾ 786.
46. ਉਹੀ, ਪੰਨਾ 787.
47. ਉਹੀ, ਪੰਨਾ 515.
48. ਉਹੀ, ਪੰਨਾ 948.
49. ਉਹੀ, ਪੰਨਾ 1092.

ਸ੍ਰੀ ਗੁਰੂ ਰਾਮਦਾਸ

ਕਿਰਨਦੀਪ ਕੌਰ*

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥[1]

ਗੁਰੂ ਰਾਮਦਾਸ, ਜਿਨ੍ਹਾਂ 'ਗੁਰੂ ਸੰਤ', 'ਪ੍ਰਭ ਅਬਨਾਸੀ' ਤੇ 'ਪਾਰਬ੍ਰਹਮ' ਜਾਣਦੇ ਹੋਏ ਲੋਕਾਂ ਵੱਲੋਂ ਨਮਸਕਾਰਿਆ ਗਿਆ ਤੇ 'ਅਟੱਲ, ਅਥਾਹ ਅਤੋਲ ਤੂੰ ਤੇਰਾ ਅੰਤ ਨਾ ਪਾਰਾਵਾਰਿਆ' ਕਿਹਾ ਗਿਆ ਦਾ ਜਨਮ 24 ਸਤੰਬਰ, 1534 ਈਸਵੀ (25 ਅੱਸੂ ਸੰਮਤ 1591) ਨੂੰ ਚੂਨਾ ਮੰਡੀ ਲਾਹੌਰ ਵਿਖੇ ਮਾਤਾ ਦਇਆ ਕੌਰ ਦੀ ਪਵਿੱਤਰ ਕੁੱਖੋਂ ਹੋਇਆ। ਇਹਨਾਂ ਦੇ ਪਿਤਾ ਹਰਿਦਾਸ ਸੋਢੀ ਕੁਲ ਦੇ ਖੱਤਰੀ ਸਨ, ਹੱਟੀ-ਪੱਟੀ ਦਾ ਸਾਧਾਰਨ ਜਿਹਾ ਕਾਰੋਬਾਰ ਹੀ ਇਹਨਾਂ ਦੀ ਰੋਜ਼ੀ ਦਾ ਮੁੱਖ ਸਾਧਨ ਸੀ।

ਆਪ ਜੀ ਦੇ ਜਨਮ ਵੇਲੇ ਗੁਰੂ ਨਾਨਕ ਦੇਵ ਜੀ ਸਾਢੇ ਪੈਂਹਠ ਸਾਲਾਂ ਦੇ ਹੋ ਚੁੱਕੇ ਸਨ, (ਗੁਰੂ) ਅਮਰਦਾਸ ਜੀ ਸਾਢੇ ਪਚਵੰਜਾ ਸਾਲ ਦੀ ਉਮਰ ਦੇ ਸਨ, ਬਾਬਾ ਲਹਿਣਾ ਜੀ ਉਸ ਵੇਲੇ 30 ਸਾਲਾਂ ਦੇ ਸਨ। ਇਉਂ ਆਖ ਲਈਦੇ ਕਿ ਉਸ ਵੇਲੇ ਚਾਰੇ ਗੁਰ-ਵਿਅਕਤੀਆਂ ਸਰੀਰਕ ਜਾਮੇ ਵਿਚ ਮੌਜੂਦ ਸਨ।[2]

ਆਪਣੇ ਮਾਤਾ ਪਿਤਾ ਦਾ ਪਲੇਠਾ ਪੁੱਤਰ ਹੋਣ ਕਰਕੇ ਆਪ ਜੀ ਦਾ ਨਾਂ ਰਾਮਦਾਸ ਦੀ ਥਾਂ ਜੇਠਾ ਹੀ ਪ੍ਰਸਿੱਧ ਹੋ ਗਿਆ।[3] ਜੇਠਾ ਜੀ ਅਜੇ ਬਹੁਤ ਛੋਟੀ ਉਮਰ ਦੇ ਸਨ ਤਾਂ ਇਨ੍ਹਾਂ ਦੇ ਮਾਤਾ ਜੀ ਚਲਾਣਾ ਕਰ ਗਏ, ਪਿਤਾ ਹਰਿਦਾਸ ਜੀ ਨੇ ਬੱਚੇ ਦਾ ਪਾਲਣ-ਪੋਸ਼ਣ ਕੀਤਾ। ਭਾਈ ਜੇਠਾ ਗਲੀ-ਮੁਹੱਲੇ ਦੇ ਬਾਲਕਾਂ ਨਾਲ ਦੂਰ-ਦੂਰ ਤੀਕ ਖੇਡਣ ਵਾਸਤੇ ਚਲੇ ਜਾਇਆ ਕਰਦੇ ਸਨ। ਪਿਤਾ ਹਰਿਦਾਸ ਨੇ ਥੋੜ੍ਹਾ ਲਿਖਣਾ ਪੜ੍ਹਨਾ ਸ਼ੁਰੂ ਕਰਵਾਇਆ, ਖਾਹਿਸ਼ ਹੋ ਆਈ ਕਿ ਨਾਲ ਦੇ ਨਾਲ ਕੋਈ ਕਿਰਤ ਕਰਨਾ ਸਿਖਾਈਏ। ਇਕ ਦਿਨ ਪਿਤਾ ਹਰਿਦਾਸ ਜੀ ਨੇ ਕਿਹਾ ਪੁੱਤਰ! ਤੂੰ ਹੁਣ 7 ਸਾਲਾਂ ਦਾ ਸਿਆਣਾ ਹੋ ਆਇਆ ਹੈ, ਥੋੜ੍ਹੀ ਕਿਰਤ ਸਿਖ ਲੈ। ਤਦ ਜੇਠਾ ਜੀ ਨੇ ਪਰਵਾਨ ਕਰ ਲਿਆ ਤੇ ਪਿਤਾ ਨੇ ਘੁੰਘਣੀਆਂ ਦੀ ਚੰਗੇਰ ਭਰ ਕੇ ਵੇਚਣ ਨੂੰ ਤੋਰਿਆ। ਲਾਹੌਰ, ਚੂਨੇ ਮੰਡੀ ਦੀਆਂ ਗਲੀਆਂ ਤੋਂ ਥੋੜ੍ਹਾ ਦੂਰ ਬਾਜ਼ਾਰ ਵਿਚ ਅਜੇ ਬੈਠੇ ਹੀ ਸਨ ਕਿ ਇਕ ਅਜਨਬੀ ਫਕੀਰ ਨੇ ਆ ਕੇ ਘੁੰਘਣੀਆਂ ਦੀ ਮੰਗ ਕੀਤੀ। ਇਸ ਇਤਿਹਾਸਕ ਗਾਥਾ ਦਾ ਚਿਤਰਨ ਪ੍ਰੋ. ਸਾਹਿਬ ਸਿੰਘ ਇਸ ਤਰ੍ਹਾਂ ਕਰਦੇ ਹਨ: "ਬਾਲਕ ਬਹੁਤ ਭੁੱਖ ਲੱਗੀ ਆ ਹੈ! ਬਾਲ ਜੇਠਾ ਨੇ ਦੋਹਾਂ ਹੱਥਾਂ ਦੀ

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬੁੱਕ ਭਰ ਕੇ ਘੁੰਘਣੀਆਂ ਉਸ ਦੀ ਝੋਲੀ ਵਿਚ ਪਾ ਦਿੱਤੀਆਂ ! ਉਸਨੇ ਰਹੱਸਮਈ ਨਜ਼ਰਾਂ ਨਾਲ ਬਾਲ ਜੇਠੇ ਵੱਲ ਦੇਖਿਆ ਤੇ ਕਿਹਾ ਹੋਰ ਚਾਹੀਏ ! ਫਿਰ ਦੂਜੀ ਵਾਰ ਮੰਗ ਕੀਤੀ, ਭਾਈ ਜੇਠਾ ਹਰ ਵਾਰ ਬੁੱਕ ਭਰ ਉਸਦੀ ਝੋਲੀ ਪਾ ਦਿੰਦੇ, ਅੰਤ ਉਸਨੇ ਆਖਿਆ ਇਨ੍ਹੇ ਨਾਲ ਮੇਰੀ ਭੁੱਖ ਨਹੀਂ ਮਿਟਦੀ, ਬਾਲ ਜੇਠਾ ਨੇ ਸਾਰੀ ਚੰਗੇਰ ਉਡੇਲ ਦਿੱਤੀ। ਫਕੀਰ ਨੇ ਬਾਲਕ ਵੱਲ ਗਹਿਜ ਨਿਗਾ ਨਾਲ ਵੇਖਿਆ, ਮੁਸਕਰਾਇਆ ਤੇ ਚਲ ਪਿਆ। ਬਾਲਕ ਜੇਠਾ ਵੀ ਖਾਲੀ ਚੰਗੇਰ ਉਠਾਇ ਹੋਇਆ ਘਰ ਵਾਪਸ ਮੁੜ ਆਏ। ਪਿਤਾ ਖੁਸ਼ ਹੋਏ ਕਿ ਛੇਤੀ ਵੇਚ ਮੁੜੇ ਹਨ, ਪਰ ਜਦ ਪਤਾ ਲੱਗਾ ਕਿ ਲੁਟਾ ਆਏ ਹਨ ਤਾਂ ਰੁੱਖਾ ਬੋਲੇ।"[4]

ਸੱਤ ਸਾਲ ਦੀ ਉਮਰ ਵਿਚ ਹੀ ਆਪ ਜੀ ਦੇ ਪਿਤਾ ਜੀ ਸੰਨ 1541 ਵਿਚ ਚੜ੍ਹਾਈ ਕਰ ਗਏ। ਬਾਸਰਕੇ ਪਿੰਡ ਤੋਂ ਇਨ੍ਹਾਂ ਦੇ ਨਾਨਕੇ ਰਿਸ਼ਤੇਦਾਰ ਤੇ ਨਾਨੀ ਜੀ ਮਾਤਮ ਪੁਰਸ਼ੀ ਨੂੰ ਆਏ ਤੇ ਤੇਰਹਵੀਂ ਦੀ ਰਸਮ ਮਗਰੋਂ ਜੇਠਾ ਜੀ ਨੂੰ ਆਪਣੇ ਨਾਲ ਬਾਸਰਕੇ ਲੈ ਗਏ, ਜਿਸਦਾ ਜਿਕਰ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਕਰਦੇ ਹਨ :

ਮਾਤ ਪਿਤਾ ਪਰਲੋਕ ਸਿਧਾਰੇ॥ ਰਹਿਯੋ ਨਾਨਕੇ ਸੁਖੀ ਅਪਾਰੇ॥
ਬਾਸਰ ਕੇ ਪਿੰਡ ਸੋਊ ਰਹਾਵੈ॥ ਬੇਚ ਘੁੰਘਣੀਆਂ ਕਿਰਤ ਚਲਾਵੈ॥[5]

ਲਾਹੌਰ ਤੋਂ ਦੋਹਤਰੇ ਦੇ ਨਾਨਕੇ ਪਿੰਡ ਆਉਣ ਦੀ ਖਬਰ ਸਾਰੇ ਸ਼ਰੀਕੇ ਬਰਾਦਰੀ ਵਿਚ ਤੁਰਤ ਹੋ ਗਈ। ਭਾਈਚਾਰਕ ਮਰਯਾਦਾ ਅਨੁਸਾਰ ਸਭ ਨੇ ਨਾਨੀ ਤੇ ਦੋਹਤਰੇ ਨੂੰ ਧੀਰਜ-ਹੌਸਲਾ ਦੇਣ ਆਉਣਾ ਹੀ ਸੀ, (ਗੁਰੂ) ਅਮਰਦਾਸ ਜੀ ਭੀ ਆਏ। ਉਹਨਾਂ ਦੇ ਕੋਮਲ ਹਿਰਦੇ ਵਿਚ ਜੇਠਾ ਜੀ ਦੀ ਉਸ ਅਨਾਥਤਾ ਨੇ ਖਾਸ ਧਰੂਹ ਪਾਈ। ਦਿਨੋਂ ਦਿਨ ਦੋਹਾਂ ਵਿਚ ਨੇੜਤਾ ਵਧਣ ਲੱਗੀ।[6]

ਬਾਸਰਕੇ ਰਹਿੰਦਿਆਂ ਜੇਠਾ ਜੀ ਲਗਭਗ ਪੰਜ ਵਰੇ ਘੁੰਘਣੀਆਂ ਵੇਚਣ ਦਾ ਕੰਮ ਕਰਦੇ ਰਹੇ।

(ਗੁਰੂ) ਅਮਰਦਾਸ ਜੀ ਸੰਨ 1541 ਵਿਚ ਗੁਰੂ ਅੰਗਦ ਸਾਹਿਬ ਪਾਸ ਖਡੂਰ ਚਲੇ ਗਏ। (ਗੁਰੂ) ਅਮਰਦਾਸ ਜੀ ਨੇ ਗੋਇੰਦਵਾਲ ਦੀ ਸਥਾਪਨਾ ਦਾ ਕਾਰਜ ਆਰੰਭ ਕੀਤਾ ਅਤੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਹੀ ਉਹ ਬਾਸਰਕੇ ਤੋਂ ਆਪਣੇ ਕਈ ਸਾਕਾ-ਅੰਗਾਂ ਨੂੰ ਗੋਇੰਦਵਾਲ ਲੈ ਆਏ। (ਗੁਰੂ) ਰਾਮਦਾਸ ਭੀ ਆਪਣੀ ਨਾਨੀ ਸਮੇਤ ਗੋਇੰਦਵਾਲ ਆ ਗਏ। (ਗੁਰੂ) ਰਾਮਦਾਸ ਜੀ ਦੀ ਉਮਰ ਉਸ ਵੇਲੇ 12 ਸਾਲ ਸੀ। ਇੱਥੇ ਰਹਿੰਦਿਆਂ ਜੇਠਾ ਜੀ (ਗੁਰੂ) ਅਮਰਦਾਸ ਜੀ ਦੇ ਪ੍ਰਭਾਵ ਅਧੀਨ ਵਿਚਰਦੇ ਰਹੇ, ਗੋਇੰਦਵਾਲ ਆ ਕੇ ਭੀ ਜੇਠਾ ਜੀ ਨੇ ਘੁੰਘਣੀਆਂ ਵੇਚਣ ਦਾ ਕੰਮ ਕੁਝ ਚਿਰ ਜਾਰੀ ਰੱਖਿਆ। ਗੁਰੂ ਅੰਗਦ ਦੇਵ ਜੀ 29 ਮਾਰਚ ਸੰਨ 1552 ਨੂੰ ਜੋਤੀ ਜੋਤਿ ਸਮਾ ਗਏ। ਗੁਰੂ ਅਮਰਦਾਸ ਜੀ ਗੁਰੂ ਬਣ ਕੇ ਗੋਇੰਦਵਾਲ ਆ ਟਿਕੇ।

ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਸਭ ਗੁਣਾਂ ਵਿਚ ਯੋਗ ਵੇਖਿਆ ਅਤੇ ਗੁਰੂ ਬਣਨ ਤੋਂ ਅਗਲੇ ਸਾਲ ਸੰਨ 1553 (22 ਫੱਗਣ ਸੰਮਤ 1610) ਵਿਚ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਉਹਨਾਂ ਨਾਲ ਕਰ ਦਿੱਤੀ। ਉਸ ਵੇਲੇ (ਗੁਰੂ) ਰਾਮਦਾਸ ਜੀ ਦੀ ਉਮਰ 18 ਸਾਲ ਸੀ। ਆਪਣੇ ਵਿਆਹ ਸਮੇਂ (ਗੁਰੂ) ਰਾਮਦਾਸ ਨੇ ਇਹ ਬਾਣੀ ਉਚਾਰੀ[7] :

ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾਧਨ ਕੰਤ ਪਿਆਰੀ॥
ਸੰਤ ਜਨਾ ਮਿਲਿ ਮੰਗਲ ਗਾਏ ਜੀਉ ਆਪਿ ਸਵਾਰੀ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ॥

ਵਿਦਾਈ ਦੇ ਸਮੇਂ ਜਦ ਗੁਰੂ ਅਮਰਦਾਸ ਜੀ ਨੇ ਪੁੱਛਿਆ ਕਿ ਬੇਟਾ ਹੋਰ ਕੀ ਚਾਹੀਦਾ ਹੈ, ਦੱਸ ਪਾਈਏ ਜੋ ਦਿੱਤਾ ਜਾਵੇ ਤਾਂ (ਗੁਰੂ) ਰਾਮਦਾਸ ਜੀ ਨੇ ਬਾਣੀ ਰੂਪ ਵਿਚ ਉੱਤਰ ਦਿੱਤਾ :

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥[6]

ਸ਼ਾਹੀ ਦਰਬਾਰ ਦੇ ਕੁਝ ਹਿੰਦੂ ਅਫ਼ਸਰਾਂ ਦੇ ਵਸੀਲੇ, ਗੁਰੂ ਅਮਰਦਾਸ ਜੀ ਦੇ ਵਿਰੁੱਧ ਕਈ ਦੂਸ਼ਨ ਅਕਬਰ ਤਕ ਅਪੜਾਏ ਗਏ, ਤਾਂ ਬਾਦਸ਼ਾਹ ਨੇ ਉਹਨਾਂ ਦੂਸ਼ਨਾਂ ਬਾਰੇ ਆਪਣੀ ਸਫ਼ਾਈ ਪੇਸ਼ ਕਰਨ ਲਈ ਸਤਿਗੁਰੂ ਜੀ ਨੂੰ ਗੋਇੰਦਵਾਲ ਤੋਂ ਸੱਦਾ ਭੇਜਿਆ। ਗੁਰੂ ਅਮਰਦਾਸ ਜੀ ਨੇ ਆਪਣੇ ਥਾਂ ਗੁਰੂ ਘਰ ਦੀ ਵਕਾਲਤ ਕਰਨ ਲਈ ਰਾਮਦਾਸ ਜੀ ਨੂੰ ਭੇਜਿਆ। ਸਿੱਖ ਧਰਮ ਦਾ ਆਦਰਸ਼ ਇਹਨਾਂ ਐਸੇ ਮਿੱਠੇ ਤੇ ਸੁਚੱਜੇ ਤਰੀਕੇ ਨਾਲ ਪੇਸ਼ ਕੀਤਾ ਕਿ ਅਕਬਰ ਤੇ ਉਸਦੇ ਦਰਬਾਰੀਆਂ ਦੀ ਪੂਰੀ ਨਿਸ਼ਾ ਹੋ ਗਈ। 1558 ਈ. ਵਿਚ ਭਾਈ ਰਾਮਦਾਸ ਜੀ ਗੁਰੂ ਅਮਰਦਾਸ ਜੀ ਦੇ ਨਾਲ ਇਕ ਪ੍ਰਚਾਰ ਯਾਤਰਾ ਤੇ ਗਏ। ਗੁਰੂ ਜੀ ਨੇ ਕੁਰੁਕਸ਼ੇਤਰ ਦੀ ਆਪਣੀ ਯਾਤਰਾ ਲਈ ਅਭੈਜੀਤ ਮੇਲੇ ਨੂੰ ਚੁਣਿਆ, ਇਸ ਦਿਨ ਸੂਰਜ ਗ੍ਰਹਿਣ ਲੱਗਿਆ ਸੀ, ਜਦੋਂ ਹਿੰਦੂ ਸਰੋਵਰ ਵਿਚ ਇਸ਼ਨਾਨ ਕਰਦੇ ਹਨ (ਗੁਰੂ) ਰਾਮਦਾਸ ਜੀ ਨੇ ਇਸ ਘਟਨਾ ਦਾ ਆਪਣੀ ਬਾਣੀ ਵਿਚ ਜ਼ਿਕਰ ਕਰਦਿਆਂ ਕਿਹਾ ਕਿ ਸੱਚੇ ਗੁਰੂ ਦੇ ਦਰਸ਼ਨ ਹੀ ਅਭੈਜੀਤ ਦਾ ਇਸ਼ਨਾਨ ਕਰਨ ਦੇ ਬਰਾਬਰ ਹਨ :

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥[7]

ਕੁਰੁਕਸ਼ੇਤਰ ਤੋਂ ਵਾਪਸ ਆ ਕੇ ਗੁਰੂ ਅਮਰਦਾਸ ਜੀ ਨੇ ਬਾਉਲੀ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਤਾਂ ਭਾਈ ਰਾਮਦਾਸ ਨੇ ਸੱਚੇ ਸ਼ਰਧਾਲੂ ਸਿੱਖ ਹੋਣ ਦੇ ਨਾਤੇ ਬਾਉਲੀ ਸਾਹਿਬ ਦੀ ਉਸਾਰੀ ਵਿਚ ਬਹੁਤ ਹੀ ਸਰਗਰਮ ਹਿੱਸਾ ਲਿਆ। ਇਸ ਗੱਲੋਂ ਨਿਸ਼ਚਿੰਤ ਹੋ ਕੇ ਕਿ ਉਹ ਗੁਰੂ ਅਮਰਦਾਸ ਜੀ ਦੇ ਜਵਾਈ ਹਨ, ਸਿਰ ਉਪਰ ਮਿੱਟੀ, ਗਾਰਾ ਤੇ ਚੂਨੇ ਦੀਆਂ ਭਰੀਆਂ ਟੋਕਰੀਆਂ ਢੋਂਹਦੇ ਰਹੇ। ਇਸ ਸਮੇਂ ਇਕ ਐਸੀ ਘਟਨਾ ਵਾਪਰੀ ਜਿਸ ਨੇ ਭਾਈ ਰਾਮਦਾਸ ਜੀ ਮਹਾਨ ਸਹਿਨਸ਼ੀਲਤਾ ਤੇ ਸਿਆਣਪ ਨੂੰ ਪ੍ਰਗਟਾਇਆ। ਪ੍ਰੋ. ਸਾਹਿਬ ਇਸ ਘਟਨਾ ਦਾ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਭਾਈ ਰਾਮਦਾਸ ਜੀ ਦੇ ਕੁਝ ਰਿਸ਼ਤੇਦਾਰ ਹਰਿਦੁਆਰ ਤੋਂ ਲਾਹੌਰ ਜਾਂਦੇ ਹੋਏ ਰਸਤੇ ਵਿਚ ਗੋਇੰਦਵਾਲ ਆ ਰੁਕੇ। ਉਨ੍ਹਾਂ ਨੂੰ ਭਾਈ ਰਾਮਦਾਸ ਨੂੰ ਸਿਰ ਤੇ ਗਾਰਾ ਤੇ ਚੂਨਾ

ਢੋਂਹਦੇ ਦੇਖ ਕੇ ਬੜੀ ਹੈਰਾਨੀ ਹੋਈ ਤੇ ਉਹਨਾਂ ਨੂੰ ਆਖਣ ਲੱਗੇ ਕਿ ਜੇ ਸਹੁਰੇ-ਘਰ ਰਹਿ ਕੇ ਮਜੂਰੀ ਹੀ ਕਰਨੀ ਸੀ ਤਾਂ ਇਹ ਕੰਮ ਲਾਹੌਰ ਹੀ ਕਰ ਲੈਣਾ ਸੀ। ਇੱਥੇ ਆ ਕੇ ਸਾਡਾ ਨੱਕ ਕਿਉਂ ਵੱਢਿਓ ਈ? ਉਹਨਾਂ ਦੇ ਮਨ ਦਾ ਰੋਹ ਅਜੇ ਭੀ ਮੱਠਾ ਨਾ ਹੋਇਆ, ਤੇ ਗੁਰੂ ਅਮਰਦਾਸ ਜੀ ਪਾਸ ਗਏ। ਜਾ ਕੇ ਗਿਲਾ ਕਰਨ ਲੱਗੇ ਕਿ ਸਾਡੇ ਸ਼ਰੀਕ ਭਰਾ ਤੋਂ ਅਜਿਹੇ ਨੀਵੇਂ ਕੰਮ ਕਰਾ ਕੇ ਤੁਸਾਂ ਸਾਨੂੰ ਬੜੀ ਨਮੋਸ਼ੀ ਦਿਵਾਈ ਹੈ। ਉਹਨਾਂ ਦੇ ਇਹ ਖਰ੍ਹਵੇਂ ਬੋਲ ਸੁਣ ਕੇ (ਗੁਰੂ) ਰਾਮਦਾਸ ਜੀ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਆਖਣ ਲੱਗੇ - ਪਾਤਸ਼ਾਹ। ਇਹ ਅੰਵਾਣ ਹਨ। ਇਹਨਾਂ ਨੂੰ ਪਤਾ ਨਹੀਂ ਕਿ ਇਹ ਕੀ ਬੋਲ ਰਹੇ ਹਨ। ਤੁਸਾਂ ਇਹਨਾਂ ਦੇ ਅੰਞਾਣਪੁਣੇ ਨੂੰ ਨਾ ਵਿਸਾਰਨਾ। ਜਿਵੇਂ ਹੋਰ ਦੋਖੀ ਵਿਰੋਧੀਆਂ ਨੂੰ ਪਿਆਰ ਨਾਲ ਹੀ ਵੇਖਦੇ ਹੋ, ਇਹਨਾਂ ਉੱਤੇ ਭੀ ਮਿਹਰ ਰੱਖਣੀ।[10]

ਅਕਾਲ ਪੁਰਖ ਨੇ ਆਪ ਜੀ ਨੂੰ ਤਿੰਨ ਬੱਚਿਆਂ ਦੀ ਦਾਤ ਬਖਸ਼ਿਸ਼ ਕੀਤੀ। ਸਭ ਤੋਂ ਵੱਡੇ ਬਾਬਾ ਪ੍ਰਿਥੀ ਚੰਦ ਦਾ ਜਨਮ 1557 ਵਿਚ, ਬਾਬਾ ਮਹਾਦੇਵ ਜੀ 1560 ਵਿਚ ਅਤੇ ਛੋਟੇ (ਗੁਰੂ) ਅਰਜਨ ਸਾਹਿਬ 1563 ਵਿਚ ਪੈਦਾ ਹੋਏ।[11]

ਬਾਵਲੀ ਸਾਹਿਬ ਦਾ ਕਾਰਜ ਸੰਪੂਰਨ ਹੋਣ ਤੋਂ ਥੋੜ੍ਹੇ ਮਹੀਨੇ ਬਾਅਦ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਦਾਸ ਜੀ ਨੂੰ ਬੁਲਾ ਕੇ ਵੱਖਰਾ ਚੱਕ ਵਸਾਉਣ ਦੀ ਪ੍ਰੇਰਨਾ ਕੀਤੀ। ਗਿਆਨੀ ਈਸ਼ਰ ਸਿੰਘ ਕਹਿੰਦੇ ਹਨ ਕਿ ਗੁਰੂ ਅਮਰਦਾਸ ਨੇ ਭਾਈ ਜੇਠੇ ਨੂੰ ਆਖਿਆ - ਜਿਵੇਂ ਗੁਰੂ ਨਾਨਕ ਨੇ ਰਾਵੀ ਕੰਢੇ ਤੇ ਕਰਤਾਰਪੁਰ ਵਸਾਇਆ, ਪਿਛੋਂ ਗੁਰੂ ਅੰਗਦ ਖਡੂਰ ਜਾ ਵਸੇ ਸਨ, ਤੇ ਉਨ੍ਹਾਂ ਨੇ ਸਾਨੂੰ ਗੋਇੰਦਵਾਲ ਵਸਾਉਣ ਦੀ ਤੇ ਇੱਥੇ ਆ ਵੱਸਣ ਦੀ ਪ੍ਰੇਰਨਾ ਕੀਤੀ ਸੀ। ਅਸੀਂ ਤੁਹਾਡੇ ਭਲੇ ਵਾਸਤੇ ਪ੍ਰੇਰਨਾ ਕਰਦੇ ਹਾਂ। ਗੁਰੂ ਅਮਰਦਾਸ ਨੇ ਇਹ ਪਤਾ ਵੀ ਦਿੱਤਾ - ਤੁੰਗ ਪਿੰਡ ਦੇ ਉਰੇਰੇ, ਗਿਲਵਾਲੀ ਦੇ ਪਰੇਰੇ ਤੇ ਸੁਲਤਾਨ ਪਿੰਡ ਤੇ ਪੱਛਮ ਨੂੰ ਚੱਕ ਬਨ੍ਹੀਏ।[12]

ਸਰੂਪ ਦਾਸ ਭੱਲਾ ਕਹਿੰਦੇ ਹਨ ਕਿ ਭਾਈ ਜੇਠੇ ਨੂੰ ਗੁਰੂ ਅਮਰਦਾਸ ਜੀ ਨੇ ਵੱਖਰਾ ਚੱਕ ਵਸਾਉਣ ਲਈ ਕੋਈ ਢੁੱਕਵੀਂ ਥਾਂ ਲੱਭਣ ਨੂੰ ਕਿਹਾ।[13]

ਰਾਮਦਾਸ ਜੀ ਲਈ ਗੁਰੂ ਕਾ ਵਿਛੋੜਾ ਅਸਹਿ ਸੀ, ਪਰ ਸਦਾ ਤੋਂ ਹੁਕਮ ਪਾਲਣ ਕਰਨਾ ਪ੍ਰਣ ਸੀ। ਰਾਮਦਾਸ ਜੀ ਨੇ ਭਾਈ ਬੁੱਢਾ ਸਾਹਿਬ ਤੇ ਹੋਰ ਕਈ ਸਿੱਖਾਂ ਨੂੰ ਨਾਲ ਲਿਜਾ ਕੇ ਗੁਰੂ ਜੀ ਦੇ ਦਸੇ ਮੁਤਾਬਕ ਥਾਂ ਨੂੰ ਪਸੰਦ ਕੀਤਾ ਗਿਆ ਤੇ ਅੰਮ੍ਰਿਤ ਵੇਲੇ ਇਸ਼ਨਾਨ ਧਿਆਨ ਤੋਂ ਫਾਰਗ ਹੋ ਕੇ, ਮਿਸ਼ਠਾਨ ਦਾ ਪ੍ਰਸਾਦਿ ਮੰਗਵਾਇਆ। ਫਿਰ ਕਰਤਾਰ ਸਿਰਜਨਹਾਰ ਦਾ ਧਿਆਨ ਧਰ ਤਿੰਨ ਗੁਰੂ ਸਾਹਿਬਾਨ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ) ਦਾ ਨਾਮ ਲੈ ਕੇ ਮੂਲ ਮੰਤਰ ਦਾ ਉਚਾਰਨ ਕੀਤਾ ਤੇ ਆਪਣੇ ਹੱਥੀਂ ਟੱਕ ਲਾ ਕੇ ਨਵਾਂ ਸੰਮਤ 1631 ਚੜ੍ਹੇ ਮਗਰੋਂ ਖੁਦਾਈ ਦਾ ਕੰਮ ਸ਼ੁਰੂ ਕਰ ਦਿੱਤਾ।[14]

ਜਦ ਭਾਈ ਰਾਮਦਾਸ ਗੁਰੂ ਅਮਰਦਾਸ ਜੀ ਨੂੰ ਮਿਲਣ ਗੋਇੰਦਵਾਲ ਗਏ ਤਾਂ ਉਹਨਾਂ ਨੇ ਕਿਹਾ ਕਿ ਇਹ ਸਰੋਵਰ ਜਿਤਨਾ ਖੁਦਾਇਆ ਹੈ, ਹੋਰ ਵਧਾਉਣਾ ਨਾ ਕਰੀਏ, ਇਸ ਦਾ ਨਾਮ ਅੱਜ ਤੋਂ 'ਸੰਤੋਖਸਰ' ਰਖੀਏ। ਇਹ ਸਾਡੇ ਹੁਕਮ ਦੀ ਪਾਲਨਾ ਸੀ। ਫੇਰ ਪਤਾ ਦਿੱਤਾ ਕਿ ਕਰਤਾਰ ਦਾ ਹੁਕਮ ਦੂਜੀ ਹੋਰ ਥਾਂ ਖੁਟਾਣ ਦਾ ਹੋਇਆ ਹੈ :

ਜਿਹ ਪੂਰਖ ਤੁਮ ਸਰ ਖੁਨਵਾਯੋ॥ ਚਾਰ ਕੌਨ ਕੋ ਖਿਯੇਤ ਬਨਾਯੋ॥

ਸਰ ਸੰਤੋਖ ਨਾਮ ਤਿਸ ਰਾਖੋ॥ ਅਬਿ ਤਿਸ ਕਰਬੇ ਨਹਿ ਅਭਿਲਾਖੋ॥
ਤਿਸਤੇ ਉਰੇ ਥੱਲ ਜਹਾਂ॥ ਦੂਸਰ ਤਾਲ ਖੁਨਾਵੋ ਤਹਾਂ॥
ਸ੍ਰੀ ਅੰਮ੍ਰਿਤਸਰ ਨਾਮ ਧਰੀਜੈ॥ ਜਾਇ ਕਿਤਨ ਖਨਵਾਵਨ ਕੀਜੈ॥[15]

ਸਤਿਗੁਰੂ ਗੁਰੂ ਅਮਰਦਾਸ ਜੀ ਦੀ ਆਗਿਆ ਪਾ ਕੇ ਮਹਾਰਾਜ ਸ੍ਰੀ ਰਾਮਦਾਸ ਨੇ ਗੁਰੂ ਦੇ ਚੱਕ ਆ ਕੇ ਭਾਈ ਬੁੱਢਾ ਜੀ ਨੂੰ ਸਭ ਕੁਝ ਸੁਣਾਇਆ - ਕਿ ਪਹਿਲਾਂ ਛੱਡ ਕੇ ਨਵਾਂ ਸਰੋਵਰ ਖੁਟਾਣ ਦੀ ਆਗਿਆ ਹੋਈ ਹੈ।[16] ਗੁਰੂ ਚੱਕ ਤੋਂ ਬਾਹਰਵਾਰ ਪਰ ਨੇੜੇ ਹੀ ਸਤਿਗੁਰੂ ਜੀ ਨੇ ਸਰੋਵਰ ਬਣਵਾਉਣ ਦੀ ਤਜਵੀਜ਼ ਕੀਤੀ।[17] ਰਾਮਦਾਸ ਜੀ ਨੇ ਗੁਆਂਢ ਵਿਚ 500 ਵਿਘੇ ਜ਼ਮੀਨ ਦਾ ਟੁੱਕੜਾ ਖਰੀਦ ਲਿਆ ਜਿਸ ਲਈ ਤੁੰਗ ਦੇ ਜ਼ਿਮੀਦਾਰਾਂ ਨੂੰ ਉਨ੍ਹਾਂ 700 ਅਕਬਰੀ ਰੁਪਈਏ ਦਿੱਤੇ।[18] ਇਹ ਜਗ੍ਹਾ ਗੋਇੰਦਵਾਲ ਤੋਂ 40 ਕਿਲੋਮੀਟਰ ਦੂਰ ਸੀ।[19] ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਸਰੋਵਰ ਦੀ ਖੁਦਵਾਈ ਦਾ ਕੰਮ ਸ਼ੁਰੂ ਹੋਇਆ, ਜਿਸ ਦਾ ਨਾਮ ਅੰਮ੍ਰਿਤਸਰ ਰੱਖਿਆ ਗਿਆ। ਰਾਮਦਾਸ ਜੀ ਦੀ ਉੱਚੀ ਖਿਆਲ-ਉਡਾਰੀ ਨੇ ਧਰਮ-ਅਸਥਾਨ ਨੂੰ ਇਸ ਸਰੋਵਰ ਦੇ ਠੀਕ ਵਿਚਕਾਰ ਥਾਂ ਦਿੱਤੀ ਤਾਂ ਕਿ ਕੰਨਾਂ ਨੂੰ ਸੋਹਣੇ ਕੀਰਤਨ ਦੀ ਖਿੱਚ ਪਏ ਅਤੇ ਅੱਖਾਂ ਨੂੰ ਨਿਰਮਲ ਜਲ ਦੇ ਵਿਚਕਾਰ ਉਸਰੇ ਸੋਹਣੇ ਹਰਿਮੰਦਰ ਦਾ ਦ੍ਰਿਸ਼ ਖਿੱਚ ਪਾਵੇ। ਪਰ ਇਹ ਕੰਮ ਦਿਨਾਂ ਤੇ ਮਹੀਨਿਆਂ ਵਿਚ ਮੁਕਣ ਵਾਲਾ ਨਹੀਂ ਸੀ। ਰਾਮਦਾਸ ਜੀ ਸਿਰਫ਼ ਸਰੋਵਰ ਹੀ ਬਣਾ ਸਕੇ, ਹਰਿਮੰਦਰ ਸਾਹਿਬ ਅਰਜਨ ਦੇਵ ਦੇ ਵੇਲੇ ਬਣਿਆ।[20] ਉਹਨਾਂ ਨੇ 52 ਕਿਸਮ ਦੇ ਵਪਾਰੀਆਂ ਨੂੰ ਇੱਥੇ ਆ ਕੇ ਵਸਣ ਅਤੇ ਗੁਰੂ ਦੇ ਬਾਜ਼ਾਰ ਵਿਚ ਆਪਣਾ ਕਾਰੋਬਾਰ ਚਲਾਉਣ ਨੂੰ ਕਿਹਾ। ਜਿਸਨੂੰ ਕਿ ਹੁਣ ਤਕ ਵੀ ਗੁਰੂ ਕਾ ਬਾਜ਼ਾਰ ਹੀ ਕਿਹਾ ਜਾਂਦਾ ਹੈ।[21] ਗੁਰੂ ਜੀ ਨੇ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖਿਆ ਤੇ ਸਰੋਵਰਾਂ ਦੀ ਖੁਦਾਈ ਵੇਲੇ ਵੀ ਦਿਨ ਰਾਤ ਗੁਰੂ ਕਾ ਲੰਗਰ ਚੱਲਦਾ ਰਹਿੰਦਾ ਸੀ। ਇਹ ਨਗਰ ਛੇਤੀ ਹੀ ਵਪਾਰ ਦਾ ਇਕ ਵੱਡਾ ਕੇਂਦਰ ਬਣ ਗਿਆ। ਹਰੀ ਰਾਮ ਗੁਪਤਾ ਕਹਿੰਦੇ ਹਨ ਕਿ ਇਸ ਸਰੋਵਰ ਦੀ ਖੁਦਾਈ 1577 ਈ. ਵਿਚ ਸ਼ੁਰੂ ਹੋਈ।[22]

ਗੁਰੂ ਅਮਰਦਾਸ ਜੀ ਨੇ ਆਪਣਾ ਅੰਤ ਸਮਾਂ ਨੇੜੇ ਵੇਖ ਗੁਰਗੱਦੀ ਸੌਂਪਣ ਦਾ ਮਨ ਬਣਾ ਲਿਆ। ਗੁਰੂ ਅਮਰਦਾਸ ਜੀ ਨੂੰ ਭਾਈ ਜੇਠਾ ਵਿਚ ਉਹ ਸਾਰੇ ਗੁਣ ਨਜ਼ਰ ਆਏ, ਜਿਹੜੇ ਗੁਰਗੱਦੀ ਉਪਰ ਬੈਠਣ ਵਾਲੇ ਮਹਾਂਪੁਰਸ਼ ਵਾਸਤੇ ਜ਼ਰੂਰੀ ਹਨ। ਕਿਹਾ ਜਾਂਦਾ ਹੈ ਕਿ ਗੁਰੂ ਅਮਰਦਾਸ ਨੇ ਭਾਈ ਰਾਮਦਾਸ ਨੂੰ ਸੱਤ ਵਾਰੀ ਥੜ੍ਹਾ ਬਣਾਉਣ ਦੇ ਇਵਜ਼ ਸੱਤ ਪੁਸ਼ਤਾਂ ਤਕ ਗੁਰਿਆਈ ਦੀ ਬਖਸ਼ਿਸ਼ ਕੀਤੀ।[23]

1574 ਈਸਵੀ ਵਿਚ ਗੁਰੂ ਅਮਰਦਾਸ ਜੀ ਨੇ ਸਾਰੀ ਸੰਗਤ ਦੇ ਇਕੱਠ ਵਿਚ ਆਪ ਜੀ ਨੂੰ ਸਿੱਖ ਸੰਗਤ ਦਾ ਗੁਰੂ ਥਾਪ ਕੇ ਚਲੀ ਆ ਰਹੀ ਸਿੱਖ ਮਰਯਾਦਾ ਨੂੰ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ ਰਾਮਦਾਸ ਨੂੰ ਮੱਥਾ ਟੇਕ ਕੇ ਸਿੱਖ ਰਵਾਇਤ ਅਨੁਸਾਰ ਆਪਣੇ ਉਤਰਾਧਿਕਾਰੀ ਅੱਗੇ ਪੰਜ ਪੈਸੇ ਅਤੇ ਇਕ ਨਾਰੀਅਲ ਰੱਖਿਆ। ਬਾਬਾ ਬੁੱਢਾ ਜੀ ਨੇ ਉਹਨਾਂ ਦੇ ਮੱਥੇ ਤਿਲਕ ਲਾਇਆ। ਰਾਮਦਾਸ ਜੀ ਦੀ ਉਮਰ ਉਸ ਵੇਲੇ 40 ਸਾਲ ਸੀ। ਭਾਈ ਸਾਹਿਬ ਸਿੰਘ ਲਿਖਦੇ ਹਨ ਕਿ ਜਿਸ ਵੇਲੇ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਚੌਕੀ ਉੱਤੇ ਬਿਠਾ ਕੇ ਭਰੇ ਦੀਵਾਨ ਵਿਚ ਆਪ ਇਹਨਾਂ ਅੱਗੇ ਮੱਥਾ ਟੇਕਿਆ ਤਾਂ ਰਾਮਦਾਸ ਜੀ ਵੈਰਾਗ ਵਿਚ ਆ ਕੇ ਬੋਲ ਉੱਠੇ - ਪਾਤਸ਼ਾਹ! ਤੂੰ ਆਪ ਜਾਣਦਾ ਹੈ, ਜਦੋਂ ਮੈਂ ਯਤੀਮ ਲਾਹੌਰ ਦੀਆਂ ਗਲੀਆਂ ਵਿੱਚੋਂ ਨਿ-

ਆਸਰਾ ਹੋ ਕੇ ਨਿਕਲਿਆ ਸਾਂ, ਤਦੋਂ ਮੇਰਾ ਕੀ ਹਾਲ ਸੀ, ਮੈਂ ਗਲੀਆਂ ਦੇ ਕੱਖਾਂ ਵਾਂਗ ਰੁਲਦਾ ਸਾਂ, ਲਾਹੌਰ ਨਿਵਾਸੀ ਮੇਰੇ ਸਾਕਾ ਅੰਗਾਂ ਵਿੱਚੋਂ ਕੋਈ ਮੇਰੀ ਬਾਂਹ ਫੜਨ ਨੂੰ ਤਿਆਰ ਨਹੀਂ ਸੀ। ਨਾਨੀ ਨੇ ਮੈਨੂੰ ਗਲ ਲਾਇਆ, ਪਰ ਨਾਨੀ ਵੀ ਵਿਚਾਰੀ ਗਰੀਬਣੀ ਹੀ ਸੀ। ਪਾਤਿਸ਼ਾਹ! ਨਿਕੇ ਜਿਹੇ ਕੀੜੇ ਦੀ ਕੀ ਹਸਤੀ ਹੈ? ਬੱਸ ਮੈਂ ਇਕ ਕੀੜਾ ਸੀ? ਮੇਰੇ ਸਤਿਗੁਰਾ! ਇਹ ਤੇਰੀ ਮਿਹਰ ਸੀ, ਮੈਨੂੰ ਮਿੱਟੀ ਵਿਚ ਰੁਲਦੇ ਨੂੰ ਅੱਜ ਤੂੰ ਅਰਸ਼ਾਂ ਤੇ ਅਪੜਾ ਦਿੱਤਾ ਹੈ।[24]

ਵੈਰਾਗ ਦੀ ਇਕ ਕਾਂਗ ਦੀ ਤਸਵੀਰ ਗੁਰੂ ਰਾਮਦਾਸ ਜੀ ਨੇ ਫਿਰ ਆਪਣੀ ਬਾਣੀ ਵਿਚ ਇਉਂ ਖਿਚ ਦਿੱਤੀ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥[25]

ਇਸੇ ਵਰ੍ਹੇ ਭਾਵ 1574 ਈ. ਵਿਚ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ।

ਗੁਰੂ ਰਾਮਦਾਸ ਜੀ 1574 ਤੋਂ 1581 ਈ. ਤਕ ਗੁਰਗੱਦੀ ਤੇ ਸੁਸ਼ੋਭਿਤ ਰਹੇ। ਪਹਿਲੇ ਕੁਝ ਦਿਨਾਂ ਲਈ ਗੁਰੂ ਅਮਰਦਾਸ ਜੀ ਦੇ ਵਿਛੋੜੇ ਦੇ ਦੁੱਖ ਕਾਰਨ ਗੁਰੂ ਰਾਮਦਾਸ ਜੀ ਬਹੁਤ ਵਿਆਕੁਲ ਰਹੇ। ਇਸ ਭਗਤੀ ਭਾਵਨਾ ਵਾਲੀ ਸ਼ਰਧਾ ਦੀ ਸਥਿਤੀ ਵਿਚ ਉਨ੍ਹਾਂ ਨੇ ਆਸਾ ਰਾਗ ਵਿਚ ਛੰਦ ਉਚਾਰੇ, ਜਿਨ੍ਹਾਂ ਤੋਂ ਗੁਰੂ ਅਮਰਦਾਸ ਜੀ ਪ੍ਰਤੀ ਉਨ੍ਹਾਂ ਦੇ ਅਥਾਹ ਪਿਆਰ ਸਤਿਕਾਰ ਦਾ ਪਤਾ ਲੱਗਦਾ ਹੈ :

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ॥
ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ॥[26]

ਗੁਰੂ ਰਾਮਦਾਸ ਜੀ ਨੇ ਆਪਣੇ ਆਪ ਨੂੰ ਘਰ ਤਕ ਹੀ ਸੀਮਤ ਕਰ ਲਿਆ ਅਤੇ ਇਹਨਾਂ ਦਿਨਾਂ ਵਿਚ ਸੰਗਤ ਵਿਚ ਵੀ ਨਹੀਂ ਗਏ। ਭਾਈ ਮੋਹਰੀ, ਬਾਬਾ ਬੁੱਢਾ ਅਤੇ ਤਿੰਨ ਹੋਰ ਸਿੱਖ, ਗੁਰੂ ਰਾਮਦਾਸ ਜੀ ਵੱਲ ਇਹ ਬੇਨਤੀ ਕਰਨ ਗਏ ਕਿ ਉਹ ਸੰਗਤ ਵਿਚ ਆ ਕੇ ਦਰਸ਼ਨ ਦੇਣ। ਗੁਰੂ ਸਾਹਿਬ ਸੰਗਤ ਦੇ ਪਿਆਰ ਤੋਂ ਪ੍ਰਭਾਵਿਤ ਹੋਏ ਤੇ ਉਹਨਾਂ ਆ ਕੇ ਇਹ ਬਾਣੀ ਉਚਾਰੀ :

ਵਡਭਾਗੀ ਹਰਿ ਸੰਗਤਿ ਪਾਵਹਿ ॥
ਭਾਗਹੀਨ ਭ੍ਰਮਿ ਚੋਟਾ ਖਾਵਹਿ ॥
ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥[27]

ਇਸ ਸਮੇਂ ਸਿੱਖੀ ਦੇ ਪ੍ਰਚਾਰ ਦਾ ਕੰਮ ਵਧ ਗਿਆ ਸੀ, ਇਸ ਦੀ ਸੰਭਾਲ ਲਈ ਆਪਣੇ ਇਲਾਕੇ ਵਿਚ ਮੰਜੀਆਂ ਦੀ ਥਾਂ 'ਮਸਨਦਾ' ਕਾਇਮ ਕੀਤੀਆਂ, ਜਿਨ੍ਹਾਂ ਦੇ ਮੁਖੀ ਪ੍ਰਬੰਧਕਾਂ ਨੂੰ ਪਿਛੋਂ ਜਾ ਕੇ 'ਮਸੰਦ' ਆਖਿਆ ਜਾਣ ਲੱਗਾ।[28] ਇਹ ਮਸੰਦ ਕਾਰ ਭੇਟਾ ਉਗਰਾਹੁੰਦੇ ਤੇ ਸਿੱਖੀ ਦਾ

ਪ੍ਰਚਾਰ ਕਰਦੇ ਸਨ।

ਗੁਰੂ ਰਾਮਦਾਸ ਜੀ ਨੇ ਕੁਝ ਮਹਾਨ ਨਿਰਮਾਣ ਕਾਰਜ ਕੀਤੇ। ਗੁਰੂ ਜੀ ਨੇ ਨਵੀਂ ਨਗਰੀ ਨੂੰ ਵਿਕਸਿਤ ਕਰਨ ਅਤੇ ਸਰੋਵਰ ਦੀ ਉਸਾਰੀ ਨੂੰ ਮੁਕੰਮਲ ਕਰਨ ਵਿਚ ਵੱਧ ਤੋਂ ਵੱਧ ਯਤਨ ਕੀਤੇ। ਇਸ ਮੌਕੇ ਇਕ ਐਸੀ ਘਟਨਾ ਵਾਪਰੀ ਜਿਹੜੀ ਗੁਰੂ ਜੀ ਦੀ ਨਿਰਮਾਣਤਾ ਨੂੰ ਪ੍ਰਗਟ ਕਰਦੀ ਹੈ। ਗੁਰੂ ਨਾਨਕ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ, ਗੁਰੂ ਰਾਮਦਾਸ ਜੀ ਨੂੰ ਮਿਲਣ ਆਏ। ਗੁਰੂ ਰਾਮਦਾਸ ਜੀ ਬਾਬਾ ਸ੍ਰੀ ਚੰਦ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਮਿਲੇ ਅਤੇ ਉਨ੍ਹਾਂ ਨੂੰ ਆਪਣੇ ਵੱਲੋਂ ਮਠਿਆਈ ਤੇ 500 ਰੁਪਇਆ ਭੇਂਟ ਕੀਤਾ।[29] ਬਾਬਾ ਸ੍ਰੀ ਚੰਦ ਜੀ ਨੇ ਵੇਖਿਆ ਕਿ ਗੁਰੂ ਜੀ ਦਾ ਦਾਹੜਾ ਬਹੁਤ ਲੰਬਾ ਹੈ, ਜਿਸ ਤੇ ਉਨ੍ਹਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਹਾਡਾ ਇੰਨਾ ਲੰਬਾ ਦਾਹੜਾ ਕਿਉਂ ਹੈ, ਤਾਂ ਉਨ੍ਹਾਂ ਬੜੇ ਮਧੁਰ ਸ਼ਬਦਾਂ ਤੇ ਨਿਰਮਾਣਤਾ ਵਿਚ ਆ ਕੇ ਉੱਤਰ ਦਿੱਤਾ, "ਮੈਂ ਇਸ ਲਈ ਦਾਹੜੇ ਨੂੰ ਵੱਡਾ ਰੱਖਿਆ ਹੈ ਤਾਂ ਜੋ ਇਸ ਨਾਲ ਤੁਹਾਡੇ ਚਰਨ ਸਾਫ਼ ਕਰ ਸਕਾਂ।" ਇਸ ਮਗਰੋਂ ਗੁਰੂ ਜੀ ਸੱਚੀ-ਮੁੱਚੀ ਬਾਬਾ ਜੀ ਦੇ ਚਰਨ ਆਪਣੇ ਦਾਹੜੇ ਨਾਲ ਸਾਫ਼ ਕਰਨ ਲੱਗ ਪਏ। ਮੈਕਾਲਿਫ਼ ਲਿਖਦਾ ਹੈ ਕਿ ਗੁਰੂ ਜੀ ਦੀ ਸਿਦਕ-ਦਿਲੀ ਤੇ ਨਿਰਮਾਣਤਾ ਨੂੰ ਵੇਖ ਕੇ ਬਾਬਾ ਜੀ ਕਹਿਣ ਲੱਗੇ, "ਉਹ ਸੱਚੇ ਪਾਤਸ਼ਾਹ ਤੂੰ ਬਹੁਤ ਮਹਾਨ ਹੈ। ਤੂੰ ਮੇਰੇ ਪਿਤਾ ਦੀ ਥਾਂ ਤੇ ਹੈ, ਇਸੇ ਕਰਾਮਾਤ ਨੇ ਹੀ ਤੁਹਾਨੂੰ ਗੁਰੂ ਬਣਾਇਆ ਹੈ। ਮੇਰੇ ਕੋਲ ਅਜਿਹੀ ਕੋਈ ਸ਼ਕਤੀ ਨਹੀਂ ਸੀ, ਏਸੇ ਕਰਕੇ ਮੈਂ ਪਿਛੇ ਰਹਿ ਗਿਆ। ਮੈਂ ਤੁਹਾਡੀ ਮਹਾਨਤਾ ਦਾ ਵਰਣਨ ਨਹੀਂ ਕਰ ਸਕਦਾ, ਜਿਹੜੇ ਸਿੱਖ ਵੀ ਤੇਰੀ ਸ਼ਰਨ ਆਉਣਗੇ, ਉਹ ਬਚ ਜਾਣਗੇ।"[30]

ਪਹਿਲੇ ਗੁਰੂਆਂ ਵਾਂਗ ਗੁਰੂ ਰਾਮਦਾਸ ਜੀ ਨੇ ਬਾਣੀ ਦੀ ਮਹਾਨਤਾ ਦਾ ਸਿੱਕਾ ਸਿੱਖਾਂ ਦੇ ਦਿਲਾਂ ਵਿਚ ਬਿਠਾਇਆ, ਉਨ੍ਹਾਂ 'ਬਾਣੀ ਗੁਰੂ ਹੈ' ਦੇ ਸਿਧਾਂਤ ਨੂੰ ਪ੍ਰਪੱਕ ਕਰਦਿਆਂ ਵਿਅਕਤੀਵਾਦ ਨੂੰ ਬਿਲਕੁਲ ਪਾਸੇ ਕਰ ਦਿੱਤਾ, ਇਹ ਸਪਸ਼ਟ ਐਲਾਨ ਬਹੁਤ ਵੱਡੀ ਗੱਲ ਸੀ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥[31]

ਇਸੇ ਗੁਰਬਾਣੀ ਦੇ ਭੰਡਾਰ ਨੂੰ ਭਰਪੂਰ ਕਰਨ ਲਈ ਗੁਰੂ ਸਾਹਿਬ ਨੇ ਆਪਣੀ ਬਾਣੀ ਰਚੀ ਤੇ ਆਪਣੇ ਛੋਟੇ ਸਪੁੱਤਰ ਅਰਜਨ ਨੂੰ ਚੰਗੀ ਤਰ੍ਹਾਂ ਤਾਕ ਕੀਤਾ ਤੇ ਇਹ ਸ਼ਬਦ ਖਜ਼ਾਨਾ ਵੀ ਉਨ੍ਹਾਂ ਨੂੰ ਸੌਂਪਿਆ ਜਿਸ ਬਾਰੇ ਖੁਦ ਉਹਨਾਂ ਦੀ ਗਵਾਹੀ ਮੌਜੂਦ ਹੈ :

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥[32]

ਹਰਜਿੰਦਰ ਸਿੰਘ ਢਿੱਲੋਂ ਹੋਰਾਂ ਅਨੁਸਾਰ ਗੁਰੂ ਰਾਮਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰੂਪ ਵਿਚ ਹੈ[33] :

ਸ਼ਬਦ	:	246
ਛੰਤ	:	28
ਸਲੋਕ	:	135
ਵਣਜਾਰਾ	:	1 ਸ਼ਬਦ

ਘੋੜੀਆਂ	:	2 ਸ਼ਬਦ
ਅਸ਼ਟਪਦੀਆਂ	:	33
ਵਾਰਾਂ ਦੀਆਂ ਪਉੜੀਆਂ	:	183
ਪਹਰੇ	:	1 ਸ਼ਬਦ
ਕਰਹਲੇ	:	2 ਸ਼ਬਦ
ਸੋਹਲੇ	:	2 ਸ਼ਬਦ

ਗੁਰੂ ਰਾਮਦਾਸ ਨੇ ਗੁਰੂ ਨਾਨਕ ਦੇਵ ਜੀ ਵਾਲੇ ਸਾਰੇ ਰਾਗ ਵਰਤ ਕੇ 11 ਹੋਰ ਰਾਗ ਵਰਤੇ ਤੇ 30 ਰਾਗਾਂ ਵਿਚ ਬਾਣੀ ਰਚੀ ਹੈ ।[34]

(ੳ) ਗੁਰੂ ਨਾਨਕ ਦੇਵ ਜੀ ਦੇ ਵਰਤੇ ਰਾਗ

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸੁ, ਸੋਰਠਿ, ਧਨਾਸਰੀ, ਤਿਲੰਗ, ਸਾਰੰਗ, ਮਲਾਰ, ਪ੍ਰਭਾਤੀ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤੁ

(ਅ) 11 ਉਹ ਰਾਗ ਜੋ ਗੁਰੂ ਰਾਮਦਾਸ ਜੀ ਨੇ ਆਪ ਵਰਤੇ ਹਨ

ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਹਨ । ਇਹਨਾਂ ਵਿੱਚੋਂ ਹੇਠ ਲਿਖੇ ਰਾਗਾਂ ਵਿਚ ਗੁਰੂ ਰਾਮਦਾਸ ਜੀ ਦੀਆਂ 8 ਵਾਰਾਂ ਹਨ :

ਸਿਰੀ ਰਾਗੁ, ਗਉੜੀ, ਬਿਹਾਗੜਾ, ਵਡਹੰਸੁ, ਸੋਰਠਿ, ਬਿਲਾਵਲੁ, ਸਾਰੰਗ, ਕਾਨੜਾ ।

ਗੁਰੂ ਰਾਮਦਾਸ ਜੀ ਦੀਆਂ ਲਿਖੀਆਂ 8 ਵਾਰਾਂ ਦੀਆਂ 183 ਪਉੜੀਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਸਿਰੀ ਰਾਗ	:	21	ਗਉੜੀ	:	28
ਬਿਹਾਗੜਾ	:	21	ਵਡਹੰਸੁ	:	21
ਸੋਰਠਿ	:	29	ਬਿਲਾਵਲੁ	:	13
ਸਾਰਗ	:	35	ਕਾਨੜਾ	:	15
			ਕੁੱਲ	:	183

ਗੁਰੂ ਜੀ ਨੇ ਸ਼ਬਦ, ਅਸ਼ਟਪਦੀਆਂ ਤੇ ਛੰਤਾਂ ਤੋਂ ਇਲਾਵਾ ਹੇਠ ਲਿਖੀਆਂ ਉਚੇਚੀਆਂ ਬਾਣੀਆਂ ਰਚੀਆਂ ਹਨ :

ਸਿਰੀ ਰਾਗ ਵਿਚ	-	ਪਹਰੇ, 1 ਸ਼ਬਦ
	-	ਵਣਜਾਰਾ, 1 ਸ਼ਬਦ
ਗਉੜੀ ਵਿਚ	-	ਕਰਹਲੇ, 2 ਸ਼ਬਦ
ਵਡਹੰਸੁ ਵਿਚ	-	ਘੋੜੀਆਂ, 2 ਸ਼ਬਦ
ਮਾਰੂ ਵਿਚ	-	ਸੋਹਲੇ, 2 ਸ਼ਬਦ

ਰਾਗਾਂ ਅਨੁਸਾਰ ਸ਼ਬਦਾਂ ਤੇ ਛੰਦਾਂ ਦਾ ਵੇਰਵਾ ਇਸ ਤਰ੍ਹਾਂ ਹੈ :

		ਸ਼ਬਦ	ਅਸ਼ਟਪਦੀਆਂ	ਛੰਤ
1.	ਸਿਰੀ ਰਾਗੁ	6	-	1
2.	ਮਾਝ	7	1	-
3.	ਗਉੜੀ	32	-	-
4.	ਆਸਾ	16	-	14
5.	ਗੂਜਰੀ	7	1	-
6.	ਦੇਵਗੰਧਾਰੀ	6	-	-
7.	ਬਿਹਾਗੜਾ	6	-	-
8.	ਵਡਹੰਸੁ	3	4	-
9.	ਸੋਰਠਿ	9	-	-
10.	ਧਨਾਸਰੀ	13	-	1
11.	ਜੈਤਸਰੀ	11	-	-
12.	ਟੋਡੀ	1	-	-
13.	ਬੈਰਾੜੀ	6	-	-
14.	ਤਿਲੰਗ	2	-	-
15.	ਸੂਹੀ	15	2	6
16.	ਬਿਲਾਵਲੁ	7	6	2
17.	ਗੋਂਡ	6	-	-
18.	ਰਾਮਕਲੀ	6	-	-
19.	ਨਟ ਨਾਰਾਇਨ	9	6	-
20.	ਮਾਲੀ ਗਉੜਾ	6	-	-
21.	ਮਾਰੂ	8	-	-
22.	ਤੁਖਾਰੀ	-	-	4
23.	ਕੇਦਾਰਾ	2	-	-
24.	ਭੈਰਉ	7	-	-
25.	ਬਸੰਤੁ	7	1	-
26.	ਸਾਰਗ	13	-	-
27.	ਮਲਾਰ	9	-	-
28.	ਕਾਨੜਾ	12	6	-
29.	ਕਲਿਆਨ	7	6	-
30.	ਪਰਭਾਤੀ	7	-	-
	ਕੁੱਲ	246	33	28

ਬਲਕਾਰ ਸਿੰਘ ਜੀ ਲਿਖਦੇ ਹਨ, "ਗੁਰੂ ਰਾਮਦਾਸ ਜੀ ਦੀ ਰਚਨਾ ਵਿਚ ਪ੍ਰੇਮ ਅਤੇ ਸ਼ਰਧਾ ਦਾ ਵਗਦਾ ਪ੍ਰਵਾਹ ਹੈ। ਇਨ੍ਹਾਂ ਦੀ ਬਾਣੀ ਪੜ੍ਹਨ ਤੇ ਸੁਣਨ ਨਾਲ ਜੋ ਸ਼ਾਂਤੀ ਮਨ ਨੂੰ ਪ੍ਰਾਪਤ ਹੁੰਦੀ ਹੈ, ਉਸਦਾ ਕਥਨ ਕਰ ਸਕਣਾ ਕਠਿਨ ਹੈ।"[35]

ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਪੁੱਤਰ ਅਰਜਨ ਨੂੰ ਹਰ ਪਾਸਿਉਂ ਯੋਗ ਦੇਖਦਿਆਂ ਉਹਨਾਂ ਨੂੰ ਗੁਰਗੱਦੀ ਦੇਣ ਦਾ ਫ਼ੈਸਲਾ ਕੀਤਾ ਅਤੇ ਭਾਈ ਅਰਜਨ ਨੂੰ ਅਗਲਾ ਗੁਰੂ ਥਾਪਣ ਲਈ ਗੋਇੰਦਵਾਲ ਵਿਚ ਇਕ ਵਿਸ਼ੇਸ਼ ਇਕੱਠ ਕੀਤਾ। ਰਵਾਇਤ ਮੁਤਾਬਿਕ ਉਹਨਾਂ ਪੰਜ ਪੈਸੇ ਤੇ ਇਕ ਨਾਰੀਅਲ ਭਾਈ ਅਰਜਨ ਅੱਗੇ ਰੱਖ ਕੇ ਮੱਥਾ ਟੇਕਿਆ। ਅਧਿਆਤਮਿਕ ਉਤਰਾਧਿਕਾਰੀ ਵਜੋਂ ਗੁਰੂ ਅਰਜਨ ਦੇਵ ਦੇ ਮੱਥੇ ਉਪਰ ਭਾਈ ਬੁੱਢਾ ਜੀ ਨੇ ਤਿਲਕ ਲਗਾਇਆ। ਸਾਰੀ ਸੰਗਤ ਨੇ ਗੁਰੂ ਅਰਜਨ ਦੇਵ ਨੂੰ ਸਿੱਖਾਂ ਦੇ ਪੰਜਵੇਂ ਗੁਰੂ ਬਣਾਏ ਜਾਣ ਤੇ ਉਹਨਾਂ ਦੀ ਜੈ ਜੈ ਕਾਰ ਬੁਲਾਈ।

ਜਦੋਂ ਗੁਰੂ ਅਰਜਨ ਦੇਵ ਜੀ ਗੁਰੂ ਬਣਾਏ ਗਏ, ਤਾਂ ਗੁਰੂ ਰਾਮਦਾਸ ਜੀ ਜ਼ਿੰਦਗੀ ਦੇ ਬਾਕੀ ਗਿਣਵੇਂ ਦਿਨ ਗੁਜ਼ਾਰਨ ਲਈ ਮੁੜ ਬਿਆਸ ਦੇ ਕੰਢੇ ਗੋਇੰਦਵਾਲ ਆ ਗਏ। ਬਾਬਾ ਪ੍ਰਿਥੀ ਚੰਦ ਨੇ ਰੰਗ ਵਿਚ ਕੁਝ ਭੰਗ ਪਾਈ ਸੀ। ਉਹਨਾਂ ਇਹ ਭੁਲੇਖਾ ਖਾਧਾ ਕਿ ਜੇਠਾ ਪੁੱਤਰ ਹੋਣ ਕਰਕੇ ਗੁਰਿਆਈ ਮੇਰਾ ਹੱਕ ਹੈ। ਗੁਰੂ ਰਾਮਦਾਸ ਨੇ ਬਥੇਰਾ ਸਮਝਾਇਆ ਭੀ, ਪਰ ਪ੍ਰਿਥੀ ਚੰਦ ਜੀ ਉੱਤੇ ਕੋਈ ਅਸਰ ਨਾ ਹੋਇਆ। ਉਹ ਇਹ ਗੱਲ ਨਾ ਸਮਝ ਸਕੇ ਕਿ ਗੁਰਤਾ ਦੇ ਗੁਣਾਂ ਤੋਂ ਬਿਨਾ ਗੁਰਤਾ ਉੱਤੇ ਬਦੋ-ਬਦੀ ਜੱਫਾ ਨਹੀਂ ਵੱਜ ਸਕਦਾ। ਬਾਬਾ ਪ੍ਰਿਥੀਚੰਦ ਨੂੰ ਇਹ ਸੱਚਾਈ ਪਰਖਣ ਦਾ ਮੌਕਾ ਦਿੱਤਾ ਗਿਆ। ਗੁਰੂ ਰਾਮਦਾਸ ਜੀ ਗੋਇੰਦਵਾਲ ਜਾਣ ਲੱਗੇ ਗੁਰੂ ਅਰਜਨ ਸਾਹਿਬ ਨੂੰ ਭੀ ਨਾਲ ਹੀ ਲੈ ਗਏ। ਕੁਝ ਦਿਨ ਗੋਇੰਦਵਾਲ ਟਿਕਣ ਪਿਛੋਂ ਆਪ 2 ਅੱਸੂ ਸੰਮਤ 1638 ਨੂੰ ਜੋਤੀ ਜੋਤਿ ਸਮਾ ਗਏ। ਚੰਦ ਦੇ ਹਿਸਾਬ ਉਸ ਦਿਨ ਭਾਦਰੋਂ ਸੁਦੀ 3 ਸੀ, 1581 ਈਸਵੀ ਦੇ ਸਤੰਬਰ ਦੀ ਪਹਿਲੀ ਤਰੀਕ ਸੀ।[36]

ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਰਾਮਕਲੀ, ਰਾਮਕਲੀ ਕੀ ਵਾਰ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰ. 968.
2. ਸਾਹਿਬ ਸਿੰਘ (ਪ੍ਰੋ.), ਜੀਵਨ ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1976, ਪੰ. 6.
3. ਸਾਹਿਬ ਸਿੰਘ, ਉਹੀ, ਪੰਨਾ 5.
4. ਗਿਆਨੀ ਈਸ਼ਰ ਸਿੰਘ, ਗੁਰੂ ਰਾਮਦਾਸ ਪ੍ਰਕਾਸ਼, ਨਵੀਂ ਦਿੱਲੀ, 1977, ਪੰਨਾ 26.
5. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪਟਿਆਲਾ, 1987, ਪੰਨਾ 100.
6. ਸਾਹਿਬ ਸਿੰਘ (ਪ੍ਰੋ.), ਉਹੀ, ਪੰਨਾ 7.
   (ਬਲਕਾਰ ਸਿੰਘ ਜੀ ਕਹਿੰਦੇ ਹਨ ਕਿ ਗੋਇੰਦਵਾਲ ਵਿਖੇ ਭਾਈ ਜੇਠਾ ਦੀ ਗੁਰੂ ਅਮਰਦਾਸ ਜੀ ਨਾਲ ਮੁਲਾਕਾਤ ਹੋਈ)।
   ਬਲਕਾਰ ਸਿੰਘ, ਬਾਣੀ ਸ੍ਰੀ ਗੁਰੂ ਰਾਮਦਾਸ, ਤੁਕ ਤਤਕਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
7. ਮੈਕਾਲਿਫ ਮੈਕਸਆਰਥਰ, ਦੀ ਸਿੱਖ ਰਿਲੀਜਨ, ਦਿੱਲੀ, 1963, ਭਾਗ II, ਪੰਨਾ 336.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀ ਰਾਗੁ, ਮ. 4, ਛੰਤ, ਪੰਨਾ 78-79.

9. ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਗੁ ਤੁਖਾਰੀ*, ਮ. 4, ਪੰਨਾ 1116.
10. ਸਾਹਿਬ ਸਿੰਘ (ਪ੍ਰੋ.), ਉਹੀ, ਪੰਨਾ 13.
11. ਢਿੱਲੋਂ, ਹਰਜਿੰਦਰ ਸਿੰਘ, *ਗੁਰੂ ਰਾਮਦਾਸ ਜੀਵਨ ਤੇ ਰਚਨਾ*, ਅੰਮ੍ਰਿਤਸਰ, 1993, ਪੰਨਾ 10.
12. ਗਿਆਨੀ ਈਸ਼ਰ ਸਿੰਘ, ਉਹੀ, ਪੰਨਾ 72-73.
13. ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼*, 1999, ਪੰਨਾ 239.
14. ਗਿਆਨੀ ਈਸ਼ਰ ਸਿੰਘ, *ਉਹੀ*, ਪੰਨਾ 73.
15. ਭਾਈ ਸੰਤੋਖ ਸਿੰਘ, *ਸੂਰਜ ਪ੍ਰਕਾਸ਼*, ਰਾਗ 2, ਅੰਸੂ 13.
16. ਨਾਰਾ, ਗਿਆਨੀ ਈਸ਼ਰ ਸਿੰਘ, *ਉਹੀ*, ਪੰਨਾ 73.
17. ਸਾਹਿਬ ਸਿੰਘ (ਪ੍ਰੋ.), ਉਹੀ, ਪੰਨਾ 19.
18. ਤੇਜਾ ਸਿੰਘ ਗੰਡਾ ਸਿੰਘ, *ਏ ਸ਼ੋਰਟ ਹਿਸਟਰੀ ਆਫ ਦ ਸਿੱਖਜ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 24.
19. ਗੁਪਤਾ ਹਰੀ ਰਾਮ, *ਹਿਸਟਰੀ ਆਫ ਦੀ ਸਿੱਖਜ਼*, ਭਾਗ I, ਨਵੀਂ ਦਿੱਲੀ, 1984, ਪੰਨਾ 126.
20. ਸਾਹਿਬ ਸਿੰਘ (ਪ੍ਰੋ.), ਉਹੀ, ਪੰਨਾ 19.
21. ਤੇਜਾ ਸਿੰਘ ਗੰਡਾ ਸਿੰਘ, ਉਹੀ, ਪੰਨਾ 25.
22. ਗੁਪਤਾ, ਹਰੀ ਰਾਮ, ਉਹੀ, ਪੰਨਾ 126.
(ਇਤਿਹਾਸਕਾਰਾਂ ਵਿਚ ਸਰੋਵਰ ਦੀ ਖੁਦਾਈ ਤੇ ਇਸਦੇ ਮੁਕੰਮਲ ਹੋਣ ਦੀਆਂ ਤਾਰੀਖਾਂ ਵਿਚ ਮਤਭੇਦ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਤੂਬਰ 1977 ਵਿਚ ਅੰਮ੍ਰਿਤਸਰ ਦੀ ਸਥਾਪਨਾ ਦੀ 400 ਸਾਲਾ ਵਰ੍ਹੇ ਗੰਢ ਮਨਾਈ ਗਈ, ਜਿਸ ਅਨੁਸਾਰ ਅੰਮ੍ਰਿਤਸਰ ਦੀ ਉਸਾਰੀ ਦਾ ਕੰਮ 1577 ਈ. ਵਿਚ ਸ਼ੁਰੂ ਹੋਣਾ ਹੀ ਬਣਦਾ ਹੈ)
23. ਪੂਰਨ ਸਿੰਘ, *ਦੀ ਬੁੱਕ ਆਫ ਟੈੱਨ ਮਾਸਟਰਜ਼*, ਪੰਨਾ 47.
24. ਸਾਹਿਬ ਸਿੰਘ (ਪ੍ਰੋ.), ਉਹੀ, ਪੰਨਾ 16.
25. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਰਾਗੁ ਗਉੜੀ*, ਮ. 4, ਪੰਨਾ 167.
26. ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਗੁ ਆਸਾ*, ਮ. 4, ਪੰਨਾ 449.
27. ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਗੁ ਮਾਝ*, ਮ. 4, ਪੰਨਾ 95.
28. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ*, ਅੰਮ੍ਰਿਤਸਰ, 1990, ਪੰਨਾ 26.
29. ਗੁਪਤਾ, ਹਰੀ ਰਾਮ, ਉਹੀ, ਪੰਨਾ 127.
30. ਮੈਕਾਲਿਫ, ਉਹੀ, ਪੰਨਾ 257-58. ਕਵੀ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਇਸ ਘਟਨਾ ਦਾ ਜ਼ਿਕਰ ਇੰਝ ਕਰਦੇ ਹਨ :

ਤੁਮਰੀ ਮਹਿਮਾ ਅਧਿਕ ਹੈ ਕਹੀਏ ਕਾਹਿ ਬਨਾਇ॥
ਤੁਮਰੇ ਸਰ ਮਹਿੰ ਜੋ ਮਜਹਿ ਪਾਪੀ ਭੀ ਗਤਿ ਪਾਇ॥ (ਸੂਰਜ ਪ੍ਰਕਾਸ਼, ਪੰਨਾ 701)

31. ਸ੍ਰੀ ਗੁਰੂ ਗ੍ਰੰਥ ਸਾਹਿਬ, *ਅਸ਼ਟਪਦੀਆਂ*, ਮ. 4, ਪੰਨਾ 982.
32. ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਗੁ ਗਉੜੀ*, ਮ. 5, ਪੰਨਾ 186.
33. ਢਿੱਲੋਂ ਹਰਜਿੰਦਰ ਸਿੰਘ, *ਗੁਰੂ ਰਾਮਦਾਸ ਜੀਵਨ ਤੇ ਰਚਨਾ*, ਅੰਮ੍ਰਿਤਸਰ, 1993, ਪੰਨਾ 11.
34. ਸਾਹਿਬ ਸਿੰਘ, ਉਹੀ, ਪੰਨਾ 33-35.
35. ਬਲਕਾਰ ਸਿੰਘ (ਡਾ.), *ਬਾਣੀ ਸ੍ਰੀ ਗੁਰੂ ਰਾਮਦਾਸ*, ਤੁਕ ਤਤਕਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
36. ਸਾਹਿਬ ਸਿੰਘ, ਉਹੀ, ਪੰਨਾ 31.

ਸ੍ਰੀ ਗੁਰੂ ਅਰਜਨ ਦੇਵ

ਡਾ. ਸਰਬਜਿੰਦਰ ਸਿੰਘ*

ਗੁਰੂ ਅਰਜਨ ਜਮੁਲਾ ਜੂਦੋ ਫ਼ਜ਼ਾਲ
ਹਕੀਕਤ ਪਜ਼ੋਹਿੰਦਾਇ ਹੱਕ ਜਮਾਲ ॥
ਵਜੂਦਸ਼ ਹਮਾ ਰਹਿਮਤਿ ਈਜ਼ਦੀ
ਸਆਦਤ ਫਜ਼ਾਇੰਦਇ ਸਰਮਦੀ ॥
ਮੁਰੀਦਸ਼ ਦੋ ਆਲਮ ਰਿਹ ਬਲ ਸਦ ਹਜ਼ਾਰ
ਹਮਾ ਕਰਮਹਾਇ ਊ ਜੱਆਅ ਖ਼੍ਵਾਰ ॥
ਅਜ਼ੋ ਨਜ਼ਮ ਕਾਲਿ ਹੱਕ ਅੰਦੇਸ਼ਾ ਰਾ
ਬਦੋ ਨਸਕ ਇਲਇ ਯਕੀ-ਪੇਸ਼ਾਰਾ ॥
ਜਲਾਇ ਮਕਾਲਿ ਹੱਥ ਆਮਦ ਅਜ਼ੋ
ਫਰੋਗਿ ਜਮਾਲਿ ਹੱਕ ਆਮਦ ਅਜ਼ੋ ॥

ਭਾਈ ਨੰਦ ਲਾਲ ਦਾ ਉਪਰੋਕਤ ਨਾਦ ਪੰਚਮ ਪਾਤਸ਼ਾਹ ਦੀ ਨਜ਼ਰ ਹੈ। ਭਾਈ ਸਾਹਿਬ ਗੁਰੂ ਪਾਤਸ਼ਾਹ ਦੀ ਉਪਮਾ ਵਰਨਣ ਕਰ ਰਹੇ ਹਨ : ਗੁਰੂ ਅਰਜਨ ਬਖਸ਼ਿਸ਼ ਅਤੇ ਵਡਿਆਈ ਦਾ ਰੂਪ ਹੈ, ਰੱਬੀ ਸ਼ਾਨ ਦੀ ਅਸਲੀਅਤ ਦਾ ਢੂੰਡਣਹਾਰਾ ਹੈ। ਉਨ੍ਹਾਂ ਦਾ ਵਜੂਦ ਜਿਥੇ ਰੱਬ ਦੀ ਰਹਿਮਤ ਦਾ ਝਲਕਾਰਾ ਹੈ, ਉੱਥੇ ਸਦੀਵੀ ਨੇਕ ਗੁਣਾਂ ਨੂੰ ਵਧਾਉਣ ਵਾਲਾ ਵੀ ਹੈ। ਦੋ ਜਹਾਨ ਤੇ ਕੀ ਲੱਖਾਂ ਹੀ ਉਸ ਦੇ ਮੁਰੀਦ ਹਨ ਅਤੇ ਉਸ ਦੀ ਮਿਹਰ ਤੇ ਅੰਮ੍ਰਿਤ ਰੂਪੀ ਘੁੱਟ ਪੀਣ ਵਾਲੇ ਹਨ। ਰੱਬੀ ਵਿਚਾਰ ਵਾਲੀ ਬਾਣੀ ਉਸੇ ਤੋਂ ਉਤਰਦੀ ਹੈ, ਸਿਦਕ ਭਰੋਸੇ ਵਾਲੇ ਗਿਆਨ ਭਰਪੂਰ ਲੇਖ ਭੀ ਉਸ ਦੇ ਹੀ ਹਨ। ਰੱਬੀ ਗਿਆਨ ਗੋਸ਼ਟਿ ਨੂੰ ਉਸੇ ਤੋਂ ਚਮਕ ਦਮਕ ਪ੍ਰਾਪਤ ਹੈ, ਰੱਬੀ ਹੁਸਨ ਨੂੰ ਉਸ ਤੋਂ ਨਿਖਾਰ ਅਤੇ ਖੇੜਾ ਆਉਂਦਾ ਹੈ।

ਇਸ ਰੱਬੀ ਹੁਸਨ ਅਤੇ ਗੁਰੂ ਨਾਨਕ ਦੇ ਪੰਜਵੇਂ ਉਤਰਾਧਿਕਾਰੀ ਦਾ ਜਨਮ 19 ਵੈਸਾਖ 1620 ਸੰਮਤ ਮੁਤਾਬਿਕ 15 ਅਪਰੈਲ 1563 ਈਸਵੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਦੇ ਉਦਰ ਤੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ।[1] ਆਪ ਜੀ ਦਾ ਬਚਪਨ ਬਿਆਸ ਦਰਿਆ ਦੇ ਕੰਢੇ ਤੇ ਰਮਣੀਕ ਵਾਤਾਵਰਣ ਵਿਚ ਬਤੀਤ ਹੋਇਆ। ਆਪ ਜੀ ਦੇ ਨਾਨਾ ਅਤੇ ਗੁਰੂ ਨਾਨਕ ਗੱਦੀ ਦੇ ਤੀਸਰੇ ਉਤਰਾਧਿਕਾਰੀ ਗੁਰੂ ਅਮਰਦਾਸ ਅਤੇ ਪਿਤਾ ਗੁਰੂ ਰਾਮਦਾਸ ਜੀ ਦੇ ਚੌਗਿਰਦੇ ਸਦਾ ਇਕ ਅਧਿਆਤਮਕ ਵਾਯੂ ਮੰਡਲ ਬਣਿਆ ਰਹਿੰਦਾ, ਆਪ ਹਮੇਸ਼ਾਂ ਇਸ ਵਾਤਾਵਰਣ ਨੂੰ ਗਹੁ ਨਾਲ ਵੇਖਦੇ ਰਹਿੰਦੇ ਅਤੇ ਸਾਰਾ ਸਮਾਂ ਵੀ ਗੁਰ ਸੰਗਤ ਵਿਚ ਹੀ ਬਤੀਤ

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਰਦੇ। ਇਸ ਕਰਕੇ ਆਪ ਜੀ ਸੰਸਾਰੀ ਖੇਡਾਂ ਨਾਲੋਂ ਇਨ੍ਹਾਂ ਅਧਿਆਤਮਿਕ ਖੇਡਾਂ ਵਿਚ ਵਲੀਨ ਰਹਿਣਾ ਵਧੇਰੇ ਪਸੰਦ ਕਰਦੇ। ਉਹਨਾਂ ਦੇ ਇਸ ਰੂਪ ਨੂੰ ਵੇਖਦੇ ਹੋਏ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਸਨ ਕਿ :

"ਦੋਹਤਾ ਬਾਣੀ ਦਾ ਬੋਹਿਥਾ (ਜਹਾਜ) ਹੋਵੇਗਾ, ਆਪ ਵੀ ਤਰੇਗਾ ਤੇ ਦੂਜਿਆਂ ਨੂੰ ਵੀ ਤਾਰੇਗਾ।"

ਬਚਪਨ ਤੋਂ ਹੀ ਜਿੱਥੇ ਉਨ੍ਹਾਂ ਨੂੰ ਅਧਿਆਤਮਿਕ ਪ੍ਰਬੀਨਤਾ ਹਾਸਲ ਸੀ, ਉੱਥੇ ਉਨ੍ਹਾਂ ਦੀ ਤੀਖਣ ਸੂਝ-ਬੂਝ ਸਾਰਿਆਂ ਨੂੰ ਹੈਰਾਨੀ ਵਿਚ ਪਾ ਦਿੰਦੀ ਸੀ। ਉਨ੍ਹਾਂ ਨੇ ਬਹੁਤ ਜਲਦੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਭਾਈ ਗੁਰਦਾਸ ਜੀ ਦੇ ਸੰਗ-ਸਾਥ ਨਾਲ ਭਾਰਤ ਦੀਆਂ ਉਸ ਵੇਲੇ ਦੀਆਂ ਪ੍ਰਮੁਖ ਭਾਸ਼ਾਵਾਂ ਨੂੰ ਪੂਰੀ ਤਰ੍ਹਾਂ ਸਿੱਖ ਲਿਆ ਸੀ, ਜਿਨ੍ਹਾਂ ਵਿਚ ਪ੍ਰਮੁਖ ਗੁਰਮੁਖੀ, ਦੇਵਨਾਗਰੀ, ਸੰਸਕ੍ਰਿਤ, ਸਿੰਧੀ ਅਤੇ ਫ਼ਾਰਸੀ ਸਨ। ਵਿੱਦਿਆ ਗੁਰੂ ਜਾਂ ਮਕਤਬ ਭਾਵੇਂ ਕੋਈ ਵੀ ਹੋਵੇ, ਪਰ ਇਹ ਤੱਥ ਆਪ ਦੀ ਬਾਣੀ ਦੇ ਅਧਿਐਨ ਅਤੇ ਆਦਿ ਗ੍ਰੰਥ ਦੀ ਸੰਪਾਦਨਾ ਵਿਧੀ ਤੋਂ ਹੋ ਜਾਂਦਾ ਹੈ ਕਿ ਆਪ ਨੇ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਜਿੱਥੇ ਭਾਸ਼ਾਈ ਗਿਆਨ ਵਿਚ ਪ੍ਰਬੀਨਤਾ ਹਾਸਲ ਕਰ ਲਈ ਸੀ, ਉੱਥੇ ਵਿਆਕਰਣ, ਛੰਦ ਸ਼ਾਸਤਰ ਦਾ ਗੂੜ੍ਹਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ, ਆਪ ਦੀ ਬਾਣੀ ਵਿਚ ਸਮੁੱਚੇ ਰੂਪ ਵਿਚ ਅਤੇ ਵਿਸ਼ੇਸ਼ ਕਰਕੇ ਸਲੋਕ ਸੰਸਕ੍ਰਿਤੀ ਵਿਚ ਸੰਸਕ੍ਰਿਤ ਦਾ ਤਤਸਮ ਸ਼ਬਦ ਭੰਡਾਰ ਆਪ ਜੀ ਦੇ ਗੂੜ੍ਹ ਸੰਸਕ੍ਰਿਤ ਗਿਆਨ ਦੀ ਸਾਖੀ ਭਰਦਾ ਹੈ। ਕੇਵਲ ਇਥੋਂ ਤਕ ਹੀ ਨਹੀਂ ਸਗੋਂ ਵੱਖ-ਵੱਖ ਧਰਮਾਂ ਦੇ ਧਰਮ ਗ੍ਰੰਥਾਂ ਦਾ ਪੂਰਨ ਤੌਰ ਤੇ ਅਧਿਐਨ ਵੀ ਕਰ ਲਿਆ ਸੀ। ਗੁਰੂ ਅਰਜਨ ਪਾਤਸ਼ਾਹ ਦੇ ਦੋ ਵੱਡੇ ਭਰਾ ਵੀ ਸਨ; ਪ੍ਰਿਥੀ ਚੰਦ ਅਤੇ ਮਹਾਂਦੇਵ, ਜਿਨ੍ਹਾਂ ਨੂੰ ਇਹ ਪੂਰਨ ਸਤਿਕਾਰ ਦਿੰਦੇ ਸਨ, ਪਰ ਉਹ ਹਮੇਸ਼ਾਂ ਇਨ੍ਹਾਂ ਪ੍ਰਤੀ ਨਫ਼ਰਤ ਦਾ ਪ੍ਰਗਟਾ ਕਰਦੇ ਰਹੇ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਪਹਿਲੇ ਗਿਆਰਾਂ ਸਾਲ ਗੋਇੰਦਵਾਲ ਵਿਚ ਹੀ ਬਤੀਤ ਕੀਤੇ। ਇਸੇ ਸਮੇਂ ਵਿਚ ਤੀਜੇ ਪਾਤਸ਼ਾਹ ਹਜ਼ੂਰ ਜੋਤੀ ਜੋਤਿ ਸਮਾ ਗਏ ਅਤੇ ਪਰੰਪਰਾ ਅਨੁਸਾਰ ਨਿਰਖ ਪਰਖਾਂ ਵਿਚ ਆਪ ਦੇ ਪਿਤਾ ਪੂਰਨ ਉਤਰੇ ਅਤੇ ਗੁਰੂ ਨਾਨਕ ਦੇ ਚੌਥੇ ਉਤਰਾਧਿਕਾਰੀ ਵਜੋਂ ਗੁਰਗੱਦੀ 'ਤੇ ਸੁਸ਼ੋਭਿਤ ਹੋਏ। ਗੁਰੂ ਰਾਮਦਾਸ ਜੀ ਤੀਜੇ ਪਾਤਸ਼ਾਹ ਦੇ ਹੁਕਮ ਅਨੁਸਾਰ ਨਵੇਂ ਵਸਾਏ ਜਾ ਰਹੇ ਨਗਰ ਰਾਮਦਾਸ ਪੁਰ ਵਿਚ ਪਰਿਵਾਰ ਸਮੇਤ ਚਲੇ ਗਏ। ਇੱਥੇ ਹੀ ਬਾਲਕ ਅਰਜਨ ਦੇਵ ਦੀ ਸ਼ਾਦੀ ਮਾਤਾ ਗੰਗਾ ਜੀ ਨਾਲ ਕਰ ਦਿੱਤੀ ਗਈ।

ਗੁਰੂ ਰਾਮਦਾਸ ਜੀ ਦੀ ਅਗਵਾਈ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਵਿਚ ਬਹੁਤ ਵਾਧਾ ਹੋਇਆ। ਰਾਮਦਾਸਪੁਰਾ ਸਿੱਖ ਧਰਮ ਦੇ ਮੱਕੇ ਵਜੋਂ ਸਥਾਪਤ ਹੋ ਰਿਹਾ ਸੀ ਅਤੇ ਸਿੱਖ ਸੰਗਤਾਂ ਇਸ ਚੇਤਨਾ ਕੇਂਦਰ ਵੱਲ ਵਹੀਰਾਂ ਘੱਤ ਕੇ ਆਉਣ ਲੱਗੀਆਂ। ਗੁਰੂ ਰਾਮਦਾਸ ਜੀ ਜਿੱਥੇ ਸਿੱਖ ਸੰਗਤਾਂ ਨੂੰ ਨਾਨਕ ਚਿੰਤਨ ਨਾਲ ਜੋੜ ਰਹੇ ਸਨ, ਉੱਥੇ ਨਾਲ ਦੀ ਨਾਲ ਅਗਲੇ ਉਤਰਾਧਿਕਾਰੀ ਦੀ ਨਿਰਖ ਪਰਖ ਵੀ ਡੂੰਘੀ ਨੀਝ ਨਾਲ ਕਰ ਰਹੇ ਸਨ। ਇਸ ਨਿਰਖ ਪਰਖ ਵਿਚ ਹੁਣ ਉਸਨੇ ਪੂਰਾ ਉਤਰਨਾ ਸੀ, ਜਿਸ ਵਿਚ ਨਿਮਰਤਾ, ਸੇਵਾ ਭਾਵ ਅਤੇ ਸੰਸਾਰੀ ਕੰਮਾਂ ਵਿਚ ਕੁਸ਼ਲਤਾ ਦੇ ਨਾਲ ਆਪਾ ਵਾਰਨ ਦੀ ਭਾਵਨਾ ਵੀ ਹੋਣਾ ਲਾਜ਼ਮੀ ਸੀ। ਗੁਰੂ ਰਾਮਦਾਸ ਜੀ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਸਿੱਖ ਧਰਮ ਦੇ ਦੈਵੀ ਨਾਦ ਨਾਲ ਜਿਹੜਾ ਸੋਸ਼ਿਤ ਤੋਂ ਸੁਤੰਤਰਤਾ

ਦਾ ਪ੍ਰਸੰਗ ਸਥਾਪਤ ਹੋ ਚੁੱਕਾ ਸੀ, ਉਸਨੂੰ ਨਾ ਸਮਕਾਲੀ ਧਰਮਾਂ ਅਤੇ ਨਾ ਹੀ ਸਮੇਂ ਦੇ ਹਾਕਮਾਂ ਨੇ ਪਸੰਦ ਕਰਨਾ ਸੀ। ਇਹ ਲਾਜ਼ਮੀ ਸੀ ਕਿ ਸਮੱਸਿਆਵਾਂ ਦੇ ਵੱਡੇ ਜੰਗਲ ਪੈਦਾ ਹੋਣਗੇ ਅਤੇ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਦਵਾਉਣ ਲਈ ਸਿਰ ਦੇਣਾ ਪੈ ਸਕਦਾ ਸੀ ਅਤੇ ਇਹ ਸਿਰ ਸਭ ਤੋਂ ਪਹਿਲਾਂ ਗੁਰੂ ਘਰ ਦਾ ਬੇਟਾ ਹੀ ਕਿਉਂ ਨਾ ਦੇਵੇ? ਇਹ ਪ੍ਰਸ਼ਨ ਗੁਰੂ ਪਾਤਸ਼ਾਹ ਦੇ ਸਾਹਮਣੇ ਸੀ ਅਤੇ ਇਸ ਦੇ ਉੱਤਰ ਵਾਸਤੇ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਵਿੱਚੋਂ ਚੋਣ ਕਰਨਾ ਲਾਜ਼ਮੀ ਸੀ। ਇੱਥੇ ਇਹ ਧਿਆਨ ਵਿਚ ਰੱਖ ਲੈਣਾ ਲਾਜ਼ਮੀ ਹੈ ਕਿ ਇਸ ਨਾਲ ਗੁਰਗੱਦੀ ਪਿਤਾ-ਪੁਰਖੀ ਹੋਣਾ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਜੇ ਅਜਿਹਾ ਹੁੰਦਾ ਤਾਂ ਗੁਰਗੱਦੀ ਤੇ ਪ੍ਰਿਥਵੀ ਚੰਦ ਸੁਸ਼ੋਭਤ ਹੁੰਦਾ। ਨਿਰਖਾਂ ਪਰਖਾਂ ਵਿਚ ਅਰਜਨ ਦੇਵ ਪੂਰੇ ਸੂਰੇ ਉਤਰੇ ਅਤੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਪੰਚ ਭੂਤਕ ਸਰੀਰ ਤਿਆਗਣ ਤੋਂ ਪਹਿਲਾਂ 21 ਵੈਸਾਖ, 1638 ਬਿਕਰਮੀ ਨੂੰ ਅੰਮ੍ਰਿਤਸਰ ਦੇ ਸਥਾਨ ਤੇ ਪੰਜਵੇਂ ਗੁਰੂ ਵਜੋਂ ਥਾਪਨਾ ਅਰਜਨ ਦੇਵ ਦੀ ਕਰ ਦਿੱਤੀ। ਇਸ ਮਹਾਨ ਰਸਮ ਦੀ ਸੰਪੂਰਨਤਾ ਬਾਬਾ ਬੁੱਢਾ ਜੀ ਦੇ ਹੱਥੋਂ ਹੋਈ। ਇਸ ਗੱਲ ਦਾ ਪ੍ਰਗਟਾਵਾ ਭੱਟ ਬਾਣੀ ਵਿੱਚੋਂ ਵੀ ਹੁੰਦਾ ਹੈ। ਹਰਿਵੰਸ਼ ਭਟ ਲਿਖਦਾ ਹੈ ਕਿ ਗੁਰੂ ਰਾਮਦਾਸ ਜੀ ਧਰਤੀ ਦਾ ਛਤ੍ਰ ਸਿੰਘਾਸਨ ਗੁਰੂ ਅਰਜਨ ਨੂੰ ਦੇ ਕੇ ਪਰਲੋਕ ਸਿਧਾਰੇ ਸਨ।[3] ਗ੍ਰੰਥ 'ਗੋਸ਼ਟਾਂ ਮਿਹਰਵਾਨ' ਵਿਚ ਗੁਰਗੱਦੀ ਸੰਬੰਧੀ ਇਸ ਤਰ੍ਹਾਂ ਲਿਖਿਆ ਹੈ: ਤਬ ਗੁਰੂ ਰਾਮਦਾਸ ਸੰਮਤ 1638 ਕਉ ਸਬਦ ਦੀ ਥਾਪਨਾ ਗੁਰੂ ਅਰਜਨ ਕਉ ਦੇ ਕੰਰ ਆਪ ਸਚਿ ਖੰਡਿ ਕਉ ਸਿਧਾਰੇ।[4] ਭਾਈ ਗੁਰਦਾਸ ਇਸ ਪ੍ਰਸੰਗ ਨੂੰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਪੰਜੇ ਤਿਨਿ ਅਸਾਧ ਸਾਧਿ ਸਾਧੁ ਸਦਾਇ ਸਾਧੁ ਬਿਰਦਾਇਆ।
ਪੰਜੇ ਏਕੰਕਾਰ ਲਿਖਿ ਅਗੋਂ ਪਿਛੀ ਸਹਸ ਫਲਾਇਆ।
ਪੰਜੇ ਅਖਰ ਪਰਧਾਨ ਕਰਿ ਪਰਮੇਸਰੁ ਹੋਇ ਨਾਉ ਧਰਾਇਆ।
ਸਤਿਗੁਰੁ ਨਾਨਕ ਦੇਉ ਹੈ ਗੁਰੁ ਅੰਗਦੁ ਅੰਗਹੁੰ ਉਪਜਾਇਆ।
ਅੰਗਦ ਤੇ ਗੁਰੁ ਅਮਰਪਦ ਅੰਮ੍ਰਿਤ ਰਾਮ ਨਾਮੁ ਗੁਰੁ ਭਾਇਆ।
ਰਾਮਦਾਸ ਗੁਰੁ ਅਰਜਨ ਛਾਇਆ ॥21॥[5]

ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇਣ ਦਾ ਵਿਰੋਧ ਖੁਦ ਗੁਰੂ ਘਰ ਵੱਲੋਂ ਹੋਇਆ। ਇਸ ਵਿਚ ਪ੍ਰਮੁਖ ਭੂਮਿਕਾ ਪ੍ਰਿਥੀ ਚੰਦ ਨੇ ਨਿਭਾਈ। ਪਰ ਗੁਰਗੱਦੀ ਲਈ ਗੁਰੂ ਘਰ ਵਿਚ ਹੋਇਆ ਇਹ ਵਿਰੋਧ ਕੋਈ ਨਵਾਂ ਨਹੀਂ ਸੀ। ਗੁਰੂ ਨਾਨਕ ਪਾਤਸ਼ਾਹ ਵੱਲੋਂ ਗੁਰੂ ਅੰਗਦ ਦੇਵ ਨੂੰ ਗੁਰੂ ਗੱਦੀ ਦੇਣ ਵਾਲੇ ਸ੍ਰੀ ਚੰਦ ਅਤੇ ਲਖਮੀ ਚੰਦ ਵਿਰੋਧੀਆਂ ਦੇ ਰੂਪ ਵਿਚ ਸਾਹਮਣੇ ਸਨ ਅਤੇ ਇਸ ਤਰ੍ਹਾਂ ਦਾ ਪ੍ਰਗਟਾ ਭਾਈ ਦਾਤੂ ਅਤੇ ਦਾਸੂ ਜੀ ਨੇ ਤੀਜੇ ਗੁਰੂ ਨੂੰ ਗੁਰਗੱਦੀ ਦੇਣ ਵੇਲੇ ਕੀਤਾ ਸੀ। ਤੀਜੇ ਪਾਤਸ਼ਾਹ ਨੇ ਬੇਸ਼ਕ ਗੁਰਗੱਦੀ ਆਪਣੀ ਬੇਟੀ ਦੇ ਪਤੀ ਰਾਮਦਾਸ ਜੀ ਨੂੰ ਦਿੱਤੀ ਸੀ, ਪਰ ਬਾਬਾ ਮੋਹਨ ਅਤੇ ਮੋਹਰੀ ਜੀ ਨੇ ਵੀ ਵੱਡਾ ਕਲੇਸ਼ ਕੀਤਾ ਸੀ। ਹੁਣ ਇਸੇ ਤਰ੍ਹਾਂ ਦਾ ਵਿਰੋਧ ਕਰਨ ਵਾਲਿਆਂ ਵਿਚ ਪ੍ਰਿਥੀ ਚੰਦ ਅਤੇ ਮਹਾਂਦੇਵ ਸਨ। ਪ੍ਰਿਥੀ ਚੰਦ ਨੇ ਤੇ ਇਥੋਂ ਤਕ ਵਿਰੋਧ ਕੀਤਾ ਕਿ ਗੁਰੂ ਰਾਮਦਾਸ ਜੀ ਦੇ ਹੁਕਮ ਦੀ ਅਦੂਲੀ ਕਰਦੇ ਹੋਏ ਖੁਦ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ। ਇਸ ਦਾ ਬਖਾਨ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰ ਰਹੇ ਹਨ:

ਜੇ ਕੋ ਆਪੁ ਗਣਾਇ ਕੈ ਪਾਤਿਸਾਹਾਂ ਤੇ ਆਕੀ ਹੋਵੇ।

ਹੁਇ ਕਤਲਾਮੁ ਹਰਾਮਖੋਰੁ ਕਾਠੁ ਨ ਖਫਣੁ ਚਿਤਾ ਨਾ ਟੋਵੈ ।
ਟਕਸਾਲਹੁ ਬਾਹਰਿ ਘੜੇ ਖੋਟੈਹਾਰਾ ਜਨਮੁ ਵਿਗੋਵੈ ।
ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਝੂ ਰੋਵੈ ॥
ਗਿਦੜ ਦੀ ਕਰਿ ਸਾਹਿਬੀ ਬੋਲਿ ਕੁਬੋਲੁ ਨ ਅਬਿਚਲੁ ਹੋਵੈ ।
ਮੁਹਿ ਕਾਲੈ ਗਦਹਿ ਚੜ੍ਹੈ ਰਾਉ ਪੜੇ ਵੀ ਭਰਿਆ ਧੋਵੈ ।
ਦੂਜੈ ਭਾਇ ਕੁਥਾਇ ਖਲੋਵੈ ॥[6]

ਭਾਈ ਗੁਰਦਾਸ ਜੀ ਪ੍ਰਿਥੀ ਚੰਦ ਦਾ ਉਪਰੋਕਤ ਤੋਂ ਵੀ ਅਤਿ ਘ੍ਰਿਣਤ ਰੂਪ ਪ੍ਰਗਟ ਕਰਦੇ ਹੋਏ ਉਸ ਦੀ ਕਪਟੀ ਚਾਲਾਂ ਕਰ ਉਸ ਨੂੰ ਮੀਣਾ ਕਹਿ ਸੰਬੋਧਤ ਕਰਦੇ ਹਨ ਅਤੇ ਮਹਾਂਦੇਵ ਦੇ ਹੰਕਾਰੀ ਰੂਪ ਨੂੰ ਚਿਤਰਦੇ ਹਨ :

ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ ।
ਚੰਦਨ ਵਾਸੁ ਨ ਵਾਸ ਬੋਹਾਇਆ ॥[7]

ਇਸ ਭਾਰੀ ਵਿਰੋਧ ਤੋਂ ਬਚਣ ਲਈ ਇਕੋ ਰਸਤਾ ਸੀ ਕਿ ਗੁਰੂ ਪਾਤਸ਼ਾਹ ਜਾਂ ਤੇ ਰਾਮਦਾਸਪੁਰਾ ਛੱਡ ਕੇ ਕਿਸੇ ਹੋਰ ਥਾਂ ਜਾ ਵਸਣ ਜਾਂ ਇਨ੍ਹਾਂ ਮੁਸ਼ਕਲਾਂ ਦਾ ਸਖਤੀ ਨਾਲ ਮੁਕਾਬਲਾ ਕਰਨ। ਵਿਰੋਧਤਾ ਤੋਂ ਬਚਣ ਲਈ ਪਹਿਲੇ ਗੁਰੂ ਪਾਤਸ਼ਾਹ ਵਾਂਗ ਆਪਣਾ ਕਾਰਜ ਸਥਾਨ ਬਦਲ ਲੈਣਾ ਗੁਰੂ ਅਰਜਨ ਦੇਵ ਜੀ ਵਾਸਤੇ ਨਾ ਤੇ ਸੰਭਵ ਸੀ ਅਤੇ ਨਾ ਹੀ ਯੋਗ। ਮਾਝੇ ਵਿੱਚੋਂ ਨਿਕਲ ਕੇ ਬਿਆਸਾ ਪਾਰ ਦੁਆਬੇ ਦੀ ਧਰਤੀ ਤੇ ਆ ਕੇ ਇਸ ਵਿਰੋਧਤਾ ਨੂੰ ਜੇ ਖਤਮ ਨਹੀਂ ਤੇ ਟਾਲਿਆ ਜ਼ਰੂਰ ਜਾ ਸਕਦਾ ਸੀ, ਪਰ ਇਸ ਤਰ੍ਹਾਂ ਕਰ ਸਕਣਾ ਮੁਸ਼ਕਿਲ ਕਾਰਜ ਸੀ। ਗੁਰੂ ਰਾਮਦਾਸ ਜੀ ਵੱਲੋਂ ਉਸਾਰੀ ਦੇ ਛੋਹੇ ਗਏ ਕਾਰਜ ਅਜੇ ਅਧੂਰੇ ਪਏ ਸਨ। ਕੇਂਦਰ ਬਦਲਣ ਨਾਲ ਪਿਛਲੇ ਕੀਤੇ ਕਾਰਜ ਵਿਚ ਰਹਿ ਜਾਣ ਦਾ ਸੰਸਾ ਸੀ, ਦੂਸਰਾ ਮੁਸ਼ਕਲਾਂ ਨੂੰ ਵੇਖਦੇ ਹੋਏ ਘਬਰਾ ਜਾਣਾ ਇਹ ਸਿੱਖ ਚਿੰਤਨ ਦੇ ਅਨੁਸਾਰੀ ਵੀ ਨਹੀਂ ਸੀ। ਗੁਰੂ ਅਰਜਨ ਪਾਤਸ਼ਾਹ ਨੇ ਆਪਣੀ ਕਰਮ ਭੂਮੀ ਪੱਕੇ ਤੌਰ ਤੇ ਰਾਮਦਾਸ ਪੁਰਾ ਹੀ ਸਥਾਪਤ ਕਰ ਲਈ ਅਤੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਵਰਗੇ ਲੋਹ ਪੁਰਸ਼ਾਂ ਦੇ ਸਹਿਯੋਗ ਸਦਕਾ ਜਲਦੀ ਹੀ ਸਾਰੀਆਂ ਸਮੱਸਿਆਵਾਂ ਨੂੰ ਹੌਲੀ-ਹੌਲੀ ਸਰ ਕਰਨਾ ਸ਼ੁਰੂ ਕਰ ਦਿੱਤਾ।

ਪ੍ਰਿਥੀ ਚੰਦ ਹੀਲਾ ਬਸੀਲਾ ਗੁਰੂ ਪਾਤਸ਼ਾਹ ਦੇ ਵਿਰੁੱਧ ਚਾਲਾਂ ਚੱਲਦਾ ਰਿਹਾ। ਲੰਗਰ ਦੀ ਨਾਕਾ-ਬੰਦੀ ਕਰਨ ਹਿਤ ਸੰਗਤ ਵੱਲੋਂ ਚੜ੍ਹਾਵਾ ਆਪਣੇ ਕੰਟਰੋਲ ਵਿਚ ਕਰਨਾ[8] ਅਤੇ ਅਕਬਰ ਦੇ ਹਿਤੂ ਅਤੇ ਸਿੱਖ ਧਰਮ ਦੇ ਕੱਟੜ ਵਿਰੋਧੀ ਵਜ਼ੀਰ ਬੀਰਬਲ ਨੂੰ ਗੁਰੂ ਪਾਤਸ਼ਾਹ ਵਿਰੁੱਧ ਭੜਕਾਉਣ ਵਰਗੇ ਧ੍ਰੋਹ-ਕਰਮ ਕਰਕੇ ਗੁਰੂ ਪੰਚਮ ਪਾਤਸ਼ਾਹ ਦੇ ਰਾਹ ਵਿਚ ਰੋੜੇ ਅਟਕਾਉਣ ਦੇ ਅਨੇਕਾਂ ਯਤਨ ਕੀਤੇ।[9] ਪਰ ਅਕਾਲ ਪੁਰਖ ਦੀ ਕਿਰਪਾ ਸਦਕਾ ਉਸਦੇ ਸਾਰੇ ਕਰਮ ਨਿਹਫਲ ਗਏ। ਆਪਣੇ ਪਿਤਾ ਦੇ ਛੋਹੇ ਹੋਏ ਕੰਮਾਂ ਨੂੰ ਸੰਪੂਰਨ ਕੀਤਾ। 1589 ਈਸਵੀ ਨੂੰ ਗੁਰ ਪਾਤਸ਼ਾਹ ਨੇ ਗੁਰੂ ਰਾਮਦਾਸ ਵੱਲੋਂ ਤਿਆਰ ਕੀਤੇ ਅੰਮ੍ਰਿਤ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਦੀ ਸਥਾਪਨਾ ਦਾ ਮਨ ਬਣਾਇਆ। ਗੁਰੂ ਪਾਤਸ਼ਾਹ ਨੇ ਨਾਨਕ ਚਿੰਤਨ ਦਾ ਅਮਲ ਸਾਹਮਣੇ ਲਿਆਉਂਦੇ ਹੋਏ ਅਤੇ ਪੁਰਾਣੀਆਂ ਹਦਬੰਦੀਆਂ ਖਤਮ ਕਰਦਿਆਂ ਇਕ ਨਵੀਂ ਸਵੇਰ ਦੀ ਆਸ ਵਿਚ ਇਸ ਪਵਿੱਤਰ

ਹਰਿਮੰਦਰ ਦੀ ਨੀਂਹ ਸਾਈਂ ਮੀਆ ਮੀਰ, ਜੋ ਉਸ ਸਮੇਂ ਦੇ ਪ੍ਰਸਿੱਧ ਸੂਫੀ ਸਿਲਸਲੇ ਕਾਦਰੀ ਨਾਲ ਸੰਬੰਧ ਰੱਖਦੇ ਸਨ, ਕੋਲੋਂ ਰਖਵਾਈ।[10] ਸਾਈਂ ਮੀਆਂ ਗੁਰੂ ਪਾਤਸ਼ਾਹ ਦਾ ਬਹੁਤ ਪ੍ਰਸ਼ੰਸਕ ਸੀ, ਗੁਰੂ ਸਾਹਿਬ ਦਾ ਇਹ ਕਦਮ ਜਿੱਥੇ ਧਰਮ ਦੇ ਨਾਮ ਤੇ ਧਾਰਮਿਕ ਅਸਥਾਨਾਂ ਦੁਆਲੇ ਲਗਾਈਆਂ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਤੋੜਨ ਵਾਲਾ ਕਦਮ ਸੀ, ਉੱਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ-ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁੱਖਤਾ ਦੀ ਲੁੱਟ ਲਈ ਵੰਗਾਰ ਵੀ ਸੀ। ਹਰਿਮੰਦਰ ਦੇ ਚਾਰੇ ਪਾਸੇ ਦਰਵਾਜੇ ਇਸ ਗੱਲ ਦੇ ਸੂਚਕ ਸਨ ਕਿ ਉੱਥੇ ਬਿਨਾਂ ਰੰਗ, ਨਸਲ, ਜਾਤ-ਭੇਦ ਤੋਂ ਸਭ ਨੂੰ ਗਲੇ ਨਾਲ ਲਗਾਇਆ ਜਾਵੇਗਾ। ਸਿੱਟੇ ਵਜੋਂ ਆਮ ਭਾਰਤੀ ਪੀੜਤ ਜਨਤਾ ਨੂੰ ਪਹਿਲੀ ਵਾਰ ਇਹ ਅਹਿਸਾਸ ਹੋਇਆ ਕਿ ਉਹ ਮਨੁੱਖ ਹੋਣ ਦੇ ਨਾਤੇ ਧਾਰਮਿਕ ਅਸਥਾਨ ਤੇ ਜਾ ਵੀ ਸਕਦੇ ਹਨ ਅਤੇ ਆਪਣੇ ਪਿਤਾ ਪਰਮੇਸ਼ਵਰ ਦਾ ਨਾਮ ਵੀ ਜਪ ਸਕਦੇ ਹਨ। ਇਸ ਤੋਂ ਪਹਿਲਾਂ ਹਿੰਦੂ ਧਰਮ ਦੇ ਮੰਦਰਾਂ ਵਿਚ ਅਛੂਤ ਜਾਂ ਨੀਵੀਆਂ ਜਾਤਾਂ ਦੇ ਲੋਕਾਂ ਲਈ ਜਾਣਾ ਸਖਤ ਵਰਜਿਤ ਸੀ। ਇਸ ਦਾ ਸਪਸ਼ਟ ਪ੍ਰਗਟਾ ਮੰਨੂ ਦੁਆਰਾ ਰਚਿਤ ਸਿਮ੍ਰਤੀਆਂ ਤੋਂ ਹੋਣ ਦੇ ਨਾਲ-ਨਾਲ ਭਗਤ ਨਾਮਦੇਵ ਜੀ ਦੀ ਬਾਣੀ ਤੋਂ ਵੀ ਹੋ ਜਾਂਦਾ ਹੈ।[11]

ਹਰਿਮੰਦਰ ਦੀ ਉਸਾਰੀ ਵੇਲੇ ਸਿੱਖ ਸੰਗਤਾਂ ਨੇ ਗੁਰੂ ਸਾਹਿਬ ਪਾਸ ਇਹ ਮੰਗ ਰੱਖੀ ਸੀ ਕਿ ਹਰਿਮੰਦਰ ਨੂੰ ਸਾਰੀਆਂ ਇਮਾਰਤਾਂ ਨਾਲੋਂ ਉੱਚਾ ਬਣਾਇਆ ਜਾਵੇ। ਪਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਉਦੇਸ਼ ਦਿੱਤਾ ਸੀ ਕਿ ਇਹ ਨੇੜੇ ਦੀਆਂ ਸਾਰੀਆਂ ਇਮਾਰਤਾਂ ਤੋਂ ਨੀਵਾਂ ਹੋਵੇਗਾ, ਕਿਉਂਕਿ ਜਿੰਨਾ ਵਧ ਕਿਸੇ ਰੁੱਖ ਨੂੰ ਫਲ ਹੋਵੇਗਾ, ਉਨਾ ਹੀ ਉਹ ਵਧ ਝੁਕਿਆ ਹੋਵੇਗਾ ਅਤੇ ਲੋਕਾਂ ਦੀ ਸੰਤੁਸ਼ਟੀ ਲਈ ਵਧ ਸਹਾਈ ਹੋਵੇਗਾ। ਸਿਧਾਂਤਕ ਦ੍ਰਿਸ਼ਟੀ ਤੋਂ ਗੁਰੂ ਘਰ ਦੀ ਪਰੰਪਰਾ ਵੀ ਇਹੀ ਸੀ ਕਿ ਜੋ ਨੀਵਾਂ ਹੁੰਦਾ ਹੈ, ਉਹੀ ਸਭ ਤੋਂ ਮਹਾਨ ਹੁੰਦਾ ਹੈ।[12] ਇਸਨੂੰ ਇਨਸਾਨੀਅਤ ਲਈ ਪਰਵਾਨਤ ਪਵਿੱਤਰ ਅਸਥਾਨ ਘੋਸ਼ਤ ਕਰ ਸਰਬੱਤ ਦੇ ਭਲੇ ਦਾ ਅਧਿਆਤਮਕ ਮਾਡਲ ਸਾਹਮਣੇ ਲੈ ਆਂਦਾ। 1601 ਈਸਵੀ ਨੂੰ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸੰਪੂਰਣ ਹੋ ਗਿਆ।

ਹਰਿਮੰਦਰ ਸਾਹਿਬ ਦੀ ਸਥਾਪਨਾ ਨਾਲ ਜਿੱਥੇ ਸਿੱਖ ਕੌਮ ਨੂੰ ਆਪਣਾ ਕੇਂਦਰੀ ਧਾਰਮਿਕ ਅਸਥਾਨ ਪ੍ਰਾਪਤ ਹੋ ਗਿਆ, ਉੱਥੇ ਗੁਰੂ ਪਾਤਸ਼ਾਹ ਦੀ ਮਹਿਮਾ ਅਤੇ ਗੁਣ-ਗਾਨ ਵੀ ਵਧਿਆ ਚਾਰੇ ਚੱਕਾਂ ਵਿਚ ਆਪ ਦੀ ਮਾਨਤਾ ਹੋਣ ਲੱਗੀ ਅਤੇ ਅਣਗਿਣਤ ਸੰਗਤਾਂ ਦੂਰੋਂ-ਦੂਰੋਂ ਚਲ ਕੇ ਗੁਰੂ ਪਾਤਸ਼ਾਹ ਦੇ ਦਰਸ਼ਨਾਂ ਨਾਲ ਨਿਹਾਲ ਹੋਣ ਲੱਗੀਆਂ। ਹੁਣ ਕਥਾ ਕੀਰਤਨ ਦਾ ਰੰਗ ਸਤਿਗੁਰੂ ਦੇ ਦਰਬਾਰ ਵਿਚ ਲੱਗਿਆ ਰਹਿੰਦਾ ਸੀ, ਕੀਰਤਨ ਦੀ ਅਨਾਹਦ ਧੁੰਨ ਛਿੜੀ ਰਹਿੰਦੀ ਅਤੇ ਨਾਮ ਦੇ ਅੰਮ੍ਰਿਤ ਰਸ ਦੀ ਖੁਮਾਰੀ ਸਭ ਤੇ ਛਾਈ ਰਹਿੰਦੀ ਸੀ। ਸਾਰਾ ਪੰਜਾਬ ਗੁਰੂ ਦੀ ਵਡਿਆਈ ਵਿਚ ਮਸਤ ਸੀ। ਭਾਈ ਗੁਰਦਾਸ ਇਸ ਅਮੰਗੀ ਆਨੰਦ ਦਾ ਚਿਤਰਣ ਆਪਣੀ ਵਾਰਾਂ ਵਿਚ ਇਸ ਤਰ੍ਹਾਂ ਕਰਦੇ ਹਨ :

ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ।
ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ।
ਗੁਰਮੁਖਿ ਛਤ੍ਰ ਨਿਰੰਜਨੀ ਪੂਰਨ ਬ੍ਰਹਮ ਪਰਮਪਦ ਪਤਾ।
ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗੁ ਸਤਾ।

ਮਾਇਆ ਵਿਚਿ ਉਦਾਸੁ ਕਰਿ ਗੁਰੁ ਸਿਖ ਜਨਕ ਅਸੰਖ ਭਗਤਾ।
ਗੁਰਮੁਖਿ ਸੁਖ ਫਲੁ ਸਹਜ ਜੁਗਤਾ ॥[13]

ਉਪਰੋਕਤ ਪ੍ਰਸੰਗ ਦੀ ਪੁਸ਼ਟੀ ਦਬਿਸਤਾਨਿ ਮਜ਼ਾਹਿਬ ਤੋਂ ਵੀ ਹੋ ਜਾਂਦੀ ਹੈ। ਉਹ ਲਿਖਦਾ ਹੈ ਕਿ ਹਰ ਗੁਰੂ ਦੇ ਅਹਿਦ ਵਿਚ ਸਿੱਖ ਵਧਦੇ ਗਏ। ਏਥੋਂ ਤਕ ਕਿ ਗੁਰੂ ਅਰਜਨ ਦੇ ਅਹਿਦ ਵਿਚ ਸਿੱਖਾਂ ਦੇ ਸੁਮਾਰ ਵਿਚ ਅਣਗਿਣਤ ਵਾਧਾ ਹੋਇਆ। ਇਸ ਕਾਰਨ ਬਹੁਤੇ ਸ਼ਹਿਰਾਂ ਵਿੱਚੋਂ ਕੋਈ ਅਜਿਹਾ ਸ਼ਹਿਰ ਨ੍ਹਹੀਂ ਸੀ, ਜਿੱਥੇ ਗੁਰੂ ਦਾ ਸਿੱਖ ਨਾ ਹੋਵੇ।[14] ਗੁਰੂ ਪਾਤਸ਼ਾਹ ਨੇ ਉਸਾਰੀ ਦੇ ਇਸ ਕਾਰਜ ਨੂੰ ਅੰਮ੍ਰਿਤਸਰ ਤਕ ਹੀ ਸੀਮਤ ਨਾ ਰਹਿਣ ਦਿੱਤਾ, ਸਗੋਂ ਤਰਨਤਾਰਨ, ਛੇਹਰਟਾ, ਕਰਤਾਰਪੁਰ ਅਤੇ ਹਰਿਗੋਬਿੰਦਪੁਰ ਆਦਿ ਅਸਥਾਨਾਂ ਨੂੰ ਵਸਾ ਕੇ ਸਿੱਖ ਧਾਰਮਿਕ ਕੇਂਦਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਕੀਤਾ।

ਗੁਰੂ ਅਰਜਨ ਪਾਤਸ਼ਾਹ ਦਾ ਸਭ ਤੋਂ ਵੱਡਾ ਤੇ ਵਿਲੱਖਣ ਕੰਮ ਆਦਿ ਗ੍ਰੰਥ ਦੀ ਸੰਪਾਦਨਾ ਸੀ, ਕਿਉਂਕਿ ਵੱਖਰੀ ਕੌਮ ਜਾਂ ਵੱਖਰੇ ਧਰਮ ਦੀ ਪਹਿਲੀ ਨਿਸ਼ਾਨੀ ਉਸ ਦਾ ਆਪਣਾ ਪਵਿੱਤਰ ਧਰਮ ਗ੍ਰੰਥ ਹੁੰਦੀ ਹੈ। ਦੂਸਰਾ ਸਿੱਖ ਧਰਮ ਕੋਈ ਸੁਧਾਰਕ ਲਹਿਰ ਨਹੀਂ ਸੀ ਕਿ ਇਹ ਹਿੰਦੋਸਤਾਨੀ ਧਰਮਾਂ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਤਕ ਸੀਮਿਤ ਰਹਿੰਦੀ। ਗੁਰੂ ਨਾਨਕ ਪਾਤਸ਼ਾਹ ਇਕ ਅਜਿਹੇ ਧਰਮ ਦੀ ਸਥਾਪਨਾ ਕਰ ਰਹੇ ਸਨ, ਜਿਹੜਾ ਹਿੰਦੋਸਤਾਨ ਦੀ ਲੋਕਾਈ ਨੂੰ ਕਲਾਵੇ ਵਿਚ ਲੈਂਦਿਆਂ ਹੋਇਆਂ ਸ਼ੋਸਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜੇ ਅਤੇ ਹਿੰਦੂ ਮੁਸਲਮਾਨ ਧਰਮ ਦੋਹਾਂ ਤੋਂ ਨਿਆਰਾ ਵੀ ਹੋਵੇ। ਇਸ ਗੱਲ ਦਾ ਪ੍ਰਗਟਾਵਾ ਖੁਦ ਪੰਚਮ ਪਾਤਸ਼ਾਹ ਹਜ਼ੂਰ ਆਪਣੀ ਬਾਣੀ ਵਿਚ ਵੀ ਕਰ ਰਹੇ ਹਨ :

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥
ਏਕੁ ਗੁਸਾਈ ਅਲਹੁ ਮੇਰਾ॥੧॥
ਹਿੰਦੂ ਤੁਰਕ ਦੁਹਾਂ ਨੇਬੇਰਾ॥ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥[15]

ਉਪਰੋਕਤ ਸ਼ਬਦ ਤੋਂ ਸਪਸ਼ਟ ਹੈ ਕਿ ਸਿੱਖ ਲਈ ਤੀਰਥ ਯਾਤਰਾ ਲਈ ਮਸਜਿਦਾਂ ਜਾਂ ਠਾਕਰ ਦੁਵਾਰਿਆਂ ਤੇ ਜਾਣਾ ਜ਼ਰੂਰੀ ਨਹੀਂ ਹੈ ਅਤੇ ਨਾਲ ਹੀ ਉਹ ਵੇਦ-ਕਤੇਬ ਦੇ ਵਿਸ਼ਵਾਸ ਤੋਂ ਵੀ ਆਕੀ ਹਨ, ਇਸ ਲਈ ਹੁਣ ਲੋੜ ਸੀ, ਆਪਣੇ ਧਾਰਮਿਕ ਸਥਾਨ ਦੀ, ਜਿੱਥੇ ਸਿੱਖ ਸੰਗਤਾਂ ਆਸਾਨੀ ਨਾਲ ਆ ਜਾ ਸਕਣ। ਇਸ ਦੀ ਪੂਰਤੀ ਹਰਿਮੰਦਰ ਸਾਹਿਬ ਦੀ ਸਥਾਪਨਾ ਨਾਲ ਹੋ ਗਈ ਸੀ, ਪਰ ਅਧਿਆਤਮਿਕ ਭੁੱਖ ਦੀ ਤ੍ਰਿਪਤੀ ਲਈ ਧਾਰਮਿਕ ਗ੍ਰੰਥ ਦੀ ਲੋੜ ਸੀ। ਇਸ ਨਾਲ ਜਿੱਥੇ ਵੱਖਰੇ ਧਰਮ ਅਤੇ ਕੌਮੀਅਤ ਦੀ ਨਿਸ਼ਾਨਦੇਹੀ ਹੋਈ ਸੀ, ਉੱਥੇ ਨਾਲ ਦੀ ਨਾਲ ਗੁਰੂ ਰਚਨਾਵਾਂ

ਦੀ ਸਾਂਭ-ਸੰਭਾਲ ਵੀ ਜ਼ਰੂਰੀ ਸੀ, ਤਾਂਕਿ ਦੂਜੇ ਧਰਮ ਗ੍ਰੰਥਾਂ ਵਾਂਗ ਕਿੰਤੂਆਂ, ਪਰੰਤੂਆਂ ਦਾ ਸਾਹਮਣਾ ਨਾ ਕਰਨਾ ਪਵੇ। ਸੋ 1599 ਈਸਵੀ ਵਿਚ ਇਸ ਪਵਿੱਤਰ ਧਾਰਮਿਕ ਗ੍ਰੰਥ ਦੀ ਸੰਪਾਦਨਾ ਦਾ ਕੰਮ ਸ਼ੁਰੂ ਹੋਇਆ ਅਤੇ 1604 ਈਸਵੀ ਨੂੰ ਇਹ ਕਾਰਜ ਸੰਪੰਨ ਹੋ ਗਿਆ। ਇਸ ਸਮੁੱਚੇ ਗ੍ਰੰਥ ਨੂੰ ਲਿਖਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੋਇਆ ਅਤੇ 1604 ਈਸਵੀ ਨੂੰ ਹਰਿਮੰਦਰ ਸਾਹਿਬ ਵਿਚ ਇਸ ਦੇ ਪ੍ਰਕਾਸ਼ ਉਪਰੰਤ ਪਹਿਲੇ ਗ੍ਰੰਥੀ ਵਜੋਂ ਬਾਬਾ ਬੁੱਢਾ ਜੀ ਦੀ ਨਿਯੁਕਤੀ ਕੀਤੀ ਗਈ ਸੀ।[16] ਅੰਮ੍ਰਿਤਸਰ ਦੀ ਸਿੱਖ ਧਾਰਮਿਕ ਕੇਂਦਰ ਵਜੋਂ ਸਥਾਪਨਾ ਨਾਲ ਸਿੱਖਾਂ ਨੂੰ ਖਾਸ ਕਰਕੇ ਪੰਜਾਬੀਆਂ ਨੂੰ ਆਮ ਕਰਕੇ ਸਾਂਝਾ ਕੇਂਦਰੀ ਅਸਥਾਨ ਪ੍ਰਾਪਤ ਹੋ ਗਿਆ। ਇਸ ਤਰ੍ਹਾਂ ਹਰਿਮੰਦਰ ਦੀ ਸਥਾਪਨਾ ਅਤੇ ਆਦਿ ਗ੍ਰੰਥ ਦੀ ਸੰਪਾਦਨਾ ਨਾਲ ਜਿੱਥੇ ਸਿੱਖ ਧਰਮ ਬੇਹੱਦ ਹਰਮਨ ਪਿਆਰਾ ਹੋ ਗਿਆ, ਉੱਥੇ ਪੰਚਮ ਗੁਰੂ ਨੂੰ ਪੰਜਾਬੀ ਮਾਨਸਿਕਤਾ ਨੇ ਸੱਚੇ ਪਾਤਸ਼ਾਹ ਵਜੋਂ ਪਰਵਾਨ ਕਰ ਲਿਆ।

'ਆਦਿ ਗ੍ਰੰਥ' ਕੇਵਲ ਸਿੱਖ ਕੌਮੀਅਤ ਤਕ ਸੀਮਿਤ ਧਰਮ ਗ੍ਰੰਥ ਨਹੀ ਸੀ, ਸਗੋਂ ਇਸ ਦੀ ਸਥਾਪਨਾ ਨੇ ਧਰਮ, ਰੰਗ, ਨਸਲ, ਭੇਦ ਵਿਚ ਵੰਡੀ ਪਈ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈਣਾ ਸੀ ਅਤੇ ਇਸ ਦੀ ਸਥਾਪਤੀ ਸਮੁੱਚੇ ਸੰਸਾਰ ਦੇ ਸਰਬ-ਸਾਂਝੇ ਧਰਮ ਗ੍ਰੰਥ ਵਜੋਂ ਵੀ ਕਰਵਾਉਣੀ ਸੀ। ਇਸ ਗੱਲ ਦਾ ਪ੍ਰਗਟਾਵਾ ਇਸ ਵਿਚ ਦਰਜ ਬਾਣੀ ਤੋਂ ਹੀ ਹੋ ਜਾਂਦਾ ਹੈ ਕਿ ਉਸ ਵਕਤ ਜਦੋਂ ਮਸਜਿਦ ਵਿਚ ਗੀਤਾ ਦੀ ਗੱਲ ਕੁਫਰ ਕਰਾਰ ਦਿੱਤੀ ਜਾਂਦੀ ਸੀ ਅਤੇ ਮੰਦਰ ਵਿਚ ਕੁਰਆਨ ਮਲੇਛਤਾ ਦਾ ਪ੍ਰਤੀਕ ਮੰਨੀ ਜਾਂਦੀ ਸੀ, ਗੁਰੂ ਅਰਜਨ ਪਾਤਸ਼ਾਹ ਨੇ ਇਹ ਹਦਬੰਦੀਆਂ ਖਤਮ ਕਰਦਿਆਂ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ, 11 ਭੱਟਾਂ ਅਤੇ ਗੁਰੂ ਘਰ ਦੇ 4 ਸਿੱਖਾਂ ਦੀ ਬਾਣੀ ਨੂੰ ਦਰਜ ਕਰਕੇ ਅੰਤਰ ਧਰਮ ਸੰਬਾਦ ਦੇ ਪਹਿਲੇ ਧਰਮ ਗ੍ਰੰਥ ਦੀ ਨੀਂਹ ਰੱਖ ਦਿੱਤੀ। ਬੇਸ਼ਕ ਪਵਿੱਤਰ ਬਾਈਬਲ, ਪਵਿੱਤਰ ਕੁਰਆਨ, ਪਵਿੱਤਰ ਵੇਦ ਆਦਿ ਸੰਸਾਰ ਦੇ ਕੁਝ ਪ੍ਰਸਿੱਧ ਧਰਮ ਗ੍ਰੰਥ ਹਨ, ਜਿਨ੍ਹਾਂ ਨੇ ਨਾ ਕੇਵਲ ਆਪਣੇ ਧਰਮ ਦੇ ਸਿਧਾਂਤਾਂ ਨੂੰ ਪ੍ਰਗਟਾਇਆ ਸਗੋਂ ਮਹਾਨ ਕੌਮੀਅਤਾਂ ਦੀ ਸਿਰਜਨਾ ਵੀ ਕੀਤੀ। ਪਰ ਸਮੱਸਿਆ ਇਹ ਸੀ ਕਿ ਇਨ੍ਹਾਂ ਧਰਮਾਂ ਦੇ ਪੈਰੋਕਾਰਾਂ ਨੇ ਆਪਣੇ-ਆਪਣੇ ਧਰਮ ਗ੍ਰੰਥਾਂ ਦੇ ਦੁਆਲੇ ਐਨੀਆਂ ਉੱਚੀਆਂ ਵਲਗਣਾਂ ਖੜ੍ਹੀਆਂ ਕਰ ਦਿੱਤੀਆਂ ਸਨ, ਜਿਨ੍ਹਾਂ ਵਿੱਚੋਂ ਧਰਮ ਗ੍ਰੰਥਾਂ ਦੇ ਸੱਚ ਦੀ ਆਵਾਜ਼ ਬਾਹਰ ਆਉਣੀ ਮੁਸ਼ਕਲ ਸੀ। ਉਪਰੋਕਤ ਧਰਮ ਗ੍ਰੰਥਾਂ ਦੇ ਪਰਿਪੇਖ ਵਿਚ ਜਦੋਂ 'ਆਦਿ ਗ੍ਰੰਥ' ਵੱਲ ਨਿਗਾਹ ਮਾਰਦੇ ਹਾਂ ਤਾਂ ਇਸ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਕਲਾ ਦੀ ਵਿਲੱਖਣਤਾ ਦੇ ਝਲਕਾਰੇ ਸਪਸ਼ਟ ਨਜ਼ਰ ਆਉਂਦੇ ਹਨ, ਕਿਉਂਕਿ ਧਰਮ ਗ੍ਰੰਥਾਂ ਦੇ ਇਤਿਹਾਸ ਵਿਚ ਇਹ ਇਕ ਅਜਿਹਾ ਧਰਮ ਗ੍ਰੰਥ ਹੈ, ਜਿਸ ਨੂੰ ਗੁਰੂ ਰੂਪ ਵਜੋਂ ਪਰਵਾਨ ਕੀਤਾ ਗਿਆ ਹੈ। ਦੂਸਰਾ ਇਹ ਇਕੋ ਇਕ ਅਜਿਹਾ ਧਰਮ ਗ੍ਰੰਥ ਹੈ, ਜਿਸ ਦੀ ਸੰਪਾਦਨਾ ਖੁਦ ਧਰਮ ਬਾਨੀਆਂ ਵੱਲੋਂ ਆਪ ਕੀਤੀ ਹੋਈ ਹੈ, ਜਿਸ ਕਰਕੇ ਇਹ ਧਰਮ ਗ੍ਰੰਥ ਸ਼ੰਕਿਆਂ ਤੇ ਕਿੰਤੂਆਂ ਪਰੰਤੂਆਂ ਤੋਂ ਮੁਕਤ ਪਰਵਾਨ ਕੀਤਾ ਹੋਇਆ ਹੈ। ਤੀਸਰਾ ਇਸ ਗ੍ਰੰਥ ਵਿਚ ਕਿਤੇ ਵੀ ਇਸ ਧਰਮ ਦੇ ਬਾਨੀਆਂ ਦੀ ਕਥਾ ਕਹਾਣੀਆਂ ਨੂੰ ਚਮਤਕਾਰੀ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ, ਸਗੋਂ ਇਸ ਵਿਚਲਾ ਚਿੰਤਨ ਮਾਨਵ ਸਨਮਾਨ ਦੀ ਬਹਾਲੀ ਅਤੇ ਮਾਨਵ ਨੂੰ ਪਰਮਾਤਮ ਗੁਣਾਂ ਦਾ ਧਾਰਨੀ ਬਣਨ ਲਈ ਰਸਤਾ ਨਿਰਧਾਰਿਤ ਕਰਦਾ ਹੈ। ਇਸ ਦੇ ਨਾਲ ਹੀ ਇਹ ਧਰਮ ਗ੍ਰੰਥ ਹਿੰਦੋਸਤਾਨ ਦੇ ਪੰਜ ਸੌ ਸਾਲ ਦੇ ਇਤਿਹਾਸ ਨੂੰ ਵੀ

ਆਪਣੇ ਅੰਦਰ ਸਮੋਈ ਬੈਠਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਜਿੱਥੇ ਜਨ ਸਾਧਾਰਣ ਨੂੰ ਪਤਿਸੋਤੀ ਜ਼ਿੰਦਗੀ ਜਿਊਂਣ ਦਾ ਅਹਿਸਾਸ ਪੈਦਾ ਹੋਇਆ, ਉੱਥੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝੇ ਭਾਰਤੀ ਸਮਾਜ ਲਈ ਇਕ ਚੁਣੌਤੀ ਵੀ ਖੜੀ ਕਰ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦਾ ਅਗਲਾ ਮਹੱਤਵਪੂਰਨ ਕਾਰਜ ਬਾਣੀ ਰਚਨ ਦਾ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਆਕਾਰ ਬਾਕੀ 35 ਬਾਣੀਕਾਰਾਂ ਦੇ ਲਗਭਗ ਬਰਾਬਰ ਹੈ।[17] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੱਲ ਬਾਣੀ 31 ਰਾਗਾਂ ਵਿਚ ਹੈ (31ਵੀਂ ਰਾਗ ਜੈਜੇਵੰਤੀ ਦਸਮ ਪਾਤਸ਼ਾਹ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਨ ਵੇਲੇ ਵਰਤਿਆ ਗਿਆ ਸੀ) ਪੰਚਮ ਪਾਤਸ਼ਾਹ ਦੀ ਬਾਣੀ 30 ਰਾਗਾਂ ਵਿਚ ਅੰਕਿਤ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

ਸਿਰੀ ਰਾਗੁ : ਗੁਰੂ ਗ੍ਰੰਥ ਸਾਹਿਬ ਦੇ ਰਾਗੁ ਪ੍ਰਬੰਧ ਵਿਚ ਪਹਿਲਾ ਅਸਥਾਨ ਸਿਰੀ ਰਾਗੁ ਨੂੰ ਦਿੱਤਾ ਗਿਆ ਹੈ। ਸਿਰੀ ਰਾਗੁ ਪੰਨਾ 14 ਤੋਂ ਆਰੰਭ ਹੁੰਦਾ ਹੈ ਅਤੇ ਪੰਨਾ 93 ਤਕ ਚੱਲਦਾ ਹੈ। ਡਾ. ਤਾਰਨ ਸਿੰਘ ਅਨੁਸਾਰ ਇਸ ਆਰੰਭਕ ਰਾਗ ਦਾ ਨਾਮ ਤੇ ਕੇਵਲ ਸ੍ਰੀ ਹੈ, ਪਰ ਰਾਗ ਸ਼ਬਦ ਨਾਲ ਵਾਧੂ ਜੋੜਿਆ ਹੋਇਆ ਹੈ।[18] ਗੁਰੂ ਅਰਜਨ ਦੇਵ ਜੀ ਦੇ ਇਸ ਰਾਗ ਵਿਚ 30 ਪਦੇ, ਤਿੰਨ ਅਸ਼ਟਪਦੀਆਂ, ਇਕ ਪਹਿਰਾ, ਦੋ ਛੰਤ, ਇਕ ਸਲੋਕ ਅਤੇ ਦੂਜੇ ਛੰਤ ਵਿਚ ਪੰਜ ਡਖਣੇ ਮਿਲਦੇ ਹਨ। ਕੁਝ ਵਿਦਵਾਨਾਂ ਨੇ ਡਖਣੇ ਆਪ ਦੀ ਰਚਨਾ ਵਿਚ ਨਹੀਂ ਗਿਣੇ, ਜਿਨ੍ਹਾਂ ਵਿਚ ਪ੍ਰਮੁਖ ਡਾ. ਤਾਰਨ ਸਿੰਘ ਹਨ।[19] ਇਨ੍ਹਾਂ ਵਿਦਵਾਨਾਂ ਅਨੁਸਾਰ ਇਨ੍ਹਾਂ ਨੂੰ ਸਲੋਕਾਂ ਨਾਲ ਰੱਖਿਆ ਜਾਣਾ ਚਾਹੀਦਾ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਭੂਮੀ ਤੋਂ ਦੱਖਣ ਵੱਲ ਦੇ ਇਲਾਕੇ ਦੀ ਬੋਲੀ ਵਿਚ ਜੋ ਸਲੋਕ ਜਾਂ ਦੋਹਾ ਲਿਖਿਆ ਜਾਂਦਾ ਹੈ, ਨੂੰ ਡਖਣਾ ਵੀ ਕਿਹਾ ਜਾਂਦਾ ਹੈ।[20] ਸ੍ਰੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਕੁਲ ਤੁਕਾਂ 771 ਬਣਦੀਆਂ ਹਨ।

ਰਾਗੁ ਮਾਝ : ਰਾਗੁ ਮਾਝ ਗੁਰੂ ਗ੍ਰੰਥ ਸਾਹਿਬ ਦੇ 94 ਪੰਨੇ ਤੋਂ ਆਰੰਭ ਹੁੰਦਾ ਹੈ ਅਤੇ 150 ਪੰਨੇ ਤਕ ਦੀ ਬਾਣੀ ਮਾਝ ਰਾਗੁ ਵਿਚ ਹੈ। ਰਾਗ ਪ੍ਰਬੰਧ ਵਿਚ ਇਸ ਦੇ ਗਾਇਨ ਦਾ ਵਕਤ ਦਿਨ ਦਾ ਆਖਰੀ ਪਹਿਰ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਦੂਜੇ ਸਥਾਨ ਉਪਰ ਰੱਖਿਆ ਹੈ।[21] ਇਸ ਰਾਗ ਵਿਚ ਗੁਰੂ ਅਰਜਨ ਪਾਤਸ਼ਾਹ ਦੀ ਬਾਣੀ ਵਿਚ 43 ਪਦੇ, 5 ਅਸ਼ਟਪਦੀਆਂ, 14 ਬਾਰਾਂਮਾਹ ਅਤੇ 4 ਦਿਨ-ਰੈਣ ਹਨ। ਇਸ ਰਾਗ ਵਿਚ ਰਚੀ ਬਾਣੀ ਦੀਆਂ ਤੁਕਾਂ 799 ਹਨ।[22]

ਰਾਗੁ ਗਉੜੀ : ਇਸ ਰਾਗੁ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਤੀਸਰਾ ਸਥਾਨ ਦਿੱਤਾ ਗਿਆ ਹੈ ਅਤੇ ਇਹ ਪੰਨਾਂ 151 ਤੋਂ ਆਰੰਭ ਹੋ ਕੇ ਪੰਨਾ 346 ਤਕ ਚੱਲਦਾ ਹੈ। ਗੁਰੂ ਅਰਜਨ ਪਾਤਸ਼ਾਹ ਦੀ ਮਹੱਤਵਪੂਰਨ ਰਚਨਾ ਬਾਵਨ ਅਖਰੀ ਅਤੇ ਸੁਖਮਨੀ ਸਾਹਿਬ ਵੀ ਇਸੇ ਰਾਗ ਵਿਚ ਅੰਕਿਤ ਹੈ। ਇਸ ਰਾਗ ਦੇ ਕਈ ਭੇਦ ਵੀ ਲਿਖੇ ਹਨ : ਗੁਆਰੇਰੀ, ਚੇਤੀ, ਦਖਣੀ, ਦੀਪਕੀ, ਪੂਰਬੀ, ਬੈਰਾਗਣ, ਮਾਝ ਆਦਿ।[23] ਇਸ ਰਾਗ ਵਿਚ ਸਭ ਤੋਂ ਵੱਧ ਬਾਣੀ ਆਪ ਜੀ ਦੀ ਮਿਲਦੀ ਹੈ। ਇਸ ਰਾਗ ਵਿਚ ਰਚੀ ਬਾਣੀ ਦੀਆਂ ਕੁਲ ਤੁਕਾਂ 5345 ਬਣਦੀਆਂ ਹਨ।

ਰਾਗੁ ਆਸਾ : ਰਾਗੁ ਆਸਾ ਦਾ ਗਾਇਨ ਸਮਾਂ ਅੰਮ੍ਰਿਤ ਵੇਲਾ ਪਰਵਾਨ ਕੀਤਾ ਜਾਂਦਾ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 347 ਤੋਂ ਚੱਲਦਾ ਹੈ ਅਤੇ ਸਮਾਪਤੀ 488 ਪੰਨੇ

ਤੇ ਹੈ। ਇਸ ਰਾਗ ਵਿਚ ਕੁਝ ਵਿਦਵਾਨ ਗੁਰੂ ਪਾਤਸ਼ਾਹ ਦੀ ਬਾਣੀ ਦੀ ਗਿਣਤੀ 168 ਦਿੰਦੇ ਹਨ।[24] ਧਿਆਨ ਨਾਲ ਗਿਣਤੀ ਕੀਤੀ ਜਾਵੇ ਤਾਂ ਗੁਰੂ ਰਚਨਾ 163 ਪਦੇ ਬਣਦੀ ਹੈ। ਇਸ ਰਾਗ ਵਿਚ ਆਪ ਦੀ ਰਚਨਾ ਦੀਆਂ ਕੁੱਲ ਤੁਕਾਂ ਦੀ ਗਿਣਤੀ 1985 ਬਣਦੀ ਹੈ।[25]

ਰਾਗੁ ਗੂਜਰੀ : ਇਸ ਰਾਗੁ ਨੂੰ ਪੰਨਾ 489 ਤੋਂ ਲੈ ਕੇ 526 ਪੰਨੇ ਤਕ ਸਥਾਨ ਮਿਲਿਆ ਹੈ ਅਤੇ ਰਾਗੁ ਪ੍ਰਬੰਧ ਵਿਚ ਇਸ ਦੇ ਗਾਇਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਨਿਸ਼ਚਿਤ ਕੀਤਾ ਗਿਆ ਹੈ।[26] ਇਸ ਰਾਗ ਵਿਚ ਆਪ ਜੀ ਦੇ 32 ਪਦੇ, 2 ਅਸ਼ਟਪਦੀਆਂ, 42 ਸਲੋਕ ਅਤੇ 21 ਪਉੜੀਆਂ ਦਰਜ ਹਨ। ਇਸ ਰਾਗ ਵਿਚ ਆਪ ਜੀ ਦੀ ਬਾਣੀ ਦੀਆਂ ਕੁਲ ਤੁਕਾਂ 526 ਬਣਦੀਆਂ ਹਨ।

ਰਾਗੁ ਦੇਵਗੰਧਾਰੀ : ਰਾਗੁ ਦੇਵਗੰਧਾਰੀ ਇਸ ਪਵਿੱਤਰ ਧਰਮ ਗ੍ਰੰਥ ਦਾ ਛੇਵਾਂ ਰਾਗੁ ਹੈ। ਇਹ ਪੰਨਾ 527 ਤੋਂ ਆਰੰਭ ਹੁੰਦਾ ਹੈ ਅਤੇ 536 ਪੰਨੇ ਤਕ ਚੱਲਦਾ ਹੈ। ਇਸ ਨੂੰ ਚਾਰ ਘੜੀ ਦਿਨ ਚੜ੍ਹੇ ਤੇ ਗਾਇਆ ਜਾਂਦਾ ਹੈ। ਇਸ ਵਿਚ ਆਪ ਜੀ ਦੀ ਰਚਨਾ ਦਾ ਕੁਲ ਜੋੜ 38 ਹੈ ਅਤੇ ਤੁਕਾਂ ਦੀ ਕੁਲ ਗਿਣਤੀ 231 ਬਣਦੀ ਹੈ।

ਰਾਗੁ ਬਿਹਾਗੜਾ : 537 ਪੰਨੇ ਤੋਂ ਰਾਗੁ ਬਿਹਾਗੜਾ ਦਾ ਆਰੰਭ ਹੁੰਦਾ ਹੈ ਅਤੇ 556 ਪੰਨੇ ਤਕ ਇਸ ਰਾਗ ਵਿਚ ਬਾਣੀ ਦੀ ਰਚਨਾ ਕੀਤੀ ਗਈ ਹੈ। ਇਸ ਰਾਗੁ ਵਿਚ ਆਪ ਦਾ ਇਕ ਪਦਾ, 9 ਛੰਤ ਅਤੇ 2 ਸਲੋਕ ਬਿਹਾਗੜੇ ਦੀ ਵਾਰ ਮਹਲਾ 4 ਵਿਚ ਅੰਕਤ ਹਨ। ਇਸ ਰਾਗ ਨੂੰ ਗਾਇਨ ਕਰਨ ਦਾ ਸਮਾਂ ਅੱਧੀ ਰਾਤ ਹੈ।[27] ਇਸ ਰਾਗੁ ਵਿਚ ਆਪ ਦੀ ਕੁਲ ਰਚਨਾ 232 ਤੁਕਾਂ ਵਿਚ ਅੰਕਿਤ ਹੈ।

ਰਾਗੁ ਵਡਹੰਸੁ : ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਇਸ ਰਾਗੁ ਨੂੰ ਅੱਠਵੀਂ ਥਾਂ ਉਪਰ ਰੱਖਿਆ ਗਿਆ ਹੈ। ਇਹ ਪੰਨਾ 557 ਤੋਂ ਆਰੰਭ ਹੁੰਦਾ ਹੈ ਅਤੇ ਇਸ ਦਾ ਸਮਾਪਤੀ ਪੰਨਾ 594 ਹੈ। ਇਸ ਦਾ ਗਾਇਨ ਵਕਤ ਦੁਪਹਿਰ ਦਾ ਸਮਾਂ ਅਤੇ ਰਾਤ ਦਾ ਦੂਜਾ ਪਹਿਰ ਮਿਥਿਆ ਗਿਆ ਹੈ।[28] ਇਸ ਰਾਗ ਵਿਚ ਆਪ ਜੀ ਦੇ 1 ਪਦ ਅਤੇ 3 ਛੰਤ ਮਿਲਦੇ ਹਨ। ਇਸ ਤੋਂ ਇਲਾਵਾ ਛੰਦਾਂ ਨਾਲ ਮਿਲਾ ਕੇ ਲਿਖੇ ਹੋਏ 4 ਸਲੋਕ ਵੀ ਦਰਜ ਹਨ। ਪਰ ਕੁਝ ਵਿਦਵਾਨ ਇਨ੍ਹਾਂ ਦਾ ਜ਼ਿਕਰ ਨਹੀਂ ਕਰਦੇ। ਇਸ ਰਾਗ ਵਿਚ ਆਪ ਜੀ ਦੀ ਰਚਨਾ ਦੀਆਂ ਤੁਕਾਂ ਦੀ ਗਿਣਤੀ 184 ਹੈ।

ਰਾਗੁ ਸੋਰਠਿ : ਰਾਗੁ ਸੋਰਠਿ ਪੰਨਾ 595 ਉਪਰ ਅੰਕਿਤ ਹੈ ਅਤੇ ਮਹਾਨ ਕੋਸ਼ ਦਾ ਕਰਤਾ ਇਸ ਦੇ ਗਾਇਨ ਵਕਤ ਰਾਤ ਦਾ ਦੂਜਾ ਪਹਿਰ ਪਰਵਾਨ ਕਰਦਾ ਹੈ। ਇੱਥੇ ਆਪ ਜੀ ਦੀ ਬਾਣੀ ਦੇ 94 ਪਦੇ ਅਤੇ 3 ਅਸ਼ਟਪਦੀਆਂ ਹਨ, ਜੋ 1016 ਤੁਕਾਂ ਵਿਚ ਅੰਕਿਤ ਹੈ।

ਰਾਗੁ ਧਨਾਸਰੀ : ਧਨਾਸਰੀ ਰਾਗੁ ਦੇ ਗਾਇਨ ਦਾ ਵਕਤ ਦਿਨ ਦਾ ਤੀਜਾ ਪਹਿਰ ਨਿਸ਼ਚਿਤ ਕੀਤਾ ਗਿਆ ਹੈ। ਇਹ ਗੁਰੂ ਗ੍ਰੰਥ ਸਾਹਿਬ ਦਾ ਦਸਵਾਂ ਰਾਗੁ ਹੈ, ਜੋ ਪੰਨਾ 660 ਤੋਂ ਆਰੰਭ ਹੁੰਦਾ ਹੈ ਅਤੇ ਪੰਨਾ 695 ਤਕ ਚੱਲਦਾ ਹੈ। ਇਸ ਰਾਗ ਵਿਚ ਆਪ ਜੀ ਦੀ ਬਾਣੀ ਦੇ 58 ਪਦੇ, 1 ਅਸ਼ਟਪਦੀ ਅਤੇ 1 ਛੰਤ ਅੰਕਿਤ ਹੈ। ਤੁਕਾਂ ਦੀ ਕੁਲ ਗਿਣਤੀ 513 ਹੈ।

ਰਾਗੁ ਜੈਤਸਰੀ : ਦਿਨ ਦੇ ਚਉਥੇ ਪਹਿਰ ਵਿਚ ਗਾਏ ਜਾਣ ਵਾਲਾ ਇਹ ਰਾਗੁ 696 ਪੰਨੇ ਤੋਂ ਸ਼ੁਰੂ ਹੁੰਦਾ ਹੈ। ਇਸ ਰਾਗੁ ਵਿਚ ਆਪ ਜੀ ਦੀ ਰਚਨਾ 13 ਪਦੇ, 3 ਛੰਤ, 20

ਅਸ਼ਟਪਦੀਆਂ ਅਤੇ 45 ਸਲੋਕ ਹਨ। ਇੱਥੇ ਬਾਣੀ ਦੀਆਂ ਤੁਕਾਂ ਦੀ ਗਿਣਤੀ 344 ਹੈ।

ਰਾਗੁ ਟੋਡੀ : ਟੋਡੀ ਰਾਗੁ ਗੁਰੂ ਗ੍ਰੰਥ ਸਾਹਿਬ ਦਾ ਬਾਰਵਾਂ ਰਾਗੁ ਹੈ, ਜਿਸ ਨੂੰ ਦਿਨ ਦੇ ਦੂਜੇ ਪਹਿਰ ਗਾਇਨ ਕਰਨ ਦਾ ਹੁਕਮ ਹੈ।[29] ਇਹ ਰਾਗੁ ਪੰਨਾ 711 ਤੋਂ ਆਰੰਭ ਹੁੰਦਾ ਹੈ ਅਤੇ 718 ਤੇ ਇਸ ਦਾ ਸਮਾਪਨ ਹੈ। ਇਸ ਰਾਗੁ ਵਿਚ ਆਪ ਜੀ ਦੇ 30 ਪਦੇ ਹਨ ਅਤੇ ਤੁਕਾਂ ਦੀ ਸੰਖਿਆ 196 ਹੈ।

ਰਾਗੁ ਬੈਰਾੜੀ : ਰਾਗੁ ਬੈਰਾੜੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦੋ ਪੰਨੇ ਦਿੱਤੇ ਗਏ ਅਤੇ ਇਸ ਰਾਗੁ ਵਿਚ ਕੇਵਲ ਦੋ ਗੁਰੂ ਸਾਹਿਬਾਨਾਂ ਦੀ ਹੀ ਬਾਣੀ ਦਰਜ ਹੈ, ਜਿਸ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਪਦਾ ਹੈ ਜੋ 6 ਤੁਕਾਂ ਵਿਚ ਹੈ।

ਰਾਗੁ ਤਿਲੰਗ : ਰਾਗੁ ਤਿਲੰਗ 721 ਪੰਨੇ ਤੋਂ ਪ੍ਰਾਰੰਭ ਹੁੰਦਾ ਹੈ। ਇਸ ਵਿਚ ਗੁਰੂ ਨਾਨਕ ਪਾਤਸ਼ਾਹ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਅਤੇ ਭਗਤ ਕਬੀਰ ਜੀ ਦੀ ਬਾਣੀ ਦਰਜ ਹੈ। ਇਸ ਰਾਗੁ ਵਿਚ ਆਪ ਜੀ ਦੇ ਕੇਵਲ 5 ਪਦੇ ਹਨ, ਜੋ 47 ਤੁਕਾਂ ਵਿਚ ਦਰਜ ਹਨ।

ਰਾਗੁ ਸੂਹੀ : ਗੁਰੂ ਗ੍ਰੰਥ ਸਾਹਿਬ ਦਾ ਪੰਦਰਵਾਂ ਰਾਗੁ, ਸੂਹੀ ਰਾਗੁ ਹੈ। ਇਸੇ ਰਾਗੁ ਵਿਚ ਲਾਵਾਂ ਦਾ ਮਹੱਤਵਪੂਰਨ ਪਾਠ ਵੀ ਅੰਕਿਤ ਹੈ। ਇਸ ਰਾਗੁ ਦਾ ਆਰੰਭ ਪੰਨਾ 728 ਤੋਂ ਹੁੰਦਾ ਹੈ ਅਤੇ ਸਮਾਪਤੀ 794 ਪੰਨੇ ਤੇ ਹੈ। ਮਹਾਨ ਕੋਸ਼ ਵਿਚ ਇਸ ਨੂੰ ਬਹਾਰ ਰੁੱਤ ਦਾ ਰਾਗੁ ਕਿਹਾ ਗਿਆ ਹੈ ਅਤੇ ਗਾਇਨ ਕਰਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਮੰਨਿਆ ਗਿਆ ਹੈ। ਇਸ ਰਾਗੁ ਵਿਚ ਪੰਚਮ ਪਾਤਸ਼ਾਹ ਦੀ ਬਾਣੀ ਦੇ 58 ਪਦੇ, 5 ਅਸ਼ਟਪਦੀਆਂ, 1 ਗੁਣਵੰਤੀ ਅਤੇ 11 ਛੰਤ ਮਿਲਦੇ ਹਨ। ਤੁਕਾਂ ਦੀ ਗਿਣਤੀ 965 ਹੈ।

ਰਾਗੁ ਬਿਲਾਵਲੁ : ਪੰਨਾ 795 ਤੋਂ ਰਾਗੁ ਬਿਲਾਵਲੁ ਆਰੰਭ ਹੁੰਦਾ ਹੈ ਅਤੇ 858 ਪੰਨੇ ਤਕ ਚੱਲਦਾ ਹੈ। ਇਸ ਨੂੰ ਅਨੰਦ-ਮੰਗਲ ਦਾ ਰਾਗੁ ਮੰਨਿਆ ਜਾਂਦਾ ਹੈ। ਗਾਉਣ ਦਾ ਸਮਾਂ ਮਹਾਨ ਕੋਸ਼ ਦਾ ਕਰਤਾ ਦੂਜੇ ਪਹਿਰ ਦਾ ਆਰੰਭ ਮੰਨਦਾ ਹੈ। ਗੁਰੂ ਜੀ ਦੀ ਰਚਨਾ ਇਸ ਪ੍ਰਕਾਰ ਹੈ : 129 ਪਦੇ, 2 ਅਸ਼ਟਪਦੀਆਂ, 5 ਛੰਤ ਅਤੇ 1 ਸਲੋਕ ਅਤੇ ਤੁਕਾਂ ਦੀ ਗਿਣਤੀ 1243 ਹੈ।

ਰਾਗੁ ਗੋਂਡ : ਇਸ ਰਾਗੁ ਦਾ ਗੁਰੂ ਗ੍ਰੰਥ ਸਾਹਿਬ ਵਿਚ ਸੋਲਵਾਂ ਸਥਾਨ ਹੈ ਅਤੇ ਬਰਸਾਤ ਦੇ ਮੌਸਮ ਵਿਚ ਇਸ ਨੂੰ ਹਰ ਵੇਲੇ ਗਾਏ ਜਾਣਾ ਨਿਸਚਿਤ ਕੀਤਾ ਹੈ, ਪਰ ਬਸੰਤ ਦੀ ਰੁੱਤ ਵਿਚ ਇਸ ਦਾ ਗਾਇਨ ਦਿਨ ਦੇ ਤੀਜੇ ਪਹਿਰ ਕੀਤਾ ਜਾਂਦਾ ਹੈ। ਇਹ ਪੰਨਾ 859 ਤੋਂ ਆਰੰਭ ਹੁੰਦਾ ਹੈ 875 ਪੰਨੇ ਤਕ ਇਸ ਰਾਗ ਵਿਚ ਬਾਣੀ ਦਾ ਰਚਨ ਕੀਤਾ ਹੈ। ਇਸ ਰਾਗੁ ਵਿਚ ਪੰਚਮ ਪਾਤਸ਼ਾਹ ਦੀ ਬਾਣੀ ਦੇ 22 ਪਦੇ ਅਤੇ 1 ਅਸ਼ਟਪਦੀ ਹੈ। ਤੁਕਾਂ 378 ਹਨ।

ਰਾਗੁ ਰਾਮਕਲੀ : ਰਾਮਕਲੀ ਰਾਗੁ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ 876 ਤੋਂ ਸ਼ੁਰੂ ਹੁੰਦਾ ਹੈ ਅਤੇ 974 ਅੰਕ ਤਕ ਇਸ ਰਾਗੁ ਵਿਚ ਪਵਿੱਤਰ ਬਾਣੀ ਅੰਕਿਤ ਹੈ। ਰਾਗੁ ਪ੍ਰਬੰਧ ਵਿਚ ਇਸ ਨੂੰ ਬਸੰਤ ਦੀ ਰਾਗਣੀ ਮੰਨਿਆ ਜਾਂਦਾ ਹੈ, ਜਿਸ ਦਾ ਸੰਬੰਧ ਵਿਛੋੜੇ ਨਾਲ ਹੈ। ਇਸ ਦਾ ਗਾਇਨ ਸਮਾਂ ਵੀ ਦਿਨ ਦਾ ਪਿਛਲਾ ਪਹਿਰ ਨਿਸ਼ਚਿਤ ਕੀਤਾ ਹੈ।[31] ਜਦੋਂ ਸਰੀਰ ਰੂਪ ਜੋਬਨ ਦੀ ਦੁਪਹਿਰ ਢਲਣੀ ਸ਼ੁਰੂ ਹੋ ਜਾਂਦੀ ਹੈ। ਇਸ ਰਾਗੁ ਵਿਚ ਗੁਰੂ ਪਾਤਸ਼ਾਹ ਦੇ 60 ਪਦੇ, 8 ਅਸ਼ਟਪਦੀਆਂ ਅਤੇ 22 ਪਉੜੀਆਂ ਹਨ। ਛੰਤ ਸੁਖ 4 ਹਨ ਅਤੇ 8 ਛੰਤ ਰੁਤੀ ਵਿਚ ਹਨ।

ਇਸ ਪ੍ਰਕਾਰ ਇਨ੍ਹਾਂ ਦੀ ਗਿਣਤੀ 12 ਬਣ ਜਾਂਦੀ ਹੈ। ਛੰਤਾਂ ਦੇ ਅੰਤ ਵਿਚ (ਪੰਨਾ 927) ਦੋ ਤੁਕਾਂ ਬੇਨਾਮ ਹਨ। ਜੋ ਛੰਤ ਨਹੀਂ ਅਖਵਾ ਸਕਦੀਆਂ। ਸਲੋਕ, ਪਾਉੜੀਆਂ ਨਾਲ 44 ਹਨ। ਵੀਹ ਸਲੋਕ ਛੰਤਾਂ ਨਾਲ ਹਨ ਅਤੇ ਇਕ ਅਸ਼ਟਪਦੀਆਂ (ਪੰਨਾ 916) ਵਿਚ ਮਿਲਦੀ ਹੈ। ਤੁਕਾਂ ਦੀ ਕੁੱਲ ਗਿਣਤੀ 1722 ਹੈ।[32]

ਰਾਗੁ ਨਟ ਨਾਰਾਇਨ : ਗੁਰੂ ਗ੍ਰੰਥ ਸਾਹਿਬ ਦਾ ਉਨੀਵਾਂ ਰਾਗੁ ਨਟ ਨਾਰਾਇਨ ਹੈ, ਜੋ ਪੰਨਾ 975 ਤੋਂ 983 ਤਕ ਅੰਕਤ ਹੈ। ਇਸ ਰਾਗੁ ਵਿਚ ਦੋ ਗੁਰੂ ਸਾਹਿਬਾਨ ਦੀ ਬਾਣੀ ਹੀ ਦਰਜ ਹੈ। ਚੌਥੇ ਗੁਰੂ ਪਾਤਸ਼ਾਹ ਦੀ ਬਾਣੀ ਦੀ ਗਿਣਤੀ ਜ਼ਿਆਦਾ ਹੈ। ਗੁਰੂ ਅਰਜਨ ਦੇਵ ਜੀ ਦੇ ਇਸ ਰਾਗੁ ਵਿਚ 10 ਪਦੇ ਹਨ, ਇਹਨਾਂ ਪਦੇ 66 ਤੁਕਾਂ ਵਿਚ ਦਰਜ ਹਨ।

ਰਾਗੁ ਮਾਲੀ ਗਉੜਾ : ਰਾਗ ਤਰਤੀਬ ਵਿਚ 20ਵਾਂ ਸਥਾਨ ਰੱਖਣ ਵਾਲਾ ਇਹ ਰਾਗ ਪੰਨਾ 984 ਤੋਂ ਸ਼ੁਰੂ ਹੁੰਦਾ ਹੈ ਤੇ 988 ਪੰਨੇ ਤੇ ਇਸ ਰਾਗੁ ਦੀ ਸਮਾਪਤੀ ਹੈ। ਇਸ ਰਾਗੁ ਵਿਚ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭਗਤ ਨਾਮ ਦੇਵ ਜੀ ਦੀ ਬਾਣੀ ਦਰਜ ਹੈ। ਗੁਰੂ ਅਰਜਨ ਦੇਵ ਜੀ ਦੇ ਇਸ ਵਿਚ 8 ਪਦੇ ਦਰਜ ਹਨ ਅਤੇ ਤੁਕਾਂ ਦੀ ਗਿਣਤੀ 68 ਹੈ।

ਰਾਗੁ ਮਾਰੂ : ਇਸ ਰਾਗੁ ਦੇ ਗਾਏ ਜਾਣ ਸੰਬੰਧ ਜੋ ਧਾਰਨਾ ਪ੍ਰਚਲਿਤ ਹੈ, ਉਸ ਅਨੁਸਾਰ ਯੁੱਧ ਅਤੇ ਮੌਤ ਦੇ ਸਮੇਂ ਇਸ ਨੂੰ ਗਾਇਆ ਜਾਣਾ ਚਾਹੀਦਾ ਹੈ।[33] ਗੁਰੂ ਗ੍ਰੰਥ ਸਾਹਿਬ ਦੇ ਪੰਨਾ 989 ਤੋਂ ਇਸ ਦਾ ਆਰੰਭ ਹੁੰਦਾ ਹੈ ਅਤੇ ਪੰਨਾ 1106 ਤੇ ਸੰਪੂਰਨਤਾ ਹੈ। ਇਸ ਰਾਗ ਵਿਚ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਕਬੀਰ, ਨਾਮਦੇਵ, ਜੈ ਦੇਵ ਅਤੇ ਰਵੀਦਾਸ ਜੀ ਦੀ ਬਾਣੀ ਦਰਜ ਹੈ। ਗੁਰੂ ਅਰਜਨ ਪਾਤਸ਼ਾਹ ਦੇ ਇਸ ਵਿਚ 30 ਪਦੇ, 6 ਅਸ਼ਟਪਦੀਆਂ, 11 ਡਖਣੇ ਅਤੇ ਸਲੋਕ (ਦੋ ਸਲੋਕ ਮਾਰੂ ਵਾਰ ਮਹਲਾ 3 ਨਾਲ ਪੰਨਾ 1093 ਉੱਤੇ ਹਨ) ਪਉੜੀਆਂ 23, ਅੰਜੁਲੀਆਂ 4 ਅਤੇ ਸੋਹਲੇ 14 ਮਿਲਦੇ ਹਨ। ਕੁਲ ਤੁਕਾਂ 1457 ਬਣਦੀਆਂ ਹਨ।

ਰਾਗੁ ਤੁਖਾਰੀ : ਇਸ ਰਾਗੁ ਨੂੰ ਗੁਰੂ ਗ੍ਰੰਥ ਸਾਹਿਬ ਦਾ 22ਵਾਂ ਰਾਗੁ ਹੋਣ ਦਾ ਮਾਣ ਪ੍ਰਾਪਤ ਹੈ, ਜੋ ਪੰਨਾ 1107 ਤੋਂ ਸ਼ੁਰੂ ਹੁੰਦਾ ਹੈ। ਪਹਿਲੇ, ਚੌਥੇ ਅਤੇ ਪੰਜਵੇਂ ਗੁਰੂ ਪਾਤਸ਼ਾਹ ਦੀ ਬਾਣੀ ਇਸ ਰਾਗੁ ਵਿਚ ਦਰਜ ਹੈ। ਗੁਰੂ ਅਰਜਨ ਪਾਤਸ਼ਾਹ ਦਾ ਇਸ ਰਾਗੁ ਵਿਚ 1 ਛੰਤ ਦਰਜ ਹੈ, ਜਿਸ ਨੂੰ 24 ਤੁਕਾਂ ਵਿਚ ਸਮੇਟਿਆ ਗਿਆ ਹੈ।

ਰਾਗੁ ਕੇਦਾਰਾ : ਕੇਦਾਰਾ ਰਾਗੁ ਦਾ ਪ੍ਰਾਰੰਭ 1118 ਪੰਨੇ ਤੋਂ ਹੁੰਦਾ ਹੈ ਅਤੇ 1124 ਪੰਨੇ ਤਕ ਇਸ ਰਾਗੁ ਵਿਚ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਨਾਲ-ਨਾਲ ਭਗਤ ਕਬੀਰ ਅਤੇ ਭਗਤ ਰਵੀਦਾਸ ਜੀ ਦੀ ਬਾਣੀ ਵੀ ਸ਼ਸ਼ੋਭਿਤ ਹੈ। ਇਸ ਰਾਗ ਵਿਚ ਪੰਜਵੇਂ ਗੁਰੂ ਦੇ 15 ਪਦੇ ਅਤੇ 1 ਛੰਤ ਦਰਜ ਹੈ।[34] ਤੁਕਾਂ ਦੀ ਗਿਣਤੀ 121 ਹੈ।

ਰਾਗੁ ਭੈਰਉ : ਅੰਕ 1125 ਤੋਂ ਭੈਰਉ ਰਾਗ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ 43 ਪੰਨੇ ਦਿੱਤੇ ਗਏ ਹਨ। ਇਨ੍ਹਾਂ ਪੰਨਿਆਂ ਵਿਚ ਪਹਿਲੇ, ਤੀਜੇ, ਚੌਥੇ ਅਤੇ ਪੰਜਵੇਂ ਮਹਲੇ ਦੇ ਨਾਲ ਭਗਤ ਕਬੀਰ, ਨਾਮਦੇਵ ਅਤੇ ਭਗਤ ਰਵੀਦਾਸ ਜੀ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਇਸ ਵਿਚ ਆਪ ਜੀ ਦੀ ਬਾਣੀ ਦੇ ਪਦੇ 58 ਅਤੇ 3 ਅਸ਼ਟਪਦੀਆਂ ਹਨ। ਇਕ ਪਦ ਕਬੀਰ ਜੀ ਦੇ ਪਦਿਆਂ ਵਿਚ ਪੰਨਾ 1160 ਉਤੇ ਦਰਜ ਹੈ। ਡਾ. ਤਾਰਨ ਸਿੰਘ ਪਦਿਆਂ ਦੀ ਗਿਣਤੀ 57 ਪ੍ਰਵਾਨ ਕਰਦੇ ਹਨ।[35] ਤੁਕਾਂ ਦਾ ਜੋੜ 1274 ਬਣਦਾ ਹੈ।

ਰਾਗੁ ਬਸੰਤੁ : ਬਸੰਤੁ ਰਾਗੁ ਵਿਚ ਮਹਲਾ ਪਹਿਲਾ, ਤੀਜਾ, ਚੌਥਾ, ਪੰਜਵਾਂ ਅਤੇ ਨੌਵਾਂ ਦੀ ਬਾਣੀ ਦਰਜ ਹੈ ਅਤੇ ਚਾਰ ਭਗਤ ਸਾਹਿਬਾਨ ਦੀ ਬਾਣੀ ਵੀ ਇਸ ਵਿਚ ਸੁਸ਼ੋਭਿਤ ਹੈ। ਗੁਰੂ ਗ੍ਰੰਥ ਸਾਹਿਬ ਦਾ ਇਹ 25ਵਾਂ ਰਾਗ ਪੰਨਾ 1180 ਤੋਂ ਲੈ ਕੇ ਪੰਨਾ 1186 ਤਕ ਹੈ। ਇਸ ਰਾਗੁ ਵਿਚ ਪੰਚਮ ਪਾਤਸ਼ਾਹ ਹਜ਼ੂਰ ਦੀ ਬਾਣੀ ਦਾ ਵੇਰਵਾ ਇਸ ਤਰ੍ਹਾਂ ਹੈ : ਪਦੇ 21, ਅਸ਼ਟਪਦੀਆਂ 2, ਪਉੜੀਆਂ 3, ਵਾਰ 1,[36] ਤੁਕਾਂ ਦੀ ਗਿਣਤੀ 412 ਹੈ।

ਰਾਗੁ ਸਾਰਗ : 26ਵੇਂ ਰਾਗੁ ਵਜੋਂ ਮਾਣ ਪ੍ਰਾਪਤ ਸਾਰਗ ਰਾਗੁ ਵਿਚ ਮਹਲਾ ਪਹਿਲਾ, ਮਹਲਾ ਚੌਥਾ, ਮਹਲਾ ਪੰਜਵਾਂ ਅਤੇ ਮਹਲਾ ਨੌਵਾਂ ਦੇ ਨਾਲ ਭਗਤ ਕਬੀਰ, ਨਾਮਦੇਵ ਜੀਓ, ਪਰਮਾਨੰਦ, ਸੂਰਦਾਸ ਜੀ ਨੂੰ ਥਾਂ ਪ੍ਰਾਪਤ ਹੈ। ਗੁਰੂ ਅਰਜਨ ਦੇਵ ਜੀ ਦੇ ਇਸ ਰਾਗੁ ਵਿਚ 140 ਪਦੇ, 2 ਅਸ਼ਟਪਦੀਆਂ, 3 ਸਲੋਕ, ਛੰਤ 1, ਪਉੜੀ 1[37] ਇਹ ਸਾਰਗ ਕੀ ਵਾਰ ਮਹਲਾ 4 ਦੇ ਅੰਤ ਵਿਚ 1251 ਪੰਨੇ ਤੇ ਹੈ। ਤੁਕਾਂ ਦਾ ਕੁਲ ਜੋੜ 412 ਹੈ।

ਰਾਗੁ ਮਲਾਰ : 1254 ਅੰਕ ਤੋਂ ਸ਼ੁਰੂ ਹੋ ਕੇ 1293 ਤਕ ਇਸ ਰਾਗ ਵਿਚ ਚਾਰ ਗੁਰੂ ਸਾਹਿਬਾਨ ਅਤੇ ਦੋ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। ਇਸ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀ ਦੇ 30 ਪਦੇ, 1 ਛੰਤ, 1 ਪਉੜੀ ਅਤੇ 2 ਸਲੋਕ ਦਰਜ ਹਨ। ਪਉੜੀ ਅਤੇ ਸਲੋਕ ਮਲਾਰ ਕੀ ਵਾਰ ਮਹਲਾ 1 ਨਾਲ ਰਲਾ ਕੇ ਪੰਨਾ 1284 ਉਤੇ ਅੰਕਤ ਹੈ। ਤੁਕਾਂ ਦੀ ਗਿਣਤੀ 248 ਹੈ।

ਰਾਗੁ ਕਾਨੜਾ : ਕਾਨੜਾ ਰਾਗੁ ਦਾ ਸਥਾਨ 28ਵਾਂ ਹੈ ਅਤੇ 1294 ਤੋਂ ਆਰੰਭ ਹੋ ਕੇ 1318 ਪੰਨੇ ਤੇ ਸਮਾਪਤੀ ਹੈ। ਇਸ ਰਾਗ ਵਿਚ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਦੀ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਦਰਜ ਹੈ। ਇੱਥੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ 50 ਪਦੇ ਅਤੇ 1 ਛੰਤ ਦਰਜ ਹੈ। ਕੁਲ ਤੁਕਾਂ ਦੀ ਗਿਣਤੀ 374 ਹੈ।

ਰਾਗੁ ਕਲਿਆਨ : ਕਲਿਆਨ ਰਾਗੁ 1319 ਪੰਨੇ ਤੋਂ ਲੈ ਕੇ 1326 ਪੰਨੇ ਤਕ ਹੈ। ਇਸ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੀ ਅੰਕਤ ਹੈ। ਆਪ ਜੀ ਦੀ ਬਾਣੀ ਦੀਆਂ 374 ਤੁਕਾਂ ਹਨ ਅਤੇ 10 ਪਦਿਆਂ ਦੇ ਨਾਲ 1 ਛੰਤ ਵੀ ਦਰਜ ਹੈ।

ਰਾਗੁ ਪਰਭਾਤੀ : ਇਹ ਗੁਰੂ ਗ੍ਰੰਥ ਸਾਹਿਬ ਦਾ 30ਵਾਂ ਰਾਗੁ ਹੈ ਅਤੇ 1604 ਈਸਵੀ ਵਿਚ ਸੰਪੂਰਨ ਹੋਏ 'ਆਦਿ ਗ੍ਰੰਥ' ਦਾ ਅਖੀਰਲਾ ਰਾਗ ਜੋ ਮੌਜੂਦਾ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਦੇ ਪੰਨਾ 1327 ਤੋਂ ਆਰੰਭ ਹੁੰਦਾ ਹੈ ਅਤੇ 1351 ਪੰਨੇ ਤਕ ਇਸ ਰਾਗ ਵਿਚ 4 ਗੁਰੂ ਸਾਹਿਬਾਨ ਅਤੇ 3 ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। ਸ੍ਰੀ ਰਾਗ ਜੋ ਹਨੇਰੇ ਦਾ ਰਾਗ ਅਤੇ ਪਰਭਾਤੀ ਰਾਗ ਦਾ ਸੰਬੰਧ ਚਾਨਣ ਨਾਲ ਹੈ। ਰਾਗ ਬਧ ਬਾਣੀ ਦੀ ਸ਼ੁਰੂਆਤ ਸਿਰੀ ਰਾਗੁ ਤੋਂ ਕਰਕੇ ਪਰਭਾਤੀ ਤਕ ਪਹੁੰਚਣਾ ਜਿੱਥੇ ਅਗਿਆਨ ਤੋਂ ਗਿਆਨ ਤਕ ਦਾ ਲੰਮਾ ਸਫਰ ਹੈ, ਉੱਥੇ ਅਧਿਆਤਮਿਕ ਉੱਨਤੀ ਦੀਆਂ ਸਾਰੀਆਂ ਸੀਮਾਵਾਂ ਪਾਰ ਕਰਦਾ ਹੋਇਆ ਮਾਨਵ, ਮਹਾਂਮਾਨਵ ਦੀ ਪੱਦਵੀ ਗ੍ਰਹਿਣ ਕਰ ਲੈਂਦਾ ਹੈ। ਇਸ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੀ ਰਚਨਾ 15 ਪਦੇ ਅਤੇ 3 ਅਸ਼ਟਪਦੀਆਂ ਦੇ ਰੂਪ ਵਿਚ ਮਿਲਦੀ ਹੈ। ਤੁਕਾਂ ਦੀ ਗਿਣਤੀ 306 ਬਣਦੀ ਹੈ।

ਰਾਗੁ ਰਹਿਤ ਬਾਣੀ : ਪੰਚਮ ਪਾਤਸ਼ਾਹ ਹਜ਼ੂਰ ਕੀ ਰਾਗ ਰਹਿਤ ਬਾਣੀ ਦੀ ਮਾਤਰਾ ਇਸ ਪ੍ਰਕਾਰ ਹੈ :

1. ਸਲੋਕ ਸਹਿਸਕ੍ਰਿਤੀ	:	67
2. ਗਾਥਾ	:	24
3. ਚਉਬੋਲੇ	:	11
4. ਸਵਈਏ	:	20
5. ਮੁੰਦਾਵਣੀ	:	1
6. ਸਲੋਕ ਕਬੀਰ	:	4
7. ਸਲੋਕ ਫਰੀਦ	:	5
8. ਸਲੋਕ ਵਾਰਾਂ ਤੇ ਵਧੀਕ	:	22[38]

ਗੁਰੂ ਅਰਜਨ ਦੇਵ ਜੀ ਦਾ ਅੰਤਮ ਮਹਾਨ ਕਾਰਜ ਉਨ੍ਹਾਂ ਦੀ ਸ਼ਹਾਦਤ ਸੀ, ਅਜਿਹੀ ਸ਼ਹਾਦਤ ਜਿਸ ਨੇ ਸਰਜਨ ਦੇ ਚਾਕੂ ਵਾਂਗ ਸਮਾਜ ਦੇ ਉਸ ਅਪੰਗ ਹਿੱਸੇ ਨੂੰ ਕੱਟ ਕੇ ਰੱਖ ਦਿੱਤਾ, ਜਿਸ ਦੇ ਨਾਲ ਰਹਿਣ ਨਾਲ ਸਮੁੱਚੀ ਮਨੁੱਖਤਾ ਦੀ ਹਮੇਸ਼ਾਂ-ਹਮੇਸ਼ਾਂ ਲਈ ਅਪੰਗ ਹੋ ਜਾਣਾ ਲਾਜ਼ਮੀ ਸੀ। ਇਸ ਸ਼ਹਾਦਤ ਨੇ ਹਿੰਦੁਸਤਾਨ ਦੀ ਲੋਕਾਈ ਨੂੰ ਸੋਚਣ ਤੇ ਮਜ਼ਬੂਰ ਕਰ ਦਿੱਤਾ ਕਿ ਆਉਣ ਵਾਲਾ ਕੱਲ੍ਹ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਦੇ ਕਾਰਨਾਂ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਸ਼ਹਾਦਤ ਲਈ ਅੰਦਰੂਨੀ ਅਤੇ ਬਾਹਰੀ ਦੋਵਾਂ ਤਰ੍ਹਾਂ ਦੇ ਕਾਰਣ ਮੌਜੂਦ ਸਨ। ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਨੇ ਜੋ ਕਾਰਜ ਕੀਤਾ ਸੀ, ਉਸ ਨਾਲ ਮਨੁੱਖਤਾ ਦੇ ਧੁਰ ਅੰਦਰ ਤਕ ਇਕ ਨਵਾਂ ਅਹਿਸਾਸ ਅੰਗੜਾਈ ਲੈਣ ਲੱਗ ਪਿਆ ਸੀ ਅਤੇ ਜਨ-ਸਾਧਾਰਨ ਦੇ ਅੰਦਰ ਉੱਠ ਰਹੇ ਅਹਿਸਾਸ ਨੇ ਬੌਣਧਾਰੀਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਇਸ ਦੇ ਨਾਲ-ਨਾਲ ਪੰਚਮ ਪਾਤਸ਼ਾਹ ਦੁਆਰਾ ਕੀਤੇ ਕਾਰਜ ਚਾਹੇ ਉਹ ਸਿੱਖ ਧਾਰਮਿਕ ਅਸਥਾਨਾਂ ਦੀ ਸਥਾਪਨਾ ਸੀ ਜਾਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਜਾਂ ਲੋਕ ਮਾਨਸਿਕਤਾ ਵਿਚ ਗੁਰੂ ਅਰਜਨ ਦੇਵ ਜੀ ਦਾ ਸੱਚੇ ਪਾਤਸ਼ਾਹ ਦੇ ਰੂਪ ਵਜੋਂ ਸਥਾਪਤੀ ਇਹ ਸਾਰੇ ਕੁਝ ਨੂੰ ਸਮੇਂ ਦੇ ਹਾਕਮ ਬਾਗੀ ਲਹਿਰ ਵਜੋਂ ਪ੍ਰਵਾਨ ਕਰਨ ਲੱਗੇ। ਇਹ ਕੁਦਰਤੀ ਹੈ ਕਿ ਲੋਕ ਲਹਿਰ ਹਮੇਸ਼ਾਂ ਹੀ ਸਮੇਂ ਦੀਆਂ ਹਕੂਮਤਾਂ ਦੀ ਨਜ਼ਰ ਵਿਚ ਰੜਕਣੀ ਸ਼ੁਰੂ ਹੋ ਜਾਂਦੀ ਹੈ ਤੇ ਲਹਿਰ ਦੇ ਨਾਇਕ ਬਾਗੀ ਰੂਪ ਵਜੋਂ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਗੁਰ ਗੱਦੀ ਤੋਂ ਪ੍ਰਿਥੀ ਚੰਦ ਦਾ ਵਾਂਝਿਆ ਰਹਿ ਜਾਣਾ ਵੀ ਗੁਰੂ ਪਾਤਸ਼ਾਹ ਦੀ ਸ਼ਹਾਦਤ ਲਈ ਵੱਡਾ ਤੇ ਜ਼ਿੰਮੇਵਾਰ ਕਾਰਣ ਸੀ, ਕਿਉਂਕਿ ਉਸ ਦਿਨ ਤੋਂ ਜੋ ਰੋਲ ਪ੍ਰਿਥੀ ਚੰਦ ਨੇ ਅਦਾ ਕੀਤਾ, ਉਸ ਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਈ ਜੋ ਹਿੱਸਾ ਬਾਹਰੀ ਤਾਕਤਾਂ ਨੇ ਪਾਇਆ, ਉਸ ਨੂੰ ਇੱਥੇ ਵਿਸਥਾਰ ਵਿਚ ਵੇਖਣਾ ਜ਼ਰੂਰੀ ਬਣ ਜਾਂਦਾ ਹੈ। ਇਨ੍ਹਾਂ ਬਾਹਰੀ ਕਾਰਨਾਂ ਵਿਚ ਪਹਿਲੀ ਜ਼ਿੰਮੇਵਾਰੀ ਜਹਾਂਗੀਰ ਬਾਦਸ਼ਾਹ ਦੀ ਨਿਰਧਾਰਿਤ ਕੀਤੀ ਜਾ ਸਕਦੀ ਹੈ।

ਅਕਬਰ ਬਾਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੀ ਸਹਿਨਸ਼ੀਲਤਾ ਦੀ ਨੀਤੀ ਵੀ ਉਸ ਦੀ ਕਬਰ ਵਿਚ ਦਫਨ ਕਰ ਦਿੱਤੀ ਗਈ। ਉਸ ਦਾ ਵੱਡਾ ਬੇਟਾ ਸਲੀਮ ਜਹਾਂਗੀਰ ਦੇ ਲਕਬ ਨਾਲ ਰਾਜ ਗੱਦੀ ਤੇ ਬੈਠਾ। ਉਹ ਕੱਟੜ ਸੁੰਨੀ ਮੁਸਲਮਾਨ ਸੀ ਅਤੇ ਗੈਰ-ਧਰਮੀਆਂ ਨੂੰ ਸਖਤ ਨਫ਼ਰਤ ਕਰਦਾ ਸੀ। ਪਿਤਾ ਦੀ ਨਿਮਰਤਾ ਅਤੇ ਮਾਤਾ ਦੇ ਸਹਿਣਸ਼ੀਲਤਾ ਵਾਲੇ ਗੁਣ ਉਸਨੇ ਗ੍ਰਹਿਣ ਨਹੀਂ ਸਨ ਕੀਤੇ ਜਾਂ ਕੱਟੜਪੰਥੀ ਮੁਸਲਮਾਨਾਂ ਨੇ ਗ੍ਰਹਿਣ ਕਰਨ ਨਹੀਂ ਸਨ ਦਿੱਤੇ। ਉਸ

ਦੇ ਮਨ ਵਿਚ ਕੁੱਟ-ਕੁੱਟ ਕੇ ਕਾਫ਼ਰਾਂ ਪ੍ਰਤੀ ਨਫ਼ਰਤ ਭਰ ਦਿੱਤੀ ਸੀ। ਇਸ ਲਈ ਉਸਨੇ ਆਪਣੀ ਧਾਰਮਿਕ ਨੀਤੀ ਅਜਿਹੀ ਬਣਾਈ ਜਿਹੜੀ ਗੈਰ-ਮੁਸਲਿਮ ਧਰਮੀਆਂ ਲਈ ਸਮੱਸਿਆ ਬਣਨੀ ਹੀ ਸੀ ਅਤੇ ਇਸ ਗੱਲ ਦਾ ਪ੍ਰਗਟਾਵਾ ਉਸ ਨੇ ਖੁਦ ਆਪਣੀ ਸਵੈ-ਜੀਵਨੀ ਤੁਜ਼ਕੇ-ਜਹਾਂਗੀਰੀ ਵਿਚ ਕੀਤਾ ਹੋਇਆ ਹੈ। ਉਹ ਲਿਖਦਾ ਹੈ :

"ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ ਤੇ ਹੈ, ਪੀਰ ਦਾ ਭੇਸ ਧਾਰ ਕੇ ਅਰਜਨ ਮਲ ਨਾਂ ਦਾ ਇਕ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ-ਤਰੀਕਿਆਂ ਨਾਲ ਬਹੁਤ ਸਾਰੇ ਹਿੰਦੂਆਂ ਅਤੇ ਇਸਲਾਮ ਦੇ ਜਾਹਲ ਤੇ ਮੂਰਖ ਲੋਕਾਂ ਉੱਤੇ ਡੋਰੇ ਪਾ ਰੱਖੇ ਹਨ। ਉਸ ਨੇ ਮਹਾਨ ਅਧਿਆਤਮਕ ਅਤੇ ਸੰਸਾਰਿਕ ਨੇਤਾ ਹੋਣ ਦਾ ਢੌਂਗ ਰਚਾ ਰੱਖਿਆ ਹੈ। ਉਹ ਉਸਨੂੰ ਗੁਰੂ ਕਹਿੰਦੇ ਹਨ ਅਤੇ ਹਰ ਪਾਸੇ ਤੋਂ ਮੂਰਖ ਲੋਕ ਉਸ ਦੀ ਪੂਜਾ ਕਰਨ ਲਈ ਆਉਂਦੇ ਹਨ ਤੇ ਉਸ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਝੂਠ ਦੀ ਦੁਕਾਨ ਸਰਗਰਮ ਹੈ। ਬਹੁਤ ਚਿਰ ਤੋਂ ਮੇਰੇ ਮਨ ਵਿਚ ਇਹ ਵਿਚਾਰ ਆ ਰਿਹਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਇਸਲਾਮ ਦੇ ਝੰਡੇ ਥੱਲੇ ਲੈ ਆਵਾਂ।"

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਜੀ ਦਾ ਅਸਰ ਰਸੂਖ ਬਹੁਤ ਵਧ ਰਿਹਾ ਸੀ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਿੱਖ ਬਣ ਰਹੇ ਸਨ। ਇਸਲਾਮੀ ਰਾਜ ਵਿਚ ਮੁਸਲਮਾਨ ਦਾ ਧਰਮ ਬਦਲਣਾ ਬਹੁਤ ਵੱਡਾ ਗੁਨਾਹ ਹੈ, ਇਹ ਗੁਨਾਹ ਭਾਵੇਂ ਛੋਟੇ ਪੈਮਾਨੇ ਉੱਤੇ ਹੀ ਹੋਵੇ, ਗੁਰੂ ਪਾਤਸ਼ਾਹ ਕਰ ਰਹੇ ਸਨ? ਇਸ ਕਰਕੇ ਜਹਾਂਗੀਰ ਇਸ 'ਦੁਕਾਨ' ਨੂੰ ਬੰਦ ਕਰਨਾ ਚਾਹੁੰਦਾ ਸੀ, ਉਹ ਕੇਵਲ ਗੁਰੂ ਅਰਜਨ ਜੀ ਨੂੰ ਹੀ ਘਿਰਣਾ ਨਹੀਂ ਸੀ ਕਰਦਾ, ਸਗੋਂ ਚਾਰ ਪੀੜੀਆਂ ਤੋਂ ਚਲੀ ਆ ਰਹੀ ਗੁਰ ਗੱਦੀ ਨੂੰ ਵੀ 'ਝੂਠ ਦੀ ਦੁਕਾਨ' ਸਮਝਦਾ ਸੀ। ਜਹਾਂਗੀਰ ਕਦੇ ਗੁਰੂ ਅਰਜਨ ਦੇਵ ਜੀ ਜਾਂ ਉਸ ਤੋਂ ਪਹਿਲੇ ਕਿਸੇ ਗੁਰੂ ਸਾਹਿਬ ਨੂੰ ਨਹੀਂ ਮਿਲਿਆ ਸੀ। ਪਰ ਉਸ ਨੇ ਆਪਣੀ ਇਹ ਰਾਏ ਮੁਲਾਂ ਮੁਲਾਣਿਆਂ ਜਾਂ ਗੁਰੂ-ਨਿੰਦਕਾਂ ਤੋਂ ਸੁਣ-ਸੁਣ ਕੇ ਹੀ ਬਣਾਈ ਸੀ। ਉਹ ਇਨ੍ਹਾਂ ਦੀਆਂ ਗੱਲਾਂ ਵਿਚ ਆਉਣ ਕਾਰਨ ਅੱਗ-ਬਬੂਲਾ ਹੋਈ ਫਿਰਦਾ ਸੀ ਅਤੇ ਅਜਿਹੇ ਮੌਕੇ ਦੀ ਉਡੀਕ ਵਿਚ ਸੀ, ਜਦੋਂ ਉਹ ਗੁਰੂ ਸਾਹਿਬ ਨੂੰ ਇਸ ਦੀ ਬਣਦੀ ਸਜ਼ਾ ਦੇ ਸਕੇ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਈ ਨਕਸ਼ਬੰਦੀ ਸਿਲਸਿਲੇ ਨੇ ਵੀ ਮਹੱਤਵਪੂਰਨ ਹਿੱਸਾ ਪਾਇਆ। ਨਕਸ਼ਬੰਦੀ ਸਿਲਸਿਲੇ ਦਾ ਸੰਬੰਧ ਇਸਲਾਮ ਧਰਮ ਦੀ ਮਹੱਤਵਪੂਰਨ ਲਹਿਰ ਸੂਫਵਾਦ ਨਾਲ ਹੈ। ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰੇ ਵਰਗੇ ਸੰਦੇਸ਼ ਜਦੋਂ ਇਸਲਾਮੀ ਕੱਟੜਤਾ ਦੀ ਭੇਂਟ ਚੜ ਗਏ ਤਾਂ ਇਸ ਦੇ ਵਿਰੋਧ ਵਿਚ ਸੂਫੀਵਾਦ ਨਾਂ ਦੀ ਇਕ ਲਹਿਰ ਚੱਲੀ, ਜਿਸ ਨੇ ਕੱਟੜਤਾ ਦੀ ਹਨ੍ਹੇਰੀ ਨੂੰ ਢਲ ਪਾਉਣ ਦਾ ਯਤਨ ਕੀਤਾ। ਇਸ ਲਹਿਰ ਦਾ ਬਾਨੀ ਅਬੂ ਹਾਸ਼ਮ ਕੂਫੀ ਸੀ, ਜੋ ਕੂਫ ਸ਼ਹਿਰ ਦਾ ਵਸਨੀਕ ਸੀ। ਇਸ ਲਹਿਰ ਦੇ ਪੈਰੋਕਾਰ ਹਰ ਮਜ਼ਹਬ, ਹਰ ਬੰਦੇ ਵਿਚ ਅੱਲਾਹ ਦੇ ਦੀਦਾਰੇ ਕਰਦੇ। ਹਿੰਦੁਸਤਾਨ ਦੀ ਧਰਤੀ ਤੇ ਇਹ ਲਹਿਰ ਨੌਵੀਂ ਸਦੀ ਤਕ ਪਹੁੰਚੀ। ਪਰ ਇੱਥੇ ਪਹੁੰਚਣ ਤਕ ਇਹ ਲਹਿਰ ਕਈ ਹਿੱਸਿਆਂ ਵਿਚ ਵੰਡੀ ਗਈ ਸੀ। ਜਿਨ੍ਹਾਂ ਨੂੰ ਸਿਲਸਿਲੇ ਦਾ ਨਾਮ ਦਿੱਤਾ ਗਿਆ ਸੀ। ਇਨ੍ਹਾਂ ਵਿਚ ਪ੍ਰਮੁਖ ਸਿਲਸਿਲੇ ਸਨ ਸੁਹਰਾਵਰਦੀ, ਚਿਸ਼ਤੀ, ਕਾਦਰੀ ਅਤੇ ਨਕਸ਼ਬੰਦੀ। ਇਨ੍ਹਾਂ ਸਿਲਸਿਲਿਆਂ ਦੇ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਸੰਬੰਧ ਰਹੇ ਹਨ। ਚਿਸ਼ਤੀ ਸਿਲਸਿਲੇ ਦੇ ਦੈਵੀ ਫਕੀਰ

ਬਾਬਾ ਫਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ। ਕਾਦਰੀ ਸਿਲਸਿਲੇ ਦੇ ਫਕੀਰ ਸਾਈ ਮੀਆਂ ਮੀਰ ਨੇ ਗੁਰੂ ਪੰਚਮ ਪਾਤਸ਼ਾਹ ਦੇ ਹੁਕਮਾਂ ਨਾਲ ਹਰਿਮੰਦਰ ਦੀ ਨੀਂਹ ਹੀ ਨਹੀਂ ਸੀ ਰੱਖੀ, ਸਗੋਂ ਜਹਾਂਗੀਰ ਦੁਆਰਾ ਗੁਰੂ ਅਰਜਨ ਪਾਤਸ਼ਾਹ ਤੇ ਕੀਤੇ ਜ਼ੁਲਮਾਂ ਕਰਕੇ ਉਸਨੂੰ ਹਮੇਸ਼ਾਂ ਹਮੇਸ਼ਾਂ ਲਈ ਦੁਰਕਾਰ ਵੀ ਦਿੱਤਾ ਸੀ। ਪਰ ਨਕਸ਼ਬੰਦੀ ਸਿਲਸਿਲੇ ਦਾ ਰੋਲ ਬਹੁਤ ਨਾਂਹ ਪੱਖੀ ਸੀ ਅਤੇ ਇਸ ਸਿਲਸਿਲੇ ਨੇ ਪੰਚਮ ਪਾਤਸ਼ਾਹ ਹਜ਼ੂਰ ਅਤੇ ਨੌਵੇਂ ਪਾਤਸ਼ਾਹ ਹਜ਼ੂਰ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾ ਕੇ, ਸਿੱਖ ਇਤਿਹਾਸ ਵਿਚ ਆਪਣੇ ਆਪ ਨੂੰ ਹਮੇਸ਼ਾਂ ਲਈ ਕਲੰਕਤ ਕਰ ਲਿਆ ਸੀ। ਸਮੁੱਚੀ ਸਿੱਖ ਕੌਮੀਅਤ ਅੱਜ ਬਾਬਾ ਫਰੀਦ ਅਤੇ ਸਾਈ ਮੀਆਂ ਮੀਰ ਨੂੰ ਨਤਮਸਤਕ ਕਰਦੀ ਹੈ, ਪਰ ਨਕਸ਼ਬੰਦੀ ਸਿਲਸਿਲੇ ਪ੍ਰਤੀ ਨਫ਼ਰਤ ਉਨ੍ਹਾਂ ਦੇ ਮਨ ਦਾ ਹਿੱਸਾ ਹੋ ਚੁੱਕੀ ਹੈ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ ਪਿਆਰ ਦੇ ਗੁਣਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕੱਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ ਸੀ। ਆਪਣੀ ਕੱਟੜਤਾ ਦੇ ਇਸ ਅਗਨੀ ਵਿਚ ਉਹ ਕੁਲ 'ਕਾਫਰਾਂ' ਨੂੰ ਫਨਾਹ ਕਰਨ ਹਿਤ ਤਾਕਤ ਲਈ ਅੱਲਾਹ ਅੱਗੇ ਅਰਜ਼ੋਈਆਂ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗ਼ੈਰ-ਧਰਮੀਆਂ ਖਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ। ਨਫ਼ਰਤ ਦੇ ਇਸ ਕਰਮ ਦਾ ਸਿਖਰ ਸ਼ੇਖ ਅਹਿਮਦ ਸਰਹਿੰਦੀ ਦਾ ਵੇਲਾ ਸੀ। ਉਹ ਮੁਜ਼ੱਦਦ ਅਲਫਿਸਾਨੀ (ਹਜ਼ਾਰਾਂ ਯੁਗਾਂ ਦਾ ਸੁਧਾਰਕ) ਦਾ ਖਿਤਾਬ ਧਾਰਨ ਕਰਕੇ ਪਿਛਾਂਹ ਖਿਚੂ ਸ਼ਕਤੀਆਂ ਦਾ ਆਗੂ ਬਣ ਬੈਠਾ ਸੀ। ਉਸ ਦੀ ਇੱਛਾ ਸੀ ਕਿ ਸਭ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮੁਆਮਲਿਆਂ ਦਾ ਨਿਪਟਾਰਾ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ। ਅਕਬਰ ਦਾ ਦੀਨਿ-ਈਲਾਹੀ, ਹਿੰਦੂਆਂ ਨਾਲ ਵਿਆਹ ਸੰਬੰਧ ਅਤੇ ਉਨ੍ਹਾਂ ਦੇ ਤਿਥਾਂ ਤਿਉਹਾਰਾਂ ਵਿਚ ਉਸ ਦੀ ਸ਼ਮੂਲੀਅਤ ਨੂੰ ਉਹ ਇਸਲਾਮ ਵਾਸਤੇ ਖਤਰਾ ਤਸੱਵਰ ਕਰਦਾ ਸੀ। ਇਕ ਅਜਿਹਾ ਖਤਰਾ ਜੋ ਇਸਲਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖਤਮ ਕਰ ਸਕਦਾ ਸੀ। ਸ਼ੇਖ ਅਹਿਮਦ ਸਰਹਿੰਦੀ ਲਿਖਦਾ ਹੈ :

> "ਕਾਫਰਾਂ ਨੂੰ ਸਮਾਜ ਵਿਚ ਸ਼ਾਮਿਲ ਕਰਨਾ, ਆਪਣੇ ਨਾਲ ਬਠਾਉਣਾ, ਤੇ ਇਨ੍ਹਾਂ ਨਾਲ ਗੱਲਬਾਤ ਕਰਨਾ ਵੀ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਇੱਜ਼ਤ ਕਰਨਾ ਦੇ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ। ਸੱਚ ਤਾਂ ਇਹ ਹੈ ਕਿ ਇਨ੍ਹਾਂ ਕਾਫਰਾਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ-ਦੂਰੇ ਕਰਦੇ ਰਹਿਣਾ ਚਾਹੀਦਾ ਹੈ।"

ਗੁਰੂ ਅਰਜਨ ਪਾਤਸ਼ਾਹ ਵੇਲੇ ਪੰਜਾਬ ਦੀ ਸਾਰੀ ਧਰਤੀ ਤੇ 'ਗੁਰੂ ਮਹਿਮਾ ਦਾ ਗਾਇਨ' ਸੀ ਸਿੱਖ ਧਰਮ ਦਾ ਪ੍ਰਭਾਵ ਇਥੋਂ ਤਕ ਵਧ ਗਿਆ ਕਿ ਪੰਜਾਬੀ ਮਾਨਸਿਕਤਾ ਨੇ ਗੁਰੂ ਅਰਜਨ ਦੇਵ ਜੀ ਨੂੰ 'ਸੱਚੇ ਪਾਤਸ਼ਾਹ' ਵਜੋਂ ਪ੍ਰਵਾਨ ਕਰ ਲਿਆ ਸੀ। ਇਹ ਸਮਾਂ ਸੀ ਜਦੋਂ ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧਣ ਲੱਗ ਪਈ। ਇਸ ਲੋਕ ਪਿਆਰ ਨੇ ਗੁਰੂ-ਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਵੀ ਭਰ ਦਿੱਤੀ ਸੀ। ਇਸਲਾਮੀ ਰਾਜ ਵਿਚ ਕਾਫਰ ਧਰਮ ਦਾ ਪ੍ਰਕਾਸ਼ ਨਕਸ਼ਬੰਦੀਆਂ ਲਈ ਕਿਆਮਤ ਦੇ ਦਿਨਾਂ ਵਰਗਾ ਸੀ। ਪਰ ਅਕਬਰ ਦੀ ਨੀਤੀ ਕਾਰਨ ਉਹ ਕੁਝ ਵੀ ਕਰਨ ਤੋਂ ਅਸਮਰਥ ਸਨ। 1605 ਈਸਵੀ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਮੌਤ ਹੋ ਜਾਂਦੀ ਹੈ ਅਤੇ ਜਹਾਂਗੀਰ ਗੱਦੀ-ਨਸ਼ੀਨ ਹੁੰਦਾ ਹੈ। ਜਹਾਂਗੀਰ

ਨਕਸ਼ਬੰਦੀਆਂ ਦੇ ਪ੍ਰਭਾਵ ਹੇਠ ਸੀ ਕਿਉਂਕਿ ਗੱਦੀ ਹਾਸਲ ਕਰਨ ਵਿਚ ਨਕਸ਼ਬੰਦੀਆਂ ਨੇ ਅਹਿਮ ਰੋਲ ਅਦਾ ਕੀਤਾ ਸੀ। ਇਸ ਲਈ ਇਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਿਆਂ ਉਸਨੇ ਕੱਟੜਪੁਣੇ ਦੀ ਤਲਵਾਰ ਨੂੰ ਤੇਜ਼ ਕਰ ਦਿੱਤਾ। ਸਿੱਟੇ ਵਜੋਂ ਉਨ੍ਹਾਂ ਸਾਰੇ ਲੋਕਾਂ ਦੇ ਚਿਹਰੇ ਤੇ ਮੁਸਕਾਨ ਆ ਗਈ ਸੀ ਜਿਹੜੇ ਸਿੱਖ ਧਰਮ ਦੀ ਵਧਦੀ ਲਹਿਰ ਦੇ ਵਿਰੋਧੀ ਸਨ ਅਤੇ ਇਨ੍ਹਾਂ ਵਿਚ ਸਭ ਤੋਂ ਵੱਡੀ ਭੂਮਿਕਾ ਨਕਸ਼ਬੰਦੀ ਸਿਲਸਿਲਾ ਨਿਭਾ ਰਿਹਾ ਸੀ। ਉਸ ਨੇ ਹੁਣ ਸਿੱਖ ਧਰਮ ਨੂੰ ਤਕੜੇ ਹੱਥੀ ਨਜਿੱਠਣ ਦਾ ਮਨ ਬਣਾਇਆ ਅਤੇ ਇਸਲਾਮਕ ਫਤਵਿਆਂ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫੁਰਮਾਨ ਵਜੋਂ ਜਾਰੀ ਕਰਵਾਉਣ ਵਿਚ ਸਫਲ ਹੋ ਗਿਆ। ਇਕ ਫਤਵਾ ਉਦਾਹਰਣ ਲਈ ਪੇਸ਼ ਹੈ :

ਅੱਲਾਹ ਬਿਨਾ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਸਾਹਿਬ ਹੀ ਅੱਲਾਹ ਦਾ ਸੁਨੇਹਾ ਦੇਣ ਵਾਲਾ ਪੈਗੰਬਰ ਹੈ। ਇਸ ਕਲਮੇ ਤੇ ਯਕੀਨ ਰੱਖਣ ਵਾਲਾ ਮੋਮਿਨ (ਇਮਾਨ ਵਾਲਾ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ। ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫ਼ਰਾਂ ਦੀ ਹਥਿਆਰਬੰਦ (ਦਾਰੁਲਾ ਹਰਬ) ਦੁਨੀਆਂ ਨੂੰ ਸ਼ਾਂਤੀ ਦੀ ਦੁਨੀਆਂ (ਦਾਰੁਮ ਇਸਲਾਮ) ਵਿਚ ਤਬਦੀਲ ਕਰਨ ਲਈ ਧਰਮ ਯੁੱਧ (ਜਹਾਦ) ਕਰਨ।

ਸਪਸ਼ਟ ਹੈ ਕਿ ਸਿੱਖ ਧਰਮ ਦੀ ਹਰਮਨ ਪਿਆਰਤਾ ਉਸ ਲਈ ਕਿਵੇਂ ਅਸਹਿ ਹੋ ਰਹੀ ਸੀ। ਇਥੋਂ ਤਕ ਕਿ ਉਹ ਕਾਦਰੀ ਸਿਲਸਿਲੇ ਦੇ ਉਸ ਵੇਲੇ ਦੇ ਮੁਖੀ ਨੂੰ ਵੀ ਸਖਤ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ, ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਰੱਬੀ ਰੂਹ ਦੇ ਤੌਰ ਤੇ ਮਾਨਤਾ ਦਿੰਦਾ ਸੀ। ਜਹਾਂਗੀਰ ਨਕਸ਼ਬੰਦੀ ਸਕੂਲ ਦੇ ਬੇਹੱਦ ਪ੍ਰਭਾਵ ਵਿਚ ਸੀ। ਇਸ ਕਰਕੇ ਸਪਸ਼ਟ ਸੀ ਕਿ ਨਕਸ਼ਬੰਦੀ ਸਿਲਸਿਲਾ ਹੁਣ ਸਿੱਖ ਧਰਮ ਲਈ ਸਮੱਸਿਆਵਾਂ ਖੜੀਆਂ ਕਰਨ ਦੀ ਕੋਸ਼ਿਸ਼ ਕਰੇਗਾ।

ਗੁਰੂ ਪਾਤਸ਼ਾਹ ਦੀ ਸ਼ਹਾਦਤ ਦੀ ਪ੍ਰਮੁਖ ਤੇ ਅੰਤਮ ਕੜੀ ਖੁਸਰੋ ਦੀ ਬਗਾਵਤ ਸੀ। ਖੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ ਸੀ ਅਤੇ ਆਪਣੇ ਦਾਦੇ ਅਕਬਰ ਵਾਂਗ ਬੇਹੱਦ ਸਹਿਣਸ਼ੀਲ ਮਨੁੱਖ ਸੀ। ਪਰ ਇਹ ਸਹਿਣਸ਼ੀਲਤਾ ਉਸ ਲਈ ਸਮੱਸਿਆ ਬਣ ਗਈ, ਅਕਬਰ ਜਦੋਂ ਬਿਮਾਰੀ ਦੀ ਹਾਲਤ ਵਿਚ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ ਤਾਂ ਉਸਦੀ ਪ੍ਰਬਲ ਇੱਛਾ ਸੀ ਕਿ ਰਾਜਗੱਦੀ ਉਸ ਦੇ ਪੁੱਤਰ ਦੀ ਥਾਂ ਪੋਤਰੇ ਨੂੰ ਦਿੱਤੀ ਜਾਵੇ, ਕਿਉਂਕਿ ਉਹ ਜਹਾਂਗੀਰ ਦੇ ਹਠੀ ਸੁਭਾਅ ਅਤੇ ਉਸ ਨਾਲ ਜੁੜੇ ਹੋਏ ਕੱਟੜਪੰਥੀ ਟੋਲੇ ਦੀਆਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਉਸ ਦਾ ਇਹ ਅਟੱਲ ਵਿਸ਼ਵਾਸ ਸੀ ਹਿੰਦੋਸਤਾਨ ਵਿਚ ਸਦਾ ਲਈ ਮੁਗਲਈ ਹਕੂਮਤ ਦੀ ਸਥਾਪਨਾ ਲਈ ਸਖਤੀ ਦੀ ਨਹੀਂ ਪਿਆਰ ਦੀ ਲੋੜ ਹੈ ਅਤੇ ਅਜਿਹੇ ਪਿਆਰ ਦੀ ਠੰਡੀ ਹਵਾ ਖੁਸਰੋ ਵਰਗਾ ਰਹਿਮ ਦਿਲ ਮਨੁੱਖ ਹੀ ਦੇ ਸਕਦਾ ਸੀ, ਜਹਾਂਗੀਰ ਨਹੀਂ। ਅਕਬਰ ਦੇ ਦਰਬਾਰ ਵਿਚ ਦੋ ਧਿਰਾਂ ਖੜੀਆਂ ਹੋ ਗਈਆਂ। ਜਿਨ੍ਹਾਂ ਵਿੱਚੋਂ ਕੁਝ ਜਹਾਂਗੀਰ ਦੀ ਪਿੱਠ ਤੇ ਸਨ ਅਤੇ ਕੁਝ ਖੁਸਰੋ ਦੀ ਤੇ। ਕੱਟੜਪੰਥੀਆਂ ਦੀ ਜਿੱਤ ਹੋਈ, ਅਕਬਰ ਦੀ ਮੌਤ ਦੇ ਨਾਲ ਹੀ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਤਖਤ ਤੇ ਬੈਠਦਿਆਂ ਹੀ ਜਹਾਂਗੀਰ ਨੇ ਖੁਸਰੋ ਨੂੰ ਬਾਗੀ ਗਰਦਾਨ ਕੇ ਆਗਰੇ ਵਿਚ ਜੇਲ ਦੀਆਂ ਸਲਾਖਾਂ ਪਿੱਛੇ ਡਕ ਦਿੱਤਾ। ਇਕ ਦਿਨ ਖੁਸਰੋ ਨੇ ਬੇਨਤੀ ਕੀਤੀ ਕਿ ਉਹ ਆਪਣੇ ਦਾਦੇ ਦੀ ਕਬਰ ਤੇ ਸਿਜਦਾ ਕਰਨਾ ਚਾਹੁੰਦਾ ਹੈ। ਬੇਨਤੀ

ਪਰਵਾਨ ਕਰ ਲਈ ਗਈ। ਖੁਸਰੋ ਜੇਲ ਵਿੱਚੋਂ ਬਾਹਰ ਆਇਆ ਅਤੇ ਆਪਣੇ ਪਿਤਾ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ। ਪਰ ਸਾਧਨਾਂ ਦੀ ਅਣਹੋਂਦ ਉਸ ਦੇ ਰਾਹ ਦਾ ਅੜਿੱਕਾ ਸੀ। ਉਸਨੇ ਮਨ ਬਣਾਇਆ ਕਿ ਅਫਗਾਨਿਸਤਾਨ ਪਹੁੰਚ ਕੇ ਤਾਕਤ ਇਕੱਠੀ ਕੀਤੀ ਜਾਵੇ ਤੇ ਜਹਾਂਗੀਰ ਬਾਦਸ਼ਾਹ ਨੂੰ ਗੱਦੀ ਤੋਂ ਲਾਹ ਕੇ ਅਕਬਰ ਵਰਗੇ ਉਦਾਰ ਸ਼ਾਸਨ ਦੀ ਬਹਾਲੀ ਕੀਤੀ ਜਾਵੇ। ਅਫਗਾਨਿਸਤਾਨ ਵੱਲ ਜਾਂਦੇ ਹੋਏ ਰਸਤੇ ਵਿਚ ਉਹ ਗੋਇੰਦਵਾਲ ਰੁਕਿਆ। ਗੁਰੂ ਸਾਹਿਬ ਕੋਲੋਂ ਅਸ਼ੀਰਵਾਦ ਲਿਆ, ਲੰਗਰ ਛਕਿਆ ਅਤੇ ਅੱਗੇ ਚਲ ਪਿਆ। ਪਰ ਜਲਦੀ ਹੀ ਜਹਾਂਗੀਰ ਦੀਆਂ ਫੌਜਾਂ ਨੇ ਉਸਨੂੰ ਘੇਰ ਲਿਆ, ਗ੍ਰਿਫਤਾਰ ਕੀਤਾ ਅਤੇ ਉਸ ਦੇ ਪਿਤਾ ਦੇ ਸਨਮੁਖ ਪੇਸ਼ ਕਰ ਦਿੱਤਾ। ਜਹਾਂਗੀਰ ਨੇ ਉਸਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਖੁਸਰੋ ਨੂੰ ਅੰਨਿਆ ਕਰ ਹਮੇਸ਼ਾਂ-ਹਮੇਸ਼ਾਂ ਲਈ ਆਗਰੇ ਦੇ ਕਿਲੇ ਵਿਚ ਸੁੱਟ ਦੇਣ ਦਾ ਹੁਕਮ ਕੀਤਾ।

ਜਹਾਂਗੀਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਖੁਸਰੋ ਗੋਇੰਦਵਾਲ ਰੁਕਿਆ ਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਸੀ, ਤਾਂ ਉਸ ਦੇ ਗੁੱਸੇ ਦੀ ਸੀਮਾਂ ਸਾਰੀਆਂ ਹੱਦਾਂ ਪਾਰ ਕਰ ਗਈ। ਉਸਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਇਸ ਗੱਲ ਦਾ ਪ੍ਰਗਟਾਵਾ ਉਹ ਖੁਦ ਆਪਣੀ ਸਵੈ-ਜੀਵਨੀ ਕਰਦਾ ਲਿਖਦਾ ਹੈ :

> ਉਸ ਫਕੀਰ ਮਨੁੱਖ ਨੇ ਖੁਸਰੋ ਨੂੰ ਪਨਾਹ ਦਿੱਤੀ। ਉਸਨੂੰ ਪੰਜ ਹਜ਼ਾਰ ਰੁਪਇਆ ਸਹਾਇਤਾ ਵਜੋਂ ਦਿੱਤਾ ਅਤੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਗਾਇਆ, ਜਿਸਨੂੰ ਹਿੰਦੁਸਤਾਨ ਦੀ ਧਰਤੀ ਤੇ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮੈਂ ਮੁਰਤਜ਼ਾ ਖਾਨ ਨੂੰ ਹੁਕਮ ਦਿੱਤਾ ਕਿ ਉਸਨੂੰ ਗ੍ਰਿਫਤਾਰ ਕਰਕੇ ਲਹੌਰ ਲਿਆਏ।

ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਪਾਤਸ਼ਾਹ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਲਹੌਰ ਦੀ ਸ਼ਾਹੀ ਜੇਲ ਵਿਚ ਬੰਦ ਕਰ ਦਿੱਤਾ। ਇਸੇ ਗ੍ਰਿਫਤਾਰੀ ਸਮੇਂ 1606 ਈਸਵੀ ਨੂੰ ਆਪ ਜੀ ਸ਼ਹਾਦਤ ਦਾ ਜਾਮ ਪੀ ਗਏ। ਆਪ ਜੀ ਦੀ ਸ਼ਹਾਦਤ ਕਿਵੇਂ ਹੋਈ। ਇਸ ਸੰਬੰਧੀ ਵੱਖ-ਵੱਖ ਧਰਮ ਗ੍ਰੰਥ ਅਤੇ ਵੱਖ-ਵੱਖ ਵਿਦਵਾਨ ਵੱਖੋ-ਵੱਖਰੇ ਤਰ੍ਹਾਂ ਦੇ ਵੇਰਵੇ ਦਿੰਦੇ ਹਨ, ਉਨ੍ਹਾਂ ਸਾਰੇ ਵੇਰਵਿਆਂ ਤੇ ਇੱਥੇ ਨਿਗਾਹ ਮਾਰ ਲੈਣਾ ਬੇਹੱਦ ਵਾਜਬ ਰਹੇਗਾ। ਇਸ ਸੰਬੰਧੀ ਸਭ ਤੋਂ ਪਹਿਲਾ ਸ੍ਰੋਤ ਈਸਾਈ ਪ੍ਰਚਾਰਕ ਗਰੇਰੀਓ ਦਾ ਲਿਖਿਆ ਹੈ, ਜੋ ਜਹਾਂਗੀਰ ਦੇ ਰਾਜ ਭਾਗ ਸਮੇਂ ਪੰਜਾਬ ਦੀ ਧਰਤੀ ਤੇ ਵਿਚਰ ਰਿਹਾ ਸੀ। ਉਹ ਜਹਾਂਗੀਰ ਦੇ ਬੇਟੇ ਖੁਸਰੋ ਦੀ ਬਗਾਵਤ ਦਾ ਬਖਾਨ ਆਪਣੀ ਲਿਖਤ ਵਿਚ ਕਰਦਾ ਹੈ ਅਤੇ ਉਸਦੀ ਗ੍ਰਿਫਤਾਰੀ ਤੋਂ ਬਾਅਦ ਦੀਆਂ ਘਟਨਾਵਾਂ ਦਾ ਵੇਰਵਾ ਵੀ ਅੰਕਤ ਕਰਦਾ ਹੈ। ਉਹ ਲਿਖਦਾ ਹੈ ਕਿ ਪੁੱਤਰ ਦੇ ਫੜੇ ਜਾਣ ਪਿੱਛੋਂ ਸਿੱਖਾਂ ਦੇ ਗੁਰੂ ਨਾਲ ਉਸ ਦੀ ਮੁਲਾਕਾਤ ਦਾ ਪਤਾ ਜਹਾਂਗੀਰ ਨੂੰ ਲਗਾ ਤਾਂ ਉਸਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਅਤੇ ਜੇਲ ਵਿਚ ਸੁੱਟ ਦਿੱਤਾ। ਕੁਝ ਹਿੰਦੂਆਂ ਨੇ ਆਪਣੇ ਪਵਿੱਤਰ ਪੁਰਖ ਦੇ ਪੱਖ ਵਿਚ ਦਖਲ ਦਿੱਤਾ ਅਤੇ ਇਕ ਲੱਖ ਰੁਪਿਆ ਭਰ ਕੇ ਉਸ ਦੀ ਆਜ਼ਾਦੀ ਖਰੀਦ ਲਈ। ਇਕ ਅਮੀਰ ਹਿੰਦੂ ਨੇ ਉਨ੍ਹਾਂ ਦੀ ਜ਼ਮਾਨਤ ਦਿੱਤੀ। ਇਹ ਆਦਮੀ ਸੋਚਦਾ ਸੀ ਕਿ ਜਾਂ ਤਾਂ ਬਾਦਸ਼ਾਹ ਜੁਰਮਾਨਾ ਮੁਆਫ਼ ਕਰ ਦੇਵੇਗਾ ਜਾਂ ਗੁਰੂ ਦੇ ਸਿੱਖ ਜੁਰਮਾਨਾ ਇਕੱਠਾ ਕਰਕੇ ਦੇ ਦੇਣਗੇ। ਪਰ ਉਸ ਦੀਆਂ ਆਸਾਂ ਪੂਰੀਆਂ ਨਾ ਹੋਈਆਂ। ਨਤੀਜੇ ਦੇ ਤੌਰ ਤੇ ਉਸਨੇ ਗੁਰੂ ਘਰ

ਦੀਆਂ ਸਾਰੀਆਂ ਚੀਜ਼ਾਂ ਚੁੱਕ ਲਈਆਂ। ਇਥੋਂ ਤਕ ਕਿ ਬੱਚਿਆਂ ਦੇ ਕੱਪੜੇ ਵੀ ਨਾ ਛੱਡੇ। ਪਰ ਫਿਰ ਵੀ ਪੈਸੇ ਪੂਰੇ ਨਾ ਹੋਏ। ਉਸਨੇ ਗੁਰੂ ਨਾਲ ਬੇਹੱਦ ਮਾੜਾ ਵਿਵਹਾਰ ਕੀਤਾ, ਭੁੱਖੇ ਰਖਿਆ ਗਿਆ, ਮਾਰਿਆ ਕੁਟਿਆ ਗਿਆ। ਪਰ ਗੁਰੂ ਜੀ ਨੇ ਉਸ ਸੰਤਾਪੀ ਦੀ ਮੰਗ ਕਿਸੇ ਤਰ੍ਹਾਂ ਵੀ ਪੂਰੀ ਨਾ ਕੀਤੀ, ਅੰਤ ਵਿਚ ਉਹ ਮਹਾਂਪੁਰਖ ਉਸ ਅਮੀਰ ਦੇ ਆਦਮੀਆਂ ਦੁਆਰਾ ਕੀਤੇ ਤਸ਼ੱਦਦ ਕਾਰਣ ਚਲਾਣਾ ਕਰ ਗਿਆ। ਇਹ ਹਿੰਦੂ ਪੈਸੇ ਦੇ ਮਾਮਲੇ ਵਿਚ ਆਪਣੇ ਬਾਪ ਜਾਂ ਗੁਰੂ ਕਿਸੇ ਦੀ ਵੀ ਪਰਵਾਹ ਨਹੀਂ ਕਰਦੇ।[40]

ਦਬਸਤਾਨਿ-ਏ-ਮਜ਼ਾਹਿਬ ਦਾ ਲੇਖਕ ਮੁਹਸਨ ਫਾਨੀ ਜੋ ਜਹਾਂਗੀਰ ਦਾ ਨਿਕਟ ਸਮਕਾਲੀ ਸੀ, ਆਪਣੇ ਗ੍ਰੰਥ ਦੇ ਪੰਨਾ 257 ਤੇ ਗੁਰੂ ਜੀ ਦੀ ਸ਼ਹਾਦਤ ਦਾ ਕਾਰਣ ਜਹਾਂਗੀਰ ਦੇ ਕਰਿੰਦਿਆਂ ਦੁਆਰਾ ਉਨ੍ਹਾਂ 'ਤੇ ਕੀਤਾ ਤਸ਼ੱਦਦ ਪ੍ਰਵਾਨ ਕਰਦਾ ਹੈ। ਉਹ ਲਿਖਦਾ ਹੈ ਕਿ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਉੱਤੇ ਐਸਾ ਸਖਤ ਜੁਰਮਾਨਾ ਕੀਤਾ ਕਿ ਜਿਸ ਨੂੰ ਅਦਾ ਕਰਨਾ ਗੁਰੂ ਜੀ ਲਈ ਹੀ ਨਹੀਂ ਸਗੋਂ ਸਿੱਖ ਸੰਗਤਾਂ ਲਈ ਵੀ ਸਹਿਜ ਕਾਰਜ ਨਹੀਂ ਸੀ। ਜਦੋਂ ਉਹ ਜੁਰਮਾਨਾ ਅਦਾ ਕਰਨ ਵਿਚ ਅਸਫਲ ਰਹੇ ਤਾਂ ਉਨ੍ਹਾਂ ਨੂੰ ਬੰਨ ਕੇ ਅੱਤ ਗਰਮੀ ਵਿਚ ਰਾਵੀ ਦਰਿਆ ਦੇ ਕੰਢੇ ਤੱਤੀ ਰੇਤ ਉਪਰੋਂ ਧੂਹਿਆ ਗਿਆ। ਗਰਮੀ ਦੀ ਤਪਸ਼ ਨਾਲ ਉਹ ਹਾਲੋਂ ਬੇਹਾਲ ਹੋ ਗਏ ਅਤੇ ਉਹ ਸ਼ਹੀਦ ਹੋ ਗਏ।[41] ਸਿੱਖ ਸ੍ਰੋਤ ਗ੍ਰੰਥਾਂ ਵਿਚ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਨੂੰ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਹੈ ਅਤੇ ਇਸ ਲਈ ਜਹਾਂਗੀਰ ਦੇ ਨਾਲ-ਨਾਲ ਚੰਦੂ ਸ਼ਾਹ ਨੂੰ ਮੁਖ ਦੋਸ਼ੀ ਗਰਦਾਨਿਆ ਹੈ, ਜਿਸਨੇ ਗੁਰੂ ਪਾਤਸ਼ਾਹ ਦੇ ਉਪਰ ਅਣ ਮਨੁੱਖੀ ਤਸ਼ੱਦਦ ਕੀਤੇ। ਇਸ ਦੀ ਪੁਸ਼ਟੀ ਕੇਸਰ ਸਿੰਘ ਛਿੱਬਰ ਦੁਆਰਾ ਰਚਿਤ ਬੰਸਾਵਲੀਨਾਮੇ ਤੋਂ ਹੋ ਜਾਂਦੀ ਹੈ। ਉਹ ਲਿਖਦਾ ਹੈ ਕਿ ਓੜਕ ਚੰਦੂ ਦੇ ਅਣਗਿਣਤ ਜ਼ੁਲਮਾਂ ਤੋਂ ਬਾਅਦ ਉਨ੍ਹਾਂ ਨੂੰ ਬੰਨ ਕੇ ਰੇਤ ਤੇ ਸੁੱਟ ਦਿੱਤਾ। ਇੱਥੇ ਹੀ ਇਕ ਮੁਸਲਮਾਨ ਨੇ ਉਨ੍ਹਾਂ ਦੇ ਮੂੰਹ ਤੇ ਇੱਟ ਦਾ ਵਾਰ ਕੀਤਾ, ਜਿਸਨੇ ਆਪ ਦੇ ਪਵਿੱਤਰ ਮੁੱਖ ਤੇ ਵੱਡਾ ਜਖਮ ਕਰ ਦਿੱਤਾ ਅਤੇ ਖੂਨ ਦੇ ਪਰਨਾਲੇ ਚੱਲ ਪਏ, ਸਿੱਟੇ ਵਜੋਂ ਉਨ੍ਹਾਂ ਪ੍ਰਾਣ ਤਿਆਗ ਦਿੱਤਾ।[42] ਮਹਿਮਾ ਪ੍ਰਕਾਸ਼ ਦਾ ਕਰਤਾ ਵੀ ਚੰਦੂ ਨੂੰ ਮੁਖ ਦੋਸ਼ੀ ਵਜੋਂ ਪੇਸ਼ ਕਰਦਾ ਲਿਖਦਾ ਹੈ ਕਿ ਜਹਾਂਗੀਰ ਨੇ ਦੋ ਲੱਖ ਰੁਪਿਆ ਜੁਰਮਾਨਾ ਚੰਦੂ ਦੇ ਆਖਣ ਤੇ ਹੀ ਕੀਤਾ ਅਤੇ ਜਹਾਂਗੀਰ ਨੇ ਜੁਰਮਾਨੇ ਦੀ ਰਕਮ ਵਸੂਲਣ ਲਈ ਗੁਰੂ ਅਰਜਨ ਨੂੰ ਉਸ ਦੇ ਹਵਾਲੇ ਕਰ ਦਿੱਤਾ। ਜਿੱਥੇ ਚੰਦੂ ਦੇ ਹੁਕਮਾਂ ਨਾਲ ਗੁਰੂ ਜੀ ਤੇ ਅਥਾਹ ਤਸ਼ੱਦਦ ਕੀਤਾ। ਅੰਤ ਉਨ੍ਹਾਂ ਇਸ਼ਨਾਨ ਦੀ ਇੱਛਾ ਪ੍ਰਗਟਾਈ ਅਤੇ ਇਸ਼ਨਾਨ ਉਪਰੰਤ ਉਨ੍ਹਾਂ ਪ੍ਰਾਣ ਤਿਆਗ ਦਿੱਤੇ।[43] ਇਸੇ ਤਰ੍ਹਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਸੋਹਨ ਕਵੀ ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਕਰਦਾ ਹੈ। ਉਸ ਅਨੁਸਾਰ : ਚੰਦੂ ਗੁਰੂ ਅਰਜਨ ਪਾਤਸ਼ਾਹ ਨੂੰ ਆਪਣੇ ਕਬਜ਼ੇ ਵਿਚ ਕਰ, ਉਨ੍ਹਾਂ ਤੇ ਲੜਕੀ ਦੇ ਨਾਤੇ ਲਈ ਜ਼ੋਰ ਪਾਉਂਦਾ ਹੈ ਅਤੇ ਇਸ ਲਈ ਉਬਲਦੀ ਦੇਗ ਵਿਚ ਬਠਾਉਣ ਤੋਂ ਲੈ ਕੇ ਤੱਤੀ ਰੇਤ ਸਿਰ ਤੇ ਪਾਉਣਾ, ਤਪਦੇ ਲੋਹੇ ਤੇ ਬਠਾਉਣ ਦੀਆਂ ਸਜ਼ਾਵਾਂ ਦਿੰਦਾ ਰਿਹਾ। ਅੰਤ ਵਿਚ ਗਊ ਦੇ ਕੱਚੇ ਚਮੜੇ ਵਿਚ ਸੀਤੇ ਜਾਣ ਦੇ ਡਰ ਤੋਂ ਗੁਰੂ ਜੀ ਰਾਵੀ ਨਦੀ ਵਿਚ ਅਲੋਪ ਹੋ ਗਏ।[44] ਇਸੇ ਤਰ੍ਹਾਂ ਦਾ ਬਿਰਤਾਂਤ ਸੂਰਜ ਪ੍ਰਕਾਸ਼ ਗ੍ਰੰਥ ਵਿਚ ਵੀ ਉਪਲੱਬਧ ਹੈ। ਤੁਜ਼ਕੇ ਜਹਾਂਗੀਰ ਵਿਚ ਖੁਦ ਜਹਾਂਗੀਰ ਹੁਕਮ ਕਰਦਾ ਹੈ ਕਿ ਉਸਨੂੰ ਯਾਸਾ ਦੇ ਕਾਨੂੰਨ ਅਧੀਨ ਕਤਲ ਕਰ ਦਿੱਤਾ ਜਾਵੇ।[45] ਯਾਸਾ ਪੁਰਾਤਨ ਮੰਗੋਲੀ ਕਾਨੂੰਨ ਸੀ, ਜਿਸ ਅਧੀਨ

ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਯਾਸਾ ਦੀ ਸਜ਼ਾ ਹਮੇਸ਼ਾਂ ਕਿਸੇ ਵਲੀ, ਪੀਰ ਜਾਂ ਉੱਚ ਵਿਅਕਤੀ ਨੂੰ ਦਿੱਤੀ ਜਾਂਦੀ ਸੀ ਕਿਉਂਕਿ ਵਿਸ਼ਵਾਸ ਸੀ ਕਿ ਜੇਕਰ ਸਜ਼ਾ ਜਾਫਤਾ ਮਨੁੱਖ ਦੇ ਖ਼ੂਨ ਦਾ ਤੁਬਕਾ ਧਰਤੀ ਉਪਰ ਡਿਗ ਪਿਆ ਤਾਂ ਜਿਸ ਮਹਾਨ ਰੂਹ ਨੂੰ ਨੇਸਤੋ ਨਾਬੂਦ ਕਰ ਰਹੇ ਹਨ, ਉਸ ਦੀ ਰੂਹ ਉਨ੍ਹਾਂ ਦੀ ਛਾਤੀ ਤੇ ਸਵਾਰ ਹੋ ਦੁੱਖ ਪਹੁੰਚਾਵੇਗੀ ਅਤੇ ਉਨ੍ਹਾਂ ਨੂੰ ਤਬਾਹ ਕਰ ਦੇਵੇਗੀ। ਇਹ ਸਜ਼ਾ ਅੱਗ ਤੇ ਪਾਣੀ ਦੀ ਹੁੰਦੀ ਹੈ ਜਾਂ ਕੱਚੇ ਚਮੜੇ ਵਿਚ ਮੜਨ ਦੀ ਜਾਂ ਭੌਂ ਵਾਂਗ ਕੁੱਟ-ਮਾਰ ਦੇਣ ਦੀ ਜਾਂ ਗਲਾ ਘੁੱਟ ਦੇਣ ਦੀ। ਇਸ ਕਾਨੂੰਨ ਤੋਂ ਸਪਸ਼ਟ ਹੈ ਕਿ ਗੁਰੂ ਜੀ ਦੀ ਸਜ਼ਾ ਵਿਚ ਅੱਗ ਦੀ ਵੀ ਗੱਲ ਹੈ ਅਤੇ ਪਾਣੀ ਦੀ ਵੀ ਅਤੇ ਗਰੈਰੀਓ ਦੀ ਲਿਖਤ ਵਿਚ ਗਲ ਘੁਟਣ ਦੀ ਪੁਸ਼ਟੀ ਵੀ ਹੁੰਦੀ ਹੈ।

ਉਪਰੋਕਤ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਠਾਉਣ, ਸਿਰ ਉਪਰ ਰੇਤ ਪਾਉਣਾ ਅਤੇ ਪਾਣੀ ਵਿਚ ਡੋਬਣ ਆਦਿ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਜਹਾਂਗੀਰ ਦੇ ਅਹਿਲਕਾਰਾਂ ਦੀਆਂ ਸਖਤੀਆਂ ਨੂੰ ਖਿੜੇ ਮੱਥੇ ਸਹਾਰਦੇ ਹੋਏ ਗੁਰੂ ਪਾਤਸ਼ਾਹ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਦੀ ਇਹ ਸ਼ਹਾਦਤ ਲੋਕ ਮੁਕਤੀ ਅਤੇ 'ਪਤ ਸੇਤੀ' ਜ਼ਿੰਦਗੀ ਜਿਊਣ ਦੇ ਰਾਹ ਵਿਚ ਆਉਂਦੀਆਂ ਰੁਕਾਵਟਾਂ ਦੇ ਵਿਰੋਧ ਵਿਚ ਸੀ। ਜਬਰ ਅਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੇ ਇਸ ਅਨੋਖੇ ਤਰੀਕੇ ਨੇ ਆਉਣ ਵਾਲੇ ਸਮੇਂ ਵਿਚ ਹਿੰਦੋਸਤਾਨ ਦੀ ਤਕਦੀਰ ਦੇ ਨਵੇਂ ਪੂਰਨੇ ਹੀ ਨਾ ਪਾਏ ਸਗੋਂ ਸ਼ਹਾਦਤ ਦੇਣ ਵਾਲਿਆਂ ਦੇ ਕਾਫਲਿਆਂ ਦੀ ਸ਼ੁਰੂਆਤ ਕਰ ਹਿੰਦੋਸਤਾਨ ਦੀ ਧਰਤੀ ਤੋਂ ਹਮੇਸ਼ਾਂ-ਹਮੇਸ਼ਾਂ ਲਈ ਮੁਗਲ ਸਲਤਨਤ ਦਾ ਨਾਸ਼ ਕਰ ਦਿੱਤਾ।

ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ : *ਮਹਾਨ ਕੋਸ਼*, ਪੰਨਾ 80.
2. ਡਾ. ਸਰਬਜਿੰਦਰ ਸਿੰਘ : *ਮਰਣੁ ਕਬੂਲਿ*, ਪੰਨਾ 32.
3. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1409

    ਛਤ੍ਰੁ ਸਿੰਘਾਸਨੁ ਪਿਰਥਮੀ

    ਗੁਰੂ ਅਰਜਨ ਕਉ ਦੇ ਆਇਆਉ
4. ਗੋਸਟਾਂ ਮਿਹਰਵਾਨ, ਗੋਸਟਿ ਪਹਿਲੀ, ਖਰੜਾ ਨੰ: 2527, ਪੰਨਾ 60.
5. ਭਾਈ ਗੁਰਦਾਸ ਵਾਰ 39, ਪਉੜੀ 2.
6. ਉਹੀ, ਵਾਰ 26, ਪਉੜੀ 32.
7. ਉਹੀ, ਵਾਰ 26, ਪਉੜੀ 33.
8. ਰਣਧੀਰ ਸਿੰਘ : *ਗੁਰੂ ਅਰਜਨ ਦਾ ਸੰਖੇਪ ਜੀਵਨ*, ਪੰਨਾ 11.
9. ਪ੍ਰੋ. ਸਾਹਿਬ ਸਿੰਘ : *ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ*, ਪੰਨਾ 42
10. Golden Temple : Some Non-Conventional Views (Editorial), Journal of Sikh Studies, Feb. 1988.

    "The Sufi Mystic of Lahore, Hazrat Mian Mir was invited to lay its foundation"
11. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1164

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥੨॥ਰਹਾਉ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੈ ਪਾਛੈ ਬੈਠਾ ਜਾਇ॥੩॥

12. ਉਹੀ, ਪੰਨਾ 470
ਸਭ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ
ਧਰ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ
13. ਭਾਈ ਗੁਰਦਾਸ, ਵਾਰ 24-ਪਉੜੀ 20.
14. ਦਾਬਿਸਤਾਨਿ ਮੁਜ਼ਾਹਿਬ (ਅਨੁ.), ਸ਼ਰਧਾ ਰਾਮ ਫਿਲੌਰੀ, ਪੰਨਾ 255-256.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1136.
16. ਸਰਬਜਿੰਦਰ ਸਿੰਘ (ਡਾ.) : *ਧੁਰ ਕੀ ਬਾਣੀ : ਸੰਪਾਦਨ ਜੁਗਤਿ*, ਪੰਨਾ 5.
17. ਤਾਰਨ ਸਿੰਘ (ਡਾ.) : *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ*, ਪੰਨਾ 417.
18. ਉਹੀ, ਪੰਨਾ 385.
19. ਉਹੀ, ਪੰਨਾ 384.
20. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 80.
21. ਉਹੀ, ਪੰਨਾ 94.
22. ਡਾ. ਸੁਰਜੀਤ ਸਿੰਘ : *ਸੁਖਮਨੀ : ਇਕ ਆਲੋਚਨਾਤਮਕ ਅਧਿਐਨ*, ਪੰਨਾ 93.
23. ਕਾਨ੍ਹ ਸਿੰਘ ਨਾਭਾ (ਭਾਈ) : *ਮਹਾਨ ਕੋਸ਼*, ਪੰਨਾ 339.
24. ਕਰਤਾਰ ਸਿੰਘ (ਡਾ.) : *ਗੁਰੂ ਅਰਜਨ ਤੇ ਸੰਤਦਾਦੂ ਦਿਆਲ*, ਪੰਨਾ 109.
25. ਡਾ.ਸੁਰਜੀਤ ਸਿੰਘ : *ਸੁਖਮਨੀ : ਇਕ ਆਲੋਚਨਾਤਮਕ ਅਧਿਐਨ*, ਪੰਨਾ 93.
26. ਤਾਰਨ ਸਿੰਘ (ਡਾ.), ਉਹੀ, ਪੰਨਾ 75
27. ਕਾਨ੍ਹ ਸਿੰਘ ਨਾਭਾ (ਭਾਈ) : ਉਹੀ ਰਚਨਾ, ਪੰਨਾ 864.
28. ਤਾਰਨ ਸਿੰਘ (ਡਾ.) : ਉਹੀ ਰਚਨਾ, ਪੰਨਾ 384.
29. ਕਾਨ੍ਹ ਸਿੰਘ ਨਾਭਾ (ਭਾਈ) : ਉਹੀ ਰਚਨਾ, ਪੰਨਾ 553.
30. ਤਾਰਨ ਸਿੰਘ (ਡਾ.) : ਉਹੀ ਰਚਨਾ, ਪੰਨਾ 79.
31. ਉਹੀ, ਪੰਨਾ 80.
32. ਡਾ. ਸੁਰਜੀਤ ਸਿੰਘ, ਉਹੀ ਰਚਨਾ, ਪੰਨਾ 96.
33. ਕਾਨ੍ਹ ਸਿੰਘ ਨਾਭਾ : ਉਹੀ ਰਚਨਾ, ਪੰਨਾ 966.
34. ਗੁਰਸ਼ਰਨ ਕੌਰ ਜੱਗੀ : *ਗੁਰੂ ਅਰਜਨ ਦੇਵ : ਜੀਵਨ ਤੇ ਰਚਨਾ*, ਪੰਨਾ 28.
35. ਤਾਰਨ ਸਿੰਘ (ਡਾ.) : ਉਹੀ ਰਚਨਾ, ਪੰਨਾ 385.
36. ਡਾ. ਗੁਰਸ਼ਰਨ ਕੌਰ ਜੱਗੀ : ਉਹੀ ਰਚਨਾ, ਪੰਨਾ 28.
37. ਉਹੀ
38. ਡਾ. ਸੁਰਜੀਤ ਸਿੰਘ, ਪੰਨਾ 98.
(ਤੁਕਾਂ ਦੀ ਗਿਣਤੀ ਇਸ ਖਰੜੇ ਅਤੇ ਸ਼ਬਦਾਰਥ ਨੂੰ ਧਿਆਨ ਵਿਚ ਰੱਖ ਕੇ ਕੀਤੀ ਹੈ)

39. ਤੁਜ਼ਕੇ ਜਹਾਂਗੀਰੀ, ਪੰਨਾ 72.
40. Jahangir and the Jesuits, p. 11-12.
41. *ਦਾਬਸਤਾਨਿ-ਏ-ਮਜ਼ਾਹਿਬ*, ਪੰਨਾ 257.
42. ਕੇਸ਼ਰ ਸਿੰਘ ਛਿੱਬਰ : *ਬੰਸਾਵਲੀ ਨਾਮਾ ਚਰਨ-5*, ਛੰਦ 138-142.
43. ਸਰੂਪ ਦਾਸ ਭੱਲਾ : *ਮਹਿਮਾ ਪ੍ਰਕਾਸ਼*, ਸਾਖੀ 42.
44. ਸੋਹਨ ਕਵੀ : *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਅਧਿਆਇ 7, ਬੰਦ 197-220.
45. ਤੁਜ਼ਕੇ ਜਹਾਂਗੀਰੀ, ਪੰਨਾ 72.

ਸ੍ਰੀ ਗੁਰੂ ਹਰਿਗੋਬਿੰਦ

ਡਾ. ਸੁਖਦਿਆਲ ਸਿੰਘ*

•

ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਸਨ। ਇਨ੍ਹਾਂ ਦਾ ਜਨਮ ਪ੍ਰਚੱਲਿਤ ਰਵਾਇਤ ਅਨੁਸਾਰ 9 ਜੂਨ, 1595 ਈ. ਨੂੰ ਹੋਇਆ ਸੀ, ਪਰ ਭੱਟ ਵਹੀਆਂ ਅਨੁਸਾਰ ਇੱਕੀ ਹਾੜ੍ਹ, ਸੰਮਤ 1747 ਬਿ. ਮੁਤਾਬਕ ਜੁਲਾਈ-ਅਗਸਤ, 1590 ਈ. ਦਾ ਸਾਲ ਬਣਦਾ ਹੈ। ਭੱਟ ਵਹੀਆਂ ਦੇ ਆਧਾਰ ਤੇ ਗੁਰੂ ਕੀਆਂ ਸਾਖੀਆਂ ਵਿਚ ਲਿਖਿਆ ਗਿਆ ਹੈ, ''ਬਧਾਈ ਲਈ ਸ੍ਰੀ ਹਰਿਗੋਬਿੰਦ ਜੀ ਕੀ ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਕਾ..... ਸੰਬਤ ਸੱਤਰਾਂ ਸੈ ਸੰਤਾਲੀਸ ਮਾਂਹ ਅਸਾਢ ਦਿਹੁੰ ਇਕੀਸ ਗਿਆ, ਸਵਾ ਪਹਿਰ ਰੈਣ ਰਹੇ ਮਾਤਾ ਗੰਗਾ ਜੀ ਕੇ ਉਦਰ ਥੀ ਗਾਮ ਬਡਾਲੀ ਪਰਗਣਾ ਗੁਰੂ ਚੱਕ ਮੈਂ ਏਕ ਚਮਤਕਾਰੀ ਬਾਲ ਪੈਦਾ ਹੂਆ, ਨਾਓ ਸ੍ਰੀ ਹਰਿਗੋਬਿੰਦ ਜੀ ਰਾਖਾ ਕੁਲ ਪਰੋਹਤ ਸਿੰਘਾਂ ਕੋ ਮਾਨਾ। ਗੁਰੂ ਕੀ ਕੜਾਹੀ ਕੀ। ਅਤਿਥ ਗਰੀਬ-ਗੁਰਬੇ ਕੋ ਦਾਨ ਦੀਆ।''

ਭੱਟ ਵਹੀਆਂ ਵਾਲੀ ਉਕਤ ਮਿਤੀ ਸਿੱਖ ਜਗਤ ਵਿਚ ਕਿਉਂ ਨਹੀਂ ਅਪਣਾਈ ਗਈ ਅਤੇ ਦੂਜੀ ਮਿਤੀ ਕਿਉਂ ਅਪਣਾਈ ਗਈ, ਇਸ ਬਾਰੇ ਸਿਰਫ਼ ਇਹ ਹੀ ਕਿਹਾ ਜਾ ਸਕਦਾ ਹੈ ਕਿ ਭੱਟ ਵਹੀਆਂ ਦੀ ਤਲਾਸ਼ ਪਿੱਛੋਂ ਕੀਤੀ ਗਈ ਸੀ। ਜਿਸ ਸਮੇਂ ਭੱਟ ਵਹੀਆਂ ਸਿੱਖ ਇਤਿਹਾਸਕਾਰਾਂ ਦੇ ਸਾਹਮਣੇ ਆਈਆਂ ਸਨ, ਉਸ ਸਮੇਂ ਤਕ ਜੂਨ, 1595 ਵਾਲਾ ਸਾਲ ਸਿੱਖ ਜਗਤ ਵਿਚ ਪ੍ਰਚੱਲਿਤ ਸੀ। ਫਿਰ ਕਿਸੇ ਨੇ ਗੰਭੀਰਤਾ ਨਾਲ ਕੋਸ਼ਿਸ਼ ਹੀ ਨਹੀਂ ਕੀਤੀ ਕਿ ਪਹਿਲੇ ਪ੍ਰਚੱਲਿਤ ਸਾਲ ਨੂੰ ਬਦਲਾ ਕੇ ਭੱਟ ਵਹੀਆਂ ਵਾਲਾ ਸਾਲ ਅਪਣਾ ਲਿਆ ਜਾਵੇ। ਹੁਣ ਨਵੇਂ ਨਾਨਕ ਸ਼ਾਹੀ ਸੰਮਤ ਨੇ ਸਾਰਾ ਕੁਝ ਹੀ ਉੱਥਲ-ਪੁੱਥਲ ਕਰ ਦਿੱਤਾ ਹੈ।

ਉਕਤ ਮਿਤੀਆਂ ਵਿਚ ਤਕਰੀਬਨ ਛੇ ਸਾਲ ਦਾ ਫ਼ਰਕ ਹੈ। ਇਸ ਦਾ ਇਲਾਜ ਇਸ ਸਮੇਂ ਸਿਰਫ਼ ਇਹ ਹੀ ਹੈ ਕਿ ਇਹ ਦੋਵੇਂ ਮਿਤੀਆਂ ਹੀ ਅਪਣਾ ਲਈਆਂ ਜਾਣ। ਇਸ ਤਰ੍ਹਾਂ ਗੁਰੂ ਸਾਹਿਬ ਦਾ ਸਮਾਂ ਪਹਿਲੇ ਸਾਲ ਅਨੁਸਾਰ 1595 ਤੋਂ ਲੈ ਕੇ 1644 ਈ. ਤਕ ਦਾ ਸੀ ਅਤੇ ਕੁੱਲ ਉਮਰ 49 ਸਾਲਾਂ ਦੇ ਕਰੀਬ ਸੀ। ਦੂਜੇ ਸੰਮਤ ਅਨੁਸਾਰ ਇਹ ਸਮਾਂ 1590 ਤੋਂ ਲੈ ਕੇ 1644 ਈ. ਤਕ ਦਾ ਸੀ ਅਤੇ ਕੁੱਲ ਉਮਰ 55 ਸਾਲ ਦੇ ਕਰੀਬ ਸੀ। ਇਸੇ ਤਰ੍ਹਾਂ ਗੁਰੂ ਜੀ ਨੇ ਗੁਰਿਆਈ ਗੱਦੀ ਪਹਿਲੇ ਸਾਲ ਦੇ ਅਨੁਸਾਰ ਤਕਰੀਬਨ ਗਿਆਰਾਂ ਸਾਲ ਦੀ ਉਮਰ ਵਿਚ ਧਾਰਨ ਕੀਤੀ ਸੀ ਅਤੇ ਦੂਸਰੇ ਸੰਮਤ ਅਨੁਸਾਰ ਤਕਰੀਬਨ 17 ਸਾਲਾਂ ਦੀ ਉਮਰ ਵਿਚ ਸੀ।

ਗੁਰੂ ਸਾਹਿਬ ਦੇ ਸਮਕਾਲੀ ਦੋ ਮੁਗ਼ਲ ਬਾਦਸ਼ਾਹ ਹੋਏ ਸਨ। ਇਕ ਜਹਾਂਗੀਰ (1605 ਈ.-1627 ਈ.) ਅਤੇ ਦੂਜਾ ਸ਼ਾਹ ਜਹਾਨ (1727-1756 ਈ.)। ਪਹਿਲੇ ਬਾਦਸ਼ਾਹ ਨੇ ਗੁਰੂ

---

* ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ ਅਤੇ ਦੂਜੇ ਨੇ ਗੁਰੂ ਜੀ ਦੇ ਉਪਰ ਹਮਲੇ ਕਰਨ ਵਾਲੇ ਅਧਿਕਾਰੀਆਂ ਦੀ ਪਿੱਠ ਥਾਪੜੀ ਸੀ। ਇਸ ਲਈ ਦੋਵੇਂ ਬਾਦਸ਼ਾਹਾਂ ਦੀ ਸਿੱਖ ਸਮਾਜ ਪ੍ਰਤੀ ਨਜ਼ਰ ਕਹਿਰੀ ਹੀ ਰਹੀ ਸੀ। ਗੁਰੂ ਹਰਿਗੋਬਿੰਦ ਸਾਹਿਬ ਤਕ ਸਿੱਖ ਸਮਾਜ ਇਸ ਹੱਦ ਤਕ ਸੰਗਠਿਤ ਅਤੇ ਸੱਤਾ-ਸੰਪੰਨ ਹੋ ਗਿਆ ਸੀ ਕਿ ਉਹ ਆਪਣੀ ਰੱਖਿਆ ਲਈ ਹਥਿਆਰਬੰਦ ਹੋ ਕੇ ਜੰਗ ਦੇ ਮੈਦਾਨ ਵਿਚ ਖੜ੍ਹ ਸਕਦਾ ਸੀ। ਇਸ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਹਕੂਮਤ ਨੂੰ ਉਸੇ ਦੀ ਹੀ ਭਾਸ਼ਾ ਵਿਚ ਜਵਾਬ ਦੇਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਸਵੈ-ਰੱਖਿਅਕ ਜੰਗੀ-ਨੀਤੀ ਅਪਣਾਈ। ਇਸ ਨੂੰ ਸਿੱਖ ਸ਼ਬਦਾਵਲੀ ਵਿਚ ਮੀਰੀ-ਪੀਰੀ ਦਾ ਸਿਧਾਂਤ ਕਿਹਾ ਜਾਂਦਾ ਹੈ। ਮੀਰੀ ਜਿਸ ਦਾ ਭਾਵ ਹੈ ਸੰਸਾਰਕ ਰੂਪ ਦੀ ਸਰਦਾਰੀ ਅਤੇ ਪੀਰੀ ਜਿਸ ਦਾ ਭਾਵ ਹੈ ਧਾਰਮਿਕ ਖੇਤਰ ਦੀ ਸਰਬਉੱਚਤਾ। ਸੰਸਾਰਕ ਖੇਤਰ ਦੀ ਸਰਦਾਰੀ ਦਾ ਹੋਰ ਅਗੇਰੇ ਭਾਵ ਹੈ ਕਿ ਸਿੱਖ ਸਮਾਜ ਆਪਣੇ ਸੰਸਾਰਕ ਕਿਸਮ ਦੇ ਮਾਮਲਿਆਂ ਵਿਚ ਵੀ ਸਵੈ-ਸਮਰੱਥ ਹੋਣਾ ਸੀ। ਸਵੈ-ਸਮਰੱਥ ਨੂੰ ਆਧੁਨਿਕ ਬੋਲੀ ਵਿਚ ਆਤਮ-ਨਿਰਣੈ (Self-Determination) ਦਾ ਅਧਿਕਾਰ ਵੀ ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਸਿੱਖ ਸਮਾਜ ਆਪਣੇ ਦੁਨਿਆਵੀ ਕਿਸਮ ਦੇ ਮਸਲਿਆਂ ਨੂੰ ਨਜਿੱਠਣ ਵਿਚ ਆਪਣੇ ਫ਼ੈਸਲੇ ਆਪ ਲੈ ਸਕਦਾ ਸੀ। ਇਨ੍ਹਾਂ ਮਾਮਲਿਆਂ ਦੇ ਨਜਿੱਠਣ ਲਈ ਨਾ ਹੀ ਸਰਕਾਰੀ ਅਦਾਲਤਾਂ ਦੀ ਅਤੇ ਨਾ ਹੀ ਸ਼ਾਹੀ-ਸੱਤਾ ਦੀ ਕੋਈ ਦਖ਼ਲ ਅੰਦਾਜ਼ੀ ਹੋਣੀ ਸੀ ਜਾਂ ਮਦਦ ਲਈ ਜਾਣੀ ਸੀ। ਦੂਜੇ ਸ਼ਬਦਾਂ ਵਿਚ ਸਿੱਖ ਸਮਾਜ ਲਈ ਹੁਕਮ ਕੇਵਲ ਤੇ ਕੇਵਲ ਗੁਰੂ ਦਾ ਹੀ ਮੰਨਿਆ ਜਾਣਾ ਸੀ। ਇਸ ਦੀ ਪੂਰਤੀ ਲਈ 1606 ਈ. ਵਿਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ ਅਤੇ ਗੁਰੂ ਸਾਹਿਬ ਵੱਲੋਂ ਸਮੁੱਚੇ ਸਿੱਖ ਜਗਤ ਦੇ ਨਾਂ ਇਹ ਸੰਦੇਸ਼ ਜਾਂ ਹੁਕਮਨਾਮੇ ਜਾਰੀ ਕੀਤੇ ਗਏ ਸਨ ਕਿ ਸਿੱਖਾਂ ਨੂੰ ਸਭ ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਕੇ ਆਪਣੇ ਮਸਲੇ ਕੇਵਲ ਅਕਾਲ ਤਖ਼ਤ ਸਾਹਿਬ ਤੇ ਹੀ ਲੈ ਕੇ ਆਉਣੇ ਚਾਹੀਦੇ ਹਨ। ਇਸ ਤਰ੍ਹਾਂ ਮੀਰੀ-ਪੀਰੀ ਦੇ ਸਿਧਾਂਤ ਦਾ ਪਹਿਲਾ ਪ੍ਰਭਾਵ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੇ ਰੂਪ ਵਿਚ ਪਿਆ। ਦੂਜਾ ਪ੍ਰਭਾਵ ਸਿੱਖਾਂ ਨੂੰ ਹਥਿਆਰਬੰਦ ਅਤੇ ਘੋੜ-ਸੁਆਰ ਕਰਨ ਵਿਚ ਪਿਆ। ਤੀਜਾ ਪ੍ਰਭਾਵ ਇਹ ਪਿਆ ਸੀ ਕਿ ਸਿੱਖ ਜਗਤ ਨੇ ਸਾਫ਼ ਅਤੇ ਸਪਸ਼ਟ ਰਸਤਾ ਅਪਣਾ ਲਿਆ ਸੀ ਕਿ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਸਰਕਾਰੀ ਤਾਕਤ ਦਖ਼ਲ-ਅੰਦਾਜ਼ੀ ਨਾ ਕਰੇ ਨਹੀਂ ਤਾਂ ਸਿੱਖ ਵੀ ਹਥਿਆਰਬੰਦ ਹੋ ਕੇ ਜੰਗ ਦੇ ਮੈਦਾਨ ਵਿਚ ਖੜ੍ਹੇ ਹੋ ਸਕਦੇ ਹਨ। ਗੁਰੂ ਜੀ ਦਾ ਸਾਰਾ ਜੀਵਨ ਇਨ੍ਹਾਂ ਹੀ ਨੁਕਤਿਆਂ ਨੂੰ ਅਪਣਾ ਕੇ ਚੱਲਣ ਵਾਲਾ ਸੀ। ਇਸ ਤਰ੍ਹਾਂ ਇਨ੍ਹਾਂ ਸਮੁੱਚੇ ਹਾਲਾਤਾਂ ਅੰਦਰ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦਾ ਇਤਿਹਾਸਕ ਅਧਿਐਨ ਕਰਨ ਲਈ ਜ਼ਰੂਰੀ ਹੈ ਕਿ ਸਾਨੂੰ ਉਨ੍ਹਾਂ ਨਾਲ ਸੰਬੰਧਿਤ ਇਤਿਹਾਸਕ ਸਰੋਤਾਂ ਤੇ ਸੰਖੇਪ ਝਾਤ ਮਾਰਨੀ ਚਾਹੀਦੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਸਾਨੂੰ ਸੰਖੇਪ ਜਾਂ ਵਿਸਥਾਰ ਵਿਚ ਦੋ ਮੌਲਿਕ ਅਤੇ ਦੋ ਸਮਕਾਲੀ ਸਰੋਤ ਪ੍ਰਾਪਤ ਹਨ। ਮੌਲਿਕ ਸਰੋਤ ਉਹ ਹੁੰਦੇ ਹਨ, ਜੋ ਪਹਿਲੀ ਅਤੇ ਸਿੱਧੀ ਜਾਣਕਾਰੀ ਦੇਣ ਵਾਲੇ ਹੁੰਦੇ ਹਨ। ਇਨ੍ਹਾਂ ਵਿਚ ਸ਼ਾਮਿਲ ਹਨ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੇ ਉਹ ਸ਼ਬਦ ਜੋ ਉਨ੍ਹਾਂ ਨੇ ਬਾਲ ਹਰਿਗੋਬਿੰਦ ਜੀ ਦੇ ਜਨਮ ਬਾਰੇ, ਬਚਪਨ ਵਿਚ ਆਈ ਕਿਸੇ ਭਿਆਨਕ ਬਿਮਾਰੀ ਬਾਰੇ ਅਤੇ ਦੋਖੀਆਂ ਵੱਲੋਂ ਬਾਲ ਹਰਿਗੋਬਿੰਦ ਜੀ

ਨੂੰ ਜ਼ਹਿਰ ਦੇਣ ਦੇ ਸੰਬੰਧ ਵਿਚ ਉਚਾਰੇ ਸਨ। ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਪਿਤਾ ਵੱਲੋਂ ਦਿੱਤੀ ਗਈ ਸਿੱਧੀ ਜਾਣਕਾਰੀ ਹੈ। ਦੂਜਾ ਹਨ ਗੁਰੂ ਹਰਿਗੋਬਿੰਦ ਸਾਹਿਬ ਦੇ ਆਪਣੇ ਦੋ ਹੁਕਮਨਾਮੇ। ਇਨ੍ਹਾਂ ਵਿਚ ਖੁਦ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਆਪਣੀਆਂ ਲਿਖੀਆਂ ਹੋਈਆਂ ਗੱਲਾਂ ਦੀ ਸਿੱਧੀ ਜਾਣਕਾਰੀ ਮਿਲਦੀ ਹੈ। ਦੂਸਰੇ ਦੋ ਸਮਕਾਲੀ ਸਰੋਤ ਹਨ : ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜ਼ੁਲਫਕਾਰ ਅਰਧਿਸਤਾਨੀ ਦੀ ਲਿਖਤ ਦਬਿਸਤਾਨੇ-ਮਜ਼ਾਹਿਬ। ਭਾਈ ਗੁਰਦਾਸ ਗੁਰੂ ਸਾਹਿਬ ਦੇ ਮੁਖੀ ਸਿੱਖਾਂ ਵਿੱਚੋਂ ਵਿਦਵਾਨ ਸਿੱਖ ਸਨ ਅਤੇ ਉਹ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਵੀ ਸਨ। ਭਾਵੇਂ ਉਨ੍ਹਾਂ ਦੀਆਂ ਵਾਰਾਂ ਵਿੱਚੋਂ ਗੁਰੂ ਜੀ ਪ੍ਰਤੀ ਉਤਨੀ ਜਾਣਕਾਰੀ ਨਹੀਂ ਮਿਲਦੀ ਜਿਤਨੀ ਦੀ ਉਨ੍ਹਾਂ ਕੋਲੋਂ ਆਸ ਕੀਤੀ ਜਾ ਸਕਦੀ ਸੀ। ਇਹ ਜਾਣਕਾਰੀ ਬਹੁਤ ਹੀ ਸੰਖੇਪ ਹੈ, ਪਰ ਹੈ ਨਿਰਣੈਜਨਕ। ਇਸ ਜਾਣਕਾਰੀ ਵਿਚ ਕੋਈ ਵੀ ਐਸੀ ਗੱਲ ਨਹੀਂ ਜਿਸ ਨੂੰ ਅਸੀਂ ਅਣਗੋਲਿਆ ਕਰ ਸਕੀਏ। ਇਸ ਕਰਕੇ ਇਹ ਵੀ ਗੁਰੂ ਸਾਹਿਬ ਬਾਰੇ ਇਕ ਪ੍ਰਮਾਣਿਕ ਸਮਕਾਲੀ ਸਰੋਤ ਹੈ। ਜ਼ੁਲਫਕਾਰ ਅਰਧਿਸਤਾਨੀ ਗੁਰੂ ਸਾਹਿਬ ਦਾ ਗੈਰ-ਸਿੱਖ ਸਮਕਾਲੀ ਲੇਖਕ ਹੈ। ਉਹ ਗੁਰੂ ਸਾਹਿਬ ਦਾ ਦੋਸਤ ਸੀ ਅਤੇ ਉਹ ਕਾਫ਼ੀ ਸਮਾਂ ਗੁਰੂ ਸਾਹਿਬ ਦੇ ਪਾਸ ਵੀ ਰਿਹਾ ਸੀ ਪਰ ਉਸ ਦੀ ਲਿਖਤ ਉਤਨੀ ਪ੍ਰਮਾਣਿਕ ਨਹੀਂ ਹੋ ਸਕੀ ਜਿਤਨੀ ਇਸ ਤਰ੍ਹਾਂ ਦੇ ਲੇਖਕ ਦੀ ਹੋਣੀ ਚਾਹੀਦੀ ਸੀ। ਇਸ ਦੀਆਂ ਕੁਝ ਗੱਲਾਂ ਤਾਂ ਉੱਕਾ ਹੀ ਮੰਨਣਯੋਗ ਨਹੀਂ ਹਨ, ਕਿਉਂਕਿ ਉਹ ਸਿੱਖ ਵਿਚਾਰਧਾਰਾ, ਸਿੱਖ ਵਿਸ਼ਵਾਸ ਅਤੇ ਸਿੱਖ ਰਵਾਇਤਾਂ ਦੇ ਹੀ ਉਲਟ ਹਨ। ਕੁਝ ਗੱਲਾਂ ਸਪਸ਼ਟ ਨਹੀਂ ਹਨ, ਜਿਨ੍ਹਾਂ ਨੂੰ ਕੁਝ ਕਿੰਤੂ-ਪਰੰਤੂ ਕੀਤੇ ਬਿਨਾਂ ਮੰਨਿਆ ਨਹੀਂ ਜਾ ਸਕਦਾ। ਹਾਂ ਕੁਝ ਗੱਲਾਂ ਗੁਰੂ ਸਾਹਿਬ ਦੇ ਸੰਬੰਧ ਵਿਚ ਬਹੁਤ ਨਿਰਣਈ ਕਿਸਮ ਦੀਆਂ ਹੋ ਨਿਬੜੀਆਂ ਹਨ। ਇਨ੍ਹਾਂ ਦਾ ਸਿਲਸਿਲੇਵਾਰ ਵੇਰਵਾ ਲੇਖ ਦੇ ਅੱਗੇ ਜਾ ਕੇ ਦਿੱਤਾ ਜਾਵੇਗਾ।

ਸਭ ਤੋਂ ਪਹਿਲਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਗਈ ਜਾਣਕਾਰੀ ਸਾਹਮਣੇ ਲਿਆਉਂਦੇ ਹਾਂ। ਗੁਰੂ ਅਰਜਨ ਦੇਵ ਜੀ ਨੇ ਬਾਲ ਹਰਿਗੋਬਿੰਦ ਦੇ ਜਨਮ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ 'ਅਕਾਲ ਪੁਰਖ ਨੇ ਬੱਚਾ ਭੇਜਿਆ ਹੈ। ਜਦੋਂ ਇਸ ਨੇ ਆਪਣੀ ਮਾਤਾ ਦੇ ਪੇਟ ਵਿਚ ਪ੍ਰਕਾਸ਼ ਧਾਰਿਆ ਸੀ ਤਾਂ ਮਾਂ ਬਹੁਤ ਖੁਸ਼ ਹੋਈ ਸੀ। ਇਹ ਸਾਰੀ ਸ੍ਰਿਸ਼ਟੀ ਦਾ ਸੰਤ ਪੁੱਤਰ ਹੈ। ਵਾਹਿਗੁਰੂ ਦਾ ਹੁਕਮ ਸਭ ਵਿਚ ਜ਼ਾਹਿਰ ਹੋ ਗਿਆ ਹੈ ਬਾਲਕ ਨੇ ਦਸ ਮਹੀਨਿਆਂ ਬਾਅਦ ਜਨਮ ਲਿਆ ਹੈ। ਇਸ ਨਾਲ ਪਰਿਵਾਰ ਵਿਚ ਸਭ ਸੋਗ ਖ਼ਤਮ ਹੋ ਕੇ ਖੁਸ਼ੀਆਂ ਫੈਲ ਗਈਆਂ ਹਨ। ਸਭ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਗੁਰਬਾਣੀ ਦਾ ਸਿਮਰਨ ਕਰ ਰਹੇ ਹਨ। ਬੱਚੇ ਦੇ ਪੈਦਾ ਹੋਣ ਨਾਲ ਪਰਿਵਾਰ ਦੀ ਵੇਲ ਵਧੀ ਹੈ। ਬੱਚੇ ਦੇ ਰੂਪ ਵਿਚ ਸਤਿਗੁਰਾਂ ਨੇ ਐਸੀ ਦਾਤ ਬਖ਼ਸ਼ ਦਿੱਤੀ ਹੈ ਜਿਸ ਦੀ ਉਨ੍ਹਾਂ ਨੂੰ ਲੋਚਾ ਸੀ। ਜਿਵੇਂ ਬਾਲਕ ਆਪਣੇ ਪਿਤਾ ਉੱਪਰ ਬਹੁਤ ਮਾਣ ਕਰਦਾ ਹੈ, ਉਸੇ ਤਰ੍ਹਾਂ ਉਹ ਵੀ ਵਾਹਿਗੁਰੂ ਦੇ ਹੁਕਮ ਮੁਤਾਬਿਕ ਹੀ ਸਭ ਕੁਝ ਬਿਆਨ ਕਰ ਰਹੇ ਹਨ। ਇਹ ਕੋਈ ਲੁਕੀ-ਛਿਪੀ ਗੱਲ ਨਹੀਂ ਹੈ ਸਗੋਂ ਗੁਰੂ ਨਾਨਕ ਨੇ ਪਰਮ-ਪ੍ਰਸੰਨ ਹੋ ਕੇ ਇਹ ਦਾਤ ਬਖ਼ਸ਼ੀ ਹੈ।' ਸ਼ਬਦ ਇਸ ਤਰ੍ਹਾਂ ਹੈ :

> ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥
> ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥
> ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥
ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥
ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396)

ਇਸੇ ਗੱਲ ਨੂੰ ਗੁਰਬਿਲਾਸ ਛੇਵੀਂ ਪਾਤਸ਼ਾਹੀ, ਜਿਸ ਨੂੰ ਸਿੱਖ ਇਤਿਹਾਸਕਾਰਾਂ ਵੱਲੋਂ ਗੁਰਮੁਖੀ ਦੀ ਮੁੱਢਲੀ ਲਿਖਤ ਮੰਨ ਕੇ, ਸਿੱਖ ਇਤਿਹਾਸ ਦਾ ਪ੍ਰਮੁਖ ਸਰੋਤ ਮੰਨਿਆ ਗਿਆ ਹੈ, ਵਿਚ ਇਸ ਤਰ੍ਹਾਂ ਗਲਤ ਰੰਗਤ ਦਿੱਤੀ ਗਈ ਹੈ। ਗੁਰੂ ਅਰਜਨ ਜੀ ਦੇ ਇਸ ਵਾਕ 'ਗੁਝੀ ਛੰਨੀ ਨਾਹੀ ਬਾਤ। ਗੁਰੂ ਨਾਨਕ ਤੂਠਾ ਕੀਨੀ ਦਾਤਿ।' ਨੂੰ ਆਪਣੀ ਮਨਮਤ ਵਿਚ ਰੰਗ ਕੇ ਲਿਖ ਦਿੱਤਾ ਹੈ : 'ਗੁੱਝੀ ਛੰਨੀ ਨਾਹੀ ਬਾਤ। ਗੁਰੂ ਨਾਨਕ ਬੁੱਢੇ ਸਤ ਕਰ ਦਾਤ।' ਇਕ ਹੋਰ ਥਾਂ 'ਤੇ ਗੁਰੂ ਅਰਜਨ ਜੀ ਦੇ ਇਹ ਵਾਕ :

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮਾਰਿਆ।
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ। (ਪੰਨਾ 806)

ਨੂੰ ਇਸ ਤਰ੍ਹਾਂ ਬਦਲ ਕੇ ਸਾਰੇ ਭਾਵ ਅਰਥ ਹੀ ਬਿਗਾੜ ਦਿੱਤੇ ਹਨ :

ਸਗਲ ਅਨੰਦ ਪਰਮੇਸ਼ਰ ਕੀਨੋ। ਅਪਨਾ ਬਿਰਦ ਰਾਖ ਜਿਨ ਲੀਨੋ।
ਸਾਹਿਬ ਬੁੱਢਾ ਭਏ ਕ੍ਰਿਪਾਲ। ਸੁਤ ਦੇ ਕੀਓ ਪ੍ਰਵਾਰ ਨਿਹਾਲ।

(ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨਾ 12)

ਗੁਰੂ ਅਰਜਨ ਦੇਵ ਜੀ ਨੇ ਤਾਂ ਦੱਸਿਆ ਹੈ ਕਿ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਣ ਦੀ ਦਾਤ ਅਕਾਲ ਪੁਰਖ ਦੀ ਮਿਹਰ ਨਾਲ ਪ੍ਰਾਪਤ ਹੋਈ ਹੈ, ਪਰ ਗੁਰਬਿਲਾਸ ਛੇਵੀਂ ਪਾਤਸ਼ਾਹੀ ਦਾ ਕਰਤਾ ਆਪਣੀਆਂ ਮਨਮਤੀ ਗੱਲਾਂ ਕਰਦਾ ਹੋਇਆ ਇਸ ਨੂੰ ਬਿਗਾੜ ਕੇ ਦੱਸਦਾ ਹੈ ਕਿ ਗੁਰੂ ਅਰਜਨ ਦੇ ਘਰ ਪੁੱਤਰ ਦੀ ਦਾਤ ਬਾਬਾ ਬੁੱਢਾ ਜੀ ਦੀ ਬਖ਼ਸ਼ਿਸ਼ ਕਾਰਨ ਹੋਈ। ਇਹ ਵਿਚਾਰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਤਾਂ ਗਲਤ ਹੈ ਹੀ, ਸਗੋਂ ਸਿੱਖ ਵਿਚਾਰਧਾਰਾ ਦੇ ਵੀ ਉਲਟ ਹੈ। ਇਸ ਲਈ ਸਾਡੇ ਲਈ ਗੁਰਬਿਲਾਸ ਛੇਵੀਂ ਪਾਤਸ਼ਾਹੀ ਦੀ ਲਿਖਤ ਦੀ ਕੋਈ ਮਹੱਤਤਾ ਨਹੀਂ ਹੈ, ਭਾਵੇਂ ਕਿ ਇਹ 1718 ਈ. ਦੀ ਹੀ ਲਿਖਤ ਹੋਵੇ ਤੇ ਭਾਵੇਂ 1895 ਈ. ਦੀ ਹੋਵੇ। ਬਾਲ ਹਰਿਗੋਬਿੰਦ ਦੇ ਬਚਪਨ ਦੀ ਦੂਜੀ ਘਟਨਾ ਹੈ, ਉਨ੍ਹਾਂ ਦੇ ਚੇਚਕ ਨਿਕਲਣ ਦੀ। ਇਹ ਬੜੀ ਹੀ ਖਤਰਨਾਕ ਕਿਸਮ ਦੀ ਬੀਮਾਰੀ ਹੁੰਦੀ ਹੈ ਅਤੇ ਕਈ ਵਾਰ ਤਾਂ ਬੱਚੇ ਲਈ ਜਾਨ-ਲੇਵਾ ਵੀ ਸਾਬਤ ਹੋ ਜਾਂਦੀ ਹੈ। ਇਸ ਨਾਲ ਅੱਖਾਂ ਦੀ ਨਜ਼ਰ ਦਾ ਖ਼ਤਮ ਹੋ ਜਾਣਾ ਜਾਂ ਚੇਹਰੇ ਦੀ ਸੁੰਦਰਤਾ ਦਾ ਖ਼ਤਮ ਹੋ ਜਾਣਾ ਆਮ ਜਿਹੀ ਗੱਲ ਹੈ। ਇਸ ਲਈ ਇਸ ਖਿਮਾਰੀ ਦੀ ਚਿੰਤਾ ਹੋਣੀ ਸੁਭਾਵਿਕ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਬਾਰੇ ਸਾਰੀ ਜਾਣਕਾਰੀ ਇਸ ਸ਼ਬਦ ਰਾਹੀਂ ਦਿੱਤੀ ਹੈ :

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥
....
ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥
ਅਰਦਾਸਿ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ ॥

(ਗੁਰੂ ਗ੍ਰੰਥ ਸਾਹਿਬ, ਪੰਨੇ 200 ਅਤੇ 627)

ਵਾਰਤਕ ਵਿਚ ਇਸ ਸ਼ਬਦ ਦਾ ਸੰਖੇਪ ਭਾਵ ਇਉਂ ਬਣਦਾ ਹੈ ਕਿ ਬੱਚੇ ਨੂੰ ਚੇਚਕ ਦੀ ਬੀਮਾਰੀ ਤੋਂ ਅਕਾਲ ਪੁਰਖ ਨੇ ਆਪਣੀ ਅਪਾਰ ਕਿਰਪਾ ਕਰਕੇ ਬਚਾਇਆ ਹੈ। ਨੇਤਰਾਂ ਦਾ ਪ੍ਰਕਾਸ਼ ਵਾਹਿਗੁਰੂ ਨੇ ਕਾਇਮ ਰੱਖਿਆ ਹੈ, ਉਨ੍ਹਾਂ ਦੇ ਸਭ ਸ਼ੰਕੇ ਦੂਰ ਹੋ ਗਏ ਹਨ ਤੇ ਉਨ੍ਹਾਂ ਦੀ ਸੇਵਾ ਪੂਰੀ ਹੋ ਗਈ ਹੈ। ਹਮੇਸ਼ਾਂ ਹੀ ਵਾਹਿਗੁਰੂ ਦਾ ਜਾਪ ਕਰੋ। ਬਾਲਕ ਨੂੰ ਆਪੇ ਹੀ ਵਾਹਿਗੁਰੂ ਰੱਖੇਗਾ। ਸੀਤਲਾ (ਚੇਚਕ) ਠੀਕ ਹੋ ਗਈ ਹੈ। ਵਾਹਿਗੁਰੂ ਦੇ ਨਾਮ ਜਪਣ ਨਾਲ ਸਭ ਵਿਘਨ ਦੂਰ ਹੋ ਗਏ ਹਨ। ਉਨ੍ਹਾਂ ਦਾ ਵਾਹਿਗੁਰੂ ਹਮੇਸ਼ਾਂ ਦਿਆਲ ਰਹਿੰਦਾ ਹੈ। ਉਸ ਨੇ ਆਪਣੇ ਭਗਤ ਦੀ ਅਰਦਾਸ ਸੁਣ ਲਈ ਹੈ। ਪਰਿਵਾਰ ਦੇ ਸਭ ਮੈਂਬਰ ਬਹੁਤ ਖੁਸ਼ ਹਨ।

ਇਸ ਸ਼ਬਦ ਨੂੰ ਪਹਿਲਾਂ ਦੀ ਤਰ੍ਹਾਂ ਹੀ ਗੁਰ ਬਿਲਾਸ ਛੇਵੀਂ ਪਾਤਸ਼ਾਹੀ ਵੱਲੋਂ ਇਸ ਤਰ੍ਹਾਂ ਬਿਗਾੜਿਆ ਗਿਆ ਹੈ : "ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਦੇ ਚੇਚਕ ਨਿਕਲ ਆਈ। ਗੁਰੂ ਅਰਜਨ ਨੇ ਤੁਰੰਤ ਹੀ ਬ੍ਰਾਹਮਣਾਂ ਨੂੰ ਬੁਲਾ ਕੇ ਕਿਹਾ ਕਿ ਸਾਰੇ ਇਕ ਮਨ ਹੋ ਕੇ ਦੇਵੀ ਦੀ ਪੂਜਾ ਕਰੋ। ਪੰਜ ਦਿਨਾਂ ਉਪਰੰਤ ਬੱਚੇ ਨੂੰ ਚੇਚਕ ਤੋਂ ਆਰਾਮ ਆ ਗਿਆ। ਗੁਰੂ ਅਰਜਨ ਹਰ ਰੋਜ਼ ਦੇਵੀ ਨੂੰ ਭੇਟਾਵਾਂ ਚੜ੍ਹਾਉਂਦੇ ਸਨ; ਹਵਨ ਕਰਦੇ ਸਨ ਅਤੇ ਕੁਆਰੀਆਂ ਲੜਕੀਆਂ ਨੂੰ ਭੋਜਨ ਖੁਆਉਂਦੇ ਸਨ। ਦੇਵੀ ਦਾ ਸ਼ੁਕਰਾਨਾ ਕਰਨ ਲਈ ਗੁਰੂ ਅਰਜਨ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ ਗਏ ਅਤੇ ਉੱਥੇ ਦੇਵੀ ਦੀ ਪੂਜਾ ਕੀਤੀ।"

(ਗੁਰੂ ਬਿਲਾਸ ਛੇਵੀਂ ਪਾਤਸ਼ਾਹੀ, ਪੰਨੇ 20-21)

ਦੇਖੋ ਕਿਤਨਾ ਫ਼ਰਕ ਹੈ ਗੁਰੂ ਅਰਜਨ ਦੇਵ ਜੀ ਦੀ ਆਪਣੀ ਲਿਖਤ ਵਿਚ ਅਤੇ ਗੁਰਬਿਲਾਸ ਛੇਵੀਂ ਪਾਤਸ਼ਾਹੀ ਵਾਲੀ ਮਨਮਤੀਆਂ ਦੀ ਲਿਖਤ ਵਿਚ। ਜੇਕਰ ਸਾਡੇ ਇਤਿਹਾਸਕਾਰ ਇਸ ਲਿਖਤ ਤੋਂ, ਜਿਹੜੀ ਕਿ ਗੁਰਮੁਖੀ ਦੀ ਮੁੱਢਲੀ ਲਿਖਤ ਮੰਨੀ ਗਈ ਹੈ, ਜਾਣਕਾਰੀ ਲੈ ਕੇ, ਗੁਰੂ ਅਰਜਨ ਜੀ ਨੂੰ ਦੇਵੀ ਦਾ ਜਾਂ ਬ੍ਰਾਹਮਣਾਂ ਦਾ ਪੁਜਾਰੀ ਸਾਬਤ ਕਰਨਗੇ ਤਾਂ ਉਹ ਸਿੱਖ ਇਤਿਹਾਸ ਨਾਲ ਕਿੰਨੀ ਬੇਇਨਸਾਫ਼ੀ ਕਰ ਰਹੇ ਹੋਣਗੇ।

ਇਸ ਤਰ੍ਹਾਂ ਬਾਲ ਗੋਬਿੰਦ ਦੇ ਬਚਪਨ ਦੀ ਇਕ ਹੋਰ ਘਟਨਾ ਦਾ ਵੇਰਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਅਨੁਸਾਰ ਬਾਲ ਗੋਬਿੰਦ ਜੀ ਨੂੰ ਉਨ੍ਹਾਂ ਦੇ ਕੁਝ ਦੋਖੀਆਂ ਵੱਲੋਂ ਜ਼ਹਿਰ ਦਿੱਤੇ ਜਾਣ ਦੀ ਜਾਣਕਾਰੀ ਮਿਲਦੀ ਹੈ, ਪਰ ਇਸ ਜ਼ਹਿਰ ਦਾ ਕੋਈ ਅਸਰ ਨਾ ਹੋਇਆ ਅਤੇ ਬੱਚਾ ਬਚ ਗਿਆ। ਜ਼ਹਿਰ ਦੇਣ ਵਾਲਾ ਕੋਈ ਬ੍ਰਾਹਮਣ ਸੀ। ਬੱਚੇ ਨੂੰ ਮਾਰਦਾ

ਮਾਰਦਾ ਉਲਟਾ ਬ੍ਰਾਹਮਣ ਖੁਦ ਹੀ ਪੇਟ ਵਿਚ ਦਰਦ ਹੋਣ ਨਾਲ ਮਰ ਗਿਆ। ਗੁਰੂ ਅਰਜਨ ਦੇਵ ਜੀ ਇਸ ਸਭ ਕੁਝ ਤੋਂ ਬਚ ਜਾਣ ਕਰਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਸਭ ਅਕਾਲ ਪੁਰਖ ਦੀ ਮਿਹਰ ਨਾਲ ਹੋਇਆ ਹੈ। ਸ਼ਬਦ ਇਸ ਤਰ੍ਹਾਂ ਹੈ :

ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ।

....

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥

(ਗੁਰੂ ਗ੍ਰੰਥ ਸਾਹਿਬ, ਪੰਨਾ 1137)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਇਹ ਵੇਰਵੇ ਭਾਵੇਂ ਬਹੁਤ ਥੋੜ੍ਹੇ ਅਤੇ ਸੰਖੇਪ ਹਨ, ਪਰ ਬਾਲ ਹਰਿਗੋਬਿੰਦ ਦੇ ਬਚਪਨ ਦੇ ਜੀਵਨ ਬਾਰੇ ਇਹ ਅਤੀ ਭਰੋਸੇਯੋਗ ਅਤੇ ਬਹੁਤ ਹੀ ਮਹੱਤਵਪੂਰਨ ਮੌਲਿਕ ਜਾਣਕਾਰੀ ਮੁਹੱਈਆ ਕਰਦੇ ਹਨ। ਇਸ ਮੌਲਿਕ ਜਾਣਕਾਰੀ ਦੇ ਉਪਰ ਦੀ ਹੋਰ ਕੋਈ ਜਾਣਕਾਰੀ ਨਹੀਂ ਹੋ ਸਕਦੀ।

ਗੁਰੂ ਹਰਿਗੋਬਿੰਦ ਸਾਹਿਬ ਬਾਰੇ ਦੂਜਾ ਮੌਲਿਕ ਸਰੋਤ ਗੁਰੂ ਜੀ ਦੇ ਆਪਣੇ ਕੁਝ ਹੁਕਮਨਾਮੇ ਹਨ, ਜਿਨ੍ਹਾਂ ਤੋਂ ਭਾਵੇਂ ਥੋੜ੍ਹੀ ਹੀ ਜਾਣਕਾਰੀ ਮਿਲਦੀ ਹੈ, ਪਰ ਇਹ ਜਿੰਨੀ ਵੀ ਹੈ ਬਹੁਤ ਮਹੱਤਵਪੂਰਨ ਹੈ। ਇਹ ਹੁਕਮਨਾਮੇ ਦੋ ਹਨ। ਇਹ ਦੋਵੇਂ ਹੀ ਪੂਰਬੀ ਭਾਰਤ ਦੀ ਸਿੱਖ ਸੰਗਤ ਦੇ ਨਾਂ ਹਨ। ਇਨ੍ਹਾਂ ਦੋਵਾਂ ਹੁਕਮਨਾਮਿਆਂ ਵਿਚ ਹੀ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਮਾਸ-ਮੱਛੀ ਖਾਣ ਤੋਂ ਵਰਜਿਆ ਹੈ। ਸਿੱਖ ਸੰਗਤਾਂ ਨੂੰ ਇੱਕੋ ਅਕਾਲ ਪੁਰਖ ਵਾਹਿਗੁਰੂ ਵਿਚ ਵਿਸ਼ਵਾਸ ਰੱਖਣ ਲਈ ਹੁਕਮ ਦਿੱਤਾ ਹੈ। ਪੂਰਬ ਦੀ ਸੰਗਤ ਨੂੰ ਗੁਰੂ ਦਾ ਖਾਲਸਾ ਕਿਹਾ ਹੈ, ਜਿਸ ਦਾ ਭਾਵ ਹੈ ਕਿ ਪੂਰਬ ਦੀਆਂ ਸੰਗਤਾਂ ਮਸੰਦਾਂ ਦੇ ਅਧੀਨ ਨਹੀਂ ਸਨ, ਸਗੋਂ ਸਿੱਧਾ ਹੀ ਗੁਰੂ ਜੀ ਨਾਲ ਸੰਬੰਧਿਤ ਸਨ। ਇਨ੍ਹਾਂ ਦੀ ਇਬਾਰਤ ਇਸ ਤਰ੍ਹਾਂ ਹੈ :

ਸਰਬਤ ਸੰਗਤਿ ਪਟਣੇ ਕੀ ਤਥਾ ਆਲਮ ਗਜਿ ਕੀ॥ ਸ਼ੇਰਪੁਰ ਕੀ॥
ਬੀਨੇ॥ ਮੁੰਗੇਰ ਕੀ ਸੰਗਤ ਪਰਮਾਨੰਦ ਕੇ ਵਾੜੇ ਪਾਸੇ ਲਿਖਤੇ ਗੁਰੂ ਹਰਿ
ਗੋਬਿੰਦ॥ ਕਰਤਾਰ ਕਰਤਾਰ ਵਾਚਣੀ ਗੁਰੂ ਤੁਸਾਡੀ ਲਾਜ ਰਖਗੁ ਗੁਰੂ ਗੁਰੂ
ਜਪਣਾ ਜਨਮ ਸਵਰੁ ਸੰਗਤ ਦੀ ਕਾਮਨਾ ਗੁਰੂ ਪੂਰੀ ਕਰੇਗੁ ਸੰਗਤੀ ਦਾ
ਰੁਜਗਾਰ ਹੋਗੁ ਇਕ ਦਾਸੀ ਰਹਿਣਾ ਮਾਸੁ ਮਛੀ ਦੇ ਨੇੜੇ
ਨਹੀਂ ਆਵਣਾ ਸੰਗਤਿ ਦੀ ਚਿਠੀ ਪਹੁਤੀ ਹਕੀਕਤਿ ਸਭ ਮਾਲੂਮ
ਹੋਈ ਸੰਗਤ ਦੀ ਮਨਸਾ ਪੂਰੀ ਹੋਗੁ ਗੁਰੂ ਦੀ ਆਗਿਆ ਹੋਇ ਸੰਗਤਿ
ਸਰਬਤਿ ਇਕ ਮਜਤਿ ਹੋਹਿ ਤਿਵੇਂ ਰਹਣਾ ਜਾਪੇ ਗੁਰਦਾਸ ਨਾਲ ਲਾਗ
ਰਹਣਾ ਕਾਰਵਾਰ ਇਨਾਂ ਨੋ ਦੇਂਦਿਆਂ ਰਹਨਾ ਸੰਗਤੀ
ਉਪਰਿ ਗੁਰੂ ਦੀ ਖਰੀ ਖੁਸ਼ੀ ਹੋਇ ਸੰਗਤੀ ਦਾ ਰੁਜ਼ਗਾਰ ਹੋਗਾ
ਸੰਗਤਿ ਆਪ ਵਿਚਿ ਇਕਤੁ ਕਰਣਾ ਸੰਗਤੀ ਦੀ ਖਰੀ ਖੁਸ਼ੀ ਗੁਰੂ
ਦੀਨਾ ਦੇ ਹੋਦੇ ਹੋਇ ਸਭ ਮੇਰੇ ਪੁਤ ਹੈਨ ਸਭਨਾ ਇਕਤੇ ਜੀਐ ਹੋਣਾ.......।

ਦੂਜਾ ਹੁਕਮਨਾਮਾ ਇਸ ਤਰ੍ਹਾਂ ਹੈ :

> 'ਦੁਇ ਜੋੜੀ ਕੁਕੇ ਖਰੇ ਭਾਲਿ ਦਮ ਪਕੜਦੇ ਹੋਨ ਉਹ ਟੋਲ ਕੇ ਭੇਜਣੇ ਜਹ ਕਹਾ ਤੇ ਭੇਜਣੇ ਚੰਗੇ ਟੋਲ ਕੇ ਭੇਜਣੇ । ਭਾਈ ਜਾਪੁ ਭਾਈ ਗੁਰਦਾਸ ਭਾਈ ਮੁਰਾਰੀ ਭਾਈ ਜੰਤਾ ਭਾਈ ਦਿਆਲਾ ਗੁਰੂ ਗੁਰੂ ਜਪਣਾ ਜਨਮੁ ਸਵਰੈ । ਸੰਗਤਿ ਦੀ ਕਾਮਨਾ ਪੂਰ ਹੋਗੁ ਸੰਗਤੀ ਦਾ ਰੁਜ਼ਗਾਰ ਹੋਗੁ ਸੰਗਤਿ ਕੀ ਕਾਰ ਜੁ ਲੇਹਗੁ ਗੁਰੂ ਦੀ ਆਗਿਆ ਹੋਇ ਕਰਿ ਤਨੁ ਕਰਣਾ ਇਕ ਦਾਸ ਭਲੀ ਜੁਗਤਿ ਰਹਣਾ ਮਾਸੁ ਮਛੀ ਦੇ ਨੇੜੇ ਨਹੀਂ ਆਵਣਾ । ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ ਉਪਰੰਤ ਗੁਰੂ ਦੀ ਆਗਿਆ ਹੋਇ....... ।'

(ਹੁਕਮਨਾਮੇ, ਪੰਨੇ 62-67)

ਇਨ੍ਹਾਂ ਹੁਕਮਨਾਮਿਆਂ ਵਿਚ ਦਰਜ ਸਾਫ਼ ਅਤੇ ਸਪਸ਼ਟ ਗੱਲਾਂ ਦੇ ਬਿਲਕੁਲ ਉਲਟ ਸਾਡੇ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਬੰਧ ਵਿਚ ਬਿਨਾਂ ਕਿਸੇ ਸੋਚ ਵਿਚਾਰ ਦੇ ਇਹ ਗੱਲ ਜੋੜ ਰੱਖੀ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਮਾਸ ਖਾਣ ਦੀ ਖੁੱਲ ਦੇ ਰੱਖੀ ਸੀ । ਗੋਕਲ ਚੰਦ ਨਾਰੰਗ ਨੇ ਲਿਖਿਆ ਹੈ : "With the change of aims the occupation changed and with the change in the occupation came a change in tastes and even diet. Animal food was not only sanctioned but was encouraged." *(Transformation of Sikhism*, 1960, p. 60)

ਇਹੀ ਗੱਲਾਂ ਇੰਦੂ ਭੂਸ਼ਣ ਬੈਨਰਜੀ ਨੇ ਵੀ ਲਿਖ ਦਿੱਤੀਆਂ ਹਨ : "Animal diet was permitted and even encouraged and his disciples soon imitated their Guru in these robust practices. *(Evolution of The Khalsa*, Vol. II, Calcutta, 1962, p. 8). Hari Ram Gupta writes : "Hargobind sanctioned and encouraged meat diet and hunting." (*History of The Sikhs* (The Sikhs Gurus 1469-1708). New Delhi, 1994, p. 156).

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਲਿਖਣ ਵਾਲੇ ਇਹ ਪ੍ਰਮੁਖ ਇਤਿਹਾਸਕਾਰ ਮੰਨੇ ਗਏ ਹਨ ਅਤੇ ਇਨ੍ਹਾਂ ਸਭ ਨੇ ਹੀ ਬਿਨਾਂ ਕਿਸੇ ਸੋਚ-ਵਿਚਾਰ ਦੇ ਇਹ ਗੱਲ ਲਿਖ ਛੱਡੀ ਹੈ । ਗੁਰੂ ਸਾਹਿਬ ਦੇ ਆਪਣੇ ਹੁਕਮਨਾਮਿਆਂ ਦੇ ਸਾਹਮਣੇ ਇਨ੍ਹਾਂ ਇਤਿਹਾਸਕਾਰਾਂ ਦੇ ਨਿਰਣਿਆਂ ਦਾ ਕੀ ਮਹੱਤਵ ਹੈ? ਹੁਕਮਨਾਮਿਆਂ ਵਿਚ ਸਾਫ਼ ਲਿਖਿਆ ਗਿਆ ਹੈ ਕਿ 'ਮਾਸ-ਮੱਛੀ ਦੇ ਨੇੜੇ ਨਹੀਂ ਜਾਣਾ' ਪਰ ਇਹ ਇਤਿਹਾਸਕਾਰ ਅਤੀ ਭਰੋਸੇਯੋਗ ਮੌਲਿਕ ਸਰੋਤ ਨੂੰ ਅੱਖੋਂ ਓਹਲੇ ਕਰਕੇ ਗਲਤ ਨਿਰਣੇ ਦੇ ਰਹੇ ਹਨ । ਇਸ ਤਰ੍ਹਾਂ ਇਹ ਗੱਲ ਬਿਲਕੁਲ ਗਲਤ ਹੈ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਮਾਸ ਖਾਣ ਦੀ ਖੁੱਲ੍ਹ ਦੇ ਦਿੱਤੀ ਸੀ । ਸ਼ਿਕਾਰ ਖੇਡਣਾ ਬਿਲਕੁਲ ਹੀ ਵੱਖਰੀ ਗੱਲ ਹੈ । ਸ਼ਿਕਾਰ ਖੇਡਣ ਤੋਂ ਭਾਵ ਮਾਸ ਖਾਣ ਦੀ ਖੁੱਲ ਦੇਣ ਦਾ ਨਹੀਂ ਹੋ ਸਕਦਾ । ਸ਼ਿਕਾਰ ਖੇਡਣਾ, ਸਿੱਖਾਂ ਨੂੰ ਟ੍ਰੇਨਿੰਗ ਦੇਣ ਦਾ ਸਾਧਨ ਵੀ ਹੋ ਸਕਦਾ ਹੈ ਅਤੇ ਜੰਗਲੀ ਇਲਾਕਿਆਂ ਦੀ ਭੂਗੋਲਿਕ ਜਾਣਕਾਰੀ ਲੈਣ ਦਾ ਇਹ ਤਰੀਕਾ ਵੀ । ਸ਼ਿਕਾਰ ਖੇਡਣ ਦਾ ਮਤਲਬ ਇਹ ਤਾਂ

ਨਹੀਂ ਕਿ ਸ਼ਿਕਾਰ ਸਮੇਂ ਜੰਗਲੀ ਜਾਨਵਰਾਂ ਨੂੰ ਮਾਰਨਾ ਹੀ ਹੈ ਅਤੇ ਘਰ ਲਿਆ ਕੇ ਉਨ੍ਹਾਂ ਨੂੰ ਖਾਣਾ ਹੀ ਹੈ। ਜੰਗਲੀ ਜਾਨਵਰਾਂ ਨੂੰ ਜਿਉਂਦਿਆਂ ਨੂੰ ਫੜਨਾ ਵੀ ਇਕ ਕਲਾ ਹੈ। ਹੋ ਸਕਦਾ ਹੈ ਕਿ ਗੁਰੂ ਜੀ ਦੀ ਅਗਵਾਈ ਹੇਠ ਸਿੱਖ ਸਿਰਫ਼ ਜੰਗਲੀ ਜਾਨਵਰਾਂ ਨੂੰ ਹੀ ਫੜਦੇ ਹੋਣ ਅਤੇ ਭੁਲੇਖੇ ਨਾਲ ਮਰਿਆ ਹੋਇਆ ਸ਼ਿਕਾਰ ਜਾਨਵਰਾਂ ਨੂੰ ਹੀ ਖੁਆ ਦਿੰਦੇ ਹੋਣ।

ਇਨ੍ਹਾਂ ਦੇ ਮੌਲਿਕ ਸਰੋਤਾਂ ਤੋਂ ਪਿਛੋਂ ਸਮਕਾਲੀ ਸਰੋਤ ਆਉਂਦੇ ਹਨ, ਜਿਨ੍ਹਾਂ ਵਿਚ ਪਹਿਲਾ ਦਰਜਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਹੈ। ਇਹ ਕੁੱਲ ਵਾਰਾਂ ਭਾਵੇਂ 40 ਹਨ, ਪਰ ਇਨ੍ਹਾਂ ਵਿੱਚੋਂ ਸਿੱਧੇ ਤੌਰ 'ਤੇ ਸਿਰਫ਼ ਦੋ ਹੀ ਪਾਉੜੀਆਂ ਗੁਰੂ ਜੀ ਦੇ ਜੀਵਨ ਬਿਰਤਾਂਤ ਬਾਰੇ ਚਾਨਣਾ ਪਾਉਣ ਵਾਲੀਆਂ ਹਨ। ਭਾਵੇਂ ਖਿੰਡਵੀਆਂ ਇੱਕੜ-ਦੁੱਕੜ ਲਾਈਨਾਂ ਕਈ ਹਨ। ਇਹ ਦੋ ਪਾਉੜੀਆਂ ਇਹ ਹਨ :

1. *ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।*
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗ ਪੀੜੀ ਸੋਢੀਆ ਨਿਹਚਲ ਨੀਂਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ। (ਵਾਰ 1, ਪਉੜੀ 48)

2. *ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।*
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨਾ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ। (ਵਾਰ 26, ਪਉੜੀ 24)

ਇਹ ਤਾਂ ਦੋ ਪਾਉੜੀਆਂ ਸਿੱਧੀਆਂ ਹੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹਨ, ਜਿਨ੍ਹਾਂ ਤੋਂ ਸਾਨੂੰ ਗੁਰੂ ਸਾਹਿਬ ਦੇ ਮਹਾਨ ਜੋਧਾ ਹੋਣ ਦਾ, ਉਨ੍ਹਾਂ ਵੱਲੋਂ ਹਥਿਆਰਬੰਦ ਨੀਤੀ ਧਾਰਨ ਕਰਨ ਦਾ ਅਤੇ ਨਿਰਭਉ ਹੋ ਕੇ ਵਿਚਰਨ ਦਾ ਸਬੂਤ ਮਿਲਦਾ ਹੈ। 26ਵੀਂ ਵਾਰ ਦੀ 25ਵੀਂ ਪਉੜੀ 'ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ। ......ਪਿਰਮ ਪਿਆਲੇ ਦੁਤਰੁ ਝਾਗੈ।' ਰਾਹੀਂ ਇਸ ਹਥਿਆਰਬੰਦ ਨੀਤੀ ਦਾ ਅਸਲ ਮਨੋਰਥ ਦਰਸਾਇਆ ਗਿਆ ਹੈ, ਜਿਸ ਦਾ ਮਤਲਬ ਹੈ ਕਿ ਧਰਮ ਦੀ ਰੱਖਿਆ ਵੀ ਤਲਵਾਰ ਤੋਂ ਬਿਨਾਂ ਨਹੀਂ ਹੋ ਸਕਦੀ। ਕੁਝ ਇੱਕੜ-ਦੁੱਕੜ ਹੋਰ ਵੀ ਲਾਈਨਾਂ ਗੁਰੂ ਸਾਹਿਬ ਦੀ ਨੀਤੀ ਦੀਆਂ ਲਖਾਇਕ ਹਨ, ਜਿਵੇਂ ਕਿ ਪਹਿਲੀ ਵਾਰ ਦੀ 47ਵੀਂ ਪਾਉੜੀ ਦੀ ਇਹ ਲਾਈਨ ਹੈ : ''ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।''

ਜਿਸ ਤੋਂ ਭਾਵ ਹੈ ਕਿ ਗੁਰੂ ਜੀ ਨੇ ਧਾਰਮਿਕ ਸ਼ਕਤੀ ਦੇ ਨਾਲ-ਨਾਲ ਸਿੱਖਾਂ ਦੇ ਆਤਮ-ਨਿਰਣੈ ਦੀ ਸ਼ਕਤੀ ਵੀ ਧਾਰਨ ਕਰ ਲਈ ਸੀ। ਕੁਝ ਇਕ ਪਾਉੜੀਆਂ ਵਿਚ ਦਰਸਾਇਆ ਗਿਆ ਹੈ ਕਿ ਸਭ ਗੁਰੂ ਇਕ ਹੀ ਜੋਤ ਹਨ ਅਤੇ ਇਕੋ ਹੀ ਵਿਚਾਰਧਾਰਾ ਨੂੰ ਮੰਨਣ ਵਾਲੇ ਹਨ।

ਦੂਸਰਾ ਸਮਕਾਲੀ ਸਰੋਤ ਜ਼ੁਲਫ਼ਕਾਰ ਅਰਧਿਸਤਾਨੀ ਦੀ ਲਿਖਤ ਦਬੇਸਤਾਨੇ ਮਜ਼ਾਹਿਬ ਹੈ। ਇਤਿਹਾਸਕ ਤੌਰ 'ਤੇ ਇਸ ਦੀ ਬੜੀ ਮਹੱਤਤਾ ਹੋਣੀ ਚਾਹੀਦੀ ਸੀ ਪਰ ਉਸ ਦੀ ਲਿਖਤ ਵਿਚ ਕੁਝ ਤੱਥ ਐਸੇ ਹਨ, ਜਿਹੜੇ ਇਕ ਦਮ ਗਲਤ ਹੈ। ਕਿਉਂਕਿ ਇਨ੍ਹਾਂ ਦੀ ਸਿੱਖ ਵਿਚਾਰਧਾਰਾ, ਸਿੱਖ ਵਿਸ਼ਵਾਸ ਅਤੇ ਸਿੱਖ ਰਵਾਇਤ ਨਾਲ ਮੇਲਤਾ ਨਹੀਂ ਹੋ ਸਕਦੀ। ਕੁਝ ਤੱਥ ਐਸੇ ਹਨ, ਜਿਹੜੇ ਸਪਸ਼ਟ ਨਹੀਂ ਹਨ। ਅਜਿਹੇ ਤੱਥਾਂ ਨੂੰ ਅਨੇਕਾਂ ਕਿੰਤੂ-ਪਰੰਤੂ ਕਰਨ ਪਿੱਛੋਂ ਹੀ ਮੰਨਿਆ ਜਾ ਸਕਦਾ ਹੈ। ਜ਼ੁਲਫ਼ਕਾਰ ਅਰਧਿਸਤਾਨੀ ਦੀ ਲਿਖਤ ਜਿੰਨੀ ਕੁ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ, ਉਹ ਇਸ ਤਰ੍ਹਾਂ ਹੈ :

1. ਸਿੱਖਾਂ ਦਾ ਵਿਸ਼ਵਾਸ ਹੈ ਕਿ ਸਾਰੇ ਗੁਰੂ, ਨਾਨਕ ਹੀ ਹਨ। (ਗੁਰ) ਹਰਿਗੋਬਿੰਦ ਆਪਣੇ ਖਤੋ-ਖ਼ਿਤਾਬਤ ਵਿਚ ਆਪਣੇ ਆਪ ਨੂੰ ਨਾਨਕ ਹੀ ਲਿਖਦੇ ਹਨ।
2. ਗੁਰੂ ਦੇ ਮੁੱਖੀ ਮਸੰਦ ਸਭ ਜੱਟ ਹਨ।
3. ਕਿਉਂਕਿ ਸਿੱਖ, ਗੁਰੂਆਂ ਨੂੰ ਸੱਚੇ ਪਾਤਸ਼ਾਹ ਮੰਨਦੇ ਹਨ, ਇਸ ਲਈ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਮਸੰਦ ਕਿਹਾ ਜਾਂਦਾ ਹੈ।
4. ਉਸ ਨੂੰ (ਗੁਰੂ) ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿੱਚੋਂ ਇਕ ਇਹ ਸੀ ਕਿ ਉਸ ਨੇ ਇਕ ਸਿਪਾਹੀ ਦਾ ਜੀਵਨ ਅਪਣਾ ਲਿਆ ਸੀ; ਆਪਣੇ ਪਿਤਾ ਦੀ ਨੀਤੀ ਦੇ ਉਲਟ ਤਲਵਾਰ ਪਹਿਨ ਲਈ ਸੀ; ਹਥਿਆਰਬੰਦ ਸੈਨਿਕ ਰੱਖ ਲਏ ਅਤੇ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਸੀ। ਬਾਦਸ਼ਾਹ (ਜਹਾਂਗੀਰ) ਨੇ ਗੁਰੂ ਅਰਜਨ ਦੇਵ ਵੱਲ ਰਹਿੰਦਾ ਜੁਰਮਾਨੇ ਦਾ ਬਕਾਇਆ ਲੈਣ ਲਈ ਉਸ (ਗੁਰੂ) ਨੂੰ ਗਵਾਲੀਅਰ ਭੇਜ ਦਿੱਤਾ ਜਿੱਥੇ ਕਿ ਉਹ ਬਾਰਾਂ ਸਾਲ ਰਹੇ। ਉੱਥੇ ਉਨ੍ਹਾਂ ਨੂੰ ਲੂਣ ਅਤੇ ਰੋਟੀ ਵੀ ਨਹੀਂ ਦਿੱਤੀ ਜਾਂਦੀ ਸੀ।
5. ਇਸ ਸਮੇਂ (ਜੇਲ੍ਹ ਦੌਰਾਨ) ਮਸੰਦ ਅਤੇ ਸਿੱਖ ਉੱਥੇ (ਗਵਾਲੀਅਰ) ਜਾਂਦੇ ਸਨ ਅਤੇ ਕਿਲ੍ਹੇ ਦੀਆਂ ਦੀਵਾਰਾਂ ਨੂੰ ਨਮਸਕਾਰ ਕਰਦੇ ਸਨ। ਆਖੀਰ ਨੂੰ ਬਾਦਸ਼ਾਹ ਨੇ ਤਰਸ ਕਰਕੇ ਗੁਰੂ ਨੂੰ ਰਿਹਾਅ ਕਰ ਦਿੱਤਾ।
6. ਉਹ (ਗੁਰੂ) ਰਿਹਾਅ ਹੋਣ ਉਪਰੰਤ ਰਾਮਦਾਸਪੁਰ ਵਾਪਸ ਆ ਗਏ, ਜਿੱਥੇ ਕਿ ਗੁਰੂ ਰਾਮਦਾਸ ਅਤੇ ਅਰਜਨ ਮੱਲ ਨੇ ਬਹੁਤ ਆਲੀਸ਼ਾਨ ਇਮਾਰਤਾਂ ਅਤੇ ਸੁੰਦਰ ਸਰੋਵਰ ਬਣਵਾਏ ਹੋਏ ਸਨ। ਉੱਥੇ ਉਸ ਉਪਰ ਸ਼ਾਹ ਜਹਾਨ ਦੇ ਹੁਕਮ ਨਾਲ ਸ਼ਾਹੀ ਫ਼ੌਜ ਦੇ ਅਧਿਕਾਰੀਆਂ ਦੁਆਰਾ ਹਮਲਾ ਕੀਤਾ ਗਿਆ ਅਤੇ ਗੁਰੂ ਜੀ ਦੀ ਜ਼ਾਇਦਾਦ ਨੂੰ ਲੁੱਟ ਲਿਆ ਗਿਆ।
7. ਇਸ ਥਾਂ (ਅੰਮ੍ਰਿਤਸਰ) ਤੋਂ ਉਹ ਛੇਤੀ ਨਾਲ ਕਰਤਾਰਪੁਰ ਵੱਲ ਆ ਗਏ।
8. ਇਸ ਥਾਂ 'ਤੇ ਵੀ ਉਨ੍ਹਾਂ ਨੂੰ ਲੜਾਈ ਕਰਨੀ ਪਈ। ......ਇਸ ਲੜਾਈ ਵਿਚ ਇਕ ਸਿਪਾਹੀ ਨੇ ਉਨ੍ਹਾਂ ਵੱਲ ਤਲਵਾਰ ਚਲਾਈ, ਜੋ ਖਾਲੀ ਗਈ। ਗੁਰੂ ਨੇ ਉਸ ਨੂੰ ਆਪਣੀ

ਤਲਵਾਰ ਦਾ ਵਾਰ ਕਰਦੇ ਹੋਏ ਕਿਹਾ ਕਿ 'ਤਲਵਾਰ ਚਲਾਉਣ ਦਾ ਇਹ ਤਰੀਕਾ ਨਹੀਂ ਹੈ, ਇਹ ਤਾਂ ਇਸ ਤਰ੍ਹਾਂ ਚਲਾਈਦੀ ਹੈ।' ਇਹ ਕਹਿੰਦਿਆਂ ਹੋਇਆਂ ਉਨ੍ਹਾਂ ਨੇ ਇਕੋ ਵਾਰ ਨਾਲ ਉਸ ਦੇ ਜੀਵਨ ਨੂੰ ਖ਼ਤਮ ਕਰ ਦਿੱਤਾ।

9. ਕਰਤਾਰਪੁਰ ਦੀ ਲੜਾਈ ਪਿੱਛੋਂ ਉਹ ਫਗਵਾੜੇ ਚਲੇ ਗਏ, ਕਿਉਂਕਿ ਉਨ੍ਹਾਂ ਦੀ ਇਹ ਰਿਹਾਇਸ਼ ਲਾਹੌਰ ਦੇ ਨੇੜੇ ਸੀ ਜੋ ਖ਼ਤਰੇ ਤੋਂ ਖਾਲੀ ਨਹੀਂ ਸੀ। ਇਸ ਲਈ ਉਹ ਜਲਦੀ ਕੀਰਤਪੁਰ ਚਲੇ ਗਏ ਜਿਹੜਾ ਕਿ ਪੰਜਾਬ ਦੀਆਂ ਪਹਾੜੀਆਂ ਵਿਚ ਸਥਿਤ ਸੀ।

10. ਗੁਰੂ ਕੋਲ 700 ਘੋੜੇ, 300 ਘੋੜ ਸਵਾਰ ਜੁਆਨ ਅਤੇ 60 ਤੋਪਚੀ ਸਨ ਜੋ ਹਰ ਸਮੇਂ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ।

11. (ਮੁਗਲ) ਸੈਨਾ ਵਿੱਚੋਂ ਹਰ ਭਗੌੜਾ ਸਿਪਾਹੀ ਉਨ੍ਹਾਂ ਕੋਲ ਆ ਕੇ ਸ਼ਰਨ ਲੈ ਸਕਦਾ ਹੈ।

12. ਉਹ (ਗੁਰੂ) ਹਮੇਸ਼ਾਂ ਜਹਾਂਗੀਰ ਦੇ ਜੇਤੂ ਲਸ਼ਕਰ ਨਾਲ ਜੁੜੇ ਰਹਿੰਦੇ ਸਨ। ਜਹਾਂਗੀਰ ਦੀ ਮੌਤ ਪਿੱਛੋਂ ਉਹ (ਗੁਰੂ) ਜੇਤੂ ਬਾਦਸ਼ਾਹ ਸ਼ਾਹ ਜਹਾਨ ਦੀ ਸੇਵਾ ਵਿਚ ਸ਼ਾਮਿਲ ਹੋ ਗਏ। ਪਿੱਛੋਂ ਕੁਝ ਸਮੇਂ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਪੰਜਾਬ ਦੀ ਨਵਾਬੀ ਦੀ ਉਪਾਧੀ ਵਾਲੇ ਇਕ ਹੀਜੜੇ ਜਰਨੈਲ ਯਾਰ ਖਾਨ ਨਾਲ ਜੋੜ ਲਿਆ, ਜਿਸ ਨੂੰ ਉਹ ਰਾਜ ਪ੍ਰਬੰਧ ਦੇ ਕੰਮਾਂ ਵਿਚ ਸਹਾਇਤਾ ਦਿੰਦੇ ਸਨ।

13. ਜਦੋਂ (ਅੰਤਮ ਸਮੇਂ) ਉਨ੍ਹਾਂ ਦੀ ਦੇਹ ਨੂੰ ਚਿਖਾ ਉੱਪਰ ਰੱਖਿਆ ਗਿਆ ਸੀ ਅਤੇ ਅੱਗ ਲਗਾਈ ਗਈ ਸੀ ਤਾਂ ਅੱਗ ਦੀਆਂ ਬਲਦੀਆਂ ਲਾਟਾਂ ਵਿਚ ਉਨ੍ਹਾਂ ਦੇ ਇਕ ਰਾਜਪੂਤ ਨੌਕਰ ਨੇ ਤੁਰੰਤ ਆਪਣੇ ਆਪ ਨੂੰ ਅੱਗ ਵਿਚ ਸੁੱਟ ਦਿੱਤਾ ਅਤੇ ਕੁਝ ਕਦਮ ਹੋਰ ਅੱਗੇ ਜਾ ਕੇ ਗੁਰੂ ਜੀ ਦੀ ਦੇਹ ਦੇ ਚਰਨ ਪਕੜ ਲਏ ਸਨ। ਉਸ ਨੇ ਆਪਣਾ ਮੂੰਹ ਗੁਰੂ ਜੀ ਦੇ ਚਰਨਾਂ ਵਿਚ ਛੁਪਾ ਲਿਆ ਸੀ, ਜਦੋਂ ਤਕ ਉਹ ਜਲ ਨਹੀਂ ਗਿਆ ਸੀ, ਉਹ ਬਿਲਕੁਲ ਹੀ ਨਹੀਂ ਹਿੱਲਿਆ ਸੀ, ਉਸ ਦੇ ਪਿੱਛੋਂ ਇਕ ਜੱਟ ਦਾ ਪੁੱਤਰ, ਜਿਹੜਾ ਕਿ ਗੁਰੂ ਜੀ ਦੇ ਜੁਆਈ ਦੀ ਸੇਵਾ ਵਿਚ ਸੀ, ਅੱਗ ਦੀਆਂ ਲਪਟਾਂ ਵਿਚ ਕੁੱਦ ਪਿਆ। ਇਸ ਪਿੱਛੋਂ ਹੋਰ ਵੀ ਬਹੁਤ ਸਾਰੇ ਵਿਅਕਤੀਆਂ ਨੇ ਇਸ ਤਰ੍ਹਾਂ ਕਰਨਾ ਚਾਹਿਆ ਸੀ ਪਰ ਇਸ ਵਾਰ ਉਨ੍ਹਾਂ ਨੂੰ ਗੁਰੂ ਹਰਿ ਰਾਏ ਜੀ ਨੇ ਮਨ੍ਹਾ ਕਰ ਦਿਤਾ। (ਮਾਖ਼ਜ਼-ਤਵਾਰੀਖ਼-ਏ-ਸਿੱਖਾਂ, ਸੰ. ਗੰਡਾ ਸਿੰਘ, ਅੰਮ੍ਰਿਤਸਰ, 1949, ਪੰਨੇ 33-49).

ਉਪਰੋਕਤ ਵਰਣਨ ਕੀਤੇ ਨੁਕਤਿਆਂ ਵਿਚ ਕੁਝ ਨੁਕਤੇ ਐਸੇ ਹਨ, ਜਿਵੇਂ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਬਾਦਸ਼ਾਹ ਦੀ ਨੌਕਰੀ ਕਰ ਲੈਣਾ, ਹਰ ਫ਼ੌਜੀ ਭਗੌੜੇ ਨੂੰ ਸ਼ਰਨ ਦੇਣਾ ਆਦਿ। ਇਹ ਗੱਲਾਂ ਸਿੱਖ ਧਰਮ ਦੀ ਵਿਚਾਰਧਾਰਾ, ਵਿਸ਼ਵਾਸ ਅਤੇ ਰਵਾਇਤਾਂ ਦੇ ਬਿਲਕੁਲ ਉਲਟ ਹਨ। ਇਸ ਲਈ ਭਾਈ ਗੁਰਦਾਸ ਜੀ ਦੀ ਗਵਾਹੀ ਸਾਹਮਣੇ, ਸਿੱਖ ਵਿਸ਼ਵਾਸ ਦੇ ਸੰਦਰਭ ਵਿਚ ਅਤੇ ਸਿੱਖ ਰਵਾਇਤ ਦੀ ਰੌਸ਼ਨੀ ਵਿਚ ਦਬੇਸਤਾਨ ਜੈਸੀ ਸਮਕਾਲੀ ਲਿਖਤ ਦਾ ਇਹ ਕਥਨ ਕੋਈ ਮਾਅਨੇ ਨਹੀਂ ਰੱਖਦਾ। ਵੈਸੇ ਤਾਂ ਦਬਿਸਤਾਨੇ ਮਜ਼ਾਹਿਬ ਵਿਚ ਹਰ ਲਿਖੀ ਗਈ ਗੱਲ ਇੰਨ-ਬਿੰਨ ਨਹੀਂ ਮੰਨੀ ਜਾ ਸਕਦੀ। ਫਿਰ ਵੀ ਕੁਝ ਗੱਲਾਂ ਬਾਰੇ ਅਸੀਂ ਆਪਣੇ ਵੱਲੋਂ ਕੁਝ ਸਪਸ਼ਟੀਕਰਨ

ਦੇ ਕੇ ਮੰਨ ਲੈਂਦੇ ਹਾਂ, ਪਰ ਇਹ ਗੱਲ ਤਾਂ ਉੱਕਾ ਹੀ ਮੰਨਣਯੋਗ ਨਹੀਂ ਹੈ ਕਿ ਗੁਰੂ ਹਰਿਗੋਬਿੰਦ ਜੈਸਾ, ਸਿੱਖਾਂ ਦਾ ਛੇਵਾਂ ਪਾਤਸ਼ਾਹ ਸਰਕਾਰ ਦੀ ਨੌਕਰੀ ਕਰਦਾ ਰਿਹਾ ਹੋਵੇ। ਇਕ ਪਾਸੇ ਤਾਂ ਗੁਰੂ ਸਾਹਿਬ ਅਕਾਲ ਤਖ਼ਤ ਦੀ ਸਿਰਜਣਾ ਕਰਦੇ ਹਨ, ਖੁਦ ਬਾਦਸ਼ਾਹਾਂ ਵਾਂਗ ਵਿਚਰ ਕੇ ਸਿੱਖਾਂ ਵਿਚ ਆਤਮ-ਸ਼ਾਸਨ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਪੈਦਾ ਕਰ ਰਹੇ ਹਨ। ਕਿੱਥੇ ਉਨ੍ਹਾਂ ਬਾਰੇ ਸਰਕਾਰੀ ਨੌਕਰ ਹੋਣ ਦੀ ਗੱਲ ਕਹੀ ਜਾਂਦੀ ਹੈ। ਇਸ ਲਈ ਅਜਿਹੀਆਂ ਗੱਲਾਂ ਭਾਵੇਂ ਕਿਹੋ-ਜਿਹੇ ਵੀ ਸਮਕਾਲੀ ਤੱਥਾਂ ਰਾਹੀਂ ਢੁੱਸੀਆਂ ਗਈਆਂ ਹੋਣ ਲੇਕਿਨ ਉਹ ਅਕਾਲ ਤਖ਼ਤ ਦੀ ਸਥਾਪਨਾ ਸਾਹਮਣੇ, ਸੱਚੇ ਪਾਤਸ਼ਾਹ ਦੇ ਸੰਕਲਪ ਸਾਹਮਣੇ ਅਤੇ ਗੁਰੂ ਜੀ ਦੀ ਬਾਦਸ਼ਾਹੀ ਠਾਠ ਦੇ ਸਾਹਮਣੇ ਨਿਰਾਰਥਕ ਹਨ। ਦੂਜੀ ਗੱਲ ਕਿ ਗੁਰੂ ਹਰਿਗੋਬਿੰਦ ਸਾਹਿਬ ਕੋਲ ਮੁਗਲ ਸੈਨਾ ਦਾ ਹਰ ਭਗੌੜਾ ਸਿਪਾਹੀ ਸ਼ਰਨ ਲੈ ਸਕਦਾ ਸੀ। ਇਹ ਗੱਲ ਉੱਕਾ ਹੀ ਮੰਨੀ ਨਹੀਂ ਜਾ ਸਕਦੀ। ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਣ ਵਾਲੇ ਇਤਿਹਾਸਕਾਰਾਂ ਨੇ ਇਸ ਤੋਂ ਵੀ ਦੋ ਕਦਮ ਹੋਰ ਅੱਗੇ ਜਾ ਕੇ ਇਹ ਸਿੱਟਾ ਕੱਢ ਦਿੱਤਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਫ਼ੌਜ ਵਿਚ ਹਰ ਪ੍ਰਕਾਰ ਦਾ ਸਮਾਜ ਵਿਰੋਧੀ ਅਨਸਰ ਭਰਤੀ ਕਰ ਰੱਖਿਆ ਸੀ ਅਤੇ ਅਨੇਕਾਂ ਹੀ ਅਪਰਾਧੀ ਕਿਸਮ ਦੇ ਡਾਕੂਆਂ ਤੇ ਅਵਾਰਾ ਬੰਦਿਆਂ ਨੂੰ ਇਕੱਠੇ ਕੀਤਾ ਹੋਇਆ ਸੀ। ਮਿਸਾਲ ਦੇ ਤੌਰ 'ਤੇ ਕਨਿੰਘਮ ਲਿਖਦਾ ਹੈ : **"Hargobind appears to have admitted criminals and fungitive among his followers." (*A History of the Sikhs*, New Delhi, 1985, p. 50) Gokal Narang writes, "He enlisted all malcontents and fungitives among his followers and took many dacoits and free-booters into his service. (op.cit., p. 61).**

ਇਹ ਗੱਲ ਨਾ ਹੀ ਕਿਸੇ ਮੌਲਿਕ ਸਰੋਤ ਵਿਚ ਅਤੇ ਨਾ ਹੀ ਕਿਸੇ ਸਮਕਾਲੀ ਸਰੋਤ ਵਿਚ ਦਰਜ ਹੈ। ਬਿਨਾਂ ਕਿਸੇ ਸਰੋਤ ਦੇ ਹੀ ਸਾਡੇ ਇਤਿਹਾਸਕਾਰਾਂ ਨੇ ਇਹ ਗੱਲਾਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੋੜ ਰੱਖੀਆਂ ਹਨ। ਭਾਈ ਗੁਰਦਾਸ ਜੀ ਦੀ ਵਾਰ, ਜਿਸ ਵਿਚ ਲਿਖਿਆ ਗਿਆ ਹੈ ਕਿ 'ਸੇਵਕ ਪਾਸ ਨ ਰਖਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਇਆ' ਇਹ ਵੀ ਇਸ ਗੱਲ ਦਾ ਆਧਾਰ ਨਹੀਂ ਬਣ ਸਕਦੀ, ਕਿਉਂਕਿ ਇਸ ਵਾਰ ਰਾਹੀਂ ਭਾਈ ਗੁਰਦਾਸ ਜੀ ਉਨ੍ਹਾਂ ਗੁਰੂ-ਨਿੰਦਕਾਂ ਵੱਲੋਂ ਕਹੀਆਂ ਜਾ ਰਹੀਆਂ ਗੱਲਾਂ ਨੂੰ ਕਲਮਬੰਦ ਕਰ ਰਹੇ ਹਨ, ਜਿਹੜੇ ਹਰਿਗੋਬਿੰਦ ਸਾਹਿਬ ਦੇ ਸੰਬੰਧ ਵਿਚ ਗਲਤ ਪ੍ਰਚਾਰ ਕਰਦੇ ਸਨ। ਇਨ੍ਹਾਂ ਗੱਲਾਂ ਦਾ ਖੰਡਨ ਭਾਈ ਸਾਹਿਬ ਇਸ ਪਾਉੜੀ ਦੇ ਅਖੀਰ ਵਿਚ ਇਹ ਕਹਿ ਕੇ ਖੁਦ ਹੀ ਕਰ ਦਿੰਦੇ ਹਨ : ''ਸਚ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ। ਅਜਰੁ ਜਰੈ ਨ ਆਪੁ ਜਣਾਇਆ।'' ਕਿੰਨੀ ਬੇਇਨਸਾਫ਼ੀ ਹੈ ਜਿਹੜੀ ਸਾਡੇ ਇਤਿਹਾਸਕਾਰਾਂ ਨੇ ਇਹ ਗੱਲ ਲਿਖ ਕੇ ਗੁਰੂ ਸਾਹਿਬ ਨਾਲ ਕੀਤੀ ਹੈ। ਜੇਕਰ ਦਲੀਲ ਦੇ ਤੌਰ 'ਤੇ ਵੀ ਇਸ ਗੱਲ ਨੂੰ ਵਿਚਾਰਿਆ ਜਾਵੇ ਤਾਂ ਵੀ ਇਹ ਗੱਲ ਠੀਕ ਨਹੀਂ ਉਤਰਦੀ।

ਇਹ ਗੱਲ ਇਤਿਹਾਸਕ ਪਰਮਾਣਾਂ ਸਾਹਿਤ ਮੰਨੀ ਜਾ ਚੁੱਕੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਰਫ਼ ਜਹਾਂਗੀਰ ਦੇ ਧਾਰਮਿਕ ਸਾੜੇ ਕਾਰਨ ਹੀ ਹੋਈ ਸੀ, ਜਿਵੇਂ ਕਿ ਉਸ ਦੀ ਆਪਣੀ ਲਿਖਤ ਤੋਂ ਵੀ ਸਾਬਤ ਹੁੰਦਾ ਹੈ। ਇਹ ਵੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ

ਹਰ ਸਿੱਖ ਅਤੇ ਖੁਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਖ਼ਤ ਗੁੱਸਾ ਸੀ। ਇਸ ਗੁੱਸੇ ਵਜੋਂ ਹੀ ਸਿੱਖ, ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਹਕੂਮਤ ਨਾਲ ਹਥਿਆਰਬੰਦ ਟੱਕਰ ਲੈਣ ਲਈ ਤਿਆਰ ਹੋ ਗਏ ਸਨ। ਕੀ ਹਥਿਆਰਬੰਦ ਟੱਕਰ ਸਿਰਫ਼ ਚੋਰ ਜਾਂ ਡਾਕੂ ਕਿਸਮ ਦੇ ਲੋਕ ਹੀ ਲੈਣਗੇ? ਜਾਂ ਮੁਗ਼ਲ ਹਕੂਮਤ ਵਿਚ ਭਗੌੜਾ ਹੋ ਚੁੱਕਿਆ ਸਿਪਾਹੀ ਹੀ ਲਵੇਗਾ? ਕੀ ਹਕੂਮਤ ਨਾਲ ਟੱਕਰ ਉੱਚ-ਆਚਰਣ ਵਾਲੇ ਅਤੇ ਸੱਚ ਤੇ ਪਹਿਰਾ ਦੇਣ ਵਾਲੇ ਲੋਕ ਲੈ ਸਕਦੇ ਸਨ ਜਾਂ ਭੈੜੀ ਬਿਰਤੀ ਵਾਲੇ ਚੋਰ ਜਾਂ ਡਾਕੂ? ਇਹ ਗੱਲ ਇਕ ਪ੍ਰਤੱਖ ਸੱਚਾਈ ਹੈ ਕਿ ਹੁਣ ਤਕ ਦੁਨੀਆਂ ਵਿਚ ਜਿੰਨੇ ਵੀ ਇਨਕਲਾਬ ਆਏ ਨੇ ਉਹ ਸਭ ਸੱਚ 'ਤੇ ਪਹਿਰਾ ਦੇਣ ਵਾਲੇ ਲੋਕਾਂ ਦੀ ਹਿੰਮਤ ਦੇ ਕਾਰਨ ਹੀ ਆਏ ਹਨ। ਕੀ ਕਦੇ ਸੁਣਿਆ ਹੈ ਕਿ ਚੋਰਾਂ ਜਾਂ ਡਾਕੂਆਂ ਨੇ ਇਕੱਠੇ ਹੋ ਕੇ ਸਮਾਜਿਕ ਕ੍ਰਾਂਤੀ ਲਿਆਂਦੀ ਹੋਵੇ? ਫਿਰ ਕਿਉਂ ਗੁਰੂ ਹਰਿਗੋਬਿੰਦ ਸਾਹਿਬ ਦੀ ਕ੍ਰਾਂਤੀਕਾਰੀ ਸੋਚ ਨਾਲ ਚੋਰ ਜਾਂ ਡਾਕੂਆਂ ਦੇ ਜਾਂ ਸ਼ਾਹੀ ਫ਼ੌਜ ਵਿੱਚੋਂ ਭਗੌੜੇ ਹੋਏ ਸਿਪਾਹੀਆਂ ਨੂੰ ਭਰਤੀ ਕਰਨ ਦੀ ਗੱਲ ਜੋੜ ਰੱਖੀ ਹੈ? ਸਾਡੇ ਸੋਚਹੀਣ ਲੇਖਕਾਂ ਨੇ ਸਿਰਫ਼ ਇਹੀ ਗੱਲ ਹੀ ਨਹੀਂ ਲਿਖੀ ਸਗੋਂ ਇਹ ਵੀ ਇਤਿਹਾਸਕ ਨਿਰਣਾ ਦੇ ਦਿੱਤਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਵਿੱਖ ਵਿਚ ਮਾੜੇ ਦਿਨਾਂ ਦਾ ਮੁਕਾਬਲਾ ਕਰਨ ਲਈ ਚੋਰਾਂ ਤੇ ਡਾਕੂਆਂ ਨੂੰ ਸਿੱਖ ਧਰਮ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਕਮਾਲ ਦਾ ਨਿਰਣਾ ਕੱਢਿਆ ਹੈ। ਕੀ ਚੋਰ ਤੇ ਡਾਕੂ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾੜੇ ਦਿਨਾਂ ਦੇ ਖ਼ਤਰੇ ਤੋਂ ਬਚਾ ਸਕਦੇ ਸਨ? ਚੋਰ ਤੇ ਡਾਕੂਆਂ ਨੂੰ ਸ਼ੁੱਧ ਰਸਤੇ ਉਪਰ ਤੋਰਨ ਲਈ ਤਾਂ ਉਨ੍ਹਾਂ ਦਾ ਦਿਲ-ਪਰਿਵਰਤਨ ਕੀਤਾ ਜਾਣਾ ਕੁਦਰਤੀ ਗੱਲ ਹੈ ਪਰ ਇਹ ਕਹਿਣਾ ਕਿ ਚੋਰ ਤੇ ਡਾਕੂਆਂ ਨੂੰ ਸਿਰਫ਼ ਇਸੇ ਲਈ ਸਿੱਖ ਧਰਮ ਵਿਚ ਲਿਆਂਦਾ ਗਿਆ ਸੀ ਕਿ ਉਹ ਹਕੂਮਤ ਨਾਲ ਲੜ ਕੇ ਸਿੱਖ ਧਰਮ ਜਾਂ ਸਿੱਖ ਗੁਰੂ ਨੂੰ ਬਚਾਉਣਗੇ। ਇਕ ਥੋਥੀ ਅਤੇ ਤਰਕ-ਰਹਿਤ ਦਲੀਲ ਹੈ। ਸਾਡੇ ਅਜਿਹੇ ਲੇਖਕ ਲੈ ਦੇ ਕੇ ਇਕੱਲੇ ਭਾਈ ਬਿਧੀ ਚੰਦ ਦੀ ਮਿਸਾਲ ਦੇਣ 'ਤੇ ਜ਼ੋਰ ਲਾ ਦਿੰਦੇ ਹਨ। ਕੀ ਇਕੱਲੇ ਬਿਧੀ ਚੰਦ ਦੇ ਭਰਤੀ ਹੋਣ ਨਾਲ ਹੀ ਸਾਰੇ ਸਿੱਖ ਧਰਮ ਦਾ ਜਾਂ ਸਮੁੱਚੀ ਸਿੱਖ ਲਹਿਰ ਦਾ ਪ੍ਰੋਗਰਾਮ ਬਦਲ ਗਿਆ ਸੀ? ਵੈਸੇ ਇਸ ਗੱਲ ਦਾ ਵੀ ਕੋਈ ਪੱਕਾ ਪਤਾ ਨਹੀਂ ਹੈ ਕਿ ਭਾਈ ਬਿਧੀ ਚੰਦ ਡਾਕੂ ਸੀ ਵੀ ਜਾਂ ਨਹੀਂ? ਕਿਉਂਕਿ ਇਹ ਗੱਲ ਸਿਰਫ਼ ਉਨ੍ਹਾਂ ਗੁਰਮੁਖੀ ਦੀਆਂ ਲਿਖਤਾਂ ਦੀ ਹੀ ਦੇਣ ਹੈ, ਜਿਹੜੀਆਂ ਫ਼ਜ਼ੂਲ ਦੀਆਂ ਗੱਲਾਂ ਵਿਚ ਸਿੱਖ ਧਰਮ ਦੇ ਵਿਕਾਸ ਨੂੰ ਉਲਝਾ ਰਹੀਆਂ ਹਨ। ਪਰ ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਬਿਧੀ ਚੰਦ ਪਹਿਲਾਂ ਚੋਰ ਜਾਂ ਡਾਕੂ ਰਹਿ ਚੁੱਕਿਆ ਸੀ ਤਾਂ ਵੀ ਇਸ ਗੱਲ ਦੀ ਕੋਈ ਅਹਿਮੀਅਤ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਸੱਜਣ ਠੱਗ ਜੈਸੇ ਲੋਕਾਂ ਨੂੰ ਸਿੱਖ ਧਰਮ ਵਿਚ ਲਿਆਂਦਾ ਸੀ ਤਾਂ ਕੀ ਇਸ ਗੱਲ ਤੋਂ ਇਹ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਠੱਗਾਂ ਦੇ ਟੋਲਿਆਂ ਨੂੰ ਇਸ ਕਰਕੇ ਸਿੱਖ ਧਰਮ ਵਿਚ ਲਿਆਂਦਾ ਸੀ, ਉਹ ਹਕੂਮਤ ਨਾਲ ਲੜਾਈ ਕਰਨਗੇ?

ਉਪਰੋਕਤ ਵਿਚਾਰ ਕੀਤੀਆਂ ਗੱਲਾਂ ਤੋਂ ਇਲਾਵਾ ਇਕ ਹੋਰ ਬਿਆਨ ਵੀ ਸਾਡੇ ਲੇਖਕਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਮੁੱਖੋਂ ਅਖਵਾਇਆ ਹੈ। ਉਹ ਇਹ ਕਿ ਗੁਰੂ ਜੀ ਨੇ ਗੁਰਗੱਦੀ ਧਾਰਨ ਕਰਨ ਸਮੇਂ ਐਲਾਨ ਕੀਤਾ ਸੀ ਕਿ ਉਹ ਹੁਣ ਕਲਗੀਆਂ ਵਾਲੀ ਪੱਗ ਅਤੇ ਗਾਤਰੇ ਤਲਵਾਰ ਪਹਿਨ ਕੇ ਬਾਬਾ ਬੁੱਢਾ ਜੀ ਦੀ ਉਸ ਭਵਿੱਖਬਾਣੀ ਨੂੰ ਪੂਰਾ ਕਰਨਗੇ, ਜੋ ਭਾਈ ਬੁੱਢਾ ਜੀ ਨੇ ਉਨ੍ਹਾਂ ਦੇ ਪੈਦਾ ਹੋਣ ਦੀ ਆਸ਼ੀਰਵਾਦ ਦੇਣ ਸਮੇਂ ਕਹੀ ਸੀ।

ਮੈਕਾਲਿਫ਼ ਨੂੰ ਆਧਾਰ ਬਣਾ ਕੇ ਬੈਨਰਜੀ ਲਿਖਦਾ ਹੈ : "In the very beginning of his pontificate he is reported to have told Bhai Budha; My endeavour shall be to fulfil thy prophecy. My seli shall be a swordbelt and I shall bear my turban with a royal aigrette."

(*Evolution of the Khalsa*, Vol. II, p. 8)

ਬਾਬਾ ਬੁੱਢਾ ਜੀ ਦੀ ਆਸ਼ੀਰਵਾਦ ਨੂੰ ਆਮ ਤੌਰ 'ਤੇ ਇਸ ਗੱਲ ਨਾਲ ਜੋੜਿਆ ਜਾਂਦਾ ਹੈ ਕਿ ਜਦੋਂ ਮਾਤਾ ਗੰਗਾ ਜੀ ਨੇ ਗੁਰੂ ਅਰਜਨ ਦੇਵ ਜੀ ਸਾਹਮਣੇ ਆਪਣੇ ਘਰ ਇਕ ਪੁੱਤਰ ਹੋਣ ਦੀ ਖ਼ਾਹਸ਼ ਰੱਖੀ ਸੀ ਤਾਂ ਗੁਰੂ ਅਰਜਨ ਜੀ ਨੇ ਕਿਹਾ ਸੀ ਕਿ ਉਹ ਬਾਬਾ ਬੁੱਢਾ ਜੀ ਕੋਲ ਜਾ ਕੇ ਪੁੱਤਰ ਹੋਣ ਦਾ ਵਰ ਪ੍ਰਾਪਤ ਕਰੇ। ਇਸ ਵਰ ਪ੍ਰਾਪਤੀ ਦੇ ਸੰਬੰਧ ਵਿਚ ਜਦੋਂ ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਪਾਸ ਦੂਜੀ ਵਾਰ ਪੂਰੀ ਨਿਮਰਤਾ ਸਹਿਤ ਗਏ ਸਨ ਤਾਂ ਬਾਬਾ ਜੀ ਨੇ ਆਸ਼ੀਰਵਾਦ ਦਿੰਦਿਆਂ ਭਵਿੱਖਬਾਣੀ ਕੀਤੀ ਸੀ ਕਿ ਤੇਰੇ ਘਰ ਪੈਦਾ ਹੋਣ ਵਾਲਾ ਪੁੱਤਰ ਵੱਡੇ-ਵੱਡੇ ਦਲਾਂ ਨੂੰ ਨਾਸ਼ ਕਰ ਦੇਵੇਗਾ ਅਤੇ ਦੁਸ਼ਮਣਾਂ ਦਾ ਖ਼ਾਤਮਾ ਕਰ ਦੇਵੇਗਾ।

ਸਾਹਿਬ ਬੁੱਢੇ ਬਚਨ ਅਲਾਯੋ॥ ਸੁਨੋ ਮਾਤ ਤੁਮ ਬਡ ਜਸ ਪਾਯੋ॥
ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ॥ ਜਾ ਕੋ ਬਲ ਗੁਨ ਕਿਨ੍ਹੂ ਨ ਸੋਧਾ॥
ਕਰੈ ਜੰਗ ਬਹੁ ਨਿਜ ਬਲ ਧਾਰ॥ ਗੋਦੀਨਨ ਰੱਛਾ ਹਿਤ ਕਾਰ॥

(ਗੁਰਬਿਲਾਸ ਛੇਵੀਂ ਪਾਤਸ਼ਾਹੀ, ਪੰਨਾ 8)

ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਤਖ਼ਤ ਉਪਰ ਬੈਠ ਕੇ ਅਤੇ ਦੋ ਤਲਵਾਰਾਂ ਧਾਰਨ ਕਰਕੇ ਕੀਤੇ ਇਸ ਐਲਾਨ ਨੂੰ ਉਹ ਬਾਬਾ ਬੁੱਢਾ ਜੀ ਦੀ ਭਵਿੱਖਬਾਣੀ ਨੂੰ ਪੂਰਿਆਂ ਕਰਨ ਲਈ ਹੀ ਇਹ ਸਭ ਕੁਝ ਕਰ ਰਹੇ ਹਨ ਅਸਲ ਵਿਚ ਅਸਿੱਧੇ ਤੌਰ 'ਤੇ ਮਾਤਾ ਗੰਗਾ ਜੀ ਵੱਲੋਂ ਬਾਬਾ ਬੁੱਢਾ ਜੀ ਤੋਂ ਪੁੱਤਰ ਹੋਣ ਦਾ ਵਰ ਪ੍ਰਾਪਤ ਕਰਨ ਵਾਲੀ ਗੱਲ ਨਾਲ ਜੋੜਿਆ ਜਾਂਦਾ ਹੈ। ਇਸ ਬਿਆਨ ਦੀ ਜਾਂ ਇਸ ਤੱਥ ਦੀ ਇਤਿਹਾਸਕ ਤੌਰ 'ਤੇ ਕੋਈ ਮਹੱਤਤਾ ਨਹੀਂ ਹੈ ਕਿਉਂਕਿ ਇਸ ਗੱਲ ਦੀ ਹੋਂਦ ਗੁਰੂ ਅਰਜਨ ਦੇਵ ਜੀ ਦੇ ਉਸ ਸ਼ਬਦ ਨਾਲ ਹੀ ਖ਼ਤਮ ਹੋ ਜਾਂਦੀ ਹੈ ਜਿਹੜਾ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਹਰਿਗੋਬਿੰਦ ਦੇ ਜਨਮ ਧਾਰਨ ਦੀ ਖ਼ੁਸ਼ੀ ਵਿਚ ਲਿਖਿਆ ਸੀ ਅਤੇ ਜਿਸ ਦੀ ਚਰਚਾ ਇਸੇ ਲੇਖ ਵਿਚ ਹੀ ਪਿੱਛੇ ਕਰ ਆਏ ਹਾਂ। ਗੁਰੂ ਅਰਜਨ ਦੇਵ ਜੀ ਤਾਂ ਸਪਸ਼ਟ ਰੂਪ ਵਿਚ ਲਿਖ ਰਹੇ ਹਨ ਕਿ ਉਨ੍ਹਾਂ ਦੇ ਘਰ ਪੁੱਤਰ ਦੀ ਦਾਤ ਗੁਰੂ ਨਾਨਕ ਦੇਵ ਜੀ ਵੱਲੋਂ ਅਪਾਰ ਬਖਸ਼ਿਸ਼ ਕਾਰਨ ਹੋਈ ਹੈ। ਸ਼ਬਦ ਦੀਆਂ ਅਖੀਰਲੀਆਂ ਦੋ ਤੁਕਾਂ ਬਿਲਕੁਲ ਸਪਸ਼ਟ ਹਨ। "ਗੁਝੀ ਛੰਨੀ ਨਾਹੀ ਬਾਤ। ਗੁਰੁ ਨਾਨਕੁ ਤੁਠਾ ਕੀਨੀ ਦਾਤ।" ਇਤਨੀ ਵੱਡੀ ਭਰੋਸੇਯੋਗ ਗਵਾਹੀ ਨੂੰ ਨਜ਼ਰ-ਅੰਦਾਜ਼ ਕਰਕੇ ਸਿਰਫ਼ ਇਕ ਗੁਰਮੁੱਖੀ ਦੀ ਉਸ ਲਿਖਤ ਦੇ ਆਧਾਰ 'ਤੇ ਹੀ ਇਹ ਸਿੱਟਾ ਕੱਢ ਦੇਣਾ, ਜਿਸ ਬਾਰੇ ਇਹ ਵੀ ਪਤਾ ਨਹੀਂ ਹੈ ਕਿ ਇਹ ਲਿਖਤ ਕਦੋਂ ਅਤੇ ਕਿਸ ਨੇ ਲਿਖੀ ਹੈ। ਇਹ ਇਤਿਹਾਸਕ ਤੌਰ 'ਤੇ ਅਗਿਆਨਤਾ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਇਕ ਹੋਰ ਕਥਨ ਬਿਨਾ ਕਿਸੇ ਆਧਾਰ ਤੇ ਗੁਰੂ ਅਰਜਨ ਦੇਵ ਜੀ ਨਾਲ ਜੋੜ ਕੇ ਉਨ੍ਹਾਂ ਦੇ ਮੁਖਾਰਬਿੰਦ ਵਿੱਚੋਂ ਹੀ ਉਨ੍ਹਾਂ ਦਾ ਹੀ ਇਕ ਜਾਰੀ ਕੀਤਾ ਗਿਆ ਹੁਕਮ ਬਣਾ ਦਿੱਤਾ ਹੈ। ਉਹ ਇਹ ਕਿ ਗੁਰੂ ਅਰਜਨ ਦੇਵ ਜੀ ਨੇ ਅੰਤਮ ਸਮੇਂ ਕਿਸੇ ਸਿੱਖ ਦੇ ਹੱਥ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੁਨੇਹਾ ਭੇਜ ਕੇ ਕਿਹਾ ਸੀ ਕਿ

ਹਰਿਗੋਬਿੰਦ ਨੂੰ ਕਹੋ ਕਿ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਹੀ ਤਖ਼ਤ ਉਪਰ ਬੈਠੇ ਅਤੇ ਵਧੀਆ ਤੋਂ ਵਧੀਆ ਫ਼ੌਜ ਭਰਤੀ ਕਰੇ। "Let him sit fully armed on his throne and maintain an army to the best of his ability." (Macauliffe, *The Sikh Religion*, Vol. III, New Delhi, p.99; Banerjee, *op. cit.* pp. 7-8, Hari Ram Gupta, *op. cit.* p. 108; ਅਤੇ ਹੋਰ ਦੇਖੋ ਸਤਿਬੀਰ ਸਿੰਘ, *ਗੁਰੂ ਭਾਰੀ*, ਪੰਨੇ 22.)

ਅਸਲ ਵਿਚ ਇਹ ਅੰਗਰੇਜ਼ੀ ਤਰਜਮਾ ਸਿੱਖਾਂ ਦੀ ਭਗਤਮਾਲਾ ਦੀਆਂ ਇਨ੍ਹਾਂ ਲਾਈਨਾਂ ਦਾ ਹੀ ਸਾਰ ਰੂਪ ਹੈ : 'ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਹਰਿਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹੈਨ। ਸਮਾਂ ਕਲਜੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ।' ਇਹ ਉਕਤ ਦੋਵੇਂ ਖਿਆਨਾਂ ਨੂੰ ਇਤਿਹਾਸਕ ਕਸਵੱਟੀ 'ਤੇ ਪਰਖੀਏ ਤਾਂ ਇਨ੍ਹਾਂ ਦੀ ਕਿਸੇ ਵੀ ਮੌਲਿਕ ਜਾਂ ਸਮਕਾਲੀ ਸਰੋਤ ਤੋਂ ਪੁਸ਼ਟੀ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਦੀ ਇਤਨੀ ਵਿਸ਼ਾਲ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਪਰ ਅਜਿਹੀ ਇਕ ਵੀ ਲਾਈਨ ਨਹੀਂ, ਜਿਸ ਰਾਹੀਂ ਉਨ੍ਹਾਂ ਨੇ ਮਨੁੱਖ ਨੂੰ ਹਥਿਆਰਬੰਦ ਹੋਣ ਲਈ ਪ੍ਰੇਰਿਆ ਹੋਵੇ। ਸਗੋਂ ਗੁਰੂ ਅਰਜਨ ਦੇਵ ਜੀ ਦੀਆਂ ਐਸੀਆਂ ਅਨੇਕਾਂ ਤੁਕਾਂ ਦਰਜ ਹਨ, ਜਿਨ੍ਹਾਂ ਤੋਂ ਮਨੁੱਖ ਨੂੰ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨਣ ਦੀ ਪ੍ਰੇਰਨਾ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨਾਲੋਂ ਜ਼ਿਆਦਾ ਸ਼ਾਂਤੀ, ਪਿਆਰ ਅਤੇ ਸਬਰ ਸੰਤੋਖ ਦੀ ਪ੍ਰੇਰਨਾ ਦਿੰਦੀ ਹੈ। ਹੋਰ ਤਾਂ ਹੋਰ ਗੁਰੂ ਅਰਜਨ ਦੇਵ ਜੀ ਨਾਲ ਰਵਾਇਤਾਂ ਵੀ ਐਸੀਆਂ ਸੰਬੰਧਿਤ ਹਨ, ਜਿਹੜੀਆਂ ਹਥਿਆਰਬੰਦ ਹੋਣ ਤੋਂ ਬਿਲਕੁਲ ਉਲਟ ਭਾਵ ਦਰਸਾਉਂਦੀਆਂ ਹਨ। ਜਿਵੇਂ ਕਿ ਰਵਾਇਤ ਹੈ ਕਿ ਗੁਰੂ ਅਰਜਨ ਜੀ ਨੇ ਸਾਈਂ ਮੀਆਂ ਮੀਰ ਨੂੰ ਆਪਣੀ ਸ਼ਹਾਦਤ ਸਮੇਂ ਇਹੀ ਉਪਦੇਸ਼ ਦਿੱਤਾ ਸੀ ਕਿ ਉਸ (ਵਾਹਿਗੁਰੂ) ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ। ਸ਼ਹਾਦਤ ਸਮੇਂ ਐਸੀ ਸ਼ਾਂਤੀ ਅਤੇ ਦ੍ਰਿੜ੍ਹਤਾ ਦਿਖਾਉਣ ਵਾਲਾ ਗੁਰੂ ਆਪਣੇ ਛੋਟੇ ਜਿਹੇ ਪੁੱਤਰ, ਜਿਨ੍ਹਾਂ ਦੀ ਉਮਰ ਅਜੇ ਮਸਾਂ ਗਿਆਰਾਂ ਸਾਲ ਦੀ ਹੀ ਸੀ, ਨੂੰ ਇਹ ਸਲਾਹ ਦੇਵੇਗਾ ਕਿ ਉਹ ਗੁਰਗੱਦੀ ਧਾਰਨ ਕਰਨ ਸਮੇਂ ਹੀ ਦੁਸ਼ਮਣ ਨਾਲ ਲੜਾਈ ਵਿਚ ਉਲਝ ਪਵੇ? ਜਿਸ ਤਰ੍ਹਾਂ ਦੀ ਸਥਿਤੀ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ ਸੀ, ਉਸ ਤਰ੍ਹਾਂ ਦੀ ਸਥਿਤੀ ਵਿਚ ਤਾਂ ਆਪਣੇ ਉਤਰਾਧਿਕਾਰੀ ਪੁੱਤਰ ਨੂੰ ਸਗੋਂ ਦੁਸ਼ਮਣ ਤੋਂ ਬਚਾਅ ਕਰਕੇ ਰੱਖਣ ਦੀ ਅਤੇ ਲੜਾਈ ਤੋਂ ਗੁਰੇਜ਼ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੈਸਾ ਪਿਤਾ, ਜਿਹੜੇ ਆਪਣੇ ਪੁੱਤਰ ਦੀ ਚੇਚਕ ਦੀ ਬੀਮਾਰੀ ਤੋਂ ਵੀ ਬਹੁਤ ਚਿੰਤਤ ਸੀ ਭਲਾ ਆਪਣੇ ਛੋਟੀ ਉਮਰ ਦੇ ਪੁੱਤਰ ਨੂੰ ਸ਼ੁਰੂ ਵਿਚ ਹੀ ਦੁਸ਼ਮਣ ਨਾਲ ਉਲਝ ਪੈਣ ਦੀ ਸਲਾਹ ਕਿਵੇਂ ਦੇ ਸਕਦਾ ਹੈ? ਮੁਗ਼ਲ ਹਕੂਮਤ ਦੀ ਵਿਸ਼ਾਲ ਸੈਨਿਕ ਸ਼ਕਤੀ ਨਾਲ ਮੱਥਾ ਲਾਉਣ ਲਈ ਉਸ ਸਮੇਂ ਦਾ ਸਿੱਖ ਜਗਤ ਸੋਚ ਵੀ ਨਹੀਂ ਸਕਦਾ ਸੀ। ਜੰਗੀ ਨੀਤੀ ਅਪਣਾਉਣੀ ਇਕ ਵੱਖਰੀ ਗੱਲ ਹੈ, ਪਰ ਹਕੂਮਤ ਨੂੰ ਸੈਨਿਕ ਸ਼ਕਤੀ ਨਾਲ ਉਲਟਾਉਣ ਦੀ ਤਿਆਰੀ ਕਰਨੀ ਹੋਰ ਗੱਲ ਹੈ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਅਕਾਲ ਤਖ਼ਤ ਸਥਾਪਤ ਕਰਨਾ, ਪੀਰੀ ਨਾਲ ਮੀਰੀ ਦਾ ਅਧਿਕਾਰ ਪ੍ਰਾਪਤ ਕਰ ਲੈਣ ਦਾ ਐਲਾਨ ਕਰਨਾ, ਹਥਿਆਰਬੰਦ ਅਤੇ ਘੋੜਸੁਆਰ ਸਿੱਖ ਖੜ੍ਹੇ ਕਰਨਾ ਆਦਿ ਗੱਲਾਂ ਆਪਣੇ ਸਵੈ-ਨਿਰਣੇ ਦੇ ਅਧਿਕਾਰਾਂ ਦੀ ਰੱਖਿਆ ਦਾ ਅਤੇ ਦੁਸ਼ਮਣਾਂ ਤੋਂ ਆਪਣੇ ਬਚਾਉ ਦੀ ਨੀਤੀ ਦਾ

ਪ੍ਰਗਟਾਵਾ ਸੀ। ਇਹ ਹਕੂਮਤ ਕੋਲੋਂ ਸੈਨਿਕ ਸ਼ਕਤੀ ਨਾਲ ਰਾਜਨੀਤਿਕ ਤਾਕਤ ਖੋਹਣ ਦਾ ਐਲਾਨ ਨਹੀਂ ਸੀ। ਸਿੱਖਾਂ ਦੀ ਭਗਤ ਮਾਲਾ ਵਿਚਲੀ ਪਿੱਛੇ ਦਿੱਤੀ ਗਈ ਟੂਕ ਕਿ 'ਸ਼ਸਤਰਾਂ ਦੀ ਵਿੱਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ।' ਇਸ ਦਾ ਸਿੱਧਾ ਭਾਵ ਰਾਜਨੀਤਿਕ ਤਾਕਤ ਨੂੰ ਤਾਕਤ ਨਾਲ ਖੋਹਣ ਤੋਂ ਹੈ। ਇਹ ਸਿੱਧਾ ਰਾਜਨੀਤਿਕ ਨਿਸ਼ਾਨਾ ਹੈ। ਅਜਿਹੀ ਗੱਲ ਨਾ ਹੀ ਤਾਂ ਕਿਸੇ ਗੁਰੂ ਸਾਹਿਬਾਨ ਨੇ ਸੋਚੀ ਸੀ ਅਤੇ ਨਾ ਹੀ ਕਿਸੇ ਗੁਰੂ ਸਾਹਿਬ ਨਾਲ ਅਜਿਹੀ ਗੱਲ ਜੋੜਨੀ ਸਿੱਖ ਇਤਿਹਾਸ ਨਾਲ ਇਨਸਾਫ ਹੀ ਕਰਦੀ ਹੈ। ਇਹ ਟੂਕ ਗੁਰੂ ਅਰਜਨ ਦੇਵ ਜੀ ਦੀ ਨਹੀਂ ਹੈ ਅਤੇ ਨਾ ਹੀ ਇਸ ਦੀ ਕੋਈ ਪਰਮਾਣਿਕਤਾ ਹੈ। ਸਿੱਖਾਂ ਦੀ ਭਗਤਮਾਲਾ ਅਠਾਰਵੀਂ ਸਦੀ ਦੀ ਰਚਨਾ ਹੈ ਅਤੇ ਇਹ ਟੂਕ ਇਸ ਲਿਖਤ ਦੇ ਲਿਖਾਰੀ ਦੀ ਆਪਣੀ ਵਿਚਾਰਧਾਰਾ ਹੈ, ਜਿਸ ਨੂੰ ਮੰਨਿਆ ਨਹੀਂ ਜਾ ਸਕਦਾ। ਗੁਰੂ ਹਰਿਗੋਬਿੰਦ ਸਾਹਿਬ ਦੀ ਜੰਗੀ ਨੀਤੀ ਇਕ ਬਚਾਓ ਸਾਧਨ (Defensive) ਸੀ। ਉਹ ਕਿਸੇ ਵੀ ਸਮੇਂ ਹਮਲਾਵਰ ਨਹੀਂ ਹੋਏ। ਉਨ੍ਹਾਂ ਨੇ ਜੋ ਵੀ ਲੜਾਈਆਂ ਕੀਤੀਆਂ, ਆਪਣੇ ਬਚਾਓ ਲਈ ਕੀਤੀਆਂ ਸਨ। ਕੁਝ ਇਕ ਲੜਾਈਆਂ ਵਿਚ ਗੁਰੂ ਜੀ ਦੀ ਜਿੱਤ ਵੀ ਹੋਈ ਸੀ, ਪਰ ਜਿੱਤਣ ਦੇ ਬਾਵਜੂਦ ਵੀ ਗੁਰੂ ਸਾਹਿਬ ਲੜਾਈ ਵਾਲੀ ਥਾਂ ਕੋਲੋਂ ਪਰੇ ਚਲੇ ਜਾਂਦੇ ਸਨ ਤਾਂ ਕਿ ਉੱਥੇ ਰਹਿੰਦਿਆਂ ਦੁਸ਼ਮਣ ਨੂੰ ਦੁਬਾਰਾ ਫਿਰ ਹਮਲਾਵਰ ਹੋ ਕੇ ਆਉਣ ਦਾ ਬਹਾਨਾ ਨਾ ਮਿਲ ਸਕੇ। ਗੁਰੂ ਸਾਹਿਬ ਦੀਆਂ ਲੜਾਈਆਂ ਕਿਸੇ ਇਕ ਥਾਂ 'ਤੇ ਹੀ ਨਹੀਂ ਹੋਈਆਂ ਸਨ, ਸਗੋਂ ਇਹ ਵੱਖਰੀ ਵੱਖਰੀ ਥਾਂ 'ਤੇ ਹੋਈਆਂ ਸਨ। ਇਹੀ ਇਕ ਬਹੁਤ ਤਕੜਾ ਸਬੂਤ ਹੈ ਇਸ ਗੱਲ ਦਾ ਕਿ ਗੁਰੂ ਸਾਹਿਬ ਨੇ ਹਮੇਸ਼ਾਂ ਆਪਣਾ ਬਚਾਓ ਕਰਨ ਲਈ ਹੀ ਲੜਾਈਆਂ ਕੀਤੀਆਂ ਸਨ।

ਗੁਰੂ ਸਾਹਿਬ ਦੇ ਹਥਿਆਰਬੰਦ ਸਿੱਖਾਂ ਦੀ ਗਿਣਤੀ ਕਿਸੇ ਵੀ ਤਰੀਕੇ ਨਾਲ ਸਮੇਤ ਪੈਦਲ ਅਤੇ ਘੋੜ ਸਵਾਰਾਂ ਦੇ ਗਿਆਰਾਂ-ਬਾਰਾਂ ਸੌ ਤੋਂ ਵੱਧ ਨਹੀਂ ਸੀ। ਦਬੇਸਤਾਨੇ ਮਜ਼ਾਹਿਬ ਵਿਚ ਜੋ ਗਿਣਤੀ ਦਿੱਤੀ ਗਈ ਹੈ, ਉਸ ਅਨੁਸਾਰ ਗੁਰੂ ਸਾਹਿਬ ਕੋਲ 700 ਘੋੜੇ ਅਤੇ 300 ਘੋੜਸੁਆਰ ਨੌਜੁਆਨ ਸਨ ਅਤੇ ਸੱਠ ਬੰਦੂਕਚੀ ਸਨ। ਇਸ ਤਰ੍ਹਾਂ ਕਨਿੰਘਮ ਨੇ ਵੀ ਇਹ ਗਿਣਤੀ ਅੱਠ ਸੌ ਘੋੜੇ, ਤਿੰਨ ਸੌ ਘੋੜ ਸੁਆਰ ਅਤੇ ਸੱਠ ਬੰਦੂਕਚੀਆਂ ਦੀ ਹੀ ਦੱਸੀ ਹੈ। ਇਹ ਗਿਣਤੀ ਮੁਗਲ ਹਕੂਮਤ ਦੀ ਵਿਸ਼ਾਲ ਸੈਨਿਕ ਸ਼ਕਤੀ ਦੇ ਸਾਹਮਣੇ ਬਹੁਤ ਹੀ ਥੋੜ੍ਹੀ ਹੈ। ਇਤਨੀ ਥੋੜ੍ਹੀ ਕਿ ਇਸ ਨਾਲ ਰਾਜਨੀਤਿਕ ਤਾਕਤ ਖੋਹ ਲੈਣ ਦੀ ਗੱਲ ਸੋਚ ਵਿਚ ਵੀ ਨਹੀਂ ਆ ਸਕਦੀ।

ਇਸ ਲਈ ਅਸੀਂ ਸਿੱਟੇ ਦੇ ਤੌਰ 'ਤੇ ਕਹਿ ਸਕਦੇ ਹਾਂ ਕਿ ਇਹ ਬਿਲਕੁਲ ਗਲਤ ਤੱਥ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਜਹਾਂਗੀਰ ਜਾਂ ਸ਼ਾਹ ਜਹਾਨ ਜਾਂ ਇਨ੍ਹਾਂ ਦੇ ਕਿਸੇ ਜਰਨੈਲ ਅਧੀਨ ਕਿਸੇ ਕਿਸਮ ਦਾ ਕੋਈ ਆਹੁਦਾ ਕਬੂਲਿਆ ਹੋਵੇ ਜਾਂ ਇਹ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਮਾਸ ਖਾਣ ਦੀ ਖੁੱਲ੍ਹ ਦਿੱਤੀ ਹੋਵੇ। ਇਹ ਵੀ ਗਲਤ ਹੈ ਕਿ ਉਨ੍ਹਾਂ ਨੇ ਹਕੂਮਤ ਨਾਲ ਹਥਿਆਰਬੰਦ ਟੱਕਰ ਲੈਣ ਲਈ ਚੋਰ, ਡਾਕੂਆਂ ਅਤੇ ਧਾੜਵੀਆਂ ਨੂੰ ਭਰਤੀ ਕੀਤਾ ਸੀ ਜਾਂ ਸਰਕਾਰੀ ਫ਼ੌਜ ਦਾ ਹਰ ਭਗੌੜਾ ਸਿਪਾਹੀ ਗੁਰੂ ਜੀ ਕੋਲ ਸ਼ਰਨ ਲੈ ਲੈਂਦਾ ਸੀ। ਗੁਰੂ ਜੀ ਨੇ ਨਾ ਹੀ ਕੋਈ ਤਨਖਾਹਦਾਰ ਸੈਨਿਕ ਭਰਤੀ ਕੀਤੇ ਸਨ ਅਤੇ ਨਾ ਹੀ ਉਨ੍ਹਾਂ ਦਾ ਰੁੱਖ ਹਮਲਾਵਰਾਂ ਵਾਲਾ ਸੀ। ਗੁਰੂ ਹਰਿਗੋਬਿੰਦ ਦਾ ਇਕੋ ਇਕ ਮਨੋਰਥ ਸਿੱਖਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਦਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਹਿਰਦਿਆਂ ਨੂੰ ਹਲੂਣ ਦੇਣ ਵਾਲੀ ਸੀ। ਜੇਕਰ

ਇਸ ਸਮੇਂ ਸਿੱਖ ਸਮਾਜ ਨੂੰ ਪੂਰੀ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਨਾ ਸੰਭਾਲਿਆ ਜਾਂਦਾ ਤਾਂ ਹੋ ਸਕਦਾ ਸੀ ਕਿ ਸਿੱਖ ਸਮਾਜ ਹੌਸਲਾਹੀਣ ਹੋ ਕੇ ਨਿਰਾਸ਼ਾ ਦੀ ਖੱਡ ਵਿਚ ਜਾ ਡਿੱਗਦਾ। ਇਹ ਗੱਲ ਸਾਡੇ ਇਤਿਹਾਸਕਾਰਾਂ ਨੇ ਮੰਨੀ ਵੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੀ ਹਥਿਆਰਬੰਦ ਨੀਤੀ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬੇਦਿਲ ਹੋਏ ਸਿੱਖ ਸਮਾਜ ਵਿਚ ਆਤਮ-ਵਿਸ਼ਵਾਸ ਭਰਨ ਲਈ ਅਤੇ ਆਤਮ-ਨਿਰਣੇ ਦੇ ਸੰਕਲਪ ਨੂੰ ਉਜਾਗਰ ਕਰਨ ਲਈ ਸੀ। ਗੁਰੂ ਸਾਹਿਬ ਦੀ ਹਥਿਆਰਬੰਦ ਨੀਤੀ ਨਾਲ ਨਾ ਹੀ ਤਾਂ ਵਿਸ਼ਾਲ ਮੁਗ਼ਲ ਹਕੂਮਤ ਨੂੰ ਕੋਈ ਫ਼ਰਕ ਪੈ ਸਕਦਾ ਸੀ ਅਤੇ ਨਾ ਹੀ ਸਿੱਖ ਸਮਾਜ ਵਿਚ ਇਤਨੀ ਤਾਕਤ ਹੀ ਸੀ ਕਿ ਉਹ ਮੁਗ਼ਲ ਹਕੂਮਤ ਦੀਆਂ ਵਿਸ਼ਾਲ ਫ਼ੌਜਾਂ ਨੂੰ ਹਰਾ ਸਕਦਾ। ਪੰਜਾਬ ਵਿਚ ਅਨੇਕਾਂ ਐਸੀਆਂ ਸਿੱਖ-ਵਿਰੋਧੀ ਤਾਕਤਾਂ ਸਨ, ਜਿਹੜੀਆਂ ਸਿੱਖ ਧਰਮ ਦੇ ਵਿਕਾਸ ਨੂੰ ਕਹਿਰੀ ਨਿਗਾਹ ਨਾਲ ਦੇਖਦੀਆਂ ਸਨ। ਜਿਵੇਂ ਕਿ ਸਰਵਰੀਏ ਜਾਂ ਸੁਲਤਾਨੀਏ; ਕੱਟੜਪੰਥੀ ਮੌਲਾਣੇ ਅਤੇ ਕਾਜ਼ੀ; ਪ੍ਰਿਥੀ ਚੰਦੀਏ ਜਾਂ ਮੀਣੇ: ਕੁਝ ਸਥਾਨਿਕ ਤਪੇ ਜਾਂ ਸਾਧ-ਸੰਤ। ਇਨ੍ਹਾਂ ਸਿੱਖ ਵਿਰੋਧੀ ਤਾਕਤਾਂ ਦਾ ਟਕਰਾਅ ਸਮੇਂ-ਸਮੇਂ ਅਨੁਸਾਰ ਪਹਿਲੇ ਸਿੱਖ ਗੁਰੂ ਸਾਹਿਬਾਨ ਨਾਲ ਅਕਸਰ ਹੁੰਦਾ ਰਿਹਾ ਸੀ ਪਰ ਉਸ ਸਮੇਂ ਦੇਸ਼ ਵਿਚ ਅਕਬਰ ਜੈਸੇ ਸਹਿਣਸ਼ੀਲ ਬਾਦਸ਼ਾਹ ਦਾ ਰਾਜ ਸੀ, ਜਿਸ ਕਰਕੇ ਸਰਕਾਰੀ ਨੀਤੀ ਅਜਿਹੀਆਂ ਸਿੱਖ-ਵਿਰੋਧੀ ਤਾਕਤਾਂ ਦਾ ਸਹਾਰਾ ਨਹੀਂ ਬਣ ਸਕਦੀ ਸੀ। ਉਸ ਸਮੇਂ ਸਿੱਖ ਗੁਰੂ ਸਾਹਿਬਾਨ ਸਿੱਖ ਵਿਰੋਧੀ ਤਾਕਤਾਂ ਦਾ ਟਕਰਾਅ ਆਪਣੇ ਸਬਰ-ਸੰਤੋਖ ਨਾਲ ਕਰਦੇ ਰਹੇ ਸਨ ਕਿਉਂਕਿ ਉਸ ਤਰ੍ਹਾਂ ਦੀਆਂ ਪਰਸਥਿਤੀਆਂ ਵਿਚ ਸਬਰ-ਸੰਤੋਖ ਹੀ ਇਕੋ-ਇਕ ਵਧੀਆ ਹਥਿਆਰ ਸੀ। ਹੁਣ ਜਦੋਂ ਕਿ ਮੁਲਕ ਦਾ ਬਾਦਸ਼ਾਹ ਹੀ ਸਿੱਖ-ਵਿਰੋਧੀ ਨੀਤੀ ਧਾਰਨ ਕਰੀ ਬੈਠਾ ਸੀ ਤਾਂ ਸੰਭਵ ਸੀ ਕਿ ਅਜਿਹੇ ਮਾਹੌਲ ਅੰਦਰ ਸਿੱਖ-ਵਿਰੋਧੀ ਤਾਕਤਾਂ, ਸਰਕਾਰੀ ਨੀਤੀ ਤੋਂ ਹੱਲਾਸ਼ੇਰੀ ਲੈ ਕੇ ਸਿੱਖਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਹੀ ਕੁੱਟ ਸੁੱਟਦੀਆਂ। ਅਜਿਹੀ ਸਥਿਤੀ ਦਾ ਟਾਕਰਾ ਕਰਨ ਲਈ ਜ਼ਰੂਰੀ ਸੀ ਕਿ ਸਿੱਖਾਂ ਨੂੰ ਹਥਿਆਰਬੰਦ ਕੀਤਾ ਜਾਂਦਾ ਤਾਂ ਕਿ ਘੱਟੋ-ਘੱਟ ਉਹ ਸਥਾਨਿਕ ਵਿਰੋਧੀ ਤਾਕਤਾਂ ਦਾ ਤਾਂ ਮੁਕਾਬਲਾ ਕਰ ਸਕਦੇ। ਇਸ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਗੁਰਿਆਈ ਧਾਰਨ ਹੀ ਐਸੇ ਤਰੀਕੇ ਨਾਲ ਕੀਤੀ ਕਿ ਸਥਾਨਿਕ ਵਿਰੋਧੀ ਤਾਕਤਾਂ ਸਮਝ ਸਕਣ ਕਿ ਗੁਰੂ ਅਰਜਨ ਦੇਵ ਦੇ ਉਤਰਾਧਿਕਾਰੀ ਨੂੰ ਹੱਥ ਪਾਉਣਾ ਇਤਨਾ ਸੌਖਾ ਨਹੀਂ ਸੀ ਜਿਤਨਾ ਕਿ ਉਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਸੋਚ ਰਹੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਤਖ਼ਤ 'ਤੇ ਬੈਠ ਕੇ ਧਾਰਨ ਕੀਤੀ; ਸਭ ਕੁਝ ਬਾਦਸ਼ਾਹਾਂ ਵਾਂਗ ਕਰਕੇ ਦਿਖਾਇਆ; ਸਿੱਖਾਂ ਨੂੰ ਹਥਿਆਰਬੰਦ ਹੋ ਕੇ ਅਤੇ ਘੋੜ ਸੁਆਰ ਹੋ ਕੇ ਆਉਣ ਦੇ ਖੁੱਲ੍ਹੇ ਐਲਾਨ ਕੀਤੇ; ਬੀਰ-ਰਸ ਭਰਪੂਰ ਵਾਰਾਂ ਗਵਾਉਣੀਆਂ ਸ਼ੁਰੂ ਕੀਤੀਆਂ; ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ; ਅਕਾਲ ਤਖ਼ਤ ਸਾਹਿਬ ਉੱਪਰ ਸ਼ਾਹੀ ਠਾਠਬਾਨ ਨਾਲ ਦਰਬਾਰ ਲਗਾ ਕੇ ਸਿੱਖਾਂ ਦੇ ਮਸਲੇ ਨਜਿਠਣੇ ਸ਼ੁਰੂ ਕੀਤੇ ਆਦਿ ! ਆਦਿ !! ਇਸ ਸਭ ਕੁਝ ਨਾਲ ਸਿੱਖਾਂ ਦੇ ਮਨਾਂ 'ਤੇ ਇਹ ਪ੍ਰਭਾਵ ਪਿਆ ਕਿ ਉਹ ਸਮਝਣ ਲੱਗ ਪਏ ਸਨ ਕਿ ਗੁਰੂ ਅਰਜਨ ਦਾ ਉਤਰਾਧਿਕਾਰੀ ਇਕ ਮਹਾਂਬਲੀ ਅਤੇ ਵਧੇਰੇ ਸ਼ਕਤੀਸ਼ਾਲੀ ਨੇਤਾ ਹੈ। ਇਸ ਨਾਲ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿੱਚੋਂ ਉਪਜਿਆ ਭੈਅ ਇਕ ਜੋਸ਼ ਅਤੇ ਦਲੇਰੀ ਵਿਚ ਬਦਲ ਗਿਆ ਸੀ। ਇਸ ਨਾਲ ਸਥਾਨਿਕ ਸਿੱਖ-ਵਿਰੋਧੀ ਤਾਕਤਾਂ ਨੂੰ ਵੀ ਕੰਨ ਹੋ ਗਏ ਸਨ। ਜਦੋਂ ਕਿਸੇ ਲਹਿਰ ਦੇ

ਪੈਰੋਕਾਰਾਂ ਵਿਚ ਆਪਣੇ ਨੇਤਾ ਪ੍ਰਤੀ ਇਹ ਵਿਸ਼ਵਾਸ ਪੈਦਾ ਹੋ ਜਾਵੇ ਕਿ ਉਹ ਬਾਦਸ਼ਾਹਾਂ ਦੇ ਨਾਲ ਟੱਕਰ ਲੈਣ ਵਾਲਾ ਹੈ ਜਾਂ ਫੌਜਾਂ ਦੇ ਹੰਕਾਰ ਤੋੜਨ ਵਾਲਾ ਹੈ ਤਾਂ ਇਹੀ ਇਕ ਨਿਸ਼ਾਨੀ ਹੈ ਜਿਸ ਤੋਂ ਉਸ ਲਹਿਰ ਦੇ ਪੈਰੋਕਾਰਾਂ ਦੀ ਚੜ੍ਹਦੀਕਲਾ ਪਰਖੀ ਜਾਂਦੀ ਹੈ। ਜਦੋਂ ਭਾਈ ਗੁਰਦਾਸ ਇਹ ਲਿਖਦੇ ਹਨ ਕਿ :

ਪੰਜ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ।
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

ਇਸ ਦਾ ਮਤਲਬ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਨਵੇਂ ਧਾਰਨ ਕੀਤੇ ਗਏ ਢੰਗ ਤਰੀਕਿਆਂ ਰਾਹੀਂ ਸਿੱਖਾਂ ਵਿਚ ਵਿਸ਼ਵਾਸ ਪੈਦਾ ਹੋ ਗਿਆ ਸੀ ਕਿ ਉਨ੍ਹਾਂ ਦਾ ਗੁਰੂ, ਬਾਦਸ਼ਾਹਾਂ ਨਾਲ ਟੱਕਰ ਲੈਣ ਦੇ ਕਾਬਲ ਹੈ ਅਤੇ ਇਹੀ ਅਹਿਸਾਸ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਿੱਖਾਂ ਨੂੰ ਕਰਵਾਉਣਾ ਚਾਹੁੰਦੇ ਸਨ। ਅਜਿਹਾ ਅਹਿਸਾਸ ਚੋਰਾਂ, ਡਾਕੂਆਂ ਜਾਂ ਧਾੜਵੀਆਂ ਨੂੰ ਜਾਂ ਤਨਖਾਹਦਾਰ ਪਠਾਣਾਂ ਨੂੰ ਭਰਤੀ ਕਰਕੇ ਨਹੀਂ ਸੀ ਹੋਣਾ ਸਗੋਂ ਉਸ ਗੁਰਮੁਖ ਨੂੰ ਹਥਿਆਰਬੰਦ ਕਰਕੇ ਹੋਣਾ ਸੀ, ਜਿਸ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਸਿਰਜਿਆ ਸੀ।

ਸ੍ਰੀ ਗੁਰੂ ਹਰਿਰਾਇ

ਗੁਰਮੇਲ ਸਿੰਘ*

ਦਸ ਗੁਰੂ ਸਖਸ਼ੀਅਤਾਂ ਵਿੱਚੋਂ ਸਤਵੇਂ (ਗੁਰੂ ਹਰਿਰਾਇ ਜੀ) ਤੇ ਅੱਠਵੇਂ (ਗੁਰੂ ਹਰਿਕ੍ਰਿਸ਼ਨ ਜੀ) ਗੁਰੂ ਸਾਹਿਬਾਨ ਬਾਰੇ ਬਾਕੀ ਗੁਰੂ ਸਾਹਿਬਾਨ ਦੀ ਤੁਲਨਾ ਵਿਚ ਕਾਫ਼ੀ ਘੱਟ ਕਾਰਜ (ਲਿਖਾ-ਪੜ੍ਹੀ ਅਥਵਾ ਅਧਿਐਨ ਦੇ) ਹੋਏ ਹਨ। ਇਸ ਮਸਲੇ ਦੇ ਅਨੇਕਾਂ ਕਾਰਨਾਂ ਵਿੱਚੋਂ ਇਕ-ਦੋ ਮੁੱਖ ਕਾਰਨ ਇਹ ਹਨ ਕਿ ਦੋਵੇਂ ਗੁਰੂ ਸਾਹਿਬਾਨ ਦਾ ਗੁਰਿਆਈ ਸਮਾਂ ਬਹੁਤ ਥੋੜ੍ਹਾ ਹੈ।[1] ਦੋਵੇਂ ਗੁਰੂ ਸਾਹਿਬਾਨ ਦੀ (ਦੁਨਿਆਵੀ) ਉਮਰ ਕਾਫ਼ੀ ਥੋੜ੍ਹੀ ਹੈ[2] ਅਤੇ ਦੋਵੇਂ ਗੁਰੂ ਸਾਹਿਬਾਨ ਸਮੇਂ ਇਤਿਹਾਸ ਵਿਚ ਕੋਈ ਅਜਿਹੀ ਘਟਨਾ ਨਹੀਂ ਘਟੀ, ਜਿਸ ਨਾਲ ਸਿੱਖ ਧਰਮ ਦੇ ਸੰਸਥਾਗਤ ਸਰੂਪ ਬਾਰੇ ਕੋਈ ਮਸਲਾ ਜੁੜਿਆ ਹੋਵੇ, ਪਰ ਇਨ੍ਹਾਂ ਗੱਲਾਂ ਤੋਂ ਇਹ ਅਨੁਮਾਨ ਲਗਾਉਣਾ ਤਰਕ-ਸੰਗਤ ਨਹੀਂ ਕਿ ਗੁਰੂ ਸਾਹਿਬਾਨ ਦੀ ਦੇਣ ਵੱਲ ਸੰਸਥਾਗਤ (Organisations) ਪੱਧਰ ਉਪਰ ਧਿਆਨ ਹੀ ਨਹੀਂ ਗਿਆ। ਹਥ-ਵਿਚਲਾ ਕਾਰਜ ਸਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ, ਵਿਅਕਤੀਤਵ, ਕਾਰਜਾਂ, ਯਾਤਰਾਵਾਂ, ਯਾਦ-ਚਿੰਨ੍ਹਾਂ, ਗੁਰੂ ਜੀ ਦੇ ਪ੍ਰਮੁਖ ਸਿੱਖਾਂ ਅਤੇ ਉਨ੍ਹਾਂ ਦੀ ਸਿੱਖ ਧਰਮ ਦੇ ਸੰਸਥਾਗਤ ਪੱਖ ਦੀ ਦੇਣ ਆਦਿ ਬਾਰੇ ਕੁਝ ਮੁੱਖ ਪੱਖਾਂ ਉੱਤੇ ਵਿਚਾਰ ਕਰੇਗਾ। ਗੁਰੂ ਸਾਹਿਬ ਬਾਰੇ ਵਿਭਿੰਨ ਪੱਖਾਂ/ ਦ੍ਰਿਸ਼ਟੀਕੋਣਾਂ ਤੋਂ ਕੰਮ ਕਰਨ ਵਾਲੇ ਨਵੇਂ ਖੋਜਾਰਥੀਆਂ ਦੀ ਸਹੂਲਤ ਲਈ ਪੇਪਰ ਵਿਚ ਸੰਭਵ ਸੂਚਨਾਵਾਂ ਵੀ ਇਕੱਤਰ ਕੀਤੀਆਂ ਗਈਆਂ ਹਨ। ਪੱਦ-ਟਿਪਣੀਆਂ ਦੀ ਬਹੁਲਤਾ ਨੂੰ ਵੀ ਇਸੇ ਸੰਦਰਭ ਵਿਚ ਵੇਖਿਆ ਜਾਵੇ।

ਜੀਵਨ

ਜਿਵੇਂ ਕਿ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ, ਗੁਰੂ ਸਾਹਿਬ ਦੀ ਕੁੱਲ ਜੀਵਨ ਅਵਧੀ ਸਿਰਫ਼ 31 ਸਾਲ ਦੀ ਹੈ। ਆਪ ਜੀ ਦਾ ਜਨਮ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਬੇਟੇ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਮਿਤੀ 13 ਮਾਘ, ਸੁਦੀ 2, ਸੰਮਤ 1686 ਬਿਕਰਮੀ, ਭਾਵ 30 ਜਨਵਰੀ, 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਲਗਭਗ 10 ਕੁ ਸਾਲ ਦੀ ਉਮਰ ਵਿਚ 1640 ਈ. ਨੂੰ ਆਪ ਜੀ ਦਾ ਵਿਆਹ ਸੁਲਖਣੀ ਜੀ ਨਾਲ ਹੋਇਆ।[3] ਗੁਰੂ ਹਰਿਰਾਇ ਜੀ ਦੇ ਘਰ, ਸਮੇਂ ਨਾਲ ਦੋ ਪੁੱਤਰ ਬਾਬਾ ਰਾਮਰਾਇ ਤੇ (ਗੁਰੂ) ਹਰਿਕ੍ਰਿਸ਼ਨ ਜੀ ਪੈਦਾ ਹੋਏ। ਆਪ ਜੀ ਦੇ ਘਰ ਇਕ ਬੇਟੀ ਰੂਪ ਕੁਇਰ ਹੋਣ ਦੇ ਵੀ ਸੰਕੇਤ ਮਿਲਦੇ ਹਨ[4], ਪਰ ਇਤਿਹਾਸ ਇਸ ਸੰਬੰਧੀ ਸਪਸ਼ਟ ਫੈਸਲਾ ਨਹੀਂ ਕਰ ਸਕਿਆ।

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੁਰਿਆਈ

ਛੇਵੇਂ ਪਾਤਸ਼ਾਹ 6 ਚੇਤ ਸੰਮਤ 1701 ਬਿਕਰਮੀ/3 ਮਾਰਚ, 1644 ਈ. ਨੂੰ ਜੋਤੀ ਜੋਤਿ ਸਮਾਏ ਸਨ ਅਤੇ ਉਨ੍ਹਾਂ ਨੇ ਆਪਣੇ ਜਿਉਂਦੇ-ਜੀਅ ਹੀ ਗੁਰਗੱਦੀ ਦੀ 'ਪਾਤਸ਼ਾਹੀ' ਗੁਰੂ ਹਰਿਰਾਇ ਜੀ ਨੂੰ ਸੌਂਪ ਦਿੱਤੀ ਸੀ। ਇਸ ਸਮੇਂ ਆਪ ਜੀ ਦੀ ਉਮਰ 14 ਕੁ ਸਾਲਾਂ ਦੀ ਸੀ।

ਕਾਰਜ

ਗੁਰੂ ਸਾਹਿਬ ਦੁਆਰਾ ਕੀਤੇ ਵਿਭਿੰਨ ਪ੍ਰਕਾਰੀ-ਕਾਰਜ, ਭਾਵੇਂ ਕਾਫ਼ੀ ਵਿਸਤਾਰ ਦੀ ਮੰਗ ਕਰਦੇ ਹਨ, ਪਰ ਇੱਥੇ ਐਨਾ ਜਾਣ ਲੈਣਾ ਹੀ ਜ਼ਰੂਰੀ ਹੈ ਕਿ ਛੇਵੇਂ ਪਾਤਸ਼ਾਹ ਤੋਂ ਬਾਅਦ ਸਿੱਖ ਲਹਿਰ ਦਾ ਸਮੇਂ ਦੀ ਬਾਦਸ਼ਾਹਤ ਨਾਲ ਖ਼ੂਨੀ-ਟਕਰਾਅ ਸ਼ੁਰੂ ਹੋ ਗਿਆ ਸੀ, ਜਿਸ ਨੂੰ ਪੂਰੀ ਤਰ੍ਹਾਂ ਸੰਗਠਿਤ ਸਿੱਖ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਚੇਤੰਨ ਹੋ ਕੇ ਮੌਕਾ ਸੰਭਾਲਿਆ ਸੀ। ਗੁਰੂ ਹਰਿਰਾਇ ਸਾਹਿਬ ਵੇਲੇ ਹਾਲਾਤ ਸਾਜ਼ਗਾਰ ਨਹੀਂ ਸਨ ਕਿ ਸੰਗਠਿਤ ਹੋ ਰਹੀ ਸਿੱਖ ਲਹਿਰ ਨੂੰ ਸਮਕਾਲੀ ਤਾਕਤਵਰ ਤੁਰਕ-ਸਲਤਨਤ ਨਾਲ ਟਕਰਾਅ ਦਿੱਤਾ ਜਾਵੇ। ਗੁਰੂ ਹਰਿਰਾਇ ਸਾਹਿਬ ਨੇ ਹਮੇਸ਼ਾਂ ਬਚਾਓ ਪੱਖ ਦੀ ਨੀਤੀ ਨੂੰ ਅਪਨਾਇਆ। ਦੇਸ਼ ਵਿਚ ਰਾਜਨੀਤਿਕ ਉਤਰਾਵਾਂ-ਚੜ੍ਹਾਵਾਂ ਵਿਚ ਆਪਣੇ-ਆਪ ਨੂੰ ਨਿਰਪੱਖ ਰਖਿਆ। ਸਿੱਖ ਲਹਿਰ ਨੂੰ ਮੁਗ਼ਲਾਂ ਅਤੇ ਕਹਿਲੂਰ ਆਦਿ ਰਿਆਸਤਾਂ ਵਿਚ ਉਲਝਣ ਨਹੀਂ ਦਿੱਤਾ। ਸੰਨ 1645 ਈ. ਵਿਚ ਜਦੋਂ ਮੁਗ਼ਲਾਂ ਨੇ ਕਹਿਲੂਰ ਰਿਆਸਤ 'ਤੇ ਹਮਲਾ ਕਰਕੇ ਉਥੋਂ ਦੇ ਰਾਜੇ ਨੂੰ ਬੰਦੀ ਬਣਾ ਲਿਆ ਤਾਂ ਗੁਰੂ ਸਾਹਿਬ ਲਗਭਗ ਨਿਰਪੱਖ ਹੀ ਰਹੇ ਸਨ ਤੇ ਕੁਝ ਸਮੇਂ ਲਈ ਕਹਿਲੂਰ ਰਿਆਸਤ ਤੋਂ ਬਾਹਰ ਚਲੇ ਗਏ ਸਨ।

ਗੁਰੂ ਹਰਿਰਾਇ ਸਾਹਿਬ ਦੀ ਸਿਆਣਪ ਨਾਲ ਹਕੂਮਤ, ਸਿੱਖ ਲਹਿਰ ਦੇ ਨੇੜੇ ਹੋਈ। ਜਦੋਂ ਦਾਰਾ ਸ਼ਿਕੋਹ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਿਆ, ਤਾਂ ਉਸ ਲਈ ਇਕ ਖਾਸ ਕਿਸਮ ਦੀ ਹਰੜ, ਗਜਮੋਤੀ ਤੇ ਲੌਂਗ ਦਾ ਮਿਸ਼ਰਣ ਗੁਰੂ ਸਾਹਿਬ ਕੋਲੋਂ ਹੀ ਪ੍ਰਾਪਤ ਹੋਇਆ ਸੀ।[5]

ਫੂਲਕੀਆ ਖਾਨਦਾਨ ਦੇ ਵੱਡੇ-ਵਡੇਰੇ ਫੂਲ ਅਤੇ ਸੰਦਲੀ, ਜੋ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜੇ ਅਥਵਾ ਬਜ਼ੁਰਗ ਸਨ, ਨੂੰ ਰਾਜਸੀ ਅਸ਼ੀਰਵਾਦ ਗੁਰੂ ਹਰਿਰਾਇ ਸਾਹਿਬ ਜੀ ਤੋਂ ਹੀ ਪ੍ਰਾਪਤ ਹੋਇਆ ਸੀ।[6] ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਨੂੰ ਖੁਸ਼ਹਾਲੀ ਦਾ ਅਸ਼ੀਰਵਾਦ ਦਿੱਤਾ ਸੀ।[7]

ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੀ ਸਿੱਖ ਲਹਿਰ ਨੇ ਸਮੇਂ-ਸਮੇਂ ਕਈ ਸੰਸਥਾਵਾਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇ ਆਧਾਰ ਉੱਤੇ ਸਿੱਖ ਧਰਮ, ਇਕ ਜਥੇਬੰਦਕ ਰੂਪ ਲੈ ਰਿਹਾ ਸੀ। ਗੁਰੂ ਹਰਿਰਾਇ ਸਾਹਿਬ ਤਕ ਪਹੁੰਚਦਿਆਂ-ਪਹੁੰਚਦਿਆਂ ਲੰਗਰ, ਸੰਗਤ, ਮੰਜੀ, ਮਸੰਦ, ਦਸਵੰਧ, ਗੁਰਦੁਆਰਾ (ਜਿਸ ਦਾ ਪਹਿਲਾ ਰੂਪ ਧਰਮਸਾਲਾ ਸੀ,[8] ਭਾਵ ਪ੍ਰਚਾਰ-ਕੇਂਦਰ) ਆਦਿ ਸੰਸਥਾਵਾਂ ਪੂਰੀ ਤਰ੍ਹਾਂ ਪ੍ਰਫੁਲਤ ਹੋ ਕੇ ਜਗਤ ਸਾਹਮਣੇ ਪ੍ਰਗਟ ਹੋ ਚੁੱਕੀਆਂ ਸਨ। ਗੁਰੂ ਹਰਿਰਾਇ ਸਾਹਿਬ ਨੇ ਨਾ ਕੇਵਲ ਇਨ੍ਹਾਂ ਸੰਸਥਾਵਾਂ ਨੂੰ ਹੀ ਸੰਭਾਲਿਆ ਅਥਵਾ ਵਿਕਸਿਤ ਕੀਤਾ, ਸਗੋਂ ਸਿੱਖੀ ਦੇ ਪ੍ਰਚਾਰ ਨੂੰ ਪੱਕੇ ਪੈਰੀਂ ਕਰਨ ਵਾਸਤੇ 'ਚਾਰ ਧੂਣੇ' ਤੇ 'ਛੇ ਬਖਸ਼ਿਸ਼ਾਂ' ਵੀ ਸਥਾਪਿਤ ਕੀਤੀਆਂ।[9] ਦੱਖਣੀ ਭਾਰਤ ਵਿਚ ਸਮੇਂ ਨਾਲ ਇਨ੍ਹਾਂ ਧੂਣਿਆਂ/ਬਖ਼ਸ਼ਿਸ਼ਾਂ ਦਾ ਜਾਲ ਵਿਛ ਗਿਆ।[10]

ਗੁਰੂ ਹਰਿਰਾਇ ਜੀ ਤੇ ਦਾਰਾ ਸ਼ਿਕੋਹ

ਲਗਭਗ ਸਾਰੇ ਹੀ ਗੁਰਮੁਖੀ ਸ੍ਰੋਤ ਇਸ ਵਿਚਾਰ ਨੂੰ ਪੇਸ਼ ਕਰਦੇ ਹਨ ਕਿ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜਦੋਂ ਔਰੰਗਜ਼ੇਬ ਤੋਂ ਹਾਰ ਕੇ (ਅਸਲ ਡਰ ਕੇ) ਲਾਹੌਰ ਪਹੁੰਚਣ ਲਈ ਗੋਇੰਦਵਾਲ ਨਜਦੀਕ ਦਰਿਆ ਬਿਆਸ ਪਾਰ ਕਰਕੇ ਲੰਘਿਆ ਤਾਂ ਇਸ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਸ਼ਾਹੀ ਫੌਜ ਉਸ ਦਾ ਪਿੱਛਾ ਕਰ ਰਹੀ ਹੈ, ਕ੍ਰਿਪਾ ਕਰਕੇ ਉਸਦੀ ਮਦਦ ਕੀਤੀ ਜਾਵੇ। ਬੇਨਤੀ ਮੰਨ ਕੇ ਗੁਰੂ ਸਾਹਿਬ ਨੇ ਆਪਣੇ ਸੈਨਿਕਾਂ ਨੂੰ ਸ਼ਾਹੀ ਫੌਜ ਰੋਕਣ ਵਾਸਤੇ ਤਾਇਨਾਤ ਕਰ ਦਿੱਤਾ ਤੇ ਦਾਰਾ ਠੀਕ-ਠਾਕ ਲਾਹੌਰ ਪਹੁੰਚ ਗਿਆ।

ਅਸਲ ਵਿਚ ਉਪਰੋਕਤ ਵਿਚਾਰ ਪੂਰੀ ਤਰ੍ਹਾਂ ਸਹੀ ਨਹੀਂ ਹਨ, ਇਸ ਦਾ ਕਾਰਨ ਗੁਰਮੁਖੀ ਸ੍ਰੋਤਾਂ ਦੀ ਜਾਣਕਾਰੀ ਦਾ ਵਧੇਰੇ ਆਧਾਰ ਮੌਖਿਕ ਹੋਣਾ ਹੈ ਅਤੇ ਮੌਖਿਕ ਜਾਣਕਾਰੀ ਵਿਚ ਅਜਿਹੀ ਗਲਤੀ ਲੱਗਣੀ ਕੋਈ ਗੈਰ-ਕੁਦਰਤੀ ਨਹੀਂ।

ਸ਼ਾਹਜਹਾਨ ਦੇ ਚਾਰ ਪੁੱਤਰਾਂ (ਦਾਰਾ, ਮੁਹੰਮਦ ਸੁਜਾਅ, ਔਰੰਗਜ਼ੇਬ ਅਤੇ ਮੁਰਾਦ) ਵਿੱਚੋਂ ਦਾਰਾ ਵੱਡਾ ਹੋਣ ਕਾਰਨ ਰਾਜ-ਭਾਗ ਦਾ ਕੰਮ ਸੰਭਾਲਦਾ ਸੀ, ਕਿਉਂਕਿ ਸ਼ਾਹਜਹਾਂ ਅਖੀਰਲੀ ਉਮਰ ਵਿਚ ਬਹੁਤ ਕਮਜ਼ੋਰ ਹੋ ਗਿਆ ਸੀ। ਭਾਵੇਂ ਦਾਰਾ ਸ਼ਿਕੋਹ ਯੁਵਰਾਜ ਸੀ ਅਤੇ ਰਾਜ ਦਾ ਘਾਟੇ ਵਾਧੇ ਦਾ ਜ਼ਿੰਮੇਵਾਰ ਸੀ, ਪਰ ਉਹ ਔਰੰਗਜ਼ੇਬ ਤੋਂ ਬਹੁਤ ਡਰਦਾ ਸੀ।[11] ਔਰੰਗਜ਼ੇਬ ਨੇ ਸ਼ਾਹਜਹਾਨ ਨੂੰ ਕੈਦ ਕਰ ਲਿਆ ਤੇ ਦਾਰਾ ਦੀ ਸਾਰੀ ਤਾਕਤ ਖ਼ਤਮ ਕਰ ਦਿੱਤੀ। ਔਰੰਗਜ਼ੇਬ ਹੱਥੋਂ ਹਾਰ ਕੇ ਦਾਰਾ ਅਫਗਾਨਿਸਤਾਨ ਵੱਲ ਜਾਣ ਲਈ ਪੰਜਾਬ ਵਿਚ ਗੋਇੰਦਵਾਲ ਕੋਲ ਦੀ ਲੰਘਿਆ, ਜਿੱਥੇ ਉਹ ਆਪਣੇ ਦਾਰਸ਼ਨਿਕ ਤੇ ਸਾਧੂ-ਸੁਭਾਅ ਮੁਤਾਬਿਕ ਗੁਰੂ ਹਰਿਰਾਇ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਗੁਰੂ ਘਰ ਦੀ ਪ੍ਰਵਿਰਤੀ ਅਨੁਸਾਰ ਸੁਭਾਵਿਕ ਹੀ ਉਸਦੀ ਲੰਗਰ, ਪਾਣੀ ਤੇ ਹੋਰ ਯਥਾਯੋਗ ਮਦਦ ਕੀਤੀ ਅਤੇ ਦਰਿਆ ਬਿਆਸ ਪਾਰ ਕਰਨ ਲਈ ਕਿਸ਼ਤੀਆਂ ਆਦਿਕ ਦੀ ਮਦਦ ਕੀਤੀ, ਕਿਉਂਕਿ ਦਾਰਾ ਨਾਲ 'ਬੀਹ ਹਜ਼ਾਰ'[12] ਸੈਨਾ ਵੀ ਸੀ। ਦਾਰਾ ਨੂੰ ਗੁਰੂ ਸਾਹਿਬ ਨੇ ਕੋਈ ਸੈਨਿਕ ਮਦਦ ਨਹੀਂ ਦਿੱਤੀ ਸੀ, ਕਿਉਂਕਿ ਸਮੇਂ ਦੀ ਹਕੂਮਤ ਨਾਲ ਉਲਝ ਕੇ ਗੁਰੂ ਸਾਹਿਬ ਸਿੱਖ ਲਹਿਰ ਦਾ ਉਥਾਨ ਨਹੀਂ ਰੋਕਣਾ ਚਾਹੁੰਦੇ ਸਨ। ਦੂਸਰਾ ਜੇਕਰ ਗੁਰੂ ਸਾਹਿਬ ਬਾਗੀ ਦਾਰਾ ਦੀ ਸੈਨਿਕ ਮਦਦ ਕਰਦੇ ਤਾਂ ਔਰੰਗਜੇਬ ਨਾਲ ਸੈਨਿਕ ਟਕਰਾਅ ਲਾਜ਼ਮੀ ਸੀ, ਪਰ ਅਜਿਹਾ ਗੁਰੂ ਸਾਹਿਬ ਦੀ ਸਿਆਣਪ ਕਰਕੇ ਨਹੀਂ ਹੋਇਆ, ਪਰ ਔਰੰਗਜ਼ੇਬ ਦਾਰਾ ਦੀ ਗੁਰੂ ਸਾਹਿਬ ਦੁਆਰਾ ਕੀਤੀ ਨੈਤਿਕ ਮਦਦ ਵੀ ਨਹੀਂ ਭੁਲਿਆ ਸੀ, ਇਸ ਲਈ ਰਾਜ-ਭਾਗ ਸੰਭਾਲਦਿਆਂ ਹੀ ਉਸਨੇ ਗੁਰੂ ਜੀ ਨੂੰ ਆਪਣੇ ਦਰਬਾਰ ਵਿਚ ਹਾਜ਼ਰ ਹੋਣ ਲਈ ਬੁਲਾਵਾ ਭੇਜਿਆ ਸੀ।[13]

ਗੁਰੂ ਹਰਿਰਾਇ ਜੀ ਤੇ ਰਾਮਰਾਇ

ਰਾਮਰਾਇ, ਗੁਰੂ ਹਰਿਰਾਇ ਜੀ ਦਾ ਵੱਡਾ ਸਪੁੱਤਰ ਸੀ, ਜਿਹੜਾ ਅਕਸਰ ਪ੍ਰਿਥੀਚੰਦ ਵਾਲੀ ਲਾਈਨ 'ਤੇ ਚੱਲ ਰਿਹਾ ਸੀ। ਪਹਿਲਾਂ ਕੀਤੇ ਸੰਕੇਤ ਮੁਤਾਬਿਕ ਔਰੰਗਜ਼ੇਬ ਨੇ ਰਾਜ-ਭਾਗ ਸੰਭਾਲਦੇ ਸਾਰ ਹੀ ਗੁਰੂ ਜੀ ਨੂੰ ਦਿੱਲੀ ਬੁਲਾਵਾ ਭੇਜਿਆ ਸੀ, ਪਰ ਸਿੱਖ ਸੰਗਤਾਂ ਦੇ ਸਲਾਹ-ਮਸ਼ਵਰੇ ਅਨੁਸਾਰ ਗੁਰੂ ਸਾਹਿਬ ਆਪ ਦਿੱਲੀ ਨਹੀਂ ਗਏ, ਸਗੋਂ ਆਪਣੇ ਸਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਇਹ ਗੱਲ 1660 ਈ. ਦੇ ਲਗਭਗ ਅੰਤ ਦੀ ਹੈ। ਜਿਵੇਂ ਕਿ ਇਤਿਹਾਸ ਤੋਂ ਆਮ

ਵਿਦਿਤ ਹੈ ਕਿ ਰਾਮਰਾਇ ਤੇ ਬਾਦਸ਼ਾਹ ਵਿਚਾਲੇ ਜੋ ਗੱਲਬਾਤ ਹੋਈ, ਉਸ ਦਾ ਸਾਰ-ਤਤ ਗੁਰਬਾਣੀ ਕੇਂਦਰਤ ਹੀ ਸੀ, ਕਿਉਂਕਿ ਸਥਾਪਿਤ ਧਿਰਾਂ ਨੂੰ ਬਹੁਤਾ ਭੈ ਗੁਰਬਾਣੀ ਵਿੱਚੋਂ ਹੀ ਆਉਂਦਾ ਸੀ। ਰਾਮਰਾਇ ਤੇ ਔਰੰਗਜ਼ੇਬ ਦੀ ਵਿਚਾਰ-ਗੋਸ਼ਟੀ ਵਿੱਚੋਂ ਔਰੰਗਜ਼ੇਬ ਜੇਤੂ ਹੋਇਆ, ਜਦੋਂ ਉਸਨੇ ਲਾਲਚ ਰਾਹੀਂ ਰਾਮਰਾਇ ਤੋਂ ਬਾਣੀ-ਵਿਆਖਿਆ ਗਲਤ ਕਰਵਾ ਦਿੱਤੀ। ਗੁਰੂ ਹਰਿਰਾਇ ਜੀ ਨੇ ਰਾਮਰਾਇ ਨੂੰ, ਇਸ ਘਟਨਾ ਉਪਰੰਤ ਹਮੇਸ਼ਾਂ ਵਾਸਤੇ ਤਿਆਗ ਦਿੱਤਾ ਸੀ। ਹੋਰ ਸਿੱਖ ਸੰਗਤਾਂ ਨੂੰ ਵੀ ਰਾਮਰਾਈਆਂ ਤੋਂ ਦੂਰ ਰਹਿਣ ਦੇ ਹੁਕਮਨਾਮੇ ਭੇਜੇ ਗਏ। ਔਰੰਗਜ਼ੇਬ ਨੇ ਰਾਮਰਾਇ ਨੂੰ ਖੁਸ਼ ਕਰਨ ਲਈ ਜਗੀਰ ਦੇ ਦਿੱਤੀ ਸੀ, ਜਿਹੜੀ ਕਹਿੰਦੇ ਹਨ ਕਿ ਦੂਨ ਵਿਚ ਹੁਣ ਵੀ ਰਾਮਰਾਈਆਂ ਦੇ ਨਾਂ 'ਬੋਲਦੀ' ਹੈ।

ਯਾਤਰਾਵਾਂ

ਆਪਣੇ ਗੁਰਿਆਈ ਕਾਲ (1644-61 ਈ.) ਦੌਰਾਨ ਗੁਰੂ ਸਾਹਿਬ ਨੇ ਕੀਰਤਪੁਰ ਤੋਂ ਬਾਹਰ ਜਾ ਕੇ ਵੀ ਸਿੱਖੀ ਦਾ ਪ੍ਰਚਾਰ ਕੀਤਾ। ਇਨ੍ਹਾਂ ਪ੍ਰਚਾਰ ਦੌਰਿਆਂ ਅਥਵਾ ਰਸਤੇ ਤੇ ਸਥਾਨਾਂ ਬਾਰੇ ਭਾਵੇਂ ਵਿਦਵਾਨਾਂ ਤੇ ਸਿੱਖ-ਸਰੋਤਾਂ ਵਿਚ ਕਾਫ਼ੀ ਭਿੰਨਤਾ ਵਾਲੇ ਵਿਚਾਰ ਪਾਏ ਜਾਂਦੇ ਹਨ, ਪਰ ਗੁਰੂ ਸਾਹਿਬ ਦੇ ਹੇਠ ਲਿਖੇ ਸਥਾਨਾਂ ਉੱਤੇ ਜਾਣ ਬਾਰੇ ਸਾਨੂੰ ਵਿਭਿੰਨ ਸਰੋਤਾਂ/ਵਿਦਵਾਨਾਂ ਤੋਂ ਜਾਣਕਾਰੀ ਮਿਲ ਜਾਂਦੀ ਹੈ :[14]

(1) ਅੰਮ੍ਰਿਤਸਰ, ਗੋਇੰਦਵਾਲ, ਖਡੂਰ, ਵੱਡੀ ਲਹਿਲ, ਹਰੀਆਂ ਵੇਲਾਂ, ਭੂੰਗਰਨੀ, ਬੱਬੇਲੀ, ਕਰਤਾਰਪੁਰ, ਨੂਰ ਮਹਿਲ, ਪੁਆਧੜੇ, ਗਹਲਾਂ, ਭਾਈ ਕੀ ਡਰੋਲੀ, ਮਾੜੀ ਪਿੰਡ, ਮਰਾਝ, ਮੀਝੇ ਕੀ ਮੌੜੀ, ਪਲਾਹੀ ਨਗਰ, ਫਰਾਲ ਸੰਧਵਾਂ, ਦੁਸਾਂਝ ਮਸੰਦਾ ਕੇ, ਹਕੀਮਪੁਰ, ਚੰਦਪੁਰ, ਦੋਲੇਵਾਲ

(2) ਬੁੰਗਾ, ਰੋਪੜ, ਪਿਹੋਵਾ, ਥਾਨੇਸਰ, ਸਿਆਲਕੋਟ, ਸਿਰੀ ਨਗਰ ਆਦਿ।

ਗੁਰੂ ਜੀ ਦੇ ਪ੍ਰਮੁਖ ਸਿੱਖ

ਗੁਰਿਆਈ ਕਾਲ ਦੇ ਆਪਣੇ ਥੋੜੇ ਜਿਹੇ ਸਮੇਂ ਵਿਚ ਗੁਰੂ ਸਾਹਿਬ ਦੇ ਸੰਪਰਕ ਵਿਚ ਕਿੰਨੇ-ਕੁ ਸਿੱਖ ਅਥਵਾ ਜਗਿਆਸੂ ਆਏ? ਇਹ ਅਨੁਮਾਨ ਲਾਉਣਾ ਨਾ ਕੇਵਲ ਔਖਾ ਹੈ, ਬਲਕਿ ਅਸੰਭਵ ਵੀ ਹੈ, ਕਿਉਂਕਿ ਇਕ ਤਾਂ ਇਸ ਤੱਥ ਦੇ ਸਾਡੇ ਕੋਲ ਸਬੂਤ ਕੋਈ ਨਹੀਂ, ਦੂਸਰਾ ਸਿੱਖ-ਸੰਗਤਾਂ ਦਾ ਪ੍ਰਵਾਹ ਤਾਂ ਗੁਰੂ ਨਾਨਕ ਦੇਵ ਜੀ ਤੋਂ ਚੱਲਦਾ ਆਇਆ ਹੈ ਤੇ ਹਰੇਕ ਗੁਰੂ ਸਾਹਿਬ ਨੇ ਨਾਲ-ਨਾਲ ਵਹਿੰਦਾ ਤੁਰਿਆ ਆਇਆ ਹੈ, ਇਸ ਲਈ ਕਿਸੇ ਸਿੱਖ ਅਥਵਾ ਸੰਗਤ ਨੂੰ ਕਿਸੇ ਵਿਸ਼ੇਸ਼-ਗੁਰੂ ਨਾਲ ਸੰਬੰਧਿਤ ਕਰਨਾ ਵੀ ਔਖਾ ਹੈ, ਪਰ ਫਿਰ ਵੀ ਜੋ ਮੁਖੀ ਸਿੱਖ ਗੁਰੂ ਸੰਗਤ ਦੀ ਸੰਗਤ ਵਿਚ ਵਿਸ਼ੇਸ਼ ਉਘੇ ਸਨ, ਉਨ੍ਹਾਂ ਵਿਚ ਕੁਝ ਦੇ ਨਾਂ ਇਸ ਤਰ੍ਹਾਂ ਲਏ ਜਾ ਸਕਦੇ ਹਨ :[15]

1. ਭਾਈ ਪੁੰਗਰ
2. ਭਾਈ ਗੋਂਦਾ
3. ਭਾਈ ਜਿਊਣਾ
4. ਭਾਈ ਬਿਧੀ ਚੰਦ ਸ਼ੋਸ਼ਨ
5. ਭਾਈ ਕਾਲਾ ਦੁਲਟ

6. ਭਾਈ ਨੰਦ ਲਾਲ ਪੁਰੀ
7. ਭਾਈ ਭਗਤੂ ਜੀ
8. ਭਾਈ ਗਊਰਾ ਜੀ
9. ਭਾਈ ਫੇਰੂ ਜੀ ਆਦਿ।

ਯਾਦ ਚਿੰਨ੍ਹ

ਗੁਰੂ ਹਰਿਰਾਇ ਸਾਹਿਬ ਜੀ ਨੇ ਮੁੱਖ ਤੌਰ ਤੇ ਦੋ ਪ੍ਰਚਾਰਕ ਦੌਰੇ ਕੀਤੇ, ਇਨ੍ਹਾਂ ਦੌਰਿਆਂ ਦੇ ਸਮੇਂ ਦੌਰਾਨ ਆਪ ਜਿੱਥੇ-ਜਿੱਥੇ ਵੀ ਜਾਂ ਜਿਸ-ਜਿਸ ਰਸਤੇ ਪੁਰ ਵੀ ਲੰਘੇ, ਉੱਥੇ-ਉੱਥੇ ਹੀ ਲਗਭਗ ਯਾਦ ਚਿੰਨ੍ਹਾਂ ਦੇ ਰੂਪ ਵਿਚ ਆਪ ਨਾਲ ਸੰਬੰਧਿਤ ਗੁਰਦੁਆਰੇ ਬਣੇ ਹੋਏ ਹਨ ਜਾਂ ਕਈ ਥਾਂ ਯਾਦ-ਚਿੰਨ੍ਹ (Relico), ਜਿਵੇਂ ਕੱਪੜੇ (ਚੋਲਾ), ਕੋਈ ਦਰੱਖਤ, ਗੁਰੂ ਦਰਬਾਰ ਦੀ ਹੱਥ ਲਿਖਤ ਬੀੜ ਆਦਿ ਸੰਭਾਲੇ ਹੋਏ ਹਨ। ਬਹੁਤ ਸਾਰੇ ਯਾਦ ਚਿੰਨ੍ਹ ਸਮਕਾਲੀ ਜਾਂ ਉਤਰ-ਸਮਕਾਲੀ ਵਿਭਿੰਨ ਪ੍ਰਕਾਰੀ ਪ੍ਰਸਥਿਤੀਆਂ (ਖ਼ਾਸ ਕਰ ਰਾਜਸੀ ਤੇ ਯੁਗ ਗਰਦੀਆਂ) ਕਾਰਨ ਸਮੇਂ ਦੀ ਧੂੜ ਵਿਚ ਮਿਟ ਗਏ ਹਨ, ਹੇਠਾਂ ਕੁਝ ਕੁ ਥਾਵਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ :[16]

ਕੀਰਤਪੁਰ, ਬੁੰਗਾ, ਰੋਪੜ, ਵੱਡੀ ਬਹਿਲੀ/ਲਾਹਲੀ, ਹਰੀਆਂ ਵੇਲਾਂ, ਭੁੰਗਰਨੀ, ਬੰਬੇਲੀ, ਨੂਰ ਮਹਿਲ, ਪੁਆਂਦੜਾਂ, ਡਰੋਲੀ, ਮੇਹਰਾਜ, ਮਹਿਲ, ਅੰਬ ਸਾਹਿਬ, ਜਸਪਾਲ ਭਾਈ ਕੇ, ਦੁਸਾਂਝ ਮਸੰਦਾ, ਪਲਾਹੀ, ਮੁਕੰਦਪੁਰ, ਨਨਕਾਣਾ, ਗਲੋਟੀਆਂ ਖੁਰਦ, ਅਮਰਗੜ੍ਹ (ਗੋਨਿਆਣਾ ਮੰਡੀ), ਚਨੌਲੀ, ਹਕੀਮਪੁਰ, ਹਰਿਰਾਇਪੁਰ ਆਦਿ।

ਪ੍ਰਮੁਖ ਤਿਥਾਵਲੀ : (ਈਸਵੀ ਸੰਨ ਵਿਚ)

ਜਨਮ ਪ੍ਰਕਾਸ਼	-	1630
ਵਿਆਹ	-	1640
ਮੁਕਲਾਵਾ	-	1642
ਗੁਰਗਦੀ	-	1644
ਨਾਹਣ ਜਾਣਾ	-	1645
ਰਾਮਰਾਇ ਜਨਮ	-	1647
ਬੀਬੀ ਰੂਪ ਕੁਇਰ ਜਨਮ	-	1649
ਦਾਰਾ ਦਾ ਸੰਪਰਕ	-	1650
ਦੁਆਬੇ ਦੀ ਫੇਰੀ	-	1652
ਮਾਲਵੇ ਦੀ ਫੇਰੀ	-	1653
(ਗੁਰੂ) ਹਰਿਕ੍ਰਿਸ਼ਨ ਜਨਮ	-	1656
(ਦੁਬਾਰਾ) ਦਾਰਾ ਸੰਪਰਕ	-	1658
ਕਸ਼ਮੀਰ ਫੇਰੀ	-	1660
ਰਾਮਰਾਇ ਦਿੱਲੀ ਦਰਬਾਰ	-	1661
ਜੋਤੀ-ਜੋਤਿ	-	1661

ਹਵਾਲੇ ਅਤੇ ਟਿੱਪਣੀਆਂ

1. ਗੁਰੂ ਹਰਿਰਾਇ ਜੀ 15 ਕੁ ਸਾਲ ਤੇ ਗੁਰੂ ਹਰਿਕ੍ਰਿਸ਼ਨ ਸਿਰਫ਼ 3 ਸਾਲ ਗੁਰਿਆਈ ਉੱਤੇ ਰਹੇ।
2. ਸਤਵੇਂ ਪਾਤਸ਼ਾਹ ਦੀ ਕੁੱਲ ਉਮਰ 31 ਸਾਲ ਅਤੇ ਅੱਠਵੇਂ ਪਾਤਸ਼ਾਹ ਦੀ 9 ਸਾਲ ਹੈ।
3. ਗੁਰੂ ਸਾਹਿਬ ਦੇ ਵਿਆਹ ਬਾਰੇ ਗੁਰਮੁਖੀ ਲਿਖਤਾਂ ਨੇ ਕਾਫ਼ੀ ਗੈਰ-ਕੁਦਰਤੀ ਤੱਥ ਦਿੱਤੇ ਹਨ; ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ (ਸੰਪਾ.) ਡਾ. ਰਾਏਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001. ਚਰਣ-7, ਪੰਨੇ 60-61 ਦੋ ਵਿਆਹਾਂ ਦੀ ਗੱਲ ਕਰਦਾ ਹੈ ਤੇ ਅਸਲ ਪਤਨੀ ਦਾ ਨਾਂ ਕੋਟ ਕਲਿਆਣੀ ਜੀ ਦਸਦਾ ਹੈ। *ਗੁਰਬਿਲਾਸ ਪਾਤਸ਼ਾਹੀ ੬* ਨੇ 7 ਪਤਨੀਆਂ ਦੀ ਗੱਲ ਕਹੀ ਹੈ (ਵੇਖੋ ਅਧਿਆਇ 21, ਬੰਦ 396-98, ਪੰਨਾ 774), ਕਰਤਾ ਅਨੁਸਾਰ ਗੁਰੂ ਹਰਿਰਾਇ ਜੀ ਦੇ ਸਹੁਰੇ ਦਯਾਰਾਮ ਜੀ ਦੇ ਤਿੰਨ ਸੁਪਤਨੀਆਂ ਸਨ, ਜਿਨ੍ਹਾਂ ਦੇ ਤਿੰਨ-ਤਿੰਨ ਪੁੱਤਰੀਆਂ ਸਨ, ਇਕ ਲੜਕੀ ਦਾਸੀ ਵਜੋਂ ਨਾਲ ਤੋਰੀ ਗਈ (ਪੰਨਾ ਉਹੀ); ਵੀਰ ਸਿੰਘ ਬੱਲ (*ਗੁਰਕੀਰਤ ਪ੍ਰਕਾਸ਼*, ਹੁਲਾਸ-7, ਪੰਨਾ 223), 4 ਸ਼ਾਦੀਆਂ ਤੇ ਗਿ. ਗਿਆਨ ਸਿੰਘ (*ਤਵਾਰੀਖ ਗੁਰੂ ਖਾਲਸਾ*, ਪੰਨਾ 618) 4 ਸ਼ਾਦੀਆਂ ਦੀ ਗੱਲ ਕਰਦਾ ਹੈ। ਅਸਲ ਵਿਚ ਇਹ ਸਾਰੇ ਗੁਰਮੁਖੀ ਲੇਖਕਾਂ ਨੂੰ ਭੁਲੇਖੇ ਲੱਗੇ ਹਨ। ਸਹੀ ਵਸਤੂ-ਸਥਿਤੀ *ਗੁਰੂ ਕੀਆਂ ਸਾਖੀਆਂ* (ਸੰਪਾ. ਗਿ. ਗਰਜਾ ਸਿੰਘ, ਪੰਨੇ 38-39) ਨੇ ਦਰਸਾਈ ਹੈ। ਇਸ ਰਚਨਾ ਅਨੁਸਾਰ, ''ਏਕ ਦਿਹੁੰ ਦੈਆ ਰਾਮ ਸਿਲੀ ਖਤਰੀ ਅਰੂਪ ਨਗਰੀ ਸੇ ਕੀਰਤਪੁਰ ਆਇਆ। ਇਸ ਆਪਣੀ ਬੇਟੀ ਸੁਲਖਣੀ ਕੀ ਮੰਗਣੀ ਹਰਿਰਾਇ ਜੀ ਕੇ ਸਾਥ ਕੀ.... ਸ੍ਰੀ ਹਰਿਰਾਇ ਜੀ ਨੇ ਸ਼ੁਭ ਵਿਵਾਹ ਦਿਵਸ ਸੰਮਤ ਸੋਲਾਂ ਸੈ ਸਤਾਨਮੇ ਸਤਰਾਂ ਹਾੜ (17 ਹਾੜ, 1697 ਬਿ./1640 ਈ.) ਦਾ ਹੈ। ਦੂਜੇ ਬਰਖ ਸਾਲ ਸੋਲਾਂ ਸੈ ਨਿੜਿਨਮੇਂ ਅਸਾੜ ਸੁਦੀ ਤੀਜ ਕੇ ਦਿਹੁੰ (ਤੀਜ ਸੁਦੀ, ਹਾੜ, 1699 ਬਿ./1642 ਈ.) ਬੇਟੀ ਸੁਲਖਣੀ ਕਾ ਮੁਕਲਾਵਾ ਤੋਰਾ। ਸੰਮਤ ਸਤਰਾਂ ਸੈ ਤੀਨ ਚੇਤ ਬਦੀ ਪੰਚਮੀ ਸੋਮਵਾਰ ਕੇ ਦਿਹੁੰ (15 ਮਾਰਚ, 1647), ਰਾਮਰਾਇ (ਪੈਦਾ ਹੁਏ).... ਸੰਮਤ ਸਤਰਾਂ ਸੈ ਛੇ ਵਿਸਾਖ ਸੁਦੀ ਸਾਤ ਕੇ ਦਿਹੁੰ (9 ਅਪ੍ਰੈਲ 1649) ... ਏਕ ਬਾਲਕੀ (ਰੂਪ ਕੁਇਰ) ਪੈਦਾ ਹੋਈ। ਸੰਮਤ ਸਤਰਾਂ ਸੈ ਨਾਵਾਂ ਸਾਵਨ ਵਦੀ ਦਸਮੀ (20 ਜੁਲਾਈ, 1652) ਹਰਿ ਕ੍ਰਿਸ਼ਨ (ਪੈਦਾ ਹੁਏ) ..... ਮਾਤਾ ਬਸੀ (ਮਾਂ ਗੁਰੂ ਹਰਿਰਾਇ) ਸੁਲਖਣੀ ਕੋ (ਕਭੀ) ਤਿਰਬੈਣੀ, ਕਭੀ ਕੋਟ ਕਲਿਆਣੀ ਕਹਿ ਕੇ ਬੁਲਾਤੀ ਥੀ।''

   ਨੋਟ : ਅੱਜ ਵੀ ਨੂੰਹਾਂ ਨੂੰ ਪੇਕੇ ਪਿੰਡ ਦੇ ਨਾਂ ਹੇਠ ਬੁਲਾਉਣ ਦਾ ਰਿਵਾਜ ਹੈ ਤੇ ਸਹੁਰੇ-ਪੇਕੇ ਨਾਵਾਂ ਵਿਚ ਫ਼ਰਕ ਤਾਂ ਆਮ ਗੱਲ ਹੈ। ਪੁਸ਼ਟੀ ਲਈ ਹੋਰ ਵੇਖੋ : Teja Singh Ganda Singh, *A Short History of the Sikhs (1469-1765)*, Punjabi University, Patiala 2006, p. 47).
4. ਵੇਖੋ : *ਗੁਰੂ ਕੀਆਂ ਸਾਖੀਆਂ*, ਪੰਨਾ 38, ਪਦ ਟਿਪਣੀ 3 ਵੀ ਵੇਖੋ।
5. ਇਸ ਵਿਸਤ੍ਰਿਤ ਕਹਾਣੀ ਲਈ ਵੇਖੋ: *ਮਹਿਮਾ ਪ੍ਰਕਾਸ਼* (ਭਾਗ-2, ਖੰਡ-2), ਪੰਨਾ 547; ਗਿ. ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 623.
6. Teja Singh Ganda Singh, *A Short History of the Sikhs (1469-1765)*, p. 47.
7. Ibid, p. 47.
8. ਇਸ ਸੰਬੰਧੀ ਭਾਈ ਗੁਰਦਾਸ ਜੀ ਕਹਿੰਦੇ ਹਨ :

   ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥ (ਵਾਰ 1, ਪਉੜੀ 27)
9. 'ਧੂਣੇ' ਤੇ 'ਬਖਸ਼ਿਸ਼ਾਂ' ਦਾ ਸੰਬੰਧ ਛੇਵੇਂ ਤੇ ਸਤਵੇਂ ਦੋਹਾਂ ਪਾਤਸ਼ਾਹਾਂ ਨਾਲ ਜੋੜਿਆ ਜਾਂਦਾ ਹੈ।

ਇਸ ਸੰਬੰਧੀ ਵਿਸਤਾਰ ਸਹਿਤ ਵੇਖੋ : ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸਿੱਖ ਇਤਿਹਾਸ ਰਿਸਰਚ ਬੋਰਡ (SUPC), ਸ੍ਰੀ ਅੰਮ੍ਰਿਤਸਰ, 1972, ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪਟਿਆਲਾ 1990.

10. ਇਸ ਸੰਬੰਧੀ ਵੇਖੋ : ਪ੍ਰੋ. ਪ੍ਰੀਤਮ ਸਿੰਘ '*ਉਦਾਸੀ ਸੰਪ੍ਰਦਾਇ ਦਾ ਭੂਤ ਤੇ ਭਵਿੱਖ*' ਦਸਵਾਂ ਗੁਰੂ *ਨਾਨਕ ਤੇ ਹੋਰ ਲੇਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ 1999, ਪੰਨੇ 135-49.
11. ਮੁਨਸ਼ੀ ਸੁਜਾਨ ਰਾਏ ਭੰਡਾਰੀ, *ਖੁਲਾਸਤੁਤ ਤਵਾਰੀਖ* (ਪੰਜਾਬੀ ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 502.
12. ਉਹੀ, ਪੰਨਾ 503.
13. ਇਸ ਮਸਲੇ ਦੀ ਵਿਸਤ੍ਰਿਤ ਚਰਚਾ ਲਈ ਵੇਖੋ : ਡਾ. ਹਰਚੰਦ ਸਿੰਘ ਬੇਦੀ, *ਸਿਮਰਹੁ ਗੁਰੂ ਹਰਿ ਰਾਇ*, ਖਾਲਸਾ ਕਾਲਜ, ਅੰਮ੍ਰਿਤਸਰ, 2000.
14. ਯਾਤਰਾਵਾਂ ਬਾਰੇ ਪੂਰਾ ਵਿਸਤਾਰ ਵੇਖੋ : ਸੁਖਦਿਆਲ ਸਿੰਘ, ਸਤਿਨਾਮ ਕੌਰ, *ਸਿਰੀ ਗੁਰੂ ਹਰਿ ਰਾਇ ਜੀ : ਜੀਵਨ, ਯਾਤਰਾਵਾਂ ਤੇ ਸਰੋਤ*, ਨਿਸ਼ਾਂਤ ਪ੍ਰਕਾਸ਼ਨ, ਲੁਧਿਆਣਾ 1988, ਪੰਨੇ 20-34.
15. ਗੁਰੂ ਜੀ ਦੇ ਸਿੱਖਾਂ ਬਾਰੇ ਵਿਸਤਾਰ ਵੇਖੋ : ਡਾ. ਗੁਰਬਚਨ ਸਿੰਘ ਔਲਖ, *ਸਿਮਰੋ ਸ੍ਰੀ ਹਰਿ ਰਾਇ*, ਲਾਹੌਰ ਬੁੱਕ ਸ਼ਾਪ, ਲੁਧਿਆਣਾ-2004, ਪੰਨਾ 67; ਡਾ. ਜਸਬੀਰ ਸਿੰਘ ਸਰਨਾ, *ਗੁਰੂ ਹਰਿ ਰਾਇ ਸਾਹਿਬ*, ਅਮਰੀਕਾ 2002.
16. ਵਿਸਤਾਰ ਵੇਖੋ : ਉਪਰੋਕਤ ਪਦ-ਟਿਪਣੀ, 15 ਦੀਆਂ ਪੁਸਤਕਾਂ।
17. ਹੋਰ ਸੰਪਾਦਨ ਵੇਖੋ : ਦਸ ਗੁਰੂ ਕਥਾ (ਸੰਪਾ.) ਡਾ. ਕਿਰਪਾਲ ਸਿੰਘ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ - ਮਿਤੀ ਹੀਣ ਅਤੇ ਸੰਖੇਪ ਦਸ ਗੁਰੂ ਕਥਾ (ਸੰਪਾ.) ਸਯਦਾ ਫਰਹਾ ਅਦੀਲ, ਸੁਚੇਤ ਕਿਤਾਬ ਘਰ, ਲਾਹੌਰ, ਮਈ 2001.
18. ਹੋਰ ਵੇਖੋ : *ਪਰਚੀ ਪਾਤਸ਼ਾਹੀ ਦਸਵੀਂ ਕੀ*, (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਲੌਅਰ ਮਾਲ, ਪਟਿਆਲਾ - 1988.

    ਇਸ ਦਾ ਅੰਗਰੇਜ਼ੀ ਅਨੁਵਾਦ ਵੀ ਹੈ : Parchian Sewadas (Episodes From Lives of the Gurus) (Tr.) Khanak Singh & Gurtej Singh, Institute of Sikh Studies, Chandigarh - 1995.
19. ਹੋਰ ਵੇਖੋ : *ਗੁਰਬਿਲਾਸ ਪਾਤਸ਼ਾਹੀ ਛੇਵੀਂ*, (ਸੰਪਾ.) ਗਿ. ਇੰਦਰ ਸਿੰਘ ਗਿੱਲ, ਅੰਮ੍ਰਿਤਸਰ 1968; *ਗੁਰਬਿਲਾਸ ਪਾਤਸ਼ਾਹੀ ੬*, (ਸੰਪਾ.) ਡਾ. ਗੁਰਮੁਖ ਸਿੰਘ, ਪਟਿਆਲਾ 1997.
20. ਇਸ ਰਚਨਾ ਦੀ ਸੰਪਾਦਨਾ ਪ੍ਰੋ. ਪਦਮ (ਅੰਮ੍ਰਿਤਸਰ 1997) ਤੇ ਡਾ. ਰਤਨ ਸਿੰਘ ਜੱਗੀ (ਪੁਰਖ 1972) ਨੇ ਵੀ ਕੀਤੀ ਹੈ।
21. ਇਸ ਰਚਨਾ ਦਾ ਅੰਗਰੇਜ਼ੀ ਅਨੁਵਾਦ ਵੀ ਹੈ। ਵੇਖੋ : *Guru Kian Saakhian : Tales of the Sikh Gurus*, (Eng. tr.) Pritpal Singh Bindra Singh Brothers, Amritsar 2005.
22. ਇਸ ਵਿਚ ਸਿਰਫ਼ ਸਿੱਖਾਂ ਨਾਲ ਸੰਬੰਧਿਤ ਸਮਗਰੀ ਹੀ ਅਨੁਵਾਦੀ ਗਈ ਹੈ।
23. ਫ਼ਾਰਸੀ ਵਿਚ ਇਸ ਨੂੰ ਜ਼ਫਰ ਹਸਨ ਨੇ ਸੰਪਾਦਿਤ ਕਰਕੇ 1918 ਈ. ਵਿਚ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ

ਮੁਹੱਬਤ ਸਿੰਘ*

ਜ਼ੱਰੇ ਮੇਂ ਬੀ ਵੋ ਹੈ, ਜਹਾਂ ਮੇਂ ਵੋ ਹੈ, ਯਹਾਂ ਬੀ ਵੋ ਹੈ, ਵਹਾਂ ਬੀ ਵੋ ਹੈ।
ਕੈਸੇ ਉਸ ਕੀ ਹਸਤੀ ਕਾ ਲਗਾਏਂ ਤਕਾਜ਼ਾ, ਨਸ਼ੀਂ-ਨਸ਼ਾਂ ਬੀ ਵੋ ਹੈ।

ਜਾਣ-ਪਛਾਣ ਤੇ ਜਨਮ

ਜਿਵੇਂ ਭੱਟ ਸਾਹਿਬਾਨ ਨੇ ਗੁਰੂ ਨਾਨਕ ਜੋਤਿ ਵਿਚ 'ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਿਵਰਜਉ' ਦੇ ਦਰਸਨ-ਪਰਸਨ ਕੀਤੇ ਸਨ, ਤਿਵੇਂ ਗੁਰੂ ਹਰਿਕ੍ਰਿਸ਼ਨ ਵੀ ਅਜਿਹੀ ਜੋਤਿ ਹੀ ਸਨ। ਕਈ ਲੋਕਾਂ ਦੇ ਮਨ ਵਿਚ ਸ਼ੰਕੇ ਉਠੇ ਕਿ ਇਕ ਬਾਲ-ਬੁੱਧੀ ਵਾਲਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ, ਪਰ ਉਹਨਾਂ ਸਭਨਾਂ ਦੇ ਸ਼ੰਕੇ ਸ਼ੀਸ਼ੇ ਵਿਚ ਅਕਸ ਵੇਖਣ ਦੇ ਸਮਾਨ; ਆਪ ਜੀ ਦੀ ਅਸਚਰਜ ਬੁਧੀ ਤੇ ਉੱਚ-ਅਧਿਆਤਮਕਤਾ ਵੇਖ ਕੇ, ਤੁਰੰਤ ਦੂਰ ਹੋ ਗਏ। ਗੁਰੂ ਹਰਿਕ੍ਰਿਸ਼ਨ ਜੀ ਦਾ ਆਗਮਨ ਪ੍ਰਕਾਸ਼ ਗੁਰੂ ਹਰਿਰਾਇ ਜੀ ਦੇ ਗ੍ਰਹਿ ਵਿਖੇ ਮਾਤਾ ਸੁਲਖਣੀ[1] ਜੀ ਦੀ ਕੁੱਖੋਂ ਕੀਰਤਪੁਰ ਨਗਰ ਵਿਖੇ ਸੰਮਤ ਸਾਵਣ ਵਦੀ 10, 1713 ਬਿਕਰਮੀ[2] (7 ਜੁਲਾਈ, 1656 ਈ.) ਨੂੰ ਹੋਇਆ।

ਗੁਰੂ ਹਰਿਕ੍ਰਿਸ਼ਨ ਜੀ ਇੰਨੇ ਜ਼ਿਆਦਾ ਸੁੰਦਰ ਸਨ ਕਿ ਮਨੁੱਖ ਦੇ ਵੇਖਦਿਆਂ ਸਾਰ ਸਾਰੇ ਦੁੱਖ ਦੂਰ ਹੋ ਜਾਂਦੇ ਸਨ। ਬਾਵਾ ਸੇਵਾ ਦਾਸ ਉਦਾਸੀ 'ਗੁਰੂ ਉਸਤਤਿ ਕਵਿਤੁ' ਰਚਨਾ ਵਿਚ ਆਪ ਜੀ ਦੀ ਉਪਮਾ ਇਉਂ ਲਿਖਦੇ ਹਨ :

ਬਾਸ ਬਾਸਨਾ ਮਿਟਾਇ ਨਿਰਬਾਸ ਸਦਾ ਕਰਿਕ ਰਹਿ।
ਅਹੰ ਰੋਗ ਕਉ ਮਿਟਾਵਹਿ ਚਿਰਕਾਲ ਜੋ ਬਿਨਸ ਹੈ।
ਨਉ ਨਿਧਿ ਗੁਲਾਮ ਕਰੁ ਦ੍ਰਿਸਟਿ ਸਿਉ ਨਿਹਾਲ ਕਰੋ।
ਤੁਮ ਜੋ ਦਇਆਲ ਗੁਰੂ ਸੁੰਦਰ ਹਰਿ ਕ੍ਰਿਸਨ ਹੈ॥੧॥[3]

ਸ਼ਖਸੀਅਤ

ਭਾਈ ਸੰਤੋਖ ਸਿੰਘ ਜੀ ਆਪ ਜੀ ਦੇ ਗੁਣਾਂ ਦਾ ਇਉਂ ਵਰਣਨ ਕਰਦੇ ਹਨ - ''ਜਿਵੇਂ ਸਵੇਰ ਦਾ ਸੂਰਜ ਵੇਖਣ ਵਿਚ ਛੋਟਾ ਹੁੰਦਾ ਹੈ, ਪਰੰਤੂ ਉਸ ਦਾ ਚਾਨਣ ਸਾਰੇ ਜਗਤ ਨੂੰ ਰੋਸ਼ਨ ਕਰ ਦਿੰਦਾ ਹੈ। ਤਿਵੇਂ ਗੁਰੂ ਹਰਿ ਕ੍ਰਿਸਨ ਜੀ ਦੀ ਪ੍ਰਸਿੱਧੀ ਬੇਅੰਤ ਹੈ।''[4] ਭਾਈ ਨੰਦ ਲਾਲ ਜੀ ਅਨੁਸਾਰ ਆਪ ਜੀ ਦੀ ਪਵਿੱਤਰ ਸ਼ਖਸੀਅਤ ਲੋਕਾਂ ਦੀਆਂ ਦੁੱਖਾਂ-ਤਕਲੀਫਾਂ ਨੂੰ ਦੂਰ ਕਰਨ ਵਾਲੀ ਸੀ। ਆਪ ਗੁਰੂ ਜੋਤਿ ਤੇ ਜੁਗਤਿ ਦੀ ਏਕਤਾ ਦਾ ਪ੍ਰਗਟਾਵਾ ਸਨ :

---

* ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ

ਗੁਰੂ ਹਰਿ ਕ੍ਰਿਸ਼ਨ ਆਂ ਹਮਾ ਫਜ਼ਲੋ ਜੂਦ
ਹੱਕਸ਼ ਅਜ਼ ਹਮਾ ਖਾਸਗਾਂ ਬਾਸਤੂਦ ।੧ ।
ਹਮਾ ਆਸੀਆਂ ਰਾ ਕਫਿ ਅਸਮਤਸ਼
ਸਰਾ ਤਾ ਸਮਾਅ ਜੁਮਲਾ ਫਰਮਾਂਬਰਸ਼ ।੨ ।

(ਗੁਰੂ ਹਰਿਕ੍ਰਿਸ਼ਨ ਜੀ ਵਡਿਆਈ ਤੇ ਬਖਸ਼ਿਸ਼ ਦਾ ਪੁੰਜ ਹਨ, ਉਹ ਪਰਮੇਸ਼ਰ ਦੇ ਹਜ਼ੂਰੀਆਂ ਵਿੱਚੋਂ ਸਤਿਕਾਰਯੋਗ ਹਨ। ਉਹਨਾਂ ਦੀ ਪਵਿੱਤਰਤਾ ਤਮਾਮ ਗੁਨਾਹਗਾਰਾਂ ਦੇ ਪਾਪ ਕੱਟਣ ਵਾਲੀ ਹੈ। ਪਾਤਾਲ ਤੋਂ ਆਕਾਸ਼ ਤਕ ਸਭ ਉਹਨਾਂ ਦੇ ਹੁਕਮ ਅਧੀਨ ਹਨ ।)[5]

ਭਾਈ ਗੁਰਦਾਸ ਜੀ ਦੂਜੇ ਨੇ ਆਪ ਜੀ ਦੀ ਸਖਸ਼ੀਅਤ ਦੇ ਬੀਰਤਾ ਭਰਪੂਰ ਗੁਣਾਂ ਦਾ ਬਹੁਤ ਸੁੰਦਰ ਚਿਤ੍ਰਨ ਕਰਦਿਆਂ ਆਪ ਜੀ ਨੂੰ ਅੱਠਵਾਂ ਬਲੀ ਯੋਧਾ ਕਿਹਾ ਹੈ :

ਹਰਿਕਿਸਨ ਭਯੋ ਅਸਟਮ ਬਲ ਬੀਰਾ ।
ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ ।
ਬਾਲ ਰੂਪ ਧਰਿ ਸ੍ਵਾਂਗ ਰਚਾਇਓ ।
ਤਬ ਸਹਿਜੇ ਤਨ ਕੋ ਛੋਡਿ ਸਿਧਾਇਓ ।
ਇਉ ਮੁਗਲਨਿ ਸੀਸ ਪਰੀ ਬਹੁ ਛਾਰਾ ।
ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ ।
ਔਰੰਗੇ ਇਹ ਬਾਦ ਰਚਾਇਓ ।
ਤਿਨ ਅਪਨਾ ਕੁਲ ਸਭ ਨਾਸ ਕਰਾਇਓ ।
ਇਉ ਠਹਕਿ ਠਹਕਿ ਮੁਗਲਨਿ ਸਿਰਿ ਝਾਰੀ ।
ਫੁਨ ਹੋਇ ਪਾਪੀ ਵਹ ਨਰਕ ਸਿਧਾਰੀ ।
ਇਉਂ ਕਰਿ ਹੈ ਗੁਰਦਾਸ ਪੁਕਾਰਾ ।
ਹੇ ਸਤਿਗੁਰ ਮੁਹਿ ਲੇਹੁ ਉਬਾਰਾ॥੨੨॥ (ਵਾਰ ੪੧, ੨੨)

ਅਨੇਕਾਂ ਹੋਰ ਕਵੀਆਂ ਨੇ ਆਪ ਜੀ ਦੀ ਸੁੰਦਰਤਾ ਭਰਪੂਰ ਸਖਸ਼ੀਅਤ ਦਾ ਵਰਨਣ ਕੀਤਾ ਹੈ ।[6] ਕਵਿਤਾ ਕੋਮਲਤਾ, ਸੁੰਦਰਤਾ ਤੇ ਪਿਆਰ ਦੇ ਬੁਨਿਆਦੀ ਗੁਣਾਂ ਕਰਕੇ ਉਸਰਦੀ ਹੈ। ਗੁਰੂ ਹਰਿਕ੍ਰਿਸ਼ਨ ਜੀ ਦੀ ਸ਼ਖਸੀਅਤ ਵਿਚ ਇਹ ਬੁਨਿਆਦੀ ਗੁਣ ਵਿਦਮਾਨ ਸਨ, ਜਿਸ ਕਰਕੇ ਆਪ ਜੀ.ਦਾ ਅਭਿਨੰਦਨ ਕਰਨ ਵਾਲਿਆਂ ਕਵੀ ਜਨਾਂ ਨੇ ਆਪ ਜੀ ਦਾ ਅਤਿ ਮਾਰਮਿਕ ਚਿਤ੍ਰਣ ਕੀਤਾ ਹੈ।

ਗੁਰਿਆਈ

ਇਤਿਹਾਸਕ ਪੱਖ ਤੋਂ ਗੁਰੂ ਹਰਿਕ੍ਰਿਸ਼ਨ ਸਿੱਖ-ਇਤਿਹਾਸ ਦਾ ਸਮਾਂ ਪਰਖ ਦੀਆਂ ਘੜੀਆਂ ਸੀ। ਗੁਰੂ ਹਰਿਰਾਇ ਜੀ ਵੱਲੋਂ ਦਾਰਾ ਸ਼ਿਕੋਹ ਦੀ ਮਦਦ ਕਰਨ ਕਰਕੇ ਔਰੰਗਜ਼ੇਬ ਗੁਰੂ-ਘਰ ਨਾਲ ਅੰਦਰੂਨੀ ਤੌਰ 'ਤੇ ਵਿਰੁੱਧ ਹੋ ਚੁੱਕਾ ਸੀ। ਦੂਸਰਾ, ਰਾਮਰਾਇ ਦੀ ਮੁਗਲ ਦਰਬਾਰ ਵਿਚ ਵਿਖਾਈ ਬੁਜ਼ਦਿਲੀ ਕਰਕੇ ਗੁਰੂ ਹਰਿਰਾਇ ਜੀ ਨੇ ਉਸ ਦਾ ਸਮੁੱਚੇ ਸਿੱਖ ਜਗਤ ਵਿੱਚੋਂ ਬਾਈਕਾਟ ਕਰ ਦਿੱਤਾ ਸੀ। ਬਾਲ ਹਰਿਕ੍ਰਿਸ਼ਨ ਵਿਚ ਆਪ ਜੀ ਨੇ ਐਸੀ ਰੂਹ ਫੂਕ ਕੇ

ਗੁਰਗੱਦੀ ਬਖਸ਼ੀ ਕਿ ਗੁਰਗੱਦੀ 'ਤੇ ਬੈਠਦਿਆਂ ਹੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਮੁੱਚੀਆਂ ਚੁਣੌਤੀਆਂ ਦਾ ਸਾਹਮਣਾ ਬੜੀ ਬੀਰਤਾ ਨਾਲ ਕੀਤਾ। ਗੁਰਿਆਈ ਧਾਰਨ ਕਰਨ ਵੇਲੇ ਆਪ ਜੀ ਦੀ ਉਮਰ ਪੰਜ ਸਾਲ ਦੋ ਮਹੀਨੇ ਅਤੇ ਸੋਲ੍ਹਾਂ ਦਿਨ ਸੀ। ਇਤਿਹਾਸ ਵਿਚ ਇਹ ਬਹੁਤ ਅਚਰਜ ਘਟਨਾ ਸੀ, ਪਰ ਇਹ ਘਟਨਾ ਸਿੱਖ ਸਿਧਾਂਤ ਦੀ ਪ੍ਰਤੱਖ ਗਵਾਹੀ ਸੀ ਕਿ ਗੁਰੂ-ਘਰ ਦੀ ਚਾਲ ਦੁਨਿਆਵੀ ਪਾਤਿਸ਼ਾਹੀਆਂ ਨਾਲੋਂ ਵੱਖਰੀ ਹੈ।[7] ਆਪ ਜੀ 5 ਅਕਤੂਬਰ, 1661 ਈ. ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ।[8] ਬਚਿਤ੍ਰ ਨਾਟਕ ਵਿਚ ਆਪ ਜੀ ਦੀ ਗੁਰਿਆਈ ਇਉਂ ਵਰਣਨ ਹੈ :

> *ਹਰਿਗੋਬਿੰਦ ਪ੍ਰਭ ਲੋਕਿ ਸਿਧਾਰੇ।*
> *ਹਰੀ ਰਾਇ ਤਿਹ ਠਾ ਬੈਠਾਰੇ।*
> *ਹਰੀ ਕ੍ਰਿਸਨਿ ਤਿਨ ਕੇ ਸੁਤ ਵਏ।*
> *ਤਿਨ ਤੇ ਤੇਗ ਬਹਾਦਰੁ ਭਏ।੧੨।*[9]

ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰੂ-ਜੋਤਿ ਦੇ ਮਿਸ਼ਨ ਨੂੰ ਅੱਗੇ ਤੋਰਦਿਆਂ ਨਿਮਨ ਖਾਸ ਕਾਰਜ ਕਰਵਾਏ :

1.1. ਗੁਰਬਾਣੀ ਦੇ ਉਤਾਰੇ ਕਰਵਾਉਣ ਦਾ ਕਾਰਜ

ਆਪ ਜੀ ਨੇ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਉਤਾਰੇ ਕਰਨ ਵਾਲੇ ਗੁਰਸਿੱਖਾਂ (ਕਾਤਬਾਂ) ਤੋਂ ਬਾਣੀ ਦੀਆਂ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਖਵਾ ਕੇ ਦੂਰ-ਦੂਰ ਤਕ ਸਿੱਖਾਂ ਤਕ ਪਹੁੰਚਾਉਣ ਦੀ ਸੇਵਾ ਨੂੰ ਜਾਰੀ ਰੱਖਿਆ। ਇਸ ਦੀ ਗਵਾਹੀ ਆਪ ਜੀ ਦੇ ਦਸਤਖਤਾਂ ਵਾਲੀ ਕਾਨਗੜ੍ਹ ਵਾਲੀ ਇਤਿਹਾਸਕ ਬੀੜ ਹੈ। ਜਿਸ ਦੇ ਆਰੰਭ ਵਿਚ ਇਹ ਇਬਾਰਤਾਂ ਦਰਜ ਹਨ :

'ਸੂਚੀ ਪਤ੍ਰ ਪੋਥੀ ਆਰੰਭ ਸੰਮਤ 1718 (1661 ਈ.) ਕੀਰਤਿਪੁਰਿ ਜੀ', 'ਮਹਲਾ ੮ ਅਠਵੇਂ ਜੀ ਕਾ ਨਕਲੁ ਹੈ, ਖਾਸ ਕਲਮ ਆਪਣੀ ਹਥੀ ਲਿਖਿਆ ਕਰਤੇ ਪੁਰਖ।'[10]

1.2. ਦਿੱਲੀ ਦਾ ਪ੍ਰਚਾਰ ਦੌਰਾ

ਗੁਰਬਾਣੀ ਦੇ ਪ੍ਰਚਾਰ ਲਈ ਅਤੇ ਪ੍ਰਚਾਰਕ ਤੇ ਅਭਿਲਾਸ਼ੀ ਸਿੱਖਾਂ ਨਮਿਤ ਆਪ ਜੀ ਨੇ ਦਿੱਲੀ ਦਾ ਵਿਸ਼ੇਸ਼ ਦੌਰਾ ਤੈਅ ਕੀਤਾ। ਔਰੰਗਜ਼ੇਬ ਆਪ ਨੂੰ ਮਿਲਣਾ ਚਾਹੁੰਦਾ ਸੀ, ਪਰ ਆਪ ਔਰੰਗਜ਼ੇਬ ਨੂੰ ਕਪਟ ਨਾਲ ਸ਼ਾਹੀ-ਗੱਦੀ ਹਥਿਆਉਣ ਕਰਕੇ ਮਿਲਣਾ ਨਹੀਂ ਚਾਹੁੰਦੇ ਸਨ। ਦੂਜਾ, ਔਰੰਗਜ਼ੇਬ ਆਪ ਦੀਆਂ ਕਰਾਮਾਤਾਂ ਵੇਖਣਾ ਚਾਹੁੰਦਾ ਸੀ, ਆਪ ਜੀ ਨੇ ਨਾ ਮਿਲ ਕੇ ਇਹ ਸਿੱਧ ਕੀਤਾ ਕਿ ਸਿੱਖ ਧਰਮ ਕੋਈ ਜਾਦੂ ਟੂਣਿਆਂ ਵਾਲਿਆਂ ਦੀ ਗੱਦੀ ਨਹੀਂ ਬਲਕਿ ਤੀਸਰਾ ਪੰਥ ਹੈ।[11] ਰਾਜਾ ਜੈ ਸਿੰਘ ਦੇ ਗੁਰੂ-ਘਰ ਨਾਲ ਗੁਰੂ ਹਰਿ ਰਾਇ ਜੀ ਦੇ ਸਮੇਂ ਤੋਂ ਸੰਬੰਧ ਜੁੜ ਚੁੱਕੇ ਸਨ।[12] ਜਿਸ ਕਰਕੇ ਰਾਜਾ ਜੈ ਸਿੰਘ ਗੁਰੂ ਜੀ ਨਾਲ ਪੂਰੀ ਤਰ੍ਹਾਂ ਸਹਿਮਤ ਸੀ, ਪਰ ਔਰੰਗਜ਼ੇਬ ਨਾਲ ਨਜਿਠਣ ਲਈ[13] ਅਤੇ ਆਪਣੀ ਆਤਮਕ ਤ੍ਰਿਪਤੀ ਲਈ ਆਪਣੇ ਨਗਰ ਵਿਖੇ ਗੁਰੂ ਜੀ ਦੇ ਦਰਸ਼ਨਾਂ ਦਾ ਚਾਹਵਾਨ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਰਾਜਾ ਜੈ ਸਿੰਘ ਦੀ ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਅਤੇ ਧਰਮ ਪ੍ਰਚਾਰਕ ਦੌਰੇ ਲਈ, ਫਰਵਰੀ ਦੇ ਦੂਜੇ ਹਫਤੇ 1664 ਈ.[14] ਨੂੰ ਕੀਰਤਪੁਰ ਸਾਹਿਬ ਤੋਂ ਦਿੱਲੀ ਵਲ ਕੂਚ ਕਰ ਦਿੱਤਾ।

1.3. ਸਿੱਖੀ ਦਾ ਪ੍ਰਚਾਰ

ਦਿੱਲੀ ਦੌਰੇ ਦੌਰਾਨ ਆਪ ਜਿਥੋਂ-ਜਿਥੋਂ ਦੀ ਵੀ ਲੰਘੇ ਉੱਥੇ ਨਾਮ-ਬਾਣੀ ਦਾ ਉਪਦੇਸ਼ ਕਰਦੇ ਹੋਏ ਆਪਣੀ ਮੰਜ਼ਿਲ ਵਲ ਵੱਧਦੇ ਰਹੇ। ਆਪ ਜੀ ਪ੍ਰਮੁਖ ਰੂਪ ਵਿਚ ਰੋਪੜ, ਬਨੂੜ, ਰਾਜਪੁਰਾ, ਅੰਬਾਲਾ ਆਦਿ ਨਗਰਾਂ ਤੋਂ ਹੁੰਦਿਆਂ ਪੰਜੋਖਰਾ ਅਤੇ ਪੰਜੋਖਰੇ ਤੋਂ ਰਾਇਸੀਨਾ ਨਗਰ, ਦਿੱਲੀ ਵਿਖੇ ਪੁੱਜੇ।[15] ਆਪ ਦੀਆਂ ਕੀਰਤਪੁਰ ਸਾਹਿਬ (ਪੰਜਾਬ) ਤੋਂ ਇਲਾਵਾ ਪ੍ਰਮੁਖ ਯਾਦਗਾਰਾਂ - ਪੰਜੋਖਰਾ ਸਾਹਿਬ, ਥਨੇਸਰ, ਬੰਗਲਾ ਸਾਹਿਬ ਅਤੇ ਦੇਹੁਰਾ ਬਾਲਾ ਜੀ; ਹਰਿਆਣੇ ਤੇ ਦਿੱਲੀ ਵਿਚ ਸਥਿਤ ਹਨ। ਪੰਜੋਖਰਾ ਸਾਹਿਬ ਵਿਖੇ ਆਪ ਜੀ ਨੂੰ ਪਿਸ਼ਾਵਰ, ਕਾਬਲ ਅਤੇ ਕਸ਼ਮੀਰ ਦੀਆਂ ਦਰਸ਼ਨਾਂ ਨਮਿਤ ਪਿਛੇ ਅਉਂਦੀਆਂ ਸੰਗਤਾਂ ਦੀ ਸੂਚਨਾ ਪ੍ਰਾਪਤ ਹੋਈ ਅਤੇ ਉੱਥੇ ਆਪ ਜੀ ਨੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਠਹਿਰਾਉ ਕੀਤਾ।[16] ਦੂਸਰੀ ਪ੍ਰਮੁਖ ਘਟਨਾ ਜੋ ਇੱਥੇ ਵਾਪਰੀ ਉਹ ਸੀ, ਬ੍ਰਾਹਮਣ ਲਾਲ ਚੰਦ ਦਾ ਹੰਕਾਰ ਤੋੜਨਾ। ਬ੍ਰਾਹਮਣ ਲਾਲ ਚੰਦ ਬਹੁਤ ਪ੍ਰਬੁੱਧ ਵਿਦਵਾਨ ਪੰਡਿਤ ਸੀ। ਪਰ ਉਸ ਨੂੰ ਊਚ-ਜਾਤ ਅਤੇ ਵਿਦਵਤਾ ਦਾ ਬਹੁਤ ਹੰਕਾਰ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਇਕ ਸਾਧਾਰਣ ਜਿਹੇ ਸਿੱਖ ਛੱਜੂ ਝਿਊਰ ਤੋਂ ਗੀਤਾ ਦੇ ਅਰਥ ਕਰਵਾ ਕੇ, ਉਸ ਦਾ ਭਰਮ ਤੋੜਿਆ। ਇਸ ਘਟਨਾ ਰਾਹੀਂ ਗੁਰੂ ਜੀ ਨੇ ਇਹ ਸਿੱਧ ਕੀਤਾ ਕਿ ਵਿਦਵਤਾ ਦਾ ਉੱਚੀ ਜਾਤ-ਪਾਤ ਨਾਲ ਕੋਈ ਸੰਬੰਧ ਨਹੀਂ, ਵਿੱਦਿਆ ਜਾਂ ਵਿਦਵਤਾ ਕੋਈ ਵੀ ਮਨੁੱਖ ਹਾਸਿਲ ਕਰ ਸਕਦਾ ਹੈ। ਦੂਸਰਾ, ਇਸ ਘਟਨਾ ਵਿੱਚੋਂ ਸਿੱਖ ਸਮਾਜ ਦੀ ਜਨ-ਚੇਤਨਾ ਦਾ ਪਤਾ ਲੱਗਦਾ ਹੈ ਕਿ ਕਿਵੇਂ ਗੁਰੂ ਸਾਹਿਬਾਨ ਨੇ ਸਧਾਰਣ ਤੋਂ ਸਧਾਰਣ ਸਿੱਖ ਵਿਚ ਸਦੀਆਂ-ਬੱਧੀ ਬ੍ਰਾਹਮਣੀ ਵਰਗ ਵੱਲੋਂ ਠੋਸੀ ਗੁਲਾਮੀ ਨੂੰ ਪਰ੍ਹਾਂ ਲਾਹ ਸੁੱਟਣ ਦੀ ਕਿੰਨੇ ਵੱਡੇ ਪੱਧਰ ਦੀ ਹਿੰਮਤ ਭਰੀ ਹੋਈ ਸੀ।

1.4. ਰਾਜਾ ਜੈ ਸਿੰਘ ਨਾਲ ਮੁਲਾਕਾਤ

ਉਪਰੋਕਤ ਦੱਸਣ ਅਨੁਸਾਰ ਸਿੱਖ ਸ੍ਰੋਤਾਂ ਵਿੱਚੋਂ ਪਤਾ ਲੱਗਦਾ ਹੈ ਕਿ ਮਿਰਜ਼ਾ ਰਾਜਾ ਜੈ ਸਿੰਘ ਗੁਰੂ ਹਰਿਰਾਇ ਜੀ ਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਸਿੱਖ ਸੀ। ਰਾਜਾ ਜੈ ਸਿੰਘ (1605-1667 ਈ.) ਦਾ ਪਰਿਵਾਰਕ ਪਿਛੋਕੜ ਰਾਜਸਥਾਨ ਦੀ ਅੰਬੇਰ ਰਿਆਸਤ ਨਾਲ ਸੀ। ਆਪ ਅੰਬੇਰ ਦੇ ਰਾਜਵੰਸ਼ੀ ਰਾਜਾ ਸਨ ਅਤੇ ਕਛਵਾਹਾ ਜਾਤੀ ਦੇ ਰਾਜਪੂਤ ਸਨ। ਰਾਜਾ ਭਾਰਾ ਮਲ ਆਪ ਜੀ ਦੀ ਵੰਸ਼ ਦੇ ਮੋਢੀ ਰਾਜਾ ਸਨ। ਰਾਜਾ ਭਗਵਾਨ ਦਾਸ (1594-1589 ਈ.), ਰਾਜਾ ਮਾਨ ਸਿੰਘ (1589-1614 ਈ.) ਤੋਂ ਬਾਅਦ ਆਪ 1621 ਈ. ਵਿਚ ਅੰਬੇਰ ਦੇ ਰਾਜ ਸਿੰਘਾਸਨ ਉਪਰ ਬੈਠੇ।[17] ਸੰਨ 1617 ਈ. ਤੋਂ ਆਪ ਮੁਗਲ ਦਰਬਾਰ ਵਿਚ ਹਾਜ਼ਰ ਹੋਏ ਅਤੇ ਅੰਤਿਮ ਸਮੇਂ ਤਕ ਵੱਖ-ਵੱਖ ਅਹੁੱਦਿਆਂ ਉਪਰ ਸੇਵਾ ਨਿਭਾਉਂਦੇ ਰਹੇ। ਰਾਜਨੀਤਿਕ ਸਮੱਸਿਆਵਾਂ ਦੇ ਹੱਲ ਅਤੇ ਵਿਚਾਰਾਂ ਦੀ ਗੰਭੀਰਤਾ ਲਈ ਆਪ ਬਹੁਤ ਪ੍ਰਸਿੱਧ ਸਨ।[18] ਦਰਅਸਲ ਆਪ ਸਿੱਖ ਧਰਮ ਦੀ ਚੜ੍ਹਦੀਕਲਾ ਲਈ ਗੁਰੂ ਹਰਿਕ੍ਰਿਸ਼ਨ ਜੀ ਨਾਲ ਲਾਜ਼ਮੀ ਮਿਲਣਾ ਚਾਹੁੰਦੇ ਸਨ। ਪਰ ਔਰੰਗਜ਼ੇਬ ਨੇ ਆਪ ਨੂੰ ਮੁਹਿੰਮਾਂ ਵਿਚ ਉਲਝਾਇਆ ਹੋਇਆ ਸੀ, ਇਸ ਲਈ ਆਪ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲਣ ਲਈ ਪੁਰਜ਼ੋਰ ਬੇਨਤੀ ਕੀਤੀ। ਫਲਸਰੂਪ ਗੁਰੂ ਹਰਿਕ੍ਰਿਸ਼ਨ ਜੀ ਆਪ ਦੇ ਨਿਵਾਸ ਰਾਇਸੀਨਾ ਨਗਰ ਅੱਜਕਲ੍ਹ ਨਵੀਂ ਦਿੱਲੀ ਬੰਗਲਾ ਸਾਹਿਬ ਵਿਖੇ ਪੁੱਜੇ ਅਤੇ ਔਰੰਗਜ਼ੇਬ ਦੀਆਂ ਕੁਚਾਲਾਂ ਨੂੰ ਨਿਸਫਲ ਬਣਾਉਣ ਬਾਰੇ ਵਿਚਾਰ ਕੇ, ਗੁਰੂ ਜੀ ਨੇ ਲੋੜੀਂਦੇ ਵਿਸ਼ੇਸ਼ ਫੈਸਲੇ ਲਏ।

1.5. ਰਾਣੀ ਅਨੰਦ ਕੌਰ ਨੂੰ ਸਿੱਖ ਬਣਾਉਣਾ

ਸਿੱਖ ਇਤਿਹਾਸ ਦੇ ਮੌਖਿਕ ਸ੍ਰੋਤਾਂ ਵਿਚ ਰਾਜਾ ਜੈ ਸਿੰਘ ਦੀ ਸੁਪਤਨੀ ਦਾ ਜ਼ਿਕਰ ਕੇਵਲ 'ਰਾਣੀ' ਰੁਤਬੇ ਵਜੋਂ ਹੀ ਆਇਆ ਹੈ। ਗੁਰੂ ਕੀਆਂ ਸਾਖੀਆਂ ਅਤੇ ਵੱਟ ਵਹੀਆਂ ਵਿਚ ਰਾਣੀ ਦਾ ਨਾਂ ਪੁਸ਼ਪਾ ਦੇਵੀ ਦਰਸਾਇਆ ਗਿਆ ਹੈ।[19] ਜੋ ਬਹੁਤੇ ਵਿਦਵਾਨਾਂ ਨੇ ਪ੍ਰਵਾਨ ਕੀਤਾ ਹੈ। ਪਰ ਡਾ. ਤ੍ਰਿਲੋਚਨ ਸਿੰਘ ਦੀ ਖੋਜ ਦਾ ਅਹਿਮ ਦਸਤਾਵੇਜ਼ ਰਾਜਾ ਜੈ ਸਿੰਘ ਦੇ ਪਰਿਵਾਰਕ ਰਿਕਾਰਡ ਦੀ ਸੰਸਕ੍ਰਿਤ ਪੋਥੀ (ਪੋਥੀਖਾਨਾ, ਜੈਪੁਰ) ਇਸ ਸੰਬੰਧੀ ਵੱਖਰੇ ਤੇ ਪੁਖਤਾ ਤਥ ਪੇਸ਼ ਕਰਦੀ ਹੈ ਕਿ ਰਾਜਾ ਜੈ ਸਿੰਘ ਦੀਆਂ ਛੇ ਰਾਣੀਆਂ ਸਨ : ਰਾਣੀ ਅਨੰਦ ਕੌਰ ਚੌਹਾਨ (ਪਟਰਾਣੀ) ਰਾਜਾ ਰਾਮ ਸਿੰਘ ਦੀ ਮਾਤਾ, ਰਾਣੀ ਜੋਧਾਂ, ਰਾਣੀ ਰਾਜ ਕੌਰ, ਰਾਣੀ ਰੂਪ ਕੌਰ, ਰਾਣੀ ਭਗੀਰਥ ਅਤੇ ਰਾਣੀ ਰਾਜ ਕੌਰ।[20] ਰਾਣੀ ਅਨੰਦ ਕੌਰ ਦਾ ਗੁਰੂ ਘਰ ਨਾਲ ਨਾਤਾ ਗੁਰੂ ਹਰਿਰਾਇ ਜੀ ਦੇ ਵੇਲੇ ਤੋਂ ਜੁੜ ਚੁੱਕਾ ਸੀ। ਪ੍ਰਸਿੱਧ ਗੁਰਸਿੱਖਾਂ ਦਾ ਆਪ ਜੀ ਦੇ ਆਉਣਾ-ਜਾਣਾ ਸੀ। ਰਾਮਰਾਇ ਜਦੋਂ ਔਰੰਗਜ਼ੇਬ ਨਾਲ ਪਹਿਲੀ ਮੁਲਾਕਾਤ ਵੇਲੇ ਆਇਆ ਸੀ, ਪ੍ਰਸਿੱਧ ਮਸੰਦਾਂ ਸਮੇਤ ਆਪ ਜੀ ਦੇ ਘਰ ਠਹਿਰਿਆ ਸੀ। ਗੁਰੂ ਜੋਤਿ ਦੇ ਦਰਸ਼ਨਾਂ ਲਈ ਰਾਣੀ ਬਹੁਤ ਬਿਹਬਲਤਾ ਨਾਲ ਇੰਤਜ਼ਾਰ ਵਿਚ ਸੀ। ਪਰਚੀਕਾਰ ਸੇਵਾ ਦਾਸ ਉਦਾਸੀ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਜਦ ਦਿੱਲੀ ਰਾਣੀ ਦੇ ਗ੍ਰਹਿ ਵਿਖੇ ਪੁੱਜੇ ਤਾਂ ਰਾਣੀ ਨੇ ਬਾਲਕ ਗੁਰੂ ਨੂੰ ਗੁਰੂ ਧਾਰਣ ਕਰਨ ਲਈ ਮਨ ਵਿਚ ਪ੍ਰਣ ਧਾਰਿਆ ਕਿ ਜੇਕਰ ਬਾਲ ਗੁਰੂ ਆਪਣੇ ਆਪ ਬਿਨ ਬੁਲਾਇਆਂ ਮੇਰੀ ਝੋਲੀ ਵਿਚ ਆ ਬੈਠਿਆ ਤਾਂ ਮੈਂ ਉਹਨਾਂ ਨੂੰ ਆਪਣਾ ਗੁਰੂ ਜਾਣਾਂਗੀ।[21] ਗੁਰੂ ਜੀ ਨੇ ਰਾਣੀ ਦੀ ਸਿੱਖੀ ਭਾਵਨਾ ਪੂਰੀ ਕੀਤੀ ਅਤੇ ਰਾਣੀ ਨੂੰ ਆਪਣਾ ਸਿੱਖ ਬਣਾਇਆ। ਗੁਰੂ ਤੇਗ ਬਹਾਦਰ ਜੀ ਵੇਲੇ ਇਸ ਨੇ ਬਹੁਤ ਅਹਿਮ ਤੇ ਗੁਪਤ ਭੂਮਿਕਾ ਨਿਭਾਈ। ਸਿੱਖ ਇਤਿਹਾਸ ਦੀਆਂ ਗੌਰਵਸ਼ਾਲੀ ਇਸਤਰੀਆਂ ਵਿਚ ਆਪ ਨੂੰ ਉਘਾ ਕਰਨ ਦੀ ਵਿਸ਼ੇਸ਼ ਲੋੜ ਹੈ।

1.6. ਗੁਰੂ ਤੇਗ ਬਹਾਦਰ ਜੀ ਨਾਲ ਮੁਲਾਕਾਤ

ਗੁਰੂ ਹਰਿਰਾਇ ਜੀ ਦੇ ਚਲਾਣੇ ਦੀ ਖਬਰ ਸੁਣ ਕੇ ਗੁਰੂ ਤੇਗ ਬਹਾਦਰ ਜੀ ਪੂਰਬ ਤੋਂ ਪੰਜਾਬ ਵੱਲ ਪਰਤ ਆਏ। ਪਰ ਜਦ ਰਸਤੇ ਵਿਚ ਉਹਨਾਂ ਨੂੰ ਸੂਚਨਾ ਮਿਲੀ ਕਿ ਗੁਰੂ ਹਰਿਕ੍ਰਿਸ਼ਨ ਜੀ ਪਰਿਵਾਰ ਸਮੇਤ ਦਿੱਲੀ ਵਿਖੇ ਹੀ ਆਏ ਹੋਏ ਹਨ ਤਾਂ ਆਪ ਸਿੱਧੇ ਦਿੱਲੀ ਵਿਖੇ ਰਾਜਾ ਜੈ ਸਿੰਘ ਦੇ ਬੰਗਲੇ ਪਧਾਰੇ। ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਮਿਲਾਪ ਸਮੇਂ ਬਾਬਾ ਤੇਗ ਬਹਾਦਰ ਵਿਚ ਗੁਰਿਆਈ ਦੇ ਵਾਰਸ ਵਾਲੇ ਗੁਣ ਵੇਖ ਲਏ ਸਨ। ਸੋ, ਇਹ ਇਤਿਹਾਸਕ ਮਿਲਣੀ ਬਹੁਤ ਮਹੱਤਵਪੂਰਨ ਸੀ। ਗੁਰੂ ਹਰਿਕ੍ਰਿਸ਼ਨ ਜੀ ਦਾ ਬਾਬਾ ਤੇਗ ਬਹਾਦਰ ਜੀ ਨਾਲ ਇਹ ਪਹਿਲਾ ਤੇ ਅੰਤਿਮ ਮਿਲਾਪ ਸੀ।

1.7. ਗੁਰੂ ਘਰ ਦੇ ਵਿਰੋਧੀਆਂ ਦਾ ਮੂੰਹ-ਤੋੜ ਜਵਾਬ ਦੇਣਾ : ਰਾਮਰਾਇ ਨੇ ਕੁਝ ਪ੍ਰਭਾਵਸ਼ਾਲੀ ਮਸੰਦਾਂ ਨੂੰ ਆਪਣੇ ਨਾਲ ਮਿਲਾ ਲਿਆ ਸੀ, ਪਰ ਸਿੱਖਾਂ ਦੀ ਬਹੁਸੰਖਿਆ ਨੇ ਉਸ ਨੂੰ ਪ੍ਰਵਾਨ ਨਾ ਕੀਤਾ।[22] ਇਸ ਪਿਛੇ ਗੁਰੂ ਹਰਿਕ੍ਰਿਸ਼ਨ ਜੀ ਦੀ ਲਾਸਾਨੀ ਪ੍ਰਤਿਭਾ ਕੰਮ ਕਰਦੀ ਸੀ ਕਿ ਗੁਰੂ ਜੀ ਨੇ ਥਾਂ ਪਰ ਥਾਂ ਸੰਗਤਾਂ ਕੋਲ ਹੁਕਮਨਾਮੇ ਭੇਜ ਕੇ ਸਿੱਖਾਂ ਨੂੰ ਸੰਸਥਾਗਤ ਤੇ ਅਧਿਆਤਮਕ ਤੌਰ ਤੇ ਲਾਮਬੰਦ ਰਹਿਣ ਦ੍ਰਿੜ੍ਹ ਕਰਵਾਉਂਦੇ ਰਹੇ। ਇਸ ਦੀ ਉਗਾਹੀ ਆਪ ਦਾ ਪਟਨੇ ਦੀ ਸੰਗਤ ਦੇ ਨਾਂ ਤੇ ਹੇਠਾਂ ਦਰਜ ਹੁਕਮਨਾਮਾ ਹੈ :

> ੧ਓ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸਨ ਜੀਉ ਦੀ ਆਗਿਆ ਹੈ ਭਾਈ ਅਣੀ ਰਾਇ ਭਾਈ ਜਸੁ ਭਾਈ ਰੰਗਾ ਭਾਈ ਹਜੂਰੀ ਭਾਈ ਨਿਹਚਲੁ ਸਰਬਤ ਸੰਗਤਿ ਪਟਣ ਦੀ ਤੁਸਾ ਭੇਟ ਭਾਈ ਬਠੇ ਹਥਿ ਭੇਜੀ ਸੀ ਸੋ ਪਹੁਤੀ ਹਜੂਰਿ ਮੁਜਰਾ (ਹਿਸਾਬ ਵਿਚ ਗਿਣ ਲੈਣਾ) ਹੋਆ ਸ੍ਰੀ ਗੁਰੂ ਜੀਉ ਦੀ ਖੁਸ਼ੀ ਹੋਈ ਨਿਹਾਲੁ ਹੋਏ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਣਗੇ ਭੇਜਦੇ ਰਹਣਾ ਭੇਟ ਸੰਗਤ ਧਰਮਸਾਲ ਆਵਦੇ ਰਹਣਾ ਆਰਤੀ ਸੋਹਲਾ ਕਰਣਾ ਸ੍ਰੀ ਗੁਰੁ ਜੀ ਦੀ ਖਰੀ ਖੁਸੀ ਹੈ, ਗੁਰੂ ਸੰਗਤ ਦੀ ਬਾਹੁੜੀ ਕਰੈਗਾ ਤੁਸਾ ਉਪਰਿ ਖੁਸੀ ਹੈ॥[23]

1.8. ਸਿੱਖਾਂ ਨੂੰ ਆਪਣੇ ਅਸਲ ਗੁਰੂ ਦੀ ਪਹਿਚਾਣ ਦੇ ਯੋਗ ਬਣਾਉਣਾ

ਸਿੱਖ ਰਵਾਇਤਾਂ ਦਸਦੀਆਂ ਹਨ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤਿ ਸਮਾਉਣ ਵੇਲੇ ਅਗਲੀ ਗੁਰੂ-ਜੋਤਿ ਬਾਰੇ 'ਬਾਬਾ ਬਕਾਲੇ' ਦਾ ਇਸ਼ਾਰਾ ਕੀਤਾ ਅਤੇ ਭਾਈ ਮੱਖਣ ਸ਼ਾਹ ਲੁਬਾਣੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ-ਪਿਆਰ ਦੇ ਖੁਮਾਰ ਵਿਚ ਬਕਾਲਿਓ ਭੇਖੀਆਂ ਦੇ ਝੁੰਡ ਵਿੱਚੋਂ ਸਹਿਜੇ ਹੀ ਲੱਭ ਲਿਆ। ਇਤਿਹਾਸਕ ਤੌਰ 'ਤੇ ਭਾਵੇਂ ਪਤਾ ਲੱਗਦਾ ਹੈ ਕਿ ਪ੍ਰਮੁਖ ਸਿੱਖਾਂ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਗੁਰੂ ਹਰਿਕ੍ਰਿਸ਼ਨ ਸਪਸ਼ਟ ਦਸ ਕੇ ਗਏ ਸਨ। ਪਰ ਸਿੱਖ ਜਗਤ ਵਿਚ 'ਬਾਬਾ (ਦਾਦਾ ਗੁਰੂ ਤੇਗ ਬਹਾਦਰ ਜੀ)! ਬਕਾਲਾ ਅਹੇ' ਗੁਰੂ ਹਰਿਕ੍ਰਿਸ਼ਨ ਜੀ ਦੇ ਅੰਤਮ ਵਾਕ ਗੂੰਜ ਚੁੱਕੇ ਸਨ। ਦੂਸਰਾ, ਇਹ ਵੀ ਮੰਨਿਆ ਜਾਂਦਾ ਹੈ ਕਿ ਮੁਗਲ ਹਕੂਮਤ ਵਧਦੇ ਸਿੱਖ ਇਨਕਲਾਬ ਪ੍ਰਤੀ ਗੁਰ-ਸੰਸਥਾ 'ਤੇ ਤਿਖੀਆਂ ਨਜ਼ਰਾਂ ਰਖੀ ਬੈਠੀ ਸੀ, ਜਿਸ ਕਰਕੇ ਗੁਰੂ ਤੇਗ ਬਹਾਦਰ ਜੀ ਬਾਰੇ ਖੁਲ੍ਹੀ ਸੂਚਨਾ ਨਸ਼ਰ ਨਾ ਕੀਤੀ ਗਈ।[24] ਕਾਰਨ ਭਾਵੇਂ ਕੋਈ ਹੋਵੇ, ਪਰ ਇਹ ਸਿੱਖ ਖਲਕਤ ਲਈ ਚੁਣੌਤੀ ਸੀ। ਸਾਰੀਆਂ ਅੜਿਚਨਾਂ ਦੇ ਬਾਵਜੂਦ ਸਿੱਖਾਂ ਨੂੰ ਆਪਣੇ ਰਹਿਬਰ ਦੀ ਪਹਿਚਾਣ ਵਿਚ ਕੋਈ ਦਿਕਤ ਨਹੀਂ ਰਹੀ ਸੀ। ਇਹ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਤਕ ਵਿਗਸੀ ਸਿੱਖੀ ਦਾ ਪ੍ਰਤਾਪ ਸੀ।

ਦਿੱਲੀ ਵਿਖੇ ਚੇਚਕ ਦੇ ਰੋਗ ਗ੍ਰਸਤ ਹੋ ਜਾਣ ਕਾਰਨ ਗੁਰੂ ਹਰਿ ਕ੍ਰਿਸ਼ਨ ਜੀ ਚੇਤ ਸੁਦੀ 14, ਦਿਨ ਬੁੱਧਵਾਰ, ਤਿੰਨ ਵੈਸਾਖ, 1721 ਸੰਮਤ (30 ਮਾਰਚ, 1664 ਈ.) ਨੂੰ ਜੋਤੀ-ਜੋਤਿ ਸਮਾ ਗਏ।[25]

ਹਵਾਲੇ ਅਤੇ ਟਿੱਪਣੀਆਂ

1. ਗੁਰੂ ਹਰਿਰਾਇ ਜੀ ਦੀਆਂ ਸੁਪਤਨੀਆਂ ਬਾਰੇ ਇਤਿਹਾਸਕ ਅਥਵਾ ਮੌਖਿਕ ਸ੍ਰੋਤ ਵੱਖਰੀ-ਵੱਖਰੀ ਜਾਣਕਾਰੀ ਦਿੰਦੇ ਹਨ, ਜਿਵੇਂ ਕਿ ਪਿਛਲੇਰੇ ਗੁਰਪ੍ਰਣਾਲੀਕਾਰਾਂ ਨੇ ਵਧੇਰੇ ਆਪ ਜੀ ਦੀ ਮਾਤਾ ਦਾ ਨਾਂ ਕਿਸ਼ਨ ਕੌਰ ਲਿਖਿਆ ਹੈ (ਵੇਖੋ ਅੰਕਿਤਾ - *(ਅ)*। ਪਰ ਨਿਕਟਕਾਲੀ ਸ੍ਰੋਤ ਕਵੀ ਸੋਂਧਾ ਤੇ ਸਰੂਪ ਦਾਸ ਭੱਲਾ ਦੁਆਰਾ ਰਚਿਤ ਵਧੇਰੇ ਪੁਖਤਾ ਹਨ :

   ਸੋਢੀ ਗੁਰੁ ਹਰਿ ਰਾਇ ਜੀ ਪਿਤਾ, ਸੁਲੱਖਣੀ ਮਾਤ।
   ਕ੍ਰਿਸ਼ਨ ਰੂਪ ਹਰਿ ਕ੍ਰਿਸ਼ਨ ਗੁਰੁ, ਜਪੋ ਤਾਸੁ ਦਿਨ ਰਾਤ॥੩੫॥

   (*ਗੁਰਬੰਸਾਵਲੀ, ਕਵਿ ਸੋਂਧਾ*)

   ਬਾਬਾ ਗੁਰ ਦਿੱਤਾ ਪਿਤਾ, ਰਾਜ ਕੌਰ ਮਾਤ॥
   ਸੁਲਖਣੀ ਪਤਿ ਹਰਿ ਰਾਏ ਗੁਰ, ਗਹਰਿ ਕ੍ਰਿਸ਼ਨ ਰਾਮ ਰਾਇ ਤਾਤ॥ (*ਮਹਿਮਾ ਪ੍ਰਕਾਸ਼*)

ਭੱਟ ਵਹੀਆਂ ਅਤੇ 'ਗੁਰੂ ਕੀਆਂ ਸਾਖੀਆਂ' ਵੀ ਇਸ ਤੱਥ ਦੀ ਪ੍ਰੋੜ੍ਹਤਾ ਕਰਦੀਆਂ ਹਨ : "ਜਬ ਸ੍ਰੀ ਰਾਮ ਰਾਇ ਜੀ ਛੇ ਬਰਖਾਂ ਕੇ ਹੂਏ *ਮਾਤਾ ਸੁਲਖਨੀ* ਕੀ ਕੁੱਖ ਕੋ ਫੇਰ ਭਾਗ ਲਾਗਾ। ਸੰਮਤ ਸਤਰਾਂ ਸੈ ਨਾਵਾਂ ਸਾਵਨ ਵਦੀ ਦਸਮੀ ਕੇ ਦਿਹੁੰ ਸਵਾ ਪਹਿਰ ਰੈਨ ਗਈ ਏਕ ਚਮਤਕਾਰੀ ਬਾਲਕ ਪੈਦਾ ਹੂਆ। ਮਾਤਾ ਬੱਸੀ ਨੇ ਕੁਲ ਪਰੋਹਤ ਕੋ ਬੁਲਾਇ ਭੇਜਾ।" (*ਗੁਰੂ ਕੀਆਂ ਸਾਖੀਆਂ*, ਪੰਨਾ ੪੩-੪੪) ਆਦਿ। ਮਾਤਾ ਸੁਲਖਣੀ ਜੀ ਦੇ ਹੋਰ ਮਿਲਦੇ ਵੱਖ-ਵੱਖ ਨਾਵਾਂ ਬਾਰੇ ਸ਼ੰਕਾ '*ਗੁਰੂ ਕੀਆਂ ਸਾਖੀਆਂ*' ਦੀ ਪ੍ਰਸਤੁਤ ਟੂਕ ਬੜੇ ਸਹਿਜ ਨਾਲ ਦੂਰ ਕਰ ਦਿੰਦੀ ਹੈ - 'ਮਾਤਾ ਸੁਲਖਣੀ ਕੇ ਤੀਨ ਬੱਚੇ ਥੇ ਜਿਨ ਕੇ ਸਾਥ ਦੌਦੀ ਬੱਸੀ ਮਨ ਪਰਚਾਵਾ ਕਰਤੀ ਥੀ। ਮਾਤਾ ਬੱਸੀ ਕਿਸੇ ਸਮੇਂ ਸੁਲਖਣੀ ਕੋ ਤਿਰਬੈਣੀ, ਕਭੀ ਕੋਟ ਕਲਿਆਨੀ ਕਹਿ ਕੇ ਬੁਲਾਤੀ ਥੀ।" (ਪੰਨਾ ੪੪)

2. ਆਪ ਜੀ ਜਨਮ ਸੰਮਤ ਦੇ ਰਿਕਾਰਡ ਤਕਰੀਬਨ ਮਿਲਦੇ-ਜੁਲਦੇ ਹਨ, ਪਰ ਜਨਮ ਸਾਲ ਤੋਂ ਛੁੱਟ ਕੁਝ ਲਿਖਾਰੀਆਂ ਦੇ ਜਨਮ ਲੈਣ ਵਾਲੇ ਦਿਨ ਸਬੰਧੀ ਕੁਝ ਫਰਕ ਹਨ। ਖਾਸ ਕਰਕੇ 10 ਵਦੀ ਦੀ ਬਜਾਏ ਕੁਝ ਲਿਖਾਰੀਆਂ ਨੇ 9 ਵਦੀ ਲਿਖਿਆ ਹੈ :
   (ੳ) *ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ*, ਵਦੀ 9, ਸੰਮਤ 1713 (ਐਤਵਾਰ 6 ਜੁਲਾਈ 1656 ਈ.)
   (ਅ) *ਗੁਰੂ ਕੀਆਂ ਸਾਖੀਆਂ*, ਸੰਮਤ ਸਤਰਾ ਸੈ ਨਾਵਾ ਸਾਵਣ ਵਦੀ ਦਸਵੀ ਕੇ ਦਿਹੁੰ ਸਵਾ ਪਹਿਰ ਰੈਨ ਰਹੀ।
   (ੲ) ਗੁਰੂ ਪ੍ਰਤਾਪ ਸੂਰਜ ਗ੍ਰੰਥ, ਸਾਵਣ ਵਦੀ 10, ਸੰਮਤ 1713.
   (ਸ) *ਤਵਾਰੀਖ ਗੁਰੂ ਖ਼ਾਲਸਾ*, 9 ਸੌਣ ਵਦੀ 10 ਸੰਮਤ 1713... ਦਿਨ ਬੁੱਧਵਾਰ (ਹੋਰ ਵੇਖੋ : *ਅੰਤਿਕਾ (ਅ)*)

   ਡਾ. ਤ੍ਰਿਲੋਚਨ ਸਿੰਘ ਅਨੁਸਾਰ ਇਹ ਸਾਰਾ ਫਰਕ ਕੇਵਲ ਸੂਰਜੀ ਤੇ ਚੰਦ੍ਰਮਾ ਕੈਲੰਡਰਾਂ ਦੇ ਗਲਤ-ਜੋੜਾਂ ਅਤੇ ਚੰਗੀ ਤਰ੍ਹਾਂ ਨਾ ਪੜ੍ਹਨ ਕਰਕੇ ਹੈ। (*Life of Guru Hari Krishan : A Biography & History*, p. 13).

3. ਵਚਨ ਸੇਵਾਦਾਸ ਉਦਾਸੀ (ਪੋਥੀ ਸੰਗ੍ਰਹਿ), ਹਥ ਲਿਖਿਤ ਖ.ਨੰ. 762, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ - 1894 ਈ. (ਉਤਰਾਕਾਲ), ਪਤਰਾ 410.

4. *ਆਰਬਲਾ ਲਘੁ ਸ਼ਕਤਿ ਬਿਸਾਲ।*
   ਬਾਲ ਗੁਰੂ ਹਰਿ ਕ੍ਰਿਸ਼ਨ ਰਸਾਲ।
   ਬਾਲ ਸੂਰ ਲਘੁ ਪਿਖਿ ਜਿਮ ਜਾਲ।
   ਮੋਹ ਤਿਮਰ ਤਿਮ ਕਰਤਿ ਉਜਾਲ॥੧੧॥

   (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 7/ਰਾਸ 5.1, 11:1-4 (251[3])

5. ਕਲਾਮ ਭਾਈ ਨੰਦ ਲਾਲ, ਪਿਆਰਾ ਸਿੰਘ ਪਦਮ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ - 1988, ਪੰਨਾ 132.

6. ਵੇਖੋ ਅੰਤਿਕਾ - *(ੳ)*

7. *ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ॥*
   ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ॥
   ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ॥
   ਟਕਸਾਲੈ ਸਿਕਾ ਪਵੈ ਹੁਕਮੀ ਵਿਚਿ ਸੁਪੇਦੀ ਸਿਆਹੀ॥
   ਮਾਲੁ ਮੁਲਕੁ ਅਪਣਾਇਦਾ ਤਖਤ ਬਖਤ ਚੜ੍ਹਿ ਬੇਪਰਵਾਹੀ॥

ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ॥
ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ॥
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ॥੩੧॥ (ਵਾਰ 26, 31 : 1-8)

8. ਗੁਰਪ੍ਰਣਾਲੀਆਂ ਵਿਚ ਅੱਸੂ ਸੁਦੀ 10, ਸੰਮਤ 1718 (23 ਸਤੰਬਰ, 1661 ਈ.) ਬਾਰੇ ਵਧੇਰੇ ਸਮਤਾ ਪ੍ਰਗਟਾਈ ਗਈ ਹੈ (ਵੇਖੋ *ਅੰਤਿਕਾ - (ਅ)*) । ਪਰ ਡਾ. ਗੰਡਾ ਸਿੰਘ ਅਨੁਸਾਰ ਕਤਕ ਵਦੀ 10, ਸੰਮਤ 1718 (7 ਅਕਤੂਬਰ, 1661 ਈ.) ਆਪ ਜੀ ਨੂੰ ਗੁਰਿਆਈ ਬਖਸ਼ੀ ਗਈ ਸੀ (*ਮਾਖ਼ਜ਼ਿ ਤਵਾਰੀਖਿ ਸਿਖਾਂ* (ਅਨੁ.), ਪੰਨਾ 131) । ਗਿਆਨੀ ਗਿਆਨ ਸਿੰਘ ਨੇ *ਤਵਾਰੀਖ ਗੁਰ ਖ਼ਾਲਸਾ* (632 ਪੰਨਾ) ਵਿਚ 10 ਕਤਕ 1718 ਬਿ. (10 ਅਕਤੂਬਰ, 1661 ਈ.) ਅਤੇ ਸੰਮਤ ਸਤਰਾਂ ਸ ਅਠਾਰਾਂ ਕਾਰਤਕ ਬਦੀ ਅਠ ਸ਼ਨੀਵਾਰ (5 ਅਕਤੂਬਰ, 1661 ਈ.) '*ਗੁਰੂ ਕੀਆਂ ਸਾਖੀਆਂ*' (ਪੰਨਾ 57) ਨੇ ਦਰਸਾਈ ਹੈ । ਇਹ ਸਮੁੱਚੀ ਭਿੰਨਤਾ ਪ੍ਰਚਲਿਤ ਕੈਲੰਡਰਾਂ ਦੇ ਜੋੜਾਂ ਕਰਕੇ ਹੀ ਹੈ । ਉਦਾਹਰਨ ਲਈ ਗੋਵਿੰਦ ਸਿੰਘ ਨਿਰਮਲ ਉਦਾਸੀ ਗੁਰੂ ਹਰਿਰਾਇ ਜੀ ਦਾ ਅਕਾਲ ਚਲਾਣਾ ਮਿਤੀ ਕਤਕ ਸੁਦੀ 9, ਐਤਵਾਰ ਸੰਮਤ 1718 ਦਰਸਾਉਂਦਾ ਹੈ । ਪਰ 1718 ਸੰਮਤ ਵਿਚ ਕਤਕ ਵਦੀ 9 ਨੂੰ ਐਤਵਾਰ ਹੈ, ਜਦਕਿ ਕਤਕ ਸੁਦੀ 9 ਨੂੰ ਮੰਗਲਵਾਰ ਹੈ (see : *Jantri : 500 Years*, Pal Singh Purewal, PSEB, Mohali - 1994, p.179) । ਸੋ, ਅਸਲ ਤਰੀਕ ਕਤਕ ਵਦੀ 9 ਹੈ । ਗੁਰੂ ਹਰਿਰਾਇ ਜੀ ਨੇ ਜੋਤਿ-ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਗੁਰਿਆਈ ਦਾ ਵਾਰਸ ਬਾਲ ਹਰਿਕ੍ਰਿਸ਼ਨ ਨੂੰ ਚੁਣਿਆ ਸੀ । ਇਸ ਤਰ੍ਹਾਂ ਇਹ ਮਿਤੀ '*ਗੁਰੂ ਕੀਆਂ ਸਾਖੀਆਂ*' ਦੁਆਰਾ ਦਿੱਤੀ ਗੁਰਿਆਈ-ਮਿਤੀ (ਕਤਕ ਵਦੀ 8) ਨਾਲ ਜਾ ਮਿਲਦੀ ਹੈ ਅਤੇ ਇਹ ਵਧੇਰੇ ਮੰਨਣਯੋਗ ਹੈ ।

9. *ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ*, (ਸੰਪਾ. ਤੇ ਵਿਆਖਿਆ) ਡਾ. ਰਤਨ ਸਿੰਘ ਜੱਗੀ, ਡਾ. ਗੁਰਸ਼ਰਨ ਕੌਰ ਜੱਗੀ, ਗੋਬਿੰਦ ਸਦਨ, ਨਵੀਂ ਦਿੱਲੀ - 1999, ਪੰਨਾ 144.

10. *ਪ੍ਰਾਚੀਨ ਬੀੜਾਂ*, ਜੀ. ਬੀ. ਸਿੰਘ, ਮਾਡਰਨ ਪਬਲੀਕੇਸ਼ਨ, 26, ਮੈਕਲੋਡ ਰੋਡ, ਲਾਹੌਰ-1944, ਪੰਨਾ?.

11. *ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ॥*
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ॥
ਇਉਂ ਉਠੇ ਸਿੰਘ ਭਭਕਾਰਿ ਕੈ ਸਭ ਜਗ ਡਰਪਾਨਾ॥
ਮੜੀ ਦੇਵਲ ਗੋਰ ਮਸੀਤ ਢਾਹਿ ਕੀਏ ਮੈਦਾਨਾ॥
ਬੇਦ ਪੁਰਾਨ ਖਟ ਸਾਸਤ੍ਰਾਂ ਫੁਨ ਮਿਟੇ ਕੁਰਾਨਾ॥
ਬਾਂਗ ਸਲਾਤ ਹਟਾਇ ਕਰਿ ਮਾਰੇ ਸੁਲਤਾਨਾ॥
ਮੀਰ ਪੀਰ ਸਭ ਛਪਿ ਗਏ ਮਜਹਬ ਉਲਟਾਨਾ॥
ਮਲਵਾਨੇ ਕਾਜੀ ਪੜਿ ਥਕੇ ਕਛੂ ਮਰਮੁ ਨ ਜਾਨਾ॥
ਲਖ ਪੰਡਿਤ ਬ੍ਰਹਮਨ ਜੋਤਕੀ ਬਿਖ ਸਿਉ ਉਰਝਾਨਾ॥
ਫੁਨ ਪਾਥਰ ਦੇਵਲ ਪੂਜਿ ਕੈ ਅਤਿ ਹੀ ਭਰਮਾਨਾ॥
ਇਉਂ ਦੋਨੋ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ॥
ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ॥
ਜਿਨਿ ਗੁਰੂ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ॥
ਤਿਹ ਸਭ ਦੁਸਟਨ ਕਉ ਛੇਦਿ ਕੈ ਅਕਾਲ ਜਪਾਨਾ॥

ਫਿਰ ਐਸਾ ਹੁਕਮ ਅਕਾਲ ਕਾ ਜਗ ਮੈ ਪ੍ਰਗਟਾਨਾ॥
ਤਬ ਸੁੰਨਤ ਕੋਇ ਨ ਕਰਿ ਸਕੈ ਕਾਂਪਤਿ ਤੁਰਕਾਨਾ॥
ਇਉਂ ਉਮਤ ਸਭ ਮੁਹੰਮਦੀ ਖਪਿ ਗਈ ਨਿਦਾਨਾ॥
ਤਬ ਫਤੇ ਡੰਕ ਜਗ ਮੋ ਘੁਰੇ ਦੁਖ ਦੁੰਦ ਮਿਟਾਨਾ॥
ਇਉਂ ਤੀਸਰ ਪੰਥ ਰਚਾਇਨੁ ਵਡ ਸੂਰ ਗਹੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੬॥

(ਭਾਈ ਗੁਰਦਾਸ ਦੂਜਾ ਵਾਰ-੪੧, ੧੬ : ੧-੨੦)

12. ਵੇਖੋ : *ਗੁਰੂ ਕੀਆਂ ਸਾਖੀਆਂ*, ਪੰਨਾ 46.
ਗੁਰੂ ਗੋਬਿੰਦ ਸਿੰਘ ਦਾ ਨਿਕਟਕਾਲੀ ਸ੍ਰੋਤ *ਪਰਚੀ ਪਾਤਸ਼ਾਹੀ ਦਸਵੀਂ ਕੀ* ਦਾ ਕਰਤਾ ਲਿਖਦਾ ਹੈ ਕਿ ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਔਰੰਗਜ਼ੇਬ ਵੱਲੋਂ ਦਿੱਲੀ ਬੁਲਾਉਣ ਦੀ ਗੱਲ ਹੋਈ "ਤਾਂ ਉੱਥੇ ਇਕ ਖਤ੍ਰੀ ਦੀਵਾਨ (ਰਾਜਾ ਜੈ ਸਿੰਘ) ਬੈਠਾ ਸੀ। ਉਹ ਗੁਰੂ ਜੀ ਦਾ ਸਿਖੁ ਕਹਾਉਂਦਾ ਸੀ।" ਪੰਨਾ ੨੯.
13. (ੳ) ਔਰੰਗਜ਼ੇਬ ਰਾਜਾ ਜੈ ਸਿੰਘ ਦੀ ਚੜ੍ਹਤ ਕਰਕੇ ਅੰਦਰੋਂ ਖਾਰ ਖਾਂਦਾ ਸੀ। ਇਸ ਦੀ ਗਵਾਹੀ ਰਾਜਾ ਜੈ ਸਿੰਘ ਦੀ ਦੇਹਾਂਤ ਬਾਰੇ ਕਰਨਲ ਟਾਡ ਦੇ ਬਿਆਨ ਵਿਚ ਸਪਸ਼ਟ ਹੈ : "ਮਿਰਜ਼ਾ ਰਾਜਾ ਜੈ ਸਿੰਘ ਦੇ ਬਹੁਤ ਜ਼ਿਆਦਾ ਪ੍ਰਤਾਪ ਹੋਏ ਤੋਂ ਡਰ ਕੇ ਔਰਗਜ਼ੇਬ ਨੇ ਇਹਨਾਂ ਦੇ ਪੁੱਤਰ ਕੀਰਤ ਸਿੰਘ ਨੂੰ.... ਲੋਭ ਦੇ ਕੇ ਆਪ ਨੂੰ ਮਾਰ ਦੇਣ ਲਈ ਉਤਸ਼ਾਹਿਤ ਕੀਤਾ" – Rajasthan, Con. Tod, Vol.2, p. 207. ਉਦਰਿਤ *मआसिरूल उमरा (मुगल दरबार के हिन्दू सरदारों की जीवनियाँ)*, भाग–१, अनु. ब्रजरत्न, दास, नागरी प्रचारणी सभा, काशी–१६३२ ई., पृष्ठ १०४.
(ਅ) "(ਗੁਰੂ ਹਰਿ ਰਾਇ ਜੀ ਵੱਲੋਂ) ਮੇਰੇ ਤੇ ਇਹ ਪਾਬੰਦੀ ਲਾਈ ਹੈ ਕਿ ਮੈਂ ਬਾਦਸ਼ਾਹ ਦੇ ਮੱਥੇ ਨਾ ਲੱਗਾਂ। ਰਾਜਾ ਜੈ ਸਿੰਘ ਨੂੰ ਲਿਖ ਕੇ ਦੱਸ ਦਿਉ ਕਿ ਜੇ ਦਿੱਲੀ ਦੇ ਸਿੱਖਾਂ ਦੀ ਇੱਛਾ ਹੈ ਤਾਂ ਮੈਂ ਉਹਨਾਂ ਕੋਲ ਜਾਵਾਂਗਾ। ਪ੍ਰੰਤੂ ਜੇ ਰਾਜੇ ਦੀ ਇੱਛਾ ਹੋਵੇ ਕਿ ਮੈਂ ਬਾਦਸ਼ਾਹ ਨੂੰ ਮਿਲਾਂ ਤਾਂ ਇਹ ਸੌਦਾ ਪਰਵਾਨ ਕਰਨ ਤੋਂ ਮੇਰੀ ਨਾਂਹ ਹੈ।" ਮੈਕਾਲਿਫ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਰਾਜਾ ਜੈ ਸਿੰਘ ਨਾਲ ਇਸ ਮਨੌਤ ਉਪਰ ਗਏ ਸਨ ਅਤੇ ਰਾਜਾ ਜੈ ਸਿੰਘ ਨੇ ਕੂਟਨੀਤੀ ਨਾਲ ਇਸ ਮੁਲਾਕਾਤ ਨੂੰ ਲੋੜ ਪੈਣ ਤੇ ਅਸਫਲ ਬਣਾਉਣ ਦੀ ਜ਼ਿੰਮੇਵਾਰੀ ਵੀ ਲਈ ਸੀ। - *ਸਿੱਖ ਇਤਿਹਾਸ*, ਭਾਗ-3, ਮੈਕਸ ਆਰਥਰ ਮੈਕਾਲਿਫ, (ਅਨੁ.) ਡਾ. ਗੁਰਬਚਨ ਸਿਘ ਔਲਖ, ਲਾਹੌਰ ਬੁੱਕ ਸ਼ਾਪ ਲੁਧਿਆਣਾ - 2002, ਪੰਨਾ 282.
14. *Life of Guru Hari Krishan : A Biography & History*, p. 111.
15. *ਗੁਰੂ ਕੀਆਂ ਸਾਖੀਆਂ*, ਪੰਨਾ 61.
16. *ਸਾਡਾ ਵਿਰਸਾ (The Heritage of the Sikhs)*, ਹਰਬੰਸ ਸਿੰਘ (ਅਨੁ.), ਮੇਜਰ ਗੁਰਮੁਖ ਸਿੰਘ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ-1997, ਪੰਨਾ 61.
17. *www.jaipur (Princely State) or search Royal Family of Jaipur.*
18. *मआसिरूल उमरा (मुगल दरबार के हिन्दू सरदारों की जीवनियाँ)*, भाग–१, अनु. ब्रजरत्न, दास, नागरी प्रचारणी सभा, काशी–१६३१ ई., पृष्ठ १०४.
19. (ੳ) *ਗੁਰੂ ਕੀਆਂ ਸਾਖੀਆਂ*, ਪੰਨਾ 56/ਸਾਖੀ 11.

(ਅ) *ਭਟ ਵਹੀ ਤਲਉਡਾ, ਭਟ ਵਹੀ ਪੂਰਬੀ ਦਖਣੀ* ਵਿਸਤਾਰ ਲਈ ਵੇਖੋ *Guru Tegh Bahadur*, Harbans Singh, Manohar - 1994, p. 62 & *History of the Sikh Gurus*, Surjit Singh Gandhi, Gurdas Kapur & Sons, Jullunder - 1978, p. 589.

20. *ਪਰਚੀ ਪਾਤਸ਼ਾਹੀ ਦਸਵੀਂ ਕੀ*, ਪੰਨਾ 40/ਸਾਖੀ-8.
21. *Life of Guru Hari Krishan : A Biography & History*, p. 122.
22. पंजाब का इतिहास (१४६६–१८५७), विद्यासागर सूरी, हरियाणा साहित्य अकादमी, पंचकूला–२००२ (दूसरा संस्करण, प्रथम १६७५), पृष्ठ ६४.
23. *ਹੁਕਮਨਾਮੇ*, (ਸੰਪਾ.) ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1976, ਪੰਨਾ 73.
24. *ਜੀਵਨ ਗਾਥਾ ਸ੍ਰੀ ਗੁਰੂ ਤੇਗ ਬਹਾਦਰ ਅਤੇ ਸਿੱਖ ਇਨਕਲਾਬ*, ਮਹਿੰਦਰ ਸਿੰਘ ਜੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ - 2003, ਪੰਨਾ 39.
25. ਗੁਰੂ ਹਰਿਕ੍ਰਿਸ਼ਨ ਜੀ ਜੋਤਿ-ਜੋਤਿ ਤਿਥਿ ਸਮੁਚੇ ਪ੍ਰਮੁਖ ਸਰੋਤਾਂ ਵਿੱਚੋਂ ਸਮਾਨ ਮਿਲਦੀ ਹੈ, ਜਿਵੇਂ ਕਿ ਗੁਰਪ੍ਰਣਾਲੀਆਂ {ਵੇਖੋ ਅੰਤਿਕਾ (ਅ)}, *ਮਹਿਮਾ ਪ੍ਰਕਾਸ਼*, ਪੰਨਾ 621, *ਬੰਸਾਵਲੀਨਾਮਾ* ਪੰਨਾ 108 ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਥਲਿਖਤ ਬੀੜਾਂ ਵਿਚ ਦਰਜ 'ਜੋਤੀ ਜੋਤਿ ਸਮਾਵਣੇ ਕੇ ਚਲਿਤ੍ਰ' ਆਦਿ।

ਸ੍ਰੀ ਗੁਰੂ ਤੇਗ ਬਹਾਦਰ

ਪਰਮਜੀਤ ਕੌਰ ਬਾਜਵਾ*

ਸ੍ਰੀ ਗੁਰੂ ਤੇਗ ਬਹਾਦਰ ਸਿੱਖ ਧਰਮ ਦੇ ਨੌਵੇਂ ਗੁਰੂ ਪਾਤਸ਼ਾਹ ਹਨ ਅਤੇ ਇਤਿਹਾਸ ਦੀਆਂ ਉਨ੍ਹਾਂ ਲਾਸਾਨੀ ਤੇ ਬੇਮਿਸਾਲ ਸ਼ਖ਼ਸ਼ੀਅਤਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਮਨੁੱਖਤਾ ਨੂੰ ਸਿਦਕ, ਯਕੀਨ, ਸਾਂਝੀਵਾਲਤਾ, ਸਚਿਆਰਤਾ, ਅਡੋਲ ਦ੍ਰਿੜ੍ਹਤਾ ਦੇ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ ਹੈ। ਵਿਸ਼ਵ-ਸਭਿਅਤਾ ਦੇ ਇਤਿਹਾਸ ਵਿਚ ਅਜਿਹੀ ਕੋਈ ਵੀ ਉਦਾਹਰਣ ਨਹੀਂ ਹੋਵੇਗੀ ਜਿੱਥੇ ਕਿਸੇ ਦੂਜੇ ਧਰਮ ਦੀ ਰੱਖਿਆ ਲਈ ਕਿਸੇ ਹੋਰ ਧਰਮ ਦੇ ਸੰਚਾਲਕ ਨੇ ਕੁਰਬਾਨੀ ਦਿੱਤੀ ਹੋਵੇ। ਆਪਣਾ ਧਰਮ ਸਭ ਨੂੰ ਪਿਆਰਾ ਹੁੰਦਾ ਹੈ ਅਤੇ ਇਸ ਧਰਮ ਦੀ ਆਨ-ਸ਼ਾਨ ਨੂੰ ਕਾਇਮ ਰੱਖਣ ਲਈ ਅਨੇਕਾਂ ਬੀਰਾਂ-ਯੋਧਿਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਸਾਨੂੰ ਇਤਿਹਾਸ ਵਿਚ ਮਿਲਦਾ ਹੈ ਪਰੰਤੂ ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਜੋ ਸ਼ਹਾਦਤ ਨੌਵੇਂ ਗੁਰੂ ਜੀ ਨੇ ਦਿੱਤੀ, ਉਹ ਬੇਮਿਸਾਲ ਹੈ।

ਪਿੱਠਭੂਮੀ ਤੇ ਜਨਮ

ਅਸਲ ਵਿਚ ਮੱਧਕਾਲੀਨ ਭਾਰਤੀ ਜੀਵਨ ਜਿਥੇ ਰਾਜਸੀ ਗੁਲਾਮੀ ਦਾ ਸ਼ਿਕਾਰ ਰਿਹਾ ਉਥੇ ਕਈ ਪ੍ਰਕਾਰ ਦੇ ਕੂੜ, ਪਾਖੰਡ ਵੀ ਭਾਰਤੀ ਲੋਕਾਂ ਦੀ ਮਾਨਸਿਕਤਾ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਮਨੁੱਖ, ਮਨੁੱਖ ਹੋਣ ਦਾ ਅਹਿਸਾਸ ਖੋ ਚੁੱਕਾ ਸੀ। ਇਸ ਸਮੇਂ ਭਾਰਤ ਦੀ ਧਰਤੀ ਤੇ ਇਕ ਅਜਿਹਾ ਧਰਮ ਉਦੇ ਹੋਇਆ, ਜਿਸ ਨੂੰ ਇਤਿਹਾਸ ਵਿਚ ਸਿੱਖ ਧਰਮ ਨਾਲ ਜਾਣਿਆ ਜਾਂਦਾ ਹੈ। ਇਸ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਉਨ੍ਹਾਂ ਦੀ ਸਿਧਾਂਤਕ ਲਲਕਾਰ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਬੀਮਾਰ ਮਾਨਸਿਕਤਾ ਤੋਂ ਉਪਰ ਉੱਠਣ ਅਤੇ ਆਪਣੇ ਹੱਕ ਸੱਚ ਦੀ ਰਾਖੀ ਲਈ ਆਵਾਜ਼ ਉਠਾਉਣ ਲਈ ਪ੍ਰੇਰਿਆ। ਗੁਰੂ ਸਾਹਿਬ ਦੀ ਦੈਵੀ ਲਲਕਾਰ ਅਤੇ ਸਚਿਆਰਤਾ ਉਸ ਸਮੇਂ ਦੇ ਸ਼ਾਸ਼ਕਾਂ ਨਾਲ ਵੀ ਟਕਰਾਈ ਅਤੇ ਝੂਠੇ ਬ੍ਰਾਹਮਣਵਾਦ, ਮੁਲਾਂਵਾਦ, ਜੋਗਵਾਦ ਨਾਲ ਵੀ ਉਨ੍ਹਾਂ ਨੂੰ ਦੋ ਚਾਰ ਹੋਣਾ ਪਿਆ। ਗੁਲਾਮ ਭਾਰਤੀਆਂ ਦੀ ਮਾਨਸਿਕਤਾ ਨੂੰ ਜੋ ਵੀ ਝੰਜੋੜਨ ਦੀ ਕੋਸ਼ਿਸ਼ ਕਰਦਾ ਸਮੇਂ ਦੀ ਹਕੂਮਤ ਉਸ ਨੂੰ ਆਪਣਾ ਦੁਸ਼ਮਣ ਸਮਝਦੀ। ਮੁਗਲ ਹਾਕਮਾਂ ਨੇ ਭਾਰਤੀਆਂ ਨੂੰ ਇਸਲਾਮ ਗ੍ਰਹਿਣ ਕਰਨ ਲਈ ਮਜਬੂਰ ਕੀਤਾ ਅਤੇ ਜੋ ਇਸ ਦੀ ਹੁਕਮ ਅਦੂਲੀ ਕਰਦਾ ਉਸ ਨੂੰ ਅਨੇਕਾਂ ਪ੍ਰਕਾਰ ਦੇ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਜਾਂ ਗੁਲਾਮ ਬਣਾ ਲਿਆ ਜਾਂਦਾ। ਇਕ ਹਿੰਦੂ ਰਾਜੇ ਦਾ ਰਾਜ ਜਿੱਤਣ ਬਾਅਦ ਆਦਮੀਆਂ, ਔਰਤਾਂ ਤੇ ਬੱਚਿਆਂ ਨੂੰ ਗੁਲਾਮ ਬਣਾ ਲਿਆ ਜਾਂਦਾ। ਇਹ ਗੁਲਾਮ ਸਾਰੀ ਜ਼ਿੰਦਗੀ ਮੁਗਲ ਹਾਕਮ ਦੇ ਰਹਿਮੋ-ਕਰਮ ਤੇ ਗੁਜ਼ਾਰ

---

* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਿੰਦੇ। ਮੁਗਲ ਸ਼ਾਸ਼ਕ ਮਨ ਮਰਜ਼ੀ ਦੇ ਕਾਨੂੰਨ ਬਣਾਉਂਦੇ, ਟੈਕਸ ਲਾਉਂਦੇ ਅਤੇ ਆਮ ਭਾਰਤੀ ਇਨ੍ਹਾਂ ਅੱਤਿਆਚਾਰਾਂ ਨੂੰ ਸਹਿਨ ਦੇ ਆਦੀ ਹੋ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸਾਰੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਹਾਲਤਾਂ ਨੂੰ ਘੋਖਿਆ ਅਤੇ ਇਕ ਦੂਜੇ ਤੋਂ ਦੂਰ ਜਾ ਰਹੇ ਲੋਕਾਂ ਨੂੰ ਨੇੜੇ ਲਿਆਉਣ ਲਈ 'ਸੰਗਤ ਪ੍ਰਥਾ' ਚਲਾਈ। ਜਾਤ-ਪਾਤ, ਊਚ-ਨੀਚ, ਭੇਦ-ਭਾਵ ਖਤਮ ਕਰਕੇ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਇਆ। ਗੁਰੂ ਨਾਨਕ ਦੇਵ ਜੀ ਨੇ ਯੋਗੀਆਂ, ਮੁਸਲਮਾਨਾਂ ਅਤੇ ਹਿੰਦੂਆਂ ਦੀ ਸ਼ਬਦਾਵਲੀ ਨੂੰ ਨਵੇਂ ਅਰਥ ਦਿੱਤੇ ਤਾਂ ਜੋ ਲੋਕਾਂ ਅੰਦਰ ਸਵੈਮਾਨ ਅਤੇ ਵਿਚਾਰਾਂ ਦੀ ਸਾਦਗੀ ਪੈਦਾ ਹੋ ਸਕੇ। 'ਗੁਰੂ' ਸ਼ਬਦ ਉਨ੍ਹਾਂ ਪ੍ਰਚਲਿਤ ਭਾਰਤੀ ਪਰੰਪਰਾ ਵਿਚੋਂ ਚੁਣਿਆ ਅਤੇ ਦੇਹਧਾਰੀ ਗੁਰੂ ਦੀ ਥਾਂ 'ਗੁਰ-ਸ਼ਬਦ' ਰੂਪ ਨੂੰ ਸਾਹਮਣੇ ਲਿਆਂਦਾ। ਬਾਕੀ ਗੁਰੂ ਸਾਹਿਬਾਨ ਨੇ ਵੀ ਇਸੇ ਗੁਰ-ਸ਼ਬਦ ਨੂੰ ਅਪਣਾਇਆ। ਗੁਰੂ ਨਾਨਕ ਦੁਆਰਾ ਅਗਲੇ ਗੱਦੀ ਨਸ਼ੀਨ ਦੀ ਨਿਯੁਕਤੀ ਨੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸੇ ਸ਼ਬਦ ਗੁਰੂ ਦੇ ਸਿਧਾਂਤ ਦੀ ਪ੍ਰੋੜਤਾ ਕੀਤੀ ਜਿਸ ਨਾਲ ਸਿੱਖ ਕੌਮ ਨੂੰ ਏਕਤਾ ਤੇ ਅਖੰਡਤਾ ਦਾ ਬਲ ਪ੍ਰਾਪਤ ਹੋਇਆ। ਹੌਲੀ-ਹੌਲੀ ਜਦੋਂ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦਾ ਸੰਕਲਨ ਤੇ ਸੰਪਾਦਨ ਕੀਤਾ ਅਤੇ ਗੁਰ-ਸ਼ਬਦ ਜਗ ਜਾਹਿਰ ਹੋਇਆ ਤਾਂ ਸੰਗਠਿਤ ਸਿੱਖ ਕੌਮ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਸਵੈਮਾਨ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਗਈ।

ਇਹ ਸਿੱਖੀ ਸਿਧਾਂਤਾਂ ਦੇ ਪ੍ਰਚਾਰ ਅਤੇ ਹਕੂਮਤ ਵਿਰੁੱਧ ਵਿਰੋਧ ਦਾ ਸਿੱਟਾ ਹੀ ਸੀ ਕਿ ਪੰਜਵੇਂ ਗੁਰੂ ਸਾਹਿਬ ਨੂੰ ਸ਼ਹੀਦੀ ਜਾਮ ਪੀਣਾ ਪਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਵਿਚ ਇਕ ਕ੍ਰਾਂਤੀਕਾਰੀ ਮੋੜ ਆਉਂਦਾ ਹੈ ਅਤੇ ਛੇਵੇਂ ਗੁਰੂ ਨੇ ਸਿੱਖਾਂ ਨੂੰ ਹਕੂਮਤ ਵਿਰੁੱਧ ਡਟਣ ਦਾ ਸੱਦਾ ਦਿੱਤਾ। ਇਸ ਤਰ੍ਹਾਂ ਕਈ ਰਾਜਸੀ ਉਤਰਾਅ ਚੜ੍ਹਾਅ ਆਉਂਦੇ ਰਹੇ। ਸਤਵੇਂ ਗੁਰੂ ਹਰਿ ਰਾਏ ਜੀ ਨੇ ਆਪਣੇ ਜਾਨਸ਼ੀਨ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰ-ਗੱਦੀ ਸੌਂਪਦੇ ਹੋਏ ਹਦਾਇਤ ਕੀਤੀ ਸੀ ਕਿ ਉਹ ਸਮਰਾਟ ਔਰੰਗਜ਼ੇਬ ਦੇ ਕਦੇ ਮੂੰਹ ਨਾ ਲੱਗਣ। ਇਹ ਸੰਕੇਤ ਸੀ ਕਿ ਰਾਜ ਅਤੇ ਧਰਮਾਂ ਦੀ ਟੱਕਰ ਉੱਥੇ ਪਹੁੰਚ ਚੁੱਕੀ ਸੀ ਜਿੱਥੇ ਕਿਸੇ ਪ੍ਰਕਾਰ ਦੇ ਸਮਝੌਤੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਅੱਠਵੇਂ ਗੁਰੂ ਬਹੁਤ ਛੋਟੀ ਉਮਰ ਵਿਚ ਹੀ ਜੋਤੀ ਜੋਤ ਸਮਾ ਗਏ ਅਤੇ ਉਨ੍ਹਾਂ ਆਪਣਾ ਅਗਲਾ ਗੱਦੀਨਸ਼ੀਨ ਤੇਗ ਬਹਾਦਰ ਜੀ ਨੂੰ ਚੁਣਿਆ। ਇਹ ਪਰਸਪਰ ਹਕੂਮਤ ਵਿਰੋਧੀ ਖਿਚੋਤਾਣ ਅਤੇ ਚੁਣੌਤੀ ਗੁਰ-ਗੱਦੀ ਨਾਲ ਹੀ ਆਈ। ਹੁਣ ਉਹ ਵਿਸ਼ੇਸ਼ ਸਮਾਂ ਆ ਗਿਆ ਸੀ ਜਦੋਂ ਗੁਰੂ ਤੇਗ ਬਹਾਦਰ ਜੀ ਦੀ ਅਗਵਾਈ ਦੀ ਸਿੱਖ ਧਰਮ ਨੂੰ ਲੋੜ ਸੀ। ਇਸ ਮਹਾਨ ਆਤਮਾ ਦਾ ਜਨਮ ਵਿਸਾਖ ਵਦੀ 5, 1678 ਬਿ. ਮੁਤਾਬਕ ਅਪ੍ਰੈਲ 1, 1621 ਈ. ਨੂੰ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ ਅਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਆਪ ਦੇ ਪਿਤਾ ਸਨ। ਗੁਰੂ ਤੇਗ ਬਹਾਦਰ ਜੀ ਦੇ ਜੀਵਨ ਪਿਛੋਕੜ, ਜੀਵਨ ਕਰਤੱਵ ਅਤੇ ਸਮੇਂ ਅਨੁਸਾਰ ਉਚਾਰੇ ਬਚਨਾਂ ਅਤੇ ਉਨ੍ਹਾਂ ਦਾ ਆਲੇ ਦੁਆਲੇ ਅਤੇ ਭਵਿੱਖ ਤੇ ਪਏ ਪ੍ਰਭਾਵ ਤੋਂ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਪ ਦੀ ਸਮੁੱਚੀ ਪਾਲਣਾ ਪੋਸਣਾ, ਵਿੱਦਿਆ ਸੰਭਾਲ ਤੇ ਸਿਖਲਾਈ ਵਡਯੋਧੇ ਪਰਉਪਕਾਰੀ ਗੁਰੂ ਹਰਗੋਬਿੰਦ ਸਾਹਿਬ ਦੇ ਹੱਥਾਂ ਵਿਚ ਅਤੇ ਬਾਬਾ ਬੁੱਢਾ ਤੇ ਭਾਈ ਗੁਰਦਾਸ ਜਿਹੇ ਵਿਦਵਾਨ ਅਤੇ ਭਾਈ ਬਿਧੀ ਚੰਦ ਜਿਹੇ ਧਰਮੀ ਯੋਧੇ ਦੀ ਨਿਗਰਾਨੀ ਹੇਠ ਹੋਈ।

ਵਿੱਦਿਆ

ਗੁਰੂ ਸਾਹਿਬ ਦੇ ਜੀਵਨ ਨੂੰ ਜੇਕਰ ਸਮੇਂ ਵੰਡ ਅਨੁਸਾਰ ਦੇਖਿਆ ਜਾਵੇ ਤਾਂ 1621 ਤੋਂ 1644 ਤੱਕ ਆਪ ਧੁਨੰਤਰ ਵਿਦਵਾਨਾਂ ਦੀ ਰਹਿਨੁਮਾਈ ਹੇਠ ਆਪਣਾ ਜੀਵਨ ਗੁਜ਼ਾਰਦੇ ਹਨ। ਆਪ ਦੀ ਪੜ੍ਹਾਈ ਲਿਖਾਈ ਪਿਤਾ ਹਰਗੋਬਿੰਦ ਦੀ ਨਿਗਰਾਨੀ ਹੇਠ ਹੋਈ। ਪਹਿਲੀ ਫੱਟੀ ਬਾਬਾ ਬੁੱਢਾ ਜੀ ਨੇ ਲਿਖਾਈ, ਗੁਰਬਾਣੀ ਤੇ ਧਰਮ ਗ੍ਰੰਥਾਂ ਦੀ ਵਿਦਿਆ ਭਾਈ ਗੁਰਦਾਸ ਜੀ ਨੇ ਦਿੱਤੀ। ਆਪ ਨੇ ਆਤਮ ਵਿੱਦਿਆ ਦੇ ਨਾਲ-ਨਾਲ ਸ਼ਸ਼ਤਰ ਵਿੱਦਿਆ ਵਿਚ ਪ੍ਰਪੱਕਤਾ ਹਾਸਲ ਕੀਤੀ। ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤੱਕ ਗੁਰੂ ਸਾਹਿਬਾਂ ਦੀ ਬਾਣੀ ਇਕ ਗ੍ਰੰਥ ਦੇ ਰੂਪ ਵਿਚ ਸੰਪਾਦਿਤ ਹੋ ਚੁੱਕੀ ਸੀ। ਗੁਰੂਆਂ ਦਾ ਜੀਵਨ, ਗੁਰ-ਇਤਿਹਾਸ ਤੇ ਗੁਰਬਾਣੀ ਦੀ ਜਾਣਕਾਰੀ ਆਤਮ ਜੀਵਨ ਦੀ ਪ੍ਰਪੱਕਤਾ ਵਿਚ ਸਹਾਈ ਹੋਈ। ਆਤਮ ਵਿਦਿਆ ਦੀ ਪ੍ਰਾਪਤੀ ਦੇ ਬਲ ਨਾਲ ਉਹ ਬਾਲ-ਉਮਰੇ ਵੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬੜੀ ਬਰੀਕੀ ਨਾਲ ਵੇਖਣ ਲੱਗੇ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਇਹ ਦ੍ਰਿੜ ਕਰਵਾ ਦਿੱਤਾ ਸੀ ਕਿ ਸਿੱਖਾਂ ਨੂੰ ਸੁਤੰਤਰਤਾ ਤੇ ਮਾਣ-ਇਜ਼ਤ ਸਹਿਤ ਜਿਉਣ ਲਈ ਸ਼ਸ਼ਤਰਧਾਰੀ ਹੋ ਕੇ ਲੜਨਾ ਪਵੇਗਾ। ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਤੇ ਬੈਠਦਿਆਂ ਹੀ 'ਮੀਰੀ' ਤੇ 'ਪੀਰੀ' ਦੋ ਤਲਵਾਰਾਂ ਧਾਰਨ ਕੀਤੀਆਂ ਜੋ ਸੰਸਾਰਿਕ ਪਾਤਸ਼ਾਹੀ ਤੇ ਆਤਮਿਕ ਪਾਤਸ਼ਾਹੀ ਦੀਆਂ ਸੂਚਕ ਸਨ। ਬਾਲ ਤੇਗ ਬਹਾਦਰ ਆਪਣੇ ਗੁਰੂ ਪਿਤਾ ਦੀ ਨਿਗਰਾਨੀ ਹੇਠ ਸ਼ਸ਼ਤਰ ਵਿੱਦਿਆ ਪ੍ਰਾਪਤ ਕਰਦੇ ਰਹੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸ਼ਾਹੀ ਹਕੂਮਤ ਨਾਲ ਹੋਈਆਂ-ਤਿੰਨ ਲੜਾਈਆਂ-ਵਿਚ ਹਿੱਸਾ ਲਿਆ। ਇਸ ਸਮੇਂ ਆਪ ਦੀ ਉਮਰ ਲਗਭਗ 8, 13 ਅਤੇ 14 ਸਾਲ ਸੀ। ਆਪ ਨੇ ਸ਼ਸਤਰ ਵਿੱਦਿਆ ਦੇ ਅਜਿਹੇ ਜੌਹਰ ਦਿਖਾਏ ਕਿ ਆਪ ਦਾ ਨਾਮ ਜੋ ਪਹਿਲਾ ਤਿਆਗ ਮੱਲ ਸੀ, ਕਰਤਾਰਪੁਰ ਵਾਲੀ ਜੰਗੀ ਬਹਾਦਰੀ ਸਦਕਾ 'ਤੇਗ ਬਹਾਦਰ' ਹੋ ਗਿਆ।

ਵਿਆਹ

ਆਪ ਦਾ ਵਿਆਹ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ ਕਰਤਾਰਪੁਰ ਵਿਖੇ ਸੰਨ 1628 ਈ. ਨੂੰ ਹੋਇਆ। ਆਪ ਗ੍ਰਹਿਸਥੀ ਹੋ ਕੇ ਵੀ ਸ਼ਾਂਤ ਚਿੱਤ, ਅਡੋਲ ਤੇ ਨਾਮ-ਸਿਮਰਨ ਵਿਚ ਲੱਗੇ ਰਹਿੰਦੇ। ਮਾਤਾ ਨਾਨਕੀ ਅਤੇ ਸੁਪਤਨੀ ਗੁਜਰੀ ਜੀ ਨੇ ਆਪ ਨੂੰ ਹਰ ਪ੍ਰਕਾਰ ਦਾ ਸਹਿਯੋਗ ਦਿੱਤਾ। ਜਦ ਤਕ ਸ੍ਰੀ ਤੇਗ ਬਹਾਦਰ ਜੀ ਗੁਰੂ-ਰੂਪ ਵਿਚ ਪ੍ਰਗਟ ਨਾ ਹੋਏ, ਮਾਤਾ ਗੁਜਰੀ ਜੀ ਨੇ ਬਕਾਲੇ ਰਹਿ ਕੇ ਨਾ ਕੇਵਲ ਪਤਨੀ ਦੇ ਤੌਰ ਤੇ ਹੀ ਸਗੋਂ ਇਕ ਅਨਿਨ ਭਗਤ ਤੇ ਸੇਵਕਾ ਦੇ ਤੌਰ ਤੇ ਆਪ ਦੀ ਦਿਨ ਰਾਤ ਸੇਵਾ ਕੀਤੀ।

ਬਕਾਲੇ ਵਿਖੇ ਵੀਹ ਸਾਲ

ਗੁਰੂ ਹਰਿ ਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਪਿੱਛੋਂ ਸ੍ਰੀ ਤੇਗ ਬਹਾਦਰ ਜੀ ਆਪਣੇ ਮਾਤਾ ਅਤੇ ਪਤਨੀ ਸਮੇਤ ਬਕਾਲੇ ਰਹਿਣ ਲੱਗ ਪਏ। ਉਸ ਸਮੇਂ ਆਪ ਦੀ ਉਮਰ 23 ਸਾਲ ਸੀ ਅਤੇ ਲਗਭਗ 20 ਸਾਲ ਇੱਥੇ ਨਿਵਾਸ ਕੀਤਾ। ਆਪ ਇੱਥੇ ਇਕ ਸਾਧਾਰਨ ਜਿਹੇ ਮਕਾਨ ਵਿਚ ਰਹਿੰਦੇ ਤੇ ਬੜਾ ਹੀ ਸਾਦਾ ਜੀਵਨ ਬਤੀਤ ਕਰਦੇ। ਨਾਮ ਸਿਮਰਨ ਜਪ ਤਪ ਤੇ ਸਹਿਜ ਯੋਗ ਵਿਚ ਰਹਿੰਦਿਆਂ ਲਗਾਤਾਰ ਕਈ ਘੰਟੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਤੇਗ ਬਹਾਦਰ ਜੀ ਦੇ

ਇਸ ਇਕਾਂਤਵਾਸ ਦੌਰਾਨ 1644 ਤੋਂ 1661 ਈ. ਤਕ ਗੁਰੂ ਨਾਨਕ ਦੀ ਗੱਦੀ ਉਪਰ ਗੁਰੂ ਹਰਿ ਰਾਏ ਜੀ ਸਤਵੇਂ ਅਤੇ 1661 ਤੋਂ 1664 ਤਕ ਗੁਰੂ ਹਰਿਕ੍ਰਿਸ਼ਨ ਜੀ ਅੱਠਵੇਂ ਗੁਰੂ ਹੋਏ। 30 ਮਾਰਚ 1664 ਵਿਚ ਅੱਠਵੇਂ ਗੁਰੂ ਜੋਤੀ ਜੋਤ ਸਮਾਉਣ ਸਮੇਂ ਨਾਨਕ ਗੱਦੀ ਦੇ ਵਾਰਸ ਲਈ 'ਬਾਬਾ ਬਕਾਲੇ' ਕਹਿ ਕੇ ਇਸ਼ਾਰਾ ਕਰ ਗਏ ਕਿ ਅਗਲਾ ਗੱਦੀ-ਨਸ਼ੀਨ ਹੁਣ ਬਾਬਾ ਬਕਾਲੇ ਵਿਚ ਹੈ। ਉਨ੍ਹਾਂ ਆਪਣੇ ਸਿੱਖ ਪ੍ਰੇਮੀ ਦੀਵਾਨ ਦਰਘਾ ਮੱਲ ਨੂੰ ਇਕ ਨਾਰੀਅਲ ਅਤੇ ਪੰਜ ਪੈਸੇ ਦੇ ਕੇ ਬਕਾਲੇ ਭੇਜਿਆ ਅਤੇ ਨੌਵੇਂ ਗੁਰੂ ਦੀ ਥਾਪਨਾ ਕਰਕੇ ਜੋਤੀ ਜੋਤ ਸਮਾ ਗਏ।

ਗੁਰਿਆਈ

ਜਦੋਂ ਗੁਰੂ ਹਰਿਕ੍ਰਿਸ਼ਨ ਦਿੱਲੀ ਗਏ ਸਨ, ਉਦੋਂ ਹੀ ਉਹ ਪਲੇਗ ਵਰਗੀ ਨਾ ਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਚੁੱਕੇ ਸਨ। ਉਨ੍ਹਾਂ ਆਪਣਾ ਅਖੀਰੀ ਸਮਾਂ ਦੇਖ ਕੇ ਅਗਲੇ ਗੱਦੀ ਨਸ਼ੀਨ ਦਾ ਇਸ਼ਾਰਾ ਬਾਬਾ ਬਕਾਲੇ ਕੀਤਾ ਸੀ। ਜਿਉਂ ਹੀ ਇਹ ਖਬਰ ਗੁਰੂ ਹਰਿਗੋਬਿੰਦ ਸਾਹਿਬ ਦੇ ਸੋਢੀ ਰਿਸ਼ਤੇਦਾਰਾਂ ਨੂੰ ਮਿਲੀ, ਉਹ ਆਪਣੇ ਮਸੰਦਾਂ ਸਮੇਤ ਬਕਾਲੇ ਆ ਕੇ ਰਹਿਣ ਲੱਗ ਪਏ ਅਤੇ ਆਪਣੇ ਆਪ ਨੂੰ ਨਾਨਕ ਗੱਦੀ ਦਾ ਵਾਰਸ ਸਿੱਧ ਕਰਨ ਲੱਗੇ। ਸਭ ਤੋਂ ਵੱਧ ਦਾਅਵੇਦਾਰ ਧੀਰਮੱਲ ਆਪਣੇ ਆਪ ਨੂੰ ਸਮਝ ਰਿਹਾ ਸੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਉਸ ਪਾਸ ਸੀ ਪਰ ਜਦੋਂ ਦੀਵਾਨ ਦਰਘਾ ਮੱਲ ਨੇ ਬਕਾਲੇ ਆ ਕੇ ਬਾਬਾ ਤੇਗ ਬਹਾਦਰ ਅੱਗੇ ਗੁਰੂ ਹਰਿਕ੍ਰਿਸ਼ਨ ਜੀ ਦੀ ਸੌਂਪੀ ਸਮੱਗਰੀ ਰੱਖੀ ਤਾਂ ਅਖੌਤੀ ਗੁਰੂਆਂ ਨੂੰ ਇਹ ਗੱਲ ਚੰਗੀ ਨਾ ਲੱਗੀ, ਧੀਰ ਮੱਲ ਤਾਂ ਸਭ ਤੋਂ ਵੱਧ ਔਖਾ ਹੋਇਆ। ਸਿੱਖ ਸੰਗਤਾਂ ਸਾਹਮਣੇ ਇਹ ਸੰਕਟ ਪੈਦਾ ਹੋ ਗਿਆ ਕਿ ਹੁਣ ਗੁਰੂ ਨਾਨਕ ਦੀ ਗੱਦੀ ਦੇ ਅਸਲੀ ਹੱਕਦਾਰ ਦਾ ਨਿਰਣਾ ਕਿਵੇਂ ਹੋਵੇ। ਪਹਿਲੇ ਗੁਰੂ ਦੁਆਰਾ ਚਲਾਈ ਸਿੱਖ ਲਹਿਰ ਆਪਣੇ ਹੀ ਸਿੱਖਾਂ ਦੁਆਰਾ ਖਤਰੇ ਵਿਚ ਪੈ ਗਈ। ਬੇਬੇ ਨਾਨਕੀ ਨੇ ਇਸ ਸਮੇਂ ਤੇਗ ਬਹਾਦਰ ਜੀ ਨੂੰ ਨੌਵੇਂ ਗੁਰੂ ਦੇ ਰੂਪ ਵਿਚ ਪ੍ਰਗਟ ਹੋਣ ਲਈ ਕਿਹਾ ਪਰੰਤੂ ਸ਼ਾਂਤੀ ਪੁੰਜ ਤੇਗ ਬਹਾਦਰ ਸਾਹਿਬ ਕਿਸੇ ਕਿਸਮ ਦਾ ਵਾਦ-ਵਿਵਾਦ ਨਹੀਂ ਚਾਹੁੰਦੇ ਸਨ। ਉਸ ਅੰਤਰ-ਜਾਮੀ ਆਤਮਾ ਨੂੰ ਪਤਾ ਸੀ ਕਿ ਵਕਤ ਆਉਣ ਤੇ ਆਪਣੇ ਆਪ ਸੱਚ ਝੂਠ ਦਾ ਨਿਤਾਰਾ ਹੋਣਾ ਹੈ। ਇਸੇ ਸਮੇਂ ਦੌਰਾਨ ਅਜਿਹੀ ਘਟਨਾ ਵਾਪਰੀ ਜਿਸ ਨੇ ਤੇਗ ਬਹਾਦਰ ਸਾਹਿਬ ਨੂੰ ਨੌਵਾਂ ਗੁਰੂ ਹੋਣ ਦਾ ਪ੍ਰਤੱਖ ਸਬੂਤ ਸਿੱਖ ਸੰਗਤਾਂ ਨੂੰ ਦਿੱਤਾ। ਆਪ ਆਪਣੇ ਘਰ ਅੰਦਰ ਬਣਾਏ ਭੋਰੇ ਵਿਚ ਬੈਠ ਕੇ ਸਮਾਧੀ ਵਿਚ ਲੀਨ ਸਨ ਅਤੇ ਪ੍ਰਭੂ ਨਾਮ ਜਪਦਿਆਂ ਉਸ ਪਰਮ-ਆਤਮਾ ਨਾਲ ਇਕਮੁੱਕ ਹੋ ਕੇ ਬੈਠੇ ਸਨ। ਭਾਈ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਘਰ ਦਾ ਅਨਿੰਨ ਸੇਵਕ ਸੀ ਅਤੇ ਗੁਰੂ ਜੀ ਦੇ ਦਰਸ਼ਨਾਂ ਲਈ ਦਿੱਲੀ ਆਇਆ ਹੋਇਆ ਸੀ। ਉਸ ਨੇ ਆਪਣੇ ਕਾਰੋਬਾਰ ਸੰਬੰਧੀ ਸੁਖਣਾ ਸੁੱਖੀ ਕਿ ਜੇਕਰ ਸਮੁੰਦਰੀ ਤੂਫਾਨ ਵਿਚੋਂ ਉਸਦਾ ਜਹਾਜ਼ ਸਹੀ ਸਲਾਮਤ ਵਾਪਸ ਆ ਜਾਵੇ ਤਾਂ ਗੁਰੂ ਅੱਗੇ 101 ਮੋਹਰਾਂ ਭੇਟਾ ਕਰਾਂਗਾ। ਉਸ ਸੱਚੇ ਸਿੱਖ ਦੀ ਅਰਦਾਸ ਪੂਰੀ ਹੋਈ ਅਤੇ ਉਸ ਦਾ ਜ਼ਹਾਜ਼ ਸਹੀ ਸਲਾਮਤ ਤੂਫਾਨ ਤੋਂ ਬਚ ਕੇ ਆ ਗਿਆ। ਉਸ ਨੇ ਆਪਣੀ ਸੁਖਣਾ ਉਤਾਰਨ ਲਈ ਗੁਰੂ ਜੀ ਅੱਗੇ ਪੇਸ਼ ਹੋਣਾ ਸੀ ਜਦੋਂ ਉਹ ਦਿੱਲੀ ਪਹੁੰਚਿਆ ਤਾਂ ਉਸ ਨੂੰ ਪਤਾ ਚੱਲਿਆ ਕਿ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਹਨ ਤੇ ਉਹ ਆਪਣੇ ਅੰਤਿਮ ਸਮੇਂ 'ਬਾਬਾ ਬਕਾਲਾ' ਕਹਿ ਕੇ ਨਾਨਕ ਗੱਦੀ ਦਾ ਅਗਲਾ ਵਾਰਸ ਥਾਪ ਗਏ ਹਨ। ਮੱਖਣ ਸ਼ਾਹ ਉਥੋਂ ਬਕਾਲੇ ਪਹੁੰਚਿਆ। ਉਥੇ ਪੁੱਜ ਕੇ ਮੱਖਣ ਸ਼ਾਹ ਨੇ ਦੇਖਿਆ ਕਿ ਇਥੇ ਤਾਂ ਗੁਰੂਆਂ ਦੀਆਂ ਕਿੰਨੀਆਂ ਹੀ ਗੱਦੀਆਂ ਸਥਾਪਿਤ

ਹੋ ਚੁੱਕੀਆਂ ਹਨ, ਅਸਲ ਗੁਰੂ ਦੀ ਪਛਾਣ ਕਿਵੇਂ ਹੋਵੇ ਕਿੰਨੇ ਹੀ ਗੁਰੂ ਆਪਣੇ ਆਪ ਨੂੰ ਨੌਵਾਂ ਗੁਰੂ ਦੱਸ ਰਹੇ ਸਨ। ਅਜੀਬ ਦੁਬਿਧਾ ਵਿਚ ਪਰੇਸ਼ਾਨ ਮੱਖਣ ਸ਼ਾਹ ਨੇ ਸੋਚਿਆ ਕਿ ਹਰ ਗੁਰੂ ਅੱਗੇ ਦੋ-ਦੋ ਮੁਹਰਾਂ ਪੇਸ਼ ਕਰ ਦਿੰਦਾ ਹਾਂ। ਉਸ ਨੇ ਇਵੇਂ ਹੀ ਕੀਤਾ ਅਤੇ ਹਰ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰਦਾ ਗਿਆ। ਮੱਖਣ ਸ਼ਾਹ ਨੇ ਸਿੱਖ ਸੰਗਤ ਤੋਂ ਪੁੱਛਿਆ ਕਿ ਕੀ ਕੋਈ ਹੋਰ ਗੁਰੂ ਵੀ ਹੈ ਜਿਸ ਨੂੰ ਮੈਂ ਭੇਟਾ ਨਾ ਦੇ ਸਕਾ ਹੋਵਾਂ ਤਾਂ ਉਸ ਨੂੰ ਪਤਾ ਲੱਗਿਆ ਕਿ ਇਕ ਤੇਗ ਬਹਾਦਰ ਨਾਂ ਦਾ ਤਪੱਸਵੀ ਹੈ ਜੋ ਹਮੇਸ਼ਾਂ ਭੋਰੇ ਅੰਦਰ ਬੈਠ ਕੇ ਪ੍ਰਭੂ ਨਾਮ ਜਪਦਾ ਰਹਿੰਦਾ ਹੈ। ਜਦੋਂ ਮੱਖਣ ਸ਼ਾਹ ਭੋਰੇ ਅੰਦਰ ਪੁੱਜਿਆ ਤਾਂ ਤੇਗ ਬਹਾਦਰ ਜੀ ਸਮਾਧੀ ਵਿਚ ਵਿਅਸਥ ਸਨ। ਉਸ ਨੇ ਦੋ ਮੁਹਰਾਂ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਅਸ਼ੀਰਵਾਦ ਪ੍ਰਾਪਤ ਕਰਨਾ ਚਾਹਿਆ। ਗੁਰੂ ਪਾਤਸ਼ਾਹ ਬੋਲੇ, ਮੱਖਣ ਸ਼ਾਹ! ਗੁਰੂ ਦੀ ਅਮਾਨਤ ਦਿੱਤਿਆਂ ਹੀ ਭਲੀ ਹੈ। ਗੁਰੂ ਜੀ ਦੇ ਇਹ ਸ਼ਬਦ ਸੁਣਦਿਆਂ ਹੀ ਮੱਖਣ ਸ਼ਾਹ ਖੁਸ਼ੀ ਵਿਚ ਗਦ-ਗਦ ਹੋ ਗਿਆ। ਉਹ ਝੱਟ ਭੋਰੇ ਅੰਦਰੋਂ ਬਾਹਰ ਆਇਆ ਅਤੇ ਉੱਚੀ-ਉੱਚੀ ਖੁਸ਼ੀ ਵਿਚ ਪੁਕਾਰਨ ਲੱਗਾ, 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।' ਭਾਵ ਅਸਲ ਗੁਰੂ ਲੱਭ ਗਿਆ ਹੈ। ਗੁਰੂ ਨਾਨਕ ਦੀ ਗੱਦੀ ਦਾ ਅਗਲਾ ਗੱਦੀ ਨਸ਼ੀਨ ਗੁਰੂ ਤੇਗ ਬਹਾਦਰ ਹੀ ਹੈ। ਇਸ ਪ੍ਰਕਾਰ ਨੌਵੇਂ ਗੁਰੂ ਪ੍ਰਗਟ ਹੋਏ ਅਤੇ ਸਿੱਖ ਸੰਗਤਾਂ ਨੇ ਗੁਰੂ ਜੀ ਦੇ ਚਰਨੀਂ ਮੱਥਾ ਟੇਕਿਆ। ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਿਆਈ ਮਿਲਦਿਆਂ ਕਠਿਨ ਸਥਿਤੀਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਇਕ ਤਾਂ ਗੁਰਗੱਦੀ ਉਨ੍ਹਾਂ ਨੂੰ ਆਪਣੇ ਪੋਤਰੇ ਪਾਸੋਂ ਮਿਲਦੀ ਹੈ ਅਤੇ ਦੂਜੇ ਉਸ ਸਮੇਂ ਗੁਰਗੱਦੀ ਦੇ ਹੋਰ ਦਾਅਵੇਦਾਰਾਂ ਦੁਆਰਾ ਖੜੀਆਂ ਕੀਤੀਆਂ ਮੁਸ਼ਕਲਾਂ ਨਾਲ ਵੀ ਜਦੋ-ਜਹਿਦ ਕਰਨੀ ਪਈ। ਸਭ ਤੋਂ ਵੱਧ ਵਿਰੋਧਤਾ ਉਨ੍ਹਾਂ ਨੂੰ ਧੀਰਮੱਲ ਵਲੋਂ ਸਹਿਣੀ ਪਈ ਕਿਉਂਕਿ ਉਹ ਕਿਸੇ ਵੀ ਹਾਲਤ ਵਿਚ ਆਪਣੇ ਆਪ ਨੂੰ ਗੱਦੀ ਦਾ ਅਗਲਾ ਵਾਰਿਸ ਸਿੱਧ ਕਰਨਾ ਚਾਹੁੰਦਾ ਸੀ ਅਤੇ ਆਪਣੇ ਮਨਸੂਬਿਆਂ ਵਿਚ ਉਹ ਹਾਰ ਗਿਆ। ਕੁਦਰਤੀ ਹੈ ਕਿ ਹਾਰਿਆ ਹੋਇਆ ਤੇ ਮਾਨਸਿਕ ਸੰਤੁਲਨ ਵਿਗੜਿਆ ਵਿਅਕਤੀ ਮੁਸ਼ਕਲਾਂ ਤਾਂ ਖੜੀਆਂ ਕਰੇਗਾ ਹੀ, ਸੋ ਇਸ ਤਰ੍ਹਾਂ ਦੀਆਂ ਵਿਰੋਧੀ ਪਰਸਥਿਤੀਆਂ ਦਾ ਵੀ ਨੌਵੇਂ ਗੁਰੂ ਨੂੰ ਸਾਹਮਣਾ ਕਰਨਾ ਪਿਆ ਪਰੰਤੂ ਆਪ ਦੇ ਵਿਸ਼ਾਲ ਦ੍ਰਿਸ਼ਟੀਕੋਣ, ਸਹਿਨਸ਼ੀਲਤਾ ਤੇ ਧੀਰਜ ਦੇ ਅੱਗੇ ਵਿਰੋਧੀਆਂ ਦੀ ਕੋਈ ਪੇਸ਼ ਨਾ ਚੱਲੀ।

ਪਰਮੁੱਖ ਕਾਰਜ

ਨੌਵੇਂ ਗੁਰੂ ਦੀ ਉਪਾਧੀ ਮਿਲਣ ਬਾਅਦ ਆਪ ਉੱਪਰ ਉਹ ਸਾਰੀਆਂ ਜ਼ਿੰਮੇਵਾਰੀਆਂ ਆ ਪਈਆਂ ਸਨ ਜਿਨ੍ਹਾਂ ਦਾ ਬੋਝ ਵਕਤ ਦੀ ਲੋੜ ਅਨੁਸਾਰ ਅੱਠ ਗੁਰੂ ਸਾਹਿਬਾਨਾਂ ਨੇ ਵਾਰੀ-ਵਾਰੀ ਉਠਾਇਆ ਸੀ। ਗੁਰੂ ਨਾਨਕ ਵੱਲੋਂ ਸੰਗਤਾਂ ਦੇ ਨਾਮ ਹੇਠ ਸਥਾਪਿਤ ਕੀਤੇ ਗੁਰਮਤ ਪ੍ਰਚਾਰ ਕੇਂਦਰਾਂ ਜਿਨ੍ਹਾਂ ਨੂੰ ਮਸੰਦ ਪ੍ਰਥਾ ਰਾਹੀਂ ਚਾਲੂ ਰੱਖਿਆ ਗਿਆ ਸੀ, ਦੀ ਵੱਡੀ ਜ਼ਿੰਮੇਵਾਰੀ ਆਪ ਜ਼ੁੰਮੇ ਸੀ। ਗੁਰੂ ਜੀ ਸਿੱਖ ਸੰਗਤਾਂ ਨੂੰ ਉਪਦੇਸ਼ ਦਿੰਦੇ ਤੇ ਗੁਰਬਾਣੀ ਕੀਰਤਨ ਦੇ ਦੀਵਾਨ ਸਜਣ ਲੱਗੇ। ਆਪ ਦੀ ਨਿਮਰ ਸ਼ਖ਼ਸੀਅਤ ਦੇ ਪ੍ਰਭਾਵ ਅਧੀਨ ਸਿੱਖ ਸੰਗਤਾਂ ਜੁੜਨ ਲੱਗੀਆਂ। ਨਵੰਬਰ 1664 ਵਿਚ ਗੁਰੂ ਜੀ ਕੁਝ ਸੰਗਤਾਂ ਤੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ। ਉਸ ਸਮੇਂ ਹਰਿਮੰਦਰ ਸਾਹਿਬ ਤੇ ਪੁਜਾਰੀਆਂ ਦਾ ਕਬਜ਼ਾ ਸੀ। ਗੁਰੂ ਸਾਹਿਬ ਦੀ ਦਿਨੋ-ਦਿਨ ਵਧ ਰਹੀ ਲੋਕ-ਪ੍ਰਿਯਤਾ ਤੋਂ ਘਬਰਾ ਕੇ ਪੁਜਾਰੀਆਂ ਨੇ ਗੁਰੂ ਸਾਹਿਬ ਨੂੰ ਹਰਿਮੰਦਰ

ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਕਿਉਂਕਿ ਉਨ੍ਹਾਂ ਨੂੰ ਡਰ ਸੀ ਮਤਾ ਸਿੱਖਾਂ ਦਾ ਗੁਰੂ ਇੱਥੋਂ ਸਾਨੂੰ ਭਜਾ ਦੇਵੇ ਤੇ ਸਾਡੀ ਝੂਠ ਦੀ ਦੁਕਾਨ ਬੰਦ ਹੋ ਜਾਵੇ। ਨਿਮਰਤਾ ਤੇ ਸਹਿਨਸ਼ੀਲਤਾ ਦੀ ਮੂਰਤ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਸੇ ਪ੍ਰਕਾਰ ਦਾ ਵਿਰੋਧ ਕਰਨਾ ਉਚਿਤ ਨਾ ਸਮਝਿਆ ਤੇ ਆਪਣੇ ਪਰਿਵਾਰ ਅਤੇ ਸ਼ਰਧਾਲੂਆਂ ਨੂੰ ਲੈ ਕੇ ਬਾਹਰੋਂ ਹੀ ਨਮਸਕਾਰ ਕਰ ਨੇੜੇ ਦੇ ਥੜੇ ਤੇ ਬਿਰਾਜਮਾਨ ਹੋ ਗਏ। ਇਹ ਥਾਂ ਅਕਾਲ ਬੁੰਗੇ ਦੇ ਪਾਸ ਹੈ ਜਿਸ ਨੂੰ ਥੜਾ ਸਾਹਿਬ ਕਹਿ ਕੇ ਸਤਿਕਾਰਿਆ ਜਾਂਦਾ ਹੈ। ਜਦੋਂ ਅੰਮ੍ਰਿਤਸਰ ਵਾਸੀਆਂ ਨੂੰ ਪੁਜਾਰੀਆਂ ਦੀ ਇਸ ਕਰਤੂਤ ਦਾ ਪਤਾ ਚੱਲਿਆ ਤਾਂ ਉਹ ਗੁਰੂ ਜੀ ਪਾਸ ਮਾਫ਼ੀ ਮੰਗਣ ਆਏ। ਉਨ੍ਹਾਂ ਦੀ ਅਪਾਰ ਸ਼ਰਧਾ ਤੋਂ ਗੁਰੂ ਜੀ ਨੇ ਉਨ੍ਹਾਂ ਨੂੰ ਭਗਤੀਦਾਨ ਦਾ ਆਸ਼ੀਰਵਾਦ ਦਿੱਤਾ।

ਇਸ ਸਮੇਂ ਆਪ ਨੂੰ ਕੀਰਤਪੁਰ ਤੋਂ ਮਾਤਾ ਕ੍ਰਿਸ਼ਨ ਕੌਰ ਜੀ ਜੋ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਸਨ ਦਾ ਪੱਤਰ ਮਿਲਿਆ ਜਿਸ ਵਿਚ ਉਨ੍ਹਾਂ ਧੀਰ ਮੱਲ ਤੇ ਸੋਢੀਆਂ ਦੀ ਆਪਸੀ ਈਰਖਾ ਕਾਰਨ ਪਲੀਤ ਹੋਏ ਮਾਹੌਲ ਦਾ ਜਿਕਰ ਕੀਤਾ। ਉਨ੍ਹਾਂ ਗੁਰੂ ਸਾਹਿਬ ਨੂੰ ਕੀਰਤਪੁਰ ਆਉਣ ਦੀ ਬੇਨਤੀ ਕੀਤੀ ਤਾਂ ਜੋ ਗੁਰੂ ਨਾਨਕ ਦੇ ਚਲਾਏ ਧਰਮ ਨੂੰ ਪੰਥ ਦੋਖੀਆਂ ਤੋਂ ਬਚਾਇਆ ਜਾ ਸਕੇ। ਗੁਰੂ ਤੇਗ ਬਹਾਦਰ ਜੀ ਪਰਿਵਾਰ ਸਮੇਤ ਸਾਵਣ ਦੇ ਮਹੀਨੇ ਕੀਰਤਪੁਰ ਰਵਾਨਾ ਹੋ ਗਏ।

ਗੁਰੂ ਜੀ ਜਦੋਂ ਕੀਰਤਪੁਰ ਪਹੁੰਚੇ ਤਾਂ ਉੱਥੇ ਧੀਰ ਮੱਲ ਨੇ ਆਪਣੇ ਕੁੱਝ ਬੰਦਿਆਂ ਦੁਆਰਾ ਗੁਰੂ ਜੀ ਦਾ ਵਿਰੋਧ ਕਰਵਾਇਆ। ਉਨ੍ਹਾਂ ਤੇ ਜਾਨ ਲੇਵਾ ਹਮਲਾ ਵੀ ਹੋਇਆ ਪਰੰਤੂ ਆਪ ਨੇ ਇੱਥੇ ਰਹਿ ਕੇ ਆਪਣੇ ਆਪ ਨੂੰ ਇਨ੍ਹਾਂ ਝਮੇਲਿਆਂ ਵਿਚ ਉਲਝਾਉਣਾ ਉਚਿਤ ਨਾ ਸਮਝਿਆ ਕਿਉਂਕਿ ਪੰਥ ਦੀ ਬਹੁਤ ਵੱਡੀ ਜ਼ਿੰਮੇਵਾਰੀ ਆਪ ਜ਼ਿੰਮੇ ਸੀ। ਆਪ ਨੇ ਕੀਰਤਪੁਰ ਤੋਂ ਸਤ ਕਿਲੋਮੀਟਰ ਦੂਰ ਸਤਲੁਜ ਦੇ ਕਿਨਾਰੇ, ਨੈਣਾ ਦੇਵੀ ਦੇ ਪਹਾੜ ਕੋਲ, ਮਾਖੋਵਾਲ ਪਿੰਡ ਦੀ ਕੁਝ ਧਰਤੀ ਰਾਜਾ ਕਹਿਲੂਰ ਤੋਂ ਖ਼੍ਰੀਦੀ ਅਤੇ 1665 ਵਿਚ ਇਕ ਨਵੇਂ ਨਗਰ ਦੀ ਨੀਂਹ ਰੱਖੀ ਜੋ ਅੱਜ ਕੱਲ ਆਨੰਦਪੁਰ ਸਾਹਿਬ ਕਰਕੇ ਜਾਣਿਆ ਜਾਂਦਾ ਹੈ ਅਤੇ ਸਮੁੱਚੇ ਸਿੱਖ ਪੰਥ ਤੇ ਖਾਲਸੇ ਦੀ ਜਨਮ ਭੂਮੀ ਬਣ ਗਿਆ ਹੈ।

ਆਪ ਨੇ ਆਨੰਦਪੁਰ ਤੋਂ ਮਾਲਵੇ ਦੇ ਜੰਗਲਾਂ ਵਿਚੋਂ ਹੋ ਕੇ ਮੱਲੋਵਾਲ ਹਾੜੀਆਂ, ਭਿੱਖੀ, ਖੀਵਾ ਆਦਿ ਪਿੰਡਾਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਮਾਲਵੇ ਤੋਂ ਬਾਅਦ ਬਾਂਗਰ ਵਿਚ ਧਮਧਾਨ ਵਿਖੇ ਵੀ ਗਏ ਜਿੱਥੇ ਭਾਈ ਦੱਗਾ ਨਾਂ ਦੇ ਮਸੰਦ ਦੀ ਸੇਵਾ ਤੋਂ ਖੁਸ਼ ਹੋ ਕੇ ਇਕ ਧਰਮਸਾਲਾ, ਖੂਹ ਤੇ ਸਰੋਵਰ ਲਈ ਧਨ ਦਿੱਤਾ। ਅੱਜ ਉੱਥੇ ਗੁਰੂ ਜੀ ਦੀ ਯਾਦ ਵਿਚ ਇਕ ਖੂਬਸੂਰਤ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਨਾਂ ਨਾਲ ਸੁਸ਼ੋਭਿਤ ਹੈ। ਪੰਜਾਬ ਦੇ ਇਸ ਦੌਰੇ ਸਮੇਂ ਗੁਰੂ ਜੀ ਨੇ ਕਈ ਥਾਈਂ ਨਵੀਆਂ ਸੰਗਤਾਂ ਕਾਇਮ ਕੀਤੀਆਂ। ਮਾਲਵੇ ਤੇ ਬਾਂਗਰ ਦੇ ਇਲਾਕਿਆਂ ਵਿਚ ਪਰਚਾਰ ਕਰਨ ਮਗਰੋਂ ਗੁਰੂ ਜੀ ਪੰਜਾਬੋਂ ਬਾਹਰ ਆਗਰਾ, ਅਲਾਹਾਬਾਦ, ਬਨਾਰਸ, ਗਯਾ ਤੋਂ ਹੁੰਦੇ ਹੋਏ ਪਟਨੇ ਪਹੁੰਚੇ। ਪਟਨਾ ਆਪ ਥੋੜਾ ਚਿਰ ਟਿਕੇ ਅਤੇ ਆਪਣੇ ਪਰਿਵਾਰ ਤੇ ਕੁਝ ਸ਼ਰਧਾਲੂਆਂ ਨੂੰ ਛੱਡ ਕੇ ਆਸਾਮ ਚਲੇ ਗਏ। ਬੰਗਾਲ ਵਿਚੋਂ ਆਪ ਅਸਾਮ ਵਿਚ ਧੁਬਰੀ ਤਕ ਗਏ। ਰਸਤੇ ਵਿਚ ਕੁਝ ਸਮਾਂ ਢਾਕੇ ਰੁਕੇ। ਢਾਕੇ ਵਿਖੇ ਹੀ ਆਪ ਨੂੰ ਆਪਣੇ ਸਪੁੱਤਰ ਦੇ ਜਨਮ ਦੀ ਸ਼ੁਭ ਖਬਰ ਮਿਲੀ ਜਿਸ ਦਾ ਨਾਮ ਗੋਬਿੰਦ ਰਾਇ ਰੱਖਿਆ। ਢਾਕੇ ਤੋਂ ਚੱਲਕੇ ਗੁਰੂ ਜੀ ਸਿਲਹਟ, ਚਟਗਾਉਂ, ਲਸ਼ਕਰ ਆਦਿ ਥਾਵਾਂ ਤੇ ਪਰਚਾਰ ਕਰਦੇ ਹੋਏ ਕੂਚ ਬਿਹਾਰ ਗਏ ਜਿੱਥੇ ਕੁਝ ਦਿਨਾਂ ਲਈ ਪੂਰਨੀਆਂ

ਤੇ ਕਿਸ਼ਨਗੜ੍ਹ ਠਹਿਰੇ। ਉਸ ਸਮੇਂ ਸ਼ਾਹੀ ਫੌਜਾਂ ਅਤੇ ਆਸਾਮੀ ਲੋਕਾਂ ਦੀ ਲੜਾਈ ਹੋ ਰਹੀ ਸੀ। ਆਪ ਨੇ ਦੋਹਾਂ ਧਿਰਾਂ ਵਿਚਕਾਰ ਸਮਝੌਤਾ ਕਰਵਾਇਆ। ਇਉਂ ਆਪ ਇਕ ਸਫਲ ਪਰਚਾਰਕ ਦੇ ਤੌਰ ਤੇ ਲੋਕਾਂ ਵਿਚ ਸਤਿਕਾਰੇ ਗਏ।

ਇਨ੍ਹਾਂ ਇਲਾਕਿਆਂ ਦੇ ਪਰਚਾਰ ਦੌਰੇ ਤੋਂ ਬਾਅਦ ਆਪ ਨੇ ਪੰਜਾਬ ਵਾਪਸ ਮੁੜਨ ਦਾ ਫੈਸਲਾ ਕੀਤਾ। ਪਟਨਾ, ਦਿੱਲੀ ਤੋਂ ਕੁਰੂਕਸ਼ੇਤਰ ਆਦਿ ਥਾਵਾਂ ਤੋਂ ਹੁੰਦੇ ਹੋਏ ਆਪ ਵਾਪਸ ਆਨੰਦਪੁਰ ਆ ਗਏ ਅਤੇ ਆਪਣੇ ਪਰਿਵਾਰ ਨੂੰ ਵੀ ਪਟਨੇ ਤੋਂ ਆਨੰਦਪੁਰ ਵਾਪਸ ਬੁਲਾ ਲਿਆ। ਆਪ ਜ਼ਿੰਮੇ ਗੁਰੂ ਨਾਨਕ ਦੇਵ ਜੀ ਦੇ ਧਰਮ ਪਰਚਾਰ ਦੀ ਜ਼ਿੰਮੇਵਾਰੀ ਸੀ ਅਤੇ ਮਨੁੱਖਤਾ ਦੇ ਕਲਿਆਣ ਹਿੱਤ ਆਪ ਨੇ ਆਪਣੇ ਪਰਿਵਾਰ ਵਿਚ ਕਦੇ ਵੀ ਟਿਕ ਕੇ ਬੈਠਣਾ ਮੁਨਾਸਿਬ ਨਾ ਸਮਝਿਆ। ਦੇਸ਼ ਅੰਦਰ ਪਠਾਣ ਅਤੇ ਮੁਗਲ ਰਾਜ ਸਮੇਂ ਵਰਤੇ ਹਲਾਤ ਦੀ ਤਸਵੀਰ ਆਪ ਦੇ ਸਾਹਮਣੇ ਸੀ। ਗੁਰੂ ਨਾਨਕ ਬਾਣੀ ਅੰਦਰ ਇਸ ਦਾ ਜੋ ਚਿੱਤਰ ਖਿਚਿਆ ਗਿਆ ਹੈ, ਉਸ ਹਾਲਾਤ ਤੋਂ ਆਪ ਭਲੀ-ਭਾਂਤ ਜਾਣੂ ਸਨ। ਜਿਸ ਦਸ਼ਾ ਨੂੰ ਦੇਸ਼ ਦੀ ਜਨਤਾ ਪਹੁੰਚ ਚੁੱਕੀ ਸੀ, ਉਸ ਵਿਚ ਜਨਤਾ ਦੇ ਸਵੈ-ਮਾਨ ਅਤੇ ਵਿਸ਼ਵਾਸ ਨੂੰ ਬਹਾਲ ਕਰਨ ਲਈ ਕਿਸੇ ਮਹਾਨ ਸਮਰਥਾਵਾਨ ਦੀ ਓਟ ਤੇ ਸਹਾਰੇ ਦੀ ਜ਼ਰੂਰਤ ਸੀ। ਆਪ ਨੇ ਬਿਨਾ ਕਿਸੇ ਮਜ਼ਹਬੀ ਜਾਂ ਊਚ-ਨੀਚ ਦੇ ਵਿਤਕਰੇ ਸਾਂਝੇ ਲੰਗਰ ਤਿਆਰ ਕੀਤੇ, ਪਾਣੀ ਵਾਸਤੇ ਨਵੇਂ ਖੂਹ ਲਗਵਾਏ, ਨੰਗਿਆਂ ਲਈ ਬਸਤਰਾਂ ਦਾ ਇੰਤਜ਼ਾਮ ਕੀਤਾ ਅਤੇ ਗੁਜ਼ਾਰੇ ਮਾਫਕ ਮਕਾਨ ਬਣਾਉਣ ਲਈ ਮਾਇਕ ਸਹਾਇਤਾ ਦਿੱਤੀ। ਆਪ ਜਿੱਥੇ ਵੀ ਧਰਮ ਪ੍ਰਚਾਰ ਲਈ ਗਏ, ਸਰਦੇ-ਪੁਜਦੇ ਸ਼ਰਧਾਲੂਆਂ ਵਲੋਂ ਬੇਅੰਤ ਮਾਇਆ ਬਸਤਰ ਭੇਟ ਕੀਤੇ ਜਾਂਦੇ ਜੋ ਆਪ ਲੋੜਵੰਦਾਂ ਵਿਚ ਵੰਡ ਦਿੰਦੇ। ਆਪ ਦੇ ਅਜਿਹੇ ਲੋਕ ਭਲਾਈ ਪ੍ਰਚਾਰ ਸਦਕਾ ਛੇਤੀ ਹੀ ਲੋਕਾਂ ਵਿਚ ਚਰਚਾ ਦਾ ਕੇਂਦਰ ਬਣ ਗਏ। ਆਪ ਕਹਿੰਦੇ ਕਿ ਸਭ ਦੇ ਰੱਖਣ ਤੇ ਮਾਰਨ ਵਾਲਾ ਇਕ ਨਿਰੰਕਾਰ ਹੈ। ਸਭ ਉਸਦੀ ਰਜ਼ਾ ਅੰਦਰ ਹੋ ਰਿਹਾ ਹੈ। ਜੋ ਗੱਲ ਹੋਣੀ ਹੈ, ਉਹ ਡਰਿਆ ਜਾਂ ਰੋਇਆ ਟਲ ਨਹੀਂ ਸਕਦੀ। ਮਨੁੱਖ ਦਾ ਧਰਮ ਹੈ ਕਿ ਬਿਪਤਾ ਦਾ ਡਟ ਕੇ ਮੁਕਾਬਲਾ ਕਰੇ। ਗੁਰੂ ਸਾਹਿਬ ਦੇ ਅਜਿਹੇ ਸੱਚ ਪ੍ਰਤੀ ਦਰਸਾਏ ਉਪਦੇਸ਼ਾਂ ਤੋਂ ਵੇਲੇ ਦੀ ਹਕੂਮਤ ਲੜਖੜਾ ਰਹੀ ਸੀ। ਔਰੰਗਜ਼ੇਬ ਨੂੰ ਗੁਰੂ ਸਾਹਿਬ ਦੇ ਧਰਮ ਪ੍ਰਚਾਰ ਦੀਆਂ ਖਬਰਾਂ ਮਿਲ ਰਹੀਆਂ ਸਨ। ਉਸ ਨੂੰ ਗੁਰੂ ਸਾਹਿਬ ਦੀ ਸਿੱਖ ਸੰਸਥਾ ਬਗਾਵਤ ਨਜ਼ਰ ਆਉਂਦੀ ਸੀ।

ਬਾਣੀ ਰਚਨਾ

ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਇਹ ਬਾਣੀ ਸੰਪੂਰਨ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਤਲਵੰਡੀ ਦੇ ਅਸਥਾਨ ਤੇ 1706 ਵਿਚ ਦਰਜ ਕੀਤੀ। ਆਪ ਦੀ ਰਚਨਾ ਪਦਿਆਂ ਅਤੇ ਸਲੋਕਾਂ ਵਿਚ ਹੈ। ਸਲੋਕ 57 ਹਨ ਅਤੇ ਪਦੇ 59 ਹਨ। ਦੋਹਾਂ ਵਿਚ ਵਿਸ਼ਾ ਵਸਤੂ ਤੇ ਵਿਚਾਰਧਾਰਾ ਇਕੋ ਹੈ ਤੇ ਸ਼ੈਲੀ ਵੀ ਸਾਮਾਨ ਹੈ। ਰਾਗ-ਪ੍ਰਬੰਧ ਅਨੁਸਾਰ ਪਦਿਆਂ ਵਿਚ ਵਰਤੀ ਸ਼ਬਦਾਵਲੀ ।ਬਿੰਬਾਵਲੀ ਤੇ ਸ਼ੈਲੀ ਵਿਚ ਸੂਖਮ ਅੰਤਰ ਹੈ ਪਰੰਤੂ ਚਿੰਤਨ ਤੇ ਭਾਵਨਾ ਵਿਚ ਕੋਈ ਭੇਦ ਨਹੀਂ ਹੈ। ਆਪ ਨੇ ਰਾਗ ਗਾਉੜੀ ਵਿਚ 9, ਆਸਾ 1, ਦੇਵ ਗੰਧਾਰੀ 3, ਬਿਹਾਗੜਾ 1, ਸੋਰਠਿ 12, ਧਨਾਸਰੀ 4, ਜੈਤਸਰੀ 3, ਟੋਡੀ 1, ਤਿਲੰਗ 3, ਬਿਲਾਵਲ 3, ਰਾਮਕਲੀ 3, ਮਾਰੂ 3, ਬਸੰਤ 5, ਸਾਰੰਗ 4 ਅਤੇ ਜੈਜਾਵੰਤੀ ਵਿਚ 4 ਪਦਿਆਂ ਦੀ

ਰਚਨਾ ਕੀਤੀ। ਇਸ ਤਰ੍ਹਾਂ ਕੁੱਲ ਪਦਿਆਂ ਦਾ ਜੋੜ 59 ਬਣਦਾ ਹੈ। ਆਪ ਦੇ ਸਲੋਕ 57 ਹਨ ਜੋ ਦੋਹਰਾ ਛੰਦ ਵਿਚ ਹਨ। ਇਹ ਗੁਰੂ ਗ੍ਰੰਥ ਸਾਹਿਬ ਅੰਦਰ ਸਲੋਕ ਵਾਰਾਂ ਤੋਂ ਵਧੀਕ ਦੇ ਸਮੁੱਚੇ ਸਿਰਲੇਖ ਥੱਲੇ 'ਸਲੋਕ ਮਹਲਾ ੯' ਦੇ ਰੂਪ ਵਿਚ ਹਨ ਜੋ ਪੰਨਾ 1426 ਤੋਂ 1429 ਤੱਕ ਦਰਜ ਹਨ। ਗੁਰੂ ਗ੍ਰੰਥ ਸਾਹਿਬ ਦਾ ਅੰਤਿਮ ਭਾਗ ਹੋਣ ਕਰਕੇ ਇਹ ਵਧੇਰੇ ਪੜ੍ਹੇ ਤੇ ਸੁਣੇ ਜਾਂਦੇ ਹਨ।

ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਇਕ ਇਲਾਹੀ ਆਵਾਜ਼ ਹੈ ਜਿਸ ਵਿਚੋਂ ਮਨੁੱਖਤਾ, ਭਾਈਚਾਰਾ, ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਰਿਸ਼ੀਆਂ ਦਾ ਦਰਸ਼ਨ, ਗੀਤਾ-ਗਿਆਨ, ਡੂੰਘੀ ਸੋਚ, ਨਿੱਜੀ ਅਨੁਭਵ, ਪਿਆਰ ਜਜ਼ਬਾ, ਭਗਤੀ ਅਤੇ ਸਿਮਰਨ ਦੀ ਪ੍ਰੇਰਨਾ ਮਿਲਦੀ ਹੈ। ਆਪ ਦੀ ਰਚਨਾ ਵਿਚ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ' ਦੇ ਗਿਆਨੀ ਜੀਵਨ ਪੱਧਰ ਨੂੰ ਸਤਿਕਾਰਿਆ ਗਿਆ ਹੈ। 'ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ' ਦਾ ਮੁਕਤੀ ਮਾਰਗ ਦਰਸਾਇਆ ਗਿਆ ਹੈ। ਆਪ ਦੀ ਰਚਨਾ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

ਜਗਤ ਦੀ ਅਸਥਿਰਤਾ

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥

(ਗੁ. ਗ੍ਰੰ. ਸਾ. ਪੰਨਾ 219)

ਦੁੱਖਸੁੱਖ ਸਬੰਧੀ

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥

(ਗੁ. ਗ੍ਰੰ. ਸਾ. ਪੰਨਾ 633)

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥

(ਗੁ. ਗ੍ਰੰ. ਸਾ. ਪੰਨਾ 219)

ਪਰਮਾਤਮਾ ਦੀ ਹੋਂਦ

— *ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥*
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥

(ਗੁ. ਗ੍ਰੰ. ਸਾ. ਪੰਨਾ 537)

— *ਕਾਹੇ ਰੇ ਬਨ ਖੋਜਨ ਜਾਈ ॥*
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥

(ਗੁ. ਗ੍ਰੰ. ਸਾ. ਪੰਨਾ 684)

ਝੂਠੀ ਪ੍ਰੀਤ ਮੋਹ

— ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥
— ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥

(ਗੁ. ਗ੍ਰੰ. ਸਾ. ਪੰਨਾ 633)

ਮਨ ਸਬੰਧੀ

— ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥
— ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥

(ਗੁ. ਗ੍ਰੰ. ਸਾ. ਪੰਨਾ 219)

ਸ਼ਹਾਦਤ

ਔਰੰਗਜ਼ੇਬ ਨੇ 1669 ਈ. ਵਿਚ ਆਪਣੇ ਸੂਬੇ ਵਿਚ ਇਹ ਹੁਕਮ ਜਾਰੀ ਕੀਤਾ ਕਿ ਹਿੰਦੂਆਂ ਦੇ ਮੰਦਿਰ ਢਾਹ ਦਿੱਤੇ ਜਾਣ ਅਤੇ ਸਖਤੀ ਨਾਲ ਹਿੰਦੂਆਂ ਨੂੰ ਇਸਲਾਮ ਧਰਮ ਗ੍ਰਹਿਣ ਕਰਵਾਇਆ ਜਾਵੇ। ਹਿੰਦੂਆਂ ਨੂੰ ਸਰਕਾਰੀ ਨੌਕਰੀ ਤੋਂ ਕੱਢਿਆ ਜਾਣ ਲੱਗਾ। ਪੰਡਿਤ ਲੋਕ ਹਿੰਦੁਸਤਾਨ ਦੇ ਸ਼੍ਰੋਮਣੀ ਹਿੰਦੂ ਮੰਨੇ ਜਾਂਦੇ ਸਨ। ਧਰਮ ਬਦਲਾਉਣ ਦਾ ਪਹਿਲਾ ਤਜਰਬਾ ਕਸ਼ਮੀਰ ਵਿਚ ਸ਼ੁਰੂ ਕੀਤਾ ਗਿਆ। ਇਸ ਦੇ ਵੀ ਦੋ ਕਾਰਨ ਸਨ। ਪਹਿਲਾ ਕਾਰਨ ਕਿ ਜੇਕਰ ਕਸ਼ਮੀਰੀ ਪੰਡਿਤ ਮੁਸਲਮਾਨ ਬਣਦੇ ਹਨ ਤਾਂ ਹਿੰਦੁਸਤਾਨ ਦੇ ਹੋਰ ਹਿੰਦੂ ਵੀ ਛੇਤੀ ਹੀ ਮੁਸਲਿਮ ਧਰਮ ਗ੍ਰਹਿਣ ਕਰ ਲੈਣਗੇ। ਜੇ ਕਸ਼ਮੀਰੀਆਂ ਇਸ ਦਾ ਵਿਰੋਧ ਕੀਤਾ ਤਾਂ ਮੁਸਲਮਾਨ ਜਹਾਦ ਦਾ ਨਾਅਰਾ ਲਾ ਕੇ ਉਨ੍ਹਾਂ ਦਾ ਮਲੀਆਮੇਟ ਕਰ ਦੇਣਗੇ ਕਿਉਂਕਿ ਪਿਸ਼ੌਰ ਤੇ ਕਾਬਲ ਮੁਸਲਮਾਨ ਦੇਸ਼ ਕਸ਼ਮੀਰ ਨੇੜੇ ਪੈਂਦੇ ਸਨ। ਜਦੋਂ ਕਸ਼ਮੀਰੀ ਪੰਡਿਤ ਔਰੰਗਜ਼ੇਬ ਦੀ ਧਾਰਮਿਕ ਨੀਤੀਆਂ ਦਾ ਸ਼ਿਕਾਰ ਹੋਏ ਤਾਂ ਉਨ੍ਹਾਂ ਉੱਪਰ ਕਸ਼ਮੀਰ ਦੇ ਵਾਇਸਰਾਏ ਸ਼ੇਰ ਅਫਗਾਨ ਖਾਂ ਨੇ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਕਸ਼ਮੀਰੀ ਪੰਡਤਾਂ ਉਸ ਕੋਲੋਂ ਛੇ ਮਹੀਨੇ ਦਾ ਸਮਾਂ ਮੰਗਿਆ ਅਤੇ ਆਪ ਤੇਗ ਬਹਾਦਰ ਜੀ ਪਾਸ ਆਨੰਦਪੁਰ ਪੁੱਜ ਗਏ। ਉਨ੍ਹਾਂ ਗੁਰੂ ਦੇ ਦਰਬਾਰ ਆਪਣੇ ਨਾਲ ਹੋਈਆਂ ਵਧੀਕੀਆਂ ਤੇ ਜ਼ੁਲਮਾਂ ਦੀ ਵਿਥਿਆ ਸੁਣਾਈ। ਗੁਰੂ ਸਾਹਿਬ ਅਜਿਹੇ ਹੌਲਨਾਕ ਵਾਕੇ ਸੁਣ ਕੇ ਗੰਭੀਰ ਸੋਚ ਵਿਚ ਡੁੱਬ ਗਏ। ਬਾਲ ਗੋਬਿੰਦ ਇਸ ਸਮੇਂ ਆਪ ਪਾਸ ਹੀ ਸਨ। ਪਿਤਾ ਨੂੰ ਗਹਿਰ ਗੰਭੀਰ ਮੁਦਰਾ ਵਿਚ ਵੇਖ ਕੇ ਪੁੱਛਿਆ ਕਿ ਕਸ਼ਮੀਰੀ ਪੰਡਿਤ ਕੀ ਸੁਨੇਹਾ ਲਿਆਏ ਹਨ ਤਾਂ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ "ਪੁੱਤਰ! ਕੁਰਬਾਨੀ ਦਾ ਸਮਾਂ ਆ ਗਿਆ ਹੈ। ਹਿੰਦੁਸਤਾਨ ਦੀ ਸੁੱਤੀ ਸ਼ਕਤੀ ਨੂੰ ਜਗਾਉਣ ਲਈ ਕੁਰਬਾਨੀ ਦੀ ਲੋੜ ਹੈ।" ਇਹ ਗੱਲ ਸੁਣ ਕੇ ਬਾਲ ਗੋਬਿੰਦ ਨੇ ਕਿਹਾ ਕਿ, "ਪਿਤਾ ਜੀ ਤੁਹਾਡੇ ਤੋਂ ਵੱਡਾ ਪਰਉਪਕਾਰੀ ਕੌਣ ਹੋ ਸਕਦਾ ਹੈ, ਧਰਮ ਦੀ ਰੱਖਿਆ ਅਤੇ ਸ਼ਰਨ ਆਈ ਮਨੁੱਖਤਾ ਦੀ ਲਾਜ ਜੇਕਰ ਕੁਰਬਾਨੀ ਨਾਲ ਰੱਖੀ ਜਾਣੀ ਹੈ ਤਾਂ 'ਤੁਸੀਂ ਜਾਓ, ਕੁਰਬਾਨੀ ਦਿਓ'।"

ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਸੁਨੇਹਾ ਭੇਜੋ ਕਿ ਸਾਡਾ ਗੁਰੂ ਤੇਗ ਬਹਾਦਰ ਹੈ, ਉਸ ਦੇ ਧਰਮ ਪਰਿਵਰਤਨ ਨਾਲ ਅਸੀਂ ਆਪਣਾ ਧਰਮ ਬਦਲ ਲਵਾਂਗੇ। ਜਦੋਂ ਔਰੰਗਜ਼ੇਬ ਨੂੰ ਇਹ ਖਬਰ ਮਿਲੀ ਤਾਂ ਉਸ ਨੇ ਉਸੇ ਵੇਲੇ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ ਨੂੰ ਰੋਪੜ ਦੇ ਨੇੜੇ ਮਲਕਪੁਰ ਦੀ ਜੂਹ ਵਿਚੋਂ ਭਾਈ ਮਤੀਦਾਸ, ਸਤੀਦਾਸ ਅਤੇ ਦਿਆਲ ਦਾਸ ਸਮੇਤ ਗ੍ਰਿਫਤਾਰ ਕੀਤਾ ਗਿਆ ਅਤੇ ਚਾਰ ਮਹੀਨੇ ਸਰਹੰਦ ਰੱਖ ਕੇ ਉਨ੍ਹਾਂ ਨੂੰ ਦਿੱਲੀ ਲਿਆਂਦਾ ਗਿਆ ਜਿੱਥੇ ਚਾਰ ਪੰਜ ਦਿਨ ਤਸੀਹੇ ਦਿੰਦੇ ਰਹੇ। ਇਸਲਾਮ ਧਰਮ ਪ੍ਰਵਾਨ ਕਰਨ ਲਈ ਕੋਹਿਆ ਗਿਆ, ਕਰਾਮਾਤਾਂ ਦਿਖਾਉਣ ਜਾਂ ਕੁਰਬਾਨੀ ਲਈ ਤਿਆਰ ਰਹਿਣ ਲਈ ਕਿਹਾ ਗਿਆ। ਧਰਮ ਰੱਖਿਅਕ ਗੁਰੂ ਨੇ ਪਹਿਲੀਆਂ ਦੋਵੇਂ ਸ਼ਰਤਾਂ ਨਾ-ਮਨਜ਼ੂਰ ਕਰਦਿਆਂ ਕੁਰਬਾਨੀ ਨੂੰ ਪਹਿਲ ਦਿੱਤੀ। ਗੁਰੂ ਜੀ ਨਾਲ ਪਕੜੇ ਤਿੰਨੇ ਸਿੱਖਾਂ ਨੂੰ ਤਸੀਹੇ ਦਿੱਤੇ ਗਏ। ਭਾਈ ਮਤੀਦਾਸ ਨੂੰ ਗੁਰੂ ਜੀ ਦੇ ਸਾਹਮਣੇ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲ ਦਾਸ ਨੂੰ ਦੇਗ ਵਿਚ ਉਬਾਲਿਆ ਗਿਆ ਅਤੇ ਭਾਈ ਮਤੀਦਾਸ ਦੇ ਟੋਟੇ-ਟੋਟੇ ਕਰ ਦਿੱਤੇ ਪਰੰਤੂ ਇਹ ਗੁਰੂ ਦੇ ਮਹਾਨ ਸਿੱਖ ਸਿਦਕੋਂ ਨਹੀਂ ਡੋਲੇ।

ਸਾਰੀ ਜਾਤੀ ਦਾ ਭਾਰ ਆਪਣੇ ਸਿਰ ਲੈ ਲੈਣਾ ਤੇ ਹਕੂਮਤ ਨੂੰ ਵੰਗਾਰ ਪਾਉਣਾ ਆਮ ਗੱਲ ਨਹੀਂ ਸੀ। ਜਿਸ ਸਮੁੱਚੀ ਜਾਤੀ ਨੂੰ ਹਕੂਮਤ ਖਤਮ ਕਰਨ ਤੇ ਤੁਲੀ ਹੋਈ ਹੋਵੇ, ਉਸ ਦੇ ਪ੍ਰਤੀਨਿਧ ਦੀ ਹੈਸੀਅਤ ਵਿਚ ਮੁਗਲ ਸਾਮਰਾਜ ਦਾ ਸਾਹਮਣਾ ਕਰਨਾ ਗੁਰੂ ਜੀ ਦੀ ਮਹਾਨ ਦਲੇਰੀ ਤੇ ਨਿਡਰਤਾ ਦਾ ਸਬੂਤ ਹੈ। ਗੁਰੂਤਾ ਦੀ ਮਹਾਨ ਜ਼ਿਮੇਵਾਰੀ ਨਿਭਾਉਣ ਦਾ ਅਹਿਸਾਸ ਆਪਣੇ ਨੌਂ ਸਾਲ ਦੇ ਬੱਚੇ ਨੂੰ ਅਜਿਹੇ ਹਾਲਤ ਵਿਚ ਛੱਡ ਜਾਣਾ ਜਦੋਂ ਚਾਰੇ ਪਾਸਿਓਂ ਦੁਸ਼ਮਣਾਂ ਦਾ ਘੇਰਾ ਹੋਵੇ, ਅਜਿਹੀ ਮਹਾਨ ਸੋਚ ਅਤੇ ਨਿਡਰ ਗੁਰੂ ਦੀ ਰਹਿਨੁਮਾਈ ਦਾ ਅਸਰ ਸੀ ਕਿ ਬਾਲ ਗੋਬਿੰਦ ਨੇ ਸਿੱਖ ਲਹਿਰ ਦੀ ਅਗਲੀ ਜਿੰਮੇਵਾਰੀ ਆਪਣੇ ਮੋਢੇ ਉੱਪਰ ਲੈ ਲਈ। ਜਿਸ ਸਿੱਖੀ ਦੇ ਪ੍ਰਚਾਰ ਅਤੇ ਧਰਮ ਰੱਖਿਆ ਦੀ ਜ਼ਿੰਮੇਵਾਰੀ ਆਪ ਉਪਰ ਸੀ ਉਸ ਦੀ ਜ਼ਿੰਮੇਵਾਰੀ ਨੂੰ ਭੀ ਗੁਰੂ ਜੀ ਨੇ ਮਜਲੂਮਾਂ ਦੀ ਰਖਿਆ ਦੇ ਸਵਾਲ ਉਪਰੋਂ ਕੁਰਬਾਨ ਕਰ ਦਿੱਤੋ। ਆਪਣੇ ਧਰਮ ਨੂੰ ਖਤਰੇ ਵਿਚ ਪਾ ਕੇ ਗੁਰੂ ਜੀ ਨੇ ਸ਼ਰਨ ਆਏ ਹਿੰਦੂਆਂ ਦੇ ਧਰਮ ਦੀ ਰੱਖਿਆ ਦਾ ਬੀੜਾ ਚੁੱਕਿਆ। ਇਸ ਤੋਂ ਵੱਡੀ ਕੁਰਬਾਨੀ ਹੋਰ ਕੀ ਹੋ ਸਕਦੀ ਹੈ। ਇਤਿਹਾਸ ਵਿਚ ਅਜਿਹੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ, ਜਿੱਥੇ ਕਿਸੇ ਇਕ ਧਰਮ ਦਾ ਆਗੂ ਆਪਣੇ ਧਰਮ ਦੀ ਵਾਂਗਡੋਰ ਇਕ ਨੌਂ ਸਾਲ ਦੇ ਬੱਚੇ ਨੂੰ ਸੌਂਪ ਕੇ ਦੂਜੇ ਧਰਮ ਦੀ ਰੱਖਿਆ ਲਈ ਅੱਗੇ ਆਇਆ ਹੋਵੇ। 11 ਨਵੰਬਰ, 1675 ਨੂੰ ਸਵੇਰ ਵੇਲੇ ਕਾਜ਼ੀ ਨੇ ਫਤਵਾ ਪੜ੍ਹਿਆ ਤੇ ਬਾਦਸ਼ਾਹੀ ਹੁਕਮ ਅਨੁਸਾਰ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਦੇ ਪਵਿੱਤਰ ਸੀਸ ਨੂੰ ਚੁੱਕ ਕੇ ਭਾਈ ਜੈਤਾ ਆਨੰਦਪੁਰ ਸਾਹਿਬ ਲੈ ਆਇਆ। ਬਾਲ ਗੋਬਿੰਦ ਰਾਏ ਨੇ ਉਸ ਨੂੰ ਛਾਤੀ ਨਾਲ ਲਾਇਆ ਅਤੇ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ। ਗੁਰੂ ਸਾਹਿਬ ਦੇ ਧੜ ਨੂੰ ਲੱਖੀ ਸ਼ਾਹ ਆਪਣੇ ਗੱਡੇ ਵਿਚ ਪਾ ਕੇ ਘਰ ਲੈ ਗਿਆ ਅਤੇ ਘਰ ਨੂੰ ਅੱਗ ਲਾ ਕੇ ਪੂਰੇ ਸਤਿਕਾਰ ਨਾਲ ਗੁਰੂ ਜੀ ਦਾ ਸਰੀਰ ਅਗਨ ਭੇਂਟ ਕੀਤਾ। ਅੱਜ ਉਸ ਥਾਂ ਰਕਾਬਗੰਜ ਗੁਰਦੁਆਰਾ ਸੁਸ਼ੋਭਿਤ ਹੈ। ਜਿੱਥੇ ਗੁਰੂ ਜੀ ਸ਼ਹੀਦ ਹੋਏ, ਉੱਥੇ ਅੱਜ ਕੱਲ ਸੀਸਗੰਜ ਗੁਰਦੁਆਰਾ ਹੈ। ਪਹਿਲੇ ਤੋਂ ਨੌਵੇਂ ਗੁਰੂ ਤੱਕ ਗੁਰੂ ਸਾਹਿਬਾਨ

ਮੁਗਲਾਂ ਦੀ ਜਮੀਰ ਨੂੰ ਜਗਾਉਣ ਦਾ ਯਤਨ ਕਰਦੇ ਰਹੇ ਅਤੇ ਦਸਵੇਂ ਗੁਰੂ ਨੇ ਸਮੇਂ ਦੀ ਹਕੂਮਤ ਨਾਲ ਆਹਮੋ-ਸਾਹਮਣੇ ਦੀ ਟੱਕਰ ਲਈ ਜਿਸਦੇ ਪ੍ਰਤੀਕਰਮ ਵਜੋਂ ਖ਼ਾਲਸਾ ਪੰਥ ਹੋਂਦ ਵਿਚ ਆਇਆ ਜਿਸ ਦੇ ਬੀਜ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਬੀਜੇ ਜਾ ਚੁੱਕੇ ਸਨ।

ਗੁਰੂ ਸਾਹਿਬ ਦੀ ਸ਼ਹੀਦੀ ਵਿਲੱਖਣ ਤੇ ਮਹਾਨ ਹੈ। ਉਨ੍ਹਾਂ ਮਾਨਵਤਾ ਤੇ ਧਰਮ ਦੇ ਰੱਖਿਅਕ ਬਣ ਕੇ ਆਪਣਾ ਸੀਸ ਮਨੁੱਖਤਾ ਦੀ ਅਜਾਦੀ ਲਈ ਵਾਰਿਆ। ਇਸ ਲਾਸਾਨੀ ਸ਼ਹਾਦਤ ਬਾਰੇ ਗੁਰੂ ਗੋਬਿੰਦ ਸਿੰਘ ਨੇ ਬਚਿੱਤਰ ਨਾਟਕ ਵਿਚ ਲਿਖਿਆ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤਿ ਜਿਨਿ ਕਰੀ ॥
ਸੀਸ ਦੀਆ ਪਰ ਸੀ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸ ਦੀਆ ਪਰ ਸਿਰਰੁ ਨ ਦੀਆ ॥

ਟਿੱਪਣੀਆਂ ਤੇ ਹਵਾਲੇ

1. *ਗੁਰੂ ਤੇਗ ਬਹਾਦਰ : ਜੀਵਨ ਸੰਦੇਸ਼ ਤੇ ਸ਼ਹਾਦਤ* : ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. *ਗੁਰੂ ਤੇਗ ਬਹਾਦਰ-ਜੀਵਨ ਤੇ ਰਚਨਾ* : ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
3. *ਨਾਨਕ ਪ੍ਰਕਾਸ਼ ਪੱਤ੍ਰਿਕਾ-ਗੁਰੂ ਤੇਗ ਬਹਾਦਰ ਸ਼ਹੀਦੀ ਵਿਸ਼ੇਸ਼ ਅੰਕ*
4. *ਨੌਵੀਂ ਪਾਤਸ਼ਾਹੀ : ਸੰਖਿਪਤ ਜੀਵਨੀ ਤੇ ਗੁਰਬਾਣੀ, ਭਾਵ ਸਹਿਤ* : ਪ੍ਰੋ. ਗੁਲਵੰਤ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
5. *ਦਸ ਗੁਰੂ ਦਰਸ਼ਨ* : ਪੂਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
6. *ਸਿੱਖ ਧਰਮ-ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ* : ਗੁਰਬਚਨ ਸਿੰਘ ਨਈਅਰ (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
7. *ਗੁਰੂ ਤੇਗ ਬਹਾਦਰ* : ਹਰਬੰਸ ਸਿੰਘ, ਨਵੀਂ ਦਿੱਲੀ, 1982

ਸ੍ਰੀ ਗੁਰੂ ਗੋਬਿੰਦ ਸਿੰਘ

ਪ੍ਰੋ. ਤੇਜਾ ਸਿੰਘ

ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਢਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਪਟਨੇ ਸਾਹਿਬ ਉਨ੍ਹਾਂ ਦੇ ਘਰ 26 ਦਸੰਬਰ, 1666 ਨੂੰ ਇਕ ਬਾਲਕ ਪੈਦਾ ਹੋਇਆ ਹੈ। ਉਸ ਦਾ ਨਾਮ 'ਗੋਬਿੰਦ ਰਾਇ' ਰੱਖਿਆ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੋ ਸਾਲ ਤਕ ਢਾਕੇ, ਸਿਲਹਟ, ਚਾਟਗਾਉਂ, ਸੋਨਦੀਪ, ਲਸ਼ਕਰ ਆਦਿ ਥਾਵਾਂ ਤੇ ਪ੍ਰਚਾਰ ਕਰਦੇ ਰਹੇ। ਉਪਰੰਤ ਆਸਾਮ ਵੱਲ ਚਲੇ ਗਏ, ਜਿੱਥੇ 1669 ਦੇ ਸ਼ੁਰੂ ਵਿਚ ਰਾਜਾ ਰਾਮ ਸਿੰਘ ਨਾਲ ਮੇਲ ਹੋਇਆ, ਜੋ ਮੁਗ਼ਲ ਫ਼ੌਜ ਨੂੰ ਲੈ ਕੇ ਆਸਾਮ ਉੱਤੇ ਚੜ੍ਹ ਆਇਆ ਸੀ। ਦੋ ਸਾਲ ਮਗਰੋਂ ਆਸਾਮ ਦੇ ਦੌਰੇ ਤੋਂ ਵਾਪਸ ਹੋਏ ਤੇ ਛੇਤੀ-ਛੇਤੀ ਪੰਜਾਬ ਵੱਲ ਮੁੜ ਪਏ, ਕਿਉਂਕਿ ਔਰੰਗਜ਼ੇਬ ਦੀ ਨਵੀਂ ਪਾਲਿਸੀ ਨੇ ਹਿੰਦੂਆਂ ਅਤੇ ਸਿੱਖਾਂ ਦੀ ਜਾਨ ਤੰਗ ਕਰ ਰੱਖੀ ਸੀ। 'ਮੁਆਸਰੇ ਆਲ ਮਗੀਰੀ' ਦੇ ਅਨੁਸਾਰ ਔਰੰਗਜ਼ੇਬ ਨੇ 1669 ਵਿਚ ਸੂਬੇ ਦੇ ਹਾਕਮਾਂ ਨੂੰ ਆਮ ਹੁਕਮ ਭੇਜ ਦਿੱਤਾ ਸੀ ਕਿ ਹਿੰਦੂਆਂ ਦੇ ਮੰਦਰ ਤੇ ਉਹਨਾਂ ਦੇ ਨਾਲ ਲੱਗਦੀਆਂ ਪਾਠਸ਼ਾਲਾਂ ਢਾਹ ਦਿੱਤੀਆਂ ਜਾਣ। ਖ਼ਾਫ਼ੀ ਖਾਨ ਕਹਿੰਦਾ ਹੈ ਕਿ ਸਿੱਖ ਪ੍ਰਚਾਰਕਾਂ ਨੂੰ ਦੇਸ-ਨਿਕਾਲਾ ਦਿੱਤਾ ਗਿਆ ਅਤੇ ਉਹਨਾਂ ਦੇ ਗੁਰਦੁਆਰੇ ਢਾਹੇ ਗਏ (ਦੇਖੋ ਮੁੰਤਖ਼ਿਬੁਲ ਬਾਬ, ਜਿਲਦ ਦੂਜੀ, ਪੰਨਾ 651-652 ਤੇ ਜਾ.ਨਾ. ਸਰਕਾਰ ਦੀ ਕਿਤਾਬ ਔਰੰਗਜ਼ੇਬ, ਜਿਲਦ ਤੀਜੀ, ਪੰਨਾ 354)।

ਗੁਰੂ ਸਾਹਿਬ ਦੇ ਉਥੋਂ ਪਰਤ ਆਉਣ ਦਾ ਇਹੋ ਕਾਰਨ ਮਲੂਮ ਹੁੰਦਾ ਹੈ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਧਾਰਮਿਕ ਗੁਰਦੁਆਰਿਆਂ ਤੇ ਪ੍ਰਚਾਰਕਾਂ ਉੱਤੇ ਤਕਲੀਫ਼ਾਂ ਦੇ ਪਹਾੜ ਆ ਪੈਣ, ਤੇ ਉਹ ਆਪ ਦੇਸ ਤੋਂ ਬਾਹਰ ਰਹਿਣ। ਉਹਨਾਂ ਦਾ ਖ਼ਿਆਲ ਸੀ ਕਿ ਕੋਈ ਅਜਿਹਾ ਸਾਕਾ ਕੀਤਾ ਜਾਵੇ, ਜਿਦ੍ਹੇ ਨਾਲ ਮੁਗ਼ਲ ਜਰਵਾਣਿਆਂ ਦੇ ਦਿਲ ਦੂਵ ਜਾਣ ਤੇ ਆਮ ਲੋਕੀ ਸੁਸਤੀ ਛੱਡਣ ਤੇ ਮਜਬੂਰ ਹੋ ਜਾਣ।

ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਪਟਨੇ ਤੋਂ ਬੁਲਾਵਾ ਭੇਜਿਆ, ਤੇ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ 'ਭਾਂਤ ਭਾਂਤ ਦੀ ਸਿੱਖਿਆ' ਦੇਣੀ ਸ਼ੁਰੂ ਕਰ ਦਿੱਤੀ ਅਤੇ ਨਿੱਕੇ ਜਿਹੇ ਦਿਲ ਨਾਲ ਵੱਡੇ-ਵੱਡੇ ਖਿਆਲ ਸੋਚਣ ਤੇ ਸਬੀਲਾਂ ਬੰਨ੍ਹਣ ਦੀ ਜਾਚ ਸਿਖਾਈ। ਇਕ ਵਾਰ ਹਿੰਦੂਆਂ ਦੇ ਦੁੱਖੜੇ ਸੁਣ ਕੇ ਗੁਰੂ ਜੀ ਸੋਚਾਂ ਵਿਚ ਪਏ ਹੋਏ ਸਨ ਕਿ ਬਾਹਰੋਂ ਗੋਬਿੰਦ ਰਾਇ ਜੀ ਖੇਡਦੇ ਖੇਡਦੇ ਉਨ੍ਹਾਂ ਪਾਸ ਆਏ ਤੇ ਉਦਾਸੀ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਉੱਤਰ ਦਿੱਤਾ ਕਿ ਸਾਡਾ ਦੇਸ਼ ਤੁਰਕਾਂ ਦੇ ਜ਼ੋਰ ਹੇਠਾਂ ਪਿਆ ਹੋਇਆ ਹੈ ਤੇ ਇਸ ਨੂੰ ਆਜ਼ਾਦ ਕਰਾਉਣ ਲਈ ਕਿਸੇ ਬੜੀ ਵੱਡੀ ਤੇ ਪਵਿੱਤਰ ਹਸਤੀ ਦੀ ਸ਼ਹੀਦੀ ਦੀ ਲੋੜ ਹੈ। ਗੋਬਿੰਦ ਰਾਇ ਜੀ ਨੇ, ਜਿਨ੍ਹਾਂ ਦੀ ਉਮਰ ਉਸ ਵੇਲੇ ਨੌਂ ਸਾਲ ਦੀ ਸੀ, ਉੱਤਰ ਦਿੱਤਾ ਕਿ ਇਸ ਕੰਮ ਲਈ ਆਪ ਤੋਂ ਬਿਨਾਂ ਹੋਰ ਕਿਹੜੀ ਵੱਡੀ ਹਸਤੀ

ਹੈ? ਗੁਰੂ ਜੀ ਨੂੰ ਇਹ ਉੱਤਰ ਸੁਣ ਕੇ ਨਿਸ਼ਚਾ ਹੋ ਗਿਆ ਕਿ ਸਾਡੇ ਪਿਛੋਂ ਸਾਡੀ ਥਾਂ ਕੰਮ ਕਰਨ ਵਾਲਾ ਪੈਦਾ ਹੋ ਗਿਆ ਹੈ। ਸੋ ਜੂਨ 1675 ਵਿਚ ਉਨ੍ਹਾਂ ਮਾਲਵੇ ਤੇ ਬਾਂਗਰ ਦੇਸ਼ ਵਿਚ ਪ੍ਰਚਾਰ ਦਾ ਦੌਰਾ ਆਰੰਭ ਦਿੱਤਾ। ਉਨ੍ਹਾਂ ਦੇ ਪ੍ਰਚਾਰ ਦਾ ਸਦਕਾ ਕਈ ਹਿੰਦੂ ਤੇ ਮੁਸਲਮਾਨ ਸਿੱਖ ਬਣ ਗਏ। ਇਹ ਗੱਲ ਉਸ ਵੇਲੇ ਦੀ ਸਰਕਾਰ ਨੂੰ ਕਿਵੇਂ ਭਾ ਸਕਦੀ ਸੀ? ਔਰੰਗਜ਼ੇਬ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਗਰੇ ਤੋਂ ਪਕੜ ਕੇ ਦਿੱਲੀ ਲਿਆਇਆ ਗਿਆ ਅਤੇ ਕੈਦ ਵਿਚ ਪਾ ਦਿੱਤਾ ਗਿਆ। ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਕਿਹਾ ਗਿਆ ਕਿ ਜਾਂ ਤਾਂ ਉਹ ਮੁਸਲਮਾਨ ਹੋ ਜਾਣ, ਨਹੀਂ ਤਾਂ ਉਹਨਾਂ ਨੂੰ ਸ਼ਹੀਦ ਕੀਤਾ ਜਾਵੇਗਾ। ਉਨ੍ਹਾਂ ਦੇ ਸਾਹਮਣੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਕੇ ਸੰਗਲਾਂ ਨਾਲ ਜਕੜਿਆ ਗਿਆ। ਫਿਰ ਭੀ ਉਨ੍ਹਾਂ ਨੇ ਆਪਣਾ ਧਰਮ ਛਡਣ ਤੋਂ ਨਾਂਹ ਹੀ ਨਾ ਕੀਤੀ, ਸਗੋਂ ਕਰਾਮਾਤਾਂ ਦਿਖਾ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਭੀ ਨਾ ਕੀਤੀ। ਅੰਤ ਨਵੰਬਰ 11, ਸੰਨ 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਉਨ੍ਹਾਂ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ।

ਇਸ ਦਿਲ ਹਿਲਾ ਦੇਣ ਵਾਲੇ ਸਾਕੇ ਦਾ ਪਹਿਲਾ ਅਸਰ ਇਹ ਹੋਇਆ ਕਿ ਲੋਕੀਂ ਸਹਿਮ ਗਏ। ਦਿੱਲੀ ਵਿਚ ਬੜੇ-ਬੜੇ ਧਨਾਢ ਸਿੱਖ ਵਸਦੇ ਸਨ, ਪਰ ਕਿਸੇ ਦਾ ਵੀ ਹੀਆ ਨਾ ਪਿਆ ਕਿ ਗੁਰੂ ਜੀ ਦੇ ਪਵਿੱਤਰ ਸਰੀਰ ਨੂੰ ਸਰਕਾਰੀ ਕਰਮਚਾਰੀਆਂ ਤੋਂ ਲੈ ਕੇ ਅੰਤਮ ਸਸਕਾਰ ਕਰ ਦੇਵੇ। ਕੁਝ ਲੁਬਾਣੇ ਸਿੱਖਾਂ ਨੇ ਜੁਗਤ ਲੜਾਈ ਅਤੇ ਕਿਸੇ ਢੰਗ ਨਾਲ ਗੁਰੂ ਜੀ ਦੀ ਦੇਹ ਨੂੰ ਸ਼ਹਿਰ ਤੋਂ ਬਾਹਰ ਲਿਜਾ ਕੇ ਆਪਣੀਆਂ ਝੁਗੀਆਂ ਸਮੇਤ ਸਾੜ ਦਿੱਤਾ। ਇਕ ਰੰਘਰੇਟਾ ਸਿੱਖ ਗੁਰੂ ਜੀ ਦੇ ਪਵਿੱਤਰ ਸੀਸ ਨੂੰ ਲੈ ਕੇ ਆਨੰਦਪੁਰ ਪੁੱਜਾ। ਗੁਰੂ ਗੋਬਿੰਦ ਸਿੰਘ ਸਾਹਿਬ ਰੰਘਰੇਟੇ ਸਿੱਖ ਦਾ ਸਿਦਕ ਤੇ ਉਤਸ਼ਾਹ ਵੇਖ ਕੇ ਬਹੁਤ ਖੁਸ਼ ਹੋਏ ਤੇ ਉਸ ਨੂੰ ਆਪਣੀਆਂ ਬਾਹਵਾਂ ਵਿਚ ਲੈ ਕੇ ਕਹਿਣ ਲੱਗੇ, "ਰਘਰੇਟੇ ਗੁਰੂ ਕੇ ਬੇਟੇ।"

ਗੁਰੂ ਜੀ ਨੂੰ ਇਹ ਸੁਣ ਕੇ ਬਹੁਤ ਅਫ਼ਸੋਸ ਹੋਇਆ ਕਿ ਔਖੇ ਵੇਲੇ ਉੱਚੀਆਂ ਜਾਤਾਂ ਵਾਲੇ ਸਿੱਖੀ ਤੋਂ ਕੰਨੀ ਕਤਰਾ ਗਏ। ਗੁਰੂ ਜੀ ਨੇ ਉਸ ਵੇਲੇ ਪ੍ਰਣ ਕੀਤਾ ਕਿ ਮੈਂ ਹੁਣ ਅਜਿਹੇ ਸਿੱਖ ਪੈਦਾ ਕਰਾਂਗਾ, ਜਿਹੜੇ ਆਪਣੇ ਆਪ ਨੂੰ ਹਜ਼ਾਰਾਂ ਵਿਚ ਵੀ ਛੁਪਾ ਨਹੀਂ ਸਕਣਗੇ।

(ਦੇਖੋ ਸੂਰਜ ਪ੍ਰਕਾਸ਼, ਕਾਂਡ 1, ਅੰਸੂ 7)

ਕੁਝ ਚਿਰ ਲਈ ਗੁਰੂ ਜੀ ਸ਼ਾਂਤੀ ਤੇ ਇਕਾਂਤ ਵਿਚ ਆਪਣੇ ਆਉਣ ਵਾਲੇ ਪ੍ਰੋਗਰਾਮ ਤੇ ਵਿਚਾਰ ਕਰਨ ਲਈ ਨਾਹਨ ਰਿਆਸਤ ਵਿਚ ਚਲੇ ਗਏ। ਉੱਥੇ ਦੇ ਰਾਜੇ ਦੀ ਭੇਟਾ ਕੀਤੀ ਹੋਈ ਜ਼ਮੀਨ ਉਤੇ ਇਕ ਕਿਲ੍ਹਾ ਬਣਵਾਇਆ, ਜਿਸ ਦਾ ਨਾਂ ਪੌਂਟਾ ਸਾਹਿਬ ਰੱਖਿਆ। ਉੱਥੇ ਪਹਿਲਾਂ ਆਪਣੀ ਵਿੱਦਿਆ ਦਾ ਪ੍ਰਬੰਧ ਕੀਤਾ। ਬਚਪਨ ਵਿਚ ਹੀ ਬਿਹਾਰੀ ਬੋਲੀ ਉਨ੍ਹਾਂ ਦੀ ਜ਼ੁਬਾਨ ਤੇ ਚੜ੍ਹ ਗਈ ਸੀ। ਫਿਰ ਆਪਣੀ ਮਾਤਾ ਪਾਸੋਂ ਉਨ੍ਹਾਂ ਗੁਰਮੁਖੀ ਸਿਖੀ ਸੀ। ਪਿਤਾ ਜੀ ਬਾਬਤ ਉਹ ਆਪ ਕਹਿੰਦੇ ਹਨ ਕਿ ਉਨ੍ਹਾਂ ਨੇ "ਭਾਂਤ ਭਾਂਤ ਕੀ ਦੀਨੀ ਸਿਖਿਆ।" ਫ਼ਾਰਸੀ ਇਕ ਮੁਸਲਮਾਨ ਪੀਰ ਮੁਹਮਕ ਕੋਲੋਂ ਸਿਖੀ। ਪੌਂਟੇ ਆ ਕੇ ਉਨ੍ਹਾਂ ਸੰਸਕ੍ਰਿਤ ਦੀਆਂ ਪੁਰਾਤਨ ਪੁਸਤਕਾਂ ਦਾ ਮੁਤਾਲਿਆ ਕੀਤਾ ਅਤੇ ਹਿੰਦੀ ਤੇ ਪੰਜਾਬੀ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ।

ਪੁਰਾਣਕ ਸਾਹਿਤ ਵਿਚ ਬਾਰ-ਬਾਰ ਜ਼ਿਕਰ ਆਉਂਦਾ ਹੈ ਕਿ ਵਾਹਿਗੁਰੂ ਜਦੋਂ ਵੀ ਦੁਨੀਆਂ

ਉੱਤੇ ਕਸ਼ਟ ਤੇ ਅਧਰਮ ਦਾ ਖਿਲਾਰਾ ਦੇਖਦਾ ਹੈ ਤਾਂ ਲੋੜ ਅਨੁਸਾਰ ਕਿਸੇ ਮਹਾਂਪੁਰਸ਼ ਨੂੰ ਭੇਜ ਦਿੰਦਾ ਹੈ। ਗੁਰੂ ਸਾਹਿਬ ਦਾ ਭੀ ਇਹੋ ਨਿਸ਼ਚਾ ਸੀ। ਇਹ ਨਿਸ਼ਚਾ ਉਨ੍ਹਾਂ ਆਪਣੇ 'ਵਚਿਤ੍ਰ ਨਾਟਕ' ਵਿਚ ਜ਼ਾਹਰ ਕੀਤਾ ਹੈ ਕਿ ਰੱਬ ਨੇ ਉਨ੍ਹਾਂ ਨੂੰ ਖ਼ਾਸ ਮਿਸ਼ਨ ਤੇ ਭੇਜਿਆ ਹੈ ਕਿ ਉਹ 'ਧਰਮ ਚਲਾਵਣ ਸੰਤ ਉਬਾਰਣ ਦੁਸ਼ਟ ਸਭਨ ਕੋ ਮੂਲਿ ਉਥਾਰਨ' ਲਈ ਆਏ ਹਨ। ਭਾਵੇਂ ਉਨ੍ਹਾਂ ਨੂੰ ਆਪਣੇ ਇਲਾਹੀ ਮਿਸ਼ਨ ਉਤੇ ਯਕੀਨ ਸੀ, ਪਰੰਤੂ ਉਨ੍ਹਾਂ ਨੂੰ ਆਪਣੇ ਦੇਸ਼-ਵਾਸੀਆਂ ਦੀ ਪੁਰਾਣੀ ਕਮਜ਼ੋਰੀ ਦਾ ਭੀ ਖਿਆਲ ਸੀ; ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਨੂੰ ਕੋਈ ਰੱਬ ਜਾਂ ਰੱਬ ਦਾ ਅਵਤਾਰ ਆਖੇ। ਉਨ੍ਹਾਂ ਨੇ ਫ਼ੁਰਮਾਇਆ :

ਜੋ ਮੁਝ ਕੋ ਪ੍ਰਮੇਸ਼ਰ ਉਚਰ ਹੈਂ।
ਤੇ ਸਭਿ ਨਰਕ ਕੁੰਡ ਮਹਿ ਪਰ ਹੈਂ।
ਮੋ ਕੋ ਦਾਸ ਤਵਨ ਕਾ ਜਾਨੋ।
ਯਾ ਮੈ ਭੇਦ ਨ ਰੰਚ ਪਛਾਨੋ।
ਮੈਂ ਹੋ ਪਰਮ ਪੁਰਖ ਕੋ ਦਾਸਾ।
ਦੇਖਣ ਆਇਓ ਜਗਤ ਤਮਾਸ਼ਾ।

ਗੁਰੂ ਜੀ ਨੇ ਆਪਣੀ ਕੌਮੀ ਉਸਾਰੀ ਦੇ ਪ੍ਰੋਗਰਾਮ ਵਿਚ ਸਾਹਿਤਕ ਰਚਨਾ ਨੂੰ ਮੂਹਰਲੀ ਥਾਂ ਦਿੱਤੀ। ਉਨ੍ਹਾਂ ਨੇ ਪੁਰਾਣ, ਰਮਾਇਣ, ਮਹਾਂਭਾਰਤ ਆਦਿ ਪੁਸਤਕਾਂ ਵਿਚ ਆਏ ਸੂਰਬੀਰਾਂ ਤੇ ਮਹਾਂਪੁਰਖਾਂ ਦੇ ਕਾਰਨਾਮਿਆਂ ਦੇ ਤਰਜਮੇ ਕੀਤੇ ਤੇ ਕਰਾਏ। ਇਸ ਕੰਮ ਲਈ ਉਨ੍ਹਾਂ ਨੇ 52 ਕਵੀ ਆਪਣੇ ਪਾਸ ਰੱਖੇ। ਇਸ ਸਾਰੀ ਸਾਹਿਤਾ ਦੇ ਰਾਹੀਂ ਗੁਰੂ ਜੀ ਨੇ ਸਿੱਖਾਂ ਵਿਚ ਨਵੀਂ ਰੂਹ ਫੂਕੀ। ਇਸ ਦੇ ਕੁਝ ਨਮੂਨੇ ਹੇਠਾਂ ਦਿੰਦੇ ਹਾਂ :

1. ਪਾਇੰ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀ ਆਨਿਓ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਿਓ॥
ਸਿੰਮ੍ਰਿਤਿ ਸ਼ਾਸਤਰ ਬੇਦ ਸਭੈ, ਬਹੁ ਭੇਦ ਕਹੈਂ ਹਮ ਏਕ ਨ ਜਾਨਿਓ।
ਸ੍ਰੀ ਅਸਿਪਾਨਿ ਕਿਰਪਾ ਤੁਮਰੀ ਕਰਿ ਮੈ ਨ ਕਹਿਓ ਸਭ ਤੋਹਿ ਬਖਾਨਿਓ॥
(ਰਾਮਾਵਤਾਰ)

2. ਪਖਾਣ ਪੂਜ ਹੋਂ ਨਹੀਂ, ਨ ਭੇਖ ਭੀਜ ਹੋਂ ਕਹੀਂ।
ਅਨੰਤ ਨਾਮ ਗਾਇ ਹੋਂ, ਪਰਮ ਪੁਰਖ ਪਾਇ ਹੋਂ। (ਵਚਿਤ੍ਰ ਨਾਟਕ)

3. ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ।
ਕਿਸ਼ਨ ਬਿਸ਼ਨ ਕਬਹੂੰ ਨਹਿ ਧਿਆਊਂ।
ਕਾਨ ਸੁਨੇ ਪਹਿਚਾਨ ਨ ਤਿਨ ਸੋ।
ਲਿਵ ਲਾਗੀ ਮੋਰੀ ਪਗ ਇਨ ਸੋਂ। (ਕ੍ਰਿਸ਼ਨਾਵਤਾਰ)

4. ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤਿ ਗੁਰਦੇਵ ਪਠਾਏ।
'ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨ ਪਕਰਿ ਪਛਾਰੋ।' (ਵਚਿਤ੍ਰ ਨਾਟਕ)

5. ਸਾਚ ਕਹਉਂ ਸੁਨਿ ਲੇਹੁ ਸਭੈ ।
ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ । (ਸਵੱਯੇ)
6. ਦੇਹੁਰਾ ਮਸੀਤਿ ਸੋਈ, ਪੂਜਾ ਔ ਨਮਾਜ਼ ਓਹੀ ।
ਮਾਨਸ ਸਭੇਕ, ਪੈ ਅਨੇਕ ਕੋ ਪ੍ਰਭਾਵ ਹੈ ।
ਦੇਵਤਾ ਅਦੇਵ, ਜਛ ਗੰਧ੍ਰਬ, ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਸੁਭਾਵ ਹੈ ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਵ ਹੈ ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਹੀ ।
ਏਕ ਹੀ ਸਰੂਪ ਸਭੈ ਏਕ ਹੀ ਬਨਾਵ ਹੈ । (ਅਕਾਲ ਉਸਤਤਿ)

ਇਸ ਸਾਹਿਤ ਦੇ ਪੈਦਾ ਕਰਨ ਦਾ ਭਾਵ ਇਹ ਸੀ ਕਿ ਸਿੱਖਾਂ ਵਿੱਚੋਂ ਪੁਰਾਣੇ ਵਹਿਮ ਉੱਡ ਜਾਣ ਤੇ ਉਨ੍ਹਾਂ ਵਿਚ ਦੇਸ਼ ਉੱਤੇ ਹੋ ਰਹੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਹੌਸਲਾ ਪੈਦਾ ਹੋ ਜਾਵੇ । ਜ਼ੁਲਮ ਜੋ ਉਸ ਵਕਤ ਹੋ ਰਿਹਾ ਸੀ ਨਾ ਸਿਰਫ਼ ਮੁਲਕੀ ਸੀ, ਬਲਕਿ ਧਾਰਮਿਕ ਵੀ ਸੀ । ਜੇਕਰ ਮੁਗ਼ਲਾਂ ਨੇ ਲੱਖਾਂ ਆਦਮੀਆਂ ਦੀ ਪਰਜਾ ਉੱਤੇ ਮੁਲਕੀ ਗ਼ੁਲਾਮੀ ਦਾ ਜੂੱਲਾ ਸੁੱਟਿਆ ਹੋਇਆ ਸੀ, ਤਾਂ ਪੰਡਤਾਂ ਤੇ ਮੁਲਾਣਿਆਂ ਨੇ ਭੀ ਆਪਣੇ ਵਸ ਵਿਚ ਆਏ ਲੱਖਾਂ ਮਨੁੱਖਾਂ ਨੂੰ ਧਾਰਮਿਕ ਤੇ ਸਮਾਜਿਕ ਗੁਲਾਮੀ ਦੀਆਂ ਜ਼ੰਜੀਰਾਂ ਨਾਲ ਜਕੜਿਆ ਹੋਇਆ ਸੀ । ਜੇ ਰਾਜਸੀ ਜਰਵਾਣੇ ਪਰਜਾ ਨੂੰ ਕੀੜਿਆਂ-ਮਕੌੜਿਆਂ ਵਾਕਰ ਪੈਰਾਂ ਹੇਠ ਲਤਾੜਦੇ ਫਿਰਦੇ ਸਨ, ਤਾਂ ਧਾਰਮਿਕ ਆਗੂ ਆਮ ਲੋਕਾਂ ਨੂੰ ਸ਼ੂਦਰ-ਸ਼ੂਦਰ ਆਖ ਕੇ ਘ੍ਰਿਣਾ ਨਾਲ ਨੇੜੇ ਨਹੀਂ ਸਨ ਢੁਕਣ ਦਿੰਦੇ । ਰਾਜਸੀ ਜ਼ੁਲਮ ਤਾਂ ਕਦੇ-ਕਦੇ ਕਿਸੇ ਸਿਰਕਢ ਦੂਲੇ ਉਤੇ ਵਾਪਰਦਾ ਸੀ, ਪਰ ਧਾਰਮਿਕ ਜ਼ੁਲਮ ਆਮ ਲੋਕਾਂ ਉੱਤੇ ਚੌਕਿਆਂ ਤੇ ਵਿਹੜਿਆਂ ਵਿਚ ਸੜਕਾਂ ਤੇ ਖੂਹਾਂ ਉੱਤੇ ਨਿਤ ਵਰਤੀਂਦਾ ਸੀ । ਇਹ ਪਾਪ ਹੋਰਨਾਂ ਪਾਪਾਂ ਤੋਂ ਬਹੁਤ ਅੱਗੇ ਲੰਘ ਗਿਆ ਸੀ । ਗੁਰੂ ਸਾਹਿਬ ਨੇ ਇਸੇ ਲਈ ਫੁਰਮਾਇਆ ਸੀ :

ਪਾਪ ਕਰਹਿ ਪਰਮਾਰਥ ਕਉ ।
ਤਿਨ ਪਾਪਨ ਤੇ ਅਤਿ ਪਾਪ ਲਜਾਹੀਂ ।

ਪਾਪ ਜਥੇਬੰਦ ਹੋਇਆ ਹੋਇਆ ਸੀ । ਰਾਜਸੀ ਪਾਪ ਦੀ ਜਥੇਬੰਦੀ ਮੁਗ਼ਲਾਂ ਦੇ ਹੱਥ ਸੀ ਅਤੇ ਧਾਰਮਿਕ ਪਾਪ ਦੀ ਜਥੇਬੰਦੀ ਬ੍ਰਾਹਮਣਾਂ ਮੌਲਾਣਿਆਂ ਦੇ ਹੱਥ ਸੀ । ਗੁਰੂ ਗੋਬਿੰਦ ਜੀ ਨੂੰ ਇਸ ਦੂਹਰੀ ਜਥੇਬੰਦੀ ਦਾ ਟਾਕਰਾ ਕਰਨਾ ਪਿਆ ।

ਇਨ੍ਹਾਂ ਦਾ ਪਹਿਲਾ ਟਾਕਰਾ ਹਿੰਦੂ ਰਾਜਿਆਂ ਨਾਲ ਹੋਇਆ । ਕਾਹਲੂਰ ਦਾ ਰਾਜਾ ਭੀਮ ਚੰਦ ਤੇ ਹੋਰ 22 ਪਹਾੜੀ ਰਾਜੇ ਇਨ੍ਹਾਂ ਦੇ ਮਗਰ ਪੈ ਗਏ । ਇਸ ਔਖੇ ਵੇਲੇ ਸਢੌਰੇ ਦੇ ਪੀਰ ਬੁੱਧੂ ਸ਼ਾਹ ਨੇ ਇਨ੍ਹਾਂ ਦਾ ਸਾਥ ਦਿੱਤਾ । ਜਦ ਪੀਰ ਜੀ ਦੇ ਰਖਾਏ ਹੋਏ 500 ਪਠਾਣ ਗੁਰੂ ਜੀ ਵੱਲੋਂ ਹਟ ਕੇ ਦੂਜੇ ਬੰਨੇ ਜਾ ਲੱਗੇ, ਤਾਂ ਬੁੱਧੂ ਸ਼ਾਹ ਹੋਰੀਂ ਆਪਣੇ 4 ਪੁੱਤਰ ਤੇ 700 ਮੁਰੀਦ ਲੈ ਕੇ ਗੁਰੂ ਜੀ ਦੀ ਸਹਾਇਤਾ ਲਈ ਆਏ । ਪੌਂਟੇ ਤੋਂ 6 ਮੀਲ ਦੇ ਫ਼ਾਸਲੇ ਤੇ ਸੰਨ 1686 ਦੀ ਫਰਵਰੀ ਦੇ ਛੇਕੜ ਛੇਕੜ ਭੰਗਾਣੀ ਦਾ ਤਕੜਾ ਯੁੱਧ ਹੋਇਆ, ਜਿਸ ਵਿਚ ਰਾਜਿਆਂ ਨੂੰ ਹਾਰ ਹੋਈ । ਗੁਰੂ ਜੀ ਨੇ ਆਨੰਦਪੁਰ ਆ ਕੇ ਆਪਣੇ ਬਚਾਓ ਲਈ ਚਾਰ ਕਿਲ੍ਹੇ ਬਣਵਾਏ : ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ

ਤੇ ਫਤਿਹਗੜ੍ਹ।

ਉਸੇ ਸਾਲ ਮਾਤਾ ਸੁੰਦਰੀ ਜੀ ਦੀ ਕੁੱਖੋਂ ਇਕ ਸਾਹਿਬਜ਼ਾਦਾ ਪੈਦਾ ਹੋਇਆ, ਜਿਸ ਦਾ ਨਾਮ ਅਜੀਤ ਸਿੰਘ ਰੱਖਿਆ ਗਿਆ। ਉਪਰੰਤ ਮਾਤਾ ਜੀਤੋ ਜੀ ਦੀ ਕੁੱਖੋਂ 1690 ਵਿਚ ਜੁਝਾਰ ਸਿੰਘ ਜੀ, 1696 ਵਿਚ ਜ਼ੋਰਾਵਰ ਸਿੰਘ ਜੀ ਅਤੇ 1699 ਵਿਚ ਫਤ੍ਹੇ ਸਿੰਘ ਜੀ ਪੈਦਾ ਹੋਏ।

ਜਦ ਮੁਗ਼ਲ ਸਰਕਾਰ ਨੇ ਪਹਾੜੀ ਰਾਜਿਆਂ ਪਾਸੋਂ ਖ਼ਰਾਜ ਦੀ ਮੰਗ ਕੀਤੀ, ਤਾਂ ਕੁਝ ਰਾਜਿਆਂ ਨੂੰ ਗੁਰੂ ਜੀ ਦੀ ਸਹਾਇਤਾ ਦੀ ਲੋੜ ਪਈ। ਜੰਮੂ ਦੇ ਹਾਕਮ ਮੀਆਂ ਖਾਨ ਨੇ ਆਪਣੀ ਫ਼ੌਜ ਦੇ ਸਰਦਾਰ ਅਲਫ ਖਾਂ ਨੂੰ ਰੁਪਏ ਵਸੂਲ ਕਰਨ ਲਈ ਭੇਜਿਆ, ਪਰ ਭੀਮ ਚੰਦ ਨੇ ਖ਼ਰਾਜ ਦੇਣੋਂ ਨਾਂਹ ਕਰ ਦਿੱਤੀ। ਉਸ ਦੇ ਨਾਲ ਹੋਰ ਹਿੰਦੂ ਰਾਜੇ ਵੀ ਰਲ ਗਏ। ਗੁਰੂ ਸਾਹਿਬ ਕਹਲੂਰ ਦੇ ਇਲਾਕੇ ਦੇ ਵਸਨੀਕ ਸਨ। ਉਨ੍ਹਾਂ 'ਤੇ ਜ਼ੋਰ ਪਾਇਆ ਗਿਆ ਕਿ ਉਹ ਇਸ ਕੌਮੀ ਜਦੋ-ਜਹਿਦ ਵਿਚ ਸ਼ਾਮਿਲ ਹੋਣ। ਨਦੌਣ ਦੇ ਮੁਕਾਮ ਤੇ 1681 ਵਿਚ ਲੜਾਈ ਹੋਈ, ਜਿਸ ਨੂੰ ਗੁਰੂ ਸਾਹਿਬ 'ਵਚਿਤ੍ਰ ਨਾਟਕ' ਦੇ ਨੌਵੇਂ ਅਧਿਆਇ ਵਿਚ ਬੜੇ ਜੋਸ਼ ਨਾਲ ਬਿਆਨ ਕਰਦੇ ਹਨ। ਇਸ ਯੁੱਧ ਵਿਚ ਪਹਾੜੀ ਰਾਜਿਆਂ ਦੀ ਫਤਹਿ ਹੋਈ ਤੇ ਮੁਸਲਮਾਨਾਂ ਨੂੰ ਹਾਰ ਹੋਈ। ਇਸ ਤੋਂ ਉਪਰੰਤ 1695 ਵਿਚ 'ਹੁਸੈਨੀ ਯੁੱਧ' ਹੋਇਆ, ਜਿਸ ਵਿਚ ਕਾਂਗੜੇ ਦੇ ਹਾਕਮ ਹੁਸੈਨ ਖਾਨ ਨਾਲ ਟାਕਰਾ ਹੋਇਆ, ਤੇ ਗੁਰੂ ਜੀ ਦੀ ਜਿੱਤ ਹੋਈ। ਇਨ੍ਹਾਂ ਲਗਾਤਾਰ ਜਿੱਤਾਂ ਦੇ ਕਾਰਨ ਔਰੰਗਜ਼ੇਬ ਨੂੰ ਕੁਝ ਫ਼ਿਕਰ ਹੋਇਆ। ਉਸਨੇ ਨਵੰਬਰ 1693 ਵਿਚ ਗੁਰੂ ਜੀ ਨੂੰ ਖ਼ਬਰਦਾਰ ਕਰਨ ਲਈ ਆਪਣੇ ਫ਼ੌਜਦਾਰ ਨੂੰ ਹੁਕਮ ਦਿੱਤਾ ਸੀ ਕਿ ਗੁਰੂ ਗੋਬਿੰਦ ਸਿੰਘ ਨੂੰ ਕਹੇ ਕਿ ਉਹ ਸਿੱਖਾਂ ਨੂੰ ਜਥੇਬੰਦ ਕਰਨ ਤੋਂ ਬਾਜ਼ ਆ ਜਾਣ।[3]

ਉਸ ਨੇ ਆਪਣੇ ਪੁੱਤਰ ਮੁਅੱਜ਼ਮ ਨੂੰ, ਜੋ ਪਿਛੋਂ ਜਾ ਕੇ ਬਹਾਦਰ ਸ਼ਾਹ ਅਖਵਾਇਆ, ਫ਼ੌਜ ਦੇ ਕੇ ਘਲਿਆ। ਸ਼ਹਿਜ਼ਾਦਾ ਆਪ ਤਾਂ ਲਾਹੌਰ ਆ ਟਿਕਿਆ ਤੇ ਮਿਰਜ਼ਾਬੇਗ ਨੂੰ ਫ਼ੌਜ ਦੇ ਕੇ ਗੁਰੂ ਜੀ ਅਤੇ ਰਾਜਿਆਂ ਨਾਲ ਭੇਜਿਆ। ਰਾਜਿਆਂ ਨੂੰ ਤੇ ਕਰੜੀ ਝੰਭ-ਝਾੜ ਹੋਈ, ਪਰ ਭਾਈ ਨੰਦ ਲਾਲ ਜੀ ਦੇ (ਜੋ ਕਿ ਸ਼ਹਿਜ਼ਾਦੇ ਦੇ ਮੀਰ ਮੁਨਸ਼ੀ ਸਨ) ਕਹਿਣ ਕਹਾਉਣ ਤੇ ਗੁਰੂ ਜੀ ਨੂੰ ਕੁਝ ਨਾ ਆਖਿਆ ਗਿਆ, ਜਦੋਂ ਗੁਰੂ ਜੀ ਨਾਲ ਆਰਜ਼ੀ ਤੌਰ ਤੇ ਕੁਝ ਸਮਝੌਤਾ ਹੋ ਗਿਆ, ਜਿਸ ਕਰਕੇ ਗੁਰੂ ਜੀ ਨੇ ਇਹ ਐਲਾਨ ਕੀਤਾ :

ਬਾਬੇ ਕੇ ਬਾਬਰ ਕੇ ਦੋਊ, ਆਪ ਕਰੇ ਪ੍ਰਮੇਸਰ ਸੋਊ।
ਦੀਨ ਸ਼ਾਹ ਇਨ ਕੋ ਪਹਿਚਾਨੋ, ਦੁਨੀ ਪਤਿ ਉਨਕੋ ਅਨੁਮਾਨੋ।

(ਵਚਿਤ੍ਰ ਨਾਟਕ)

ਇਸ ਤੋਂ ਉਪਰੰਤ ਗੁਰੂ ਜੀ ਨੂੰ ਕੁਝ ਸਮਾਂ ਆਰਾਮ ਦਾ ਮਿਲਿਆ, ਜਿਸ ਵਿਚ ਉਨ੍ਹਾਂ ਨੇ ਆਪਣੇ ਆਉਣ ਵਾਲੇ ਪ੍ਰੋਗਰਾਮ ਤੇ ਵਿਚਾਰ ਕੀਤੀ। ਉਨ੍ਹਾਂ ਨੂੰ ਪਹਾੜੀ ਰਾਜਿਆਂ ਅਤੇ ਅੱਧ-ਪਚੱਧ ਆਜ਼ਾਦ ਰਿਆਸਤਾਂ ਦੇ ਲੋਕਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੀ ਕੋਸ਼ਿਸ਼ ਸੀ ਕਿ ਉਨ੍ਹਾਂ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਤੇ ਏਕਤਾ ਦੀ ਚਾਸ਼ਨੀ ਦਿੱਤੀ ਜਾਵੇ ਤੇ ਦੇਸ਼ ਦੇ ਇਸ ਨਵੇਕਲੇ ਖੂੰਜੇ ਵਿਚ ਆਜ਼ਾਦੀ ਦੀ ਨੀਂਹ ਰੱਖੀ ਜਾਵੇ, ਪਰੰਤੂ ਗੁਰੂ ਜੀ ਨੂੰ ਉਨ੍ਹਾਂ ਤੋਂ ਬੜਾ ਕੌੜਾ ਤਜਰਬਾ ਮਿਲਿਆ। ਉਹ ਲੋਕ ਧਰਮ ਦੇ ਪੁਰਾਣੇ ਖ਼ਿਆਲਾਂ ਤੇ ਵਹਿਮਾਂ ਵਿਚ ਡੁੱਬੇ ਪਏ ਸਨ। ਉਹ ਜ਼ਾਤ-ਪਾਤ ਅਤੇ ਨਸਲੀ ਵੰਡਾਂ ਵਿਚ ਇਤਨੇ ਰੁੱਝੇ ਹੋਏ ਸਨ ਕਿ ਉਨ੍ਹਾਂ ਲਈ ਕਿਸੇ ਕੌਮੀ ਸਾਂਝੇ ਆਦਰਸ਼

ਲਈ ਇਕੱਠਾ ਹੋਣਾ ਨਾਮੁਮਕਿਨ ਸੀ। ਉਨ੍ਹਾਂ ਵਿਚ ਕੌਮੀ ਗ਼ੈਰਤ ਦਾ ਨਾਮ-ਨਿਸ਼ਾਨ ਵੀ ਨਹੀਂ ਸੀ। ਕਈ ਵਾਰ ਤੇ ਉਹ ਦੁਸ਼ਮਣ ਨਾਲ ਰਲ ਕੇ ਗੁਰੂ ਗੋਬਿੰਦ ਸਿੰਘ ਹੁਰਾਂ ਜੇਹੇ ਦੇਸ਼ ਦੀ ਪਤ ਤੇ ਅਣਖ ਦੇ ਰਾਜਿਆਂ ਨਾਲ ਲੜ ਪੈਂਦੇ ਸਨ, ਜਿਸ ਤਰ੍ਹਾਂ ਕਿ ਭੀਮ ਚੰਦ ਤੇ ਹੋਰਨਾਂ ਨੇ 'ਹੁਸੈਨੀ ਜੰਗ' ਵਿਚ ਕੀਤਾ ਸੀ। ਗੁਰੂ ਜੀ ਨੇ ਸੋਚਿਆ ਕਿ ਮੁਲਕੀ ਸੁਧਾਰ ਤੋਂ ਪਹਿਲਾਂ ਆਮ ਜਾਗਰਤ ਤੇ ਆਮ ਸੁਧਾਰ ਦੀ ਲੋੜ ਹੈ। ਇਸ ਲਈ ਉਨ੍ਹਾਂ ਨੇ ਪੁਰਾਣੇ ਬੰਧਨ ਤੋੜ ਕੇ ਕੌਮ ਦੀ ਨਵੇਂ ਸਿਰਿਓਂ ਉਸਾਰੀ ਕਰਨੀ ਆਰੰਭੀ। ਉਨ੍ਹਾਂ ਤੋਂ ਪਹਿਲੇ ਗੁਰੂ ਸਾਹਿਬਾਂ ਨੇ ਕਾਫ਼ੀ ਧਾਰਮਿਕ ਸੁਧਾਰ ਕੀਤਾ ਸੀ। ਜ਼ਾਤ ਪਾਤ, ਛੂਤ-ਛਾਤ, ਤੀਰਥ ਯਾਤਰਾ ਆਦਿ ਵਹਿਮਾਂ ਦੀ ਕਾਫ਼ੀ ਖੰਡਨਾ ਕੀਤੀ ਸੀ, ਪਰ ਮੁਸਲਮਾਨਾਂ ਦੇ ਨਾਲ ਜੰਗ ਕਰਨ ਸਮੇਂ ਹਿੰਦੂਆਂ ਨਾਲ ਪੁਲੀਟੀਕਲ ਸਾਂਝ ਪੈ ਜਾਣ ਦੇ ਕਾਰਨ ਕਈ ਸਮਾਜਿਕ ਸੁਧਾਰ ਪੂਰੇ ਜ਼ੋਰ ਨਾਲ ਨਹੀਂ ਕੀਤੇ ਜਾ ਸਕਦੇ ਸਨ। ਗੁਰੂ ਦਸਮੇਸ਼ ਜੀ ਨੇ ਇਸ ਲਿਹਾਜ਼ ਦੇ ਰੱਸੇ ਤੋੜ ਕੇ ਸਿੱਖਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸਿਖਾਇਆ।

ਉਨ੍ਹਾਂ ਨੇ ਮਾਰਚ 30, ਸੰਨ 1699 ਵਿਸਾਖੀ ਵਾਲੇ ਦਿਨ ਸਿੱਖਾਂ ਨੂੰ ਸੱਦੇ ਭੇਜ ਕੇ ਦੂਰੋਂ-ਦੂਰੋਂ ਬੁਲਾਇਆ ਤੇ ਕੇਸਗੜ੍ਹ ਸਾਹਿਬ ਵਿਚ ਇਕ ਬੜਾ ਇਕੱਠ ਕੀਤਾ। ਜਦ ਸਾਰੇ ਲੋਕ ਬੈਠ ਗਏ ਤਾਂ ਗੁਰੂ ਜੀ ਨੰਗੀ ਤਲਵਾਰ ਲੈ ਕੇ ਉਨ੍ਹਾਂ ਦੇ ਸਾਹਮਣੇ ਆਏ ਅਤੇ ਲਲਕਾਰ ਕੇ ਕਿਹਾ, "ਕੀ ਕੋਈ ਆਪਣੇ ਧਰਮ ਲਈ ਸੀਸ ਦੇਣ ਲਈ ਹਾਜ਼ਰ ਹੈ?" ਕੁਝ ਚਿਰ ਲਈ ਤਾਂ ਦੀਵਾਨ ਵਿਚ ਹੈਰਾਨੀ ਵਾਲੀ ਚੁਪ ਛਾਈ ਰਹੀ। ਗੁਰੂ ਜੀ ਨੇ ਆਪਣੀ ਮੰਗ ਨੂੰ ਫੇਰ ਦੁਹਰਾਇਆ। ਇਸ ਤੇ ਲਾਹੌਰ ਦਾ ਇਕ ਖਤਰੀ ਦਿਆ ਰਾਮ ਉਠਿਆ ਤੇ ਕਹਿਣ ਲੱਗਾ, "ਗੁਰੂ ਦੇਵ! ਮੈਂ ਹਾਜ਼ਰ ਹਾਂ।" ਗੁਰੂ ਜੀ ਉਸ ਨੂੰ ਇਕ ਨਾਲ ਦੇ ਤੰਬੂ ਵਿਚ ਲੈ ਗਏ, ਜਿੱਥੇ ਕੁਝ ਬੱਕਰੇ ਅੱਗੇ ਹੀ ਬੰਨ੍ਹ ਰੱਖੇ ਸਨ। ਗੁਰੂ ਜੀ ਨੇ ਇਕ ਬੱਕਰੇ ਦਾ ਸਿਰ ਵੱਢ ਦਿੱਤਾ ਤੇ ਲਹੂ ਨਾਲ ਲਿਬੜੀ ਤਲਵਾਰ ਬਾਹਰ ਲੈ ਆਏ। ਸੰਗਤ ਨੂੰ ਫੇਰ ਲਲਕਾਰਿਆ, "ਕੀ ਕੋਈ ਹੋਰ ਸਿੱਖ ਧਰਮ ਲਈ ਕੁਰਬਾਨ ਹੋਣ ਲਈ ਤਿਆਰ ਹੈ?" ਇਸ ਵੇਰ ਦਿੱਲੀ ਦਾ ਇਕ ਜੱਟ ਧਰਮ ਦਾਸ ਉਠਿਆ ਅਤੇ ਆਪਣਾ ਸਿਰ ਗੁਰੂ ਜੀ ਨੂੰ ਪੇਸ਼ ਕੀਤਾ। ਗੁਰੂ ਜੀ ਉਸ ਨੂੰ ਨਾਲ ਦੇ ਤੰਬੂ ਵਿਚ ਲੈ ਗਏ ਤੇ ਇਕ ਹੋਰ ਬੱਕਰਾ ਵੱਢ ਦਿੱਤਾ। ਇਸ ਤਰ੍ਹਾਂ ਤਿੰਨ ਹੋਰ ਆਦਮੀ ਇਕ ਇਕ ਕਰਕੇ ਉਠੇ ਤੇ ਆਪਣੇ ਆਪ ਨੂੰ ਗੁਰੂ ਜੀ ਦੇ ਹਵਾਲੇ ਕੀਤਾ। ਉਨ੍ਹਾਂ ਵਿੱਚੋਂ ਇਕ ਮੁਹਕਮ ਚੰਦ ਦੁਆਰਕਾ ਦਾ ਛੀਂਬਾ ਸੀ। ਦੂਜਾ ਹਿੰਮਤ ਰਾਇ ਜਗਨਨਾਥ ਪੁਰੀ ਦਾ ਝੀਵਰ ਸੀ ਅਤੇ ਤੀਜਾ ਸਾਹਿਬ ਚੰਦ ਬੇਦਰ ਦਾ ਇਕ ਨਾਈ ਸੀ। ਗੁਰੂ ਜੀ ਇਨ੍ਹਾਂ ਪੰਜਾਂ ਨੂੰ ਬੜੇ ਸੋਹਣੇ ਕੱਪੜੇ ਪੁਆ ਕੇ ਬਾਹਰ ਲੈ ਆਏ ਤੇ ਸੰਗਤ ਅੱਗੇ ਲਿਆ ਖੜ੍ਹਾ ਕੀਤਾ। ਉਸ ਵਕਤ ਉਨ੍ਹਾਂ ਦੇ ਚੇਹਰਿਆਂ ਉੱਤੇ ਇਲਾਹੀ ਨੂਰ ਵਰਸ ਰਿਹਾ ਸੀ, ਕਿਉਂਕਿ ਉਹ ਕੁਰਬਾਨੀ ਤੇ ਸਿੱਦਕ ਦੇ ਰਾਹੋਂ ਚੜ੍ਹ ਕੇ ਮਨੁੱਖਤਾ ਦੀ ਸਿੱਖਰ ਉੱਤੇ ਜਾ ਖੜੋਤੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਹੱਥੀਂ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਨੂੰ "ਪੰਜ ਪਿਆਰੇ" ਕਰਕੇ ਸਦਿਆ। ਬੂਟੇ ਸ਼ਾਹ ਤੇ ਅਹਿਮਦ ਸ਼ਾਹ ਬੁਤਾਲੀਏ ਦੀਆਂ ਲਿਖਤਾਂ ਅਨੁਸਾਰ ਗੁਰੂ ਜੀ ਨੇ ਉਸ ਵੇਲੇ ਉਨ੍ਹਾਂ ਨੂੰ ਸੰਬੋਧਨ ਕਰਕੇ ਇਉਂ ਕਿਹਾ: "ਤੁਹਾਡਾ ਅੱਜ ਤੋਂ ਇਕ ਧਰਮ ਤੇ ਇਕ ਰਸਤਾ ਹੈ। ਤੁਹਾਡੇ ਸਾਰੇ ਧਾਰਮਿਕ ਭਿੰਨ ਭੇਤ ਮਿਟ ਗਏ ਹਨ। ਅੱਜ ਤੋਂ ਤੁਹਾਡੀ ਕੋਈ ਜ਼ਾਤ-ਪਾਤ ਨਹੀਂ ਤੇ ਨਾ ਹੀ ਤੁਹਾਡੇ ਲਈ ਕੋਈ ਸ਼ਾਸਤਰ ਵੇਦ ਦੀਆਂ ਦੱਸੀਆਂ ਹੋਈਆਂ ਰਸਮਾਂ ਹਨ। ਸਾਰੇ ਆਪਸ ਵਿਚ ਮਿਲ ਕੇ ਵਰਤੋ। ਤੁਹਾਡੇ ਵਿਚ ਕੋਈ ਊਚ-ਨੀਚ ਨਹੀਂ, ਸਭ ਬਰਾਬਰ ਹੈ।

ਪੁਰਾਣੀਆਂ ਪੁਸਤਕਾਂ ਦੇ ਝਮੇਲੇ ਛੱਡੋ। ਗੰਗਾ ਆਦਿ ਤੀਰਥਾਂ ਤੇ ਜਾਣ ਦਾ ਖ਼ਿਆਲ ਬਿਲਕੁਲ ਨਾ ਕਰਨਾ ਅਤੇ ਨਾ ਹਿੰਦੂ ਦੇਵੀ ਦੇਵਤਿਆਂ, ਰਾਮ ਕ੍ਰਿਸ਼ਨ, ਵਿਸ਼ਨੂੰ ਆਦਿ ਦੀ ਪੂਜਾ ਕਰਨੀ। ਉਨ੍ਹਾਂ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਜਾਨਸ਼ੀਨਾਂ ਉੱਤੇ ਆਪਣਾ ਭਰੋਸਾ ਰੱਖੋ। ਸਾਰੇ ਲੋਕ ਇਕ ਬਾਟੇ ਵਿੱਚੋਂ ਅੰਮ੍ਰਿਤ ਛਕੋ ਅਤੇ ਖਾਣ-ਪੀਣ ਇਕ ਕਰਕੇ ਕਿਸੇ ਤੋਂ ਨਫ਼ਰਤ ਤੇ ਗਿਲਾਨੀ ਨਾ ਕਰੋ।''

ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਜੀ ਉਨ੍ਹਾਂ ਅੱਗੇ ਹੱਥ ਜੋੜ ਕੇ ਖੜ੍ਹੇ ਗਏ ਤੇ ਬੇਨਤੀ ਕੀਤੀ, ''ਖਾਲਸਾ ਜੀ! ਮੈਨੂੰ ਵੀ ਇਸ ਅੰਮ੍ਰਿਤ ਦੀ ਦਾਤ ਬਖਸ਼ ਕੇ ਕਿਰਤਾਰਥ ਕਰੋ।'' ਉਹ ਇਹ ਬੇਨਤੀ ਸੁਣ ਕੇ ਹੈਰਾਨ ਹੋ ਗਏ, ਪਰ ਗੁਰੂ ਜੀ ਨੇ ਉੱਤਰ ਦਿੱਤਾ ਕਿ ਖਾਲਸਾ ਜੀ! ਸ਼ੰਕਾ ਨਾ ਕਰੋ। ਮੈਂ ਤੁਹਾਡੇ ਵਿੱਚੋਂ ਹੀ ਇਕ ਹਾਂ :

ਜਿਉਂ ਜਲ ਤਰੰਗ ਫੇਨੁ ਜਲ ਹੋਈ ਹੈ,
ਸੇਵਕ ਠਾਕੁਰ ਭਏ ਏਕਾ।

ਜਿਸ ਤਰ੍ਹਾਂ ਮੈਂ ਤੁਹਾਡਾ ਗੁਰੂ ਹਾਂ, ਇਸੇ ਤਰ੍ਹਾਂ ਤੁਸੀਂ ਮੇਰੇ ਗੁਰੂ ਹੋ, ਤੁਸੀਂ ਮੇਰਾ ਖ਼ਾਲਸਾ ਹੋ।

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇਂ ਹਉਂ ਕਰੌਂ ਨਿਵਾਸ।
ਖਾਲਸਾ ਮੇਰੋ ਜਾਨ ਕੀ ਜਾਨ।
ਖਾਲਸਾ ਮੇਰੋ ਪ੍ਰਾਨ ਕੇ ਪ੍ਰਾਨ।
ਖਾਲਸਾ ਮੇਰੋ ਇਸਟ ਸੁਹਿਰਦ। (ਸਰਬ ਲੋਹ)

ਇਸ ਲਈ ਖਾਲਸਾ ਮੇਰੇ ਪਿਛੋਂ ਮੇਰੀ ਥਾਂ ਬਿਰਾਜਮਾਨ ਹੋਣ ਦੇ ਯੋਗ ਹੈ। ਜਦੋਂ ਵੀ ਕੋਈ ਆਦਮੀ ਸਿੱਖੀ ਧਰਮ ਵਿਚ ਸ਼ਾਮਲ ਹੋਣਾ ਚਾਹੇਗਾ, ਉਸ ਨੂੰ ਪੰਜ ਪਿਆਰੇ ਹੀ ਅੰਮ੍ਰਿਤ ਛਕਾਉਣ ਦੇ ਅਧਿਕਾਰੀ ਹੋਣਗੇ।

ਥੋੜ੍ਹੇ ਦਿਨਾਂ ਵਿਚ ਹੀ 80000 ਆਦਮੀਆਂ ਨੇ ਅੰਮ੍ਰਿਤ ਪਾਨ ਕੀਤਾ। ਗੁਰੂ ਜੀ ਨੇ ਥਾਂ-ਥਾਂ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਸਭ ਸਿੱਖ ਮਾਤਰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾਣ।

ਥੀ ਸਤਿਗੁਰ ਕੀ ਸੰਗਤ ਜਹ ਜਹ।
ਹੁਕਮਨਾਮੇ ਗੁਰ ਭੇਜੇ ਤਹ ਤਹ।
ਕੇਸ ਧਾਰਿ ਮੋ ਪਹਿ ਸਿਖ ਆਵਹਿ।
ਸਿਖ ਹੋਇ ਨਾ ਭਦਨ ਕਰਾਵਹਿ।
ਪਾਹੁਲ ਖੰਡੇ ਕੀ ਲੈ ਆਵਹਿ।
ਜਗਤ ਜੂਠ ਕੇ ਨੇੜ ਨਾ ਜਾਵਹਿ। (ਸੂਰਜ ਪ੍ਰਕਾਸ਼)

ਬਹੁਤ ਸਾਰੇ ਸਿੱਖ ਤਾਂ ਮੰਨ ਗਏ, ਪਰ ਕਈਆਂ ਨੇ ਨਵੀਂ ਰੀਤੀ ਅਨੁਸਾਰ ਜਥੇਬੰਦੀ ਵਿਚ ਆਉਣੋਂ ਨਾਂਹ ਕਰ ਦਿੱਤੀ, ਮਸਲਨ ਮੀਣੇ, ਧੀਰਮਲੀਏ, ਰਾਮਰਾਈਏ ਆਦਿ। ਸਿੱਖਾਂ ਨੂੰ ਹੁਕਮ ਹੋਇਆ ਕਿ ਇਨ੍ਹਾਂ ਨਾਲ ਮੇਲ ਨਹੀਂ ਕਰਨਾ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਏ

ਸਿੱਖਾਂ ਨੂੰ ਹੁਕਮ ਮਿਲਿਆ ਕਿ ਉਹ ਪੰਜ ਕਕਾਰ - ਕੇਸ, ਕੰਘਾ, ਕੜਾ, ਕਛਹਿਰਾ ਅਤੇ ਕ੍ਰਿਪਾਨ ਦੀ ਰਹਿਤ ਰੱਖਣ ਤੇ ਆਪਣੇ ਨਾਵਾਂ ਨਾਲ 'ਸਿੰਘ' ਪਦ ਲਾਵਣ। ਗੁਰੂ ਜੀ ਨੇ ਅੰਮ੍ਰਿਤ ਰਾਹੀਂ ਆਪਣੇ ਸਿੱਖਾਂ ਵਿਚ ਅਦੁੱਤੀ ਜੀਵਨ ਪਾ ਦਿੱਤਾ ਅਤੇ ਉਨ੍ਹਾਂ ਨੂੰ ਆਪਣੀ ਸ਼ਖਸੀਅਤ ਉੱਤੇ ਢਾਲਿਆ। ਸਭ ਤੋਂ ਪਹਿਲੀ ਤਬਦੀਲੀ ਜਿਹੜੀ ਸਿੱਖਾਂ ਵਿਚ ਦਿਸ ਆਈ, ਉਹ ਜਿਸਮਾਨੀ ਸੀ। ਜਿੱਥੇ ਮਨ ਵਿਚ ਇਨਕਲਾਬ ਆ ਜਾਏ, ਉੱਥੇ ਸਰੀਰ ਵਿਚ ਇਨਕਲਾਬ ਆਉਣਾ ਜ਼ਰੂਰੀ ਹੈ। ਸਰੀਰ ਦੀ ਬਣਾਵਟ ਤੇ ਨਕਸ਼ ਜਾਂ ਤਾਂ ਆਪਣੇ ਮਾਪਿਆਂ ਉੱਤੇ ਹੁੰਦੇ ਹਨ, ਜਾਂ ਮਨ ਦੀ ਬਣਾਵਟ ਅਨੁਸਾਰ। ਜਿਨ੍ਹਾਂ ਲੋਕਾਂ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਹਸਤੀ ਪ੍ਰਵੇਸ਼ ਕਰ ਜਾਵੇ, ਉਨ੍ਹਾਂ ਦਾ ਮਨ ਸੁਤੰਤਰ, ਸਿਆਣਪ ਤੇ ਵਲਵਲੇ ਭਰਪੂਰ ਹੋ ਜਾਂਦਾ ਹੈ ਤੇ ਸਰੀਰ ਅਰੋਗ, ਰਿਸ਼ਟ-ਪੁਸ਼ਟ ਤੇ ਅਤਿ ਸੁੰਦਰ ਹੋ ਜਾਂਦਾ ਹੈ। ਸਿੱਖਾਂ ਵਿਚ ਇਸ ਤਬਦੀਲੀ ਦਾ ਆਉਣਾ ਬਰਨਸ, ਕਨਿੰਘਮ ਤੇ ਅਲਫ਼ਿਨਸਟਨ ਜੇਹੇ ਇਤਿਹਾਸਕਾਰਾਂ ਨੇ ਭੀ ਮੰਨਿਆ ਹੈ। ਜਿਨ੍ਹਾਂ ਲੋਕਾਂ ਦੇ ਵੱਡੇ-ਵਡੇਰਿਆਂ ਨੇ ਤਲਵਾਰ ਜਾਂ ਕਿਸੇ ਹੋਰ ਹਥਿਆਰ ਨੂੰ ਛੋਹਿਆ ਤਕ ਨਹੀਂ ਸੀ ਅਤੇ ਜਿਹੜੇ ਸਦੀਆਂ ਤੋਂ ਉੱਚੀਆਂ ਜਾਤਾਂ ਦੇ ਪੈਰਾਂ ਵਿਚ ਹੀ ਰੁਲ ਕੇ ਜੀਵਨ ਬਤੀਤ ਕਰ ਰਹੇ ਸਨ, ਉਨ੍ਹਾਂ ਵਿਚ ਇਹ ਤਬਦੀਲੀ ਆਈ ਕਿ ਇਕ-ਇਕ ਸਵਾ ਲੱਖ ਦੇ ਬਰਾਬਰ ਗਿਣਿਆ ਜਾਣ ਲੱਗਾ। ਚੂਹੜੇ, ਨਾਈ, ਹਲਵਾਈ ਆਦਿ ਲੋਕਾਂ ਵਿਚ ਇਕ ਸ਼ਾਹੀ ਤਬੀਅਤ ਆ ਗਈ ਤੇ ਉਹ ਸਦੀਆਂ ਤੋਂ ਚਲੇ ਆਉਂਦੇ ਹੁਕਮਰਾਨ ਮੁਗਲਾਂ ਤੇ ਰਾਜਪੂਤਾਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਗਏ। ਕਿਉਂਕਿ ਗੁਰੂ ਜੀ ਨੇ ਆਖਿਆ ਚੁ ਸੀ :

ਸਵਾ ਲਾਖ ਸੇ ਏਕ ਲੜਾਊਂ, ਤਭੀ ਗੋਬਿੰਦ ਸਿੰਘ ਨਾਮ ਧਰਾਊਂ।
ਚਿੜੀਆਂ ਤੋਂ ਜਾਂ ਬਾਜ ਤੁੜਾਊਂ, ਤਭੀ ਗੋਬਿੰਦ ਸਿੰਘ ਨਾਮ ਕਹਾਊਂ।

ਸਿੱਖਾਂ ਨੂੰ ਉੱਚਾ ਕਰਨ ਲਈ ਜੋ ਸਭ ਤੋਂ ਵੱਡਾ ਵਸੀਲਾ ਗੁਰੂ ਸਾਹਿਬ ਨੇ ਵਰਤਿਆ, ਉਹ ਆਪੇ ਦੀ ਕਦਰ ਸੀ। ਸਿੱਖਾਂ ਨੂੰ ਬ੍ਰਾਹਮਣਾਂ ਤੇ ਮਸੰਦਾਂ ਦੇ ਦਾਬੇ ਹੇਠੋਂ ਕਢਿਆ। ਹੁਕਮਨਾਮੇ ਭੇਜ ਕੇ ਸਿੱਖਾਂ ਨੂੰ ਮਸੰਦਾਂ ਦੇ ਮੰਨਣ ਜਾਂ ਉਨ੍ਹਾਂ ਨੂੰ ਕਾਰ ਭੇਟ ਦੇਣ ਤੋਂ ਵਰਜਿਆ। ਜਿੱਥੇ ਅੱਗੇ ਸਿੱਖ ਇਕ-ਦੂਸਰੇ ਨੂੰ ਮਿਲਣ ਵੇਲੇ ਪੈਰਾਂ ਤੇ ਝੁਕ ਕੇ ਪ੍ਰਣਾਮ ਕਰਦੇ ਸਨ, ਹੁਣ ਹੱਥ ਜੋੜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਣ ਦਾ ਹੁਕਮ ਹੋਇਆ। ਗੁਰੂ ਸਾਹਿਬ ਆਪ ਵੀ ਆਪਣੇ ਖਾਲਸੇ ਦੀ ਚੋਖੀ ਇੱਜ਼ਤ ਕਰਦੇ ਸਨ। ਉਨ੍ਹਾਂ ਨੇ ਆਪਣੇ ਖਾਲਸੇ ਦੀ ਸ਼ਾਨ ਵਿਚ ਇਕ ਵਾਰ ਇਉਂ ਫੁਰਮਾਇਆ :

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨਿ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸ਼ਤ੍ਰੁ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋਸੇ ਗਰੀਬ ਕਰੋਰ ਪਰੇ।
ਸੇਵ ਕਰੀ ਇਨਕੀ ਮਨਿ ਭਾਵਤ, ਔਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦੀਓ ਇਨਹੀ ਕੋ ਭਲੋ, ਅਰ ਆਨ ਕੋ ਦਾਨ ਨ ਲਾਗਤ ਨੀਕੋ।
ਆਗੇ ਫਲੈ ਇਨਹੀ ਕੋ ਦੀਓ, ਜਗ ਮੈਂ ਜਸ ਔਰ ਦੀਓ ਸਭ ਫੀਕੋ।
ਮੋ ਗ੍ਰਿਹ ਮੈਂ ਮਨ ਤੇ ਤਨ ਤੇ, ਸਿਰ ਲੌਂ ਧਨ ਹੈ ਸਭ ਹੀ ਇਨਹੀ ਕੋ।

ਖਾਲਸਾ ਪ੍ਰਗਟ ਕਰਨ ਤੋਂ ਗੁਰੂ ਜੀ ਦਾ ਭਾਵ ਇਹੋ ਸੀ ਕਿ ਮਨੁੱਖ ਜਾਤੀ ਦਾ ਸਭ ਤੋਂ ਉੱਚਾ ਤੇ ਸੁੱਚਾ ਟੋਲਾ ਬਣਾ ਕੇ ਇਨ੍ਹਾਂ ਨੂੰ ਸੰਸਾਰ ਦੀ ਸੇਵਾ ਲਈ ਤਿਆਰ ਕੀਤਾ ਜਾਵੇ। ਪਰ ਕਰਤਾ ਸੂਰਜ ਪ੍ਰਕਾਸ਼ (3.19.44) ਦੇ ਆਖਣ ਮੁਜਬ ਇਸ ਨਵੇਂ ਜਥੇ ਨੂੰ ਵੇਖ ਕੇ ਵੈਰੀ ਲੋਕਾਂ ਨੂੰ ਖ਼ਿਆਲ ਉਠਿਆ ਕਿ ਇਹ ਉਨ੍ਹਾਂ ਦੀ ਠਕੁਰਾਈ ਖੋਹਣ ਲਈ ਸਾਜਿਆ ਗਿਆ ਹੈ। ਅਨੰਦਪੁਰ ਦਾ ਕਸਬਾ ਕਹਿਲੂਰ ਦੀ ਰਿਆਸਤ ਵਿਚ ਸੀ। ਉਸ ਦੇ ਆਲੇ-ਦੁਆਲੇ ਹਿੰਦੂ ਰਿਆਸਤਾਂ ਦਾ ਜਾਲ ਵਿਛਿਆ ਹੋਇਆ ਸੀ। ਹਿੰਦੂ ਰਾਜਿਆਂ ਨੇ ਸਮਝਿਆ ਕਿ ਗੁਰੂ ਜੀ ਦਾ ਮਿਸ਼ਨ ਉਨ੍ਹਾਂ ਦੇ ਧਰਮ ਨੂੰ ਮਿਟਾਉਣ ਲਈ ਬਣਿਆ ਹੈ। ਕਹਿਲੂਰ ਦੇ ਰਾਜੇ ਨੇ ਗੁਰੂ ਜੀ ਨੂੰ ਇਕ ਖਤ ਲਿਖਿਆ ਕਿ ਜਾਂ ਤਾਂ ਮੇਰੀ ਰਿਆਸਤ ਛਡ ਜਾਓ ਤੇ ਜਾਂ ਮੇਰੀ ਈਨ ਮੰਨ ਕੇ ਖਿਰਾਜ ਦਿਓ। ਗੁਰੂ ਜੀ ਨੇ ਇਉਂ ਕਰਨ ਤੋਂ ਨਾਂਹ ਕਰ ਦਿੱਤੀ। ਪਹਾੜੀ ਰਾਜੇ ਗੁਰੂ ਜੀ ਨਾਲ ਜੰਗ ਕਰਕੇ ਉਨ੍ਹਾਂ ਦੀ ਤਾਕਤ ਦੇਖ ਚੁੱਕੇ ਸਨ। ਉਨ੍ਹਾਂ ਨੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਅੱਗੇ ਮਦਦ ਲਈ ਅਪੀਲ ਕੀਤੀ। ਔਰੰਗਜ਼ੇਬ ਉਸ ਵੇਲੇ ਦੱਖਣ ਵਿਚ ਸੀ। ਉਸ ਨੇ ਸਰਹੰਦ ਤੇ ਲਾਹੌਰ ਦੇ ਸੂਬਿਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਸੋਧਣ ਲਈ ਫ਼ੌਜੀ ਕਾਰਵਾਈ ਕਰਨ। ਮੁਗ਼ਲ ਫ਼ੌਜ ਨੇ ਰਾਜਿਆਂ ਦੀ ਫ਼ੌਜ ਨਾਲ ਰਲ ਕੇ 1701 ਵਿਚ ਆਨੰਦਪੁਰ ਦਾ ਘੇਰਾ ਘਤ ਲਿਆ। ਤਿੰਨ ਸਾਲ ਤਕ ਸਿੱਖ ਜਾਨ ਤੋੜ ਕੇ ਲੜਦੇ ਰਹੇ। ਅੰਤ ਰਸਦ ਮੁੱਕ ਜਾਣ ਤੇ ਭੁੱਖ ਤ੍ਰਿਹ ਨਾਲ ਆਤਰ ਹੋ ਗਏ ਤਾਂ ਕਈਆਂ ਦੇ ਦਿਲ ਵਫ਼ਾਦਾਰੀ ਤੋਂ ਡੋਲ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜਿਹੜੇ ਜਾਣਾ ਚਾਹੁੰਦੇ ਹਨ, ਇਕ ਪਾਸੇ ਹੋ ਜਾਣ। ਉਨ੍ਹਾਂ ਵਿੱਚੋਂ 40 ਸਿੱਖਾਂ ਨੇ ਬੇਦਾਵਾ ਲਿਖ ਦਿੱਤਾ ਤੇ ਘਰੋਂ ਘਰੀ ਚਲੇ ਗਏ। ਬਾਕੀ ਗੁਰੂ ਜੀ ਦੇ ਨਾਲ ਰਹਿ ਕੇ ਦੁੱਖ-ਸੁੱਖ ਦੇ ਖ਼ਿਆਲ ਬਣੇ। ਗੁਰੂ ਜੀ ਹਰ ਵਕਤ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਸਨ, ਪਰ ਖਾਲਸੇ ਦੀ ਭੁਖ-ਨੰਗ ਦੇਖ ਕੇ ਉਨ੍ਹਾਂ ਨੇ ਅਨੰਦਪੁਰ ਛੱਡ ਜਾਣਾ ਹੀ ਮੁਨਾਸਬ ਸਮਝਿਆ।

1704 ਦੇ ਸਿਆਲ ਵਿਚ ਗੁਰੂ ਜੀ ਅਨੰਦਪੁਰ ਤੋਂ ਬਾਹਰ ਨਿਕਲੇ। ਸਰਸਾ ਨਦੀ ਦੇ ਕੰਢੇ ਮੀਂਹ ਤੇ ਹਨੇਰੇ ਵਿਚ ਇਕ ਘਮਸਾਨ ਦਾ ਰਣ ਮਚਿਆ ਅਤੇ ਸਵੇਰ ਤਕ ਓਹ ਕਟ-ਵਢੀ ਹੋਈ ਕਿ ਰਹੇ ਰਬ ਦਾ ਨਾਂ। ਪਰ ਦੂਲਾ ਗੁਰੂ ਅਜੇ ਤਕ ਅਣਥੱਕ ਅਤੇ ਪੂਰਨ ਜੋਸ਼ ਤੇ ਤਾਜ਼ਗੀ ਵਿਚ ਸੀ। ਅੰਮ੍ਰਿਤ ਵੇਲੇ ਦਾ ਦੀਵਾਨ ਸਰਸਾ ਨਦੀ ਦੇ ਕੰਢੇ ਨਿਯਮ ਅਨੁਸਾਰ ਲੱਗਾ ਅਤੇ ਤੋਪ ਦੀ ਘਨਘੋਰ ਅਤੇ ਤੀਰਾਂ ਦੀ ਬੁਛਾੜ ਵਿਚ ਵਾਹਿਗੁਰੂ ਦੀਆਂ ਸਿਫ਼ਤਾਂ ਭਰਿਆ ਕੀਰਤਨ ਹੋਇਆ। ਰਾਤ ਦੀ ਹਫੜਾ-ਦਫੜੀ ਵਿਚ ਗੁਰੂ ਜੀ ਦਾ ਸਾਰਾ ਮਾਲ ਅਸਬਾਬ, ਜਿਸ ਵਿਚ ਮਣਾਂ ਮੂੰਹੀ ਲਿਖਤਾਂ ਤੇ ਕੀਮਤੀ ਨੁਸਖੇ ਸਨ, ਸਰਸਾ ਨਦੀ ਦੀ ਭੇਟ ਹੋ ਗਿਆ; ਗੁਰੂ ਜੀ ਦਾ ਪਰਵਾਰ ਵੀ ਨਿਖੜ ਗਿਆ ਤੇ ਆਪ ਸਹੀ ਸਲਾਮਤ ਅੰਬਾਲੇ ਦੇ ਜ਼ਿਲ੍ਹੇ ਵਿਚ ਚਮਕੌਰ ਦੀ ਗੜ੍ਹੀ ਵਿਚ ਜਾ ਪੁੱਜੇ।

ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤ੍ਹੇ ਸਿੰਘ ਅਤੇ ਉਨ੍ਹਾਂ ਦੀ ਮਾਤਾ ਗੁਜਰੀ ਨਿਖੜ ਕੇ ਆਪਣੇ ਇਕ ਰਸੋਈਏ ਗੰਗੂ ਬ੍ਰਾਹਮਣ ਦੇ ਨਾਲ ਆਏ। ਇਸ ਰਸੋਈਏ ਨੇ ਲਾਲਚ ਦੇ ਬਦਲੇ ਇਨ੍ਹਾਂ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਜੀ ਨੂੰ ਮਰੰਡੇ ਦੇ ਹਾਕਮ ਪਾਸ ਪਹੁੰਚਾ ਦਿੱਤਾ। ਉਸ ਨੇ ਉਨ੍ਹਾਂ ਨੂੰ ਅੱਗੇ ਲਿਜਾ ਕੇ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਇਨ੍ਹਾਂ ਬੱਚਿਆਂ ਨੂੰ ਮਲੇਰਕੋਟਲੇ ਦੇ ਨਵਾਬ ਦੇ ਕਹਿਣ ਸੁਣਨ ਦੇ ਬਾਵਜੂਦ ਨੀਂਹਾਂ ਵਿਚ ਚਿਣਾ ਕੇ ਕਤਲ ਕਰ ਦਿੱਤਾ। ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਨੇ ਇਹ ਸੋਕਦਾਇਕ ਖ਼ਬਰ ਸੁਣ ਕੇ

ਪ੍ਰਾਣ ਤਿਆਗ ਦਿੱਤੇ।

ਗੁਰੂ ਜੀ ਨੇ ਚਮਕੌਰ ਦੀ ਇਕ ਹਵੇਲੀ ਵਿਚ ਮੁਗ਼ਲ ਫ਼ੌਜ ਦਾ ਮੁਕਾਬਲਾ ਕੀਤਾ। 'ਜ਼ਫ਼ਰਨਾਮੇ' ਦੇ ਮੁਤਾਬਿਕ ਗੁਰੂ ਜੀ ਪਾਸ ਉਸ ਵੇਲੇ ਕੇਵਲ ਚਾਲੀ ਸਿੱਖ ਮੌਜੂਦ ਸਨ, ਜਿਨ੍ਹਾਂ ਨੇ ਹਜ਼ਾਰਾਂ ਦਾ ਮੁਕਾਬਲਾ ਕੀਤਾ ਤੇ ਇਕ ਇਕ ਕਰਕੇ ਪੰਜਾਂ ਤੋਂ ਛੁੱਟ ਸਾਰੇ ਸਿੱਖ ਤੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ। ਬਾਕੀ ਦੇ ਪੰਜਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਿੱਖੀ ਧਰਮ ਦੇ ਬਚਾਓ ਲਈ, ਤੁਹਾਡੀ ਅਜੇ ਬਹੁਤ ਲੋੜ ਹੈ। ਇਸ ਲਈ ਤੁਸੀਂ ਬਚ ਕੇ ਚਲੇ ਜਾਓ। ਸੋ ਗੁਰੂ ਜੀ ਨੇ ਐਸਾ ਹੀ ਕੀਤਾ। ਉਥੋਂ ਗੁਰੂ ਜੀ ਨਿਕਲ ਕੇ ਮਾਛੀਵਾੜੇ ਦੇ ਜੰਗਲ ਵਿਚ ਬੇਸਰੋ-ਸਾਮਾਨ ਭੌਂਦੇ ਰਹੇ। ਇਕ ਵਰਾਨੇ ਵਿਚ ਦੋ ਪਠਾਣਾਂ ਨੇ ਗੁਰੂ ਜੀ ਨੂੰ ਧਰਤੀ ਤੇ ਲੰਮੇ ਪਏ ਵੇਖਿਆ। ਸਿਰ ਤੇ ਉਨ੍ਹਾਂ ਦੇ ਕਾਲੀ ਲੋਈ ਲਪੇਟੀ ਹੋਈ ਸੀ, ਕੱਪੜੇ ਫਟੇ ਪੁਰਾਣੇ ਸਨ ਅਤੇ ਪੈਰੀਂ ਜੁੱਤੀ ਵੀ ਨਹੀਂ ਸੀ। ਇਹ ਪਠਾਣ ਨਬੀ ਖਾਂ ਤੇ ਗ਼ਨੀ ਖਾਂ ਸਨ। ਇਨ੍ਹਾਂ ਨੂੰ ਪਤਾ ਸੀ ਕਿ ਸ਼ਾਹੀ ਫ਼ੌਜ ਪਿਛੇ ਆ ਰਹੀ ਹੈ ਤੇ ਉਨ੍ਹਾਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਕੋਈ ਢੋਈ ਨਹੀਂ ਮਿਲਣੀ। ਫੇਰ ਭੀ ਇਹ ਪਠਾਣ ਗੁਰੂ ਜੀ ਦੇ ਵਾਸਤੇ ਸਭ ਕੁਝ ਝਲਣ ਵਾਸਤੇ ਤਿਆਰ ਹੋ ਪਏ। ਉਨ੍ਹਾਂ ਨੇ ਗੁਰੂ ਜੀ ਨੂੰ ਫ਼ਕੀਰਾਂ ਵਾਲਾ ਨੀਲਾ ਬਾਣਾ ਪੁਆ ਦਿੱਤਾ ਅਤੇ ਇਕ ਪਾਲਕੀ ਵਿਚ ਬਿਠਾ ਕੇ ਮੋਢੇ ਉੱਤੇ ਚੁੱਕ ਲਿਆ। ਰਸਤੇ ਵਿਚ ਜੇਕਰ ਕੋਈ ਪੁੱਛਦਾ ਤਾਂ ਇਹ ਜਵਾਬ ਦਿੰਦੇ ਕਿ ਇਹ ਕਰਨੀ ਵਾਲੇ ਬੜੇ ਉੱਚੇ ਪੀਰ ਹਨ। ਇਕ ਵਾਰੀ ਸ਼ਾਹੀ ਫ਼ੌਜ ਦੇ ਸਰਕਰਦੇ ਨੇ ਜ਼ਰਾ ਵਧੇਰੇ ਪੁਛ-ਗਿਛ ਕੀਤੀ ਅਤੇ ਜਵਾਬ ਤਸੱਲੀ ਬਖਸ਼ ਨਾ ਮਿਲਣ ਤੇ ਸਲੋਹ ਦੇ ਕਾਜ਼ੀ ਪੀਰ ਮੁਹੰਮਦ ਨੂੰ ਬੁਲਾਇਆ ਤੇ ਉਸ ਨੂੰ ਕਿਹਾ ਕਿ ਪਾਲਕੀ ਵਿਚ ਬੈਠੇ ਫ਼ਕੀਰ ਨੂੰ ਗਹੁ ਨਾਲ ਵੇਖ ਕੇ ਦੱਸੋ ਕਿ ਕੌਣ ਹਨ। ਇਹ ਕਾਜ਼ੀ ਉਹੀ ਸੀ, ਜਿਸ ਪਾਸੋਂ ਗੁਰੂ ਜੀ ਨੇ ਫ਼ਾਰਸੀ ਪੜ੍ਹੀ ਸੀ। ਉਸ ਨੇ ਰਾਖਵਾਂ ਜਿਹਾ ਉੱਤਰ ਦੇ ਕੇ ਮੌਕੇ ਨੂੰ ਬਚਾ ਲਿਆ। ਨਬੀ ਖ਼ਾਂ, ਗ਼ਨੀ ਖਾਂ ਤੇ ਇਸ ਕਾਜ਼ੀ ਦੀ ਉਲਾਦ ਪਾਸ ਅਜੇ ਤਕ ਗੁਰੂ ਜੀ ਦੇ ਦਿੱਤੇ ਹੋਏ ਪ੍ਰਸੰਸਾ-ਪੱਤਰ ਮੌਜੂਦ ਹਨ।

ਗੁਰੂ ਜੀ ਉਥੋਂ ਜਟਪੁਰੇ ਆਏ, ਜਿੱਥੇ ਇਕ ਹੋਰ ਮੁਸਲਮਾਨ 'ਰਾਇ ਕਲਾ' ਨੇ ਉਨ੍ਹਾਂ ਦੀ ਚੋਖੀ ਸੇਵਾ ਕੀਤੀ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਕਿਸੇ ਨੂੰ ਸਰਹੰਦ ਭੇਜ ਕੇ ਸਾਡੇ ਸਾਹਿਬਜ਼ਾਦਿਆਂ ਦੀ ਖ਼ਬਰ ਤਾਂ ਮੰਗਵਾ ਦਿਓ। ਕੁਝ ਦਿਨਾਂ ਮਗਰੋਂ ਰਾਇ ਕੱਲਾ ਦਾ ਭੇਜਿਆ ਹੋਇਆ ਆਦਮੀ ਵਾਪਸ ਆਇਆ ਤੇ ਸ਼ੋਕਦਾਇਕ ਖ਼ਬਰ ਦਿੱਤੀ ਕਿ ਛੋਟੇ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ ਗਏ ਹਨ। ਗੁਰੂ ਪਿਤਾ ਨੇ ਇਹ ਖ਼ਬਰ ਬੜਾ ਜਿਗਰ ਥੰਮ੍ਹ ਕੇ ਸੁਣੀ ਤੇ ਕਿਹਾ, ''ਨਹੀਂ ਨਹੀਂ, ਓਹ ਨਹੀਂ ਮੋਏ। ਉਨ੍ਹਾਂ ਨੇ ਆਪਣੇ ਧਰਮ ਦਾ ਝੰਡਾ ਨੀਂਵਾਂ ਨਹੀਂ ਕੀਤਾ। ਉਨ੍ਹਾਂ ਨੇ ਸਿੱਖੀ ਰਖ ਵਿਖਾਈ। ਓਹ ਨਹੀਂ ਮੋਏ, ਸਰਹੰਦ ਮੋਈ ਹੈ।'' ਇਹ ਕਹਿ ਕੇ ਆਪਣੇ ਤੀਰ ਨਾਲ ਇਕ ਬੂਟੇ ਨੂੰ ਜੜ੍ਹੋਂ ਪੁਟ ਕੇ ਬਾਹਰ ਕਢਿਆ ਤੇ ਕਿਹਾ ਕਿ ਵੈਰੀਆਂ ਦੀਆਂ ਜੜ੍ਹਾਂ ਇਓਂ ਪੁਟੀਆਂ ਜਾਣਗੀਆਂ।

ਗੁਰੂ ਜੀ ਰਾਇ ਕਲਾ ਤੋਂ ਵਿਦਾ ਹੋ ਕੇ ਅਗਾਂਹ ਚਲੇ ਗਏ। ਮਾਲਵੇ ਵਿਚ ਇਹ ਖ਼ਬਰ ਧੁਮੀ ਹੋਈ ਸੀ ਕਿ ਸਰਹੰਦ ਦੀਆਂ ਫ਼ੌਜਾਂ ਵਹੀਰ ਪਾਈ ਆ ਰਹੀਆਂ ਹਨ ਤੇ ਗੁਰੂ ਜੀ ਨੂੰ ਪਕੜ ਲੈਣਗੀਆਂ। ਫ਼ਿਰੋਜ਼ਪੁਰ ਦੇ ਜ਼ਿਲ੍ਹੇ ਵਿਚ ਆਪਣੇ ਆਦਮੀਆਂ ਨੂੰ ਗੁਰੂ ਜੀ ਨੇ ਫਿਰ ਇਕੱਠਾ ਕੀਤਾ ਅਤੇ ਆਪਣਾ ਪਿੱਛਾ ਕਰਨ ਵਾਲਿਆਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਏ। ਇਸ ਵੇਰ

ਸ਼ਾਹੀ ਫ਼ੌਜ ਨੂੰ ਹਾਰ ਹੋਈ। ਗੁਰੂ ਜੀ ਦੇ ਸ਼ਹੀਦਾਂ ਵਿਚ ਮਾਝੇ ਦਾ ਉਹ ਚਾਲੀ ਆਦਮੀ ਵੀ ਸਨ, ਜੋ ਅਨੰਦਪੁਰ ਦੇ ਘੇਰੇ ਵੇਲੇ ਬਦਾਵਾ ਲਿਖ ਕੇ ਦੇ ਗਏ ਸਨ। ਜਦ ਉਹ ਘਰ ਆਏ ਸੀ ਤਾਂ ਉਨ੍ਹਾਂ ਦੀਆਂ ਤੀਵੀਆਂ ਨੇ ਉਨ੍ਹਾਂ ਨੂੰ ਸ਼ਰਮਿੰਦਾ ਕਰਕੇ ਫੇਰ ਵਾਪਸ ਭੇਜ ਦਿੱਤਾ ਸੀ। ਇਨ੍ਹਾਂ ਚਾਲੀਆਂ ਨੇ ਆ ਕੇ ਆਪਣੇ ਗੁਰੂ ਲਈ ਜਾਨ ਦਿੱਤੀ। ਉਨ੍ਹਾਂ ਵਿੱਚੋਂ ਭਾਈ ਮਹਾਂ ਸਿੰਘ ਅਜੇ ਕੁਝ ਜੀਂਦਾ ਸੀ। ਉਸ ਨੇ ਗੁਰੂ ਜੀ ਅੱਗੇ ਬਹੁੜੀ ਪਾ ਕੇ ਇਹ ਮੰਗ ਕੀਤੀ ਕਿ ਗੁਰੂ ਜੀ ਸਾਡਾ 'ਬੇਦਾਵਾ' ਫਾੜ ਦਿਓ। ਗੁਰੂ ਜੀ ਨੇ ਉਹ ਕਾਗਜ਼ ਜੇਬ ਵਿੱਚੋਂ ਕੱਢ ਕੇ ਉਸ ਦੇ ਸਾਹਮਣੇ ਫਾੜ ਦਿੱਤਾ ਅਤੇ ਇਕ ਇਕ ਨੂੰ ਗਲੇ ਲਾ ਕੇ ਕਿਸੇ ਨੂੰ 'ਮੇਰਾ ਪੰਜ ਹਜ਼ਾਰੀ' ਕਿਸੇ ਨੂੰ 'ਮੇਰਾ ਦਸ ਹਜ਼ਾਰੀ' ਆਖ ਕੇ ਅਪਣਾਇਆ ਤੇ ਵਡਿਆਇਆ। ਇਨ੍ਹਾਂ ਸਾਰਿਆਂ ਨੂੰ 'ਚਾਲੀ ਮੁਕਤੇ' ਦਾ ਖ਼ਿਤਾਬ ਮਿਲਿਆ। ਇਨ੍ਹਾਂ ਨੂੰ ਸਿੱਖ ਹਰ ਰੋਜ਼ ਅਰਦਾਸੇ ਵਿਚ ਯਾਦ ਕਰਕੇ ਬਰਕਤ ਮੰਗਦੇ ਹਨ। ਉਸ ਪਵਿੱਤਰ ਅਸਥਾਨ ਦਾ ਨਾਂ ਵੀ ਉਸ ਦਿਨ ਤੋਂ 'ਮੁਕਤਸਰ' ਪੈ ਗਿਆ।

ਗੁਰੂ ਜੀ ਨੇ ਉਥੋਂ ਚਲ ਕੇ ਤਲਵੰਡੀ ਆ ਸਾਹ ਲਿਆ। ਉਸ ਥਾਂ ਨੂੰ 'ਦਮਦਮਾ ਸਾਹਿਬ' (ਦਮ ਲੈਣ ਦੀ ਥਾਂ) ਕਹਿੰਦੇ ਹਨ। ਇੱਥੇ ਇਕ ਸਿਦਕੀ ਸਿੱਖ ਭਾਈ ਡੱਲਾ ਜੀ ਕੋਲ ਨੌ ਮਹੀਨੇ ਦੇ ਕਰੀਬ ਠਹਿਰੇ ਤੇ ਉਸ ਅਸਥਾਨ ਨੂੰ ਵਿੱਦਿਆ ਦਾ ਕੇਂਦਰ ਬਣਾਇਆ। ਇਸੇ ਲਈ ਉਸ ਨੂੰ 'ਗੁਰੂ ਕੀ ਕਾਂਸ਼ੀ' ਵੀ ਕਹਿੰਦੇ ਹਨ। ਗੁਰੂ ਜੀ ਨੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜ੍ਹਾ ਕੇ ਸੰਪੂਰਨ ਕੀਤਾ। ਗੁਰੂ ਜੀ ਦੀ ਮਰਜ਼ੀ ਸੀ ਕਿ ਉਸ ਥਾਂ ਸਿੱਖ ਧਰਮ ਦਾ ਇਕ ਮਹਾਂਵਿਦਿਆਲਾ ਬਣੇ, ਜਿਥੋਂ ਸਿੱਖ ਵਿੱਦਿਆ ਲੈ ਕੇ ਲਾਭ ਉਠਾਣ। ਇਕ ਵੇਰ ਸਿੱਖਾਂ ਨੇ ਵੇਖਿਆ ਕਿ ਗੁਰੂ ਜੀ ਤਲਾਅ ਦੇ ਕੰਢੇ ਬਹਿ ਕੇ ਕਾਨੀਆਂ ਘੜ-ਘੜ ਕੇ ਤਲਾਅ ਵਿਚ ਸੁੱਟ ਰਹੇ ਹਨ। ਪੁੱਛਣ ਤੇ ਕਹਿਣ ਲੱਗੇ, 'ਸਾਡੇ ਸਿੱਖ ਐਨਾ ਕੁਝ ਲਿਖਣਗੇ ਕਿ ਕਲਮਾਂ ਪੂਰੀਆਂ ਨਹੀਂ ਹੋਣਗੀਆਂ। ਇਸੇ ਲਈ ਅਸੀਂ ਉਨ੍ਹਾਂ ਲਈ ਕਲਮਾਂ ਘੜ ਰਹੇ ਹਾਂ।' ਉਸ ਸਰੋਵਰ ਨੂੰ ਹੁਣ 'ਲਿਖਣਸਰ' ਕਹਿੰਦੇ ਹਨ।

ਇਧਰ ਆਉਂਦਿਆਂ ਗੁਰੂ ਜੀ ਦੀਨੇ ਠਹਿਰੇ ਸਨ। ਉਥੋਂ ਔਰੰਗਜ਼ੇਬ ਪਾਤਸ਼ਾਹ ਨੂੰ ਇਕ ਖ਼ਤ ਫ਼ਾਰਸੀ ਕਵਿਤਾ ਵਿਚ ਲਿਖ ਕੇ ਭੇਜਿਆ ਸੀ। ਇਸ ਨੂੰ ਜ਼ਫ਼ਰਨਾਮਾ (ਜਿੱਤ ਦਾ ਖ਼ਤ) ਦਾ ਨਾਂ ਦਿੱਤਾ ਸੀ। ਇਸ ਖ਼ਤ ਵਿਚ ਉਨ੍ਹਾਂ ਔਰੰਗਜ਼ੇਬ ਨੂੰ ਉਸ ਦੀਆਂ ਬਦ-ਸਲੂਕੀਆਂ ਦਾ ਜ਼ਿਕਰ ਕਰਕੇ ਦੱਸਿਆ ਸੀ ਕਿ ਕੀ ਹੋਇਆ ਜੇ ਤੇਰੇ ਪਾਸ ਫ਼ੌਜਾਂ ਹਨ, ਤੇਰੇ ਪਾਸ ਤਾਕਤਾਂ ਹਨ। ਸਾਡੇ ਵੱਲ ਰੱਬ ਹੈ ਜਾ ਕਰਤਾ ਵਲਿ ਤਾਂ ਸਭ ਕੋ ਵਲਿ। ਕੀ ਹੋਇਆ ਜੇ ਮੇਰੇ ਸਿੱਖ ਤੇ ਮੇਰੇ ਪੁੱਤਰ ਤੂੰ ਮਾਰ ਦਿੱਤੇ ਹਨ, ਜਦ ਮੈਂ ਅਜੇ ਤਕ ਫੜ੍ਹੇ ਨਹੀਂ ਹੋਇਆ।

ਚਿਹ ਮਰਦੀ ਕਿ ਅਖਗਰ ਖ਼ਾਮੋਸ਼ਾਂ ਕੁਨੀ,
ਕਿ ਆਤਸ਼ ਦਮਾਂ ਰਾ ਫਿਰੋਜ਼ਾਂ ਕੁਨੀ?

(ਇਹ ਕੀ ਬਹਾਦਰੀ ਹੋਈ ਕਿ ਚੰਦ ਚੰਗਿਆੜੇ ਬੁਝਾ ਦਿੱਤੇ, ਜਦ ਅੱਗ ਦਾ ਲੰਬੂ ਅਜੇ ਤਕ ਭੜਕ ਰਿਹਾ ਹੈ? ਭਾਵ ਇਹ ਕਿ ਮੇਰੇ ਪੁੱਤਰ ਤੇ ਸਿੱਖ ਕੀ ਹੋਇਆ ਜੇ ਮਰ ਗਏ? ਮੈਂ ਅੱਗ ਦਾ ਲੰਬੂ ਜੀਊਂਦਾ ਹਾਂ; ਮੈਂ ਇਹੋ ਜਿਹੇ ਚੰਗਿਆੜੇ ਹੋਰ ਪੈਦਾ ਕਰ ਸਕਦਾ ਹਾਂ। ਡੂੰਘਾ ਭਾਵ ਇਹ ਹੈ ਕਿ ਜਿਹੜਾ ਕੰਮ ਸਿੱਖ ਗੁਰੂਆਂ ਨੇ ਸ਼ੁਰੂ ਕੀਤਾ ਸੀ, ਉਹ ਇਕ ਵੱਡੀ ਤਹਿਰੀਕ ਬਣ ਗਿਆ

ਹੈ, ਚੰਦ ਸ਼ਖਸੀਅਤਾਂ ਨੂੰ ਮਾਰਨ ਨਾਲ ਉਹ ਤਹਿਰੀਕ ਹੁਣ ਰੁੱਕ ਨਹੀਂ ਸਕਦੀ।)

ਇਹ ਖ਼ਤ ਪੜ੍ਹ ਕੇ ਔਰੰਗਜ਼ੇਬ ਉੱਤੇ ਚੰਗਾ ਅਸਰ ਹੋਇਆ ਜਾਪਦਾ ਹੈ। ਉਸ ਨੇ ਗੁਰੂ ਜੀ ਨੂੰ ਸੁਨੇਹਾ ਭੇਜਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਆ ਕੇ ਮੈਨੂੰ ਮਿਲੋ। ਗੁਰੂ ਜੀ ਆਪ ਹੀ ਦੱਖਣ ਵੱਲ ਜਾ ਰਹੇ ਸਨ। ਜਦ ਉਹ ਬਘੌਰ ਦੇ ਨੇੜੇ ਪੁੱਜੇ ਤਾਂ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਔਰੰਗਜ਼ੇਬ ਤਾਂ ਫਰਵਰੀ 1707 ਦੇ ਅੰਤ ਵਿਚ ਅਹਿਮਦ ਨਗਰ ਵਿਚ ਚਲਾਣਾ ਕਰ ਗਿਆ ਹੈ, ਇਸ ਲਈ ਗੁਰੂ ਜੀ ਦਿੱਲੀ ਨੂੰ ਪਰਤ ਆਏ।

ਔਰੰਗਜ਼ੇਬ ਦੇ ਮਰਨ ਉੱਤੇ ਉਸ ਦੇ ਪੁੱਤਰਾਂ ਵਿਚ ਤਖ਼ਤ ਬਾਬਤ ਜੰਗ ਛਿੜ ਪਈ। ਛੋਟੇ ਪੁੱਤਰ ਆਜ਼ਮ ਨੇ ਆਪਣੇ ਆਪ ਨੂੰ ਦੱਖਣ ਵਿਚ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਬਹਾਦਰ ਸ਼ਾਹ ਜੋ ਸਭ ਤੋਂ ਵੱਡਾ ਪੁੱਤਰ ਸੀ, ਆਪਣੇ ਭਰਾ ਦੇ ਮੁਕਾਬਲੇ ਉੱਤੇ ਪਸ਼ੌਰੋਂ ਚੱਲ ਪਿਆ। ਜੂਨ 8, 1707 ਨੂੰ ਆਗਰੇ ਦੇ ਨੇੜੋਂ ਜਜਉ ਦੇ ਮੁਕਾਮ ਤੇ ਲੜਾਈ ਹੋਈ, ਜਿਸ ਵਿਚ ਬਹਾਦਰ ਸ਼ਾਹ ਜਿੱਤ ਗਿਆ। ਇਸ ਟਾਕਰੇ ਵਿਚ ਗੁਰੂ ਜੀ ਦੀ ਹਮਦਰਦੀ ਆਪਣੇ ਪੁਰਾਣੇ ਮਿੱਤਰ ਬਹਾਦਰ ਸ਼ਾਹ ਨਾਲ ਸੀ, ਇਸ ਲਈ ਉਨ੍ਹਾਂ ਨੇ ਬਹਾਦਰ ਸ਼ਾਹ ਨੂੰ ਲੜਾਈ ਵਿਚ ਮਦਦ ਵੀ ਕੀਤੀ। ਐਸਾ ਕਰਨ ਤੇ ਉਨ੍ਹਾਂ ਦੀ ਕਦਰ ਨਵੇਂ ਬਾਦਸ਼ਾਹ ਦੇ ਦਿਲ ਵਿਚ ਹੋਰ ਵਧ ਗਈ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਆਗਰੇ ਆਉਣ ਲਈ ਸੱਦਾ ਦਿੱਤਾ ਅਤੇ ਉਸ ਮੁਲਾਕਾਤ ਵਿਚ ਗੁਰੂ ਜੀ ਦੀ ਚੰਗੀ ਆਓ ਭਗਤ ਕੀਤੀ। ਹੋਰਨਾਂ ਚੀਜ਼ਾਂ ਦੇ ਨਾਲ 60000 ਦੀ ਇਕ ਧੁਖਧੁਖੀ (ਇਕ ਕਿਸਮ ਦਾ ਸਿਰੋਪਾ ਜਾਂ ਖਿਲਤ) ਪੇਸ਼ ਕੀਤੀ। ਇਸ ਦਾ ਜ਼ਿਕਰ ਬਾਦਸ਼ਾਹ ਨਾਮੇ ਵਿਚ ਅਤੇ ਧੌਲ ਦੀ ਸੰਗਤ ਦੇ ਨਾਮ ਗੁਰੂ ਜੀ ਦੇ ਲਿਖੇ ਹੋਏ ਹੁਕਮਨਾਮੇ ਵਿਚ ਆਉਂਦਾ ਹੈ। ਗੁਰੂ ਜੀ ਇਸ ਮੁਲਾਕਾਤ ਤੋਂ ਬਹੁਤ ਪ੍ਰਸੰਨ ਹੋਏ ਜਾਪਦੇ ਸਨ, ਕਿਉਂਕਿ ਉਨ੍ਹਾਂ ਨੂੰ ਇਸ ਤੋਂ ਆਸ ਹੋ ਗਈ ਸੀ ਕਿ ਮੁਗ਼ਲਾਂ ਤੇ ਸਿੱਖਾਂ ਦੇ ਵਿਚਕਾਰ ਜੋ ਚਿਰਾਂ ਤੋਂ ਬਖੇੜਾ ਚਲਾ ਆਉਂਦਾ ਹੈ ਉਹ ਮੁਕ ਜਾਵੇਗਾ। ਇਹ ਗੱਲ ਉਨ੍ਹਾਂ ਦੇ ਉਪਰੋਕਤ ਖ਼ਤ ਤੋਂ ਮਲੂਮ ਹੁੰਦੀ ਹੈ। ਇਸ ਖ਼ਤ ਵਿਚ ਧੌਲ ਦੀ ਸੰਗਤ ਨੂੰ ਗੁਰੂ ਜੀ ਲਿਖਦੇ ਹਨ ਕਿ ਜਦ ਕੰਮ ਤੋੜ ਚੜ੍ਹ ਜਾਏਗਾ ਤਾਂ ਅਸੀਂ ਅਨੰਦਪੁਰ ਵਾਪਸ ਆ ਜਾਵਾਂਗੇ ਤੇ ਖ਼ਾਲਸੇ ਨੂੰ ਫੇਰ ਇਕੱਠਾ ਕਰਾਂਗੇ। ਪਰ ਗੁਰੂ ਜੀ ਨੂੰ ਦੱਖਣ ਜਾਣਾ ਪਿਆ। ਅਜੇ ਗੱਲਬਾਤ ਹੋ ਹੀ ਰਹੀ ਸੀ ਕਿ ਬਹਾਦਰ ਸ਼ਾਹ ਨੂੰ ਕਛਵਾਹਿਆਂ ਦੇ ਵਿਰੁੱਧ ਰਾਜਪੂਤਾਨੇ ਜਾਣਾ ਪਿਆ, ਤੇ ਉਥੋਂ ਦੱਖਣ ਵਿਚ ਆਪਣੇ ਭਰਾ ਕਾਮ ਬਖਸ਼ ਦੀ ਬਗ਼ਾਵਤ ਰੋਕਣ ਲਈ ਦੱਖਣ ਤੇ ਚੜ੍ਹਾਈ ਕਰਨੀ ਪਈ। ਗੁਰੂ ਜੀ ਵੀ ਬਾਦਸ਼ਾਹ ਦੇ ਨਾਲ ਆਪਣੇ ਕੰਮ ਲਈ ਜਾ ਰਹੇ ਸਨ' ਅਤੇ ਨਾਲ-ਨਾਲ ਲੋਕਾਂ ਵਿਚ ਆਪਣੇ ਖਿਆਲਾਂ ਦਾ ਪ੍ਰਚਾਰ ਭੀ ਕਰੀ ਜਾਂਦੇ ਸਨ। ਕੁਝ ਚਿਰ ਮਗਰੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਬਾਦਸ਼ਾਹ ਤੋਂ ਕਿਸੇ ਫ਼ੈਸਲੇ ਦੀ ਉਮੀਦ ਨਹੀਂ। ਗੁਰੂ ਜੀ ਉਸ ਤੋਂ ਨਿਖੜ ਕੇ ਸਤੰਬਰ 1708 ਦੇ ਸ਼ੁਰੂ ਵਿਚ ਨਾਂਦੇੜ ਆ ਗਏ। ਇੱਥੇ ਉਨ੍ਹਾਂ ਨੂੰ ਇਕ ਵੈਰਾਗੀ ਸਾਧੂ ਮਾਧੋ ਦਾਸ ਮਿਲਿਆ, ਜਿਸ ਨੂੰ ਉਨ੍ਹਾਂ ਨੇ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਨਾਮ ਦਿੱਤਾ।

ਜਦ ਗੁਰੂ ਜੀ ਦੱਖਣ ਵੱਲ ਜਾ ਰਹੇ ਸਨ, ਤਾਂ ਉਨ੍ਹਾਂ ਦੇ ਪਿਛੇ-ਪਿਛੇ ਨਵਾਬ ਸਰਹੰਦ ਦੇ ਭੇਜੇ ਹੋਏ ਦੋ ਪਠਾਣ ਵੀ ਜਾ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੇ ਬਹੁਤ ਨੇੜੇ-ਨੇੜੇ ਹੋ ਜਾਣ ਨੂੰ ਵਜ਼ੀਰ ਖਾਂ ਬਹੁਤ ਖ਼ਤਰਨਾਕ ਸਮਝਦਾ ਸੀ। ਉਹਨੂੰ ਪਤਾ ਸੀ ਕਿ ਜੇਕਰ ਮੁਗ਼ਲਾਂ ਤੇ ਸਿੱਖਾਂ ਦੇ ਦਰਮਿਆਨ ਸਫ਼ਾਈ ਹੋ ਗਈ, ਤਾਂ ਉਸ ਦਾ ਕੀ ਹਾਲ ਹੋਵੇਗਾ। ਬਾਦਸ਼ਾਹ

ਨੇ ਅੱਗੇ ਹੀ ਗੁਰੂ ਜੀ ਨਾਲ ਕਈ ਰਿਆਇਤਾਂ ਕੀਤੀਆਂ ਹੋਈਆਂ ਸਨ। ਉਸ ਨੇ ਗੁਰੂ ਜੀ ਦੇ ਹੱਕ ਵਿਚ ਇਕ ਫੁਰਮਾਨ ਜਾਰੀ ਕੀਤਾ ਸੀ ਕਿ ਵਜ਼ੀਰ ਖਾਂ ਗੁਰੂ ਜੀ ਨੂੰ 300 ਰੋਜ਼ ਦੇਵੇ। ਵਜ਼ੀਰ ਖਾਂ ਨੂੰ ਹੁਣ ਆਪਣੀ ਜਾਨ ਦਾ ਖਾਲਾ ਪਿਆ ਹੋਇਆ ਸੀ ਅਤੇ ਉਸ ਦਾ ਖਿਆਲ ਸੀ ਕਿ ਜਦ ਤਕ ਗੁਰੂ ਗੋਬਿੰਦ ਸਿੰਘ ਜੀ ਦੀ ਜਾਨ ਨਹੀਂ ਲਈ ਜਾਂਦੀ, ਤਦ ਤਕ ਉਸ ਲਈ ਆਰਾਮ ਦੇ ਦਿਨ ਕਟਣੇ ਮੁਸ਼ਕਲ ਹਨ। ਉਸ ਨੇ ਇਕ ਵਾਰ ਅੱਗੇ ਨਿਸਫਲ ਕੋਸ਼ਿਸ਼ ਕੀਤੀ ਸੀ। ਹੁਣ ਉਸ ਨੇ ਗੁਰੂ ਜੀ ਦੇ ਮਾਰ ਮੁਕਾਣ ਲਈ ਦੋ ਪਠਾਣ ਭੇਜੇ, ਜੋ ਨੰਦੇੜ ਪੁੱਜੇ। ਇਕ ਦਿਨ ਸ਼ਾਮ ਦੇ ਦੀਵਾਨ ਮਗਰੋਂ ਜਦ ਗੁਰੂ ਜੀ ਆਰਾਮ ਕਰ ਰਹੇ ਸਨ ਅਤੇ ਪਹਿਰੇਦਾਰ ਵੀ ਉਂਘਲਾ ਰਿਹਾ ਸੀ ਤਾਂ ਵੈਰੀਆਂ ਨੇ ਵਾਰ ਕਰਨ ਦਾ ਮੌਕਾ ਪਛਾਤਾ। ਇਕ ਪਠਾਣ ਨੇ ਗੁਰੂ ਜੀ ਦੀ ਖੱਬੀ ਪਸਲੀ ਵਿਚ ਛੁਰਾ ਖੋਭ ਦਿੱਤਾ। ਉਹ ਦੂਜਾ ਵਾਰ ਕਰਨ ਲੱਗਾ ਹੀ ਸੀ ਕਿ ਗੁਰੂ ਸਾਹਿਬ ਨੇ ਉਸ ਨੂੰ ਆਪਣੇ ਸਿਰੀ ਸਾਹਿਬ ਨਾਲ ਥਾਂ ਰੱਖ ਲਿਆ। ਉਸ ਦਾ ਦੂਜਾ ਸਾਥੀ ਭੱਜ ਨਿਕਲਿਆ। ਪਰ ਉਸ ਵੇਲੇ ਤਕ ਸਿੱਖ ਵੀ ਆ ਪਹੁੰਚੇ ਸਨ। ਉਨ੍ਹਾਂ ਨੇ ਉਸ ਭਜਦੇ ਪਠਾਣ ਨੂੰ ਮਾਰ ਮੁਕਾਇਆ। ਗੁਰੂ ਜੀ ਦਾ ਜ਼ਖ਼ਮ ਛੇਤੀ ਸੀਉ ਕੇ ਮਲ੍ਹਮ ਪੱਟੀ ਕੀਤੀ ਗਈ ਤੇ ਕੁਝ ਦਿਨ ਮਗਰੋਂ ਅੰਗੂਰ ਭਰ ਆਇਆ। ਉਨੀਂ ਦਿਨੀਂ ਗੁਰੂ ਜੀ ਦੇ ਪਾਸ ਕਿਸੇ ਨੇ ਇਕ ਵੱਡੀ ਕਮਾਨ ਲਿਆਂਦੀ। ਗੁਰੂ ਜੀ ਉਸ ਦਾ ਚਿਲਾ ਚੜ੍ਹਾਣ ਲੱਗੇ। ਉਨ੍ਹਾਂ ਦੇ ਜ਼ਖ਼ਮ ਜੋ ਅਜੇ ਚੰਗੀ ਤਰ੍ਹਾਂ ਭਰੇ ਨਹੀਂ ਸਨ, ਫਿਰ ਖੁਲ੍ਹ ਗਏ ਤੇ ਖੂਨ ਬਹੁਤ ਵਗਿਆ। ਗੁਰੂ ਜੀ ਅੰਤ ਤੋੜੀ ਬੜੇ ਖੁਸ਼ ਤੇ ਚੜ੍ਹਦੀਆਂ ਕਲਾਂ ਵਿਚ ਰਹੇ। ਕਿਸੇ ਨੂੰ ਕੀ ਪਤਾ ਸੀ ਕਿ ਅੰਤ ਨੇੜੇ ਆ ਰਿਹਾ ਹੈ? 7 ਅਕਤੂਬਰ, 1708 ਨੂੰ ਅੱਧੀ ਰਾਤ ਤੋਂ ਦੋ ਘੜੀਆਂ ਮਗਰੋਂ ਉਨ੍ਹਾਂ ਨੇ ਸਿਰ ਚੁੱਕ ਕੇ ਸਿੱਖਾਂ ਨੂੰ ਵਾਜ ਮਾਰੀ ਤੇ ਕਿਹਾ, ''ਖਾਲਸਾ ਜੀ, ਮੇਰੀ ਅੰਤਮ ਫਤ੍ਹੇ।'' ਜਦ ਸਿੱਖਾਂ ਨੇ ਆ ਕੇ ਦੇਖਿਆ ਤਾਂ ਗੁਰੂ ਜੀ ਜੋਤੀ ਜੋਤ ਸਮਾ ਚੁੱਕੇ ਸਨ। ਰਾਤੋ ਰਾਤ ਗੁਰੂ ਜੀ ਦਾ ਸਸਕਾਰ ਕੀਤਾ ਗਿਆ।

ਜ਼ਖ਼ਮੀ ਹੋਣ ਤੋਂ ਲੈ ਕੇ ਅੰਤ ਤਕ ਸਿੱਖ ਸੰਗਤਾਂ ਦੂਰ ਦੂਰ ਤੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੀਆਂ ਰਹੀਆਂ ਤੇ ਉਨ੍ਹਾਂ ਤੋਂ ਅੰਤਮ ਸਿੱਖਿਆ ਲੈਂਦੀਆਂ ਰਹੀਆਂ। ਉਨ੍ਹਾਂ ਦਾ ਹੁਕਮ ਸੀ ਕਿ ਹੁਣ ਖਾਲਸਾ ਇਸ ਜੋਗ ਹੋ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੇ ਮੁਤਾਬਕ ਆਪਣੀ ਅਗਵਾਈ ਆਪ ਕਰ ਸਕੇਗਾ। ਸੋ ਉਨ੍ਹਾਂ ਹੁਕਮ ਦਿੱਤਾ ਕਿ ਮੈਂ ਖਾਲਸੇ ਦੇ ਸਦਾ ਅੰਗ ਸੰਗ ਰਹਾਂਗਾ। ਜਦੋਂ ਵੀ ਕਿਸੇ ਨੂੰ ਮੇਰੇ ਮਿਲਣ ਦੀ ਚਾਹ ਹੋਵੇ, ਉਹ ਸਿੱਖ ਸੰਗਤ ਦੇ ਵਿਚ, ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ, ਹਾਜ਼ਰ ਹੋ ਕੇ ਸ਼ਬਦ ਕੀਰਤਨ ਸੁਣੇ, ਉਸ ਨੂੰ ਮੇਰੇ ਦਰਸ਼ਨ ਹੋ ਜਾਣਗੇ।

ਹਵਾਲੇ ਅਤੇ ਟਿੱਪਣੀਆਂ

1. ਇਸ ਸਾਹਿਤਕ ਭੰਡਾਰ ਦਾ ਚੋਖਾ ਹਿੱਸਾ 1704 ਵਿਚ ਆਨੰਦਪੁਰ ਸਾਹਿਬ ਵਿਚੋਂ ਨਿਕਲਣ ਲਗਿਆਂ ਸਰਸਾ ਨਦੀ ਦੀ ਭੇਟ ਹੋ ਗਿਆ। ਜੋ ਕੁਝ ਬਚਿਆ ਉਸ ਨੂੰ ਭਾਈ ਮਨੀ ਸਿੰਘ ਜੀ ਨੇ 1734 ਵਿਚ ਦਸਮ ਪਿਤਾ ਦੇ ਜੋਤੀ ਜੋਤਿ ਸਮਾਣ ਤੋਂ 26 ਸਾਲ ਬਾਅਦ ਇਕੱਠਾ ਕਰਕੇ ਪੁਸਤਕ ਦੀ ਸ਼ਕਲ ਵਿਚ ਸੀਉਂ ਦਿੱਤਾ, ਜਿਸ ਨੂੰ ਹੁਣ 'ਦਸਮ ਗਰੰਥ' ਕਹਿੰਦੇ ਹਨ।
2. ਮਾਤਾ ਜੀਤੋ ਜੀ ਜਨਵਰੀ 1701 ਵਿਚ ਪੂਰੇ ਹੋ ਗਏ। ਉਸੇ ਸਾਲ ਰੁਹਤਾਸ ਦਾ ਇਕ ਸਿੱਖ ਆਇਆ, ਜਿਸ ਨੇ ਗੁਰੂ ਜੀ ਨੂੰ ਆਪਣੀ ਲੜਕੀ ਸਾਹਿਬ ਦੇਵੀ ਦਾ ਸਾਕ ਦੇਣਾ ਚਾਹਿਆ। ਗੁਰੂ ਜੀ ਨੇ ਸਾਕ

ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਸਾਡੇ ਘਰ ਅੱਗੇ ਹੀ ਵਿਆਹੁਤਾ ਇਸਤਰੀ ਹੈ, ਇਸ ਕਰਕੇ ਹੋਰ ਵਿਆਹ ਨਹੀਂ ਕਰਾਉਣਾ ਚਾਹੁੰਦੇ। ਪਰ ਦੂਜੇ ਪਾਸੇ ਔਕੜ ਇਹ ਸੀ ਕਿ ਸਾਹਿਬ ਦੇਵੀ ਵਾਪਸ ਨਹੀਂ ਸੀ ਜਾ ਸਕਦੀ ਕਿਉਂਕਿ ਉਹ ਆਪਣੇ ਆਪ ਨੂੰ ਗੁਰੂ ਜੀ ਦੇ ਅਰਪਣ ਕਰ ਚੁੱਕੀ ਸੀ ਤੇ ਇਸ ਹਿਸਾਬ ਉਸ ਦਾ ਸਾਕ ਕਿਤੇ ਹੋਰ ਥਾਂ ਨਹੀਂ ਹੋ ਸਕਦਾ ਸੀ। ਅੰਤ ਲੰਬੀ ਪਰਸਪਰ ਵਿਚਾਰ ਮਗਰੋਂ ਗੁਰੂ ਜੀ ਇਸ ਸ਼ਰਤ ਉਤੇ ਮੰਨੇ ਕਿ ਉਸ ਦਾ ਵਿਆਹ ਤਾਂ ਹੋ ਸਕਦਾ ਹੈ, ਪਰ ਉਨ੍ਹਾਂ ਦਾ ਸੰਬੰਧ ਆਤਮਕ ਹੀ ਰਹੇਗਾ। ਇਸ ਲਈ ਸਿੱਖ ਤੇ ਗ਼ੈਰ-ਸਿੱਖ ਇਤਿਹਾਸਾਂ ਵਿਚ ਸਾਹਿਬ ਦੇਵੀ ਨੂੰ 'ਕੁਆਰਾ ਡੋਲਾ' ਆਖਿਆ ਗਿਆ ਹੈ। (ਦੇਖੋ ਸ. ਅੱਤਰ ਸਿੰਘ ਭਦੌੜ ਦੀ ਪੁਸਤਕ 'ਗੁਰੂ ਤੇਗ ਬਹਾਦਰ ਤੇ ਦਸਮ ਗੁਰੂ ਜੀ ਦਾ ਸਫ਼ਰਨਾਮਾ' ਸਫ਼ਾ 90; 'ਸੁਨਾਮ ਗੁਰਪ੍ਰਣਾਲੀ' ਅਤੇ ਰਤਰਮਾਨ ਦੀ 'ਚਹਾਰ ਗੁਲਸ਼ਨ, ਪੰਨਾ 141.)


3. 'ਅਖ਼ਬਾਰਾਤਿ-ਦਰਬਾਰਿ-ਮੁਅੱਲਾ', ਜਿਲਦ 1, 1677-1695, ਵਿਚ ਦੇਖੋ ਨਵੰਬਰ 20, 1693, ਦੀ ਖ਼ਬਰ।

4. ਲਾਹੌਰ ਵੱਲੋਂ ਭੇਜੇ ਗਏ ਇਕ ਫ਼ੌਜਦਾਰ ਦਾ ਨਾਂ ਸਈਅਦ ਬੇਗ ਸੀ। ਲਿਖਿਆ ਹੈ ਕਿ ਜਦ ਇਹ ਚੜ੍ਹਾਈ ਕਰਦਾ ਗੁਰੂ ਜੀ ਵੱਲ ਆਇਆ ਤਾਂ ਗੁਰੂ ਜੀ ਦੇ ਦਰਸ਼ਨ ਕਰਦੇ ਸਾਰ ਹੀ ਦ੍ਰਵ ਗਿਆ। ਉਸਨੇ ਪ੍ਰਣ ਕੀਤਾ ਕਿ ਅੱਗੇ ਤੋਂ ਮੈਂ ਆਪਣੀ ਤਲਵਾਰ ਸਿੱਖਾਂ ਦੇ ਵਿਰੁੱਧ ਕਦੀ ਨਹੀਂ ਵਰਤਾਂਗਾ। ਇਹ ਪਿਛੋਂ ਜਾ ਕੇ ਸਿੱਖਾਂ ਵਲ ਹੋ ਕੇ ਲੜਦਾ ਰਿਹਾ ਤੇ ਸ਼ਹੀਦ ਹੋ ਗਿਆ।

5. 'ਉਚੇ ਪੀਰ' ਤੋਂ ਦੋ ਭਾਵ ਲਏ ਜਾਂ ਸਕਦੇ ਹਨ : ਇਕ ਇਹ ਕਿ ਬੜੇ ਉੱਚੇ ਕਮਾਲ ਵਾਲੇ ਗੁਰੂ ਹਨ ਤੇ ਦੂਜਾ ਇਹ ਕਿ ਮੁਲਤਾਨ ਦੇ ਕੋਲ ਜੋ 'ਉੱਚ ਅਸਥਾਨ ਹੈ, ਉੱਥੋਂ ਦੇ ਪੀਰ ਹਨ।'

6. ਆਇਰਵਿਨ ਕਹਿੰਦਾ ਹੈ, "ਮੁਸਲਮਾਨ ਲਿਖਾਰੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਲਮਗੀਰ ਪਾਸ ਅਰਜ਼ੀਆਂ ਭੇਜੀਆਂ ਕਿ ਮੈਂ ਈਨ ਮੰਨਣ ਲਈ ਤਿਆਰ ਹਾਂ, ਤੇ ਇਸਲਾਮ ਵੀ ਧਾਰਨ ਕਰ ਲਵਾਂਗਾ।" ਅਨਾਇਤਉਲਾ ਦੀ ਲਿਖੀ ਹੋਈ ਕਿਤਾਬ 'ਅਹਿਕਾਮਿ ਆਲਮਗੀਰ' ਵਿਚ ਵੀ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਮੁਲਾਕਾਤ ਲਈ ਔਰੰਗਜ਼ੇਬ ਪਾਸ ਅਰਜ਼ੀ ਭੇਜੀ, ਪਰ ਉਹ ਇਸਲਾਮ ਕਬੂਲਣ ਦਾ ਜ਼ਿਕਰ ਨਹੀਂ ਕਰਦਾ। ਇਹ ਅਰਜ਼ੀ ਇਹੋ 'ਜ਼ਫ਼ਰਨਾਮਾ' ਸੀ, ਜਿਸ ਨੂੰ ਪੜ੍ਹ ਕੇ ਦੇਖੋ ਤਾਂ ਪਤਾ ਲੱਗੇਗਾ ਕਿ ਇਹ ਤਾਂ ਔਰੰਗਜ਼ੇਬ ਵੱਲ ਕਿਸੇ ਖ਼ਤ ਦਾ ਜਵਾਬ ਸੀ ਅਤੇ ਬੇਨਤੀ-ਪੱਤਰ ਹੋਣ ਦੀ ਥਾਂ ਇਸ ਵਿਚ ਤਾਂ ਡਾਢੀਆਂ ਕਰਾਰੀਆਂ ਝਿੜਕਾਂ ਪਾਈਆਂ ਹੋਈਆਂ ਹਨ। ਦੇਖੋ ਕਨਿੰਘਮ, ਪੰਨਾ 80.

7. ਗੁਰੂ ਜੀ ਦਾ ਸ਼ਾਹੀ ਡੇਰੇ ਦੇ ਨਾਲ-ਨਾਲ ਜਾਣ ਦਾ ਕਈ ਲਿਖਾਰੀਆਂ (ਫ਼ੌਸਟਰ, ਕਨਿੰਘਮ, ਅਲਫ਼ਿਨਸਟਨ ਆਦਿ) ਨੇ ਹੋਰ ਦੇ ਹੋਰ ਅਰਥ ਕੱਢੇ ਹਨ। ਉਹ ਕਹਿੰਦੇ ਹਨ ਕਿ ਗੁਰੂ ਜੀ ਨੇ ਸ਼ਾਹੀ ਮੁਹਿੰਮ ਵਿਚ ਸ਼ਾਹੀ ਫ਼ੌਜ ਵਿਚ ਨੌਕਰੀ ਕਰ ਲਈ ਸੀ। ਇਹ ਲਿਖਾਰੀ ਇਸ ਖ਼ਬਰ ਦੀ ਜ਼ਿੰਮੇਵਾਰੀ ਸਿੱਖ ਲਿਖਾਰੀਆਂ ਉੱਤੇ ਸੁੱਟਦੇ ਹਨ ਪਰ ਐਸੇ ਕਿਸੇ ਸਿੱਖ ਲਿਖਾਰੀ ਦਾ ਪਤਾ ਨਹੀਂ ਲੱਗਦਾ। ਖ਼ਾਫ਼ੀ ਖ਼ਾਂ ਕੇਵਲ ਇਤਨਾ ਕਹਿੰਦਾ ਹੈ ਕਿ ਬਹਾਦਰ ਸ਼ਾਹ ਦੇ ਦੱਖਣ ਵੱਲ ਕੂਚ ਕਰਨ ਵੇਲੇ ਗੁਰੂ ਗੋਬਿੰਦ ਸਿੰਘ ਜੀ 300 ਨੇਜ਼ੇਬਾਜ਼ ਲੈ ਕੇ ਬਾਦਸ਼ਾਹ ਪਾਸ ਆਏ ਤੇ ਉਸ ਦੇ ਨਾਲ-ਨਾਲ ਗਏ। (ਦਰ ਰੁਕਾਬ ਰਫ਼ਾਕਤ ਨਮੂਦ) 'ਤਾਰੀਖ਼ ਬਹਾਦਰ ਸ਼ਾਹੀ' ਪੜ੍ਹ ਕੇ ਸਾਰੀ ਗੱਲ ਸਾਫ਼ ਹੋ ਜਾਂਦੀ ਹੈ। ਉਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇ ਜਾਨਸ਼ੀਨ ਗੁਰੂ ਗੋਬਿੰਦ ਸਿੰਘ ਇਲਾਕੇ ਵਿਚ ਸੈਰ ਕਰਨ ਲਈ ਆਏ ਅਤੇ ਸ਼ਾਹੀ ਡੇਰੇ ਦੇ ਨਾਲ-ਨਾਲ ਸਫ਼ਰ ਕੀਤਾ, ਉਹ ਜਗਿਆਸੂਆਂ ਵਿਚ ਲਗਾਤਾਰ ਪ੍ਰਚਾਰ ਕਰਦੇ ਜਾਂਦੇ ਸਨ। ਸੋਚਣ ਦੀ ਗੱਲ ਹੈ ਕਿ ਕੀ ਇਹ ਕੰਮ ਸਰਕਾਰੀ ਨੌਕਰ ਕਰ ਸਕਦੇ ਹਨ, ਫਿਰ ਉਹ ਨੌਕਰ ਜੋ ਫੌਜੀ ਮੁਹਿੰਮ ਤੇ ਜਾ ਰਿਹਾ ਹੋਵੇ?



PUNJABI UNIVERSITY PATIALA